ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ

ਓਮ ਪ੍ਰਕਾਸ਼ ਵਸ਼ਿਸ਼ਟ

ਡਾ. ਓਮ ਪ੍ਰਕਾਸ਼ ਵਸਿਸ਼ਟ ਦੀ ਨਵੀਂ ਪੁਸਤਕ 'ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ' ਨੂੰ ਵੇਖ ਕੇ ਮੈਨੂੰ ਪੰਜਾਬੀ ਕੋਸ਼ਕਾਰੀ ਦੀ ਲੰਮੇ ਅਰਸੇ ਤੋਂ ਖੜੀ ਚਲੀ ਆ ਰਹੀ ਲੋੜ ਦੇ ਪੂਰਾ ਹੋਣ ਦਾ ਇਹਸਾਸ ਹੋ ਰਿਹਾ ਹੈ। ਪੰਜਾਬੀ ਕੋਸ਼ਕਾਰੀ ਆਪਣੇ ਆਰੰਭ ਲਈ ਅੰਗਰੇਜ਼ ਵਿਦਵਾਨਾਂ ਦੀ ਰਿਣੀ ਹੈ। ਇਹ ਹੁਣ ਤਕ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਹੀ ਆਪਣਾ ਮਹਿਲ ਉਸਾਰਦੀ ਆਈ ਹੈ। ਕਿਸੇ ਵੀ ਕੋਸ਼ਕਾਰ ਨੇ ਇਸ ਦੇ ਸਿਧਾਂਤਕ ਪੱਖ ਨੂੰ ਸਮਝਣ ਤੇ ਬੁੱਝਣ ਦੀ ਕੋਸ਼ਿਸ਼ ਨਹੀਂ ਕੀਤੀ। ਆਪਣਾ ਕੰਮ ਉਨ੍ਹਾਂ ਛਪੇ ਕੋਸ਼ਾਂ ਦੀਆਂ ਭੂਮਿਕਾਵਾਂ ਪੜ੍ਹ ਕੇ ਹੀ ਸਾਰਿਆ ਹੈ। ਉਧਰ ਕੋਸ਼ਕਾਰੀ ਨੇ ਅਨੇਕ ਨਵੇਂ ਪਸਾਰ ਤੇ ਕਰ ਕੇ ਹੁਣ ਇਕ ਜਟਿਲ ਅਨੁਸ਼ਾਸਨ ਦਾ ਰੂਪ ਧਾਰ ਲਿਆ ਹੈ, ਜਿਸ ਤੋਂ ਲਈ ਰੌਸ਼ਨੀ ਬਗੈਰ ਕੋਸ਼ਕਾਰੀ ਵਿਚ ਪੈਣਾ ਅੰਨ੍ਹੇਰੇ ਵਿਚ ਲੱਤਾਂ ਮਾਰਨ ਦੇ ਤੁੱਲ ਹੈ। ਖ਼ੁਸ਼ੀ ਹੈ ਕਿ ਚਿਰ ਤੋਂ ਮਹਿਸੂਸ ਹੋ ਰਹੀ ਕੋਸ਼ਕਾਰੀ ਦੇ ਸਿਧਾਂਤੀਕਰਣ ਦੀ ਇਸ ਅਤਿ ਜ਼ਰੂਰੀ ਲੋੜ ਨੂੰ ਡਾ. ਓਮ ਪ੍ਰਕਾਸ਼ ਵਸਿਸ਼ਟ ਨੇ ਆਪਣੀ ਉਪਰੋਕਤ ਪੁਸਤਕ ਪ੍ਰਕਾਸ਼ਿਤ ਕਰ ਕੇ ਪੂਰਾ ਕਰ ਦਿੱਤਾ ਹੈ।

ਡਾ. ਵਸਿਸ਼ਟ ਆਪਣੇ ਅਕਾਦਮਿਕ ਜੀਵਨ ਦੇ ਆਰੰਭ ਤੋਂ ਹੀ ਕੋਸ਼ਕਾਰੀ ਨਾਲ ਜੁੜੇ ਰਹੇ ਹਨ। ਉਨ੍ਹਾਂ 'ਪੰਜਾਬੀ ਸ਼ਬਦ-ਜੋੜ ਕੋਸ਼', 'ਅੰਗ੍ਰੇਜ਼ੀ ਪੰਜਾਬੀ ਕੋਸ਼', 'ਹਰਿਆਣਵੀ-ਪੰਜਾਬੀ-ਹਿੰਦੀ ਕੋਸ਼' ਅਤੇ 'ਪੰਜਾਬੀ ਸੰਸਕ੍ਰਿਤ ਸ਼ਬਦਕੋਸ਼' ਦੇ ਸੰਕਲਨ ਅਤੇ ਸੰਸ਼ੋਧਨ ਵਿਚ ਮਹੱਤਵਪੂਰਣ ਹਿੱਸਾ ਪਾਇਆ ਹੈ।

ਕੋਸ਼ਕਾਰੀ ਦੇ ਇਸ ਅਮਲੀ ਤਜਰਬੇ ਨਾਲ ਉਨ੍ਹਾਂ ਨੂੰ ਭਾਸ਼ਾ ਵਿਗਿਆਨ-ਆਧੁਨਿਕ ਤੇ ਪਰੰਪਰਾਗਤ-ਦੋਹਾਂ ਦੀ ਚੋਖੀ ਜਾਣਕਾਰੀ ਹਾਸਲ ਹੈ। ਸਿੱਟਾ ਇਹ ਕਿ ਉਨ੍ਹਾਂ ਦੀ ਇਹ ਪੁਸਤਕ ਆਪਣੇ ਆਪ ਵਿਚ ਇਕ ਅਦੁੱਤੀ ਪ੍ਰਾਪਤੀ ਹੋ ਨਿਬੜੀ ਹੈ। ਇਸ ਵਿਚ ਉਨ੍ਹਾਂ ਕੋਸ਼ਕਾਰੀ ਦੀਆਂ ਧਾਰਣਾਵਾਂ ਤੇ ਬਾਰੀਕੀਆਂ ਨੂੰ ਜਿਸ ਸਹਿਲ ਢੰਗ ਨਾਲ, ਪੰਜਾਬੀ ਵਿਚੋਂ ਹੀ ਉਦਾਹਰਣ ਲੈ ਕੇ ਸਮਝਾਇਆ ਹੈ, ਉਹ ਬੜਾ ਪ੍ਰਸ਼ੰਸਾਯੋਗ ਹੈ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਆਪਣੇ ਇਸ ਸਿਲਸਲੇ ਦੀ ਇਹ ਕੋਈ ਆਖਰੀ ਕ੍ਰਿਤ ਹੈ, ਪਰੰਤੂ ਹੁਣ ਦੇ ਪ੍ਰਸੰਗ ਵਿਚ ਇਕ ਮੀਲ-ਪੱਥਰ ਜ਼ਰੂਰ ਹੈ।

ਕੋਸ਼ਕਾਰੀ ਤੋਂ ਬਿਨਾਂ ਇਹ ਪੁਸਤਕ ਭਾਸ਼ਾ-ਵਿਗਿਆਨ ਦੀਆਂ ਅਨੇਕ ਕੰਮ ਆਉਣ ਯੋਗ ਅੰਤਰ-ਦ੍ਰਿਸ਼ਟੀਆਂ ਵੀ ਅੱਖਾਂ ਸਾਹਮਣੇ ਲਿਆਉਂਦੀ ਹੈ। ਇਸ ਪੱਖ ਤੋਂ ਇਹ ਕ੍ਰਿਤੀ ਹੋਰ ਵੀ ਮੁੱਲਵਾਨ ਸਾਬਤ ਹੋ ਰਹੀ ਹੈ।

ਪਿਆਰ ਸਿੰਘ
ਪ੍ਰੋਫੈਸਰ ਤੇ ਹੈਡ (ਰਿਟਾਇਰਡ)
ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ

ੴ

ਵਿਸ਼ੀ ਪਿਆਰ ਅਤੇ ਸਤਿਕਾਰ

ਸਹਿਤ

[illegible] ਜਰਨੈਲ ਸਿੰਘ ਜੀ

[illegible]

[illegible]

29.9.96

ਕੋਸ਼-ਵਿਗਿਆਨ
ਅਤੇ
ਪੰਜਾਬੀ ਕੋਸ਼ਕਾਰੀ

ਕੋਸ਼-ਵਿਗਿਆਨ
ਅਤੇ
ਪੰਜਾਬੀ ਕੋਸ਼ਕਾਰੀ

ਓਮ ਪ੍ਰਕਾਸ਼ ਵਸਿਸ਼ਟ
ਰੀਡਰ
ਪੰਜਾਬੀ ਕੋਸ਼ਕਾਰੀ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਨੈਨਸੀ ਪਬਲਿਸ਼ਰਜ਼, ਚੰਡੀਗੜ੍ਹ
1992

Kosh-Vigian ate Panjabi Koshkari
(Lexicology and Panjabi Lexicography)
by

Dr. Om Parkash Vasishta
Reader, Department of Panjabi Lexicography,
School of Panjabi Studies,
Panjab University, Chandigarh.

ਪਹਿਲਾ ਸੰਸਕਰਣ : 1992

ਕੀਮਤ : 250 ਰੁਪਏ

ਪ੍ਰਕਾਸ਼ਕ : ਨੈਨਸੀ ਪਬਲਿਸ਼ਰਜ਼,
1118, ਸੈਕਟਰ 18-ਸੀ,
ਚੰਡੀਗੜ੍ਹ-160018

ਛਾਪਕ : ਸਾਹਿਬ ਦਇਆਲ ਪ੍ਰਿੰਟਰਜ਼,
66, ਇੰਡਸਟ੍ਰੀਅਲ ਏਰੀਆ-I,
ਚੰਡੀਗੜ੍ਹ-160002

ਟਾਈਟਲ : ਪ੍ਰਕਾਸ਼

ਵਿਸ਼ੇ-ਸੂਚੀ

ਭੂਮਿਕਾ

ਸੰਸਾਰ ਦੇ ਦਾਰਸ਼ਨਿਕਾਂ ਨੇ ਪ੍ਰਾਕ੍ਰਿਤਿਕ ਅਤੇ ਸਾਂਸਕ੍ਰਿਤਿਕ ਵਰਤਾਰਿਆਂ ਦੀ ਵਿਆਖਿਆ ਆਦਰਸ਼ਵਾਦੀ ਅਤੇ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਇਉਂ ਹੀ ਭਾਸ਼ਾ-ਵਿਗਿਆਨੀਆਂ ਨੇ ਅਰਥ ਸੰਚਾਰ ਦੇ ਮਨੋਰਥ ਤੋਂ ਸ਼ਬਦ/ਸ਼ਬਦ-ਚਿੰਨ੍ਹ ਦੇ ਸੰਕਲਪ ਦੀ ਵਿਆਖਿਆ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਕੀਤੀ ਹੈ। ਪਰੰਤੂ ਇਨ੍ਹਾਂ ਸਾਰੇ ਚਿੰਤਕਾਂ ਅਤੇ ਵਿਚਾਰਧਾਰਕਾਂ ਵਿਚ ਇਕ ਪ੍ਰਤੱਖ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਸ਼ਬਦ ਨੂੰ ਸਾਰੇ ਗਿਆਨ-ਵਿਗਿਆਨਾਂ ਦਾ ਆਧਾਰ ਮੰਨਦੇ ਹਨ। ਫਲਸਰੂਪ, ਸ਼ਬਦ ਕੋਸ਼-ਵਿਗਿਆਨ ਅਤੇ ਭਾਸ਼ਾ-ਵਿਗਿਆਨ ਦਾ ਮੂਲ ਆਧਾਰ ਹੈ। ਆਪਣੇ ਇਸ ਮੂਲ-ਆਧਾਰੀ ਗੁਣ-ਲੱਛਣ ਕਰਕੇ ਹੀ ਇਹ ਗਿਆਨ-ਵਿਗਿਆਨ ਦੇ ਸਾਰੇ ਵਿਸ਼ਿਆਂ ਦੀ ਮਾਲਾ ਵਿਚ ਇਕ ਸੂਤਰ ਦਾ ਕਾਰਜ ਨਿਭਾਉਂਦਾ ਹੈ। ਜੇ ਇਹ ਕਹਿ ਲਿਆ ਜਾਏ ਕਿ ਸ਼ਬਦ ਸੰਸਾਰ ਦੇ ਸਾਰੇ ਵਰਤਾਰਿਆਂ ਦਾ ਕੇਂਦਰ-ਬਿੰਦੂ ਹੈ, ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਸਿੱਟੇ ਵਜੋਂ, ਕੋਸ਼ਕਾਰੀ, ਕੋਸ਼-ਵਿਗਿਆਨ, ਭਾਸ਼ਾ-ਵਿਗਿਆਨ ਅਤੇ ਗਿਆਨ-ਵਿਗਿਆਨ ਦੇ ਸਾਰੇ ਅਨੁਸ਼ਾਸਨ ਸ਼ਬਦ ਤੇ ਆਧਾਰਿਤ ਅਤੇ ਇਸ ਨਾਲ ਸੰਬੰਧਿਤ ਹੋਣ ਕਰਕੇ ਪਰਸਪਰ ਸੰਬੰਧਿਤ ਹਨ। ਸ਼ਬਦ-ਸੰਪਤੀ ਨੂੰ ਸੁਰੱਖਿਅਤ ਰੱਖਣ, ਇਸ ਦੇ ਅਰਥਾਂ, ਅਰਥ-ਭੇਦਾਂ, ਉਪ-ਅਰਥਾਂ ਆਦਿ ਨੂੰ ਰਿਕਾਰਡ ਕਰਨ ਲਈ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੀ ਸਾਰਥਕਤਾ ਅਤੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇੰਜ, ਵਿਸ਼ਵ ਦੇ ਆਧੁਨਿਕ ਸੰਦਰਭ ਵਿਚ ਇਹ ਅਨੁਸ਼ਾਸਨ ਅਤਿਅਧਿਕ ਮਹੱਤਵ ਧਾਰਣ ਕਰ ਗਿਆ ਹੈ। ਕਿਸੇ ਵੀ ਭਾਸ਼ਾ ਦੇ ਵਿਕਸਿਤ/ਅਵਿਕਸਿਤ ਹੋਣ ਦਾ ਅਨੁਮਾਨ ਉਸ ਭਾਸ਼ਾ ਦੇ ਕੋਸ਼ ਸਰਮਾਏ ਤੋਂ ਲਗਾਇਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ ਕੋਸ਼-ਵਿਗਿਆਨ ਨੇ ਭਾਸ਼ਾ-ਵਿਗਿਆਨਕ ਚੌਖਟੇ ਦੇ ਅੰਤਰਗਤ ਰਹਿੰਦਿਆਂ ਅੰਤਰਰਾਸ਼ਟਰੀ ਪਾਸਾਰ ਗ੍ਰਹਿਣ ਕਰ ਲਿਆ ਹੈ। ਵਿਸ਼ਵ ਦੇ ਵੱਖ ਵੱਖ ਖਿੱਤਿਆਂ ਵਿਚ ਕੋਸ਼-ਵਿਗਿਆਨਕ ਚਰਚਾ ਦੇ ਮੂਲ ਵਿਚ ਇਹੋ ਪ੍ਰਵਿਰਤੀ ਕਾਰਜਸ਼ੀਲ ਹੈ। ਅੰਗ੍ਰੇਜ਼ੀ, ਜਾਪਾਨੀ, ਰੂਸੀ, ਫ੍ਰਾਂਸੀਸੀ ਆਦਿ ਸੰਸਾਰ ਦੀਆਂ ਪ੍ਰਮੁੱਖ ਅਤੇ ਵਿਕਸਿਤ ਭਾਸ਼ਾਵਾਂ ਵਿਚ ਇਹ ਵਿਸ਼ਾ ਵਿਸ਼ੇਸ਼ ਆਕਰਸ਼ਣ ਦਾ ਕੇਂਦਰ-ਬਿੰਦੂ ਬਣ ਕੇ ਅੰਤਰਰਾਸ਼ਟਰੀ ਮਹੱਤਵ ਧਾਰਣ ਕਰ ਗਿਆ ਹੈ।

ਅੰਗ੍ਰੇਜ਼ੀ ਭਾਸ਼ਾ ਵਿਚ ਭਾਵੇਂ ਕੋਸ਼-ਵਿਗਿਆਨ, ਕੋਸ਼ਕਾਰੀ, ਕੋਸ਼ ਨਿਰਮਾਣ ਵਿਧੀ, ਕੋਸ਼ ਦੇ ਸੰਪਾਦਨ ਤੇ ਪ੍ਰਕਾਸ਼ਨ ਆਦਿ ਨਾਲ ਸੰਬੰਧਿਤ ਸੰਕਲਪਾਂ ਬਾਰੇ ਕੋਸ਼ਾਂ ਦੀਆਂ ਭੂਮਿਕਾਵਾਂ, ਕੋਸ਼-ਵਿਗਿਆਨ ਤੇ ਕੋਸ਼ਕਾਰੀ ਦੇ ਵਿਸ਼ੇ ਤੇ ਪ੍ਰਕਾਸ਼ਿਤ ਵਿਭਿੰਨ ਪੁਸਤਕਾਂ

ਅਤੇ ਖੋਜ-ਪੱਤਰਾਂ ਵਿਚ ਵਿਸਤ੍ਰਿਤ ਵਿਚਾਰ ਉਪਲਬਧ ਹੈ, ਪਰੰਤੂ ਭਾਰਤ ਦੇ ਸੰਦਰਭ ਵਿਚ ਇਸ ਵਿਸ਼ੇ ਤੇ ਸਿਧਾਂਤਕ ਚਰਚਾ ਸੱਠਵਿਆਂ ਵਿਚ ਆਰੰਭ ਹੁੰਦੀ ਹੈ। ਇਸ ਦੌਰਾਨ ਕੁਝ ਵਿਚਾਰ-ਗੋਸ਼ਟੀਆਂ ਦਾ ਆਯੋਜਨ ਕੀਤਾ ਗਿਆ ਅਤੇ ਕੋਸ਼ਕਾਰੀ ਦੇ ਵਿਸ਼ੇ ਤੇ ਪੁਸਤਕਾਂ ਸੰਪਾਦਿਤ ਕਰਨ ਦਾ ਕਾਰਜ ਆਰੰਭ ਹੋਇਆ। ਲੈਕਸੀ (Lexicographical Society of India) ਨੇ ਕੁਝ ਸਫਲ ਗੋਸ਼ਟੀਆਂ ਅਤੇ ਵਰਕਸ਼ਾਪਾਂ ਆਯੋਜਿਤ ਕਰ ਕੇ ਦੇਸ਼ ਦੇ ਵੱਖ ਵੱਖ ਖਿੱਤਿਆਂ ਵਿਚ ਕਾਰਜਸ਼ੀਲ ਕੋਸ਼ਕਾਰਾਂ ਨੂੰ ਇਕ ਸਾਂਝਾ ਮੰਚ ਪ੍ਰਦਾਨ ਕੀਤਾ ਅਤੇ ਕੋਸ਼-ਵਿਗਿਆਨਕ ਸੰਕਲਪਾਂ ਤੇ ਕੋਸ਼ ਨਿਰਮਾਣ ਵਿਧੀ ਦੀ ਵਿਵਹਾਰਕ ਸਿਖਲਾਈ ਪ੍ਰਦਾਨ ਕੀਤੀ। ਕੁਝ ਖੋਜ-ਵਿਦਿਆਰਥੀਆਂ ਨੇ ਪੀ-ਐਚ.ਡੀ. ਅਤੇ ਐਮ.ਫਿਲ. ਲਈ ਪ੍ਰਸਤੁਤ ਖੋਜ-ਪ੍ਰਬੰਧਾਂ ਅਤੇ ਖੋਜ-ਨਿਬੰਧਾਂ ਵਿਚ ਇਸ ਵਿਸ਼ੇ ਦਾ ਗੰਭੀਰਤਾਪੂਰਵਕ ਅਧਿਐਨ-ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ। ਇਸ ਉੱਦਮ ਦੇ ਚੰਗੇ ਤੇ ਠੋਸ ਸਿੱਟੇ ਨਿਕਲੇ ਹਨ। ਇਕ ਤਾਂ ਇਹ ਕਿ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੇ ਵਿਸ਼ੇ ਤੇ ਚੰਗੀਆਂ ਪੁਸਤਕਾਂ ਅਤੇ ਖੋਜ-ਪੱਤਰ ਉਪਲਬਧ ਹੋਏ ਹਨ ਅਤੇ ਦੂਜਾ ਇਹ ਕਿ ਕੋਸ਼-ਵਿਗਿਆਨ ਨੂੰ ਭਾਸ਼ਾ-ਵਿਗਿਆਨਕ ਚੌਖਟੇ ਦੇ ਅੰਤਰਗਤ ਵਿਵਹਾਰਕ ਭਾਸ਼ਾ-ਵਿਗਿਆਨ ਦਾ ਇਕ ਅੰਗ ਹੋਣ ਦਾ ਦਰਜਾ ਹਾਸਿਲ ਹੋਇਆ ਹੈ। ਕੋਸ਼ ਨਿਰਮਾਣ ਕਾਰਜ ਵਿਚ ਵਿਅਸਤ ਖੋਜ-ਕਰਮੀਆਂ ਦੀ ਦ੍ਰਿਸ਼ਟੀ ਕੋਸ਼ ਤਿਆਰ ਕਰਨ ਦੇ ਨਾਲ ਨਾਲ ਇਸ ਵਿਸ਼ੇ ਦੀਆਂ ਵੱਖ ਵੱਖ ਪਰਤਾਂ ਅਤੇ ਪਾਸਾਰਾਂ ਦੇ ਅਧਿਐਨ/ਵਿਸ਼ਲੇਸ਼ਣ ਤੇ ਵੀ ਕੇਂਦ੍ਰਿਤ ਹੋਈ ਹੈ।

ਕੋਸ਼ਕਾਰੀ ਦੇ ਵਿਸ਼ੇ ਤੇ ਲੈਡੀਸਲੈਵ ਜ਼ਗੁਸਤਾ ਦੀ ਪੁਸਤਕ 'ਮੈਨੁਅਲ ਆਫ ਲੈਕਸਿਕੋਗ੍ਰਾਫੀ' (1971) ਕੋਸ਼-ਵਿਗਿਆਨਕ ਖੋਜ ਵਿਚ ਇਕ ਮੀਲ-ਪੱਥਰ ਹੈ। ਇਹ ਪੁਸਤਕ ਜ਼ਗੁਸਤਾ ਦੀਆਂ ਸਿਧਾਂਤਕ ਅਤੇ ਵਿਵਹਾਰਕ ਪਹੁੰਚ-ਵਿਧੀਆਂ ਦੇ ਸੰਤੁਲਨ ਦਾ ਉਤਕ੍ਰਿਸ਼ਟ ਪ੍ਰਮਾਣ ਹੈ। ਕੋਸ਼-ਵਿਗਿਆਨ ਦੇ ਖੇਤਰ ਵਿਚ ਕਾਰਜਸ਼ੀਲ ਕਿਸੇ ਵੀ ਖੋਜਾਰਥੀ ਲਈ ਇਸ ਪੁਸਤਕ ਦੀ ਅਵਹੇਲਨਾ ਕਰਨਾ ਸੰਭਵ ਨਹੀਂ ਹੈ। ਕਹਿਣ ਦਾ ਭਾਵ ਇਹ ਕਿ ਜ਼ਗੁਸਤਾ ਵਲੋਂ ਪ੍ਰਸਤੁਤ ਕੋਸ਼-ਵਿਗਿਆਨਕ ਮਾਡਲ ਨੂੰ ਭਾਵੀ ਕੋਸ਼-ਵਿਗਿਆਨੀਆਂ ਨੇ ਆਪਣੇ ਆਪਣੇ ਢੰਗ ਨਾਲ ਆਧਾਰ ਬਣਾਇਆ ਅਤੇ ਵਿਕਸਿਤ ਕੀਤਾ ਹੈ। ਭਾਰਤ ਦੇ ਪ੍ਰਸੰਗ ਵਿਚ ਜ਼ਗੁਸਤਾ ਦੀ ਕੋਸ਼-ਵਿਗਿਆਨਕ ਖੋਜ ਦੇ ਮਾਡਲ ਨੂੰ ਆਧਾਰ ਬਣਾ ਕੇ ਡਾ. ਰਾਮ ਆਧਾਰ ਸਿੰਘ ਦੀ ਪੁਸਤਕ 'ਐਨ ਇੰਟਰੋਡਕਸ਼ਨ ਟੂ ਲੈਕਸਿਕੋਗ੍ਰਾਫੀ' ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ। ਡਾ. ਸਿੰਘ ਨੇ ਆਪਣੀ ਪੁਸਤਕ ਵਿਚ ਗੰਭੀਰ ਅਤੇ ਜਟਿਲ ਕੋਸ਼-ਵਿਗਿਆਨਕ ਸੰਕਲਪਾਂ ਨੂੰ ਅੰਗ੍ਰੇਜ਼ੀ ਅਤੇ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਦੀਆਂ ਉਦਾਹਰਣਾਂ ਦੀ ਸਹਾਇਤਾ ਨਾਲ ਸਮਝਾਉਣ ਦਾ ਸਫਲ ਪ੍ਰਯਾਸ ਕੀਤਾ ਹੈ। ਇਉਂ ਇਹ ਦੋਵੇਂ ਪੁਸਤਕਾਂ ਕੋਸ਼ਕਾਰੀ ਦੇ ਵਿਸ਼ੇ ਤੇ ਲਿਖੀਆਂ ਮੁਕੰਮਲ ਪੁਸਤਕਾਂ ਆਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਕੋਸ਼ਕਾਰੀ ਦੇ ਸਾਰੇ ਪੱਖਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਦਾ ਇਹ ਭਾਵ

ਕਦਾਚਿਤ ਨਹੀਂ ਲੈਣਾ ਚਾਹੀਦਾ ਕਿ ਅੰਗ੍ਰੇਜ਼ੀ ਭਾਸ਼ਾ ਵਿਚ ਕੋਸ਼ਕਾਰੀ ਦੇ ਵਿਸ਼ੇ ਤੇ ਕੋਈ ਹੋਰ ਪੁਸਤਕ ਉਪਲਬਧ ਨਹੀਂ ਹੈ, ਬਲਕਿ ਇਹ ਗੱਲ ਨਿਸ਼ਚਿਤ ਰੂਪ ਵਿਚ ਆਖੀ ਜਾ ਸਕਦੀ ਹੈ ਕਿ ਕੋਸ਼ਕਾਰੀ ਦੇ ਸਾਰੇ ਪੱਖਾਂ ਦਾ ਜਿੰਨਾ ਗਹਿਰ-ਗੰਭੀਰ, ਸੰਗਠਿਤ ਅਤੇ ਸੁਨਿਸ਼ਚਿਤ ਅਧਿਐਨ ਉਪਰੋਕਤ ਦੋਹਾਂ ਪੁਸਤਕਾਂ ਵਿਚ ਉਪਲਬਧ ਹੈ, ਉਸ ਪ੍ਰਕਾਰ ਅਤੇ ਪੱਧਰ ਦਾ ਅਧਿਐਨ ਕਿਸੇ ਹੋਰ ਕੋਸ਼ਕਾਰ ਜਾਂ ਕੋਸ਼-ਵਿਗਿਆਨੀ ਵਲੋਂ ਕੀਤਾ ਹੋਇਆ ਨਹੀਂ ਮਿਲਦਾ। ਮੈਂ ਹਥਲੀ ਪੁਸਤਕ 'ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ' ਦੀ ਰੂਪ-ਰੇਖਾ ਤਿਆਰ ਕਰਨ ਵਿਚ ਇਨ੍ਹਾਂ ਦੋਹਾਂ ਪੁਸਤਕਾਂ ਨੂੰ ਆਪਣੀ ਪੁਸਤਕ ਦੇ ਮਾਡਲ ਵਜੋਂ ਵਰਤਿਆ ਹੈ। ਇਸ ਦੇ ਇਲਾਵਾ, ਇਸ ਵਿਸ਼ੇ ਤੇ ਹੁਣ ਤਕ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਉਪਲਬਧ ਸਾਮੱਗਰੀ ਦਾ ਭਰਪੂਰ ਪ੍ਰਯੋਗ ਕੀਤਾ ਹੈ।

ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਵਿਭਿੰਨ ਪ੍ਰਕਾਰ ਦੇ ਕੋਸ਼ ਤਾਂ ਉਪਲਬਧ ਹਨ, ਪਰੰਤੂ ਕੋਸ਼-ਵਿਗਿਆਨਕ ਖੋਜ ਦੀ ਦਿਸ਼ਾ ਵਿਚ ਸਾਡੀ ਅਜੇ ਕੋਈ ਠੋਸ ਪ੍ਰਾਪਤੀ ਨਹੀਂ ਹੈ। ਵੱਖ ਵੱਖ ਕੋਸ਼ਾਂ ਦੇ ਉਦੇਸ਼, ਕੋਸ਼ ਨਿਰਮਾਣ ਵਿਧੀ ਬਾਰੇ ਮੁਢਲੇ ਯਤਨਾਂ ਦੇ ਪ੍ਰਮਾਣ ਵਜੋਂ ਜਿਹੜੀ ਥੋੜ੍ਹੀ-ਬਹੁਤੀ ਸਾਮੱਗਰੀ ਉਪਲਬਧ ਹੁੰਦੀ ਹੈ, ਉਹ ਕੇਵਲ ਵੱਖ ਵੱਖ ਕੋਸ਼ਾਂ ਦੀਆਂ ਭੂਮਿਕਾਵਾਂ ਹੀ ਹਨ। ਇਨ੍ਹਾਂ ਵਿਚੋਂ ਵੀ ਕੇਵਲ ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ 'ਪੰਜਾਬੀ ਕੋਸ਼' ਦੀ ਵਿਸਤ੍ਰਿਤ ਭੂਮਿਕਾ ਨੂੰ ਹੀ ਇਸ ਪ੍ਰਸੰਗ ਵਿਚ ਵਿਸ਼ੇਸ਼ ਪ੍ਰਾਪਤੀ ਆਖਿਆ ਜਾ ਸਕਦਾ ਹੈ। ਇਸ ਦੇ ਇਲਾਵਾ, ਸਚੇਤ ਪੱਧਰ ਤੇ ਇਸ ਉਪੇਖਿਅਤ ਖੇਤਰ ਵਲ ਧਿਆਨ ਸਭ ਤੋਂ ਪਹਿਲਾਂ ਡਾ. ਅਜਮੇਰ ਸਿੰਘ, ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਦਿੱਤਾ ਜਿਸ ਨੇ ਕੋਸ਼-ਵਿਗਿਆਨ ਤੇ ਭਾਸ਼ਾ-ਵਿਗਿਆਨ ਨਾਲ ਸੰਬੰਧਿਤ ਵਿਸ਼ੇ ਤੇ ਆਪਣੇ ਖੋਜ-ਪ੍ਰਬੰਧ ਅਤੇ ਵਿਭਿੰਨ ਖੋਜ-ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਮੁਖ਼ਤਲਿਫ਼ ਖੋਜ-ਪੱਤਰਾਂ ਰਾਹੀਂ ਇਸ ਵਿਸ਼ੇ ਤੇ ਆਪਣੀ ਸਿਧਾਂਤਕ ਤੇ ਵਿਵਹਾਰਕ ਪਕੜ ਦਾ ਠੋਸ ਸਬੂਤ ਦਿੱਤਾ ਹੈ। ਇਨ੍ਹਾਂ ਯਤਨਾਂ ਤੋਂ ਬਿਨਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਖੋਜ-ਵਿਦਿਆਰਥੀਆਂ ਵਲੋਂ ਕੋਸ਼-ਵਿਗਿਆਨ ਦੇ ਵੱਖ ਵੱਖ ਪਹਿਲੂਆਂ ਨਾਲ ਸੰਬੰਧਿਤ ਐਮ.ਫਿਲ. ਡਿਗਰੀ ਲਈ ਪ੍ਰਸਤੁਤ ਖੋਜ-ਨਿਬੰਧ ਇਸ ਦਿਸ਼ਾ ਵਿਚ ਵਰਣਨਯੋਗ ਸਾਰਥਕ ਉੱਦਮ ਹਨ। ਕੁਝ ਖੋਜਾਰਥੀ ਅਜੇ ਆਪਣੇ ਖੋਜ-ਕਾਰਜ ਵਿਚ ਕਾਰਜਸ਼ੀਲ ਹਨ। ਇਨ੍ਹਾਂ ਯਤਨਾਂ ਨਾਲ ਐਨੀ ਕੁ ਢਾਰਸ ਅਵੱਸ਼ ਬੱਝਦੀ ਹੈ ਕਿ ਵਿਭਿੰਨ ਯੂਨੀਵਰਸਿਟੀਆਂ ਵਿਚ ਕਾਰਜਸ਼ੀਲ ਕੋਸ਼ਕਾਰਾਂ, ਕੋਸ਼-ਵਿਗਿਆਨੀਆਂ ਅਤੇ ਭਾਸ਼ਾ-ਵਿਗਿਆਨੀਆਂ ਨੇ ਕੋਸ਼-ਵਿਗਿਆਨ ਤੇ ਕੋਸ਼ਕਾਰੀ ਨੂੰ ਆਪਣੇ ਅਧਿਐਨ ਅਤੇ ਖੋਜ ਦਾ ਵਿਸ਼ਾ ਬਣਾਇਆ ਹੈ। ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਕੋਸ਼-ਵਿਗਿਆਨਕ ਖੋਜ ਦੀ ਵਿਸਤ੍ਰਿਤ ਜਾਣਕਾਰੀ ਮੈਂ ਇਸ ਪੁਸਤਕ ਦੇ ਅੰਤਲੇ ਅਧਿਆਇ ਵਿਚ ਪ੍ਰਸਤੁਤ ਕੀਤੀ ਹੈ।

ਇਥੇ ਡਾ. ਜਗਜੀਤ ਸਿੰਘ ਕੋਮਲ, ਅਕਾਲ ਕਾਲਿਜ, ਮਸਤੂਆਣਾ (ਸੰਗਰੂਰ) ਦੀ

ਇਸ ਵਿਸ਼ੇ ਤੇ ਲਿਖੀ ਪੁਸਤਕ 'ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ' (1990) ਦਾ ਵਿਸ਼ੇਸ਼ ਰੂਪ ਵਿਚ ਉਲੇਖ ਅਤੇ ਸੁਆਗਤ ਕਰਨਾ ਬਣਦਾ ਹੈ, ਕਿਉਂਕਿ ਇਸ ਵਿਸ਼ੇ ਤੇ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਇਹ ਇਕੋ ਇਕ ਪੁਸਤਕ ਉਪਲਬਧ ਹੈ। ਇਹ ਪੁਸਤਕ ਜਿਥੇ ਕੋਮਲ ਦੇ ਆਧੁਨਿਕ ਭਾਸ਼ਾ-ਵਿਗਿਆਨ ਦੇ ਗਹਿਰ-ਗੰਭੀਰ ਅਧਿਐਨ ਅਤੇ ਗਿਆਨ ਦੀ ਸੂਚਕ ਹੈ, ਉਥੇ ਇਸ ਪਸਤਕ ਵਿਚ ਉਸ ਨੇ ਕੋਸ਼-ਵਿਗਿਆਨ ਦੇ ਸਿਧਾਂਤਕ ਪੱਖਾਂ ਜਿਵੇਂ ਸ਼ਬਦ-ਸੰਗਤ, ਸਮਅਰਥਤਾ, ਬਹੁਅਰਥਤਾ, ਸਮਾਵੇਸ਼ਅਰਥਤਾ, ਵਿਪਰੀਤਅਰਥਤਾ ਆਦਿ ਦਾ ਅਧਿਐਨ-ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ 'ਕੋਸ਼ਕਾਰੀ' ਵਾਲੇ ਖੰਡ ਵਿਚ ਸ਼ਬਦਕੋਸ਼ਾਂ ਦੇ ਰੂਪ, ਵਰਗੀਕਰਣ, ਵਿਸ਼ੇਸ਼ਤਾਵਾਂ ਆਦਿ ਦਾ ਉਲੇਖ ਕਰਦਿਆਂ ਉਸ ਨੇ ਯੂਰਪ ਦੀ ਕੋਸ਼ਕਾਰੀ, ਸੰਸਕ੍ਰਿਤ ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ ਦਾ ਸਰਵੇਖਣ ਤੇ ਮੁੱਲਾਂਕਣ ਪੇਸ਼ ਕੀਤਾ ਹੈ। ਪਰੰਤੂ ਇਸ ਪੁਸਤਕ ਤੋਂ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੇ ਵਿਸ਼ੇ ਤੇ ਲਿਖੀ ਇਕ ਸਾਲਮ ਪੁਸਤਕ ਦਾ ਬੱਝਵਾਂ ਤੇ ਨਿਸ਼ਚਿਤ ਪ੍ਰਭਾਵ ਨਹੀਂ ਪੈਂਦਾ। ਫਿਰ ਵੀ ਇਹ ਬਹੁਤ ਹੀ ਪ੍ਰਸ਼ੰਸਾਯੋਗ ਉੱਦਮ ਹੈ। ਬੱਸ, ਪੰਜਾਬੀ ਕੋਸ਼ਕਾਰੀ ਦੀ ਇਹੀ ਕੋਸ਼-ਵਿਗਿਆਨਕ ਸੰਪਤੀ ਹੈ। ਇਸ ਨੀਂਹ ਤੇ ਮੈਂ ਆਪਣਾ 'ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ' ਦਾ ਆਲ੍ਹਣਾ ਉਸਾਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

ਉਪਰੋਕਤ ਚਰਚਾ ਤੋਂ ਇਕ ਤੱਥ ਉਘੜ ਕੇ ਅਵੱਸ਼ ਸਾਮ੍ਹਣੇ ਆਉਂਦਾ ਹੈ ਕਿ ਪੰਜਾਬੀ ਕੋਸ਼ ਨਿਰਮਾਣ ਪਰੰਪਰਾ ਵਿਚ ਜਿਥੇ ਵੱਖ ਵੱਖ ਵਿਵਹਾਰਕ ਪ੍ਰਮਾਣਕ ਕੋਸ਼ਾਂ ਦੇ ਸੰਕਲਨ ਦੀ ਘਾਟ ਦਾ ਆਭਾਸ ਹੁੰਦਾ ਹੈ, ਉਥੇ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੇ ਖੇਤਰ ਵਿਚ ਸਿਧਾਂਤਕ ਵਿਚਾਰ ਦੀ ਗੁੰਜਾਇਸ਼ ਵੀ ਬਰਾਬਰ ਖਟਕਦੀ ਹੈ। ਪੰਜਾਬੀ ਕੋਸ਼ਕਾਰੀ ਦੀ ਇਸ ਸੰਕਟਗ੍ਰਸਤ ਸਥਿਤੀ ਦੇ ਪ੍ਰਸੰਗ ਵਿਚ ਕਿਸੇ ਪ੍ਰਮਾਣਕ ਸਿਧਾਂਤਕ ਪੁਸਤਕ ਦੀ ਘਾਟ ਨੇ ਮੈਨੂੰ ਇਸ ਅਣਛੋਹੇ ਅਤੇ ਉਪੇਖਿਅਤ ਵਿਸ਼ੇ ਤੇ ਹਥਲੀ ਪੁਸਤਕ ਲਿਖਣ ਦੀ ਪ੍ਰੇਰਣਾ ਦਿੱਤੀ। ਇਸ ਦੇ ਨਾਲ ਹੀ ਵਰ੍ਹਿਆਂ-ਬੱਧੀ ਇਸ ਖੇਤਰ ਵਿਚ ਵਿਚਰਨ ਅਤੇ ਕਾਰਜਸ਼ੀਲ ਰਹਿਣ ਕਰਕੇ ਇਸ ਕਿੱਤੇ ਤੋਂ ਪ੍ਰਾਪਤ ਅਨੁਭਵ ਨੂੰ ਸੂਤਰਬੱਧ ਕਰਨ ਦੀ ਤਾਂਘ ਵੀ ਮੈਨੂੰ ਲੰਮੇ ਅਰਸੇ ਤੋਂ ਬੇਚੈਨ ਕਰ ਰਹੀ ਸੀ।

ਹਥਲੀ ਪੁਸਤਕ 'ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ' ਉਪਰੋਕਤ ਸਥਿਤੀ ਦਾ ਹੀ ਤਾਰਕਿਕ ਸਿੱਟਾ ਹੈ। ਮੈਂ ਇਸ ਪੁਸਤਕ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਪਹਿਲਾ ਭਾਗ 'ਕੋਸ਼-ਵਿਗਿਆਨ' ਕੋਸ਼-ਵਿਗਿਆਨ ਦੇ ਸਿਧਾਂਤਕ ਤੇ ਵਿਵਹਾਰਕ ਪਰਿਪੇਖ ਜਿਵੇਂ ਕੋਸ਼-ਵਿਗਿਆਨਕ ਸੰਕਲਪਾਂ ਦੀ ਵਿਸਤ੍ਰਿਤ ਵਿਆਖਿਆ, ਕੋਸ਼ਾਂ ਦੀਆਂ ਵਿਭਿੰਨ ਕਿਸਮਾਂ ਦਾ ਸਪਸ਼ਟੀਕਰਣ, ਕੋਸ਼ੀ ਅਰਥ ਦੇ ਵਿਭਿੰਨ ਪਹਿਲੂਆਂ ਜਿਵੇਂ ਬਹੁਅਰਥਕਤਾ, ਸਮਾਨਾਰਥਕਤਾ, ਸਮਨਾਮਤਾ, ਉਪਨਾਮਤਾ ਦੀ ਵਿਸਤ੍ਰਿਤ ਜਾਣਕਾਰੀ, ਕੋਸ਼ ਨਿਰਮਾਣ ਪ੍ਰਕ੍ਰਿਆ ਦੀਆਂ ਵੱਖ ਵੱਖ ਸਟੇਜਾਂ ਜਿਵੇਂ ਕੋਸ਼ ਦੀ ਯੋਜਨਾ, ਸਾਮੱਗਰੀ ਸੰਕਲਨ, ਸੰਪਾਦਨ, ਪ੍ਰੈਸ ਕਾਪੀ ਦੀ ਤਿਆਰੀ ਤੇ ਕੋਸ਼ ਦੇ ਪ੍ਰਕਾਸ਼ਨ ਦੇ ਨਿੱਕੇ ਨਿੱਕੇ ਵੇਰਵੇ, ਕੋਸ਼ ਨੂੰ ਅੰਤਿਮ

ਰੂਪ ਪ੍ਰਦਾਨ ਕਰਨ ਦੀਆਂ ਤਕਨੀਕੀ ਜੁਗਤਾਂ ਆਦਿ ਨਾਲ ਸੰਬੰਧਿਤ ਹੈ। ਇਸ ਚੌਖਟੇ ਦੇ ਅੰਤਰਗਤ ਹੀ ਕੱਚੀ ਸਾਮੱਗਰੀ ਤੋਂ ਸਮਭਾਸ਼ੀ ਤੇ ਦੁਭਾਸ਼ੀ ਕੋਸ਼ ਦੇ ਸੰਕਲਨ-ਸੰਪਾਦਨ ਦੀਆਂ ਵਿਵਹਾਰਕ ਸਮੱਸਿਆਵਾਂ ਅਤੇ ਇਨ੍ਹਾਂ ਕੋਸ਼ਾਂ ਦੇ ਨਿਰਮਾਣ ਦੀ ਜੁਗਤ ਤੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਇਸ ਪੁਸਤਕ ਦੇ ਦੂਜੇ ਭਾਗ 'ਪੰਜਾਬੀ ਕੋਸ਼ਕਾਰੀ' ਵਿਚ ਪੰਜਾਬੀ ਕੋਸ਼ ਪਰੰਪਰਾ ਦੇ ਅੰਤਰਗਤ ਸਮਭਾਸ਼ੀ ਕੋਸ਼ਾਂ, ਦੁਭਾਸ਼ੀ ਕੋਸ਼ਾਂ ਅਤੇ ਬਹੁਭਾਸ਼ੀ ਕੋਸ਼ਾਂ ਦਾ ਕੇਵਲ ਇਸ ਮਨੋਰਥ ਤੋਂ ਸਰਵੇਖਣ-ਮਾਤਰ ਪੇਸ਼ ਕੀਤਾ ਗਿਆ ਹੈ ਕਿ ਇਕੱਤਰ ਕੀਤੀ ਇਹ ਸਾਮੱਗਰੀ ਭਾਵੀ ਕੋਸ਼-ਵਿਗਿਆਨਕ ਖੋਜ ਲਈ ਆਧਾਰ ਬਣ ਸਕੇ। ਇਸ ਦਾ ਮੁੱਲਾਂਕਣ ਕਰਨ ਦਾ ਯਤਨ ਨਹੀਂ ਕੀਤਾ ਗਿਆ। ਇਸ ਦੇ ਆਂਸ਼ਿਕ ਮੁੱਲਾਂਕਣ ਲਈ ਜਗਜੀਤ ਸਿੰਘ ਕੋਮਲ ਦੀ ਉਪਰੋਕਤ ਪੁਸਤਕ ਜਾਂ ਕੁਝ ਕੁ ਐਮ. ਫਿਲ. ਲਈ ਪੇਸ਼ ਖੋਜ-ਨਿਬੰਧ ਵੇਖੇ ਜਾ ਸਕਦੇ ਹਨ। ਮੈਂ ਇਸ ਪੁਸਤਕ ਵਿਚ ਸਿਧਾਂਤਕ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਨਾਲ ਇਸ ਦੀ ਵਿਵਹਾਰਕ ਉਪਯੋਗਤਾ ਨੂੰ ਵੀ ਮੁੱਖ ਰੱਖਿਆ ਹੈ। ਜੇ ਮੇਰਾ ਇਹ ਨਿਮਾਣਾ ਜਿਹਾ ਯਤਨ ਇਸ ਕਿੱਤੇ ਵਿਚ ਕਾਰਜਸ਼ੀਲ ਤੇ ਰੁਚੀਵਾਨ ਖੋਜਾਰਥੀਆਂ ਅਤੇ ਵਿਦਵਾਨਾਂ ਦੇ ਮਨਾਂ ਵਿਚ ਵਿਚਾਰ-ਤਰੰਗਾਂ ਨੂੰ ਗਤੀਸ਼ੀਲਤਾ ਪ੍ਰਦਾਨ ਕਰ ਸਕੇ, ਤਾਂ ਮੈਂ ਇਸ ਨੂੰ ਸਕਾਰਥਾ ਯਤਨ ਸਮਝਾਂਗਾ। ਇਸ ਪੁਸਤਕ ਬਾਰੇ ਸਾਰਥਕ ਸੁਝਾਵਾਂ ਦਾ ਵੀ ਖੁਲ੍ਹੇ ਮਨ ਨਾਲ ਖਿੜੇ ਮੱਥੇ ਸੁਆਗਤ ਕੀਤਾ ਜਾਏਗਾ।

ਸ਼ਬਦਾਂ ਨਾਲ ਕਲੋਲਾਂ ਕਰਨ ਦੀ ਚੇਟਕ ਗੌਰਮਿੰਟ ਕਾਲਿਜ, ਲੁਧਿਆਣਾ ਵਿਚ ਪੜ੍ਹਦਿਆਂ ਆਪਣੇ ਗਿਆਨਯੋਗੀ-ਅਧਿਆਪਕ ਪ੍ਰੋਫੈਸਰ ਗੁਲਵੰਤ ਸਿੰਘ ਤੋਂ ਲੱਗੀ। ਇਸੇ ਦੌਰਾਨ ਡਾ. ਰਵਿੰਦਰ ਸਿੰਘ ਰਵੀ ਨਾਲ ਹੋਏ ਵਿਚਾਰ-ਵਟਾਂਦਰੇ ਨੇ ਮੇਰੀ ਇਸ ਜਿਗਿਆਸਾ ਨੂੰ ਪ੍ਰਚੰਡਤਾ ਤੇ ਪ੍ਰਖਰਤਾ ਪ੍ਰਦਾਨ ਕੀਤੀ। ਥੋੜ੍ਹੇ ਜਿਹੇ ਅਰਸੇ ਪਿਛੋਂ ਕੋਸ਼ਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਆਪਣੇ ਕਰਮਯੋਗੀ-ਅਧਿਆਪਕ ਪ੍ਰੋਫੈਸਰ ਪਿਆਰ ਸਿੰਘ ਦੀ ਸਰਪਰਸਤੀ ਅਧੀਨ ਸ਼ਬਦ-ਰੂਪ ਅਤੇ ਸ਼ਬਦ-ਅਰਥ ਬਾਰੇ ਗੰਭੀਰਤਾ ਅਤੇ ਇਕਾਗਰਤਾ ਨਾਲ ਸੋਚਣ ਦਾ ਅਵਸਰ ਮਿਲਿਆ। ਪਰ ਇਸ ਪਾਸੇ ਸਿਧਾਂਤਕ ਸੇਧ ਦੀ ਘਾਟ ਸਦਾ ਖਟਕਦੀ ਰਹੀ। ਇਸ ਭਾਸ਼ਾਈ ਖਿੰਡਾਅ ਅਤੇ ਖ਼ਿਲਾਅ ਨੂੰ ਸਿਧਾਂਤਕ ਸੂਤਰ ਵਿਚ ਪਰੋਣ ਦੀ ਪ੍ਰੇਰਨਾ ਵਿਵਹਾਰਕ ਭਾਸ਼ਾ-ਵਿਗਿਆਨੀ ਪ੍ਰੋਫੈਸਰ ਹਰਜੀਤ ਸਿੰਘ ਗਿੱਲ ਦੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪ੍ਰਵੇਸ਼ ਤੋਂ ਮਿਲੀ। ਪਰ ਸ਼ਬਦਾਂ ਦੀਆਂ ਵਿਭਿੰਨ ਪਰਤਾਂ ਅਤੇ ਪਾਸਾਰਾਂ ਦੇ ਵਾਸਤਵਿਕ ਚਿੰਤਨ ਦਾ ਅਵਸਰ ਪ੍ਰੋਫੈਸਰ ਅਤਰ ਸਿੰਘ ਨਾਲ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਕੰਮ ਕਰਨ ਸਮੇਂ ਪ੍ਰਾਪਤ ਹੋਇਆ। ਕੋਸ਼-ਵਿਗਿਆਨਕ ਸੰਕਲਪਾਂ ਦਾ ਅਰਥ-ਬੋਧ ਅਤੇ ਸਪਸ਼ਟਤਾ, ਪ੍ਰੌੜਤਾ ਤੇ ਪੁਖ਼ਤਗੀ ਵੀ ਇਸੇ ਸਮੇਂ ਪ੍ਰਾਪਤ ਕੀਤੀ ਜਿਸ ਦੇ ਫਲਸਰੂਪ ਇਸ ਪੁਸਤਕ ਦੀ ਰਚਨਾ ਸੰਭਵ ਹੋ ਸਕੀ ਹੈ। ਮੈਂ ਇਨ੍ਹਾਂ ਵਿਦਵਾਨ ਪ੍ਰੋਫੈਸਰ ਸਾਹਿਬਾਨ ਅਤੇ ਆਪਣੇ ਮਰਹੂਮ ਦੋਸਤ ਡਾ. ਰਵਿੰਦਰ ਸਿੰਘ ਰਵੀ ਦਾ ਹਾਰਦਿਕ ਆਭਾਰੀ ਹਾਂ ਜਿਨ੍ਹਾਂ ਤੋਂ ਮੈਂ ਪ੍ਰਤੱਖ ਅਤੇ ਪਰੋਖ ਰੂਪ ਵਿਚ ਵਿਵਹਾਰਕ ਪ੍ਰੇਰਨਾ ਪ੍ਰਾਪਤ ਕੀਤੀ ਹੈ।

ਡਾ. ਅਜਮੇਰ ਸਿੰਘ ਮੇਰੇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ। ਉਨ੍ਹਾਂ ਨੇ ਇਸ ਪੁਸਤਕ ਦਾ ਇਕ ਇਕ ਅੱਖਰ ਪੜ੍ਹਿਆ, ਵਾਚਿਆ ਅਤੇ ਅਨੇਕਾਂ ਥਾਵਾਂ ਤੇ ਵਡਮੁੱਲੇ ਸੁਝਾਅ ਦਿੱਤੇ ਹਨ। ਇਸ ਕਿਤਾਬ ਦੀ ਰੂਪ-ਰੇਖਾ ਤਿਆਰ ਕਰਨ ਵਿਚ ਵੀ ਉਨ੍ਹਾਂ ਨੇ ਨਿੱਕੇ ਨਿੱਕੇ ਵੇਰਵਿਆਂ ਦਾ ਖ਼ਾਸ ਖ਼ਿਆਲ ਰੱਖਿਆ ਹੈ। ਇੰਜ, ਡਾ. ਸਾਹਿਬ ਦੇ ਭਾਸ਼ਾ-ਵਿਗਿਆਨਕ ਗਿਆਨ ਦਾ ਮੈਂ ਪੂਰਾ ਫ਼ਾਇਦਾ ਉਠਾਇਆ ਹੈ। ਉਨ੍ਹਾਂ ਦੇ ਇਸ ਸਹਿਯੋਗ ਲਈ ਮੈਂ ਉਨ੍ਹਾਂ ਦਾ ਸਦਾ ਰਿਣੀ ਰਹਾਂਗਾ।

ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਮੇਰਾ ਵਿਦਿਆਰਥੀ ਵੀ ਹੈ ਅਤੇ ਦੋਸਤ ਵੀ। ਉਸ ਦੇ ਤਾਰਕਿਕ ਅਤੇ ਪ੍ਰੇਰਕ ਢੰਗ ਨਾਲ ਮੈਨੂੰ ਇਸ ਅਕਾਦਮਿਕ ਲੋੜ ਦਾ ਪੂਰੀ ਤਰ੍ਹਾਂ ਅਹਿਸਾਸ ਕਰਵਾਉਣ ਸਦਕਾ ਹੀ ਇਸ ਪੁਸਤਕ ਦਾ ਪ੍ਰਕਾਸ਼ਨ ਸੰਭਵ ਹੋ ਸਕਿਆ ਹੈ। ਇਉਂ ਹੀ, ਪ੍ਰੋਫ਼ੈਸਰ ਟੀ.ਆਰ. ਵਿਨੋਦ, ਡਾ. ਸੁਰਜੀਤ ਸਿੰਘ ਭੱਟੀ ਅਤੇ ਹੋਰ ਪਰਮ ਮਿੱਤਰ ਤੇ ਸਨੇਹੀ ਵੀ ਮੈਨੂੰ ਸਮੇਂ ਸਮੇਂ ਸਿਰ ਹਲਾਸ਼ੇਰੀ ਦਿੰਦੇ ਰਹੇ ਹਨ। ਮੈਂ ਇਨ੍ਹਾਂ ਮਿੱਤਰਾਂ ਵਲੋਂ ਦਿੱਤੀ ਪ੍ਰੇਰਣਾ ਲਈ ਦਿਲੋਂ ਧੰਨਵਾਦੀ ਹਾਂ।

ਇਸ ਪੁਸਤਕ ਦੇ ਲਿਖਣ ਲਈ ਨਿਰੰਤਰ ਪ੍ਰੇਰਣਾ ਲਈ ਆਪਣੀ ਪਤਨੀ ਪ੍ਰੋ. ਕਾਂਤਾ ਵਸਿਸ਼ਟ ਪ੍ਰਤਿ ਜੇ ਆਭਾਰ ਪ੍ਰਗਟ ਨਾ ਕਰਾਂ ਤਾਂ ਮੈਂ ਬੜੀ ਵੱਡੀ ਕੁਤਾਹੀ ਕਰ ਰਿਹਾ ਹੋਵਾਂਗਾ। ਉਪਰੋਕਤ ਸਾਰੀਆਂ ਪ੍ਰੇਰਣਾਵਾਂ ਅਤੇ ਹਲਾਸ਼ੇਰੀਆਂ ਅਧੂਰੀਆਂ ਤੇ ਨਿਰਰਥਕ ਰਹਿ ਜਾਂਦੀਆਂ ਜੇ ਉਹ ਪੁਸਤਕ ਲਿਖਣ ਸਮੇਂ ਮੈਨੂੰ ਮੇਰੇ ਪਰਿਵਾਰਕ ਅਤੇ ਦੁਨਿਆਵੀ ਬੰਧਨਾਂ ਤੋਂ ਮੁਕਤ ਕਰਾ ਕੇ ਕੰਮ ਕਰਨ ਲਈ ਸੁਖਾਵਾਂ ਅਤੇ ਸੁਖਦਾਈ ਮਾਹੌਲ ਪ੍ਰਦਾਨ ਨਾ ਕਰਦੇ। ਇਸ ਕਾਰਜ ਵਿਚ ਉਨ੍ਹਾਂ ਦਾ ਬੌਧਿਕ ਸਹਿਯੋਗ ਵੀ ਸਦਾ ਮੇਰੇ ਅੰਗ ਸੰਗ ਰਿਹਾ ਹੈ। ਸਾਲ ਡੇਢ ਸਾਲ ਦੇ ਇਸ ਅਰਸੇ ਵਿਚ ਮੈਂ ਆਪਣੇ ਬੱਚਿਆਂ ਅੰਗ੍ਰਿਮਾ ਅਤੇ ਅੰਕੁਰ ਦੀਆਂ ਨਿੱਕੀਆਂ ਵੱਡੀਆਂ ਲੋੜਾਂ ਤੋਂ ਵੀ ਅਵੇਸਲਾ ਰਿਹਾ ਹਾਂ। ਇਸ ਅਭੁੱਲ ਸਹਿਯੋਗ ਲਈ ਮੈਂ ਆਪਣੀ ਪਤਨੀ ਅਤੇ ਬੱਚਿਆਂ ਦਾ ਹਾਰਦਿਕ ਆਭਾਰੀ ਹਾਂ ਜਿਨ੍ਹਾਂ ਨੇ ਮੇਰੀ ਇਸ ਲਾਪਰਵਾਹੀ ਅਤੇ ਅਵੇਸਲੇਪਣ ਦੇ ਸੰਤਾਪ ਨੂੰ ਲੰਮੇ ਅਰਸੇ ਤਕ ਭੋਗਿਆ ਹੈ।

ਅੰਤ ਵਿਚ ਮੈਂ ਉਨ੍ਹਾਂ ਸਾਰੇ ਲੇਖਕਾਂ ਅਤੇ ਸੰਪਾਦਕਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਦੀ ਮੈਂ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਭਰਪੂਰ ਵਰਤੋਂ ਕੀਤੀ ਹੈ।

289, ਸੈਕਟਰ 15-ਏ, ਓਮ ਪ੍ਰਕਾਸ਼ ਵਸਿਸ਼ਟ
ਚੰਡੀਗੜ੍ਹ।

ਕੋਸ਼-ਵਿਗਿਆਨ

ਪਹਿਲਾ ਅਧਿਆਇ

ਕੋਸ਼-ਵਿਗਿਆਨ ਅਤੇ ਕੋਸ਼ਕਾਰੀ

(Lexicology and Lexicography)

1.0 ਕੋਸ਼-ਨਿਰਮਾਣ ਦਾ ਕਾਰਜ ਭਾਵੇਂ ਵਿਗਿਆਨਕ ਆਧਾਰ ਤੇ ਉਨ੍ਹੀਵੀਂ ਸਦੀ ਵਿਚ ਆਰੰਭ ਹੋਇਆ, ਪਰੰਤੂ ਸਮੇਂ ਸਮੇਂ ਉਤਪੰਨ ਵਿਵਹਾਰਕ ਲੋੜਾਂ ਦੀ ਪੂਰਤੀ ਲਈ ਸਮਭਾਸ਼ੀ ਅਤੇ ਦੁਭਾਸ਼ੀ ਕੋਸ਼ਾਂ ਦੇ ਸੰਕਲਨ ਦੀ ਭਾਰਤ ਅਤੇ ਪੱਛਮ ਵਿਚ ਕਾਫ਼ੀ ਲੰਮੀ ਪਰੰਪਰਾ ਉਪਲਬਧ ਹੈ। ਜ਼ੁਬਾਨੀ ਯਾਦ ਰੱਖਣ ਦੀ ਸੁਵਿਧਾ ਨੂੰ ਮੁੱਖ ਰਖਦਿਆਂ ਬਹੁਤ ਸਾਰੇ ਪ੍ਰਾਚੀਨ ਕੋਸ਼ਾਂ ਦਾ ਸੰਕਲਨ ਕਵਿਤਾ ਵਿਚ ਕੀਤਾ ਗਿਆ ਸੀ। ਫਲਸਰੂਪ, ਪਰਿਆਇ ਕੋਸ਼, ਪੌਦਿਆਂ ਤੇ ਰੋਗਾਂ ਆਦਿ ਦੇ ਕੋਸ਼ਾਂ ਦਾ ਸੰਕਲਨ ਹੋਇਆ। ਸਕੂਲੀ ਵਿਦਿਆਰਥੀਆਂ ਦੀਆਂ ਵਿਦਿਅਕ ਲੋੜਾਂ ਦੀ ਪੂਰਤੀ ਲਈ ਦੁਭਾਸ਼ੀ ਸ਼ਬਦ-ਸੂਚੀਆਂ (ਗਲਾਸਰੀਆਂ) ਤਿਆਰ ਕੀਤੀਆਂ ਗਈਆਂ। ਇੰਜ ਕੋਸ਼ ਸਾਡੀਆਂ ਵਾਸਤਵਿਕ ਅਤੇ ਵਿਵਹਾਰਕ ਲੋੜਾਂ ਦੇ ਪ੍ਰਤਿਉੱਤਰ ਵਜੋਂ ਹੋਂਦ ਵਿਚ ਆਏ।

ਪਹਿਲਾਂ ਪਹਿਲ ਕੋਸ਼ ਕੇਵਲ ਇਕ ਸ਼ਬਦ-ਸੂਚੀ ਮਾਤਰ ਹੀ ਸੀ। ਕੋਸ਼ ਵਿਚ ਕੇਵਲ ਅਜਿਹੇ ਸ਼ਬਦ ਸੰਮਿਲਿਤ ਕੀਤੇ ਜਾਂਦੇ ਸਨ ਜਿਹੜੇ ਕੇਵਲ ਬੁੱਧੀਜੀਵੀਆਂ ਅਤੇ ਵਿਦਵਾਨਾਂ ਦੀ ਪੂੰਜੀ ਮੰਨੇ ਜਾਂਦੇ ਸਨ। ਕਹਿਣ ਦਾ ਭਾਵ ਇਹ ਕਿ ਕੋਸ਼ ਜਨਸਾਧਾਰਣ ਦੇ ਪ੍ਰਯੋਗ ਦੀ ਵਸਤ ਨਹੀਂ ਸੀ, ਸਗੋਂ ਇਸ ਉਪਰ ਵਿਸ਼ਿਸ਼ਟ ਵਰਗ ਦਾ ਅਧਿਕਾਰ ਸੀ। ਕੋਸ਼-ਵਿਗਿਆਨ ਦੇ ਸਿਧਾਂਤਾਂ ਦੀ ਅਸਪਸ਼ਟਤਾ ਕਾਰਣ ਸ਼ਬਦਾਂ ਦੀ ਚੋਣ ਦਾ ਆਧਾਰ ਸਪਸ਼ਟ ਨਹੀਂ ਸੀ। ਕੋਸ਼ ਦਾ ਖੇਤਰ ਸੀਮਿਤ ਸੀ ਅਤੇ ਅੰਦਰਾਜਾਂ ਦਾ ਕ੍ਰਮ ਵੀ ਅੱਖਰ-ਕ੍ਰਮ ਅਨੁਸਾਰ ਨਹੀਂ ਸੀ, ਕਿਉਂਕਿ ਕੋਸ਼ ਯਾਦ ਕਰਨ ਦਾ ਗ੍ਰੰਥ ਮੰਨਿਆ ਜਾਂਦਾ ਸੀ ਅਤੇ ਅੱਜ ਕੱਲ੍ਹ ਦੇ ਕੋਸ਼ਾਂ ਵਾਂਗ ਸੰਦਰਭ ਗ੍ਰੰਥ ਨਹੀਂ ਸੀ। ਪਰੰਤੂ ਹੁਣ ਕੋਸ਼-ਵਿਗਿਆਨ ਦੇ ਵਿਕਸਿਤ ਹੋਣ ਅਤੇ ਸੁਤੰਤਰ ਅਸਤਿੱਤਵ ਗ੍ਰਹਿਣ ਕਰਨ ਨਾਲ ਇਸ ਨੇ ਕੋਸ਼ਕਾਰੀ ਲਈ ਮੂਲ ਸਿਧਾਂਤ ਨਿਰਧਾਰਿਤ ਕਰ ਦਿੱਤੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਕੋਸ਼-ਨਿਰਮਾਣ ਦਾ ਕਾਰਜ ਵਿੱਢਿਆ ਜਾਂਦਾ ਹੈ। ਕੋਸ਼-ਵਿਗਿਆਨਕ ਸਿਧਾਂਤਾਂ ਦਾ ਉਲੇਖ ਇਸ ਪੁਸਤਕ ਦੇ ਅਗਲੇ ਅਧਿਆਵਾਂ ਵਿਚ ਕੀਤਾ ਜਾਵੇਗਾ। ਪਹਿਲੇ ਕੋਸ਼ਾਂ ਵਿਚ ਇਨ੍ਹਾਂ ਸਿਧਾਂਤਾਂ ਨੂੰ ਆਧਾਰ ਨਹੀਂ ਬਣਾਇਆ

ਗਿਆ ਸੀ। ਵਿਗਿਆਨਕ ਅਤੇ ਬਾਹਰਮੁਖੀ ਸਿਧਾਂਤਾਂ ਨੂੰ ਆਧਾਰ ਬਣਾਉਣ ਦਾ ਇਕ ਕਾਰਣ ਕੋਸ਼ਕਾਰੀ ਦਾ ਵਿਵਹਾਰਕ ਭਾਸ਼ਾ-ਵਿਗਿਆਨ ਦਾ ਅਟੁੱਟ ਅੰਗ ਹੋਣਾ ਹੈ। ਭਾਸ਼ਾ-ਵਿਗਿਆਨ ਦੇ ਸਿਧਾਂਤਕ ਵਿਕਾਸ ਦਾ ਪ੍ਰਭਾਵ ਕੋਸ਼ਕਾਰੀ ਨੇ ਨਿਰਸੰਦੇਹ ਗ੍ਰਹਿਣ ਕੀਤਾ ਹੈ। ਡਰਕ ਜੀਰੇਟਸ (Dirk Geeraetes) ਲਿਖਦਾ ਹੈ ਕਿ "ਉਨ੍ਹੀਵੀਂ ਸਦੀ ਦੇ ਮਹਾਨ ਇਤਿਹਾਸਕ ਕੋਸ਼ ਉਨ੍ਹੀਵੀਂ ਸਦੀ ਦੇ ਭਾਸ਼ਾ-ਵਿਗਿਆਨ ਵਿਚ ਇਤਿਹਾਸਕ ਪ੍ਰਵਿਰਤੀਆਂ ਦੇ ਪ੍ਰਭਾਵੀ ਹੋਣ ਦਾ ਸਿੱਟਾ ਹਨ। ਸੰਰਚਨਾਵਾਦ ਨੇ ਕੋਸ਼ਕਾਰੀ ਵਿਚ ਵਿਸ਼ੇਸ਼ ਤਰਜੀਹਾਂ ਅਤੇ ਨਵੀਨਤਾਵਾਂ ਨੂੰ ਪ੍ਰੋਤਸਾਹਿਤ ਕੀਤਾ ਅਤੇ ਇਸ ਦੇ ਫਲਸਰੂਪ ਯੁਗ-ਕੋਸ਼, ਵਿਚਾਰ ਕੋਸ਼ ਹੋਂਦ ਵਿਚ ਆਏ। ਇਥੇ ਵਿਚਾਰਨ ਵਾਲਾ ਮਹੱਤਵਪੂਰਣ ਨੁਕਤਾ ਇਹ ਹੈ ਕਿ ਕੋਸ਼-ਕਾਰੀ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਅਤੇ ਵਿਧੀਆਂ ਦਾ ਕੋਈ ਸਪਸ਼ਟ ਆਧਾਰ ਨਹੀਂ ਹੈ ਅਤੇ ਨਾ ਹੀ ਕੋਈ ਵਿਆਪਕ ਜਾਂ ਵਿਸਤ੍ਰਿਤ ਸਿਧਾਂਤ ਅਜਿਹਾ ਹੈ ਜਿਹੜਾ ਕੋਸ਼-ਨਿਰਮਾਣ ਪਰੰਪਰਾ ਦੀ ਵਿਵਿਧਤਾ ਨੂੰ ਇਕ ਸਿਧਾਂਤਕ ਸੰਭਵ ਢਾਂਚੇ ਦੇ ਅੰਤਰਗਤ ਸਮੇਟ ਸਕੇ।"[1]

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਕੋਸ਼-ਨਿਰਮਾਣ ਦਾ ਕਾਰਜ ਤਾਂ ਭਾਵੇਂ ਕਈ ਸਦੀਆਂ ਤੋਂ ਚਲਿਆ ਆ ਰਿਹਾ ਹੈ, ਪਰੰਤੂ ਕੋਸ਼ੀ ਇਕਾਈ, ਕੋਸ਼, ਕੋਸ਼-ਵਿਗਿਆਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਤੇ ਪਿਛਲੇ ਚਾਰ ਪੰਜ ਦਹਾਕਿਆਂ ਤੋਂ ਪੱਛਮ ਵਿਚ ਅਤੇ ਦੋ ਤਿੰਨ ਦਹਾਕਿਆਂ ਤੋਂ ਭਾਰਤ ਵਿਚ ਠੋਸ ਕੇ ਅਤੇ ਵਿਵਸਥਿਤ ਰੂਪ ਵਿਚ ਚਰਚਾ ਆਰੰਭ ਹੋਈ ਹੈ। ਹੁਣ ਕੋਸ਼ਕਾਰੀ ਨੂੰ ਇਕ ਅਵਿਵਸਥਿਤ ਕਾਰਜ ਨਾ ਮੰਨ ਕੇ ਸਿਧਾਂਤਕ, ਵਿਵਸਥਿਤ ਅਤੇ ਨਿਯਮਬੱਧ ਕਾਰਜ ਸ਼ਮਝਿਆ ਜਾਂਦਾ ਹੈ। ਫਲਸਰੂਪ, ਕੋਸ਼-ਵਿਗਿਆਨ ਦੇ ਵਿਭਿੰਨ ਪਹਿਲੂ ਦ੍ਰਿਸ਼ਟੀਗੋਚਰ ਹੋਏ ਹਨ। ਕੋਸ਼-ਵਿਗਿਆਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਤੇ ਵਿਚਾਰ ਕਰਨ ਤੋਂ ਪਹਿਲਾਂ ਕੋਸ਼ ਦੇ ਸੰਕਲਪ ਬਾਰੇ ਭਾਰਤੀ ਅਤੇ ਪੱਛਮੀ ਕੋਸ਼-ਵਿਗਿਆਨੀਆਂ ਦੇ ਵਿਚਾਰਾਂ ਦਾ ਜਾਇਜ਼ਾ ਲੈਣਾ ਅਨੁਚਿਤ ਨਹੀਂ ਹੋਵੇਗਾ।

1.1 ਕੋਸ਼ ਦੀ ਪਰਿਭਾਸ਼ਾ : 'ਇਨਸਾਈਕਲੋਪੀਡੀਆ ਬ੍ਰਿਟੈਨਿਕਾ' ਵਿਚ ਕੋਸ਼ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਗਈ ਹੈ : "ਕੋਸ਼ ਕਿਸੇ ਭਾਸ਼ਾ ਦੀ ਅੱਖਰ-ਕ੍ਰਮ ਅਨੁਸਾਰ ਤਿਆਰ ਕੀਤੀ ਸ਼ਬਦ-ਸੂਚੀ ਹੁੰਦੀ ਹੈ ਜਿਸ ਵਿਚ ਉਸ ਭਾਸ਼ਾ ਦੇ ਸ਼ਬਦਾਂ ਦਾ ਉਸ ਜਾਂ ਕਿਸੇ ਹੋਰ ਭਾਸ਼ਾ ਵਿਚ ਅਰਥ ਦਿੱਤਾ ਜਾਂਦਾ ਹੈ, ਅਤੇ ਨਾਲ ਹੀ ਉਸ ਭਾਸ਼ਾ ਦੇ ਉਚਾਰਣ, ਨਿਰੁਕਤੀ ਅਤੇ ਪ੍ਰਯੋਗ ਬਾਰੇ ਸੂਚਨਾ ਦਰਜ ਕੀਤੀ ਜਾਂਦੀ ਹੈ।"[2]

'ਚੈਂਬਰਜ਼ ਇਨਸਾਈਕਲੋਪੀਡੀਆ' ਵਿਚ "ਕੋਸ਼ ਨੂੰ ਇਕ ਅਜਿਹੀ ਪੁਸਤਕ ਗਰਦਾਨਿਆ ਗਿਆ ਹੈ ਜਿਸ ਵਿਚ ਕਿਸੇ ਭਾਸ਼ਾ ਦੇ ਸ਼ਬਦਾਂ ਨੂੰ ਅੱਖਰ-ਕ੍ਰਮ ਵਿਚ ਦਰਜ ਕਰਨ ਤੋਂ ਬਿਨਾਂ ਉਨ੍ਹਾਂ ਦੇ ਅਰਥਾਂ ਦੀ ਪਰਿਭਾਸ਼ਾ ਦਿੱਤੀ ਗਈ ਹੁੰਦੀ ਹੈ। ਉਸ ਭਾਸ਼ਾ ਦੇ ਸਾਹਿਤ ਅਤੇ ਬੋਲੀ ਵਿਚੋਂ ਸ਼ਬਦਾਂ ਦੇ ਪ੍ਰਯੋਗ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਨਿਰੁਕਤੀ ਵੀ ਦਿੱਤੀ ਜਾਂਦੀ ਹੈ।"[3]

'ਆਕਸਫੋਰਡ ਇੰਗਲਿਸ਼ ਡਿਕਸ਼ਨਰੀ' ਅਨੁਸਾਰ ਕੋਸ਼ "ਇਕ ਅਜਿਹਾ ਗ੍ਰੰਥ ਹੈ ਜਿਸ ਵਿਚ ਕਿਸੇ ਭਾਸ਼ਾ ਦੇ ਇਕੱਲੇ ਇਕੱਲੇ ਸ਼ਬਦਾਂ (ਜਾਂ ਉਨ੍ਹਾਂ ਦੇ ਕੁਝ ਵਿਸ਼ੇਸ਼ ਵਰਗਾਂ) ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਵਿਚ ਇਨ੍ਹਾਂ ਸ਼ਬਦਾਂ ਦੇ ਸ਼ਬਦ-ਜੋੜਾਂ, ਉਚਾਰਣ, ਅਰਥਾਂ ਅਤੇ ਅਰਥਾਂ ਦੇ ਪ੍ਰਯੋਗ, ਇਨ੍ਹਾਂ ਦੇ ਪਰਿਆਇਆਂ, ਨਿਰਕਤੀ ਅਤੇ ਇਤਿਹਾਸ, ਜਾਂ ਘੱਟੋ ਘੱਟ ਇਨ੍ਹਾਂ ਵਿਚੋਂ ਕੁਝ ਕੁ ਤੱਥਾਂ ਨੂੰ ਦਰਜ ਕੀਤਾ ਜਾਂਦਾ ਹੈ। ਸ਼ਬਦ ਲੱਭਣ ਦੀ ਸੁਵਿਧਾ ਲਈ ਸ਼ਬਦਾਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ।...ਜੇ ਹੋਰ ਵਿਸਤਾਰ ਨਾਲ ਕਹਿਣਾ ਹੋਵੇ ਤਾਂ ਕੋਸ਼ ਕਿਸੇ ਵਿਸ਼ੇ ਜਾਂ ਗਿਆਨ ਦੀ ਕਿਸੇ ਸ਼ਾਖ਼ਾ ਬਾਰੇ ਸੂਚਨਾ ਜਾਂ ਸੰਦਰਭ ਗ੍ਰੰਥ ਹੁੰਦਾ ਹੈ ਜਿਸ ਦੀਆਂ ਮੱਦਾਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ।"[4]

'ਪੰਜਾਬੀ ਕੋਸ਼ਕਾਰੀ' ਵਿਚ ਦਰਜ ਸੂਚਨਾ ਅਨੁਸਾਰ "ਸ਼ਬਦ-ਕੋਸ਼ ਵਿਚ ਕਿਸੇ ਭਾਸ਼ਾ ਦੇ ਆਮ ਸ਼ਬਦ ਲਏ ਜਾਂਦੇ ਹਨ। ਵਿਅਕਤੀਆਂ, ਸ਼ਹਿਰਾਂ ਆਦਿ ਦੇ ਖ਼ਾਸ ਨਾਂ ਛੱਡ ਦਿੱਤੇ ਜਾਂਦੇ ਹਨ। ਪਰ ਗਿਆਨ ਕੋਸ਼ ਵਿਚ ਆਮ ਸ਼ਬਦਾਂ ਦੀ ਥਾਂ ਖ਼ਾਸ ਸ਼ਬਦ ਲਏ ਜਾਂਦੇ ਹਨ ਅਤੇ ਇਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਹੁੰਦੀ ਹੈ।"[5]

ਰਾਜ ਗੋਪਾਲਨ ਅਨੁਸਾਰ "ਸ਼ਬਦ-ਕੋਸ਼ ਨੂੰ ਇਕ ਸ਼ਬਦ ਬਾਰੇ ਤਿੰਨ ਤਰ੍ਹਾਂ ਦੀ ਸੂਚਨਾ ਦੇਣੀ ਚਾਹੀਦੀ ਹੈ। ਇਸ ਨੂੰ ਸ਼ਬਦ ਦਾ ਵਰਣਨ ਕਰਨਾ ਚਾਹੀਦਾ ਹੈ, ਇਸ ਦਾ ਇਤਿਹਾਸ ਦਰਸਾਉਣਾ ਚਾਹੀਦਾ ਹੈ ਅਤੇ ਇਸ ਦੀ ਉਸੇ ਜਾਂ ਹੋਰ ਉਪ-ਭਾਸ਼ਾ ਦੇ ਸਮਰੂਪ ਜਾਂ ਸਮਅਰਥਕ ਸ਼ਬਦਾਂ ਨਾਲ ਤੁਲਨਾ ਕਰਨੀ ਚਾਹੀਦੀ ਹੈ। ਸ਼ਬਦ-ਕੋਸ਼ ਨੂੰ ਕਿਸੇ ਸ਼ਬਦ ਦੀ ਧੁਨੀਰੂਪਾਤਮਕ ਅਤੇ ਰੂਪਾਤਮਕ ਸੰਰਚਨਾ, ਇਸ ਦੇ ਵਿਆਕਰਣਕ ਪਰੀਵਰਤਨ ਅਤੇ ਇਸ ਦੇ ਅਰਥਾਂ ਦੀ ਵਿਆਖਿਆ ਕਰਨੀ ਚਾਹੀਦੀ ਹੈ। ਅਰਥਾਂ ਦੀ ਵਿਆਖਿਆ ਕਰਨ ਦੇ ਕਈ ਢੰਗ ਹਨ : (i) ਸਮਅਰਥਕ ਸ਼ਬਦ ਦੇ ਕੇ, (ii) ਸ਼ਬਦ ਵਲੋਂ ਪ੍ਰਗਟਾਏ ਸੰਕਲਪ ਦੀ ਪ੍ਰੀਭਾਸ਼ਾ ਦੇ ਕੇ, (iii) ਸ਼ਬਦ ਦੀ ਵਿਉਤਪੱਤੀ ਦੇ ਕੇ, (iv) ਭਾਸ਼ਾ ਵਿਚ ਸ਼ਬਦ ਦੇ ਪਰਯੋਗ ਦੇ ਦ੍ਰਿਸ਼ਟਾਂਤ ਦੇ ਕੇ—ਸ਼ਬਦ ਦੇ ਅਰਥ ਦੀ ਵਿਆਖਿਆ ਕੀਤੀ ਜਾ ਸਕਦੀ ਹੈ।"[6]

ਸੀ.ਸੀ. ਬਰਗ ਲਿਖਦਾ ਹੈ, "ਕੋਸ਼ ਸਮਾਜੀਕ੍ਰਿਤ ਭਾਸ਼ਾਈ ਰੂਪਾਂ ਦੀ ਸੁਵਿਵਸਥਿਤ ਢੰਗ ਨਾਲ ਤਰਤੀਬੀ ਸੂਚੀ ਹੈ। ਇਨ੍ਹਾਂ ਸ਼ਬਦਾਂ ਨੂੰ ਸੰਬੰਧਿਤ ਭਾਸ਼ਾ-ਸਮੁਦਾਇ ਦੇ ਭਾਸ਼ਾਈ ਵਿਵਹਾਰ ਵਿਚੋਂ ਸੰਕਲਿਤ ਕੀਤਾ ਜਾਂਦਾ ਹੈ ਅਤੇ ਕੋਸ਼ਕਾਰ ਇਨ੍ਹਾਂ ਉਤੇ ਇਸ ਪ੍ਰਕਾਰ ਟਿੱਪਣੀ ਕਰਦਾ ਹੈ ਕਿ ਸੁਯੋਗ ਪਾਠਕ ਹਰੇਕ ਸ਼ਬਦ ਦਾ ਅਰਥ ਸਮਝ ਲੈਂਦਾ ਹੈ...ਅਤੇ ਇੰਜ ਉਸ ਨੂੰ ਉਸ ਸਮਾਜ ਵਿਚ ਉਸ ਦੇ ਸ਼ਬਦ-ਰੂਪਾਂ ਦੇ ਪ੍ਰਕਾਰਜ ਨਾਲ ਸੰਬੰਧਿਤ ਸਾਰੇ ਸਾਰਥਕ ਤੱਥਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।"[7]

ਸਰੋਜਿਨੀ ਸ਼ਰਮਾ ਨੇ ਕੋਸ਼ ਦੀ ਪਰਿਭਾਸ਼ਾ ਪ੍ਰਸਤੁਤ ਕਰਨ ਦੇ ਨਾਲ ਨਾਲ ਕੋਸ਼ੀ ਇਕਾਈ ਅਤੇ ਸ਼ਬਦ ਵਿਚ ਅੰਤਰ ਵੀ ਸਪਸ਼ਟ ਕੀਤਾ ਹੈ : "ਕੋਸ਼ੀ ਇਕਾਈ ਦਾ ਖੇਤਰ

ਸ਼ਬਦ ਦੇ ਖੇਤਰ ਤੋਂ ਅਤਿਅੰਤ ਵਿਆਪਕ ਹੈ। ਕੋਸ਼ੀ ਇਕਾਈ ਵਿਚ ਸ਼ਬਦਾਂਸ਼, ਪ੍ਰਤੈ ਤੋਂ ਲੈ ਕੇ ਸ਼ਬਦ, ਪਦਬੰਧ, ਵਾਕ ਅਤੇ ਉਕਤੀ ਤਕ ਦਾ ਖੇਤਰ ਸਮਾਵਿਸ਼ਟ ਹੋ ਜਾਂਦਾ ਹੈ। ਇਸੇ ਲਈ ਕੋਸ਼ ਦਾ ਉਹ ਅਰਥ ਬਹੁਤ ਪਿਛੇ ਰਹਿ ਜਾਂਦਾ ਹੈ ਜਿਸ ਵਿਚ ਕੇਵਲ ਸ਼ਬਦ ਸੰਗ੍ਰਹਿ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਅੱਜ ਕੋਸ਼ ਵਿਚ ਸ਼ਬਦਾਂ ਦਾ ਵਿਵਸਥਿਤ ਅਨੁਕ੍ਰਮ ਤਾਂ ਹੁੰਦਾ ਹੀ ਹੈ, ਇਸ ਵਿਚ ਅਰਥ ਸੰਗ੍ਰਹਿ ਦੀ ਸੰਪੂਰਣ ਪ੍ਰਕ੍ਰਿਆ ਵਿਵਸਥਿਤ ਅਤੇ ਤਰਕ-ਪੂਰਣ ਵਿਗਿਆਨਕਤਾ ਅਤੇ ਨਿਯਮ ਅਨੁਸਾਰ ਦਿੱਤੀ ਜਾਂਦੀ ਹੈ। ਅੱਜ ਕੋਸ਼ ਸਸ਼ਕਤ ਅਤੇ ਉਪਯੋਗੀ ਸੰਦਰਭ ਗ੍ਰੰਥ ਹੈ। ਕੋਸ਼-ਵਿਗਿਆਨ ਸੁਤੰਤਰ ਵਿਗਿਆਨ ਦੇ ਰੂਪ ਵਿਚ ਸਥਾਪਿਤ ਹੋ ਚੁਕਿਆ ਹੈ।"[8]

ਐਨ. ਬਾਸਵਰਾਧਯ ਅਨੁਸਾਰ "ਕੋਸ਼ ਅਜਿਹੀ ਪੁਸਤਕ ਹੈ ਜਿਹੜੀ ਸਾਨੂੰ ਇਕੋ ਥਾਂ, ਹਵਾਲੇ ਲਈ ਤਿਆਰ, ਕਿਸੇ ਭਾਸ਼ਾ ਦੇ ਸ਼ਬਦਾਂ ਦੇ ਪਰਿਆਇ ਜਾਂ ਵਿਭਿੰਨ ਅਰਥ ਜਾਂ ਵਿਸਤ੍ਰਿਤ ਅਰਥ ਪ੍ਰਦਾਨ ਕਰਦੀ ਹੈ। ਭਾਸ਼ਾ ਨੂੰ ਸਮਝਣ ਲਈ ਕੋਸ਼ ਇਕ ਬੇਹੱਦ ਜ਼ਰੂਰੀ ਲੋੜ ਹੈ।"[9]

ਗੇਲਬ (Gelb) ਅਨੁਸਾਰ "ਕੋਸ਼ ਵਿਚਾਰ-ਜਗਤ ਨਹੀਂ ਬਲਕਿ ਸ਼ਬਦ-ਭੰਡਾਰ ਹੈ।"[10]

ਹਿੰਦੀ ਦੇ ਪ੍ਰਸਿੱਧ ਕੋਸ਼-ਵਿਗਿਆਨੀ ਡਾ. ਭੋਲਾ ਨਾਥ ਤਿਵਾਰੀ ਨੇ ਕੋਸ਼ ਦੀ ਵਿਭਿੰਨ ਭਾਸ਼ਾਵਾਂ ਵਿਚ ਵਿਉਤਪੱਤੀਮੂਲਕ ਵਿਆਖਿਆ ਕਰਦਿਆਂ ਕੋਸ਼ ਦੀ ਪਰਿਭਾਸ਼ਾ ਪ੍ਰਸਤੁਤ ਕੀਤੀ ਹੈ। ਉਹ ਲਿਖਦਾ ਹੈ, "ਕੋਸ਼ ਸ਼ਬਦ ਦੀਆਂ ਮੁੱਖ ਤੌਰ ਤੇ ਦੋ ਨਿਰੁਕਤੀਆਂ ਦਿੱਤੀਆਂ ਗਈਆਂ ਹਨ। ਕੁਝ ਲੋਕਾਂ ਨੇ ਇਸ ਨੂੰ 'ਕੁਸ਼੍' ਧਾਤੂ ਨਾਲ ਜੋੜਿਆ ਹੈ ਅਤੇ ਕੁਝ ਨੇ 'ਕੁ' ਨਾਲ। ਇਨ੍ਹਾਂ ਧਾਤੂਆਂ ਦਾ ਅਰਥ 'ਘੇਰਨਾ', 'ਢਕਣਾ', 'ਆਪਣੇ ਵਿਚ ਰੱਖਣਾ' ਆਦਿ ਹੈ। ਕੋਸ਼ ਦੇ ਪੁਰਾਣੇ ਅਰਥ 'ਪੀਪਾ', 'ਬੱਦਲ', 'ਬਾਲਟੀ', 'ਕਟੋਰਾ', 'ਮਿਆਨ', 'ਢੱਕਣ', 'ਖੋਲ', 'ਸੰਦੂਕ', ਥੈਲੀ' ਆਦਿ ਹਨ। ਲਗਦਾ ਹੈ ਕਿ ਮੂਲ ਰੂਪ ਵਿਚ ਉਨ੍ਹਾਂ ਚੀਜ਼ਾਂ ਨੂੰ ਕੋਸ਼ ਕਹਿੰਦੇ ਸਨ ਜਿਨ੍ਹਾਂ ਵਿਚ ਕੁਝ ਰੱਖਿਆ ਜਾਵੇ। ਇਥੋਂ ਵਿਕਸਿਤ ਹੋ ਕੇ ਇਹ ਸ਼ਬਦ 'ਖ਼ਜ਼ਾਨਾ' ਦਾ ਵਾਚਕ ਹੋ ਗਿਆ ਜਿਸ ਵਿਚ ਰੁਪਏ ਰੱਖੇ ਜਾਂਦੇ ਹਨ।...ਇਸ ਦੇ ਨਾਲ ਨਾਲ ਉਨ੍ਹਾਂ ਪੁਸਤਕਾਂ ਨੂੰ ਵੀ ਕੋਸ਼ ਕਹਿਣ ਲੱਗੇ ਜਿਨ੍ਹਾਂ ਵਿਚ 'ਸ਼ਬਦ' ਅਤੇ ਉਨ੍ਹਾਂ ਦੇ 'ਅਰਥ' ਹੁੰਦੇ ਹਨ।...ਇਸ ਪ੍ਰਸੰਗ ਵਿਚ ਅੰਗ੍ਰੇਜ਼ੀ ਸ਼ਬਦ 'ਡਿਕਸ਼ਨਰੀ' ਵੀ ਵੇਖਿਆ ਜਾ ਸਕਦਾ ਹੈ। ਮੂਲ ਰੂਪ ਵਿਚ ਇਹ ਸ਼ਬਦ ਲਾਤੀਨੀ ਦਾ dicere ਹੈ ਜਿਸ ਦਾ ਅਰਥ ਹੈ 'ਕਹਿਣਾ' ਜਾਂ 'ਬੋਲਣਾ'। ਇਸ ਤੋਂ diction ਸ਼ਬਦ ਬਣਿਆ ਜਿਸ ਦਾ ਮੂਲ ਅਰਥ ਹੈ 'ਜੋ ਬੋਲਿਆ ਜਾਂ ਕਿਹਾ ਜਾਏ' ਜਾਂ ਸ਼ਬਦ। ਇਨ੍ਹਾਂ ਸ਼ਬਦਾਂ ਦਾ ਸਮੂਹ ਡਿਕਸ਼ਨਰੀ ਹੈ। ਅੰਗ੍ਰੇਜ਼ੀ ਵਿਚ ਕੋਸ਼ ਨੂੰ lexicon ਵੀ ਆਖਦੇ ਹਨ ਜਿਸ ਦਾ ਮੂਲ ਸੰਬੰਧ ਯੂਨਾਨੀ ਧਾਤੂ legein ਨਾਲ ਹੈ। ਇਸ ਧਾਤੂ ਦਾ ਮੂਲ ਅਰਥ 'ਕਹਿਣਾ' ਜਾਂ 'ਬੋਲਣਾ' ਹੈ। ਇਸ ਤੋਂ ਯੂਨਾਨੀ ਸ਼ਬਦ

lexis ਬਣਿਆ ਹੈ ਜਿਸ ਦਾ ਅਰਥ 'ਸ਼ਬਦ' ਹੈ । ਇਹੀ ਅੰਗ੍ਰੇਜ਼ੀ ਭਾਸ਼ਾ ਵਿਚ lexicon ਹੋ ਗਿਆ ਹੈ ।

ਅਰਬੀ, ਫ਼ਾਰਸੀ ਅਤੇ ਉਰਦੂ ਵਿਚ ਸ਼ਬਦਕੋਸ਼ ਨੂੰ 'ਲੁਗਾਤ' ਆਖਦੇ ਹਨ । ਇਹ ਸ਼ਬਦ ਮੂਲ ਰੂਪ ਵਿਚ ਅਰਬੀ ਦਾ ਹੈ ਅਤੇ ਇਸ ਦਾ 'ਮਾਦਾ' (ਧਾਤੂ) ਹੈ 'ਲਾਮ-ਗ਼ੈਨ-ਤੇ' ਜਿਸ ਦਾ ਅਰਥ ਹੈ 'ਬੋਲਣਾ' । ਇਸੇ ਆਧਾਰ ਤੇ ਪ੍ਰਾਚੀਨ ਅਰਬੀ ਵਿਚ 'ਲੁਗਾਤ' ਦਾ ਪ੍ਰਯੋਗ 'ਸ਼ਬਦ' ਲਈ ਹੋਇਆ, ਅਤੇ ਫਿਰ 'ਸ਼ਬਦਾਂ ਦੇ ਸੰਗ੍ਰਹਿ' ਨੂੰ ਵੀ 'ਲੁਗਾਤ' ਆਖਣ ਲੱਗ ਪਏ ।"[11]

ਕੋਸ਼ ਦੇ ਵਿਉਤਪੱਤੀਮੂਲਕ ਅਰਥ ਦੇਣ ਉਪਰੰਤ ਉਸ ਨੇ ਕੋਸ਼ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ, "ਕੋਸ਼ ਅਜਿਹੇ ਸੰਦਰਭ ਗ੍ਰੰਥ ਨੂੰ ਆਖਦੇ ਹਨ ਜਿਸ ਵਿਚ ਭਾਸ਼ਾ-ਵਿਸ਼ੇਸ਼ ਦੇ ਸ਼ਬਦਾਂ ਆਦਿ ਦਾ ਸੰਗ੍ਰਹਿ ਹੋਵੇ, ਜਾਂ ਸੰਗ੍ਰਹਿ ਦੇ ਨਾਲ ਉਨ੍ਹਾਂ ਦੇ ਉਸੇ ਜਾਂ ਦੂਜੀ ਜਾਂ ਦੋਹਾਂ ਭਾਸ਼ਾਵਾਂ ਵਿਚ ਅਰਥ, ਪਰਿਆਇ, ਪ੍ਰਯੋਗ ਜਾਂ ਵਿਪਰਿਆਇ ਹੋਣ; ਜਾਂ ਵਿਸ਼ਿਸ਼ਟ ਅਥਵਾ ਵਿਭਿੰਨ ਵਿਸ਼ਿਆਂ ਦੀਆਂ ਪ੍ਰਵਿਸ਼ਟੀਆਂ ਦੀ ਵਿਆਖਿਆ, ਨਾਵਾਂ (ਸਥਾਨ, ਵਿਅਕਤੀ ਆਦਿ) ਦਾ ਪਰਿਚੈ, ਜਾਂ ਕਥਨਾਂ ਆਦਿ ਦਾ ਸੰਕਲਨ ਕ੍ਰਮਬੱਧ ਰੂਪ ਵਿਚ ਹੋਵੇ ।"[12]

ਇਕ ਹੋਰ ਪਰਿਭਾਸ਼ਾ ਅਨੁਸਾਰ "ਜਿਸ ਪੁਸਤਕ ਵਿਚ ਸ਼ਬਦਾਂ ਦੀ ਚੋਣ, ਜਿਹੜੀ ਆਮ ਕਰਕੇ ਅੱਖਰ-ਕ੍ਰਮ ਅਨੁਸਾਰ ਕੀਤੀ ਜਾਂਦੀ ਹੈ, ਸ਼ਬਦਾਂ ਦੇ ਅਰਥ ਅਤੇ ਹੋਰ ਸੰਬੰਧਿਤ ਜਾਣਕਾਰੀ ਦਿੱਤੀ ਹੋਵੇ, ਉਸੇ ਜਾਂ ਕਿਸੇ ਹੋਰ ਭਾਸ਼ਾ ਵਿਚ ਵਿਆਖਿਆ ਕੀਤੀ ਹੋਵੇ, ਉਸ ਨੂੰ ਕੋਸ਼ ਆਖਦੇ ਹਨ ।"[13]

ਐਚ. ਬੇਜੁਆਂ (H. Bejoint) ਅਨੁਸਾਰ "ਕੋਸ਼ ਕਿਸੇ ਨਿੱਜੀ 'ਬੋਲੀ' ਦਾ ਨਹੀਂ ਬਲਕਿ ਸਮੁੱਚੀ 'ਭਾਸ਼ਾ' ਦਾ ਰਿਕਾਰਡ ਹੁੰਦਾ ਹੈ । ਇਸ ਨੂੰ ਕੋਸ਼ ਦੇ ਅਨੇਕਾਂ ਪੱਖਾਂ ਵਿਚ ਵੇਖਿਆ ਜਾ ਸਕਦਾ ਹੈ :

1. ਕੋਸ਼ ਵਿਚ ਕਿਸੇ ਵਿਸ਼ੇਸ਼ ਰਚਨਾ ਜਾਂ ਰਚਨਾਵਾਂ ਦੀ ਸਮੁੱਚੀ ਸ਼ਬਦਾਵਲੀ ਸ਼ਾਮਿਲ ਨਹੀਂ ਕੀਤੀ ਜਾਂਦੀ । ਇਸ ਵਿਚ ਕਿਸੇ ਭਾਸ਼ਾ ਦੀ ਸ਼ਬਦਾਵਲੀ ਦੀ ਲਗਭਗ ਵਿਸਤ੍ਰਿਤ ਤਸਵੀਰ ਪੇਸ਼ ਕੀਤੀ ਜਾਂਦੀ ਹੈ । ਇਹ ਸ਼ਬਦਾਵਲੀ ਪਰੰਪਰਾ ਦੁਆਰਾ ਪ੍ਰਵਾਨਿਤ ਹੁੰਦੀ ਹੈ ਅਤੇ ਹਰੇਕ ਕੋਸ਼ਕਾਰ ਆਪਣੇ ਕੋਸ਼ ਦੇ ਉਦੇਸ਼ ਅਤੇ ਸਾਧਨਾਂ ਰਾਹੀਂ ਇਸ ਨੂੰ ਘਟਾਉਂਦਾ-ਵਧਾਉਂਦਾ ਰਹਿੰਦਾ ਹੈ । ਇਹ ਉਸ ਭਾਸ਼ਾ ਦੇ ਪ੍ਰਯੋਗ-ਕਰਤਿਆਂ ਦੀਆਂ ਭਾਵਨਾਵਾਂ ਦੀ ਉਪਜ ਹੁੰਦੀ ਹੈ । ਇਸ ਤਰ੍ਹਾਂ, ਕੋਸ਼ਾਂ ਵਿਚ ਕਈ ਵਾਰੀ ਸੰਭਵ ਪਰ ਅਪ੍ਰਮਾਣਿਤ ਸ਼ਬਦ ਸ਼ਾਮਿਲ ਕਰ ਲਏ ਜਾਂਦੇ ਹਨ (ਜਿਵੇਂ— able ਸਮਾਸ) ਅਤੇ ਪ੍ਰਚਲਿਤ ਪਰ 'ਵਿਦੇਸ਼ੀ' ਸ਼ਬਦ ਛੱਡ ਦਿੱਤੇ ਜਾਂਦੇ ਹਨ (ਜਿਵੇਂ ਫ੍ਰਾਂਸੀਸੀ ਵਿਚ because) ।

2. ਸ਼ਬਦਿਮਾਂ (lexemes) ਨੂੰ ਕੋਸ਼ ਵਿਚ ਉਸ ਸਮੇਂ ਅੰਦਰਾਜ ਵਜੋਂ ਲਿਆ ਜਾਂਦਾ ਹੈ ਜਦੋਂ ਇਹ ਸਮਾਜ ਵਲੋਂ ਅਪਣਾ ਲਏ ਜਾਂਦੇ ਹਨ ਅਰਥਾਤ ਜਦੋਂ ਇਨ੍ਹਾਂ ਨੂੰ ਬਹੁਤੇ ਲੋਕਾਂ ਵਲੋਂ ਬੋਲਿਆ ਜਾਣ ਲਗਦਾ ਹੈ। ਪਰ ਫਿਰ ਵੀ ਕੁਝ ਕੁ ਅਪਵਾਦ ਹਨ ਅਰਥਾਤ ਦੁਰਲੱਭ ਸ਼ਬਦ (rare words) ਜਿਨ੍ਹਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਪ੍ਰਚਲਿਤ ਸ਼ਬਦ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਕਾਰਣ ਵਸ ਤਿਆਗ ਦਿੱਤਾ ਜਾਂਦਾ ਹੈ।

3. ਹਰੇਕ ਅੰਦਰਾਜ ਲਈ ਦਿੱਤੀਆਂ ਪਰਿਭਾਸ਼ਾਵਾਂ ਸਿਧਾਂਤਕ ਤੌਰ ਤੇ ਘੱਟੋ ਘੱਟ ਉਨ੍ਹਾਂ ਸਭ ਪ੍ਰਸੰਗਾਂ ਲਈ ਪ੍ਰਮਾਣਕ ਹੁੰਦੀਆਂ ਹਨ ਜਿਨ੍ਹਾਂ ਵਿਚ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

4. ਉਚਾਰਣ ਧੁਨੀਗ੍ਰਾਮਿਕ (phonemic) ਵਰਣਮਾਲਾ ਰਾਹੀਂ ਦਿੱਤਾ ਜਾਂਦਾ ਹੈ, ਨਾ ਕਿ ਧੁਨੀਆਤਮਕ ਵਰਣਮਾਲਾ ਰਾਹੀਂ।"[14]

ਉਪਰ-ਵਰਣਿਤ ਜਟਿਲ ਪ੍ਰਕ੍ਰਿਆ ਦੁਆਰਾ ਸੰਕਲਿਤ ਕੋਸ਼ ਨੂੰ ਆਰ. ਆਰ. ਕੇ. ਹਾਰਟਮੈਨ ਨੇ "ਇਕ ਸੰਦਰਭ ਗ੍ਰੰਥ ਜਾਂ ਸ਼ਬਦ-ਸੂਚੀ (ਆਮ ਕਰ ਕੇ ਅੱਖਰ-ਕ੍ਰਮ ਅਨੁਸਾਰ) ਵਜੋਂ ਪਰਿਭਾਸ਼ਿਤ ਕੀਤਾ ਹੈ। ਇਸ ਦੇ ਨਾਲ ਇਨ੍ਹਾਂ ਸ਼ਬਦਾਂ ਦੇ ਅਰਥਾਂ, ਉਚਾਰਣ, ਸ਼ਬਦ-ਜੋੜ ਜਾਂ ਦੂਜੀਆਂ ਭਾਸ਼ਾਵਾਂ ਵਿਚ ਸਮਤੁੱਲ ਸ਼ਬਦਾਂ (equivalents) ਦੀ ਕੁੰਜੀ ਵੀ ਦਿੱਤੀ ਜਾਂਦੀ ਹੈ।"[15]

ਕੋਸ਼ ਦੀਆਂ ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਕੋਸ਼ ਦੇ ਹੇਠ ਲਿਖੇ ਤੱਤ ਉਭਰ ਕੇ ਸਾਮ੍ਹਣੇ ਆਏ ਹਨ :

1. ਕੋਸ਼ ਦਾ ਇਸ ਦੇ ਆਕਾਰ ਅਤੇ ਪ੍ਰਕਾਰ ਅਨੁਸਾਰ ਸਾਹਿਤ ਜਾਂ ਬੋਲਚਾਲ ਵਿਚੋਂ ਕੋਸ਼ੀ ਮੱਦਾਂ (ਸ਼ਬਦਾਂਸ਼, ਪ੍ਰਤੈ, ਸ਼ਬਦ, ਮੁਹਾਵਰੇ ਅਤੇ ਹੋਰ ਪ੍ਰਚਲਿਤ ਉਕਤੀਆਂ ਆਦਿ) ਦਾ ਸੰਕਲਨ;
2. ਅੰਦਰਾਜਾਂ ਦੀ ਅੱਖਰ-ਕ੍ਰਮ ਅਨੁਸਾਰ ਤਰਤੀਬ;
3. ਸ਼ਬਦ-ਜੋੜਾਂ ਦਾ ਮਿਆਰੀਕਰਣ;
4. ਸ਼ਬਦਾਂ ਦਾ ਉਚਾਰਣ;
5. ਵਿਆਕਰਣਕ ਕੋਟੀਆਂ;
6. ਸ਼ਬਦਾਂ ਦੇ ਅਰਥ ਜਾਂ ਵਿਆਖਿਆ—ਉਸੇ ਜਾਂ ਕਿਸੇ ਹੋਰ ਭਾਸ਼ਾ ਵਿਚ;
7. ਵਿਸ਼ੇਸ਼ ਅਰਥਾਂ ਲਈ ਸੂਚਕਾਂ (labels) ਦਾ ਪ੍ਰਯੋਗ;
8. ਦ੍ਰਿਸ਼ਟਾਂਤੀ ਉਦਾਹਰਣ;
9. ਟੂਕਾਂ ਅਤੇ ਟੂਕਾਂ ਦੀ ਤਰਤੀਬ;

10. ਨਿਰੁਕਤੀ;
11. ਪਰਿਆਇ ਅਤੇ ਵਿਪਰਿਆਇ ।

ਸਮੇਂ ਦੇ ਬੀਤਣ ਨਾਲ ਕੋਸ਼-ਵਿਗਿਆਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਵਿਚ ਨਿਖਾਰ ਅਤੇ ਸਪਸ਼ਟਤਾ ਆਉਂਦੀ ਗਈ ਅਤੇ ਇਨ੍ਹਾਂ ਪੱਖਾਂ ਨੇ ਅੱਗੋਂ ਲੋੜੀਂਦਾ ਵਿਸਤਾਰ ਗ੍ਰਹਿਣ ਕੀਤਾ। ਇਸ ਦਿਸ਼ਾ ਵਿਚ ਪਹਿਲਾ ਵਿਸਤਾਰ ਤਾਂ ਇਹ ਹੋਇਆ ਕਿ ਕੋਸ਼ ਦਾ ਵਿਸ਼ੇ-ਖੇਤਰ ਵਿਕਸਿਤ ਕੀਤਾ ਗਿਆ। ਗਿਆਨ ਵਿਗਿਆਨ ਦੇ ਸਾਰੇ ਵਿਸ਼ਿਆਂ ਵਿਚੋਂ ਮੂਲ ਸ਼ਬਦਾਂ ਦੀ ਚੋਣ ਕੀਤੀ ਗਈ। ਕੋਸ਼ ਦੇ ਪਾਠਕਾਂ ਦਾ ਦਾਇਰਾ ਵੀ ਵਸੀਹ ਹੋਇਆ। ਦੂਜਾ ਵਿਸਤਾਰ ਇਹ ਹੋਇਆ ਕਿ ਕੋਸ਼ਾਂ ਵਿਚ ਸ਼ਬਦਾਂ ਦੇ ਕੇਵਲ ਪਰਿਆਇ ਦੇਣ ਦੀ ਥਾਂ ਅਰਥਾਂ ਦੀ ਪਰਿਭਾਸ਼ਾ ਦੇਣ ਦਾ ਪ੍ਰਚਲਨ ਹੋਇਆ। ਸ਼ਬਦਾਂ ਨੂੰ ਅੱਖਰ-ਕ੍ਰਮ ਵਿਚ ਰੱਖਿਆ ਗਿਆ ਅਤੇ ਅਰਥ-ਬੋਧ ਲਈ ਸ਼ਬਦਾਂ ਸਾਮ੍ਹਣੇ ਇਕ ਜਾਂ ਅਨੇਕ ਲੋੜੀਂਦੇ ਵਾਕਾਂ ਵਿਚ ਵਿਆਖਿਆ ਦਿੱਤੀ ਜਾਣ ਲੱਗੀ ਅਤੇ ਪੁਸ਼ਟੀ ਲਈ ਉਪਯੁਕਤ ਟੂਕਾਂ ਦਿੱਤੀਆਂ ਜਾਣ ਲੱਗੀਆਂ। ਤੀਜਾ ਵਿਸਤਾਰ ਇਹ ਕਿ ਅਰਥ-ਵਿਆਖਿਆ ਅਥਵਾ ਟੂਕਾਂ/ਉੱਧਰਣਾਂ ਨੂੰ ਕਾਲਕ੍ਰਮਿਕ ਰੂਪ ਵਿਚ ਰੱਖਿਆ ਗਿਆ ਅਤੇ ਅਰਥ ਵਿਕਾਸ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਸਮਝਾਇਆ ਗਿਆ। ਇਸ ਪ੍ਰਕਾਰ ਕੋਸ਼ ਦੀ ਕਸਵੱਟੀ ਇਹ ਮੰਨੀ ਗਈ ਜੋ ਇਹ ਦਰਸਾਏ ਕਿ ਸੰਬੰਧਿਤ ਸ਼ਬਦ ਦਾ ਪ੍ਰਯੋਗ ਕਿਵੇਂ ਕਰਨਾ ਹੈ। ਪਾਠਕ ਦੀ ਸੁਵਿਧਾ ਅਤੇ ਅਰਥ ਦੀ ਸਪਸ਼ਟਤਾ ਕੋਸ਼ ਦੇ ਦੋ ਮੁੱਖ ਆਧਾਰ ਬਣ ਗਏ।

1.2 ਕੋਸ਼ ਦਾ ਉਦੇਸ਼ : ਕੋਸ਼ ਦਾ ਉਦੇਸ਼ ਸੰਬੰਧਿਤ ਪਾਠਕ-ਵਰਗ ਦੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਕਰਨਾ ਹੈ। ਇਹੀ ਕਾਰਣ ਹੈ ਕਿ ਕੋਸ਼ ਸਾਡੀਆਂ ਵਿਵਹਾਰਕ ਲੋੜਾਂ ਦੇ ਪ੍ਰਤਿਉੱਤਰ ਵਜੋਂ ਹੋਂਦ ਵਿਚ ਆਏ। ਕੋਈ ਵੀ ਪਾਠਕ ਕੋਸ਼ ਦਾ ਪਾਠ ਨਹੀਂ ਕਰਦਾ। ਉਹ ਇਸ ਨੂੰ ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਜਾਂ ਹੋਰ ਵੱਖ ਵੱਖ ਕਿਸਮ ਦੀ ਸੂਚਨਾ (ਜਿਵੇਂ ਉਚਾਰਣ, ਨਿਰੁਕਤੀ, ਪ੍ਰਯੋਗ ਆਦਿ) ਪ੍ਰਾਪਤ ਕਰਨ ਦੀ ਦ੍ਰਿਸ਼ਟੀ ਤੋਂ ਸੰਦਰਭ-ਗ੍ਰੰਥ ਦੇ ਰੂਪ ਵਿਚ ਵਾਚਦਾ ਹੈ। ਇਸ ਨੂੰ ਕੋਸ਼ ਦਾ ਭੰਡਾਰ ਪ੍ਰਕਾਰਜ ਆਖਿਆ ਜਾਂਦਾ ਹੈ। ਇਸ ਦੇ ਨਾਲ ਨਾਲ ਅਸੀਂ ਚੰਗੇ ਅਤੇ ਉਚਿਤ ਪ੍ਰਯੋਗ ਨੂੰ ਬੁਰੇ ਅਤੇ ਗ਼ਲਤ ਪ੍ਰਯੋਗ ਤੋਂ ਨਿਖੇੜਨ ਲਈ ਕੋਸ਼ ਦਾ ਪ੍ਰਯੋਗ ਕਰਦੇ ਹਾਂ। ਇਸ ਨੂੰ ਕੋਸ਼ ਦਾ ਨਿਆਇਕ ਪ੍ਰਕਾਰਜ ਮੰਨਿਆ ਜਾਂਦਾ ਹੈ। ਕਿਉਂਕਿ ਕੋਸ਼ ਨੇ ਪ੍ਰਯੋਗਕਰਤਾ ਨੂੰ ਕੋਸ਼ੀ ਇਕਾਈ ਬਾਰੇ ਸਹੀ ਅਤੇ ਉਪਯੁਕਤ ਜਾਣਕਾਰੀ ਪ੍ਰਦਾਨ ਕਰਨੀ ਹੈ, ਇਸ ਲਈ ਹਰੇਕ ਅੰਦਰਾਜ ਹਰ ਪੱਖੋਂ ਮੁਕੰਮਲ ਹੋਣਾ ਆਵੱਸ਼ਕ ਹੈ। ਕੋਸ਼ਕਾਰ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਪ੍ਰਯੋਗਕਰਤਾ ਅੰਦਰਾਜ ਵੇਖਣ ਤੋਂ ਪਹਿਲਾਂ ਕੋਸ਼ਕਾਰੀ ਦੀਆਂ ਸਾਧਾਰਣ ਸਮੱਸਿਆਵਾਂ ਤੇ ਅਤਿਅਧਿਕ ਵਿਚਾਰ ਕਰੇਗਾ। ਇਸੇ ਕਰਕੇ ਕੋਸ਼ ਪ੍ਰਯੋਗਕਰਤਾ ਦੀ ਸੁਵਿਧਾ ਅਤੇ ਅਰਥ ਦੀ ਸਪਸ਼ਟਤਾ ਪੱਖੋਂ ਮੁਕੰਮਲ ਹੋਣਾ ਚਾਹੀਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਸ਼ਬਦ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੀਆਂ ਤਿੰਨ ਵਿਧੀਆਂ ਹਨ : (1) ਸ਼ਬਦ ਦੀ ਵਿਆਖਿਆ ਕਰਨਾ;

(2) ਸ਼ਬਦ ਦਾ ਇਤਿਹਾਸ ਉਲੀਕਣਾ; ਅਤੇ (3) ਉਸ ਜਾਂ ਹੋਰਨਾਂ ਉਪਭਾਸ਼ਾਵਾਂ ਵਿਚ ਉਪਲਬਧ ਦੂਜੀਆਂ ਸਮਾਨ ਮੱਦਾਂ ਨਾਲ ਇਸ ਦੀ ਤੁਲਨਾ ਕਰਨਾ। ਇਸ ਪ੍ਰਕਾਰ ਕੋਸ਼ ਦਾ ਪ੍ਰਕਾਰਜ ਇਹ ਮਿਥਿਆ ਗਿਆ ਕਿ ਇਹ ਸ਼ਬਦ ਦੀਆਂ ਧੁਨੀਗ੍ਰਾਮਿਕ ਅਤੇ ਰੂਪਗ੍ਰਾਮਿਕ ਬਣਤਰਾਂ, ਇਸ ਦੇ ਵਿਆਕਰਣਕ ਪਰਿਵਰਤਨਾਂ ਅਤੇ ਇਸ ਦੇ ਅਰਥਾਂ ਦੀ ਵਿਆਖਿਆ ਕਰੇ। ਅਰਥਾਂ ਦੀ ਵਿਆਖਿਆ ਦੇ ਵੀ ਕਈ ਢੰਗ ਹਨ : (1) ਪਰਿਆਇਆਂ ਜਾਂ ਸਮਤੁੱਲ ਸ਼ਬਦਾਂ ਰਾਹੀਂ; (2) ਸ਼ਬਦਾਂ ਦੁਆਰਾ ਵਿਅਕਤ ਸੰਕਲਪ ਦੀ ਪਰਿਭਾਸ਼ਾ ਰਾਹੀਂ; (3) ਨਿਰੁਕਤੀ ਰਾਹੀਂ; ਅਤੇ (4) ਪ੍ਰਯੋਗ ਰਾਹੀਂ।

ਇਸ ਪ੍ਰਕਾਰ ਕੋਸ਼ ਦਾ ਉਦੇਸ਼ ਪ੍ਰਯੋਗਕਰਤਾ ਦੀ ਸੁਵਿਧਾ ਅਤੇ ਅਰਥ ਦੀ ਸਪਸ਼ਟਤਾ ਨੂੰ ਮੁੱਖ ਰਖਦਿਆਂ ਕੋਸ਼ ਵਿਚ ਸੰਮਿਲਿਤ ਕੋਸ਼ੀ ਮੱਦਾਂ ਬਾਰੇ ਭਰਪੂਰ, ਵਿਸਤ੍ਰਿਤ ਅਤੇ ਮੁਕੰਮਲ ਜਾਣਕਾਰੀ ਪ੍ਰਦਾਨ ਕਰਨਾ ਹੈ।

1.3 ਕੋਸ਼ ਦੀ ਉਪਯੋਗਤਾ : ਕੋਸ਼ ਪਾਠਕਾਂ ਲਈ ਕਈ ਪੱਖਾਂ ਤੋਂ ਉਪਯੋਗੀ ਹੁੰਦਾ ਹੈ। ਡਾ. ਭੋਲਾ ਨਾਥ ਤਿਵਾਰੀ ਕੋਸ਼ ਦੀ ਉਪਯੋਗਤਾ ਤੇ ਚਰਚਾ ਕਰਦਿਆਂ ਲਿਖਦਾ ਹੈ ਕਿ ਉਪਯੋਗਤਾ ਦਾ ਪ੍ਰਸ਼ਨ 'ਕੋਸ਼ ਦੇ ਆਕਾਰ' ਨਾਲ ਜੁੜਿਆ ਹੋਇਆ ਹੈ। ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨਿਰੁਕਤੀ, ਮਿਆਰੀ ਸ਼ਬਦ-ਜੋੜ, ਵਿਆਕਰਣਕ ਕੋਟੀਆਂ, ਮਿਆਰੀ ਉਚਾਰਣ, ਮਿਆਰੀ ਪ੍ਰਯੋਗ, ਸਮਤੁੱਲ ਸ਼ਬਦ, ਪਰਿਆਇ, ਬਹੁਅਰਥਕਤਾ ਅਤੇ ਇਕ ਭਾਸ਼ਾ ਦੇ ਸ਼ਬਦ ਦਾ ਦੂਜੀਆਂ ਭਾਸ਼ਾਵਾਂ ਵਿਚ ਸਮਤੁੱਲ ਸ਼ਬਦ ਆਦਿ ਦੀ ਦ੍ਰਿਸ਼ਟੀ ਤੋਂ ਕੋਸ਼ ਦਾ ਉਪਯੋਗ 'ਅਗਿਆਤ' ਨੂੰ 'ਗਿਆਤ' ਬਣਾਉਣ ਲਈ, 'ਅਰਧ-ਗਿਆਤ' ਨੂੰ 'ਪੂਰਣ-ਗਿਆਤ' ਬਣਾਉਣ ਲਈ ਅਤੇ ਸ਼ੰਕਿਆਂ ਦੇ ਸਮਾਧਾਨ ਲਈ ਕੀਤਾ ਜਾਂਦਾ ਹੈ। ਵਿਭਿੰਨ ਪ੍ਰਕਾਰ ਦੇ ਕੋਸ਼ਾਂ ਦਾ ਉਪਯੋਗ ਵੀ ਅਲਗ ਅਲਗ ਹੁੰਦਾ ਹੈ। ਸ਼ਬਦ-ਕੋਸ਼ ਦਾ ਇਕ ਉਪਯੋਗ ਹੈ, ਤਾਂ ਵਿਸ਼ਵਕੋਸ਼, ਵਿਸ਼ੇ ਕੋਸ਼, ਵਿਚਾਰ ਕੋਸ਼ ਆਦਿ ਦਾ ਦੂਜਾ, ਅਤੇ ਪ੍ਰਯੋਗ ਕੋਸ਼ ਦਾ ਤੀਜਾ। ਇਸੇ ਤਰ੍ਹਾਂ ਪਰਿਭਾਸ਼ਿਕ ਕੋਸ਼, ਪਰਿਆਇ ਕੋਸ਼, ਉੱਧਰਣ ਕੋਸ਼, ਵਿਉਤਪੱਤੀ ਕੋਸ਼ ਅਤੇ ਉਚਾਰਣ ਕੋਸ਼ ਦਾ ਵੀ ਅਲਗ ਅਲਗ ਉਪਯੋਗ ਹੈ।

ਇਸ ਦੇ ਇਲਾਵਾ, ਮਾਂ-ਬੋਲੀ ਦਾ ਗਿਆਨ ਵਿਕਸਿਤ ਕਰਨ, ਵਿਦੇਸ਼ੀ ਭਾਸ਼ਾ ਸਿੱਖਣ, ਅਨੁਵਾਦ ਕਰਨ, ਵਿਦੇਸ਼ੀ ਭਾਸ਼ਾ ਦੇ ਸਾਹਿਤ ਨੂੰ ਪੜ੍ਹਨ ਅਤੇ ਸਮਝਣ ਲਈ ਕੋਸ਼ ਦੇ ਉਪਯੋਗੀ ਹੋਣ ਨੂੰ ਕਿਸੇ ਪ੍ਰਮਾਣ ਦੀ ਆਵੱਸ਼ਕਤਾ ਨਹੀਂ ਹੈ। ਕੋਸ਼ ਦੇ ਮਾਧਿਅਮ ਰਾਹੀਂ ਹੀ ਇਕ ਭਾਸ਼ਾ ਦੇ ਸਭਿਆਚਾਰ ਨੂੰ ਦੂਜੀ ਭਾਸ਼ਾ ਦੇ ਸਭਿਆਚਾਰ ਨਾਲ ਪਰਿਚਿਤ ਕਰਵਾਇਆ ਜਾ ਸਕਦਾ ਹੈ। ਅੰਤਰਰਾਸ਼ਟਰੀ ਸੰਚਾਰ ਵਿਵਸਥਾ ਪ੍ਰਫੁੱਲਤ ਹੋਣ ਕਰਕੇ ਦੂਜੇ ਦੇਸ਼ਾਂ ਨਾਲ ਵਿਚਾਰ-ਵਟਾਂਦਰਾ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਕੋਸ਼ਾਂ ਦੀ ਅਹਿਮੀਅਤ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਕ ਸਮਾਜ ਦੇ ਸਭਿਆਚਾਰਕ ਵਰਤਾਰਿਆਂ ਦੀ ਭਿੰਨ ਸਭਿਆਚਾਰਕ ਜਗਤ ਨਾਲ ਵਾਕਫ਼ੀਅਤ ਕਰਵਾਉਣ ਲਈ ਕੋਸ਼ ਬਹੁਤ ਮਹੱਤਵਪੂਰਣ ਰੋਲ ਅਦਾ ਕਰਦੇ ਹਨ। ਉਦਾਹਰਣ ਲਈ, ਅੰਗ੍ਰੇਜ਼ੀ-ਪੰਜਾਬੀ

ਕੋਸ਼ ਦੇ ਸੰਕਲਨ ਰਾਹੀਂ ਅਸੀਂ ਅੰਗ੍ਰੇਜ਼ੀ ਸਭਿਆਚਾਰਕ ਵਰਤਾਰਿਆਂ ਅਤੇ ਸੰਕਲਪੀ ਜੁਗਤਾਂ ਨੂੰ ਪੰਜਾਬੀ ਦੇ ਸਭਿਆਚਾਰਕ ਜਗਤ ਨਾਲ ਪਰਿਚਿਤ ਕਰਵਾ ਸਕਦੇ ਹਾਂ।

ਭਾਸ਼ਾ ਵਿਚ ਇਕਸਾਰਤਾ ਲਿਆਉਣ ਲਈ ਕੋਸ਼ ਅਹਿਮ ਰੋਲ ਅਦਾ ਕਰਦੇ ਹਨ। ਕੋਸ਼ ਦੀ ਸਹਾਇਤਾ ਨਾਲ ਕਿਸੇ ਭਾਸ਼ਾ ਨੂੰ ਸਹੀ ਅਤੇ ਸ਼ੁੱਧ ਰੂਪ ਵਿਚ ਬੋਲਿਆ ਅਤੇ ਲਿਖਿਆ ਜਾਂਦਾ ਹੈ। ਇਹ ਸ਼ਬਦ ਭੰਡਾਰ ਸਮ੍ਰਿਧ ਕਰਨ ਦਾ ਮੁੱਖ ਸਾਧਨ ਹਨ।

1.4 ਕੋਸ਼-ਨਿਰਮਾਣ ਕਾਰਜ : ਸੁਖ ਕਿ ਸੰਤਾਪ : ਭਾਵੇਂ ਕੋਸ਼-ਨਿਰਮਾਣ ਪ੍ਰਕ੍ਰਿਆ ਵਿਚ ਅਨੇਕਾਂ ਸਮੱਸਿਆਵਾਂ ਦਾ ਸਾਮ੍ਹਣਾ ਕਰਨ ਕਰਕੇ ਇਹ ਕਾਰਜ ਬਹੁਤ ਹੀ ਕਠਿਨ, ਪਰਿਸ਼੍ਰਮ-ਆਧਾਰਿਤ ਅਤੇ ਖੰਡੇ ਦੀ ਧਾਰ ਤੇ ਚੱਲਣ ਤੁੱਲ ਹੈ, ਪਰ ਫਿਰ ਵੀ ਅਨਭਵੀ ਕੋਸ਼ਕਾਰਾਂ ਨੇ ਕੋਸ਼ ਕਾਰਜ ਦੇ ਆਪਣੇ ਵਿਅਕਤੀਗਤ ਅਨੁਭਵਾਂ ਦੇ ਆਧਾਰ ਤੇ ਇਸ ਨੂੰ ਸੁਖਦਾਈ ਅਤੇ ਕਸ਼ਟਕਾਰੀ ਪ੍ਰਕ੍ਰਿਆ ਗਰਦਾਨਿਆ ਹੈ। ਇਤਾਲਵੀ ਕੋਸ਼ਕਾਰ ਜੇ. ਸਕੈਲੀਜਰ ਨੇ ਇਸ ਪ੍ਰਕ੍ਰਿਆ ਨੂੰ ਸੰਤਾਪ ਕਿਹਾ ਹੈ। ਆਪਣੇ ਵਿਚਾਰ ਦੀ ਪੁਸ਼ਟੀ ਅਤੇ ਸਪਸ਼ਟਤਾ ਲਈ ਉਹ ਇਕ ਮਿਸਾਲ ਦਿੰਦਿਆਂ ਕਹਿੰਦਾ ਹੈ ਕਿ ਵੱਡੇ ਤੋਂ ਵੱਡੇ ਮੁਜਰਮ ਨੂੰ ਨਾ ਫਾਂਸੀ ਦੀ ਸਜ਼ਾ ਦੇਣੀ ਚਾਹੀਦੀ ਹੈ ਅਤੇ ਨਾ ਹੀ ਕੈਦ ਬਾ-ਮੁਸ਼ੱਕਤ। ਉਸ ਨੂੰ ਕੋਸ਼ ਬਣਾਉਣ ਲਗਾ ਦਿਓ। ਇਸ ਕਾਰਜ ਵਿਚ ਹੀ ਸਭ ਪ੍ਰਕਾਰ ਦੇ ਤਸੀਹੇ ਆ ਜਾਂਦੇ ਹਨ। ਇੰਜ ਉਸ ਨੇ ਕੋਸ਼-ਨਿਰਮਾਣ ਕਾਰਜ ਨੂੰ ਦੁੱਭਰ ਅਤੇ ਦੁਸ਼ਵਾਰ ਕਾਰਜ ਆਖਿਆ ਹੈ।

ਐਚ. ਈ. ਗਲੀਸਨ ਨੇ ਕੋਸ਼-ਨਿਰਮਾਣ ਨੂੰ "ਬਹੁਤ ਹੀ ਮੁਸ਼ਕਿਲ, ਥਕਾਊ, ਨੀਰਸ ਅਤੇ ਦੀਰਘ ਕਾਰਜ" ਆਖਿਆ ਹੈ।

ਇੰਜ ਹੀ ਅਜਮੇਰ ਸਿੰਘ ਨੇ ਆਪਣੇ ਇਕ ਨਿਬੰਧ 'ਕੋਸ਼ਕਾਰੀ : ਸੁਖ ਜਾਂ ਸੰਤਾਪ' (ਪੰਜਾਬੀ ਟ੍ਰਿਬਿਊਨ, 17 ਫਰਵਰੀ, 1991) ਵਿਚ ਸਕੈਲੀਜਰ ਦੇ ਮਤ ਦਾ ਅਨੁਸਰਣ ਕਰਦਿਆਂ ਇਸ ਕੰਮ ਨੂੰ "ਅਕਾਊ, ਨੀਰਸ ਤੇ ਸਮਾਂ-ਖਪਾਊ" ਕਿਹਾ ਹੈ।

ਡਾ. ਜੌਨਸਨ ਨੇ ਮੱਧ ਮਾਰਗ ਅਪਣਾਇਆ ਹੈ। ਉਸ ਨੇ ਕੋਸ਼ਕਾਰ ਨੂੰ ਜਿਥੇ "ਅਹਾਨੀਕਾਰਕ ਅਥੱਕ ਪਰਿਸ਼੍ਰਮੀ" ਕਿਹਾ ਹੈ, ਉਥੇ ਕੋਸ਼-ਨਿਰਮਾਣ ਨੂੰ ਬਹੁਤ ਹੀ ਆਨੰਦ-ਮਈ ਅਕਾਦਮਿਕ ਕਾਰਜ ਆਖਿਆ ਹੈ।

ਪਰੰਤੂ ਜੇ. ਐਲ. ਹਰਬਰਟ ਨੇ ਉਪਰੋਕਤ ਕੋਸ਼ਕਾਰਾਂ ਦੇ ਵਿਚਾਰਾਂ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਉਨ੍ਹਾਂ ਦੇ ਉਲਟ ਮਤ ਪ੍ਰਸਤੁਤ ਕੀਤਾ ਹੈ। ਉਹ ਕਹਿੰਦਾ ਹੈ, "ਕੋਸ਼-ਨਿਰਮਾਣ ਦੇ ਕਾਰਜ ਨਾਲੋਂ ਵੱਧ ਮਨੋਰੰਜਕ ਕਾਰਜ ਮੈਨੂੰ ਕੋਈ ਹੋਰ ਨਹੀਂ ਜਾਪਦਾ। ਦੂਜੇ ਖੋਜ-ਕਾਰਜ ਦੇ ਵਿਪਰੀਤ, ਕੋਸ਼ਕਾਰੀ ਕੋਸ਼ਕਾਰ ਨੂੰ ਭੰਬਲਭੂਸਿਆਂ ਵਿਚ ਨਹੀਂ ਪਾਉਂਦੀ। ਵਿਅਕਤੀ ਨੂੰ ਪਰਿਕਲਪਿਤ ਤੱਥਾਂ ਨੂੰ ਟੈਸਟ ਕਰਦਿਆਂ ਮਹੀਨਿਆਂ ਜਾਂ ਸਾਲਾਂ ਬੱਧੀ ਉਡੀਕਣਾ ਨਹੀਂ ਪੈਂਦਾ ਕਿ ਇਹ ਸਹੀ ਹੈ ਜਾਂ ਗ਼ਲਤ; ਨਾ ਹੀ ਉਸ ਨੂੰ ਆਪਣੇ ਸਿਧਾਂਤ ਨੂੰ ਸਿੱਧ ਕਰਨ ਲਈ ਅਜਿਹਾ ਪ੍ਰਮਾਣ ਇਕੱਤਰ ਕਰਨਾ ਪੈਂਦਾ ਹੈ ਕਿ

ਅਖੀਰ ਵਿਚ ਉਸ ਨੂੰ ਇਹ ਮਾਯੂਸੀ ਹੋਵੇ ਕਿ ਇਹ ਸਾਬਤ ਕਰਨ ਲਈ ਉਸ ਕੋਲ ਉਚਿਤ ਤੱਥ ਨਹੀਂ ਹਨ। ਇਹ ਕੰਮ ਵਿਅਕਤੀ ਦੇ ਜੀਵਨ ਨੂੰ ਬੇਚੈਨ ਨਹੀਂ ਬਣਾਉਂਦਾ, ਅਤੇ ਨਾ ਹੀ ਉਹ ਅਜਿਹੇ ਕਿਲ੍ਹੇ ਉਸਾਰਦਾ ਹੈ ਕਿ ਕਿਸੇ ਦਿਨ ਸਭ ਕੁਝ ਹੀ ਢਹਿ-ਢੇਰੀ ਹੋ ਜਾਵੇ। ਕੋਸ਼ਕਾਰ ਨੂੰ ਹਰ ਰੋਜ਼ ਨਵੀਂਆਂ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਭਾਵੇਂ ਇਹ ਸਮੱਸਿਆਵਾਂ ਛੋਟੀਆਂ ਹੁੰਦੀਆਂ ਹਨ, ਪਰ ਦਿਲਚਸਪ ਅਵੱਸ਼ ਹੁੰਦੀਆਂ ਹਨ। ਦਿਨ ਖ਼ਤਮ ਹੋਣ ਤੇ ਉਹ ਸਰੀਰਕ ਤੌਰ ਤੇ ਥੱਕਿਆ-ਟੁੱਟਿਆ ਮਹਿਸੂਸ ਕਰਦਾ ਹੈ, ਪਰੰਤੂ ਉਸ ਨੂੰ ਐਨੀ ਕੁ ਤਸੱਲੀ ਜ਼ਰੂਰ ਹੁੰਦੀ ਹੈ ਕਿ ਉਸ ਨੇ ਕੁਝ ਨਾ ਕੁਝ ਤਾਂ ਪ੍ਰਾਪਤ ਕੀਤਾ ਹੀ ਹੈ ਅਤੇ ਉਹ ਇਸ ਕੰਮ ਨੂੰ ਪੂਰਣਤਾ ਵਲ ਲਿਜਾ ਰਿਹਾ ਹੈ।"[16]

ਇੰਜ ਕੋਸ਼ਕਾਰਾਂ ਵਲੋਂ ਕੋਸ਼-ਨਿਰਮਾਣ ਕਾਰਜ ਬਾਰੇ ਰਲਵੇਂ-ਮਿਲਵੇਂ ਪ੍ਰਤਿਕਰਮ ਉਪਲਬਧ ਹੋਏ ਹਨ। ਭਾਰਤ ਵਿਚ ਇਸ ਕੰਮ ਨੂੰ ਯੂਨੀਵਰਸਿਟੀਆਂ ਜਾਂ ਹੋਰ ਸੰਸਥਾਵਾਂ ਵਲੋਂ ਉਚਿਤ ਮਾਨਤਾ ਪ੍ਰਾਪਤ ਨਾ ਹੋਣ ਅਤੇ ਕੋਸ਼ ਦੀ ਅਹਿਮੀਅਤ ਬਾਰੇ ਸਪਸ਼ਟ ਸੋਝੀ ਨਾ ਹੋਣ ਦੀ ਸੂਰਤ ਵਿਚ ਅਧਿਆਪਨ ਕਾਰਜ ਦੇ ਮੁਕਾਬਲੇ ਤੇ ਦੁਜੈਲਾ ਜਾਂ ਘਟੀਆ ਕਾਰਜ ਮੰਨਿਆ ਜਾਂਦਾ ਹੈ। ਕੋਸ਼ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਕੋਸ਼ਕਾਰਾਂ ਦੀ ਨਿੰਦਾ। ਮੇਰੀ ਜਾਚੇ ਕੋਸ਼ਕਾਰੀ ਦਾ ਕੰਮ ਬਹੁਤ ਹੀ ਦਿਲਚਸਪ, ਆਨੰਦਦਾਇਕ ਅਤੇ ਅਕਾਦਮਿਕ ਤੌਰ ਤੇ ਸਵਸਥ ਕਾਰਜ ਹੈ। ਇਕ ਪਾਸੇ ਤਾਂ ਕੋਸ਼ਕਾਰ ਨਵੇਂ ਸ਼ਬਦਾਂ ਅਤੇ ਅਰਥਾਂ ਦੀ ਜਾਣਕਾਰੀ ਨਾਲ ਆਪਣੀ ਗਿਆਨ ਜਿਗਿਆਸਾ ਦੀ ਤ੍ਰਿਪਤੀ ਕਰਦਾ ਹੈ, ਦੂਜੇ ਪਾਸੇ ਉਹ ਭਾਸ਼ਾ-ਵਿਸ਼ੇਸ਼ ਦੇ ਪ੍ਰਯੋਗਕਰਤਿਆਂ ਦੀ ਇੱਛਾ-ਪੂਰਤੀ ਦਾ ਸਾਧਨ ਵੀ ਬਣਦਾ ਹੈ। ਬਹੁਭਾਸ਼ਾਈ ਦੇਸ਼ ਵਿਚ ਮਹੱਤਵਪੂਰਣ ਸੰਚਾਰ ਕਾਰਜ ਦੀ ਪੂਰਤੀ ਕਰਦਾ ਹੈ। ਇੰਜ, ਕੋਸ਼ ਨੂੰ ਲੋਕਾਂ ਸਾਮ੍ਹਣੇ ਲਿਖਤੀ ਰੂਪ ਵਿਚ ਪ੍ਰਸਤੁਤ ਕਰਦਿਆਂ ਉਸ ਨੂੰ ਅਤਿਅੰਤ ਖੁਸ਼ੀ ਅਤੇ ਵਿਸ਼ਵਾਸ ਦਾ ਅਨੁਭਵ ਹੁੰਦਾ ਹੈ। ਉਸ ਵਲੋਂ ਤਿਆਰ ਕੀਤਾ ਕੋਸ਼ ਵਿਦਿਆਰਥੀਆਂ, ਅਧਿਆਪਕਾਂ, ਵਿਦਵਾਨਾਂ, ਸੰਸਥਾਵਾਂ ਆਦਿ ਦੀਆਂ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣਦਾ ਹੈ। ਪਰੰਤੂ ਕੋਸ਼ਕਾਰ ਨੂੰ ਪਰਿਸ਼੍ਰਮੀ, ਧੀਰਜਵਾਨ ਅਤੇ ਲਗਨ ਵਾਲਾ ਹੋਣਾ ਚਾਹੀਦਾ ਹੈ। ਉਸ ਨੂੰ ਇਸ ਕਾਰਜ ਵਿਚ 'ਨਿਰੰਤਰ ਵਿਅਸਤ ਰਹਿਣ ਅਤੇ ਪ੍ਰਸ਼ੰਸਾ ਦੀ ਤਵੱਕੋ ਨਾ ਕਰਨ' ਦੇ ਅਸੂਲ ਦਾ ਧਾਰਣੀ ਹੋਣਾ ਚਾਹੀਦਾ ਹੈ।

1.5 ਕੋਸ਼-ਵਿਗਿਆਨ ਅਤੇ ਕੋਸ਼ਕਾਰੀ : ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਅੰਤਰ-ਸੰਬੰਧਿਤ ਸੰਕਲਪ ਹਨ। ਇਨ੍ਹਾਂ ਸੰਕਲਪਾਂ ਤੇ ਵਿਸਤ੍ਰਿਤ ਚਰਚਾ ਕਰਨ ਤੋਂ ਪਹਿਲਾਂ ਇਨ੍ਹਾਂ ਸ਼ਬਦਾਂ ਦੇ ਸਹੀ ਅਰਥ-ਬੋਧ ਲਈ ਇਨ੍ਹਾਂ ਦਾ ਵਿਉਤਪੱਤੀਮੂਲਕ ਅਧਿਐਨ ਕਰਨਾ ਸਾਰਥਕ ਹੋਵੇਗਾ। Lexicology ਅਤੇ Lexicography ਦੋਹਾਂ ਸ਼ਬਦਾਂ ਦਾ ਮੂਲ ਯੂਨਾਨੀ ਸ਼ਬਦ lexico ਹੈ। ਇਹ ਸ਼ਬਦ lexis ਦਾ ਵਿਸ਼ੇਸ਼ਣ ਰੂਪ ਹੈ ਜਿਸ਼ ਦਾ ਅਰਥ ਹੈ 'ਬੋਲ' ਜਾਂ 'ਬੋਲਣ ਦਾ ਢੰਗ' ਜਾਂ 'ਸ਼ਬਦ'। ਦੋਹਾਂ ਦਾ ਸਾਂਝਾ ਸੰਬੰਧ ਸ਼ਬਦ ਜਾਂ ਭਾਸ਼ਾ ਦੀ ਕੋਸ਼ੀ ਇਕਾਈ ਨਾਲ ਹੈ। Lexicology ਦੀ ਵਿਉਤਪੱਤੀ lexico 'ਸ਼ਬਦ' ਅਤੇ logos

'ਵਿਦਿਆ ਜਾਂ ਵਿਗਿਆਨ' ਦੇ ਮੇਲ ਤੋਂ ਹੋਈ ਹੈ ਅਰਥਾਤ ਸ਼ਬਦਾਂ ਦਾ ਵਿਗਿਆਨ। Lexicography ਦੀ ਵਿਉਤਪੱਤੀ lexico 'ਸ਼ਬਦ' ਅਤੇ graph 'ਲੇਖਣ' ਦੇ ਮੇਲ ਤੋਂ ਹੋਈ ਹੈ ਜਿਸ ਦਾ ਅਰਥ ਹੈ ਸ਼ਬਦਾਂ ਦਾ ਲੇਖਣ। ਇਨ੍ਹਾਂ ਸ਼ਬਦਾਂ ਦਾ ਵਿਉਤਪੱਤੀ-ਮੂਲਕ ਅਰਥ ਭਾਸ਼ਾ-ਵਿਗਿਆਨ ਦੀਆਂ ਇਨ੍ਹਾਂ ਸ਼ਾਖ਼ਾਵਾਂ ਦੇ ਵਿਸ਼ੇ-ਖੇਤਰ ਵਲ ਸੰਕੇਤ ਕਰਦਾ ਹੈ। ਪੰਜਾਬੀ ਭਾਸ਼ਾ ਵਿਚ ਦੋਹਾਂ ਨੂੰ ਕ੍ਰਮਵਾਰ ਕੋਸ਼-ਵਿਗਿਆਨ (lexicology) ਅਤੇ ਕੋਸ਼ਕਾਰੀ (lexicography) ਆਖਿਆ ਜਾਂਦਾ ਹੈ। ਫਲਸਰੂਪ, ਵਿਉਤਪੱਤੀ ਅਨੁਸਾਰ ਕੋਸ਼-ਵਿਗਿਆਨ ਸ਼ਬਦ ਦੇ ਅਧਿਐਨ ਦਾ ਵਿਗਿਆਨ ਹੈ ਅਤੇ ਕੋਸ਼ਕਾਰੀ ਸ਼ਬਦ ਨੂੰ ਸਥੂਲ ਰੂਪ ਵਿਚ ਲਿਖਣ ਅਰਥਾਤ ਕੋਸ਼ ਦੇ ਰੂਪ ਵਿਚ ਲਿਖਣ ਦੀ ਕਲਾ ਹੈ। ਇੰਜ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਪਰਸਪਰ ਸੰਬੰਧਿਤ ਸੰਕਲਪ ਹਨ। ਜੇ ਇਹ ਕਿਹਾ ਜਾਵੇ ਕਿ ਕੋਸ਼ਕਾਰੀ ਪ੍ਰਤੱਖ ਤੌਰ ਤੇ ਕੋਸ਼-ਵਿਗਿਆਨ ਤੇ ਨਿਰਭਰ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ। ਕੋਸ਼ਕਾਰੀ ਨੂੰ ਵਿਵਹਾਰਕ ਕੋਸ਼-ਵਿਗਿਆਨ ਆਖਣਾ ਵਧੇਰੇ ਉਚਿਤ ਹੈ। ਇੰਜ ਹੀ ਕੋਸ਼-ਵਿਗਿਆਨ ਵਿਵਹਾਰਕ ਭਾਸ਼ਾ-ਵਿਗਿਆਨ ਦਾ ਇਕ ਅਭਿੰਨ ਅੰਗ ਹੈ। ਵਿਵਹਾਰਕ ਭਾਸ਼ਾ-ਵਿਗਿਆਨ ਦੇ ਪਿਛਲੇ ਕੁਝ ਕੁ ਦਹਾਕਿਆਂ ਤੋਂ ਅਧਿਕ ਵਿਕਸਿਤ ਹੋਣ ਕਾਰਣ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਅੱਜ ਅੰਤਰਰਾਸ਼ਟਰੀ ਅਨੁਸ਼ਾਸਨ ਦਾ ਰੂਪ ਧਾਰਣ ਕਰ ਗਏ ਹਨ। ਭਾਵੇਂ ਕੋਸ਼ਕਾਰ ਵਿਸ਼ਵ ਦੇ ਵੱਖ ਵੱਖ ਖਿੱਤਿਆਂ ਵਿਚ ਵਿਭਿੰਨ ਭਾਸ਼ਾਵਾਂ ਦੇ ਕੋਸ਼-ਨਿਰਮਾਣ ਕਾਰਜ ਵਿਚ ਵਿਅਸਤ ਹਨ, ਤਾਂ ਵੀ ਉਨ੍ਹਾਂ ਨੂੰ ਸਾਂਝੇ ਮੰਚ ਤੇ ਆ ਕੇ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਅਤੇ ਵਿਚਾਰ-ਵਟਾਂਦਰਾ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਰਹਿੰਦਾ ਹੈ। ਕੋਸ਼-ਵਿਗਿਆਨ ਨੇ ਵਿਗਿਆਨ ਦਾ ਦਰਜਾ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਹੀ ਗ੍ਰਹਿਣ ਕੀਤਾ ਹੈ। ਭਾਰਤ ਅਤੇ ਹੋਰਨਾਂ ਵਿਕਾਸਸ਼ੀਲ ਦੇਸ਼ਾਂ ਵਿਚ ਭਾਵੇਂ ਇਸ ਸੰਬੰਧੀ ਅਧਿਕ ਸਿਧਾਂਤਕ ਚਰਚਾ ਉਪਲਬਧ ਨਹੀਂ ਹੈ, ਪਰੰਤੂ ਕੋਸ਼ਕਾਰੀ ਦੇ ਖੇਤਰ ਵਿਚ ਕੀਤਾ ਕੰਮ ਅਵੱਸ਼ ਉਪਲਬਧ ਹੋਇਆ ਹੈ। "ਭਾਰਤ ਵਿਚ ਕੋਸ਼-ਵਿਗਿਆਨ ਦਾ ਪ੍ਰਾਰੰਭਿਕ ਸਰੂਪ ਕੁਝ ਮਹੱਤਵਪੂਰਣ ਰੂਪਾਂ ਅਤੇ ਕਥਨਾਂ ਦੀਆਂ ਵਿਸ਼ੇਸ਼ ਟਿੱਪਣੀਆਂ (ਅਭਿਵਿਅਕਤੀਆਂ) ਦੇ ਰੂਪ ਵਿਚ ਸੀ। ਇਨ੍ਹਾਂ ਸ਼ਬਦਾਂ ਅਤੇ ਕਥਨਾਂ ਨੂੰ ਸਪਸ਼ਟ ਕਰਨ ਲਈ ਅਰਥ ਜਾਂ ਵਿਆਖਿਆ ਦੀ ਲੋੜ ਹੁੰਦੀ ਸੀ ਕਿਉਂਕਿ ਇਹ ਸ਼ਬਦ ਅਪ੍ਰਚਲਿਤ ਸਨ ਅਤੇ ਸਾਧਾਰਣ ਜੀਵਨ-ਵਿਹਾਰ ਵਿਚ ਪ੍ਰਚਲਿਤ ਨਹੀਂ ਸਨ। ਇੰਜ, ਭਾਰਤ ਵਿਚ, ਜਿਥੋਂ ਤਕ ਵੈਦਿਕ ਸਾਹਿਤ ਦਾ ਸੰਬੰਧ ਹੈ, 'ਨਿਘੰਟੂ' ਵੈਦਿਕ ਪਰੰਪਰਾ ਦੀ ਸਹਾਇਕ ਸ਼ਾਖ਼ਾ 'ਵੇਦਾਂਗ' ਦੇ ਰੂਪ ਵਿਚ ਸੰਕਲਿਤ ਕੀਤੇ ਗਏ। ਇਨ੍ਹਾਂ ਵਿਚੋਂ ਕੁਝ ਮੁੱਖ ਵਿਚਾਰ-ਖੇਤਰਾਂ ਤੇ ਆਧਾਰਿਤ ਸ਼ਬਦਾਵਲੀਆਂ ਸਨ। ਉਦਾਹਰਣ ਲਈ, ਪ੍ਰਿਥਵੀ ਲਈ 21, ਜਲ ਲਈ 101, ਵਾਯੂ ਲਈ 16 ਨਾਮ ਅਤੇ ਗਮ ਧਾਤੂ ਲਈ 122 ਕ੍ਰਿਆਵਾਂ ਸਨ। ਇਹ ਪਾਠ ਇਸੇ ਤਰ੍ਹਾਂ ਮੌਖਿਕ ਪਰੰਪਰਾ ਦੁਆਰਾ ਨਿਯਮਿਤ ਰੂਪ ਵਿਚ ਵੈਦਿਕ ਸ਼ਾਖ਼ਾਵਾਂ ਵਿਚ ਅੱਗੇ ਵਧਦੇ ਰਹੇ ਅਤੇ ਯਾਸਕ ਦੇ ਨਿਰੁਕਤ ਦਾ ਆਧਾਰ ਬਣੇ।

ਇਸ ਪ੍ਰਕਾਰ ਕੋਸ਼-ਵਿਗਿਆਨ ਨੇ ਭਾਸ਼ਾ-ਵਿਸ਼ਲੇਸ਼ਣ ਲਈ ਸਾਮੱਗਰੀ ਪ੍ਰਸਤੁਤ ਕੀਤੀ ਜਿਸ ਤੇ ਆਧਾਰਿਤ ਬਾਅਦ ਵਿਚ ਵਿਉਤਪੱਤੀ-ਸ਼ਾਸਤਰ ਵਿਕਸਿਤ ਹੋਇਆ ।"[17]

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਗਿਆ ਹੈ ਕਿ ਭਾਸ਼ਾ-ਵਿਗਿਆਨ, ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਅਤਿ ਪਰਸਪਰ ਆਧਾਰਿਤ ਅਤੇ ਅੰਤਰ-ਸੰਬੰਧਿਤ ਅਨੁਸ਼ਾਸਨ ਹਨ ਕਿਉਂਕਿ ਇਨ੍ਹਾਂ ਤਿੰਨਾਂ ਅਨੁਸ਼ਾਸਨਾਂ ਦਾ ਮੂਲ ਆਧਾਰ ਸ਼ਬਦ/ਭਾਸ਼ਾ ਹੈ । ਸਮਾਜਕ, ਸਭਿਆਚਾਰਕ, ਆਰਥਿਕ, ਰਾਜਨੀਤਿਕ ਪਰਿਪੇਖ ਵਿਚ ਸਥਿਤ ਸ਼ਬਦ ਦੇ ਵਿਅਕਤਿੱਤਵ ਨਾਲ ਸੰਬੰਧਿਤ ਸਮੁੱਚਾ ਅਧਿਐਨ ਇਨ੍ਹਾਂ ਤਿੰਨਾਂ ਅਨੁਸ਼ਾਸਨਾਂ ਦੇ ਵਿਸ਼ੇ-ਖੇਤਰ ਦੇ ਅੰਤਰਗਤ ਆ ਜਾਂਦਾ ਹੈ । ਕੋਸ਼-ਵਿਗਿਆਨੀਆਂ ਨੇ ਇਨ੍ਹਾਂ ਤਿੰਨਾਂ ਅਨੁਸ਼ਾਸਨਾਂ ਬਾਰੇ ਸਮੇਂ ਸਮੇਂ ਅਨੁਸਾਰ ਆਪਣੀ ਪ੍ਰਤਿਕ੍ਰਿਆ ਵਿਅਕਤ ਕੀਤੀ ਹੈ । ਹੁਣ ਅਸੀਂ ਉਨ੍ਹਾਂ ਵਲੋਂ ਪ੍ਰਸਤੁਤ ਪਰਿਭਾਸ਼ਾਵਾਂ ਆਦਿ ਦਾ ਸੰਖੇਪ ਵਿਚ ਉਲੇਖ ਕਰਾਂਗੇ ।

1.5.1 ਕੋਸ਼-ਵਿਗਿਆਨ : ਕੋਸ਼ ਤਿਆਰ ਕਰਨ ਦੇ ਵਿਗਿਆਨ ਨੂੰ ਕੋਸ਼-ਵਿਗਿਆਨ ਆਖਦੇ ਹਨ । ਇਹ ਕੋਸ਼-ਵਿਗਿਆਨ ਦੀ ਸਰਲਤਮ ਪਰਿਭਾਸ਼ਾ ਹੈ । ਇਸ ਵਿਚ ਕੋਸ਼ ਤਿਆਰ ਕਰਨ ਦੇ ਵਿਭਿੰਨ ਸਿਧਾਂਤਕ ਪੱਖਾਂ ਅਤੇ ਆਧਾਰਾਂ ਦਾ ਨਿਰਣਾ ਲਿਆ ਜਾਂਦਾ ਹੈ ਜਿਵੇਂ ਕੋਸ਼-ਨਿਰਮਾਣ ਲਈ ਸਾਮੱਗਰੀ ਦਾ ਸੰਕਲਨ ਕਿਵੇਂ ਕਰੀਏ, ਸੰਕਲਿਤ ਸਾਮੱਗਰੀ ਵਿਚੋਂ ਕਿਹੜੇ ਅੰਦਰਾਜਾਂ ਦੀ ਚੋਣ ਕਰੀਏ, ਅੰਦਰਾਜਾਂ ਵਿਚੋਂ ਕਿਸ ਨੂੰ ਮੁੱਖ ਅੰਦਰਾਜ ਮੰਨੀਏ, ਕਿਹੜੇ ਅੰਦਰਾਜ ਨੂੰ ਉਪ-ਅੰਦਰਾਜ ਮੰਨ ਕੇ ਮੁੱਖ ਅੰਦਰਾਜ ਦੇ ਅੰਤਰਗਤ ਦੇਈਏ, ਕਿਸ ਪੱਧਰ ਦੇ ਕੋਸ਼ ਵਿਚ ਉਚਾਰਣ ਅਤੇ ਨਿਰੁਕਤੀ ਦੇਈਏ, ਜੇ ਨਿਰੁਕਤੀ ਦੇਣੀ ਹੋਵੇ ਤਾਂ ਕਿਵੇਂ ਦਿੱਤੀ ਜਾਵੇ, ਵਿਆਕਰਣਕ ਕੋਟੀਆਂ ਦੀ ਸੂਚਨਾ ਕਿੰਨੀ ਅਤੇ ਕਿਵੇਂ ਦੇਈਏ, ਅਰਥ ਦੇਣ ਸਮੇਂ ਪਰਿਆਇ/ਵਿਆਖਿਆ ਦੇਈਏ ਜਾਂ ਦੋਹਾਂ ਦੀ ਸਹਾਇਤਾ ਲਈਏ, ਕਿਥੇ ਵਿਪਰਿਆਇ ਦੇਈਏ ? ਇਸ ਦੇ ਇਲਾਵਾ, ਵਰਣਨਾਤਮਕ ਕੋਸ਼ (ਸਮਕਾਲਕ) ਅਤੇ ਇਤਿਹਾਸਕ ਕੋਸ਼ ਵਿਚ ਅਰਥ/ਵਿਆਖਿਆ ਦੀ ਤਰਤੀਬ ਕੀ ਹੋਵੇ ? ਕੋਸ਼ ਵਿਚ ਚਿੱਤਰਾਂ, ਦ੍ਰਿਸ਼ਟਾਂਤਕ ਉਦਾਹਰਣਾਂ, ਵਾਕ-ਪ੍ਰਯੋਗਾ ਅਤੇ ਟੂਕਾਂ ਦਾ ਪ੍ਰਯੋਗ ਕਿਥੇ ਅਤੇ ਕਿਵੇਂ ਕੀਤਾ ਜਾਵੇ, ਆਦਿ ? ਕੋਸ਼-ਨਿਰਮਾਣ ਬਾਰੇ ਉਪਰੋਕਤ ਸਿਧਾਂਤਕ ਸੇਧ ਕੋਸ਼-ਵਿਗਿਆਨ ਦਿੰਦਾ ਹੈ । ਭੋਲਾ ਨਾਥ ਤਿਵਾਰੀ[18] ਅਨੁਸਾਰ ਕੋਸ਼ ਬਾਰੇ ਉਪਰੋਕਤ ਅਧਿਐਨ ਕਰਨ ਲਈ ਕੋਸ਼-ਵਿਗਿਆਨ ਦੀਆਂ ਮੁੱਖ ਸ਼ਾਖਾਵਾਂ ਇਸ ਪ੍ਰਕਾਰ ਹਨ : (1) ਕੋਸ਼ ਸਾਮੱਗਰੀ ਸੰਕਲਨ ਵਿਗਿਆਨ; (2) ਪ੍ਰਵਿਸ਼ਟੀ ਚੋਣ ਵਿਗਿਆਨ; (3) ਸ਼ਬਦਜੋੜ ਵਿਗਿਆਨ; (4) ਵਿਉਤਪੱਤੀ ਵਿਗਿਆਨ; (5) ਉੱਚਾਰਣ ਵਿਗਿਆਨ; (6) ਕੋਸ਼-ਅਰਥ ਵਿਗਿਆਨ; (7) ਨਵ-ਸ਼ਬਦ ਨਿਰਮਾਣ ਵਿਗਿਆਨ (ਦੁਭਾਸ਼ੀ ਕੋਸ਼ਾਂ ਅਤੇ ਪਰਿਭਾਸ਼ਿਕ ਕੋਸ਼ਾਂ ਵਿਚ) ।

ਜਗਜੀਤ ਸਿੰਘ ਕੋਮਲ ਨੇ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਵਿਚ ਕੋਈ ਨਿਖੇੜਾ ਨਹੀਂ ਕੀਤਾ । ਉਹ ਦੋਹਾਂ ਨੂੰ ਇਕਸਮਾਨ ਮੰਨਦਾ ਹੋਇਆ ਲਿਖਦਾ ਹੈ ਕਿ "ਕੋਸ਼-ਵਿਗਿਆਨ ਜਾਂ ਕੋਸ਼ਕਾਰੀ ਵਿਵਹਾਰਕ ਭਾਸ਼ਾ ਵਿਗਿਆਨ ਦਾ ਹੀ ਇੱਕ ਖੇਤਰ ਹੈ ਕਿਉਂ-

ਜੋ ਕੋਸ਼ਕਾਰੀ ਵਧੇਰੇ ਕਰਕੇ ਧੁਨੀ-ਵਿਗਿਆਨ, ਸਾਰਥਕ ਧੁਨੀ-ਵਿਗਿਆਨ, ਰੂਪ-ਵਿਗਿਆਨ, ਵਾਕ-ਵਿਗਿਆਨ, ਅਰਥ-ਵਿਗਿਆਨ ਅਤੇ ਪ੍ਰਕਰਣ-ਵਿਗਿਆਨ ਵਰਗੀਆਂ ਵਰਣਨਾਤਮਕ ਭਾਸ਼ਾ-ਵਿਗਿਆਨ ਦੀਆਂ ਸ਼ਾਖ਼ਾਵਾਂ ਅਤੇ ਸਮਾਜੀ ਭਾਸ਼ਾ-ਵਿਗਿਆਨ, ਨਸਲੀ ਭਾਸ਼ਾ-ਵਿਗਿਆਨ, ਮਨੋਭਾਸ਼ਾ-ਵਿਗਿਆਨ ਅਤੇ ਇਤਿਹਾਸਕ ਭਾਸ਼ਾ-ਵਿਗਿਆਨ ਦੀਆਂ ਖੋਜਾਂ ਅਤੇ ਲੱਭਤਾਂ ਤੇ ਨਿਰਭਰ ਹੈ । ਸ਼ਬਦਾਂ ਦੇ ਇਸ ਵੱਖਰੇ ਵੱਖਰੇ ਦ੍ਰਿਸ਼ਟੀਕੋਣ ਤੋਂ ਕੀਤੇ ਭਾਸ਼ਾ-ਵਿਗਿਆਨਕ ਅਧਿਐਨ ਨੂੰ ਹੀ ਅਸੀਂ ਸ਼ਬਦ-ਵਿਗਿਆਨ ਆਖਿਆ ਹੈ ।"[19] ਇੰਜ ਉਸ ਨੇ ਭਾਸ਼ਾ-ਵਿਗਿਆਨ ਅਤੇ ਕੋਸ਼-ਵਿਗਿਆਨ ਦਾ ਅਤਿ ਗੂੜ੍ਹਾ ਸੰਬੰਧ ਦਰਸਾਉਂਦਿਆਂ ਕੋਸ਼-ਵਿਗਿਆਨ ਨੂੰ ਸ਼ਬਦ-ਵਿਗਿਆਨ ਦਾ ਨਾਂ ਦਿੱਤਾ ਹੈ ।

ਅਜਮੇਰ ਸਿੰਘ ਨੇ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਵਿਵਹਾਰਕ ਕਾਰਜ ਕਰਦਿਆਂ ਪਹਿਲੀ ਵਾਰ ਇਸ ਦਾ ਗੰਭੀਰਤਾਪੂਰਵਕ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਹੈ । ਉਸ ਨੇ ਵੀ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੇ ਸੰਕਲਪਾਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ । ਉਸ ਅਨੁਸਾਰ "ਸ਼ਬਦ ਕੋਸ਼ ਦਾ ਸੰਬੰਧ ਭਾਸ਼ਾ ਦੀ ਵਿਹਾਰਕ ਅਵਸ਼ਕਤਾ ਨਾਲ ਹੈ । ਅਧੁਨਿਕ ਕੋਸ਼ ਵਿਗਿਆਨ ਇਕ ਵਿਵਸਥਿਤ ਵਿਗਿਆਨ ਹੈ ਅਤੇ ਕੋਸ਼ ਨਿਰਮਾਣ ਦੀ ਨਵੀਨ ਦਰਿਸ਼ਟੀ ਦਾ ਪਰਿਚਾਇਕ । ਕੋਸ਼-ਵਿਗਿਆਨ ਦੇ ਕਲੇਵਰ ਵਿਚ ਸ਼ਬਦਾਰਥ-ਵਿਗਿਆਨ (lex icology) ਅਤੇ ਕੋਸ਼-ਨਿਰਮਾਣ (lexicography) ਦਾ ਕੰਮ ਆਉਂਦਾ ਹੈ । ਸ਼ਬਦਾਰਥ ਵਿਗਿਆਨ ਕੋਸ਼ ਰਚਨਾ ਦਾ ਸਿੱਧਾਂਤਕ ਪੱਖ ਹੈ ਅਤੇ ਇਸ ਦਾ ਉਦੇ ਭਾਸ਼ਾ ਵਿਗਿਆਨ ਦੇ ਨਿਯਮਤ ਅਤੇ ਵਿਵਸਥਿਤ ਵਿਸ਼ਲੇਸ਼ਣ ਤੋਂ ਬਹੁਤ ਚਿਰ ਪਹਿਲਾਂ ਹੋ ਗਿਆ ਸੀ । ਵਾਸਤਵ ਵਿਚ ਭਾਸ਼ਾ ਵਿਸ਼ਲੇਸ਼ਣ ਦੇ ਅਨੇਕ ਪਹਿਲੂਆਂ ਵੱਲ ਸਭ ਤੋਂ ਪਹਿਲਾਂ ਕੋਸ਼-ਵਿਗਿਆਨ ਨੇ ਹੀ ਸੰਕੇਤ ਕੀਤਾ ਸੀ ਜੋ ਬਾਅਦ ਵਿਚ ਭਾਸ਼ਾ-ਵਿਗਿਆਨ ਦੇ ਅੰਗ ਬਣੇ । ਭਾਸ਼ਾ-ਵਿਗਿਆਨੀ ਲਈ ਲੋੜੀਂਦੀ ਸੂਚਨਾ ਇਕੱਤਰ ਕਰਨ ਦੇ ਉਪਯੁਕਤ ਸਾਧਨ ਪ੍ਰਦਾਨ ਕਰਨ ਲਈ ਕੋਸ਼-ਵਿਗਿਆਨ ਹੀ ਆਧਾਰ ਬਣਦਾ ਹੈ ।"[20] ਇਸ ਪ੍ਰਕਾਰ ਅਜਮੇਰ ਸਿੰਘ ਨੇ ਕੋਸ਼-ਵਿਗਿਆਨ ਦੀ ਪਰਿਭਾਸ਼ਾ ਦਿੰਦਿਆਂ ਇਸ ਦੇ ਭਾਸ਼ਾ-ਵਿਗਿਆਨ ਨਾਲ ਅਟੁੱਟ ਸੰਬੰਧ ਦਾ ਉਲੇਖ ਵੀ ਕੀਤਾ ਹੈ ।

ਇਸੇ ਤਰ੍ਹਾਂ ਕੋਸ਼-ਵਿਗਿਆਨ ਦੀਆਂ ਹੋਰ ਕੋਸ਼-ਵਿਗਿਆਨੀਆਂ ਨੇ ਵੀ ਪਰਿਭਾਸ਼ਾਵਾਂ ਪ੍ਰਸਤੁਤ ਕੀਤੀਆਂ ਹਨ ।

"ਕੋਸ਼-ਵਿਗਿਆਨ ਕਿਸੇ ਭਾਸ਼ਾ ਦੇ ਸ਼ਬਦ-ਸੰਗ੍ਰਹਿ ਦੀ ਪੜ੍ਹਾਈ ਦਾ ਵਿਗਿਆਨ ਹੈ ।"[21]

"ਕੋਸ਼-ਵਿਗਿਆਨ ਅਜਿਹਾ ਵਿਗਿਆਨ ਹੈ ਜਿਸ ਵਿਚ ਇਸ ਗੱਲ ਦਾ ਅਧਿਐਨ ਕੀਤਾ ਜਾਂਦਾ ਹੈ ਕਿ ਸਭ ਪ੍ਰਕਾਰ ਦੇ ਕੋਸ਼ ਕਿਸ ਤਰ੍ਹਾਂ ਅਤੇ ਕਿਨ੍ਹਾਂ ਸਿਧਾਂਤਾਂ ਦੇ ਆਧਾਰ

ਤੇ ਬਣਾਏ ਜਾਣ। ਉਨ੍ਹਾਂ ਵਿਚ ਕਿਹੜੀਆਂ ਗੱਲਾਂ ਦਾ ਕਿਸ ਢੰਗ ਨਾਲ ਵਿਵੇਚਨ ਜਾਂ ਹੱਲ ਹੋਵੇ ਅਤੇ ਉਨ੍ਹਾਂ ਦੇ ਪ੍ਰਕਾਰ ਰੂਪ ਕਿਸ ਤਰ੍ਹਾਂ ਦੇ ਹੋਣ।"[22]

ਅੰਬਾ ਪ੍ਰਸਾਦ ਸੁਮਨ ਨੇ ਕੋਸ਼-ਵਿਗਿਆਨ ਦੀ ਪਰਿਭਾਸ਼ਾ ਪ੍ਰਸਤੁਤ ਕਰਦਿਆਂ ਕਿਹਾ ਹੈ ਕਿ "ਕੋਸ਼ ਵਿਗਿਆਨ ਉਹ ਵਿਗਿਆਨ ਹੈ ਜਿਸ ਵਿਚ ਕਿਸੇ ਕਾਰਜ ਕਾਰਣ ਸੰਬੰਧਾਂ ਸਹਿਤ ਕੋਸ਼ ਬਣਾਉਣ ਵਾਲੇ ਸਿਧਾਂਤਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।"[23] "ਕੋਸ਼-ਵਿਗਿਆਨ ਕਿਸੇ ਇਕ ਭਾਸ਼ਾ ਦੀ ਸ਼ਬਦਾਵਲੀ ਦੀ ਸਮੁੱਚੀ ਬਣਤਰ ਅਤੇ ਇਤਿਹਾਸ ਦੀ ਪੜ੍ਹਾਈ ਹੈ।"[24]

ਵਿਤੋਲਦ ਦਰੋਜ਼ੇਅਸਕੀ (Witold Doroszewski) ਨੇ ਕੋਸ਼-ਵਿਗਿਆਨ ਦੀ ਪਰਿਭਾਸ਼ਾ ਇੰਜ ਪ੍ਰਸਤੁਤ ਕੀਤੀ ਹੈ :

"(i) ਸ਼ਬਦਾਵਲੀ ਨਾਲ ਸੰਬੰਧਤ ਭਾਸ਼ਾ-ਵਿਗਿਆਨ ਦੀ ਸ਼ਾਖ਼ ; (ii) ਸ਼ਬਦਾਵਲੀ ਨਾਲ ਸੰਬੰਧਿਤ ਭਾਸ਼ਾ-ਵਿਗਿਆਨ ਦਾ ਵਿਭਾਗ; (iii) ਸ਼ਬਦਾਂ ਦੇ ਰੂਪ, ਇਤਿਹਾਸ ਅਤੇ ਅਰਥਾਂ ਦਾ ਅਧਿਐਨ ਕਰਨ ਵਾਲੀ ਗਿਆਨ-ਸ਼ਾਖ਼ਾ, (iv) ਸ਼ਬਦਾਂ ਦੀ ਨਿਰੁਕਤੀ ਅਤੇ ਅਰਥਾਂ ਦਾ ਵਿਗਿਆਨ, (v) ਭਾਸ਼ਾ ਵਿਗਿਆਨ ਦੀ ਉਹ ਸ਼ਾਖਾ ਜਿਹੜੀ ਸ਼ਬਦਾਂ ਦੀ ਨਿਰੁਕਤੀ, ਭਾਸ਼ਾ ਵਿਚ ਵਰਤੋਂ ਦਾ ਅਧਿਐਨ ਕਰਦੀ ਹੈ।"[25]

ਸਰੋਜਿਨੀ ਸ਼ਰਮਾ ਨੇ ਸੁਮਿਤ੍ਰ ਮੰਗੇਸ਼ ਕਤ੍ਰੇ ਦੀ ਪੁਸਤਕ ਦੇ ਅਨੁਵਾਦਕ ਵਜੋਂ 'ਦੋ ਸ਼ਬਦ' ਦੇ ਅੰਤਰਗਤ ਲਿਖਿਆ ਹੈ : "ਅੱਜ ਕੋਸ਼-ਵਿਗਿਆਨ ਇਕ ਵਿਵਸਥਿਤ ਵਿਗਿਆਨ ਹੈ।......ਇਹ ਕੋਸ਼-ਰਚਨਾ ਲਈ ਪ੍ਰਿਸ਼ਠਭੂਮੀ ਦਾ ਨਿਰਮਾਣ ਕਰਦਾ ਹੈ। ਕੋਸ਼-ਰਚਨਾ ਵਿਗਿਆਨ (lexicography) ਇਸ ਦਾ ਅਨੁਪ੍ਰਯੁਕਤ ਪੱਖ ਹੈ ਜੋ ਸਾਪੇਖ ਦ੍ਰਿਸ਼ਟੀ ਤੋਂ ਸ਼ਬਦਾਰਥ-ਵਿਗਿਆਨ ਵਲੋਂ ਪ੍ਰਸਤੁਤ ਸਿਧਾਂਤਾਂ ਦਾ ਉਪਯੋਗ ਕਰ ਕੇ ਕੋਸ਼-ਰਚਨਾ ਵਿਚ ਉਨ੍ਹਾਂ ਤੋਂ ਲਾਭ ਉਠਾਉਂਦਾ ਹੈ। ਇਸੇ ਲਈ "ਇਕ ਕੋਸ਼ ਵਿਗਿਆਨੀ ਨੂੰ ਉਹ ਸਭ ਕੁਝ ਆਉਣਾ ਚਾਹੀਦਾ ਹੈ ਜੋ ਸ਼ਬਦ ਦੀ ਸੱਤਾ ਨਾਲ ਸੰਬੰਧਿਤ ਹੈ" ਕਥਨ ਵਿਚ ਕੋਸ਼-ਨਿਰਮਾਣ ਦੇ ਸਾਰੇ ਪੱਖ ਅਥੱਕ ਪਰਿਸ਼੍ਰਮ, ਭਾਸ਼ਾ ਦਾ ਵਿਗਿਆਨਕ ਵਿਸ਼ਲੇਸ਼ਣ ਅਤੇ ਕੋਸ਼ ਆ ਜਾਂਦੇ ਹਨ।"[26]

ਡਾ. ਰਾਮ ਆਧਾਰ ਸਿੰਘ[27] ਨੇ ਕੋਸ਼-ਵਿਗਿਆਨ ਦੇ ਸੰਕਲਪ ਨੂੰ ਬਹੁਤ ਹੀ ਸੂਖਮਤਾ ਅਤੇ ਵਿਸਤਾਰ ਨਾਲ ਸਪਸ਼ਟ ਕੀਤਾ ਹੈ ਅਤੇ ਇਸ ਦੀਆਂ ਵਿਭਿੰਨ ਕਿਸਮਾਂ ਦਾ ਵਰਣਨ ਕੀਤਾ ਹੈ। ਜਿਵੇਂ ਕਿ ਉਪਰ ਸਪਸ਼ਟ ਕੀਤਾ ਗਿਆ ਹੈ, ਸ਼ਬਦ ਦੀ ਆਪਣੀ ਕੋਈ ਸੁਤੰਤਰ ਹਸਤੀ ਨਹੀਂ ਹੁੰਦੀ। ਦੂਜੇ ਸ਼ਬਦਾਂ ਨਾਲ ਮਿਲ ਕੇ ਹੀ ਇਹ ਅਰਥ ਦਾ ਸੰਚਾਰ ਕਰਦਾ ਹੈ। ਕੋਸ਼-ਵਿਗਿਆਨ ਸ਼ਬਦ ਦਾ ਅਧਿਐਨ ਇਸ ਦੀਆਂ ਸੰਯੋਜਨ-ਸੰਭਾਵਨਾਵਾਂ ਸਹਿਤ ਕਰਦਾ ਹੈ। ਇੰਜ ਕੋਸ਼-ਵਿਗਿਆਨ ਦੇ ਵਿਸ਼ੇ-ਖੇਤਰ ਵਿਚ ਵਾਕਾਂਸ਼ੀ ਇਕਾਈਆਂ, ਸੰਟ ਸੰਯੋਜਨ ਆਦਿ ਸੰਮਿਲਿਤ ਹੁੰਦੇ ਹਨ। ਫਲਸਰੂਪ, ਕੋਸ਼-ਵਿਗਿਆਨ ਉਨ੍ਹਾਂ ਸਾਰੇ ਪੱਖਾਂ ਦਾ

ਅਧਿਐਨ ਕਰਦਾ ਹੈ ਜੋ ਸ਼ਬਦ ਦੀ ਸੱਤਾ ਅਤੇ ਸਥਿਤੀ ਨਾਲ ਸੰਬੰਧਿਤ ਹਨ ।

ਇਸ ਤੋਂ ਪਿਛੋਂ ਉਸ ਨੇ ਕੋਸ਼-ਵਿਗਿਆਨ ਦੀਆਂ ਕਈ ਕਿਸਮਾਂ ਦਾ ਉਲੇਖ ਕੀਤਾ ਹੈ । **ਇਤਿਹਾਸਕ ਕੋਸ਼-ਵਿਗਿਆਨ** ਕਿਸੇ ਭਾਸ਼ਾ ਦੀ ਵਿਸ਼ੇਸ਼ ਕੋਸ਼ੀ ਇਕਾਈ ਦੀ ਵਿਉਤਪੱਤੀ, ਰੂਪ ਅਤੇ ਅਰਥ ਦੇ ਵਿਕਾਸ ਦਾ ਅਧਿਐਨ ਕਰਦਾ ਹੈ । **ਵਰਣਨਾਤਮਕ ਕੋਸ਼-ਵਿਗਿਆਨ** ਕਿਸੇ ਭਾਸ਼ਾ ਦੇ ਕਿਸੇ ਵਿਸ਼ੇਸ਼ ਸਮੇਂ ਤੇ ਸਿਸਟਮ ਵਜੋਂ ਅਧਿਐਨ ਕਰਦਾ ਹੈ । ਇਸ ਨੂੰ ਕ੍ਰਮਵਾਰ ਦੁਕਾਲਕ ਕੋਸ਼-ਵਿਗਿਆਨ ਅਤੇ ਸਮਕਾਲਕ ਕੋਸ਼-ਵਿਗਿਆਨ ਵੀ ਆਖਿਆ ਜਾਂਦਾ ਹੈ । ਪਰ ਕੁਝ ਖੇਤਰਾਂ ਵਿਚ ਇਨ੍ਹਾਂ ਦੋਹਾਂ ਦੇ ਸੁਮੇਲ ਦੀ ਲੋੜ ਪੈਂਦੀ ਹੈ । **ਸਾਧਾਰਣ ਕੋਸ਼-ਵਿਗਿਆਨ** ਸਭ ਭਾਸ਼ਾਵਾਂ ਲਈ ਸਾਂਝੇ ਸ਼ਬਦਾਂ ਦੇ ਸਾਧਾਰਣ ਲੱਛਣਾਂ ਨਾਲ ਸੰਬੰਧਿਤ ਹੈ ਅਤੇ ਇਹ ਭਾਸ਼ਾ ਦੇ ਸਰਵਵਿਆਪੀ ਤੱਤਾਂ ਦਾ ਅਧਿਐਨ ਕਰਦਾ ਹੈ । ਦੂਜੇ ਪਾਸੇ **ਵਿਸ਼ੇਸ਼ ਕੋਸ਼-ਵਿਗਿਆਨ** ਕਿਸੇ ਭਾਸ਼ਾ-ਵਿਸ਼ੇਸ਼ ਦੇ ਸੰਦਰਭ ਵਿਚ ਸ਼ਬਦਾਂ ਦਾ ਅਧਿਐਨ ਕਰਦਾ ਹੈ । **ਤੁਲਨਾਤਮਕ** (comparative) **ਅਤੇ ਭਿੰਨਤਾ-ਸੂਚਕ** (contrastive) ਕੋਸ਼-ਵਿਗਿਆਨਕ ਅਧਿਐਨ ਦੋ ਭਾਸ਼ਾਵਾਂ ਦੇ ਕੋਸ਼ੀ ਪ੍ਰਬੰਧਾਂ ਦਾ ਤੁਲਨਾਤਮਕ ਅਧਿਐਨ ਕਰਦਾ ਹੈ ।

ਇਸ ਦੇ ਇਲਾਵਾ ਕੋਸ਼-ਵਿਗਿਆਨ ਵਿਵਹਾਰਕ ਭਾਸ਼ਾ-ਵਿਗਿਆਨ ਦੀਆਂ ਵਿਭਿੰਨ ਸ਼ਾਖ਼ਾਵਾਂ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ ਜਿਵੇਂ ਕੋਸ਼ਕਾਰੀ, ਸ਼ੈਲੀ-ਵਿਗਿਆਨ, ਭਾਸ਼ਾ-ਅਧਿਆਪਨ ਆਦਿ ।

ਕੋਸ਼-ਵਿਗਿਆਨ ਅਤੇ ਧੁਨੀ-ਵਿਗਿਆਨ ਦਾ ਸੰਬੰਧ ਵੀ ਬਹੁਤ ਮਹੱਤਵਪੂਰਣ ਹੈ । ਸ਼ਬਦ ਧੁਨੀਗ੍ਰਾਮਾਂ ਤੋਂ ਮਿਲ ਕੇ ਬਣਦੇ ਹਨ ਜਿਨ੍ਹਾਂ ਦਾ ਸੁਤੰਤਰ ਰੂਪ ਵਿਚ ਭਾਵੇਂ ਕੋਈ ਅਰਥ ਨਹੀਂ ਹੁੰਦਾ, ਪਰ ਇਹ ਰੂਪਗ੍ਰਾਮ ਨਾਲ ਮਿਲ ਕੇ ਅਰਥ ਗ੍ਰਹਿਣ ਕਰਦੇ ਹਨ । ਇਸ ਤਰ੍ਹਾਂ ਇਹ ਅਰਥਾਂ ਵਿਚ ਨਿਖੇੜਾ ਕਰਨ ਦਾ ਕੰਮ ਸਾਰਦੇ ਹਨ । ਨਾਲੇ ਧੁਨੀਗ੍ਰਾਮਕ ਵਿਸ਼ਲੇਸ਼ਣ ਲਈ ਅਰਥ ਖ਼ੁਦ ਵੀ ਅਨਿਵਾਰੀ ਹੈ । ਇਤਿਹਾਸਕ ਧੁਨੀ-ਵਿਗਿਆਨ ਬਹੁਅਰਥਕਤਾ, ਸਮਨਾਮਤਾ ਅਤੇ ਸਮਅਰਥਕਤਾ ਦੇ ਅਧਿਐਨ ਵਿਚ ਸਹਾਇਤਾ ਕਰਦਾ ਹੈ ।

ਕੋਸ਼-ਵਿਗਿਆਨ ਅਤੇ ਸਮਾਜ-ਵਿਗਿਆਨ ਵਿਚ ਵੀ ਗੂੜ੍ਹਾ ਸੰਬੰਧ ਹੈ । ਭਾਸ਼ਾ ਇਕ ਸਮਾਜਕ ਵਰਤਾਰਾ ਹੈ । ਭਾਸ਼ਾ ਦੇ ਅਧਿਐਨ ਨੂੰ ਸਮਾਜਕ ਵਿਵਸਥਾ ਅਤੇ ਸਮਾਜ ਦੇ ਵਿਕਾਸ ਦੇ ਅਧਿਐਨ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ । ਸਮਾਜਕ, ਰਾਜਨੀਤਿਕ ਅਤੇ ਟੈਕਨਾਲੋਜੀਕਲ ਪ੍ਰਬੰਧਾਂ ਦੇ ਵਿਕਾਸ ਅਤੇ ਉੱਨਤੀ ਦਾ ਪ੍ਰਗਟਾਅ ਸੰਬੰਧਿਤ ਸਮਾਜਕ ਵਿਵਸਥਾ ਦੇ ਭਾਸ਼ਾ-ਪ੍ਰਬੰਧ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ । ਨਵੇਂ ਸ਼ਬਦ ਅਪਣਾਏ ਜਾਂਦੇ ਹਨ ਅਤੇ ਪੁਰਾਣੇ ਸ਼ਬਦ ਖ਼ਤਮ ਹੋ ਜਾਂਦੇ ਹਨ । ਸ਼ਬਦ ਨਵੇਂ ਅਰਥ ਗ੍ਰਹਿਣ ਕਰਦੇ ਹਨ ਅਤੇ ਪ੍ਰਾਚੀਨ ਅਰਥਾਂ ਦਾ ਤਿਆਗ ਕਰਦੇ ਹਨ । ਇਸ ਪ੍ਰਕਾਰ, ਕੋਸ਼-ਵਿਗਿਆਨ ਕਿਸੇ

ਭਾਸ਼ਾ ਦੀ ਸ਼ਬਦਾਵਲੀ ਦਾ ਸਮਾਜ-ਵਿਗਿਆਨਕ ਦ੍ਰਿਸ਼ਟੀ ਤੋਂ ਵੀ ਅਧਿਐਨ ਕਰਦਾ ਹੈ ।

ਹੁਣ ਅਸੀਂ ਕੋਸ਼ਕਾਰੀ ਸੰਬੰਧੀ ਪ੍ਰਸਤੁਤ ਪਰਿਭਾਸ਼ਾਵਾਂ ਦਾ ਉਲੇਖ ਕਰਾਂਗੇ।

1.5.2 ਕੋਸ਼ਕਾਰੀ : ਕੋਸ਼-ਵਿਗਿਆਨ ਕੋਸ਼ਕਾਰੀ ਲਈ ਸਿਧਾਂਤਕ ਆਧਾਰ ਪ੍ਰਦਾਨ ਕਰਦਾ ਹੈ । ਇਨ੍ਹਾਂ ਸਿਧਾਂਤਾਂ ਦੇ ਅਮਲੀ ਪ੍ਰਯੋਗ ਰਾਹੀਂ ਕੋਸ਼ ਬਣਾਉਣ ਦੀ ਕਲਾ ਨੂੰ ਕੋਸ਼ਕਾਰੀ ਜਾਂ ਕੋਸ਼-ਕਲਾ ਆਖਿਆ ਜਾਂਦਾ ਹੈ । ਜੇ ਕੋਸ਼-ਵਿਗਿਆਨ ਭਾਸ਼ਾ-ਵਿਗਿਆਨ ਦਾ ਇਕ ਵਿਵਹਾਰਕ ਰੂਪ ਹੈ ਤਾਂ ਕੋਸ਼ਕਾਰੀ ਨੂੰ ਕੋਸ਼-ਵਿਗਿਆਨ ਦਾ ਵਿਵਹਾਰਕ ਰੂਪ ਕਿਹਾ ਜਾ ਸਕਦਾ ਹੈ । "ਕੋਸ਼ਕਾਰੀ ਵਿਚ ਕੋਸ਼-ਵਿਗਿਆਨ ਦੁਆਰਾ ਪ੍ਰਸਤੁਤ ਸਿਧਾਂਤਾਂ ਦੇ ਆਧਾਰ ਤੇ ਭਾਸ਼ਾ-ਵਿਸ਼ੇਸ਼ ਦੇ ਕੋਸ਼ ਬਣਾਉਣ ਲਈ ਸਾਮੱਗਰੀ ਸੰਕਲਨ ਕਰਨਾ, ਕੋਸ਼ ਦੇ ਭਾਵੀ ਪ੍ਰਯੋਗਕਰਤਾ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਸੰਕਲਿਤ ਸਾਮੱਗਰੀ ਵਿਚੋਂ ਅੰਦਰਾਜਾਂ ਦੀ ਚੋਣ ਕਰਨਾ, ਇਨ੍ਹਾਂ ਵਿਚੋਂ ਮੁੱਖ ਅਤੇ ਗੌਣ ਅੰਦਰਾਜਾਂ ਨੂੰ ਵਖਰਿਆਉਣਾ, ਮੁੱਖ ਅੰਦਰਾਜਾਂ ਨੂੰ ਤਰਤੀਬ ਦੇਣਾ, ਹਰੇਕ ਅੰਦਰਾਜ ਨਾਲ ਭਾਵੀ ਪ੍ਰਯੋਗਕਰਤਾ ਦੀ ਲੋੜ ਅਨੁਸਾਰ ਉੱਚਾਰਣ, ਵਿਉਤਪੱਤੀ ਅਤੇ ਵਿਆਕਰਣ ਵਿਚੋਂ ਇਕ, ਦੋ ਜਾਂ ਤਿੰਨਾਂ ਨੂੰ ਲੋੜ ਅਨੁਸਾਰ ਸੰਖੇਪ ਜਾਂ ਵਿਸਤਾਰ ਵਿਚ ਦੇਣਾ, ਅੰਦਰਾਜ ਦੇ ਅਰਥ ਲਿਖਣਾ (ਪਰਿਆਇ ਦੁਆਰਾ, ਵਿਆਖਿਆ ਰਾਹੀਂ ਜਾਂ ਦੋਹਾਂ ਰਾਹੀਂ), ਅਰਥਾਂ ਨੂੰ ਕ੍ਰਮ ਦੇਣਾ... ਚਿੱਤਰ, ਪ੍ਰਯੋਗ ਅਤੇ ਟੂਕਾਂ ਦੇਣਾ ਆਦਿ ਗੱਲਾਂ ਆ ਜਾਂਦੀਆਂ ਹਨ ।"[28]

ਹਾਰਟਮੈਨ[29] ਨੇ ਕੋਸ਼ਕਾਰੀ ਦੇ ਪੰਜ ਸਾਧਾਰਣ ਆਧਾਰ-ਤੱਤ ਮੰਨੇ ਹਨ : (1) ਕੋਸ਼ਕਾਰੀ ਇਕ ਭਾਸ਼ਾ ਦੀ ਸ਼ਬਦਾਵਲੀ ਜਾਂ ਭਾਸ਼ਾ ਦੇ ਪ੍ਰਕਾਰ-ਵਿਸ਼ੇਸ਼ ਦੇ ਵਰਣਨ ਅਤੇ ਵਿਆਖਿਆ ਨਾਲ ਸੰਬਧਿਤ ਹੈ; (2) ਕੋਸ਼-ਨਿਰਮਾਣ ਦੀ ਮੂਲ ਇਕਾਈ 'ਸ਼ਬਦਿਮ' ਹੈ ਜਿਸ ਨੂੰ ਰੂਪ ਅਤੇ ਅਰਥ ਦਾ ਨਿਕਟੀ ਸੁਮੇਲ ਆਖਿਆ ਜਾਂਦਾ ਹੈ; (3) ਕੋਸ਼ ਕਿਸੇ ਭਾਸ਼ਾ ਦੀ ਸਮੁੱਚੀ ਸ਼ਬਦਾਵਲੀ ਦਾ ਵਰਣਨ ਕਰ ਸਕਦਾ ਹੈ ਜਾਂ ਇਸ ਦੇ ਇਕ ਜਾਂ ਵੱਧ ਪੱਖਾਂ ਤੇ ਧਿਆਨ ਕੇਂਦ੍ਰਿਤ ਕਰ ਸਕਦਾ ਹੈ; (4) ਸੂਚਨਾ ਪ੍ਰਦਾਨ ਕਰਨ ਲਈ ਕੋਸ਼-ਨਿਰਮਾਣ ਨੂੰ ਆਪਣੀ 'ਪਰਾਭਾਸ਼ਾ' ਵਿਕਸਿਤ ਕਰਨੀ ਪੈਂਦੀ ਹੈ; ਅਤੇ (5) ਸਭ ਕੋਸ਼ ਭਾਸ਼ਾ ਦੇ ਪ੍ਰਯੋਗਕਰਤਿਆਂ ਦੀਆਂ ਕੋਸ਼ੀ ਲੋੜਾਂ ਅਨੁਸਾਰ ਰਚੇ ਅਤੇ ਜਾਚੇ ਜਾਂਦੇ ਹਨ ਜਿਨ੍ਹਾਂ ਲਈ ਇਹ ਤਿਆਰ ਕੀਤੇ ਜਾਂਦੇ ਹਨ । ਇਸ ਪ੍ਰਕਾਰ, ਕੋਸ਼ਕਾਰੀ ਦਾ ਉਦੇਸ਼ ਕੋਸ਼ ਦਾ ਨਿਰਮਾਣ ਕਰਨਾ ਹੈ ਅਤੇ ਕੋਸ਼ਾਂ ਦਾ ਸੰਬੰਧ ਸ਼ਬਦਾਂ ਦੇ ਨਿਰੰਤਰ ਪਰਿਵਰਤਨ-ਸ਼ੀਲ ਅਰਥਾਂ ਨਾਲ ਹੈ ।

ਇਸ ਪ੍ਰਕਾਰ, ਕੋਸ਼ਕਾਰੀ (ਅਤੇ ਕੋਸ਼ਕਾਰ) ਇਕ ਜਾਂ ਅਧਿਕ ਭਾਸ਼ਾਵਾਂ ਦੇ ਕੁਝ ਜਾਂ ਸਾਰੇ ਸ਼ਬਦਾਂ ਦਾ ਉਨ੍ਹਾਂ ਦੇ ਵਿਸ਼ੇਸ਼ ਲੱਛਣਾਂ, ਖ਼ਾਸ ਕਰਕੇ ਅਰਥ ਸਹਿਤ ਵਰਣਨ ਕਰਨ ਦੇ ਕਾਰਜ ਨਾਲ ਸੰਬੰਧਿਤ ਹੈ । "ਕੋਸ਼ਕਾਰ ਦਾ ਇਹ ਕੰਮ ਕਦਾਚਿਤ ਨਹੀਂ ਕਿ ਉਹ ਭਾਸ਼ਾ ਦੇ ਚੰਗੇ ਸ਼ਬਦਾਂ ਦੀ ਹੀ ਚੋਣ ਕਰੇ । ਜੇ ਉਹ ਸ਼ਬਦ ਚੋਣ ਦੇ ਇਸ ਕੁਚੱਕਰ ਵਿਚ

ਪੈ ਗਿਆ ਤਾਂ ਉਹ ਕੋਸ਼ਕਾਰੀ ਦੇ ਆਪਣੇ ਮੂਲ ਮਨੋਰਥ ਤੋਂ ਭਟਕ ਜਾਏਗਾ। ਉਸ ਦਾ ਕੰਮ ਚੰਗੇ ਜਾਂ ਭੈੜੇ ਸਾਰੇ ਸ਼ਬਦਾਂ ਦੀ ਚੋਣ ਅਤੇ ਕ੍ਰਮਬੱਧ ਕਰਨ ਦਾ ਹੈ ਜਿਹੜੇ ਉਸ ਭਾਸ਼ਾ ਦੇ ਲਿਖਣਹਾਰੇ ਜਾਂ ਬੋਲਣਹਾਰੇ ਵਰਤੋਂ ਵਿਚ ਲਿਆਉਂਦੇ ਹਨ। ਉਹ ਇਸ ਦਾ ਇਤਿਹਾਸਕਾਰ ਹੈ, ਆਲੋਚਕ ਨਹੀਂ।"[30] ਕੋਸ਼ਕਾਰੀ ਇੰਜ ਵਰਣਨਾਤਮਕ ਕ੍ਰਿਆ ਹੈ ਜੋ ਵਰਤਮਾਨ ਪ੍ਰਯੋਗ ਨੂੰ ਰਿਕਾਰਡ ਕਰਦੀ ਹੈ। ਇਹ ਸ਼ਬਦਾਂ ਦੇ ਪ੍ਰਯੋਗ ਬਾਰੇ ਨਿਰ-ਦੇਸ਼ਾਤਮਕ (prescriptive) ਜਾਂ ਮਾਨਕੀ (normative) ਨਿਯਮ ਨਿਰਧਾਰਿਤ ਨਹੀਂ ਕਰਦੀ; ਨਾ ਹੀ ਕੋਸ਼ਕਾਰੀ ਇਸ ਗੱਲ ਦਾ ਨਿਰਣਾ ਕਰਦੀ ਹੈ ਕਿ ਕਿਹੜੇ ਸ਼ਬਦਾਂ ਦਾ ਤਿਆਗ ਕਰਨਾ ਹੈ। ਕੋਸ਼ਕਾਰ ਇਕ ਅਜਿਹੀ ਸੰਕਟਪੂਰਣ ਸਥਿਤੀ ਵਿਚ ਫਸ ਜਾਂਦਾ ਹੈ ਜਿਥੇ ਉਸ ਨੂੰ ਕੋਸ਼ ਦੀ ਪ੍ਰਕਿਰਤੀ, ਇਸ ਦੇ ਆਕਾਰ ਤੇ ਪ੍ਰਕਾਰ ਅਨੁਸਾਰ ਇਹ ਨਿਰਣਾ ਲੈਣਾ ਪੈਂਦਾ ਹੈ ਕਿ ਫਲਾਣਾ ਸ਼ਬਦ ਪ੍ਰਚਲਿਤ ਹੈ ਜਾਂ ਅਪ੍ਰਚਲਿਤ, ਉਚਿਤ ਹੈ ਜਾਂ ਅਨੁਚਿਤ, ਵਿਸ਼ੇਸ਼ ਹੈ ਜਾਂ ਅਸਾਧਾਰਣ। ਇਸ ਦੇ ਵਿਪਰੀਤ ਕੋਸ਼ਕਾਰ ਇਹ ਫਤਵਾ ਨਹੀਂ ਦੇ ਸਕਦਾ ਕਿ ਕਿਹੜਾ ਸ਼ਬਦ ਚੰਗਾ ਹੈ ਜਾਂ ਬੁਰਾ, ਕਿਹੜਾ ਸ਼ਬਦ ਲੈਣਾ ਹੈ ਅਤੇ ਕਿਹੜਾ ਨਹੀਂ ਲੈਣਾ। ਇੰਜ ਕਰਨ ਲੱਗਿਆਂ ਉਹ ਆਪਣੇ ਸਹੀ ਰਸਤੇ ਤੋਂ ਭਟਕ ਜਾਵੇਗਾ।

ਵਿਤੋਲਦ ਦਰੋਜ਼ੇਅਸਕੀ (Witold Doroszewski) ਨੇ ਕੋਸ਼ਕਾਰੀ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ ਕਿ "ਕੋਸ਼ਕਾਰੀ (1) ਸ਼ਬਦ-ਕੋਸ਼ ਬਣਾਉਣ ਦੀ ਤਕਨੀਕ ਅਤੇ ਸਿਧਾਂਤ ਨਾਲ ਸੰਬੰਧਿਤ ਵਿਗਿਆਨ ਹੈ; (2) ਕੋਸ਼ ਬਣਾਉਣ ਦਾ ਸਿਧਾਂਤ ਤੇ ਅਮਲ ਹੈ; (3) ਕੋਸ਼ ਲਿਖਣਾ ਜਾਂ ਸ਼ਬਦਾਵਲੀ ਇਕੱਤਰ ਕਰਨਾ, ਕੋਸ਼ ਲਿਖਣ ਦੀ ਕਲਾ; (4) ਸ਼ਬਦਾਵਲੀ ਇਕੱਤਰ ਕਰਨ ਦਾ ਵਿਗਿਆਨ; ਅਤੇ (5) ਕੋਸ਼ਾਂ ਦੇ ਨਿਰਮਾਣ ਦਾ, ਕੋਸ਼ ਨਿਰਮਾਣ ਦੀਆਂ ਵਿਧੀਆਂ ਦਾ ਵਿਗਿਆਨ।"[31] ਇੰਜ ਉਸ ਨੇ ਕੋਸ਼ਕਾਰੀ ਦਾ ਸੰਬੰਧ ਕੋਸ਼-ਵਿਗਿਆਨ ਦੇ ਵਿਵਹਾਰਕ ਜਾਂ ਅਮਲੀ ਪੱਖ ਨਾਲ ਜੋੜਿਆ ਹੈ।

ਜ਼ਗੁਸਤਾ ਅਨੁਸਾਰ ਕੋਸ਼ਕਾਰੀ ਕੋਸ਼-ਨਿਰਮਾਣ ਦੀ ਅਜਿਹੀ ਪ੍ਰਕ੍ਰਿਆ ਹੈ ਜਿਸ ਵਿਚ ਸੰਬੰਧਿਤ ਭਾਸ਼ਾ ਦੇ ਭਾਸ਼ਾ-ਪ੍ਰਬੰਧ ਨੂੰ ਹੀ ਸਨਮੁਖ ਨਹੀਂ ਰੱਖਿਆ ਜਾਂਦਾ ਸਗੋਂ ਉਸ ਸਮਾਜ ਦੇ ਸਭਿਆਚਾਰ ਅਤੇ ਪਰੰਪਰਾ ਦੇ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਉਹ ਲਿਖਦਾ ਹੈ, "ਕੋਸ਼ਕਾਰੀ ਇਕ ਅਜਿਹੀ ਪ੍ਰਕ੍ਰਿਆ ਹੈ ਜਿਸ ਵਿਚ ਪਰੰਪਰਾ ਅਹਿਮ ਰੋਲ ਅਦਾ ਕਰਦੀ ਹੈ। ਇਹ ਕੋਈ ਅਦਭੁਤ ਘਟਨਾ ਨਹੀਂ ਜਦੋਂ ਕਿਸੇ ਭਾਸ਼ਾ ਦੇ ਵੱਡ-ਆਕਾਰੀ ਅਕਾਦਮਿਕ ਕੋਸ਼ ਨੂੰ ਬਣਾਉਣ ਵਿਚ ਅੱਧੀ ਸਦੀ ਦਾ ਸਮਾਂ ਲੱਗ ਜਾਂਦਾ ਹੈ। ਦਰਮਿਆਨੇ ਕੋਸ਼ ਜਾਂ ਪ੍ਰਾਜੈਕਟ ਲਈ ਦਸ ਕੁ ਸਾਲ ਦਾ ਸਮਾਂ ਤਾਂ ਸਾਧਾਰਣ ਗੱਲ ਹੈ। ਪ੍ਰਕਾਸ਼ਿਤ ਹੋਣ ਉਪਰੰਤ ਇਸ ਦੀ ਵਰਤੋਂ ਕਿੰਨੇ ਵਰ੍ਹੇ ਹੁੰਦੀ ਰਹਿੰਦੀ ਹੈ ਅਤੇ ਸੰਸ਼ੋਧਿਤ ਸੰਸਕਰਣ ਇਸ ਦੇ ਸੰਕਲਪੀ ਆਧਾਰ ਵਿਚ ਕੋਈ ਵਿਸ਼ੇਸ਼ ਪਰਿਵਰਤਨ ਨਹੀਂ ਕਰਦੇ।...

ਕੋਸ਼ਕਾਰ ਨੂੰ ਕੇਵਲ ਵਿਚਾਰ-ਅਧੀਨ ਭਾਸ਼ਾ ਦੀ ਸਮੁੱਚੀ ਸੰਰਚਨਾ ਨੂੰ ਹੀ ਵਿਚਾਰਗੋਚਰਾ ਨਹੀਂ ਕਰਨਾ ਪੈਂਦਾ ਸਗੋਂ ਸੰਬੰਧਿਤ ਭਾਸ਼ਾਈ ਸਮੂਹ ਦੇ ਸਭਿਆਚਾਰ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਕੋਸ਼ਕਾਰੀ ਦਾ ਸਿਧਾਂਤ ਭਾਸ਼ਾਈ ਪ੍ਰਬੰਧ ਦਾ ਅਧਿਐਨ ਕਰਨ ਵਾਲੇ ਸਾਰੇ ਅਨੁਸ਼ਾਸਨਾਂ (ਅਰਥ-ਵਿਗਿਆਨ, ਕੋਸ਼-ਵਿਗਿਆਨ, ਵਿਆਕਰਣ, ਸ਼ੈਲੀ-ਵਿਗਿਆਨ) ਨਾਲ ਸੰਬੰਧਿਤ ਹੈ।"[32] ਕੋਸ਼ਕਾਰ ਕੋਸ਼ ਦੀ ਵਰਤੋਂ ਕਰਨ ਵਾਲਿਆਂ ਦੀਆਂ ਵਿਵਹਾਰਕ ਲੋੜਾਂ ਦੁਆਰਾ ਨਿਰਦੇਸ਼ਿਤ ਹੁੰਦਾ ਹੈ। ਭਾਸ਼ਾਈ ਸਿਧਾਂਤ ਕੋਸ਼ਕਾਰ ਲਈ ਅਤਿ ਮਹੱਤਵਪੂਰਣ ਹਨ, ਪਰੰਤੂ ਉਸ ਲਈ ਬੁਨਿਆਦੀ ਮਹੱਤਵ ਦੀ ਵਸਤੂ ਵਿਵਹਾਰਕ ਉਪਯੋਗਤਾ ਹੁੰਦੀ ਹੈ। ਕੁਝ ਕੋਸ਼-ਵਿਗਿਆਨੀ ਇਸ ਮਤ ਦੇ ਹਨ ਕਿ ਕੋਸ਼ਕਾਰ ਵਧੇਰੇ ਕਰਕੇ ਨਕਲ ਮਾਰਦੇ ਹਨ, ਆਪਣਾ ਨਵਾਂ ਕੰਮ ਨਹੀਂ ਛੋਂਹਦੇ। 375 ਸਾਲਾਂ ਦਾ ਅੰਗ੍ਰੇਜ਼ੀ ਕੋਸ਼ਕਾਰੀ ਦਾ ਇਤਿਹਾਸ ਇਸ ਦਾ ਪ੍ਰਤੱਖ ਪ੍ਰਮਾਣ ਹੈ। ਇਨ੍ਹਾਂ ਨੇ ਅਸਲੀ ਮੱਲ ਘੱਟ ਹੀ ਮਾਰੀ ਹੈ। ਇਨ੍ਹਾਂ ਮਹਾਂਰਥੀਆਂ ਦਾ ਇਹ ਵਿਚਾਰ ਨਿਰਮੂਲ ਅਤੇ ਬੇਬੁਨਿਆਦ ਪ੍ਰਤੀਤ ਹੁੰਦਾ ਹੈ। ਕਿਸੇ ਵੀ ਭਾਸ਼ਾ ਦੀ ਕੋਸ਼ਕਾਰੀ ਪਰੰਪਰਾ ਨੂੰ ਲੈ ਲਵੋ, ਇਕ ਕੋਸ਼ ਆਪਣੇ ਉਦੇਸ਼ ਅਤੇ ਪ੍ਰਯੋਗਕਰਤਿਆਂ ਦੇ ਦ੍ਰਿਸ਼ਟੀਕੋਣ ਤੋਂ ਦੂਜੇ ਨਾਲੋਂ ਅਵੱਸ਼ ਭਿੰਨ ਹੁੰਦਾ ਹੈ।

ਰਾਮ ਆਧਾਰ ਸਿੰਘ ਨੇ ਵੀ ਕੋਸ਼ਕਾਰੀ ਦੇ ਸੰਕਲਪ ਤੇ ਵਿਸਤ੍ਰਿਤ ਵਿਚਾਰ ਕੀਤੀ ਹੈ। ਉਹ ਲਿਖਦਾ ਹੈ, "ਕੋਸ਼ਕਾਰੀ ਕੋਸ਼ ਬਣਾਉਣ ਦਾ ਵਿਗਿਆਨ ਅਤੇ ਕਲਾ ਹੈ।...ਕੋਸ਼ ਲੋਕਾਂ ਦੀਆਂ ਵਿਭਿੰਨ ਅਮਲੀ ਲੋੜਾਂ ਦੀ ਪੂਰਤੀ ਲਈ ਬਣਾਏ ਜਾਂਦੇ ਹਨ। ਪ੍ਰਯੋਗਕਰਤਾ ਕੋਸ਼ ਨੂੰ ਇਨ੍ਹਾਂ ਦ੍ਰਿਸ਼ਟੀਕੋਣਾਂ ਤੋਂ ਵਾਚਦਾ ਹੈ: (1) ਸ਼ਬਦਾਂ ਬਾਰੇ ਵਿਭਿੰਨ ਪ੍ਰਕਾਰ ਦੀ ਸੂਚਨਾ ਪ੍ਰਾਪਤ ਕਰਨ ਲਈ ਸੰਦਰਭ ਪੁਸਤਕ ਦੇ ਰੂਪ ਵਿਚ ਅਰਥਾਤ ਉਚਾਰਣ, ਨਿਰੁਕਤੀ, ਪ੍ਰਯੋਗ ਆਦਿ। ਇਸ ਕਾਰਜ ਨੂੰ ਕੋਸ਼ ਦਾ ਭੰਡਾਰ ਕਰਨ ਦਾ ਕਾਰਜ ਆਖਿਆ ਜਾਂਦਾ ਹੈ; (2) ਸ਼ਬਦ ਦੇ ਚੰਗੇ ਜਾਂ ਸਹੀ ਪ੍ਰਯੋਗ ਨੂੰ ਘਟੀਆ ਜਾਂ ਗ਼ਲਤ ਪ੍ਰਯੋਗ ਤੋਂ ਨਿਖੇੜਨ ਲਈ ਇਕ ਸੰਦਰਭ ਬਿੰਦੂ ਵਜੋਂ। ਕੋਸ਼ ਦੇ ਇਸ ਕਾਰਜ ਨੂੰ ਕੋਸ਼ ਦਾ ਨਿਆਇਕ ਕਾਰਜ ਕਿਹਾ ਜਾਂਦਾ ਹੈ।...ਇਨ੍ਹਾਂ ਤੋਂ ਬਿਨਾਂ ਕੋਸ਼ ਸੂਚਨਾ ਦਾ ਭੁਗਤਾਨ ਕਾਰਜ ਵੀ ਨਿਭਾਉਂਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਇਹ ਕਾਰਜ ਉਪਯੁਕਤ ਢੰਗ ਨਾਲ ਨਿਭਾਏ ਜਾਣ, ਕੋਸ਼ਾਂ ਵਿਚ ਸੂਚਨਾ ਨੂੰ ਵੱਧ ਤੋਂ ਵੱਧ ਸ੍ਰੋਤਾਂ ਤੋਂ ਇਕੱਤਰ ਕਰਨਾ ਚਾਹੀਦਾ ਹੈ। ਇਹ ਸੂਚਨਾ ਪ੍ਰਮਾਣਕ ਹੋਵੇ ਅਤੇ ਨਾਲ ਹੀ ਆਸਾਨੀ ਨਾਲ ਪ੍ਰਾਪਤ ਕਰਨ ਯੋਗ ਵੀ ਹੋਵੇ। ਇਸ ਦ੍ਰਿਸ਼ਟੀ ਤੋਂ ਕੋਸ਼ਕਾਰੀ ਵਿਵਹਾਰਕ ਵਿਗਿ-ਆਨ ਹੈ।'[33]

ਮੈਲਕੀਲ (Malkiel) ਕੋਸ਼ਕਾਰੀ ਬਾਰੇ ਚਰਚਾ ਕਰਦਾ ਹੋਇਆ ਕੋਸ਼ ਉਤਪਾਦਨ ਦੇ ਵਿਵਸਾਇਕ ਪਹਿਲੂ ਬਾਰੇ ਵੀ ਗੱਲ ਕਰਦਾ ਹੈ। ਉਹ ਲਿਖਦਾ ਹੈ, "ਕੋਸ਼ਕਾਰੀ ਵਿਵਹਾਰਕ ਵਿਗਿਆਨ ਹੈ ਜਿਸ ਦਾ ਕਾਰਜ ਸੰਦਰਭ ਗ੍ਰੰਥਾਂ ਅਰਥਾਤ ਕੋਸ਼ਾਂ ਦਾ ਸੰਕਲਨ ਹੈ। ਸ਼ਬਦਾਂ ਨੂੰ ਅੱਖਰ-ਕ੍ਰਮ ਵਿਚ ਰੱਖਿਆ ਜਾਂਦਾ ਹੈ। ਕੋਸ਼ਕਾਰੀ ਦੇ

ਉਤਾਰ-ਚੜ੍ਹਾਅ ਦੀਆਂ ਜੜਾਂ ਨਾ ਕੇਵਲ ਬੌਧਿਕ ਇਤਿਹਾਸ ਵਿਚ ਹਨ ਸਗੋਂ ਵਿਸ਼ਾਲ ਰੂਪ ਵਿਚ ਸਮਾਜ ਦੇ ਤੇਜ਼ੀ ਨਾਲ ਬਦਲਦੇ ਰੌਂਅ ਵਿਚ ਹਨ। ਹੁਣ ਕੋਸ਼-ਨਿਰਮਾਣ ਕੇਵਲ ਅਕਾਦਮਿਕ ਜ਼ਿੰਮੇਵਾਰੀ ਹੀ ਨਹੀਂ ਰਹਿ ਗਿਆ ਬਲਕਿ ਇਹ ਬਹੁਤੇ ਦੇਸ਼ਾਂ ਵਿਚ ਪ੍ਰਾਈਵੇਟ ਅਦਾਰਿਆਂ ਨੇ ਵਪਾਰ ਵਜੋਂ ਆਪਣੇ ਹੱਥ ਵਿਚ ਲੈ ਲਿਆ ਹੈ ਜਿਹੜੇ ਮੰਗ ਅਤੇ ਪੂਰਤੀ ਦੇ ਹਿਸਾਬ ਨਾਲ ਇਨ੍ਹਾਂ ਦਾ ਉਤਪਾਦਨ ਕਰਦੇ ਹਨ।"[34]

ਉਪਰੋਕਤ ਪਰਿਭਾਸ਼ਾਵਾਂ ਦੇ ਅਤਿਰਿਕਤ ਕੁਝ ਹੋਰ ਪਰਿਭਾਸ਼ਾਵਾਂ ਵੀ ਉਪਲਬਧ ਹਨ ਜਿਨ੍ਹਾਂ ਦਾ ਸਾਰ-ਤੱਤ ਉਪਰ-ਵਰਣਿਤ ਪਰਿਭਾਸ਼ਾਵਾਂ ਦੇ ਸਾਰ-ਤੱਤ ਨਾਲ ਲਗਭਗ ਮੇਲ ਖਾਂਦਾ ਹੈ। ਇਕ ਪਰਿਭਾਸ਼ਾ ਅਨੁਸਾਰ "ਕੋਸ਼ ਲਿਖਣ ਜਾਂ ਸ਼ਬਦਾਂ ਦੇ ਸੰਗ੍ਰਹਿ ਕਰਨ ਨੂੰ ਕੋਸ਼ਕਾਰੀ ਆਖਿਆ ਜਾਂਦਾ ਹੈ।"[35] ਹਿੰਦੀ ਦੇ ਕੋਸ਼-ਵਿਗਿਆਨੀ ਰਾਮ ਚੰਦਰ ਵਰਮਾ ਅਨੁਸਾਰ "ਸ਼ਬਦਕੋਸ਼ ਬਣਾਉਣ ਦਾ ਕਾਰਜ ਕੋਸ਼ਕਾਰੀ ਅਖਵਾਉਂਦਾ ਹੈ। ਇਸ ਵਿਚ ਸਭ ਪ੍ਰਕਾਰ ਦੇ ਕੋਸ਼, ਸ਼ਬਦਾਵਲੀਆਂ ਆਦਿ ਤਿਆਰ ਕਰਨ ਦਾ ਕੰਮ ਸੰਮਿਲਿਤ ਹੈ।'[36] ਅੰਬਾ ਪ੍ਰਸਾਦ ਸੁਮਨ ਅਨੁਸਾਰ "ਕੋਸ਼ਕਾਰੀ ਉਹ ਕਲਾ ਹੈ ਜਿਸ ਵਿਚ ਕੋਸ਼ ਰਚਨਾ ਦੇ ਸਿਧਾਂਤਾਂ ਨੂੰ ਪ੍ਰਯੋਗਿਕ ਰੂਪ ਦਿੱਤਾ ਜਾਂਦਾ ਹੈ।"[37] ਇਕ ਹੋਰ ਪਰਿਭਾਸ਼ਾ ਅਨੁਸਾਰ "ਕਿਸੇ ਖਾਸ ਪਾਰਿਭਾਸ਼ਿਕ ਸ਼ਬਦਾਵਲੀ ਜਾਂ ਇਕ ਭਾਸ਼ਾ ਦੇ ਸ਼ਬਦਾਂ ਦੇ ਵੱਖ ਵੱਖ ਅਰਥਾਂ ਦੇ ਵਰਣਨ ਜਾਂ ਬਿਆਨ ਕਰਨ ਨੂੰ ਕੋਸ਼ਕਾਰੀ ਆਖਿਆ ਜਾਂਦਾ ਹੈ।"[38]

1.5.3 ਕੋਸ਼ਕਾਰੀ ਅਤੇ ਕੋਸ਼-ਵਿਗਿਆਨ ਦੀਆਂ ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਗੱਲ ਉਭਰ ਕੇ ਸਾਮ੍ਹਣੇ ਆਉਂਦੀ ਹੈ ਕਿ ਇਹ ਦੋਵੇਂ ਅੰਤਰਸੰਬੰਧਿਤ ਅਨੁਸ਼ਾਸਨ ਹਨ। ਕੋਸ਼-ਵਿਗਿਆਨ ਸਮੁੱਚੇ ਭਾਸ਼ਾ-ਪ੍ਰਬੰਧ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਕੋਸ਼ੀ ਇਕਾਈਆਂ ਦੀ ਸੱਤਾ, ਸਥਿਤੀ ਅਤੇ ਪ੍ਰਕਾਰਜ ਬਾਰੇ ਸਿਧਾਂਤ ਪ੍ਰਸਤੁਤ ਕਰਦਾ ਹੈ ਅਤੇ ਕੋਸ਼ਕਾਰੀ ਇਨ੍ਹਾਂ ਸਿਧਾਂਤਾਂ ਦਾ ਸੁਹਿਰਦਤਾਪੂਰਵਕ ਅਨੁਸਰਣ ਕਰਦਿਆਂ ਇਨ੍ਹਾਂ ਦਾ ਵਿਵਹਾਰਕ ਪ੍ਰਯੋਗ ਕਰਦੀ ਹੈ। ਇਨ੍ਹਾਂ ਦੋਹਾਂ ਅਨੁਸ਼ਾਸਨਾਂ ਵਿਚ ਨਿਖੇੜਾ ਕਰਦਾ ਜ਼ਗੁਸਤਾ ਲਿਖਦਾ ਹੈ ਕਿ ਕੋਸ਼ਕਾਰੀ ਵੀ ਕੋਸ਼-ਵਿਗਿਆਨ ਵਾਂਗ ਸ਼ਬਦਾਵਲੀ ਦਾ ਅਧਿਐਨ ਕਰਦੀ ਹੈ, ਪਰੰਤੂ "ਜਿਥੇ ਕੋਸ਼-ਵਿਗਿਆਨ ਵਧੇਰੇ ਵਿਵਸਥਿਤ ਸਾਧਾਰਣ ਗੁਣਾਂ ਅਤੇ ਵਿਸ਼ੇਸ਼ਤਾਵਾਂ ਤੇ ਧਿਆਨ ਕੇਂਦ੍ਰਿਤ ਕਰਦਾ ਹੈ, ਉਥੇ ਕੋਸ਼ਕਾਰੀ ਆਪਣੇ ਧਿਆਨ ਦਾ ਕੇਂਦਰ ਇਕੱਲੀ ਇਕੱਲੀ ਕੋਸ਼ੀ ਇਕਾਈ ਨੂੰ ਬਣਾਉਂਦੀ ਹੈ।[39] ਕੋਸ਼-ਵਿਗਿਆਨ ਵਿਚ ਸ਼ਬਦ ਦਾ ਅਧਿਐਨ ਭਾਸ਼ਾ-ਪ੍ਰਬੰਧ ਦੇ ਅੰਗ ਵਜੋਂ ਕੀਤਾ ਜਾਂਦਾ ਹੈ, ਪਰ ਕੋਸ਼ਕਾਰੀ ਵਿਚ ਇਸ ਦਾ ਅਧਿਐਨ ਅਰਥ ਅਤੇ ਪ੍ਰਯੋਗ ਦੇ ਸੰਬੰਧ ਵਿਚ ਨਿਜੀ ਇਕਾਈ ਵਜੋਂ ਕੀਤਾ ਜਾਂਦਾ ਹੈ ਤਾਂ ਕਿ ਪ੍ਰਯੋਗਕਰਤਾ ਵਿਵਹਾਰਕ ਦ੍ਰਿਸ਼ਟੀ ਤੋਂ ਸ਼ਬਦ ਦੇ ਅਰਥ ਅਤੇ ਪ੍ਰਯੋਗ ਵੇਖ ਸਕਣ, ਭਾਸ਼ਾ ਸਿੱਖ ਸਕਣ, ਇਸ ਦੇ ਪਾਠ ਦਾ ਬੋਧ ਪ੍ਰਾਪਤ ਕਰ ਸਕਣ ਜਾਂ ਕਿਸੇ ਹੋਰ ਮਨੋਰਥ ਤੋਂ ਕੋਸ਼ ਦਾ ਪ੍ਰਯੋਗ ਕਰ ਸਕਣ, ਜਿਵੇਂ ਸ਼ੁੱਧ ਸ਼ਬਦ-ਜੋੜ, ਉਚਾਰਣ, ਨਿਰੁਕਤੀ ਆਦਿ। ਇਕ ਸ਼ਬਦ ਦੇ ਵਿਭਿੰਨ ਪਸਾਰ ਅਤੇ ਵਿਸ਼ੇਸ਼ਤਾਵਾਂ ਹੋ ਸਕਦੀਆਂ ਹਨ ਜਿਨ੍ਹਾਂ ਦੀ ਕੋਸ਼ਕਾਰ ਨੂੰ ਲੋੜ ਨਹੀਂ ਹੁੰਦੀ।

ਉਸ ਦੇ ਕਾਰਜ ਨੂੰ ਦਿਸ਼ਾ ਕੋਸ਼ ਦੇ ਉਦੇਸ਼ ਅਤੇ ਪ੍ਰਯੋਗਕਰਤਾ ਵਰਗ ਦੀ ਕਿਸਮ ਤੋਂ ਪ੍ਰਾਪਤ ਹੁੰਦੀ ਹੈ। ਉਹ ਭਾਸ਼ਾ-ਪ੍ਰਬੰਧ ਦੀਆਂ ਕੋਸ਼ੀ ਇਕਾਈਆਂ ਨੂੰ ਇਸ ਪ੍ਰਕਾਰ ਪ੍ਰਸਤੁਤ ਕਰਦਾ ਹੈ ਕਿ ਉਹ ਇਸ ਨੂੰ ਵਾਸਤਵਿਕ ਜੀਵਨ ਦੀ ਸਥਿਤੀ ਅਰਥਾਤ ਵਾਸਤਵਿਕ ਭਾਸ਼ਾ ਵਿਚ ਵਿਵਹਾਰਕ ਤੌਰ ਤੇ ਵਰਤੋਂਯੋਗ ਬਣਾ ਸਕੇ। ਉਦਾਹਰਣ ਵਜੋਂ, ਕੋਸ਼-ਵਿਗਿਆਨ ਬਹੁਅਰਥਕ ਸ਼ਬਦਾਂ ਦੇ ਵਿਭਿੰਨ ਅਰਥਾਂ ਦੀ ਸੂਚੀ ਤਿਆਰ ਕਰਨ ਲਈ ਸਿਧਾਂਤਕ ਆਧਾਰ ਪ੍ਰਦਾਨ ਕਰ ਸਕਦਾ ਹੈ, ਪਰੰਤੂ ਇਨ੍ਹਾਂ ਅਰਥਾਂ ਨੂੰ ਕਿਹੜੇ ਸ਼ਬਦਾਂ ਅਤੇ ਕਿਸ ਰੂਪ ਵਿਚ ਪ੍ਰਸਤੁਤ ਕਰਨਾ ਹੈ, ਇਸ ਗੱਲ ਦਾ ਨਿਰਣਾ ਵਿਭਿੰਨ ਪ੍ਰਕਾਰ ਦੇ ਪ੍ਰਯੋਗਕਰਤਿਆਂ ਲਈ ਕੋਸ਼ ਦੀ ਉਪਯੋਗਤਾ ਦੀਆਂ ਵਿਵਹਾਰਕ ਸਮੱਸਿਆਵਾਂ ਤੇ ਨਿਰਭਰ ਹੈ। ਕੋਸ਼-ਵਿਗਿਆਨ ਦਾ ਉਦੇਸ਼ ਭਾਸ਼ਾ ਦੀ ਸ਼ਬਦਾਵਲੀ ਦਾ ਇਕ ਪ੍ਰਬੰਧ ਵਜੋਂ ਅਧਿਐਨ ਕਰਨਾ ਹੈ। ਇਸ ਤਰ੍ਹਾਂ ਵੱਖ ਵੱਖ ਇਕਾਈਆਂ ਦਾ ਉਲੇਖ ਮੁਕੰਮਲ ਨਹੀਂ ਹੋ ਸਕਦਾ ਕਿਉਂਕਿ ਕੋਸ਼ੀ ਇਕਾਈਆਂ ਅਣਗਿਣਤ ਹੁੰਦੀਆਂ ਹਨ। ਇਸ ਦਾ ਲਕਸ਼ ਸਮੁੱਚੇ ਤੌਰ ਤੇ ਅਧਿਐਨ ਦਾ ਸਿਸਟਮੀਕਰਣ ਹੈ, ਪਰੰਤੂ ਨਿਜੀ ਇਕਾਈਆਂ ਦੇ ਅਧਿਐਨ ਦੀ ਸੰਪੂਰਣਤਾ ਨਹੀਂ। ਕੋਸ਼ਕਾਰੀ ਦਾ ਲਕਸ਼ ਨਿਜੀ ਇਕਾਈਆਂ ਦਾ ਲਗਭਗ ਮੁਕੰਮਲ ਵਰਣਨ ਕਰਨਾ ਹੈ। ਇਥੇ ਹਰੇਕ ਅੰਦਰਾਜ ਨੂੰ ਇਕ ਸੁਤੰਤਰ ਸਮੱਸਿਆ ਵਜੋਂ ਲਿਆ ਜਾਂਦਾ ਹੈ। ਕੋਸ਼-ਵਿਗਿਆਨੀ ਆਪਣੇ ਦ੍ਰਿਸ਼ਟੀਕੋਣ ਤੋਂ ਆਪਣੀ ਸਾਮੱਗਰੀ ਨੂੰ ਤਰਤੀਬ ਦਿੰਦਾ ਹੈ, ਪਰ ਕੋਸ਼ਕਾਰ ਸਾਮੱਗਰੀ ਦੇ ਪੁਨਰਗ੍ਰਹਿਣ ਵਿਚ ਸੁਵਿਧਾ ਦੇ ਸਿਧਾਂਤ ਨੂੰ ਮੁੱਖ ਰਖਦਾ ਹੈ ਅਤੇ ਸ਼ਬਦਾਂ ਨੂੰ ਆਮ ਕਰਕੇ ਅੱਖਰ-ਕ੍ਰਮ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ। ਇਸ ਦੇ ਇਲਾਵਾ, ਕੋਸ਼-ਵਿਗਿਆਨੀ ਸ਼ਬਦਾਂ ਅਤੇ ਅਰਥਾਂ ਬਾਰੇ ਫ਼ੈਸਲਾ ਕਰਨ ਸਮੇਂ ਬਾਹਰਮੁਖੀ ਹੁੰਦਾ ਹੈ ਅਤੇ ਅਰਥ-ਵਿਗਿਆਨ ਅਤੇ ਸ਼ਬਦ-ਨਿਰਮਾਣ ਦੇ ਸਿਧਾਂਤਾਂ ਅਨੁਸਾਰ ਕਾਰਜ ਕਰਦਾ ਹੈ। ਪਰੰਤੂ ਇਸ ਦੇ ਉਲਟ, ਕੋਸ਼ਕਾਰ ਸ਼ਬਦਾਂ ਅਤੇ ਅਰਥਾਂ ਬਾਰੇ ਫ਼ੈਸਲਾ ਲੈਣ ਸਮੇਂ ਅੰਤਰਮੁਖੀ ਅਤੇ ਪੱਖਪਾਤੀ ਹੋ ਜਾਂਦਾ ਹੈ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਸ ਦਾ ਨਿੱਜ ਉਸ ਦੀ ਰਚਨਾ ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਕੋਸ਼ਕਾਰੀ ਅਤੇ ਕੋਸ਼-ਵਿਗਿਆਨ ਦਾ ਇਕ ਹੋਰ ਅੰਤਰ ਇਨ੍ਹਾਂ ਦਾ ਕ੍ਰਮਵਾਰ ਭਾਸ਼ਾ-ਵਿਸ਼ੇਸ਼ ਹੋਣਾ ਅਤੇ ਭਾਸ਼ਾ-ਵਿਸ਼ੇਸ਼ ਨਾ ਹੋਣਾ ਹੈ। ਸਾਧਾਰਣ ਕੋਸ਼-ਵਿਗਿਆਨ ਭਾਸ਼ਾਵਾਂ ਦੇ ਸ਼ਬਦਾਂ ਦੇ ਸਰਵਵਿਆਪੀ ਲੱਛਣਾਂ ਦਾ ਅਧਿਐਨ ਕਰਦਾ ਹੈ। ਇਸ ਦੇ ਉਲਟ, ਆਪਣੇ ਸਰਵਵਿਆਪੀ ਸਿਧਾਂਤਕ ਪਿਛੋਕੜ ਦੇ ਬਾਵਜੂਦ ਵੀ ਕੋਸ਼ਕਾਰੀ ਲਗਭਗ ਭਾਸ਼ਾ-ਵਿਸ਼ੇਸ਼ ਤਕ ਸੀਮਿਤ ਰਹਿੰਦੀ ਹੈ। ਇਸ ਦੇ ਸਿਧਾਂਤਾਂ ਦੀ ਕੋਸ਼ ਦਾ ਸੰਕਲਨ ਕਰਨ ਸਮੇਂ ਵਿਵਹਾਰਕ ਪ੍ਰਯੋਗ ਕਰਨ ਤੋਂ ਬਿਨਾਂ ਕੋਈ ਪ੍ਰਮਾਣਕਤਾ ਅਤੇ ਸਾਰਥਕਤਾ ਨਹੀਂ ਹੁੰਦੀ।

ਜਿਵੇਂ ਉਪਰ ਸੰਕੇਤ ਕੀਤਾ ਗਿਆ ਹੈ ਕਿ ਜਿਥੇ ਕੋਸ਼-ਵਿਗਿਆਨ ਵਧੇਰੇ ਕਰਕੇ ਸਿਧਾਂਤ-ਉਨਮੁਖ ਹੈ, ਉਥੇ ਕੋਸ਼ਕਾਰੀ ਵਧੇਰੇ ਕਰਕੇ ਇਨ੍ਹਾਂ ਸਿਧਾਂਤਾਂ ਦੇ ਸਥੂਲ ਪ੍ਰਯੋਗ

(ਅਥਵਾ ਸਿੱਟਿਆਂ) ਨਾਲ ਸੰਬੰਧਿਤ ਹੈ। ਇਸੇ ਲਈ "ਇਨ੍ਹਾਂ ਅਰਥਾਂ ਵਿਚ ਕੋਸ਼ਕਾਰੀ ਨੂੰ ਕੋਸ਼-ਵਿਗਿਆਨ ਨਾਲੋਂ ਸ੍ਰੇਸ਼ਟ ਅਨੁਸ਼ਾਸਨ ਮੰਨਿਆ ਗਿਆ ਹੈ ਕਿਉਂਕਿ ਸਿੱਟੇ ਹੀ ਉਦੇਸ਼ ਤੋਂ ਅਧਿਕ ਮਹੱਤਵਪੂਰਣ ਹੁੰਦੇ ਹਨ ਅਤੇ ਸਿਧਾਂਤਕ ਨਿਯਮਾਂ ਦੇ ਮੁੱਲ ਦਾ ਮੁੱਲਾਂਕਣ ਸਿੱਟਿਆਂ ਅਨੁਸਾਰ ਹੀ ਕਰਨਾ ਚਾਹੀਦਾ ਹੈ।"[40]

ਕਾਸਿਮੀ ਇਨ੍ਹਾਂ ਦੋਹਾਂ ਅਨੁਸ਼ਾਸਨਾਂ ਵਿਚ ਅੰਤਰ ਦਰਸਾਉਂਦਿਆਂ ਕਹਿੰਦਾ ਹੈ ਕਿ "ਭਾਸ਼ਾ-ਵਿਗਿਆਨਕ ਸ਼ਬਦਾਵਲੀ ਵਿਚ ਵੀ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਵਿਚ ਨਿਖੇੜਾ ਕੀਤਾ ਜਾਂਦਾ ਹੈ। ਕੋਸ਼-ਵਿਗਿਆਨ ਰਾਹੀਂ ਕਿਸੇ ਇਕ ਭਾਸ਼ਾ ਜਾਂ ਭਾਸ਼ਾ-ਸਮੂਹ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕੋਸ਼ਕਾਰੀ ਕੇਵਲ ਕੋਸ਼ ਬਣਾਉਣ ਨਾਲ ਹੀ ਸੰਬੰਧਿਤ ਹੈ। ਮੂਲ ਰੂਪ ਵਿਚ ਕੋਸ਼-ਵਿਗਿਆਨ ਦਾ ਸੰਬੰਧ ਭਾਸ਼ਾ ਦੀ ਭਾਸ਼ਾਈ ਵਿਵਸਥਾ ਨਾਲ ਹੈ ਜਿਵੇਂ ਕਿ ਅਰਥ, ਵਾਕ, ਅਰਥ-ਭੇਦ, ਮੁਹਾਵਰੇ, ਸਮਅਰਥਕਤਾ, ਬਹੁਅਰਥਕਤਾ ਅਤੇ ਕੋਸ਼ੀ ਤੱਤ ਆਦਿ। ਜਿਥੋਂ ਤਕ ਕੋਸ਼ਕਾਰੀ ਦਾ ਸੰਬੰਧ ਹੈ, ਇਸ ਦੀਆਂ ਪੰਜ ਮੁੱਖ ਸਟੇਜਾਂ ਹਨ : ਸਾਮੱਗਰੀ ਇਕੱਤਰ ਕਰਨਾ, ਕੋਸ਼ੀ ਮੱਦਾਂ ਦੀ ਚੋਣ ਕਰਨਾ, ਵਿਸ਼ੇਸ਼ ਤਰਤੀਬ ਅਨੁਸਾਰ ਅੰਦਰਾਜ ਸੈੱਟ ਕਰਨੇ, ਅੰਦਰਾਜ ਲਿਖਣੇ ਅਤੇ ਅੰਤ ਵਿਚ ਇਸ ਦੀ ਛਪਾਈ। ਤਿਆਰ ਵਸਤੂ ਨੂੰ ਕੋਸ਼ ਆਖਦੇ ਹਨ। ਇੰਜ, ਕੋਸ਼ਕਾਰੀ ਅਤੇ ਕੋਸ਼-ਵਿਗਿਆਨ ਇਕ ਨਹੀਂ ਹਨ ਸਗੋਂ ਕੋਸ਼ਕਾਰੀ ਕੋਸ਼-ਵਿਗਿਆਨ ਤੇ ਨਿਰਭਰ ਹੈ।"[41]

ਜ਼ਗੁਸਤਾ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੀ ਤੁਲਨਾ ਕਰਦਿਆਂ ਲਿਖਦਾ ਹੈ, "...ਇਸ (ਕੋਸ਼-ਵਿਗਿਆਨ) ਰਾਹੀਂ ਸ਼ਬਦਾਂ ਦੇ ਰੂਪਾਂ ਅਤੇ ਅਰਥਾਂ (ਵਿਸ਼ੇਸ਼ ਕਰਕੇ ਇਨ੍ਹਾਂ ਦੇ ਵਿਉਤਪੰਨ ਸ਼ਬਦਾਂ), ਸ਼ਬਦਾਂ ਦੀਆਂ ਵਿਭਿੰਨ ਪਰਤਾਂ, ਇਸ ਦੇ ਆਵਰਤੀ ਪੈਟਰਨਾਂ, ਅਰਥ ਅਤੇ ਰੂਪ ਵਿਚ ਸਮਾਨਤਾ ਅਤੇ ਵਿਰੋਧ ਦੇ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕੋਸ਼-ਵਿਗਿਆਨ ਭਾਸ਼ਾ ਦਾ ਕ੍ਰਮਬੱਧ ਅਧਿਐਨ ਹੈ, ਜਦੋਂ ਕਿ ਕੋਸ਼ਕਾਰੀ ਦਾ ਸੰਬੰਧ ਅਧਿਕਤਰ ਵੱਖ ਵੱਖ ਕੋਸ਼ੀ ਇਕਾਈਆਂ ਨਾਲ ਹੈ। ਪਰੰਤੂ ਇਹ ਗੱਲ ਵਧੇਰੇ ਉਪਯੋਗੀ ਹੋਵੇਗੀ ਜੇ ਕੋਸ਼ਕਾਰੀ ਦਾ ਅਮਲੀ ਕੰਮ ਸਮ੍ਰਿਧ ਕੋਸ਼-ਵਿਗਿਆਨਕ ਖੋਜ ਤੇ ਆਧਾਰਿਤ ਹੋਵੇ।"[42]

1.6 ਕੋਸ਼-ਵਿਗਿਆਨ, ਕੋਸ਼ਕਾਰੀ ਅਤੇ ਭਾਸ਼ਾ-ਵਿਗਿਆਨ : ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ ਕਿ ਕੋਸ਼-ਵਿਗਿਆਨ, ਕੋਸ਼ਕਾਰੀ ਅਤੇ ਭਾਸ਼ਾ-ਵਿਗਿਆਨ ਨਿਰਸੰਦੇਹ ਅੰਤਰ-ਸੰਬੰਧਿਤ ਅਨੁਸ਼ਾਸਨ ਹਨ। ਇਨ੍ਹਾਂ ਦਾ ਮੂਲ ਆਧਾਰ ਸ਼ਬਦ, ਸ਼ਬਦ-ਸਮੂਹ ਅਥਵਾ ਭਾਸ਼ਾ ਹੈ। ਸ਼ਬਦ ਧੁਨੀ-ਬਿੰਬ ਅਤੇ ਅਰਥ/ਸੰਕਲਪ ਦਾ ਸਥਿਰ ਸੰਬੰਧ ਹੈ। ਇਸ ਸੰਬੰਧ ਦੇ ਸਥਿਰ ਅਤੇ ਨਿਸ਼ਚਿਤ ਹੋਣ ਦੇ ਬਾਵਜੂਦ ਵੀ ਸ਼ਬਦ ਦੀ ਅਭਿਵਿਅਕਤੀ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਪਰਿਵਰਤਨਸ਼ੀਲ ਅਭਿਵਿਅਕਤੀ ਦਾ ਅਧਿਐਨ ਹੀ ਕੋਸ਼-ਵਿਗਿਆਨ ਹੈ। ਇਹ ਸ਼ਬਦ ਦੇ ਤਿੰਨ ਪ੍ਰਕਾਰ ਦੇ ਪਰਿਵਰਤਨਾਂ ਦਾ ਅਧਿਐਨ ਕਰਦਾ

ਹੈ: ਸਾਰਥਕ ਧੁਨੀਆਤਮਕ ਪਰਿਵਰਤਨ, ਵਿਆਕਰਣਕ ਪਰਿਵਰਤਨ ਅਤੇ ਅਰਥ-ਵਿਗਿਆਨਕ ਪਰਿਵਰਤਨ। ਹਰੇਕ ਸ਼ਬਦ ਦੀ ਭਾਵੇਂ ਸੁਤੰਤਰ ਹੋਂਦ ਹੁੰਦੀ ਹੈ ਪਰੰਤੂ ਇਹ ਸਹਿਚਾਰੀ ਅਤੇ ਵਿਨਿਆਸਕ੍ਰਮਕੀ (syntagmatic) ਸੰਬੰਧਾਂ ਨਾਲ ਜੁੜ ਕੇ ਹੀ ਅਰਥ ਦਾ ਸੰਚਾਰ ਕਰਦਾ ਹੈ। "ਸ਼ਬਦ ਦਾ ਵਿਸ਼ੇਸ਼ ਅਰਥ ਹੁੰਦਾ ਹੈ, ਇਸ ਦਾ ਵਿਸ਼ੇਸ਼ ਧੁਨੀ-ਸਮੂਹ ਹੁੰਦਾ ਹੈ ਅਤੇ ਇਹ ਵਿਸ਼ੇਸ਼ ਵਿਆਕਰਣਕ ਕਾਰਜ ਕਰਦਾ ਹੈ। ਇੰਜ ਸ਼ਬਦ ਅਰਥਗਤ, ਧੁਨੀਆਤਮਕ ਅਤੇ ਵਿਆਕਰਣਕ ਇਕਾਈ ਦਾ ਰੂਪ ਧਾਰਣ ਕਰ ਲੈਂਦਾ ਹੈ। ਕੋਸ਼-ਵਿਗਿਆਨ ਸ਼ਬਦ ਦਾ ਇਨ੍ਹਾਂ ਸਾਰੇ ਪੱਖਾਂ ਤੋਂ ਅਧਿਐਨ ਕਰਦਾ ਹੈ ਅਰਥਾਤ ਸ਼ਬਦਾਂ ਦੇ ਅਰਥਗਤ ਸੰਬੰਧਾਂ ਦੇ ਪੈਟਰਨ ਅਤੇ ਉਨ੍ਹਾਂ ਦੇ ਧੁਨੀ-ਵਿਗਿਆਨਕ, ਰੂਪ-ਵਿਗਿਆਨਕ ਅਤੇ ਸੰਦਰਭੀ ਵਿਵਹਾਰ ਦਾ ਅਧਿਐਨ ਕਰਦਾ ਹੈ। ਸ਼ਬਦਾਂ ਵਿਚ ਰੂਪ ਅਤੇ ਅਰਥ ਪੱਖੋਂ ਪਰਿਵਰਤਨ ਆਉਂਦਾ ਰਹਿੰਦਾ ਹੈ ਅਤੇ ਕੋਸ਼-ਵਿਗਿਆਨ ਭਾਸ਼ਾ ਦੀ ਸ਼ਬਦਾਵਲੀ ਦਾ ਇਸ ਦੇ ਉਦਭਵ, ਵਿਕਾਸ ਅਤੇ ਵਰਤਮਾਨ ਪ੍ਰਯੋਗ ਦੇ ਰੂਪ ਵਿਚ ਅਧਿਐਨ ਕਰਦਾ ਹੈ। ਕੋਸ਼ੀ ਇਕਾਈਆਂ ਦੇ ਅੰਤਰਸੰਬੰਧ ਦਾ ਅਧਿਐਨ ਉਨ੍ਹਾਂ ਵਿਚ ਨਿਹਿਤ ਵਿਰੋਧਾਂ ਅਤੇ ਸਮਾਨਤਾਵਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ।"[43] ਇੰਜ ਕੋਸ਼-ਵਿਗਿਆਨ ਅਤੇ ਭਾਸ਼ਾ-ਵਿਗਿਆਨ ਦਾ ਗਹਿਰਾ ਸੰਬੰਧ ਹੈ। ਇਹ ਭਾਸ਼ਾ-ਵਿਗਿਆਨ ਦੇ ਇਕ ਰੂਪ ਵਿਵਹਾਰਕ ਭਾਸ਼ਾ-ਵਿਗਿਆਨ ਦੀ ਅਤਿ-ਮਹੱਤਵਪੂਰਣ ਸ਼ਾਖ਼ਾ ਹੈ ਅਤੇ ਕੋਸ਼ਕਾਰੀ ਕੋਸ਼-ਵਿਗਿਆਨ ਦਾ ਵਿਵਹਾਰਕ ਰੂਪ ਹੈ। ਇਸ ਦਾ ਧੁਨੀ-ਵਿਗਿਆਨ, ਰੂਪ-ਵਿਗਿਆਨ, ਵਾਕ-ਵਿਗਿਆਨ, ਅਰਥ-ਵਿਗਿਆਨ, ਸਮਾਜ-ਵਿਗਿਆਨ, ਸ਼ੈਲੀ-ਵਿਗਿਆਨ, ਇਤਿ-ਹਾਸਕ ਭਾਸ਼ਾ-ਵਿਗਿਆਨ ਅਤੇ ਤੁਲਨਾਤਮਕ ਭਾਸ਼ਾ-ਵਿਗਿਆਨ ਨਾਲ ਡੂੰਘਾ ਸੰਬੰਧ ਹੈ। ਜੇ ਇਹ ਕਹਿ ਦੇਈਏ ਕਿ ਭਾਸ਼ਾ-ਵਿਗਿਆਨ ਦੇ ਗਿਆਨ ਅਤੇ ਸਹਾਇਤਾ ਬਿਨਾਂ ਕੋਸ਼-ਨਿਰਮਾਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਤਾਂ ਅਤਿਕਥਨੀ ਨਹੀਂ ਹੋਵੇਗੀ। ਕੋਸ਼-ਵਿਗਿਆਨ ਅੱਜ ਯੂਨੀਵਰਸਿਟੀਆਂ, ਅਕਾਦਮੀਆਂ, ਭਾਸ਼ਾ ਵਿਭਾਗਾਂ ਅਤੇ ਵਿਦਿਅਕ ਸੰਸਥਾਵਾਂ ਵਿਚ ਵਿਸ਼ੇਸ਼ ਰੂਪ ਵਿਚ ਚਰਚਿਤ ਅਕਾਦਮਿਕ ਅਨੁਸ਼ਾਸਨ ਹੈ।

ਕਿਉਂਕਿ ਕੋਸ਼ਕਾਰੀ ਨੂੰ ਭਾਸ਼ਾ-ਵਿਗਿਆਨ ਦਾ ਵਿਵਹਾਰਕ ਅਨੁਸ਼ਾਸਨ ਮੰਨਿਆ ਜਾਂਦਾ ਹੈ, ਇਸ ਲਈ ਕੋਸ਼ਕਾਰੀ ਦੀਆਂ ਵਿਵਹਾਰਕ ਸਮੱਸਿਆਵਾਂ ਦਾ ਸਮਾਧਾਨ ਭਾਸ਼ਾ-ਵਿਗਿਆਨ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ। ਕੋਸ਼ਕਾਰ ਆਪਣੇ ਸਮੁੱਚੇ ਕਾਰਜ ਅਰਥਾਤ ਅੰਦਰਾਜ ਇਕੱਤਰ ਕਰਨ, ਇਨ੍ਹਾਂ ਦੀ ਚੋਣ ਕਰਨ, ਮੂਲ ਅੰਦਰਾਜ ਨਿਸ਼ਚਿਤ ਕਰਨ, ਸ਼ਬਦਾਂ ਦੀ ਪਰਿਭਾਸ਼ਾ ਦੇਣ ਅਤੇ ਅੰਦਰਾਜਾਂ ਦੀ ਤਰਤੀਬ ਦੇਣ ਵਿਚ ਭਾਸ਼ਾ-ਵਿਗਿਆਨ ਦੀਆਂ ਵਿਭਿੰਨ ਸ਼ਾਖ਼ਾਵਾਂ ਤੋਂ ਸਹਾਇਤਾ ਲੈਂਦਾ ਹੈ। ਰਾਮ ਆਧਾਰ ਸਿੰਘ[44] ਨੇ ਕੋਸ਼ਕਾਰੀ ਦੇ ਦੈਨਿਕ ਕਾਰਜ ਵਿਚ ਭਾਸ਼ਾ-ਵਿਗਿਆਨ ਦੇ ਅਹਿਮ ਰੋਲ ਬਾਰੇ ਵਿਸ-ਤ੍ਰਿਤ ਜਾਣਕਾਰੀ ਦਿੱਤੀ ਹੈ। ਅੰਦਰਾਜ ਦੀ ਚੋਣ ਲਈ ਸਭ ਤੋਂ ਵੱਧ ਪ੍ਰਮਾਣਿਤ ਕਸਵੱਟੀ ਆਵ੍ਰਿਤੀ-ਗਣਨਾ ਹੈ। ਆਵ੍ਰਿਤੀ-ਗਣਨਾ ਦਾ ਕਾਰਜ ਅੰਕੜਾ ਭਾਸ਼ਾ-ਵਿਗਿਆਨੀ

ਕਰਦਾ ਹੈ । ਮੁੱਖ ਸ਼ਬਦ ਨਿਰਧਾਰਿਤ ਕਰਨ ਲਈ ਕੋਸ਼ਕਾਰ ਸਾਧਾਰਣ ਤੌਰ ਤੇ ਸ਼ਬਦ ਦਾ ਪ੍ਰਮਾਣਕ ਰੂਪ ਅਰਥਾਤ ਅਤਿ ਪ੍ਰਚਲਿਤ ਰੂਪ ਚੁਣਦਾ ਹੈ । ਇਹ ਕੰਮ ਭਾਸ਼ਾ ਦੇ ਵਿਆਕਰਣਕ ਅਧਿਐਨ ਰਾਹੀਂ ਕੀਤਾ ਜਾਂਦਾ ਹੈ । ਲਿਖਿਤ ਭਾਸ਼ਾਵਾਂ ਜਾਂ ਸਥਾਪਿਤ ਵਿਆਕਰਣਕ ਪਰੰਪਰਾ ਵਾਲੀਆਂ ਭਾਸ਼ਾਵਾਂ ਵਿਚ ਮੁੱਖ ਸ਼ਬਦ ਦੀ ਚੋਣ ਦੀ ਸਮੱਸਿਆ ਐਨੀ ਗੰਭੀਰ ਨਹੀਂ ਹੁੰਦੀ ਜਿੰਨੀ ਅਲਿਖਿਤ ਭਾਸ਼ਾਵਾਂ ਦੀ ਸੂਰਤ ਵਿਚ ਹੁੰਦੀ ਹੈ । ਇਥੇ ਕੋਸ਼ਕਾਰ ਨੂੰ ਖੁਦ ਭਾਸ਼ਾ-ਵਿਗਿਆਨੀ ਬਣ ਕੇ ਭਾਸ਼ਾ ਦਾ ਭਾਸ਼ਾਈ ਵਿਸ਼ਲੇਸ਼ਣ ਕਰਨਾ ਪੈਂਦਾ ਹੈ । ਸਾਮੱਗਰੀ ਸੰਕਲਨ ਵਿਚ ਉਹ ਖੇਤਰੀ ਭਾਸ਼ਾ-ਵਿਗਿਆਨ ਅਤੇ ਵਿਸ਼ਲੇਸ਼ਣ ਲਈ ਵਰਣਨਾਤਮਕ ਭਾਸ਼ਾ-ਵਿਗਿਆਨ ਦੀ ਸਹਾਇਤਾ ਲੈਂਦਾ ਹੈ । ਬਨਸਪਤੀ, ਜੀਵਾਂ ਅਤੇ ਹੋਰ ਸਭਿਆਚਾਰਕ ਮੱਦਾਂ ਦੀ ਪਰਿਭਾਸ਼ਾ ਦੇਣ ਲਈ ਕੋਸ਼ਕਾਰ ਵਿਸ਼ਵਕੋਸ਼ੀ ਸੂਚਨਾ ਪ੍ਰਦਾਨ ਕਰਦਾ ਹੈ । ਇਸ ਕਾਰਜ ਲਈ ਉਸ ਨੂੰ ਨਸਲੀ ਭਾਸ਼ਾ-ਵਿਗਿਆਨ ਦੀ ਲੋੜ ਪੈਂਦੀ ਹੈ । ਕੋਸ਼ ਵਿਚ ਸ਼ਬਦਾਂ ਦੇ ਸ਼ਬਦ-ਜੋੜ ਅਤੇ ਉਚਾਰਣ ਦੇਣ ਲਈ ਧੁਨੀ-ਵਿਗਿਆਨ ਕੋਸ਼ਕਾਰ ਦੀ ਸਹਾਇਤਾ ਕਰਦਾ ਹੈ । ਵਿਆਕਰਣਕ ਸੂਚਨਾ ਲਈ ਉਸ ਨੂੰ ਭਾਸ਼ਾ ਦੇ ਰੂਪ-ਵਿਗਿਆਨਕ ਵਿਸ਼ਲੇਸ਼ਣ ਤੇ ਨਿਰਭਰ ਹੋਣਾ ਪੈਂਦਾ ਹੈ ।

ਪਰੰਤੂ ਇਸ ਦੇ ਵਿਪਰੀਤ "ਵਿਵਹਾਰਕ ਭਾਸ਼ਾ-ਵਿਗਿਆਨ ਕੋਸ਼ਕਾਰੀ ਦੀ ਸਹਾ-ਇਤਾ ਵੀ ਲੈਂਦਾ ਹੈ । ਭਾਸ਼ਾ ਦੇ ਅਧਿਆਪਨ ਜਾਂ ਭਾਸ਼ਾ ਸਿੱਖਣ, ਸਿਰਜਣਾਤਮਕ ਜਾਂ ਰਚਨਾਤਮਕ ਰਚਨਾ ਕਰਨ, ਅਨੁਵਾਦ ਕਰਨ ਆਦਿ ਲਈ ਕੋਸ਼ ਦੀ ਸਹਾਇਤਾ ਲੈਣੀ ਪੈਂਦੀ ਹੈ । ਇਸੇ ਕਰਕੇ ਵਿਵਹਾਰਕ ਭਾਸ਼ਾ-ਵਿਗਿਆਨੀ ਕੋਸ਼ਕਾਰ ਦਾ ਸਤਿਕਾਰ ਕਰਦਾ ਹੈ ।"[45] ਸੋ, ਭਾਸ਼ਾ-ਵਿਗਿਆਨੀ ਲਈ ਲੋੜੀਂਦੀ ਸੂਚਨਾ ਇਕੱਤਰ ਕਰਨ ਵਾਸਤੇ ਲੋੜੀਂਦੇ ਸਾਧਨ ਪ੍ਰਦਾਨ ਕਰਨ ਲਈ ਕੋਸ਼ਕਾਰੀ ਹੀ ਆਧਾਰ ਬਣਦੀ ਹੈ ।

ਰਾਮ ਆਧਾਰ ਸਿੰਘ ਦੋਹਾਂ ਅਨੁਸ਼ਾਸਨਾਂ ਦੇ ਸੰਬੰਧ ਤੇ ਚਰਚਾ ਨੂੰ ਅੱਗੇ ਤੋਰਦਾ ਲਿਖਦਾ ਹੈ ਕਿ ਬਹੁਅਰਥਕ ਸ਼ਬਦਾਂ ਦੇ ਕੇਂਦਰੀ ਅਰਥ ਨੂੰ ਨਿਰਧਾਰਿਤ ਕਰਨ ਲਈ ਕੋਸ਼ਕਾਰ ਦੀ ਸਹਾਇਤਾ ਇਤਿਹਾਸਕ ਭਾਸ਼ਾ-ਵਿਗਿਆਨ ਕਰਦਾ ਹੈ । ਨਿਰੁਕਤੀ ਮੂਲ ਅਰਥ ਦਾ ਨਿਰਣਾ ਕਰਨ ਲਈ ਉਸ ਨੂੰ ਸੰਕੇਤ ਦਿੰਦੀ ਹੈ । ਵਿਭਿੰਨ ਅਰਥ ਅਤੇ ਇਨ੍ਹਾਂ ਦੇ ਅੰਤਰ-ਸੰਬੰਧ ਨਿਸ਼ਚਿਤ ਕਰਨ ਲਈ ਕੋਸ਼ਕਾਰ ਨੂੰ ਸ਼ਬਦ-ਸੰਗਤ (collocation), ਸੰਯੋਜਨ-ਸਮਰਥਾ (valency) ਅਤੇ ਚੋਣਾਤਮਕ ਬੰਦੇਜਾਂ (selective restrictions) ਦੀਆਂ ਭਾਸ਼ਾਈ ਵਿਧੀਆਂ ਦੀ ਸਹਾਇਤਾ ਲੈਣੀ ਪੈਂਦੀ ਹੈ । ਇਤਿਹਾਸਕ ਭਾਸ਼ਾ-ਵਿਗਿਆਨ ਇਤਿਹਾਸਕ ਕੋਸ਼ਾਂ ਵਿਚ ਸ਼ਬਦਾਂ ਦੇ ਰੂਪ ਅਤੇ ਅਰਥ ਦੇ ਉਦਭਵ ਅਤੇ ਵਿਕਾਸ ਨੂੰ ਉਲੀ-ਕਣ ਵਿਚ ਸਹਾਇਤਾ ਕਰਦਾ ਹੈ । ਵਰਣਨਾਤਮਕ ਕੋਸ਼ਾਂ ਵਿਚ ਪ੍ਰਾਚੀਨ, ਅਪ੍ਰਚਲਿਤ ਆਦਿ ਸੂਚਕਾਂ (ਲੇਬਲਾਂ), ਜਿਨ੍ਹਾਂ ਤੋਂ ਸ਼ਬਦਾਂ ਦੇ ਕਾਲਵਾਚੀ ਰੂਪ ਦਾ ਪਤਾ ਲਗਦਾ ਹੈ, ਦਾ ਨਿਰਣਾ ਇਤਿਹਾਸਕ ਭਾਸ਼ਾ-ਵਿਗਿਆਨ ਦੁਆਰਾ ਕੀਤਾ ਜਾਂਦਾ ਹੈ । ਇਤਿਹਾਸਕ ਭਾਸ਼ਾ-ਵਿਗਿਆਨ, ਵਿਸ਼ੇਸ਼ ਕਰਕੇ ਨਿਰੁਕਤੀਮੂਲਕ ਅਧਿਐਨ ਸਮਨਾਮਤਾ ਅਤੇ ਬਹੁ-

ਅਰਥਕਤਾ ਵਿਚ ਨਿਖੇੜਾ ਕਰਨ ਵਿਚ ਸਹਾਇਤਾ ਕਰਦਾ ਹੈ। ਮਨੋਭਾਸ਼ਾ-ਵਿਗਿਆਨ ਸ਼ਬਦਾਵਲੀ ਦੇ ਵਿਕਾਸ ਲਈ ਸਾਮੱਗਰੀ ਪ੍ਰਦਾਨ ਕਰਨ ਵਿਚ ਸਹਾਇਤਾ ਕਰਦਾ ਹੈ ਜਿਸ ਦੀ ਵਰਤੋਂ ਸ਼੍ਰੇਣੀਕ੍ਰਿਤ (graded) ਕੋਸ਼ ਬਣਾਉਣ ਲਈ ਕੀਤੀ ਜਾਂਦੀ ਹੈ।

ਕੋਸ਼ ਵਿਚ ਅਪਭਾਸ਼ਾ, ਵਿਅਕਤੀ-ਭਾਸ਼ਾ, ਵਰਜਿਤ ਸ਼ਬਦ, ਲੱਖਣਾਰਥ, ਦਿਹਾਤੀ ਪ੍ਰਯੋਗ ਆਦਿ ਦੇ ਵਰਤੋਂ-ਵਿਸ਼ੇਸ਼ ਦੇ ਸੂਚਕ (status labels) ਦਿੱਤੇ ਜਾਂਦੇ ਹਨ। ਇਨ੍ਹਾਂ ਸ਼ਬਦ-ਸੂਚਕਾਂ ਦਾ ਨਿਰਣਾ ਸਮਾਜਕ ਭਾਸ਼ਾ-ਵਿਗਿਆਨ ਅਤੇ ਸ਼ੈਲੀਗਤ ਅਧਿਐਨ ਦੁਆਰਾ ਕੀਤਾ ਜਾਂਦਾ ਹੈ। ਉਪਭਾਸ਼ਾਈ ਕੋਸ਼ਾਂ ਲਈ ਉਪਭਾਸ਼ਾ-ਵਿਗਿਆਨ ਲੋੜੀਂਦੀ ਸਹਾਇਤਾ ਕਰਦਾ ਹੈ। ਦੁਭਾਸ਼ੀ ਕੋਸ਼ਾ ਦੀ ਬੁਨਿਆਦੀ ਸ਼ਰਤ ਦੋ ਭਾਸ਼ਾਵਾਂ ਦੇ ਭਾਸ਼ਾਈ ਪ੍ਰਬੰਧਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਪ੍ਰਸਤੁਤ ਕਰਨਾ ਹੈ। ਇਹ ਅਧਿਐਨ ਤੁਲਨਾਤਮਕ ਭਾਸ਼ਾ-ਵਿਗਿਆਨ ਦੁਆਰਾ ਕੀਤਾ ਜਾਂਦਾ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਗਿਆ ਹੈ ਕਿ ਕੋਸ਼ਕਾਰੀ ਬਹੁਤ ਹੱਦ ਤਕ ਭਾਸ਼ਾ-ਵਿਗਿਆਨ ਦੀਆਂ ਵਿਭਿੰਨ ਸ਼ਾਖਾਵਾਂ ਦੀਆਂ ਪ੍ਰਾਪਤੀਆਂ ਤੇ ਨਿਰਭਰ ਹੈ। ਪਰੰਤੂ ਅਨੇਕਾਂ ਭਾਸ਼ਾਵਾਂ ਵਿਚ ਕੋਸ਼-ਨਿਰਮਾਣ ਕਾਰਜ ਭਾਸ਼ਾ-ਵਿਗਿਆਨਕ ਅਨੁਸ਼ਾਸਨ ਦੇ ਅਸਤਿੱਤਵ ਗ੍ਰਹਿਣ ਕਰਨ ਤੋਂ ਪਹਿਲਾਂ ਹੀ ਸ਼ੁਰੂ ਹੋ ਚੁਕਾ ਸੀ। ਇਸ ਲਈ ਕੇਵਲ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਹੋਈਆਂ ਉਪਲਬਧੀਆਂ ਹੀ ਕੋਸ਼ਕਾਰੀ ਦੀਆਂ ਸਮੱਸਿਆਵਾਂ ਦੇ ਸਮਾਧਾਨ ਵਿਚ ਸਹਾਇਤਾ ਨਹੀਂ ਕਰਦੀਆਂ ਸਗੋਂ ਕੋਸ਼ਕਾਰੀ ਦੇ ਖੇਤਰ ਵਿਚ ਹੋਈ ਖੋਜ ਵੀ ਭਾਸ਼ਾ-ਵਿਗਿਆਨੀ ਵਿਭਿੰਨ ਮਨੋਰਥਾਂ ਲਈ ਪ੍ਰਯੋਗ ਵਿਚ ਲਿਆਉਂਦਾ ਹੈ, ਜਿਵੇਂ ਆਪਣੀਆਂ ਮਾਨਤਾਵਾਂ ਦਾ ਪ੍ਰਮਾਣੀਕਰਣ, ਭਾਸ਼ਾਵਾਂ ਦਾ ਮਿਆਰੀਕਰਣ, ਵਿਸ਼ੇਸ਼ ਕਰਕੇ ਤਕਨੀਕੀ ਸ਼ਬਦਾਵਲੀਆਂ ਦੇ ਖੇਤਰ ਵਿਚ।

ਕੋਸ਼ਕਾਰੀ ਦੀਆਂ ਸਮੱਸਿਆਵਾਂ ਵਿਵਹਾਰਕ ਹਨ, ਲੋੜ ਤੇ ਆਧਾਰਿਤ ਹਨ ਅਤੇ ਤੁਰੰਤ ਸਮਾਧਾਨ ਦੀ ਮੰਗ ਕਰਦੀਆਂ ਹਨ। ਕੋਸ਼ਕਾਰ ਆਪਣੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਭਾਸ਼ਾ-ਵਿਗਿਆਨ ਜਾਂ ਹੋਰ ਵਿਸ਼ਿਆਂ ਵਿਚ ਉਪਲਬਧੀਆਂ ਦੀ ਇੰਤਜ਼ਾਰ ਨਹੀਂ ਕਰ ਸਕਦਾ। ਕੇਵਲ ਇਥੇ ਹੀ ਭਾਸ਼ਾ-ਵਿਗਿਆਨ ਕੋਸ਼ਕਾਰ ਦੀ ਸਹਾਇਤਾ ਕਰਨ ਦੇ ਅਸਮਰੱਥ ਪ੍ਰਤੀਤ ਹੁੰਦਾ ਹੈ। ਨਾਲੇ, ਬਹੁਤ ਸਾਰੀਆਂ ਭਾਸ਼ਾਵਾਂ ਵਿਚ ਖੋਜ-ਪ੍ਰਕ੍ਰਿਆ ਅਜੇ ਆਰੰਭ ਹੀ ਨਹੀਂ ਹੋਈ, ਜਿਸ ਕਰਕੇ ਕੋਸ਼ਕਾਰ ਨੇ ਆਪਣਾ ਰਸਤਾ ਆਪ ਅਖ਼ਤਿਆਰ ਕਰਨਾ ਹੁੰਦਾ ਹੈ। ਉਸ ਦੇ ਕਾਰਜ ਨੂੰ ਪ੍ਰਯੋਗਕਰਤਿਆਂ ਦੀਆਂ ਵਿਵਹਾਰਕ ਲੋੜਾਂ ਸੇਧ ਪ੍ਰਦਾਨ ਕਰਦੀਆਂ ਹਨ। ਉਰਦਾਂਗ (Urdang) ਇਸ ਗੱਲ ਦੀ ਪੁਸ਼ਟੀ ਕਰਦਾ ਲਿਖਦਾ ਹੈ, "ਕੋਸ਼ਕਾਰੀ, ਵਿਵਹਾਰ ਵਿਚ, ਵਿਵਹਾਰਕ ਭਾਸ਼ਾ-ਵਿਗਿਆਨ ਦਾ ਰੂਪ ਹੈ ਅਤੇ ਹੋਰ ਸਿਧਾਂਤਕਾਰਾਂ ਦਾ ਇਸ ਖੇਤਰ ਵਿਚ ਸੁਆਗਤ ਹੈ, ਪਰ ਇਕ ਗੱਲ ਉਨ੍ਹਾਂ ਨੂੰ ਚੇਤੇ ਰੱਖਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਸਿਧਾਂਤਾਂ ਦੀ ਵਿਆਖਿਆ ਵਿਵਹਾਰਕਤਾ ਦੇ ਰੂਪ ਵਿਚ ਅਵੱਸ਼ ਹੋਣੀ ਚਾਹੀਦੀ ਹੈ।"[46]

ਇਸ ਪ੍ਰਕਾਰ, ਕੋਸ਼ਕਾਰੀ ਅਤੇ ਭਾਸ਼ਾ-ਵਿਗਿਆਨ ਦੋਹਾਂ ਦਾ ਭਾਸ਼ਾ ਤੇ ਭਾਸ਼ਾ ਦੀ ਸੰਰਚਨਾ ਨਾਲ ਅਟੁੱਟ ਸੰਬੰਧ ਹੈ। ਪਰੰਤੂ ਇਨ੍ਹਾਂ ਦੇ ਮਨੋਰਥ ਅਤੇ ਵਿਸ਼ਲੇਸ਼ਣ-ਵਿਧੀ ਵਿਚ ਅੰਤਰ ਹੈ। ਇਨ੍ਹਾਂ ਅੰਤਰਾਂ ਦੇ ਬਾਵਜੂਦ ਵੀ ਇਹ ਅੰਤਰ-ਸੰਬੰਧਿਤ ਹਨ। "ਭਾਸ਼ਾ-ਵਿਗਿਆਨ ਭਾਸ਼ਾ ਦੀ ਸੰਰਚਨਾ ਅਤੇ ਵਿਵਸਥਾ ਸੰਬੰਧੀ ਨਿਯਮ ਸਥਾਪਿਤ ਕਰਦਾ ਹੈ ਅਤੇ ਕੋਸ਼ਕਾਰੀ ਕਿਸੇ ਵਿਸ਼ੇਸ਼ ਭਾਸ਼ਾ, ਪ੍ਰਦੇਸ਼ ਜਾਂ ਵਿਅਕਤੀ ਦੇ ਸ਼ਬਦਾਂ ਦੀ ਕ੍ਰਮਬੱਧ ਸੂਚੀ ਜਾਂ ਸਮੂਹ ਹੁੰਦੀ ਹੈ।...ਇਹ ਆਮ ਧਾਰਣਾ ਸੀ ਕਿ ਭਾਸ਼ਾ ਸ਼ਬਦ-ਸਮੂਹ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਇਸ ਦੇ ਬਹੁਤ ਸਾਰੇ ਨਾਮ-ਰੂਪ (declensions), ਕ੍ਰਿਆ-ਰੂਪ (conjugations) ਹਨ ਅਤੇ ਵਿਸ਼ੇਸ਼ ਪ੍ਰਸੰਗ ਵਿਚ ਇਨ੍ਹਾਂ ਸ਼ਬਦਾਂ ਦੇ ਪ੍ਰਯੋਗ ਕਿਸੇ ਵਿਸ਼ੇਸ਼ ਨਿਯੰਤ੍ਰਣ ਅਧੀਨ ਹਨ। ਪਰੰਤੂ ਆਧੁਨਿਕ ਭਾਸ਼ਾ-ਵਿਗਿਆਨ ਇਸ ਧਾਰਣਾ ਨੂੰ ਨਹੀਂ ਮੰਨਦਾ। ਭਾਸ਼ਾ-ਵਿਗਿਆਨ ਸ਼ਬਦਾਵਲੀ ਦੀ ਇਕ ਮੱਦ ਅਤੇ ਭਾਸ਼ਾ-ਸੰਰਚਨਾ ਵਿਚ ਨਿਖੇੜਾ ਕਰਦਾ ਹੈ ਜਿਸ ਵਿਚ ਇਹ ਮੱਦ ਫਿਟ ਹੁੰਦੀ ਹੈ।"[47]

ਉਪਰੋਕਤ ਵਿਚਾਰ ਉਪਰੰਤ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸ਼ਬਦ, ਭਾਸ਼ਾ, ਭਾਸ਼ਾ-ਪ੍ਰਬੰਧ ਨਾਲ ਗਹਿਰਾ ਸੰਬੰਧ ਹੋਣ ਕਰਕੇ ਕੋਸ਼ਕਾਰੀ, ਕੋਸ਼-ਵਿਗਿਆਨ ਅਤੇ ਭਾਸ਼ਾ-ਵਿਗਿਆਨ ਅੰਤਰਸੰਬੰਧਿਤ ਅਨੁਸ਼ਾਸਨ ਹਨ।

1.7 ਕੋਸ਼ ਅਤੇ ਵਿਆਕਰਣ : ਕੋਸ਼-ਨਿਰਮਾਣ ਸਮੇਂ ਵਿਆਕਰਣਕ ਕੋਟੀਆਂ ਦਾ ਆਮ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਕਰਕੇ ਕੋਸ਼ ਅਤੇ ਵਿਆਕਰਣ ਦਾ ਬਹੁਤ ਨਜ਼ਦੀਕੀ ਰਿਸ਼ਤਾ ਹੈ। ਹਰੇਕ ਕੋਸ਼ੀ ਇਕਾਈ ਭਾਸ਼ਾ ਦੇ ਵਿਆਕਰਣਕ ਪ੍ਰਬੰਧ ਨਾਲ ਸੰਬੰਧ ਰਖਦੀ ਹੈ ਅਤੇ ਉਸ ਦਾ ਕੋਈ ਨਾ ਕੋਈ ਸ਼ਬਦ-ਭੇਦ ਅਵੱਸ਼ ਹੁੰਦਾ ਹੈ। ਬਲੂਮਫੀਲਡ ਵਿਆ-ਕਰਣ ਅਤੇ ਕੋਸ਼ ਨੂੰ ਭਾਸ਼ਾਈ ਵਿਵਰਣ ਦੇ ਦੋ ਭਾਗ ਮੰਨਦਿਆਂ ਕਹਿੰਦਾ ਹੈ : "ਕੋਸ਼ ਵਿਆਕਰਣ ਦੀ ਅਨੁਕ੍ਰਮਣਿਕਾ ਹੈ, ਮੂਲ ਅਨਿਯਮਿਤਤਾਵਾਂ ਦੀ ਸੂਚੀ ਹੈ।"[48] ਉਸ ਦਾ ਕਥਨ ਇਸ ਤੱਥ ਤੋਂ ਪ੍ਰਭਾਵਿਤ ਹੈ ਕਿ ਵਿਆਕਰਣ ਭਾਸ਼ਾ ਦੇ ਸਾਰੇ ਨਿਯਮਿਤ ਅਤੇ ਸੰਭਾਵੀ ਰੂਪਾਂ ਨੂੰ ਵਿਚਾਰ-ਅਧੀਨ ਲਿਆਉਂਦੀ ਹੈ ਜਦੋਂ ਕਿ ਕੋਸ਼ ਵਿਚ ਭਾਸ਼ਾ ਦੇ ਸਾਰੇ ਅਨਿਯਮਿਤ ਅਤੇ ਅਸੰਭਾਵੀ ਰੂਪਾਂ ਅਤੇ ਅਨਿਯਮਿਤ ਤੇ ਅਸੰਭਾਵੀ ਅਰਥਾਂ ਵਾਲੇ ਰੂਪਾਂ ਨੂੰ ਦਿੱਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਦਾ ਸੰਬੰਧ ਨਿਜੀ ਵਿਲੱਖਣਤਾਵਾਂ ਨਾਲ ਹੈ। ਕੋਸ਼ ਅਨਿਯਮਿਤ ਬਹੁਵਚਨ, ਕ੍ਰਿਆਵਾਂ ਦੇ ਅਨਿਯ-ਮਿਤ ਰੂਪ ਅਤੇ ਕੋਸ਼ੀ ਇਕਾਈ ਦੀ ਰੂਪਾਵਲੀ ਦੇ ਹੋਰ ਅਸੰਭਾਵੀ ਰੂਪ ਦਰਜ ਕਰਦਾ ਹੈ। ਕੋਸ਼ ਨਿਯਮਿਤ ਵਿਅਕਤੀ-ਰੂਪ ਸੰਮਿਲਿਤ ਨਹੀਂ ਕਰਦਾ ਪਰੰਤੂ ਵਿਉਤਪੱਤੀਮੂਲਕ ਰੂਪ ਦਿੰਦਾ ਹੈ। ਇਹ ਭਾਸ਼ਾ ਦੀਆਂ ਸਾਰੀਆਂ ਕੋਸ਼ੀ ਇਕਾਈਆਂ ਨੂੰ ਸ਼ਾਮਿਲ ਕਰਦਾ ਹੈ ਕਿਉਂਕਿ ਰੂਪ ਅਤੇ ਅਰਥ ਦਾ ਸੰਬੰਧ ਨਿਸ਼ਚਿਤ ਅਤੇ ਅਨੁਮਾਨਯੋਗ ਨਹੀਂ ਹੁੰਦਾ। ਇਹ ਸੰਬੰਧ ਆਪਹੁਦਰਾ ਹੁੰਦਾ ਹੈ। ਇਸ ਅਰਥ ਵਿਚ ਹੀ ਬਲੂਮਫੀਲਡ ਕੋਸ਼ ਨੂੰ ਵਿਆਕਰਣ ਦੀ ਅਨੁਕ੍ਰਮਣਿਕਾ ਅਤੇ ਮੂਲ ਅਨਿਯਮਿਤਤਾਵਾਂ ਦੀ ਸੂਚੀ ਗਰਦਾਨਦਾ ਹੈ।

ਗਲੀਸਨ[49] ਦਾ ਵਿਚਾਰ ਹੈ ਕਿ ਕੋਸ਼ ਅਤੇ ਵਿਆਕਰਣ ਵਿਚ ਪਦਾਂ ਦਾ ਕੋਈ ਕਠੋਰ ਵਖਰੇਵਾਂ ਨਹੀਂ ਹੋ ਸਕਦਾ ਕਿ ਕੋਸ਼ ਕੇਵਲ ਸ਼ਬਦਾਂ ਨਾਲ ਸੰਬੰਧਿਤ ਹੈ, ਜਾਂ ਵਿਆਕਰਣ ਕੇਵਲ ਰੂਪ ਨਾਲ ਸੰਬੰਧ ਰਖਦਾ ਹੈ ਅਤੇ ਕੋਸ਼ ਅਰਥਾਂ ਨਾਲ। ਵਾਸਤਵ ਵਿਚ, ਵਿਆਕਰਣਕ ਨਿਯਮ ਵੀ ਸ਼ਬਦ-ਬਣਤਰਾਂ ਦੇ ਅਰਥਾਂ ਨੂੰ ਵਿਚਾਰਗੋਚਰੇ ਕਰਦੇ ਹਨ। ਕੋਸ਼ ਕੋਸ਼ੀ ਅੰਦਰਾਜ ਦੇ ਅਰਥਾਂ ਅਤੇ ਪ੍ਰਯੋਗ ਸਹਿਤ ਵਿਭਿੰਨ ਵਿਆਕਰਣਕ ਕੋਟੀਆਂ ਦਾ ਉਲੇਖ ਕਰਦਾ ਹੈ।

ਲੀਚ[50] ਕੋਸ਼ ਅਤੇ ਵਿਆਕਰਣ ਵਿਚ ਬਨਿਆਦੀ ਅੰਤਰ ਇਨ੍ਹਾਂ ਦੇ ਕ੍ਰਮਵਾਰ ਪ੍ਰਵੇਸ਼ੀ (open-ended) ਅਤੇ ਅਪ੍ਰਵੇਸ਼ੀ (close-ended) ਗੁਣ ਦੇ ਧਾਰਣੀ ਹੋਣ ਨੂੰ ਮੰਨਦਾ ਹੈ। ਭਾਸ਼ਾ ਦੇ ਨਿਯਮਾਂ ਨੂੰ ਵਿਅਕਤੀ ਪੰਜ ਜਾਂ ਛੇ ਸਾਲ ਦੀ ਉਮਰ ਵਿਚ ਆਤਮਸਾਤ ਕਰ ਲੈਂਦਾ ਹੈ। ਬਾਅਦ ਵਿਚ ਇਸ ਵਿਆਕਰਣਕ ਸੰਰਚਨਾ ਵਿਚ ਵਿਵਹਾਰਕ ਤੌਰ ਤੇ ਬਹੁਤ ਘੱਟ ਪਰਿਵਰਤਨ ਆਉਂਦਾ ਹੈ। ਇਸ ਦੇ ਵਿਪਰੀਤ, ਸ਼ਬਦਾਵਲੀ ਗ੍ਰਹਿਣ ਕਰਨ ਦਾ ਕਾਰਜ ਇਕ ਨਿਰੰਤਰ ਪ੍ਰਕ੍ਰਿਆ ਹੈ ਅਤੇ ਇਹ ਕੇਵਲ ਮਿਰਤੂ ਉਪਰੰਤ ਹੀ ਰੁਕਦੀ ਹੈ। ਹਰ ਰੋਜ਼ ਕੋਈ ਨਵਾਂ ਸ਼ਬਦ ਸ਼ਬਦਾਵਲੀ ਵਿਚ ਜੁੜ ਜਾਂਦਾ ਹੈ। ਇਸੇ ਲਈ ਕੋਸ਼ ਦੀ ਪ੍ਰਕਿਰਤੀ ਨਿਰੰਤਰ ਪਰਿਵਰਤਨਸ਼ੀਲਤਾ ਦੀ ਰਹਿੰਦੀ ਹੈ। ਨਵੇਂ ਸ਼ਬਦ ਅਪਣਾਏ ਜਾਂਦੇ ਹਨ, ਕੁਝ ਪ੍ਰਾਚੀਨ ਸ਼ਬਦ ਕੱਢ ਦਿੱਤੇ ਜਾਂਦੇ ਹਨ ਅਤੇ ਕੁਝ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ।

ਗਲੀਸਨ[51] ਵਿਆਕਰਣ ਅਤੇ ਕੋਸ਼ ਦੇ ਸੰਬੰਧ ਨੂੰ ਵਰਗ ਅਤੇ ਮੈਂਬਰ ਦੇ ਸੰਬੰਧ ਨਾਲ ਤੁਲਨਾ ਦਿੰਦਾ ਹੈ। ਵਿਆਕਰਣ ਵਰਗ ਨਿਸ਼ਚਿਤ ਕਰਦਾ ਹੈ ਅਤੇ ਇਨ੍ਹਾਂ ਦੇ ਸੰਬੰਧ ਦਾ ਅਧਿਐਨ ਕਰਦਾ ਹੈ। ਕੋਸ਼ ਦਾ ਸੰਬੰਧ ਵੱਖ ਵੱਖ ਮੱਦਾਂ, ਸ਼ਬਦਾਂ ਅਤੇ ਰੂਪਗ੍ਰਾਮਾਂ ਨਾਲ ਹੈ ਜਿਨ੍ਹਾਂ ਨੂੰ ਮੈਂਬਰ ਆਖਿਆ ਜਾਂਦਾ ਹੈ। ਕੋਸ਼ ਉਸ ਵਰਗ ਦੀ ਪਛਾਣ ਕਰਦਾ ਹੈ ਜਿਸ ਨਾਲ ਇਹ ਮੈਂਬਰ ਸੰਬੰਧਿਤ ਹੁੰਦਾ ਹੈ।

ਇਸ ਪ੍ਰਕਾਰ, ਵਿਆਕਰਣ ਭਾਸ਼ਾ ਦੇ ਪ੍ਰਯੋਗ ਦੇ ਸਾਧਾਰਣ ਨਿਯਮਾਂ ਨੂੰ ਪ੍ਰਸਤੁਤ ਕਰਦਾ ਹੈ ਜਿਨ੍ਹਾਂ ਦਾ ਪ੍ਰਯੋਗ ਭਾਸ਼ਾ ਦੇ ਬੁਲਾਰੇ ਸੁਤੇਸਿਧ ਹੀ ਕਰਦੇ ਰਹਿੰਦੇ ਹਨ। ਵਿਆਕਰਣਕਾਰ ਭਾਸ਼ਾ-ਪ੍ਰਯੋਗ ਲਈ ਕੋਈ ਨਵੇਂ ਨਿਯਮ ਨਹੀਂ ਬਣਾਉਂਦਾ ਪਰੰਤੂ ਜਿਨ੍ਹਾਂ ਨਿਯਮਾਂ ਅਨੁਸਾਰ ਭਾਸ਼ਾ ਦਾ ਪ੍ਰਯੋਗ ਹੋ ਰਿਹਾ ਹੁੰਦਾ ਹੈ ਉਨ੍ਹਾਂ ਨੂੰ ਕੇਵਲ ਸੂਚੀ-ਬੱਧ ਕਰਦਾ ਹੈ। ਇਹ ਭਾਸ਼ਾ ਦੀ ਮੂਲ ਸਾਮੱਗਰੀ—ਸ਼ਬਦਾਂ—ਦਾ ਸਹੀ ਪਰਿਚੈ ਦੇਣ ਦੇ ਅਸਮਰੱਥ ਹੈ। ਇਸ ਦਾ ਗਿਆਨ ਕੋਸ਼ ਤੋਂ ਪ੍ਰਾਪਤ ਹੋ ਸਕਦਾ ਹੈ। ਸੋ, ਕੋਸ਼ ਦਾ ਸੰਬੰਧ ਨਿਜੀ ਕੋਸ਼ੀ ਮੱਦਾਂ ਨਾਲ ਹੈ, ਇਨ੍ਹਾਂ ਮੱਦਾਂ ਦੇ ਵਰਗਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਧਾਰਣ ਨਿਯਮਾਂ ਨਾਲ ਨਹੀਂ ਹੈ। ਵਧੇਰੇ ਉਪਯੁਕਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵਿਆਕਰਣ ਮੱਦਾਂ ਦੇ ਵਰਗਾਂ ਦੀ ਵਾਕ-ਰਚਨਾਵੀ ਤਰਤੀਬ ਦਾ ਵਰਣਨ ਕਰਦਾ

ਹੈ : ਇਹ ਵਿਆਕਰਣਕ 'ਅਰਥਾਂ' (ਜਿਵੇਂ ਬਹੁਵਚਨਤਾ, ਕਾਲ) ਦੀਆਂ ਕਿਸਮਾਂ ਦਾ ਵਰਣਨ ਕਰਦਾ ਹੈ ਜਿਹੜੇ ਭਾਸ਼ਾ ਵਿਚੋਂ ਉਪਲਬਧ ਹੁੰਦੇ ਹਨ, ਅਤੇ ਰੂਪਗਤ ਸਾਧਨ (ਜਿਵੇਂ ਵਿਭਕਤੀ ਪ੍ਰਤੈ) ਜਿਨ੍ਹਾਂ ਰਾਹੀਂ ਉਹ ਅਰਥ ਪ੍ਰਾਪਤ ਕੀਤੇ ਜਾਂਦੇ ਹਨ। ਕੋਸ਼ ਦਾ ਉਦੇਸ਼ ਭਾਸ਼ਾ ਦੀਆਂ ਕੋਸ਼ੀ ਮੱਦਾਂ (ਸ਼ਬਦ, ਮੁਹਾਵਰੇ, ਹੋਰ ਨਿਸ਼ਚਿਤ ਉਕਤੀਆਂ) ਨੂੰ ਸੂਚੀਬੱਧ ਕਰਨਾ ਹੈ ਅਤੇ ਉਨ੍ਹਾਂ ਦੇ ਅਰਥ ਅਤੇ ਪ੍ਰਯੋਗ ਨੂੰ ਅੰਕਿਤ ਕਰਨਾ ਹੈ। ਪ੍ਰਯੋਗ ਦੇ ਅੰਤਰਗਤ ਉਹ ਭਾਗ ਆਉਂਦਾ ਹੈ ਜਿਹੜਾ ਇਕ ਕੋਸ਼ੀ ਮੱਦ ਭਾਸ਼ਾ ਦੇ ਵਿਆਕਰਣਕ ਪ੍ਰਬੰਧ ਵਿਚ ਅਦਾ ਕਰਦੀ ਹੈ। ਫਲਸਰੂਪ ਕੋਸ਼ ਅਤੇ ਵਿਆਕਰਣ ਦਾ ਬਹੁਤ ਗੂੜ੍ਹਾ ਸੰਬੰਧ ਹੈ।

1.8 ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਬਾਰੇ ਉਪਰੋਕਤ ਵਿਚਾਰ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਕਿ ਕੋਸ਼-ਵਿਗਿਆਨ ਕਿਸੇ ਭਾਸ਼ਾ ਦਾ ਕੋਸ਼ ਬਣਾਉਣ ਲਈ ਸਿਧਾਂਤਕ ਆਧਾਰ ਪ੍ਰਸਤੁਤ ਕਰਦਾ ਹੈ ਅਤੇ ਕੋਸ਼ਕਾਰੀ ਇਸ ਸਿਧਾਂਤਕ ਆਧਾਰ ਤੇ ਕੋਸ਼-ਨਿਰਮਾਣ ਦੇ ਵਾਸਤਵਿਕ ਕਾਰਜ ਦੀ ਪੂਰਤੀ ਵਿਚ ਸਹਾਇਤਾ ਕਰਦੀ ਹੈ ਅਰਥਾਤ ਕੋਸ਼-ਵਿਗਿਆਨਕ ਸਿਧਾਂਤ ਦਾ ਵਿਵਹਾਰਕ ਪ੍ਰਯੋਗ ਕੋਸ਼ਕਾਰੀ ਦੇ ਅੰਤਰਗਤ ਆਉਂਦਾ ਹੈ। ਇਹ ਦੋਵੇਂ ਅਨੁਸ਼ਾਸਨ ਪਰਸਪਰ ਸੰਬੰਧਿਤ ਹੀ ਨਹੀਂ, ਪਰਸਪਰ ਨਿਰਭਰ ਵੀ ਹਨ। ਇਨ੍ਹਾਂ ਦੋਹਾਂ ਅਨੁਸ਼ਾਸਨਾਂ ਦਾ ਭਾਸ਼ਾ-ਵਿਗਿਆਨ ਅਤੇ ਵਿਆਕਰਣ ਨਾਲ ਗੂੜ੍ਹਾ ਸੰਬੰਧ ਹੋਣ ਬਾਰੇ ਕਿਸੇ ਪ੍ਰਮਾਣ ਦੀ ਆਵੱਸ਼ਕਤਾ ਨਹੀਂ ਹੈ।

ਫੁਟਨੋਟ

1. Dirk Geeraets, 'Types of Semantic Information in Dictionaries' in Robert Ilson (Ed), *A Spectrum of Lexicography*, p. 1.
2. *Encyclopaedia Britannica*, vol. 7, 1962, p. 338.
3. *Chambers's Encyclopaedia*, vol. IV, 1967, p. 503.
4. *The Oxford English Dictionary*, vol. III, 1933, p. 331.
5. **ਪੰਜਾਬੀ ਕੋਸ਼ਕਾਰੀ**, 1956, ਪੰਨੇ 61-62.
6. ਜਗਜੀਤ ਸਿੰਘ ਕੋਮਲ ਦੁਆਰਾ ਉੱਧਰਿਤ, **ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ**, ਪੰਨਾ 85.
7. *Report*, p. 4, quoted by Ladislav Zgusta in *Manual of Lexicography*, p. 197.
8. ਸਰੋਜਿਨੀ ਸ਼ਰਮਾ (ਅਨੁਵਾਦਕ), **ਕੋਸ਼-ਵਿਗਿਆਨ**, ਪੰਨਾ ਅੱਠ।

9. N. Basavaradhya, 'Preparation of Kannada - Kannada Dictionary on Historical Principles' in R.G. Misra (Ed.), *Lexicography in India*, p. 79.
10. Quoted by Ali M. Al-Kasimi, *Linguistics and Bilingual Dictionaries*, p. 94.
11. ਭੋਲਾ ਨਾਥ ਤਿਵਾਰੀ, ਕੋਸ਼ ਵਿਗਿਆਨ, ਪੰਨੇ 11-12.
12. ਉਹੀ, ਪੰਨਾ 12.
13. C.L. Barnhart, *The American College Dictionary*.
14. H. Bejoint, 'On Field-Work in Lexicography' in R.R.K. Hartmann (Ed.), *Lexicography : Principles and Practice*, pp. 70-71.
15. R.R.K. Hartmann, *op. cit.*, pp. 3-4.
16. *Dictionaries*, p. 42 f.
17. ਸੁਮਿਤ੍ਰ ਮੰਗੇਸ਼ ਕਤ੍ਰੇ, ਕੋਸ਼ ਵਿਗਿਆਨ, ਪੰਨਾ 2.
18. ਭਾਸ਼ਾ ਵਿਗਿਆਨ, ਪੰਨਾ 24.
19. ਜਗਜੀਤ ਸਿੰਘ ਕੋਮਲ, ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ, ਪੰਨਾ 33.
20. ਅਜਮੇਰ ਸਿੰਘ, 'ਕੋਸ਼ ਰਚਨਾ - ਮੁੱਢਲੇ ਯਤਨ ਅਤੇ ਪਰਯੋਜਨ', ਜੁਗਿੰਦਰ ਸਿੰਘ ਪੁਆਰ ਦੁਆਰਾ ਸੰਪਾਦਿਤ ਪੁਸਤਕ ਭਾਸ਼ਾ-ਵਿਗਿਆਨ ਸੰਕਲਪ ਅਤੇ ਦਿਸ਼ਾਵਾਂ ਵਿਚੋਂ ਉੱਧਰਿਤ, ਪੰਨਾ 191.
21. *The Illustrated Heritage Dictionary and Information Book*, p. 752.
22. ਰਾਮ ਚੰਦਰ ਵਰਮਾ, ਸ਼ਬਦ ਸਾਧਨਾ, ਪੰਨਾ 174.
23. ਅੰਬਾ ਪ੍ਰਸਾਦ ਸੁਮਨ, ਭਾਸ਼ਾ-ਵਿਗਿਆਨ : ਸਿਧਾਂਤ ਔਰ ਪ੍ਰਯੋਗ, ਪੰਨਾ 362.
24. *Collins English Dictionary*, p. 883.
25. Witold Doroszewski, *Elements of Lexicology and Semantics*, pp. 23-33.
26. ਸੁਮਿਤ੍ਰ ਮੰਗੇਸ਼ ਕਤ੍ਰੇ, ਕੋਸ਼ ਵਿਗਿਆਨ, ਪੰਨਾ ਅੱਠ ।
27. Ram Adhar Singh, *An Introduction to Lexicography*, pp. 2-4.
28. ਭੋਲਾ ਨਾਥ ਤਿਵਾਰੀ, ਕੋਸ਼ ਵਿਗਿਆਨ, ਪੰਨਾ 25.

29. R.R.K. Hartmann, (Ed.) *Lexicography : Principles and Practice*, pp. 4-5.

30. ਉਹੀ, ਪੰਨਾ 20.

31. *Elements of Lexicology and Semantics*, pp. 23-33.

32. Ladislav Zgusta, *Manual of Lexicography*, pp. 15-18.

33. Ram Adhar Singh, *op. cit.*, p. 4.

34. Yakov Malkiel 'How English Dictionaries Present the Etymology of Words of Romance Origin' in Robert Burchfield (Ed.), *Studies in Lexicography*, p. 178.

35. *The Illustrated Heritage Dictionary and Information Book*, p. 752.

36. ਸ਼ਬਦ ਸਾਧਨਾ, ਪੰਨਾ 174.

37. ਭਾਸ਼ਾ-ਵਿਗਿਆਨ : ਸਿੱਧਾਂਤ ਔਰ ਪ੍ਰਯੋਗ, ਪੰਨਾ 362.

38. *Dictionary of Literary Terms*, p. 219.

39. *Manual of Lexicography*, p. 14.

40. Doroszewski, *op. cit.*, p. 36.

41. Ali M. Al-Kasimi, *Linguistics and Bilingual Dictionaries*, p. 1.

42. Ladislav Zgusta, *op. cit.*, p. 103 n.

43. Ram Adhar Singh. *op. cit.*, p. 1.

44. *Ibid.*, p. 5.

45. N.V. Rajagopalan 'Some Aspects and Problems of Lexicography' in B.G. Misra (Ed.), *Lexicography in India*, p. 172.

46. Urdang, 'Review of Problems in Lexicography', *Language* 39, p. 594.

47. N.V. Rajagopalan, *op. cit.*, p. 170.

48. Leonard Bloomfield, *Language*, p. 274.

49. H.A. Gleason, 'The Relation of Lexicon and Grammar', in Householder and Saporta, p. 90.

50. Geoffrey Leech, *Semantics*, pp. 220-21.

51. H.A. Gleason, *op. cit.*, pp. 93-4.

ਦੂਜਾ ਅਧਿਆਇ

ਕੋਸ਼ਾਂ ਦਾ ਵਰਗੀਕਰਣ

2.0 ਪਹਿਲੇ ਅਧਿਆਇ ਵਿਚ ਕੋਸ਼ ਦੀਆਂ ਵਿਭਿੰਨ ਪਰਿਭਾਸ਼ਾਵਾਂ ਪ੍ਰਸਤੁਤ ਕਰਦਿਆਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਕੋਸ਼ ਭਾਸ਼ਾ-ਵਿਸ਼ੇਸ਼ ਦੀਆਂ ਵੱਖ ਵੱਖ ਕੋਸ਼ੀ ਇਕਾਈਆਂ ਦੀ ਅੱਖਰ-ਕ੍ਰਮ ਅਨੁਸਾਰ ਕ੍ਰਮਬੱਧ ਸੂਚੀ ਹੁੰਦਾ ਹੈ ਜਿਸ ਵਿਚ ਕੋਸ਼ੀ ਇਕਾਈਆਂ ਦੇ ਸ਼ਬਦ-ਜੋੜ, ਉਚਾਰਣ, ਵਿਆਕਰਣਕ ਕੋਟੀ, ਅਰਥ, ਪ੍ਰਯੋਗ, ਪਰਿਆਇ, ਵਿਪਰਿਆਇ, ਵਿਉਤਪੱਤੀ ਅਤੇ ਇਤਿਹਾਸ ਆਦਿ ਦਾ ਉਲੇਖ ਕੀਤਾ ਜਾਂਦਾ ਹੈ। ਕਹਿਣ ਦਾ ਭਾਵ ਇਹ ਕਿ ਇਕ ਪ੍ਰਯੋਗਕਰਤਾ ਕੋਸ਼ ਵਿਚੋਂ ਘੱਟੋ ਘੱਟ ਹੇਠ ਲਿਖੀ ਜਾਣਕਾਰੀ ਦੀ ਮੰਗ ਕਰਦਾ ਹੈ : "(i) ਸ਼ਬਦਾਂ ਅਤੇ ਸੰਖੇਪ ਸ਼ਬਦਾਂ (abbreviations) ਦੇ ਅਰਥ; (ii) ਵਿਕਲਪ ਅਰਥ ਜਾਂ ਸ਼ਬਦ-ਪ੍ਰਯੋਗ ; (iii) ਪਰਿਸ਼ੁੱਧਤਾ (precision) ; (iv) (ਪਹਿਲਾਂ ਸਿੱਖੇ ਸ਼ਬਦਾਂ ਦਾ) ਪੁਨਰ-ਪ੍ਰਯੋਗ ਅਤੇ ਦੁਹਰਾਉ ; (v) ਸ਼ਬਦ-ਜੋੜ ; (vi) ਉਚਾਰਣ, ਵਿਸ਼ੇਸ਼ ਕਰਕੇ ਬਲਾਘਾਤ (stress) ਦੀ ਸਥਿਤੀ।"[1]

ਕੋਸ਼ ਦੀਆਂ ਇਨ੍ਹਾਂ ਪਰਿਭਾਸ਼ਾਵਾਂ ਵਿਚ ਸ਼ਬਦਾਂ ਦੀ ਅੱਖਰ-ਕ੍ਰਮ ਅਨੁਸਾਰ ਤਰਤੀਬ ਨੇ ਕੋਸ਼ ਦੇ ਵਿਸ਼ੇ-ਖੇਤਰ ਨੂੰ ਅਤਿਅਧਿਕ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਫਲਸਰੂਪ, ਇਸ ਦੇ ਦਾਇਰੇ ਵਿਚ ਉਹ ਸਾਰੀਆਂ ਸੰਦਰਭ ਪੁਸਤਕਾਂ ਆ ਜਾਂਦੀਆਂ ਹਨ ਜਿਹੜੀਆਂ ਵੱਖ ਵੱਖ ਪ੍ਰਕਾਰ ਦੀ ਸੂਚਨਾ ਅੱਖਰ-ਕ੍ਰਮ ਅਨੁਸਾਰ ਪ੍ਰਦਾਨ ਕਰਦੀਆਂ ਹਨ ਜਿਵੇਂ ਪਰਿਭਾਸ਼ਿਕ ਸ਼ਬਦਾਵਲੀ, ਸ਼ਬਦ-ਅਨੁਕ੍ਰਮਣਿਕਾ, ਸ਼ਬਦ-ਸੂਚੀ, ਗਜ਼ਟੀਅਰ, ਪਰਿਆਇ ਕੋਸ਼, ਵਿਸ਼ਵਕੋਸ਼, ਭਾਸ਼ਾਈ ਐਟਲਸ, ਨਾਵਾਂ ਥਾਵਾਂ ਦਾ ਕੋਸ਼, ਟੈਲੀਫੋਨ ਡਾਇਰੈਕਟਰੀ ਆਦਿ। ਕੋਸ਼ਾਂ ਦੇ ਪ੍ਰਕਾਰ ਅਤੇ ਸੰਬੰਧਿਤ ਸ਼ਬਦਾਵਲੀ ਦਾ ਅਧਿਐਨ ਕੋਸ਼ਾਂ ਦੇ ਵਰਗੀਕਰਣ ਦੇ ਅੰਤਰਗਤ ਕੀਤਾ ਜਾਂਦਾ ਹੈ।

2.1 ਕੋਸ਼-ਵਰਗੀਕਰਣ ਦੇ ਆਧਾਰ : ਭਾਸ਼ਾ-ਵਿਗਿਆਨੀਆਂ ਅਤੇ ਕੋਸ਼-ਵਿਗਿਆਨੀਆਂ ਨੇ ਕੋਸ਼ਾਂ ਦੇ ਵਰਗੀਕਰਣ ਲਈ ਕੁਝ ਆਧਾਰ ਨਿਸ਼ਚਿਤ ਕੀਤੇ ਹਨ ਜਿਹੜੇ ਕੋਸ਼-ਨਿਰਮਾਣ ਦੇ ਸਮੁੱਚੇ ਕਾਰਜ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ। ਕੋਸ਼ ਦੀ ਕਲਪਨਾ ਅਰਥਾਤ ਯੋਜਨਾ ਤੋਂ ਲੈ ਕੇ ਪ੍ਰੈਸ ਕਾਪੀ ਤਿਆਰ ਕਰਨ ਦੇ ਵਿਭਿੰਨ ਪੜਾਅ ਜਿਵੇਂ ਸਾਮੱਗਰੀ ਸੰਕਲਨ,

ਅੰਦਰਾਜਾਂ ਦੀ ਚੋਣ ਅਤੇ ਵਿਨਿਆਸ (setting), ਅੰਦਰਾਜਾਂ ਦੀ ਤਰਤੀਬ ਅਤੇ ਅਰਥ ਦੀ ਨਿਰਭਰਤਾ ਮੁੱਖ ਤੌਰ ਤੇ ਕੋਸ਼ਾਂ ਦੇ ਵਰਗੀਕਰਣ ਤੇ ਹੁੰਦੀ ਹੈ। ਇੰਜ ਕੋਸ਼-ਵਿਗਿਆਨੀਆਂ ਨੇ ਕੋਸ਼-ਵਰਗੀਕਰਣ ਦਾ ਆਧਾਰ ਕੋਸ਼ ਦੇ ਅੰਦਰਾਜ ਦੀ ਪ੍ਰਕਿਰਤੀ ਤੋਂ ਲੈ ਕੇ ਕੋਸ਼ ਦੇ ਭਾਵੀ ਪ੍ਰਯੋਗਕਰਤਾ ਨੂੰ ਬਣਾਇਆ ਹੈ।

ਡਾ. ਭੋਲਾ ਨਾਥ ਤਿਵਾਰੀ[2] ਨੇ ਕੋਸ਼ਾਂ ਦੇ ਵਰਗੀਕਰਣ ਦੇ ਮੁੱਖ ਆਧਾਰਾਂ ਤੇ ਚਰਚਾ ਕਰਦਿਆਂ ਕੋਸ਼ ਦੇ ਹੇਠ ਲਿਖੇ ਮੁੱਖ ਆਧਾਰ ਮੰਨੇ ਹਨ : (1) ਉਦੇਸ਼; (2) ਭਾਸ਼ਾ; (3) ਪ੍ਰਵਿਸ਼ਟੀ ਅਥਵਾ ਮੁੱਖ ਅੰਦਰਾਜ; (4) ਕਾਲ; (5) ਅਰਥ; (6) ਪ੍ਰਵਿਸ਼ਟੀ ਕ੍ਰਮ; ਅਤੇ (7) ਵਿਸ਼ਿਸ਼ਟ ਦ੍ਰਿਸ਼ਟੀਕੋਣ। ਇਸ ਆਧਾਰ ਤੇ ਉਸ ਨੇ ਕੋਸ਼ਾਂ ਦਾ ਵਰਗੀ-ਕਰਣ ਇਸ ਪ੍ਰਕਾਰ ਕੀਤਾ ਹੈ : (1) ਸ਼ਬਦ ਕੋਸ਼; (2) ਵਿਸ਼ੇ ਕੋਸ਼, ਅਤੇ (3) ਹੋਰ ਕੋਸ਼ ਜਿਵੇਂ ਉਚਾਰਣ ਕੋਸ਼, ਵਿਉਤਪੱਤੀ ਕੋਸ਼, ਪਰਿਆਇ ਕੋਸ਼, ਵਿਪਰਿਆਇ ਕੋਸ਼, ਸੰਖੇਪ ਕੋਸ਼, ਅਨੇਕਾਰਥੀ ਕੋਸ਼, ਪ੍ਰਯੋਗ ਕੋਸ਼, ਦੁਭਾਸ਼ੀ ਕੋਸ਼, ਅਨੁਕ੍ਰਮਣਿਕਾ ਅਥਵਾ ਸ਼ਬਦ-ਸੂਚੀ, ਪਰਿਭਾਸ਼ਿਕ ਕੋਸ਼, ਸ਼ਬਦ ਪਰਿਵਾਰ ਕੋਸ਼, ਧਾਤੂ ਕੋਸ਼, ਤੁਕ ਕੋਸ਼ ਆਦਿ।

ਅਲ-ਕਾਸਿਮੀ[3] ਕਹਿੰਦਾ ਹੈ ਕਿ ਕੋਸ਼ ਦੇ ਉਦੇਸ਼ ਅਤੇ ਪ੍ਰਯੋਗਕਰਤਾ ਵਰਗ ਦੀਆਂ ਲੋੜਾਂ ਬਾਰੇ ਭਾਸ਼ਾ-ਵਿਗਿਆਨੀਆਂ ਦਾ ਅੱਜ ਵੀ ਉਹੀ ਮਤ ਹੈ ਜੋ ਕੁਝ ਸਮਾਂ ਪਹਿਲਾਂ ਸੀ। ਇਸ ਮਤ ਵਿਚ ਕੋਈ ਬੁਨਿਆਦੀ ਪਰਿਵਰਤਨ ਨਹੀਂ ਆਇਆ। ਰੀਡ ਨੇ ਹਾਲ ਹੀ ਵਿਚ ਕਿਹਾ ਹੈ ਕਿ "(ਕੋਸ਼ ਦੇ) ਚੰਗੇ ਸੰਪਾਦਕ ਨੂੰ ਆਪਣੇ ਕੋਸ਼ ਨੂੰ ਵਿਸ਼ੇਸ਼ ਉਦੇਸ਼ ਪ੍ਰਤਿ ਰੁਚਿਤ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਨਾਲ ਕੋਸ਼ ਦੀ ਨਿਰਭਰਤਾ ਕੋਸ਼ ਦੇ ਪ੍ਰਯੋਗਕਰਤਿਆਂ ਤੇ ਹੁੰਦੀ ਹੈ।"[4]

ਉਦੇਸ਼ ਨੂੰ ਕੋਸ਼ ਦਾ ਨਿਰਧਾਰਿਤ ਤੱਤ ਮੰਨਦਿਆਂ ਜ਼ਗੁਸਤਾ[5] ਲਿਖਦਾ ਹੈ ਕਿ ਕੁਝ ਕਿਸਮ ਦੇ ਕੋਸ਼ ਆਪਣੇ ਉਦੇਸ਼ ਦੇ ਕਠੋਰ ਬੰਧਨ ਕਰਕੇ ਹੀ ਮਹੱਤਵਪੂਰਣ ਹੁੰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਅਧਿਕ ਮਹੱਤਵਪੂਰਣ ਕੋਸ਼ ਸਿਖਿਆ ਕੋਸ਼ (pedagogical dictionaries) ਹਨ। ਇਹ ਕੋਸ਼ ਆਮ ਕਰਕੇ ਅੰਦਰਾਜਾਂ ਦੀ ਸੰਖਿਆ ਅਤੇ ਸ਼ਬਦਾਂ ਦੇ ਇਕਹਿਰੇ ਅਰਥ ਤਕ ਸੀਮਿਤ ਰਹਿੰਦੇ ਹਨ, ਜਾਂ ਫਿਰ ਸ਼ਬਦ-ਰਚਨਾ ਦੇ ਸੰਕੇਤ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਵਿਚ ਉਹੀ ਕੁਝ ਸ਼ਾਮਿਲ ਕੀਤਾ ਜਾਂਦਾ ਹੈ ਜੋ ਕੁਝ ਭਾਸ਼ਾ ਸਿੱਖ ਰਹੇ ਵਿਅਕਤੀ ਕੋਲੋਂ ਬੋਲਣ, ਲਿਖਣ ਅਤੇ ਪੜ੍ਹਨ ਦੀ ਆਸ ਕੀਤੀ ਜਾਂਦੀ ਹੈ। ਇਸ ਪ੍ਰਕਾਰ ਦੇ ਕੋਸ਼ਾਂ ਵਿਚ ਅਧਿਕਤਰ ਵਿਆਖਿਆ, ਅਨੁਵਾਦ, ਭਾਸ਼ਾ-ਅੰਸ਼ (gloss) ਆਦਿ ਸੰਮਿਲਿਤ ਹੁੰਦੇ ਹਨ, ਪਰ ਸਾਧਾਰਣ ਸ਼ਬਦ ਘੱਟ ਹੀ ਸ਼ਾਮਿਲ ਕੀਤੇ ਜਾਂਦੇ ਹਨ।

ਹਾਰਟਮੈਨ[6] ਕੋਸ਼ਾਂ ਦਾ ਉਨ੍ਹਾਂ ਦੇ ਖੇਤਰ, ਪਰਿਪੇਖ, ਉਦੇਸ਼ ਅਤੇ ਪੇਸ਼ਕਾਰੀ ਅਨੁਸਾਰ ਵੱਖ ਵੱਖ ਢੰਗਾਂ ਨਾਲ ਵਰਗੀਕਰਣ ਕਰਦਾ ਹੈ। ਕਿਸੇ ਭਾਸ਼ਾ-ਵਿਸ਼ੇਸ਼ ਦੀ ਕੋਸ਼ ਵਿਚ ਸੰਮਿਲਿਤ ਸ਼ਬਦਾਵਲੀ ਦੇ ਆਧਾਰ ਤੇ ਕੋਸ਼ਾਂ ਨੂੰ ਸਾਧਾਰਣ ਅਤੇ ਵਿਸ਼ੇਸ਼ ਕੋਸ਼ਾਂ ਵਿਚ ਵੰਡਿਆ ਜਾ ਸਕਦਾ ਹੈ। ਸਾਧਾਰਣ ਕੋਸ਼ ਭਾਸ਼ਾ-ਵਿਸ਼ੇਸ਼ ਦੀ ਸਮੁੱਚੀ ਸ਼ਬਦਾਵਲੀ ਨੂੰ

ਆਪਣੇ ਵਿਚ ਸਮੋ ਲੈਂਦਾ ਹੈ ਅਤੇ **ਵਿਸ਼ੇਸ਼ ਕੋਸ਼** ਸ਼ਬਦਾਵਲੀ ਦੇ ਇਕ ਅੰਸ਼ ਨਾਲ ਸੰਬੰਧਿਤ ਹੁੰਦਾ ਹੈ ਜਿਵੇਂ ਚਿਕਿਤਸਾ ਕੋਸ਼, ਰਸਾਇਣ ਕੋਸ਼, ਦਰਸ਼ਨ ਕੋਸ਼ ਆਦਿ। ਕੋਸ਼ਾਂ ਦੇ ਵਰਗੀਕਰਣ ਲਈ ਹੋਰ ਵੀ ਕਈ ਪ੍ਰਕਾਰ ਦੀਆਂ ਕਸੌਟੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਕੀ ਇਨ੍ਹਾਂ ਵਿਚ ਵਿਸ਼ਵਕੋਸ਼ੀ ਸੂਚਨਾ ਸ਼ਾਮਿਲ ਹੈ (ਭਾਸ਼ਾਈ ਬਨਾਮ ਵਿਸ਼ਵਕੋਸ਼), ਕੀ ਸ਼ਬਦਾਂ ਦੇ ਪ੍ਰਯੋਗ ਬਾਰੇ ਇਨ੍ਹਾਂ ਦੀ ਰੁਚੀ ਨਿਰਦੇਸ਼ਾਤਮਕ (prescriptive) ਹੈ ਜਾਂ ਵਰਣਨਾਤਮਕ (ਮਾਨਕੀ/ਉਪਦੇਸ਼ਾਤਮਕ (didactic) ਬਨਾਮ ਵਰਣਨਾਤਮਕ ਕੋਸ਼), ਕੀ ਇਹ ਭਾਸ਼ਾ ਦੇ ਪਰਿਵਰਤਨਾਂ ਦਾ ਉਚਿਤ ਖ਼ਿਆਲ ਰਖਦੇ ਹਨ (ਇਤਿਹਾਸਕ-ਨਿਰੁਕਤ ਕੋਸ਼ ਬਨਾਮ ਸਮਕਾਲਕ ਪ੍ਰਯੋਗ ਕੋਸ਼), ਜਾਂ ਕੀ ਇਹ ਭਾਸ਼ਾ ਦੀ ਕਿਸੇ ਵੰਨਗੀ ਦਾ ਰਿਕਾਰਡ ਜਾਂ ਵਰਣਨ ਕਰਦੇ ਹਨ (ਸਾਹਿਤਕ ਕੋਸ਼ ਬਨਾਮ ਅਲਿਖਿਤ ਭਾਸ਼ਾਵਾਂ ਦੇ ਕੋਸ਼)। ਕੋਸ਼ ਦੀਆਂ ਕੁਝ ਕਿਸਮਾਂ ਅਜਿਹੀਆਂ ਹਨ ਜਿਨ੍ਹਾਂ ਦਾ ਸੰਬੰਧ ਅਧਿਕਤਰ ਅੰਤਰ-ਭਾਸ਼ਾਈ ਕੋਸ਼ਾਂ ਨਾਲ ਹੈ। ਇਥੇ ਮੁੱਖ ਤੌਰ ਤੇ ਤਿੰਨ ਕਿਸਮਾਂ ਦਾ ਉਲੇਖ ਕੀਤਾ ਜਾ ਸਕਦਾ ਹੈ: (1) ਮਸ਼ੀਨੀ ਅਨੁਵਾਦ ਲਈ ਕੋਸ਼; (2) ਵਿਸ਼ੇਸ਼ ਸ਼ਬਦਾਵਲੀ ਦੇ ਡੇਟਾ-ਬੈਂਕਾਂ ਲਈ ਕੋਸ਼ ਅਤੇ (3) ਮਾਨਵੀ ਪ੍ਰਯੋਗਕਰਤਾ ਲਈ ਕੋਸ਼।

ਦੁਭਾਸ਼ੀ ਕੋਸ਼ਾਂ ਦੇ ਆਧਾਰ ਦਾ ਜ਼ਿਕਰ ਕਰਦਿਆਂ ਹਾਰਟਮੈਨ[7] ਲਿਖਦਾ ਹੈ ਕਿ ਬਹੁਤੇ ਵਰਤਮਾਨ ਕੋਸ਼ਾਂ ਦੀ ਇਕ ਮੁੱਖ ਸਮੱਸਿਆ ਇਹ ਹੈ ਕਿ ਇਹ ਇਕੋ ਸਮੇਂ ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ ਦੋਹਾਂ ਦੇ ਬੁਲਾਰਿਆਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਦੋਹਾਂ ਪ੍ਰਯੋਗਕਰਤਿਆਂ ਦੀਆਂ ਲੋੜਾਂ ਕਿਉਂਕਿ ਭਿੰਨ ਹੁੰਦੀਆਂ ਹਨ, ਇਸ ਲਈ ਇਕੋ ਕੋਸ਼ ਵਿਚ ਦੋਹਾਂ ਵਲ ਬਰਾਬਰ ਧਿਆਨ ਦੇਣਾ ਅਸੰਭਵ ਹੈ। ਸ੍ਰੋਤ ਭਾਸ਼ਾ ਦੇ ਬੁਲਾਰਿਆਂ ਲਈ ਤਿਆਰ ਕੀਤਾ ਕੋਸ਼ ਬਹੁਤ ਸਾਰੀਆਂ ਗੱਲਾਂ ਵਿਚ ਟੀਚਾ ਭਾਸ਼ਾ ਦੇ ਬੁਲਾਰਿਆਂ ਲਈ ਤਿਆਰ ਕੀਤੇ ਕੋਸ਼ ਤੋਂ ਭਿੰਨ ਹੋਣਾ ਚਾਹੀਦਾ ਹੈ ਜਿਵੇਂ ਨਿਰਦੇਸ਼ਾਂ/ਸੰਕੇਤਾਂ ਵਿਚ ਵਰਤੀ ਭਾਸ਼ਾ, ਸ਼ਬਦਾਵਲੀ ਦੀ ਚੋਣ, ਜਾਂ ਪ੍ਰਦਾਨ ਕੀਤੀ ਜਾਣ ਵਾਲੀ ਸਭਿਆਚਾਰਕ ਸੂਚਨਾ ਦੀ ਪ੍ਰਵਿਰਤੀ ਆਦਿ। ਕੁਝ ਕੋਸ਼ ਲੋੜ ਅਨੁਸਾਰ ਉਦਾਹਰਣਾਂ ਨੂੰ ਦੋਹਾਂ ਭਾਸ਼ਾਵਾਂ ਵਿਚ ਦਿੰਦੇ ਹਨ, ਪਰ ਇਹ ਵਿਧੀ ਕੋਸ਼ ਨੂੰ ਮੁਸ਼ਕਿਲ, ਵੱਡ-ਆਕਾਰੀ ਅਤੇ ਮਹਿੰਗਾ ਬਣਾ ਦਿੰਦੀ ਹੈ।

ਮੈਲਕੀਲ (Malkiel)[8] ਨੇ ਕੋਸ਼ਾਂ ਦੇ ਵਰਗੀਕਰਣ ਲਈ ਮੁੱਖ ਤੌਰ ਤੇ ਹੇਠ ਲਿਖੀ ਕਸੌਟੀ ਅਪਣਾਈ ਹੈ:

(1) **ਅੰਦਰਾਜਾਂ ਦੀ ਸੰਖਿਆ:** ਕੀ ਸ਼ਬਦ-ਸੂਚੀ ਸਾਧਾਰਣ ਹੈ ਜਾਂ ਬੰਧੇਜੀ (restrictive) ਜਾਂ ਵਿਸ਼ੇਸ਼? ਕੀ ਇਸ ਵਿਚ ਪ੍ਰਾਦੇਸ਼ਿਕ ਅਤੇ ਸਮਾਜਕ ਉਪ-ਭਾਸ਼ਾਵਾਂ, ਵਰਗ-ਬੋਲੀ (jargon) ਅਤੇ ਅਪਭਾਸ਼ਾ (slang) ਅਤੇ ਪ੍ਰਾਚੀਨ ਸ਼ਬਦ ਵੀ ਸ਼ਾਮਿਲ ਹਨ।

(2) **ਸੰਬੰਧਿਤ ਭਾਸ਼ਾਵਾਂ ਦੀ ਗਿਣਤੀ:** ਸਮਭਾਸ਼ੀ, ਦੁਭਾਸ਼ੀ, ਬਹੁਭਾਸ਼ੀ ਕੋਸ਼ ਆਦਿ।

(3) **ਅੰਦਰਾਜਾਂ ਦੀ ਪ੍ਰਕਿਰਤੀ :** ਕੀ ਅੰਦਰਾਜ ਕੇਵਲ ਕੋਸ਼ੀ ਹਨ ਜਾਂ ਵਿਸ਼ਵਕੋਸ਼ੀ ਵੀ ਹਨ ? ਕੋਸ਼ੀ ਸਾਮੱਗਰੀ ਤੇ ਕੇਂਦਰੀਕਰਣ ਦੀ ਮਾਤਰਾ ।

(4) **ਸਮਾਂ-ਆਧਾਰ :** ਕੀ ਕੋਸ਼ ਸਮਕਾਲਕ ਹੈ ਜਾਂ ਦੁਕਾਲਕ ?

(5) **ਅੰਦਰਾਜਾਂ ਦੀ ਤਰਤੀਬ :** ਅੱਖਰ-ਕ੍ਰਮ ਅਨੁਸਾਰ ਜਾਂ ਅਰਥਾਂ ਅਨੁਸਾਰ ਜਾਂ ਅਨਿਯਮਿਤ (casual) ।

(6) **ਉਦੇਸ਼ :** ਕੀ ਕੋਸ਼ ਮਾਨਕੀ (normative) ਹੈ ਜਾਂ ਸੰਦਰਭ ਕੋਸ਼ ।

(7) **ਭਾਵੀ ਪ੍ਰਯੋਗਕਰਤਾ ;** ਕੀ ਕੋਸ਼ ਸਾਧਾਰਣ ਭਾਸ਼ਾਈ ਸੂਚਨਾ ਪ੍ਰਾਪਤ ਕਰਨ ਲਈ ਤਿਆਰ ਕੀਤਾ ਗਿਆ ਹੈ ਜਾਂ ਕੋਸ਼ੀ ਇਕਾਈ ਦੇ ਕਿਸੇ ਵਿਸ਼ੇਸ਼ ਪਹਿਲੂ ਜਿਵੇਂ ਨਿਰੁਕਤੀ, ਉਚਾਰਣ ਆਦਿ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਕਰਨ ਲਈ ਵਿਸ਼ੇਸ਼ ਪ੍ਰਯੋਗਕਰਤਾ-ਵਰਗ ਲਈ ਤਿਆਰ ਕੀਤਾ ਗਿਆ ਹੈ ? ਕੀ ਇਹ ਸਾਧਾਰਣ ਭਾਸ਼ਾ ਦਾ ਕੋਸ਼ ਹੈ ਜਾਂ ਸਾਹਿਤਕ ਭਾਸ਼ਾ ਦਾ ; ਜੇ ਸਾਹਿਤਕ ਭਾਸ਼ਾ ਦਾ ਕੋਸ਼ ਹੈ ਤਾਂ ਕੀ ਇਹ ਕਿਸੇ ਵਿਸ਼ੇਸ਼ ਲੇਖਕ ਜਾਂ ਉਸ ਦੀ ਕਿਸੇ ਵਿਸ਼ੇਸ਼ ਰਚਨਾ ਨਾਲ ਸੰਬੰਧਿਤ ਹੈ ?

ਇਸੇ ਪ੍ਰਸੰਗ ਵਿਚ ਰੂਸੀ ਕੋਸ਼-ਵਿਗਿਆਨੀ ਸਚੇਰਬਾ[9] ਨੇ ਕੋਸ਼-ਵਰਗੀਕਰਣ ਦੇ ਤਿੰਨ ਆਧਾਰ ਸਵੀਕਾਰ ਕੀਤੇ ਹਨ : (1) ਉਦੇਸ਼ ; (2) ਪ੍ਰਯੋਗਕਰਤਾ ; ਅਤੇ (3) ਰਚਨਾ-ਪ੍ਰਣਾਲੀ (methodology) ।

ਕੋਸ਼ ਨਿਰਮਾਣ ਸਮੇਂ ਕੋਸ਼ ਵਰਗੀਕਰਣ ਦੇ ਉਪਰ-ਵਰਣਿਤ ਆਧਾਰਾਂ ਨੂੰ ਕਈ ਵਾਰੀ ਕਠੋਰਤਾਪੂਰਵਕ ਨਹੀਂ ਅਪਣਾਇਆ ਜਾ ਸਕਦਾ, ਬਲਕਿ ਇਕ ਦੂਜੇ ਨਾਲ ਮਿਲਾ ਕੇ ਅਪਣਾਇਆ ਜਾਂਦਾ ਹੈ । ਮਿਸਾਲ ਦੇ ਤੌਰ ਤੇ, ਜਦੋਂ ਅਸੀਂ 'ਸੰਸਕ੍ਰਿਤ ਕੋਸ਼' (ਪੂਨਾ) ਦੀ ਗੱਲ ਕਰਦੇ ਹਾਂ ਤਾਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਭਾਵੇਂ ਇਸ ਕੋਸ਼ ਦਾ ਮੁੱਖ ਮੰਤਵ ਸ਼ਬਦਾਂ ਦਾ ਇਤਿਹਾਸ ਪ੍ਰਸਤੁਤ ਕਰਨਾ ਹੈ, ਪਰ ਇਹ ਦੋ ਭਾਸ਼ਾਵਾਂ ਨਾਲ ਸੰਬੰਧਿਤ ਹੈ ਅਤੇ ਅੱਖਰ-ਕ੍ਰਮ ਅਨੁਸਾਰ ਤਰਤੀਬ-ਬੱਧ ਕੀਤਾ ਗਿਆ ਹੈ । 'ਮਲਿਆਲਮ ਲੈਕਸੀਕਾਨ' ਅਤੇ 'ਤਮਿਲ ਲੈਕਸੀਕਾਨ' ਨੇ ਵੀ ਕੁਝ ਨਿਯਮਾਂ ਨੂੰ ਮਿਲਾ ਕੇ ਅਪਣਾਇਆ ਹੈ । ਕਹਿਣ ਦਾ ਭਾਵ ਇਹ ਕਿ ਵਿਭਿੰਨ ਪ੍ਰਕਾਰ ਦੇ ਕੋਸ਼ਾਂ ਵਿਚ ਇਹ ਲੱਛਣ ਪਰਸਪਰ-ਵਿਆਪੀ (overlapping) ਹਨ ।

2.2 ਕੋਸ਼ਾਂ ਦਾ ਵਰਗੀਕਰਣ : ਉਪਰ-ਵਰਣਿਤ ਵਿਭਿੰਨ ਕਸੌਟੀਆਂ ਦੇ ਆਧਾਰ ਤੇ ਹੁਣ ਅਸੀਂ ਕੋਸ਼-ਵਿਗਿਆਨੀਆਂ ਵਲੋਂ ਪ੍ਰਸਤੁਤ ਕੋਸ਼ ਦੀਆਂ ਵਿਭਿੰਨ ਕਿਸਮਾਂ ਦਾ ਵਰਣਨ ਕਰ ਸਕਦੇ ਹਾਂ । ਕੋਸ਼ਾਂ ਦਾ ਵਰਗੀਕਰਣ ਕਰਦਾ ਸਚੇਰਬਾ[10] ਲਿਖਦਾ ਹੈ ਕਿ ਕੋਸ਼ਕਾਰੀ ਦੀਆਂ ਸਮੱਸਿਆਵਾਂ ਵਿਚੋਂ ਮੂਲ ਸਮੱਸਿਆ ਕੋਸ਼ਾਂ ਦੇ ਵਿਭਿੰਨ ਪ੍ਰਕਾਰਾਂ ਦੀ ਸਮੱਸਿਆ ਹੈ । ਇਸ ਦਾ ਸਿੱਧਾ ਵਿਵਹਾਰਕ ਮਹੱਤਵ ਹੈ ਅਤੇ ਕਿਸੇ ਨਾ ਕਿਸੇ ਕਾਰਣ ਇਸ ਸਮੱਸਿਆ ਦਾ ਹੱਲ ਸਦਾ ਅਨੁਭਵ-ਆਧਾਰੀ ਢੰਗ ਨਾਲ ਕੀਤਾ ਗਿਆ ਹੈ । ਕੁਲ ਮਿਲਾ

ਕੇ ਸਚੇਰਬਾ ਕੋਸ਼ਾਂ ਦੀਆਂ ਨੌਂ ਵਿਭਿੰਨ ਕਿਸਮਾਂ ਦਾ ਜ਼ਿਕਰ ਕਰਦਾ ਹੈ : (1) ਸੰਦਰਭ ਕੋਸ਼ ; (2) ਅਕਾਦਮਿਕ ਕੋਸ਼ ; (3) ਵਿਸ਼ਵਕੋਸ਼ ; (4) ਪਰਿਆਇ ਕੋਸ਼ ; (5) ਵਿਆਖਿਆ ਕੋਸ਼ ; (6) ਦੁਭਾਸ਼ੀ ਕੋਸ਼ ; (7) ਵਿਚਾਰ ਕੋਸ਼ ; (8) ਸਮਕਾਲਕ ਕੋਸ਼ ; ਅਤੇ (9) ਦੁਕਾਲਕ ਕੋਸ਼ । ਇਨ੍ਹਾਂ ਕਿਸਮਾਂ ਦਾ ਦੁਵਰਗੀਕਰਣ ਸਚੇਰਬਾ ਨੇ ਇਸ ਪ੍ਰਕਾਰ ਕੀਤਾ ਹੈ ।

(1) ਮਾਨਕੀ (normative) ਕੋਸ਼ ਜਿਹੜਾ ਪ੍ਰਤਿਮਾਨਾਂ ਦਾ ਉਲੇਖ ਕਰਦਾ ਹੈ (ਜਿਵੇਂ ਫਰਾਂਸੀਸੀ, ਰੂਸੀ, ਸਪੇਨਿਸ਼ ਅਕਾਦਮੀ ਕੋਸ਼) ਬਨਾਮ ਸੰਦਰਭ ਕੋਸ਼ ਜਿਹੜਾ ਵਰਣਨਾਤਮਕ ਪਹੁੰਚ-ਵਿਧੀ ਅਪਣਾਉਂਦਾ ਹੈ ।

(2) ਵਿਸ਼ਵਕੋਸ਼ ਬਨਾਮ ਕੋਸ਼ : ਇਹ ਤੁਲਨਾ ਭਾਸ਼ਾ ਵਿਚ ਖ਼ਾਸ ਨਾਵਾਂ ਦੇ ਪ੍ਰਕਾਰਜ ਤੇ ਆਧਾਰਿਤ ਹੈ । ਸਚੇਰਬਾ ਦਾ ਵਿਚਾਰ ਹੈ ਕਿ ਖ਼ਾਸ ਨਾਮ ਭਾਸ਼ਾ-ਵਿਸ਼ੇਸ਼ ਦਾ ਅੰਗ ਹਨ ਅਤੇ ਇਨ੍ਹਾਂ ਨੂੰ ਕੋਸ਼ ਤੋਂ ਬਾਹਰ ਨਹੀਂ ਰੱਖਣਾ ਚਾਹੀਦਾ । "ਇਥੇ ਸਮੱਸਿਆਂ ਇਨ੍ਹਾਂ ਦੇ ਅਰਥਾਂ ਨੂੰ ਵਿਸ਼ਵਕੋਸ਼ ਵਿਚ ਦਰਜ ਅਰਥਾਂ ਤੋਂ ਨਿਖੇੜ ਕੇ ਪੇਸ਼ ਕਰਨ ਦੀ ਹੈ ।"

(3) ਸਾਧਾਰਣ ਕੋਸ਼ (ਜਿਵੇਂ ਕਿ ਪਰਿਭਾਸ਼ਾ ਕੋਸ਼ ਜਾਂ ਅਨੁਵਾਦ ਕੋਸ਼) ਬਨਾਮ ਸਾਧਾਰਣ ਸ਼ਬਦ-ਅਨੁਕ੍ਰਮਣਿਕਾ ਜਿਸ ਵਿਚ ਸਾਰੇ ਸ਼ਬਦਾਂ ਨੂੰ ਸੂਚੀਬੱਧ ਕੀਤਾ ਜਾਂਦਾ ਹੈ ਅਤੇ ਨਾਲ ਹੀ ਪੁਸਤਕਾਂ ਵਿਚੋਂ ਲੱਭ ਕੇ ਇਨ੍ਹਾਂ ਦੇ ਪ੍ਰਸੰਗ ਦੀਆਂ ਟੂਕਾਂ ਦਿੱਤੀਆਂ ਜਾਂਦੀਆਂ ਹਨ ।

(4) ਸਾਧਾਰਣ ਕੋਸ਼ (ਜਿਵੇਂ ਕਿ ਪਰਿਭਾਸ਼ਾ ਕੋਸ਼ ਜਾਂ ਅਨੁਵਾਦ ਕੋਸ਼) ਬਨਾਮ ਵਿਚਾਰ ਕੋਸ਼ ਜਿਹੜਾ ਵਿਚਾਰਾਂ ਜਾਂ ਵਿਸ਼ਿਆਂ ਅਨੁਸਾਰ ਸ਼ਬਦਾਂ ਨੂੰ ਸੂਚੀਬੱਧ ਕਰਦਾ ਹੈ, ਜਿਵੇਂ ਰੋਜਿਟ ਦਾ 'ਥਿਸਾਰਸ', ਪਿਆਰਾ ਸਿੰਘ ਪਦਮ ਦਾ 'ਗੁਰੂ ਗ੍ਰੰਥ ਵਿਚਾਰ ਕੋਸ਼' ।

(5) ਪਰਿਭਾਸ਼ਾ ਕੋਸ਼ (ਜਿਵੇਂ ਸਮਭਾਸ਼ੀ ਕੋਸ਼) ਬਨਾਮ ਅਨੁਵਾਦ ਕੋਸ਼ (ਜਿਵੇਂ ਕਿ ਦੁਭਾਸ਼ੀ ਕੋਸ਼) ।

(6) ਇਤਿਹਾਸਕ ਕੋਸ਼ ਬਨਾਮ ਅਣ-ਇਤਿਹਾਸਕ ਕੋਸ਼ : ਸਚੇਰਬਾ ਦਾ ਵਿਚਾਰ ਹੈ ਕਿ ਇਤਿਹਾਸਕ ਕੋਸ਼ ਦਾ ਉਦੇਸ਼ ਕਿਸੇ ਵਿਕਸਿਤ ਭਾਸ਼ਾ ਦੇ ਵਿਕਾਸ ਦੌਰਾਨ ਸਾਰੇ ਸ਼ਬਦਾਂ ਅਤੇ ਇਨ੍ਹਾਂ ਦੇ ਸਾਰੇ ਅਰਥਾਂ ਨੂੰ ਦਰਜ ਕਰਨਾ ਹੈ । ਉਹੀ ਕੋਸ਼ ਸਹੀ ਮਾਅਨਿਆਂ ਵਿਚ ਇਤਿਹਾਸਕ ਕੋਸ਼ ਹੋਵੇਗਾ ਜੇ ਇਹ ਕਿਸੇ ਨਿਸ਼ਚਿਤ ਕਾਲ ਦੌਰਾਨ ਸਾਰੇ ਸ਼ਬਦਾਂ ਦੇ ਇਤਿਹਾਸ ਦਾ ਉਲੇਖ ਕਰੇ ।... ਜਿਹੜਾ ਕੇਵਲ ਨਵੇਂ ਸ਼ਬਦਾਂ ਅਤੇ ਨਵੇਂ ਅਰਥਾਂ ਦੀ ਉਤਪੱਤੀ ਹੀ ਨਾ ਦਰਸਾਵੇ ਬਲਕਿ ਇਨ੍ਹਾਂ ਦੇ ਹੌਲੀ ਹੌਲੀ ਲੋਪ ਹੋਣ ਅਤੇ ਇਨ੍ਹਾਂ ਦੇ ਪਰਿਵਰਤਨ ਦਾ ਉਲੇਖ ਵੀ ਕਰੇ ।" ਸਚੇਰਬਾ

ਕਹਿੰਦਾ ਹੈ ਕਿ ਜਿਥੋਂ ਤਕ ਉਸ ਦੀ ਜਾਣਕਾਰੀ ਹੈ, ਇਹੋ ਜਿਹਾ ਕੋਈ ਕੋਸ਼ ਅਜੇ ਹੋਂਦ ਵਿਚ ਨਹੀਂ ਹੈ ਅਤੇ ਇਸ ਨੇ ਅਜੇ ਸਥਾਪਿਤ ਹੋਣਾ ਹੈ।

ਏ. ਆਰ. ਕੇਲਕਰ[11] ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸੰਦਰਭ ਵਿਚ ਕੋਸ਼ਾਂ ਦਾ ਵਰਗੀਕਰਣ ਇੰਜ ਕਰਦਾ ਹੈ :

(1) **ਸੰਬੰਧਿਤ ਭਾਸ਼ਾਵਾਂ ਦੇ ਆਧਾਰ ਤੇ**
(ੳ) ਸਮਭਾਸ਼ੀ; (ਅ) ਦੁਭਾਸ਼ੀ; (ੲ) ਬਹੁਭਾਸ਼ੀ।

(2) **ਭਾਸ਼ਾ ਨੂੰ ਪ੍ਰਦਾਨ ਕੀਤੇ ਦਰਜੇ ਦੇ ਆਧਾਰ ਤੇ**
(ੳ) ਅੰਗ੍ਰੇਜ਼ੀ ਦੀ ਅਨੁਸੂਚੀ ਵਿਚ ਮਿਆਰੀ ਜਾਂ ਸਾਹਿਤਕ ਭਾਸ਼ਾ; (ਅ) ਗੈਰ-ਮਿਆਰੀ ਉਪਭਾਸ਼ਾ ਜਾਂ ਮਿਆਰੀ ਭਾਸ਼ਾ ਨਾਲ ਸੰਬੰਧਿਤ ਭਾਸ਼ਾ; (ੲ) ਅਨੁਸੂਚਿਤ ਕਬੀਲਿਆਂ ਦੀਆਂ ਭਾਸ਼ਾਵਾਂ ਜਾਂ ਉਪਭਾਸ਼ਾਵਾਂ।

(3) **ਸਮਾਵੇਸ਼ਤਾ** (coverage) **ਦੇ ਸਕੋਪ ਦੇ ਆਧਾਰ ਤੇ**
(ਵਿਸ਼ੇਸ਼ ਕਰਕੇ ਅੰਗ੍ਰੇਜ਼ੀ ਦੀ ਅਨੁਸੂਚੀ ਵਿਚ ਮਿਆਰੀ ਜਾਂ ਸਾਹਿਤਕ ਭਾਸ਼ਾਵਾਂ ਦੀ ਹਾਲਤ ਵਿਚ)

(ੳ) ਸਮਕਾਲੀ ਪੜਾਵਾਂ ਸਹਿਤ ਵਿਭਿੰਨ ਇਤਿਹਾਸਕ ਪੜਾਵਾਂ ਦੀ ਵਿਸਤ੍ਰਿਤ ਸਮਾਵੇਸ਼ਤਾ; (ਅ) ਮੁੱਖ ਤੌਰ ਤੇ ਸਮਕਾਲੀ ਪੜਾਉ ਦੀ ਸਮਾਵੇਸ਼ਤਾ; (ੲ) ਵਿਸ਼ੇ-ਵਸਤੂ ਆਦਿ ਅਨੁਸਾਰ ਸੀਮਿਤ ਸ਼ਬਦਾਵਲੀ ਦੇ ਕੁਝ ਹਿੱਸੇ ਦੀ ਸਮਾਵੇਸ਼ਤਾ।

ਗੈਲਬ ਕੋਸ਼ ਦਾ ਵਰਗੀਕਰਣ ਕੋਸ਼ਕਾਰਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਕਰਦਾ ਹੈ। ਉਹ ਕਹਿੰਦਾ ਹੈ ਕਿ "ਅਸੀਂ ਭਾਸ਼ਾ-ਸ਼ਾਸਤਰੀਆਂ ਵਲੋਂ ਬਣਾਏ ਭਾਸ਼ਾ-ਸ਼ਾਸਤਰੀ ਕੋਸ਼ਾਂ, ਭਾਸ਼ਾ-ਵਿਗਿਆਨੀਆਂ ਅਤੇ ਮਾਨਵ-ਵਿਗਿਆਨੀਆਂ ਵਲੋਂ ਤਿਆਰ ਕੀਤੇ ਭਾਸ਼ਾਈ ਕੋਸ਼ਾਂ ਅਤੇ ਵਪਾਰਕ ਅਦਾਰਿਆਂ ਵਲੋਂ ਬਣਾਏ 'ਸਾਧਾਰਣ-ਉਦੇਸ਼ੀ' ਕੋਸ਼ਾਂ ਵਿਚਕਾਰ ਨਿਖੇੜਾ ਕਰ ਸਕਦੇ ਹਾਂ।"[12]

ਯੇਲ ਯੂਨੀਵਰਸਿਟੀ ਦਾ ਕੋਰਨਿਨ (Cornyn) ਕੋਸ਼ਾਂ ਦੀਆਂ ਕੇਵਲ ਤਿੰਨ ਕਿਸਮਾਂ ਵਿਚ ਹੀ ਨਿਖੇੜਾ ਕਰਦਾ ਹੈ : "ਵਿਸ਼ਵਕੋਸ਼ (ਸਭਿਆਚਾਰਕ ਪ੍ਰਸੰਗਾਂ ਦੇ ਸਾਰੇ ਪਹਿਲੂਆਂ ਨੂੰ ਦਰਜ ਕਰਨਾ); ਪ੍ਰਯੋਗ ਕੋਸ਼ (ਰੂਪਾਤਮਕ ਅਤੇ ਵਾਕ-ਰਚਨਾਵੀ ਲੱਛਣਾਂ ਨੂੰ ਪ੍ਰਦਰਸ਼ਿਤ ਕਰਨਾ); ਅਤੇ ਪਰਿਭਾਸ਼ਿਕ ਸ਼ਬਦਾਵਲੀ (ਘੱਟ ਤੋਂ ਘੱਟ ਸੂਚਨਾ ਵਾਲੇ ਸ਼ਬਦਾਂ ਦੀ ਸੂਚੀ)।"[13]

ਡਰਕ ਜੀਰੇਟਸ[14] ਨੇ ਕੋਸ਼ ਦੀਆਂ ਕਿਸਮਾਂ ਦਾ ਜ਼ਿਕਰ ਕਰਦਿਆਂ ਵੱਡ-ਆਕਾਰੀ ਆਦਿ-ਰੂਪ (prototypical) ਕੋਸ਼ਾਂ ਅਤੇ ਔਸਤ-ਆਕਾਰ ਰੂੜ੍ਹੀਬੱਧ (stereotypical) ਕੋਸ਼ਾਂ ਵਿਚਕਾਰ ਨਿਖੇੜਾ ਕੀਤਾ ਹੈ। ਇਨ੍ਹਾਂ ਦੋਹਾਂ ਕਿਸਮਾਂ ਦੇ ਸੀਮਾਂਤਵਰਤੀ ਖੇਤਰ ਵਿਚ ਆਕਾਰ ਦਾ ਕਾਫ਼ੀ ਅੰਤਰ ਹੈ। ਕੋਸ਼ ਵਿਚ ਦਿੱਤੇ ਅਰਥਾਂ ਦੀ ਮਾਤਰਾ ਅਤੇ ਕਿਸਮ

ਅਨੁਸਾਰ, ਕੋਸ਼ ਕੁਝ ਹੱਦ ਤਕ ਆਦਿ-ਰੂਪੀ ਹੋ ਸਕਦੇ ਹਨ ਅਤੇ ਕੁਝ ਹੱਦ ਤਕ ਰੂੜ੍ਹੀਬੱਧ। ਔਸਤ-ਆਕਾਰ ਦੇ ਕੋਸ਼ ਵੀ ਆਪਣੇ ਉਦੇਸ਼ ਦੇ ਆਧਾਰ ਤੇ ਛੋਟੇ ਵੱਡੇ ਹੋ ਸਕਦੇ ਹਨ। ਮਾਤਰਾ ਦੀ ਦ੍ਰਿਸ਼ਟੀ ਤੋਂ ਜੇਬੀ ਕੋਸ਼ ਅਤੇ ਵੀਹ-ਸੈਂਚੀਆਂ ਦੇ ਵੱਡੇ ਇਤਿਹਾਸਕ ਅੰਗ੍ਰੇਜ਼ੀ ਕੋਸ਼ ਵਿਚਾਲੇ ਅਣਗਿਣਤ ਕਿਸਮ ਦੇ ਕੋਸ਼ ਉਪਲਬਧ ਹਨ। ਇਥੇ ਇਹ ਗੱਲ ਮਹੱਤਵਪੂਰਣ ਹੈ ਕਿ ਇਹ ਭਿੰਨਤਾ ਕੇਵਲ ਮਾਤਰਾਤਮਕ ਹੀ ਨਹੀਂ ਹੈ; ਇਹ ਦਰਅਸਲ ਕੋਸ਼ ਦੇ ਕਲੇਵਰ ਵਿਚ ਦਿੱਤੇ ਜਾਣ ਵਾਲੇ ਅਰਥਾਂ ਦੀ ਗੁਣਾਤਮਕ ਚੋਣ ਦਾ ਵੀ ਮਸਲਾ ਹੈ। ਕਹਿਣ ਦਾ ਭਾਵ ਇਹ ਕਿ ਆਕਾਰ ਛੋਟਾ ਹੋਣ ਦਾ ਅਰਥ ਕੋਈ ਤਤਕਾਲੀ ਫ਼ੈਸਲਾ ਨਹੀਂ ਹੁੰਦਾ, ਪਰੰਤੂ ਇਹ ਤਾਂ ਚੋਣ ਦਾ ਮਸਲਾ ਹੈ ਕਿ ਬੰਧੇਜੀ ਲੇਬਲ ਵਾਲੇ ਕਿਹੜੇ ਅਰਥਾਂ ਨੂੰ ਕੋਸ਼ ਤੋਂ ਬਾਹਰ ਰੱਖਣਾ ਹੈ; ਇੰਜ ਹੀ ਇਲਾਕਾਈ, ਸ਼ੈਲੀਗਤ, ਸਮਾਜਕ-ਭਾਸ਼ਾਈ ਆਦਿ ਅਰਥਾਂ ਬਾਰੇ ਨਿਰਣਾ ਕਰਨਾ ਹੁੰਦਾ ਹੈ। ਇਸ ਪ੍ਰਕਾਰ ਕਿਹੜੇ ਸ਼ਬਦ ਕੋਸ਼ ਵਿਚ ਲੈਣੇ ਹਨ ਅਤੇ ਕਿਹੜੇ ਬਾਹਰ ਰੱਖਣੇ ਹਨ, ਇਸ ਗੱਲ ਦਾ ਨਿਰਣਾ ਵਿਵਹਾਰਕ ਅਤੇ ਕੋਸ਼-ਵਿਗਿਆਨਕ ਨਿਯਮਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਅਜਿਹਾ ਕਰਦਿਆਂ ਕਲਪਿਤ ਕੋਸ਼ ਦੇ ਆਕਾਰ ਅਤੇ ਪ੍ਰਕਾਰ ਨੂੰ ਜ਼ਿਹਨ ਵਿਚ ਰੱਖਿਆ ਜਾਂਦਾ ਹੈ।

'ਇਨਸਾਈਕਲੋਪੀਡੀਆ ਬ੍ਰਿਟੈਨਿਕਾ' ਅਨੁਸਾਰ ਕੋਸ਼ਾਂ ਦੀਆਂ ਹੇਠ ਲਿਖੀਆਂ ਕਿਸਮਾਂ ਨਿਸ਼ਚਿਤ ਕੀਤੀਆਂ ਗਈਆਂ ਹਨ : (1) ਇਤਿਹਾਸਕ ਕੋਸ਼; (2) ਉਚਾਰਣ ਕੋਸ਼; (3) ਤਕਨੀਕੀ ਕੋਸ਼; ਅਤੇ (4) ਸਾਧਾਰਣ ਕੋਸ਼।

ਭਾਸ਼ਾ ਵਿਭਾਗ ਪਟਿਆਲਾ ਵਲੋਂ ਪ੍ਰਕਾਸ਼ਿਤ 'ਪੰਜਾਬੀ ਕੋਸ਼' ਵਿਚ 'ਕੋਸ਼ਾਂ ਦੀ ਵੰਡ ਇੰਜ ਕੀਤੀ ਗਈ ਹੈ : (1) ਸ਼ਬਦ ਕੋਸ਼, ਜਿਨ੍ਹਾਂ ਵਿਚ ਸ਼ਬਦਾਂ ਦੇ ਮੁਖ਼ਤਸਿਰ ਅਰਥ ਹੋਣ। (2) ਗਿਆਨ ਕੋਸ਼, ਜਿਨ੍ਹਾਂ ਵਿਚ ਖ਼ਾਸ ਖ਼ਾਸ ਸ਼ਬਦਾਂ ਦੀ ਵਿਸਤ੍ਰਿਤ ਵਿਆਖਿਆ ਹੁੰਦੀ ਹੈ; (3) ਉਪਯੋਗੀ ਕੋਸ਼ ; (4) ਤਕਨੀਕੀ ਕੋਸ਼; ਅਤੇ (5) ਮੁਹਾਵਰਿਆਂ ਅਤੇ ਅਖੌਤਾਂ ਦੇ ਕੋਸ਼।[15]

ਲੀਚ[16] ਨੇ ਕੋਸ਼ਾਂ ਦਾ ਵਰਗੀਕਰਣ ਵਿਵਹਾਰਕ ਕੋਸ਼ ਅਤੇ ਸਿਧਾਂਤਕ (ਰਚਨਾਤਮਕ) ਕੋਸ਼ ਦੇ ਰੂਪ ਵਿਚ ਕੀਤਾ ਹੈ। **ਵਿਵਹਾਰਕ ਕੋਸ਼** ਅਸਲ ਵਿਚ ਮੂਲ ਅਤੇ ਸਾਧਾਰਣ ਕੋਸ਼ ਹੁੰਦਾ ਹੈ ਜਿਸ ਨੂੰ ਪਾਠਕ ਵੱਖ ਵੱਖ ਮਨੋਰਥਾਂ ਲਈ ਵਾਚਦੇ ਹਨ। **ਸਿਧਾਂਤਕ ਕੋਸ਼** ਸੰਬੰਧਿਤ ਭਾਸ਼ਾ ਦੇ ਕਿਸੇ ਵਿਅਕਤੀ ਦੀ ਸਮੁੱਚੀ ਸ਼ਬਦਾਵਲੀ ਦਾ ਕੋਸ਼ ਹੁੰਦਾ ਹੈ। ਇਹ ਵਿਅਕਤੀ ਦੀ ਅਰਥ-ਸਮਰਥਾ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਇਸ ਵਿਚ ਵਿਅਕਤੀ ਵਲੋਂ ਆਪਣੇ ਜੀਵਨ ਵਿਚ ਪ੍ਰਾਪਤ ਸਮੁੱਚੀ ਸ਼ਬਦਾਵਲੀ ਸੰਮਿਲਿਤ ਹੁੰਦੀ ਹੈ। ਇਕ ਬੁਲਾਰੇ ਕੋਲ ਇਹ ਕੋਸ਼ ਇਕ ਉਪਕਰਣ ਵਾਂਗ ਹੁੰਦਾ ਹੈ ਜਿਹੜਾ ਉਸ ਨੂੰ ਵੱਖ ਵੱਖ ਸੰਰਚਨਾਵਾਂ ਅਤੇ ਪ੍ਰਸੰਗਾਂ ਵਿਚ ਉਪਯੁਕਤ ਸ਼ਬਦਾਂ ਦੀ ਚੋਣ ਅਤੇ ਵਰਤੋਂ ਦੇ ਯੋਗ ਬਣਾਉਂਦਾ ਹੈ। ਸਿਧਾਂਤਕ ਕੋਸ਼

ਜਾਂ ਵਿਅਕਤੀ ਦਾ ਨਿਜੀ ਕੋਸ਼ ਨਿਰੰਤਰ ਪਰਿਵਰਤਨਸ਼ੀਲ ਹੁੰਦਾ ਹੈ। ਇਸ ਵਿਚ ਕੁਝ ਸ਼ਬਦ ਮਿਲਾ ਲਏ ਜਾਂਦੇ ਹਨ ਜਾਂ ਕੁਝ ਸ਼ਬਦ ਛੱਡ ਦਿੱਤੇ ਜਾਂਦੇ ਹਨ ਜਾਂ ਸੰਚਾਰ ਦੀ ਲੋੜ ਨੂੰ ਮੁੱਖ ਰਖਦਿਆਂ ਪ੍ਰਚਲਿਤ ਸ਼ਬਦਾਂ ਵਿਚ ਨਵੇਂ ਅਰਥ ਜੋੜ ਲਏ ਜਾਂਦੇ ਹਨ। ਇਸ ਦ੍ਰਿਸ਼ਟੀ ਤੋਂ ਕੋਸ਼ ਨੂੰ ਪ੍ਰਵੇਸ਼ੀ ਸੈੱਟ (open-ended set) ਆਖਿਆ ਜਾਂਦਾ ਹੈ।

ਵਿਵਹਾਰਕ ਕੋਸ਼ ਅਤੇ ਸਿਧਾਂਤਕ ਕੋਸ਼ ਵਿਚ ਇਕ ਹੋਰ ਅੰਤਰ ਕੋਸ਼ੀ ਅੰਦਰਾਜਾਂ ਦੀ ਤਰਤੀਬ ਦਾ ਹੈ। ਜਿਥੇ ਵਿਵਹਾਰਕ ਕੋਸ਼ ਵਿਚ ਅੰਦਰਾਜਾਂ ਦੀ ਤਰਤੀਬ ਵਿਸ਼ੇਸ਼ ਕ੍ਰਮਬੱਧ ਰੂਪ ਵਿਚ ਹੁੰਦੀ ਹੈ, ਉਥੇ ਸਿਧਾਂਤਕ ਕੋਸ਼ ਵਿਚ ਇਹ ਤਰਤੀਬ ਕ੍ਰਮਬੱਧ ਰੂਪ ਵਿਚ ਨਹੀਂ ਹੁੰਦੀ।

ਸਿਧਾਂਤਕ ਕੋਸ਼ ਵਿਚ ਹਰੇਕ ਕੋਸ਼ੀ ਅੰਦਰਾਜ ਨੂੰ ਇਸ ਦੇ ਰੂਪਾਤਮਕ (morphological), ਵਾਕ-ਰਚਨਾਵੀ (syntactic) ਅਤੇ ਅਰਥਗਤ ਤਿੰਨ ਲੱਛਣਾਂ ਦੇ ਆਧਾਰ ਤੇ ਵਾਸਤਵਿਕ ਬੋਲਚਾਲ ਵਿਚੋਂ ਅਮਲੀ ਰੂਪ ਦਿੱਤਾ ਜਾਂਦਾ ਹੈ। **ਰੂਪਾਤਮਕ ਵਿਸ਼ੇਸ਼ਤਾਵਾਂ** ਅੰਦਰਾਜ ਦੇ ਵਿਭਿੰਨ ਰੂਪਾਤਮਕ ਤੱਤਾਂ ਜਿਵੇਂ ਧਾਤੂ ਅਤੇ ਪ੍ਰਤੈ ਦੇ ਰੂਪ ਵਿਚ ਅੰਦਰਾਜ ਦੇ ਵਿਘਟਨ (break up) ਨੂੰ ਦਰਸਾਉਂਦੀਆਂ ਹਨ। ਪ੍ਰਤੈ ਵ੍ਰਿਭਕਤੀ-ਮੂਲਕ ਅਤੇ ਵਿਉਤਪੱਤੀ-ਮੂਲਕ ਦੋਹਾਂ ਤਰ੍ਹਾਂ ਦੇ ਹੁੰਦੇ ਹਨ। ਰੂਪਾਤਮਕ ਵਿਘਟਨ ਅੰਦਰਾਜ ਦੇ ਉਚਾਰਣ ਅਤੇ ਸ਼ਬਦ-ਜੋੜ ਨੂੰ ਦਰਸਾਉਂਦਾ ਹੈ।

ਵਾਕ-ਰਚਨਾਵੀ ਵਿਸ਼ੇਸ਼ਤਾਵਾਂ ਨੂੰ ਵਾਕ ਜਿੱਡੀਆਂ ਵੱਡੀਆਂ ਬਣਤਰਾਂ ਵਿਚ ਸ਼ਬਦ ਦੀਆਂ ਸ਼ਬਦ-ਸੰਗਤ (collocational) ਅਤੇ ਸੰਯੋਜਨ (combinational) ਸੰਭਾਵਨਾਵਾਂ ਦੇ ਰੂਪ ਵਿਚ ਵਰਣਨ ਕੀਤਾ ਜਾ ਸਕਦਾ ਹੈ। ਇਨ੍ਹਾਂ ਲੱਛਣਾਂ ਨੂੰ ਨਾਂਵ, ਵਿਸ਼ੇਸ਼ਣ ਜਿਹੇ ਸ਼ਬਦ-ਭੇਦਾਂ (parts of speech) ਜਾਂ ਫਿਰ ਸਕਰਮਕ ਤੇ ਅਕ੍ਰਮਕ ਕ੍ਰਿਆਵਾਂ, ਗਣਨਾ ਆਦਿ ਦੁਜੈਲੀਆਂ ਵਿਆਕਰਣਕ ਕੋਟੀਆਂ ਨਾਲ ਅੰਕਿਤ ਕੀਤਾ ਜਾਂਦਾ ਹੈ।

ਅਰਥਗਤ ਵਿਸ਼ੇਸ਼ਤਾਵਾਂ ਆਪਣੇ ਵਿਪਰੀਤਾਰਥਕ ਅਤੇ ਭਿੰਨਤਾ-ਸੂਚਕ ਸ਼ਬਦਾਂ ਦੇ ਰੂਪ ਵਿਚ ਕੋਸ਼ੀ ਇਕਾਈ ਦੇ ਸਮੂਹ ਅਰਥਗਤ ਲੱਛਣਾਂ ਨਾਲ ਸੰਬੰਧਿਤ ਹਨ।

ਕੋਸ਼ੀ ਅੰਦਰਾਜ ਦੇ ਇਨ੍ਹਾਂ ਵਿਵਰਣਾਂ (specifications) ਦੇ ਆਧਾਰ ਤੇ, ਬੁਲਾਰਾ ਕੋਸ਼ੀ ਨਿਯਮਾਂ ਦੀ ਸਹਾਇਤਾ ਨਾਲ ਨਵੇਂ ਸ਼ਬਦ ਸਿਰਜਣ ਜਾਂ ਪ੍ਰਚਲਿਤ ਸ਼ਬਦਾਂ ਤੋਂ ਨਵੇਂ ਅਰਥ ਲੈਣ ਦੇ ਯੋਗ ਹੋ ਜਾਂਦਾ ਹੈ। ਕੋਸ਼ੀ ਨਿਯਮ ਭਾਸ਼ਾ ਦੀਆਂ ਵਿਭਿੰਨ ਕੋਸ਼ੀ ਇਕਾਈਆਂ ਵਿਚਕਾਰ ਸੰਬੰਧ ਦੀ ਵਿਆਖਿਆ ਵੀ ਕਰਦੇ ਹਨ।

ਨਵੇਂ ਸ਼ਬਦਾਂ ਦੇ ਨਿਰਮਾਣ ਲਈ ਕੋਸ਼ੀ ਨਿਯਮ ਸ਼ਬਦਾਂ ਦੇ ਸਵੀਕਾਰ ਕਰਨ ਜਾਂ ਸਵੀਕਾਰ ਨਾ ਕਰਨ ਦੀ ਸੰਭਾਵਨਾ ਦਾ ਆਧਾਰ ਹੁੰਦੇ ਹਨ। ਇਹ ਸਵੀਕਾਰਯੋਗਤਾ ਤਿੰਨ ਕਿਸਮ ਦੀ ਹੋ ਸਕਦੀ ਹੈ:

1. **ਵਾਸਤਵਿਕ ਸਵੀਕਾਰਯੋਗਤਾ**—ਜਿਸ ਨੂੰ ਸ਼ਬਦ ਨਿਰਮਾਣ ਦੇ ਨਿਯਮਾਂ ਅਨੁਸਾਰ ਸਰਵਵਿਆਪਕ ਤੌਰ ਤੇ ਠੀਕ ਤਰ੍ਹਾਂ ਘੜਿਆ ਸਵੀਕਾਰ ਕੀਤਾ ਜਾਂਦਾ ਹੈ ਅਤੇ ਸ਼ਬਦ ਨੂੰ ਸਮਾਜਕ ਤੌਰ ਤੇ ਪ੍ਰਵਾਨ ਕੀਤਾ ਜਾਂਦਾ ਹੈ।

2. **ਸੰਭਾਵੀ ਸਵੀਕਾਰਯੋਗਤਾ** – ਜਿਹੜੀ ਸ਼ਬਦ ਨਿਰਮਾਣ ਦੇ ਨਿਯਮਾਂ ਅਨੁਸਾਰ ਪੈਦਾ ਕੀਤੀ ਜਾ ਸਕਦੀ ਹੈ, ਪਰੰਤੂ ਇਨ੍ਹਾਂ ਨੂੰ ਸਮਾਜ ਵਿਚ ਸਥਾਪਿਤ ਨਹੀਂ ਕੀਤਾ ਜਾ ਸਕਦਾ।

3. **ਪੂਰਣ ਅਸਵੀਕਾਰਯੋਗਤਾ**—ਅਜਿਹੀ ਸ਼ਬਦ-ਘਾੜਤ ਨਾ ਤਾਂ ਸ਼ਬਦ-ਨਿਰਮਾਣ ਦੇ ਨਿਯਮਾਂ ਅਨੁਸਾਰ ਉਚਿਤ ਹੁੰਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਸਮਾਜ ਵਲੋਂ ਪ੍ਰਵਾਨ ਕੀਤਾ ਜਾਂਦਾ ਹੈ।

ਕੋਸ਼ੀ ਨਿਯਮ ਕੋਸ਼ੀ ਇਕਾਈਆਂ ਦੀ ਵਾਸਤਵਿਕ ਸਵੀਕਾਰਯੋਗਤਾ ਲਈ ਸੰਕੇਤ ਦੇ ਕੇ ਆਧਾਰ-ਭੂਤ ਸੂਚਨਾ ਪ੍ਰਦਾਨ ਕਰਦੇ ਹਨ। ਵਾਸਤਵਿਕ ਰੂਪ ਵਿਚ ਸਵੀਕ੍ਰਿਤ ਕੋਸ਼ੀ ਇਕਾਈਆਂ ਵਿਚ ਵੀ ਸਵੀਕਾਰਯੋਗਤਾ ਦੀ ਮਾਤਰਾ ਭਿੰਨ ਭਿੰਨ ਹੁੰਦੀ ਹੈ। ਕੁਝ ਇਕਾ-ਈਆਂ ਅਕਸਰ ਸਵੀਕਾਰ ਕਰ ਲਈਆਂ ਜਾਂਦੀਆਂ ਹਨ ਜਦੋਂ ਕਿ ਦੂਜੀਆਂ ਘੱਟ। ਵਿਵਹਾਰਕ ਕੋਸ਼ ਅਧਿਕ ਸਵੀਕ੍ਰਿਤ ਇਕਾਈਆਂ ਨੂੰ ਪ੍ਰਵਾਨ ਕਰਦਾ ਹੈ। ਘੱਟ ਸਵੀਕ੍ਰਿਤ ਇਕਾਈਆਂ ਨੂੰ ਜਾਂ ਤਾਂ ਦਰਜ ਹੀ ਨਹੀਂ ਕੀਤਾ ਜਾਂਦਾ, ਜਾਂ ਫਿਰ ਕੁਝ ਬੰਧੇਜੀ ਸ਼ਬਦ-ਸੂਚਕਾਂ (ਲੇਬਲਾਂ) ਸਹਿਤ ਦਰਜ ਕੀਤਾ ਜਾਂਦਾ ਹੈ।

ਕੋਸ਼ੀ ਨਿਯਮ ਵਿਭਿੰਨ ਪ੍ਰਕਾਰ ਦੇ ਹਨ ਜਿਵੇਂ ਰੂਪਾਤਮਕ ਵਿਉਤਪੱਤੀ ਦੇ ਨਿਯਮ, ਪਰਿਵਰਤਨ ਦੇ ਨਿਯਮ, ਅਰਥ ਪਰਿਵਰਤਨ ਦੇ ਨਿਯਮ ਆਦਿ। ਰੂਪਾਤਮਕ ਵਿਉਤਪੱਤੀ ਦੇ ਨਿਯਮ ਧਾਤੂਆਂ ਨਾਲ ਪ੍ਰਤੇ ਜਾਂ ਪਿਛੇਤਰ ਲਗਾ ਕੇ ਜਾਂ ਸਮਾਸੀ ਵਿਧੀ ਰਾਹੀਂ ਰੂਪਾਤਮਕ ਸੰਰਚਨਾ ਵਿਚ ਪਰਿਵਰਤਨ ਨਾਲ ਸੰਬੰਧਿਤ ਹਨ ਜਿਵੇਂ ਪੰਜਾਬੀ ਵਿਚ ਕਲਾ ਤੋਂ ਕਲਾ-ਕਾਰ, ਤਾਂਗੇ ਤੋਂ ਤਾਂਗੇਵਾਲਾ ਆਦਿ।

ਪਰਿਵਰਤਨ ਦੇ ਨਿਯਮ ਰੂਪਾਤਮਕ ਸੰਰਚਨਾ ਨੂੰ ਛੋਹੇ ਬਿਨਾਂ ਵਾਕ ਦੇ ਪ੍ਰਕਾਰਜ ਵਿਚ ਪਰਿਵਰਤਨ ਨਾਲ ਸੰਬੰਧਿਤ ਹਨ ਜਿਵੇਂ ਮੰਗਣਾ (ਕ੍ਰਿਆ) : ਮੰਗਣਾ (ਨਾਂਵ); ਪ੍ਰੇਰਨਾ (ਕ੍ਰਿਆ) : ਪ੍ਰੇਰਨਾ (ਨਾਂਵ)। ਅੰਗ੍ਰੇਜ਼ੀ ਵਿਚ cut (verb) : cut (noun); deep (verb) : deep (noun) ਆਦਿ।

ਅਰਥ ਪਰਿਵਰਤਨ ਦੇ ਨਿਯਮ ਸ਼ਬਦ ਦੀ ਅਰਥ-ਸੰਰਚਨਾ ਵਿਚ ਪਰਿਵਰਤਨ ਨਾਲ ਸੰਬੰਧਿਤ ਹਨ। ਲਾਖਣਿਕ ਵਿਸਤਾਰ (metaphorical extensions), ਸ਼ਬਦ-ਆਦੇਸ਼ (metonymy) ਅਤੇ ਅਰਥ ਪਰਿਵਰਤਨ ਦੇ ਦੂਜੇ ਰੂਪ ਇਸ ਨਿਯਮ ਦੇ ਅੰਤਰਗਤ ਆਉਂਦੇ ਹਨ। ਇਹ ਨਿਯਮ ਕੋਸ਼ੀ ਇਕਾਈਆਂ ਦੇ ਲੱਖਣਾਰਥੀ ਅਤੇ ਸ਼ੈਲੀਗਤ ਅਰਥਾਂ ਦਾ ਕਾਰਣ ਬਣਦੇ ਹਨ ਜਿਹੜੇ ਸਮਾਂ ਪਾ ਕੇ ਭਾਸ਼ਾ ਵਿਚ ਨਿਯਮਿਤ ਢੰਗ ਨਾਲ

ਸਥਾਪਿਤ ਹੋ ਜਾਂਦੇ ਹਨ।

ਜਿਵੇਂ ਕਿ ਉਪਰ ਦਰਸਾਇਆ ਗਿਆ ਹੈ, ਕੋਸ਼ੀ ਨਿਯਮ ਵਿਭਿੰਨ ਪ੍ਰਕਾਰ ਦੇ ਹਨ। ਇਕ ਕੋਸੀ ਇਕਾਈ ਤੇ ਕਈ ਪ੍ਰਕਾਰ ਦੇ ਕੋਸ਼ੀ ਨਿਯਮ ਵਰਤੇ ਜਾ ਸਕਦੇ ਹਨ ਜਿਵੇਂ ਪੰਜਾਬੀ ਵਿਚ ਕਲਾ, ਕਲਾਤਮਕ, ਕਲਾਤਮਕਤਾ ਜਾਂ ਅੰਗ੍ਰੇਜ਼ੀ ਵਿਚ boy, boyish, boyhood ਆਦਿ। ਇਹੀ ਨਿਯਮ ਵਿਭਿੰਨ ਸ਼ਬਦਾਂ ਲਈ ਪ੍ਰਯੋਗ ਕੀਤੇ ਜਾ ਸਕਦੇ ਹਨ ਜਿਵੇਂ ਪੰਜਾਬੀ ਵਿਚ ਕਲਾਤਮਕ, ਰਚਨਾਤਮਕ, ਸਿਰਜਣਾਤਮਕ, ਰੂਪਾਤਮਕ ਜਾਂ ਅੰਗ੍ਰੇਜ਼ੀ ਵਿਚ boyhood, girlhood, manhood, womanhood ਆਦਿ। ਵਿਭਿੰਨ ਕੋਸ਼ੀ ਇਕਾਈਆਂ ਵਿਚਕਾਰ ਸੰਬੰਧ ਦੀ ਵਿਆਖਿਆ ਕਰਨ ਵਾਲੇ ਕੋਸ਼ੀ ਨਿਯਮ ਬਹੁਅਰਥਕਤਾ, ਸਮਾਨਾਰਥਕਤਾ, ਉਪਨਾਮਤਾ (hyponymy) ਦੇ ਅੰਤਰਗਤ ਆਉਂਦੇ ਹਨ।

2.3 ਉਪਰੋਕਤ ਵਰਗੀਕਰਣ ਦੇ ਆਧਾਰ ਤੇ ਹੁਣ ਅਸੀਂ ਕੋਸ਼ਾਂ ਦੀ ਵਾਸਤਵਿਕ ਅਤੇ ਵਿਸਤ੍ਰਿਤ ਵੰਡ ਕਰਨ ਦੇ ਸਮਰੱਥ ਹਾਂ। ਕਿਉਂਕਿ ਕੋਸ਼ਾਂ ਦੇ ਵਿਭਿੰਨ ਵਰਗ ਪਰਸਪਰ-ਵਿਆਪੀ ਹਨ, ਇਸ ਲਈ ਅਸੀਂ ਸੁਵਿਧਾ ਲਈ ਕੋਸ਼ਾਂ ਦਾ ਵਰਗੀਕਰਣ ਇਸ ਪ੍ਰਕਾਰ ਕਰ ਸਕਦੇ ਹਾਂ :

1. ਵਿਸ਼ਵਕੋਸ਼ ਅਤੇ ਸਾਧਾਰਣ ਕੋਸ਼ ;
2. ਇਤਿਹਾਸਕ ਕੋਸ਼ ਅਤੇ ਸਮਕਾਲਕ ਕੋਸ਼;
3. ਸਮਭਾਸ਼ੀ ਕੋਸ਼ ਅਤੇ ਦੁਭਾਸ਼ੀ/ਬਹੁਭਾਸ਼ੀ ਕੋਸ਼ ;
4. ਸਾਧਾਰਣ ਕੋਸ਼ ਅਤੇ ਵਿਸ਼ੇਸ਼ ਕੋਸ਼।

ਹੁਣ ਅਸੀਂ ਉਪਰੋਕਤ ਵਰਗੀਕਰਣ ਤੇ ਵਿਸਤਾਰ ਵਿਚ ਚਰਚਾ ਕਰਾਂਗੇ।

1. **ਵਿਸ਼ਵਕੋਸ਼ ਅਤੇ ਸਾਧਾਰਣ ਕੋਸ਼ :** ਕੋਸ਼ਕਾਰ ਕੋਸ਼ ਰਚਨਾ ਸਮੇਂ ਆਪਣੇ ਕੋਸ਼ ਵਿਚ ਦੋ ਪ੍ਰਕਾਰ ਦੀ ਸੂਚਨਾ ਪ੍ਰਦਾਨ ਕਰਦਾ ਹੈ : ਕੋਸ਼ੀ (ਜਾਂ ਭਾਸ਼ਾਈ) ਅਤੇ ਅ-ਕੋਸ਼ੀ (ਜਾਂ ਵਿਸ਼ਵਕੋਸ਼ੀ)। ਇਸ ਸੂਚਨਾ ਦੇ ਆਧਾਰ ਤੇ ਦੋ ਪ੍ਰਕਾਰ ਦੇ ਕੋਸ਼ ਪ੍ਰਾਪਤ ਹੁੰਦੇ ਹਨ : ਸਾਧਾਰਣ ਕੋਸ਼ ਅਤੇ ਵਿਸ਼ਵਕੋਸ਼। "ਜਿਨ੍ਹਾਂ ਕੋਸ਼ਾਂ ਵਿਚ ਚਿੰਨ੍ਹਕ ਅਤੇ ਚਿੰਨ੍ਹਿਤ ਦੇ ਕਠੋਰ ਸੰਬੰਧ ਦੇ ਆਧਾਰ ਤੇ ਸ਼ਬਦਾਂ ਦੀ ਚੋਣ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਵਿਸ਼ਵਕੋਸ਼ ਜਾਂ ਗਿਆਨ ਕੋਸ਼ ਆਖਿਆ ਜਾਂਦਾ ਹੈ ਅਤੇ ਜਿਨ੍ਹਾਂ ਕੋਸ਼ਾਂ ਵਿਚ ਚੋਣ ਕਰਦਿਆਂ ਚਿੰਨ੍ਹਕ ਅਤੇ ਚਿੰਨ੍ਹਿਤ ਦੇ ਸੰਬੰਧ ਨੂੰ ਤਰਲ ਅਤੇ ਅਸਥਾਈ ਮੰਨਿਆ ਜਾਂਦਾ ਹੈ, ਉਨ੍ਹਾਂ ਨੂੰ ਸਾਧਾਰਣ ਕੋਸ਼ ਆਖਿਆ ਜਾਂਦਾ ਹੈ।"[17]

ਰਾਮ ਆਧਾਰ ਸਿੰਘ[18] ਦਾ ਵਿਚਾਰ ਹੈ ਕਿ ਕੋਸ਼ੀ ਜਾਂ ਭਾਸ਼ਾਈ ਜਾਣਕਾਰੀ ਕੋਸ਼ੀ ਇਕਾਈ ਦੇ ਭਾਸ਼ਾਈ ਲੱਛਣਾਂ ਨਾਲ ਸੰਬੰਧ ਰਖਦੀ ਹੈ ਜਿਵੇਂ ਸ਼ਬਦਾਂ ਦਾ ਉਚਾਰਣ, ਪਰਿਭਾਸ਼ਾ, ਨਿਰੁਕਤੀ, ਵਿਆਕਰਣਕ ਕੋਟੀਆਂ ਆਦਿ। ਵਿਸ਼ਵਕੋਸ਼ ਦੇ ਹੇਠ ਦਿੱਤੇ

ਲੱਛਣ ਹਨ : (ੳ) ਵਿਅਕਤੀਆਂ, ਥਾਵਾਂ ਅਤੇ ਸਾਹਿਤਕ ਰਚਨਾਵਾਂ ਦੇ ਨਾਂ ਸ਼ਾਮਿਲ ਕਰਨਾ; (ਅ) ਗਿਆਨ-ਵਿਗਿਆਨ ਦੀਆਂ ਸਾਰੀਆਂ ਸ਼ਾਖ਼ਾਵਾਂ ਦੀ ਸਮਾਵੇਸ਼ਤਾ (coverage) ਅਤੇ (ੲ) ਤੱਥਾਂ ਦਾ ਵਿਸਤ੍ਰਿਤ ਵਰਣਨ। ਪਹਿਲੀ ਕਿਸਮ ਦੀ ਸੂਚਨਾ ਪ੍ਰਦਾਨ ਕਰਨ ਵਾਲੇ ਕੋਸ਼ਾਂ ਨੂੰ ਭਾਸ਼ਾਈ ਜਾਂ ਸਾਧਾਰਣ ਕੋਸ਼ ਅਤੇ ਦੂਜੀ ਕਿਸਮ ਦੀ ਸੂਚਨਾ ਪ੍ਰਦਾਨ ਕਰਨ ਵਾਲੇ ਕੋਸ਼ਾਂ ਨੂੰ ਵਿਸ਼ਵਕੋਸ਼ (ਜਾਂ ਵਿਸ਼ਵਕੋਸ਼ੀ ਕੋਸ਼) ਆਖਿਆ ਜਾਂਦਾ ਹੈ। ਜ਼ਗੁਸਤਾ[19] ਅਨੁਸਾਰ ਭਾਸ਼ਾਈ ਅਥਵਾ ਸਾਧਾਰਣ ਕੋਸ਼ਾਂ ਦਾ ਸੰਬੰਧ ਮੁੱਖ ਤੌਰ ਤੇ ਭਾਸ਼ਾ ਅਰਥਾਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਅਤੇ ਇਨ੍ਹਾਂ ਦੇ ਭਾਸ਼ਾਈ ਲੱਛਣਾਂ ਨਾਲ ਹੁੰਦਾ ਹੈ। ਇਸ ਦੇ ਵਿਪਰੀਤ, ਵਿਸ਼ਵਕੋਸ਼ਾਂ (ਜਿਨ੍ਹਾਂ ਵਿਚੋਂ ਸਭ ਤੋਂ ਵੱਡਿਆਂ ਅਤੇ ਅਧਿਕ ਸਾਧਾਰਣ ਨੂੰ ਕੇਵਲ ਵਿਸ਼ਵਕੋਸ਼ੀ ਕੋਸ਼ – encyclopaedic dictionary — ਹੀ ਕਹਿ ਦਿੱਤਾ ਜਾਂਦਾ ਹੈ) ਦਾ ਸੰਬੰਧ ਮੁੱਖ ਰੂਪ ਵਿਚ ਕੋਸ਼ੀ ਇਕਾਈਆਂ (ਸ਼ਬਦਾਂ) ਦੇ ਵਾਚਾਰਥਾਂ ਨਾਲ ਹੁੰਦਾ ਹੈ। ਇਹ ਭੌਤਿਕ ਅਤੇ ਅਭੌਤਿਕ ਜਗਤ ਦੇ ਭਾਸ਼ਾ-ਬਾਹਰੇ ਜਗਤ ਬਾਰੇ ਸੂਚਨਾ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਤਰਤੀਬ ਸ਼ਬਦਾਂ (ਕੋਸ਼ੀ ਇਕਾ-ਈਆਂ) ਦੇ ਅੱਖਰ-ਕ੍ਰਮ ਅਨੁਸਾਰ ਦਿੱਤੀ ਜਾਂਦੀ ਹੈ। ਸ਼ਬਦਾਂ ਦਾ ਇਹੀ ਕ੍ਰਮ ਵਿਸ਼ਵਕੋਸ਼ ਨੂੰ ਸਮਭਾਸ਼ੀ ਕੋਸ਼ ਨਾਲ ਸਮਾਨਤਾ ਪ੍ਰਦਾਨ ਕਰਦਾ ਹੈ। ਕਹਿਣ ਦਾ ਭਾਵ ਇਹ ਕਿ ਵਿਸ਼ਵਕੋਸ਼ ਵਿਚ ਕੇਵਲ ਵਾਚਾਰਥ ਭਾਂਤ ਦੇ ਸ਼ਬਦ ਅਤੇ ਖ਼ਾਸ ਨਾਮ ਹੀ ਸੰਮਿਲਿਤ ਕੀਤੇ ਜਾਂਦੇ ਹਨ।

ਸਾਧਾਰਣ ਕੋਸ਼ ਅਤੇ ਵਿਸ਼ਵਕੋਸ਼ ਦਾ ਵਰਣਨ ਕਰਦਿਆਂ ਉਪਰ ਵਿਸ਼ਵਕੋਸ਼ੀ ਕੋਸ਼ (encyclopaedic dictionary) ਦਾ ਵੀ ਜ਼ਿਕਰ ਆਇਆ ਹੈ। ਇਨ੍ਹਾਂ ਕੋਸ਼ਾਂ ਤੇ ਵਿਸਤਾਰ ਵਿਚ ਚਰਚਾ ਕਰਨ ਤੋਂ ਪਹਿਲਾਂ ਵਿਸ਼ਵਕੋਸ਼ ਅਤੇ ਵਿਸ਼ਵਕੋਸ਼ੀ ਜਾਂ ਵਿਸ਼ਵਕੋਸ਼-ਸਮਾਨ ਕੋਸ਼ ਵਿਚ ਨਿਖੇੜਾ ਕਰਨਾ ਅਤਿ ਆਵੱਸ਼ਕ ਹੈ। ਵਿਸ਼ਵਕੋਸ਼ ਦਾ ਸੰਬੰਧ ਅਧਿਕਤਰ ਭਾਸ਼ਾ-ਬਾਹਰੇ ਜਗਤ ਦੇ ਸੰਕਲਪਾਂ ਅਤੇ ਪਦਾਰਥਾਂ ਅਰਥਾਤ ਵਸਤਾਂ ਨਾਲ ਹੁੰਦਾ ਹੈ। ਜਿਵੇਂ ਕਿ ਜ਼ਗੁਸਤਾ ਦਾ ਹਵਾਲਾ ਦਿੰਦਿਆਂ ਉਪਰ ਦੱਸਿਆ ਗਿਆ ਹੈ, ਇਨ੍ਹਾਂ ਵਿਚ ਪ੍ਰਦਾਨ ਕੀਤੀ ਸੂਚਨਾ ਸਾਧਾਰਣ ਵਿਸ਼ਿਆਂ ਅਧੀਨ ਹੁੰਦੀ ਹੈ। ਇਨ੍ਹਾਂ ਦਾ ਮੰਤਵ ਗਿਆਨ-ਵਿਗਿਆਨ ਦੇ ਸਾਰੇ ਪੱਖਾਂ ਬਾਰੇ ਸੂਚਨਾ ਪ੍ਰਦਾਨ ਕਰਨਾ ਹੈ। ਇਸ ਵਿਚ ਸੰਮਿਲਿਤ ਮੱਦਾਂ ਜ਼ਿਆਦਾਤਰ ਵਾਚਾਰਥੀ ਲੱਛਣਾਂ ਵਾਲੀਆਂ ਹੁੰਦੀਆਂ ਹਨ, ਜਿਵੇਂ ਪੌਦਿਆਂ, ਪਸ਼ੂਆਂ, ਰੋਗਾਂ ਆਦਿ ਦੇ ਨਾਂ। ਇਨ੍ਹਾਂ ਵਿਚ ਇਤਿਹਾਸਕ ਘਟਨਾਵਾਂ, ਭੂਗੋਲਕ ਲੱਛਣਾਂ, ਮਸ਼ਹੂਰ ਸ਼ਖ਼ਸੀਅਤਾਂ ਦੇ ਜੀਵਨ-ਚਰਿੱਤਰ ਆਦਿ ਦਾ ਉਲੇਖ ਹੁੰਦਾ ਹੈ। ਭਾਸ਼ਾਈ ਜਾਂ ਸਾਧਾਰਣ ਕੋਸ਼ ਵਿਚ ਦਿੱਤੀਆਂ ਬਹੁਤ ਸਾਰੀਆਂ ਮੱਦਾਂ ਇਨ੍ਹਾਂ ਵਿਚ ਸ਼ਾਮਿਲ ਨਹੀਂ ਕੀਤੀਆਂ ਜਾਂਦੀਆਂ, ਜਿਵੇਂ ਪ੍ਰਕਾਰਜੀ ਸ਼ਬਦ, ਕ੍ਰਿਆ-ਰੂਪ ਅਤੇ ਇੰਜ ਹੀ ਬਹੁਤ ਸਾਰੇ ਹੋਰ ਸ਼ਬਦ ਜਿਵੇਂ ਇਹ, ਉਹ, ਜਾਣਾ, ਖਾਣਾ, ਜੇ, ਪਿਤਾ ਮਾਤਾ, ਆਦਿ। ਇਸ ਵਿਚ ਦਿੱਤੀ ਜਾਣਕਾਰੀ ਵਿਸਤ੍ਰਿਤ ਹੁੰਦੀ ਹੈ ਅਤੇ ਮੱਦ ਦੇ ਇਤਿਹਾਸ ਅਤੇ ਵਰਣਨ ਨਾਲ ਸੰਬੰਧ ਰਖਦੀ ਹੈ। ਵਿਸ਼ਵਕੋਸ਼ੀ ਕੋਸ਼

ਵਿਸ਼ਵਕੋਸ਼ ਅਤੇ ਸਾਧਾਰਣ/ਭਾਸ਼ਾਈ ਕੋਸ਼ ਦਾ ਸੁਮੇਲ ਹੁੰਦਾ ਹੈ । ਇਸ ਵਿਚ ਭਾਸ਼ਾਈ ਕੋਸ਼ ਦੀਆਂ ਮੱਦਾਂ ਦੇ ਨਾਲ ਨਾਲ ਵਿਸ਼ਵਕੋਸ਼ ਵਿਚ ਸ਼ਾਮਿਲ ਕੀਤੀਆਂ ਜਾਣ ਵਾਲੀਆਂ ਮੱਦਾਂ ਵੀ ਸ਼ਾਮਿਲ ਕੀਤੀਆਂ ਜਾਂਦੀਆਂ ਹਨ । ਆਪਣੀ ਪੇਸ਼ਕਾਰੀ ਦੀ ਵਿਧੀ ਅਤੇ ਸੂਚਨਾ ਦੀ ਮਾਤਰਾ ਪੱਖੋਂ ਵੀ ਇਸ ਵਿਚ ਦੋਹਾਂ ਦੇ ਲੱਛਣਾਂ ਦਾ ਸੰਯੋਜਨ ਹੁੰਦਾ ਹੈ । ਦਰਅਸਲ ਭਾਸ਼ਾਈ/ਸਾਧਾਰਣ ਕੋਸ਼ ਅਤੇ ਗੈਰ-ਭਾਸ਼ਾਈ/ਵਿਸ਼ਵਕੋਸ਼ੀ ਕੋਸ਼ ਵਿਚ ਨਿਖੇੜਾ ਕਰਨਾ ਕਈ ਵਾਰੀ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਕਿਸੇ ਕੋਸ਼ ਵਿਚ ਇਨ੍ਹਾਂ ਦੋਹਾਂ ਦੇ ਲੱਛਣ ਦ੍ਰਿਸ਼ਟੀ-ਗੋਚਰ ਹੋ ਸਕਦੇ ਹਨ ਜਿਵੇਂ 'ਮਹਾਨ ਕੋਸ਼' (ਪੰਜਾਬੀ), 'ਸ਼ਬਦ ਸਾਗਰ' (ਹਿੰਦੀ), 'ਦ ਆਕਸਫੋਰਡ ਇੰਗਲਿਸ਼ ਡਿਕਸ਼ਨਰੀ' (ਅੰਗ੍ਰੇਜ਼ੀ),'ਮਲਿਆਲਮ ਲੈਕਸੀਕਾਨ'(ਮਲਿਆਲਮ), 'ਤਮਿਲ ਲੈਕਸੀਕਾਨ' (ਤਮਿਲ) ਵਰਗੇ ਵੱਡ-ਆਕਾਰੀ ਕੋਸ਼ ਵਿਸ਼ਵਕੋਸ਼ ਹੋਣ ਦੇ ਨਾਲ ਨਾਲ ਭਾਸ਼ਾਈ/ਸਾਧਾਰਣ ਕੋਸ਼ ਵੀ ਹਨ ।

ਖ਼ਾਸ ਨਾਂਵ ਅਤੇ ਸਭਿਆਚਾਰਕ ਮੱਦਾਂ ਦੀ ਵਿਆਖਿਆ ਬਾਰੇ ਤਾਂ ਛੋਟੇ ਅਤੇ ਸੰਖੇਪ ਕੋਸ਼ਾਂ ਵਿਚ ਵੀ ਵਿਸ਼ਵਕੋਸ਼ੀ ਸੂਚਨਾ ਸ਼ਾਮਿਲ ਹੁੰਦੀ ਹੈ, ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਜੇ ਨਿਰੋਲ ਭਾਸ਼ਾਈ ਕੋਸ਼ਾਂ ਵਿਚ ਖ਼ਾਸ ਨਾਂਵ ਸ਼ਾਮਿਲ ਕਰ ਲਏ ਜਾਣ ਤਾਂ ਇਸ ਨਾਲ ਕੋਸ਼ ਵਿਸ਼ਵਕੋਸ਼ੀ ਕੋਸ਼ ਬਣ ਸਕਦਾ ਹੈ ।[20] ਸੋ ਬਹੁਤ ਸਾਰੇ ਕੋਸ਼ ਇਨ੍ਹਾਂ ਨੂੰ ਕੋਸ਼ ਦੇ ਮੁੱਖ ਕਲੇਵਰ ਵਿਚ ਸ਼ਾਮਿਲ ਨਹੀਂ ਕਰਦੇ, ਪਰੰਤੂ ਅੰਤਿਕਾਵਾਂ ਵਿਚ ਦੇ ਦਿੰਦੇ ਹਨ । ਸਾਧਾਰਣ ਕੋਸ਼ ਵਿਚ ਇਨ੍ਹਾਂ ਨੂੰ ਤਾਂ ਹੀ ਦਰਜ ਕੀਤਾ ਜਾਂਦਾ ਹੈ ਜੇ ਇਹ ਆਮ ਸ਼ਬਦ ਦਾ ਦਰਜਾ ਗ੍ਰਹਿਣ ਕਰ ਲੈਂਦੇ ਹਨ । ਇਸੇ ਆਧਾਰ ਤੇ 'ਪੰਜਾਬੀ ਕੋਸ਼' ਵਿਚ 'ਰਾਂਝਾ', 'ਮਜਨੂੰ', 'ਹੀਰ' ਆਦਿ ਅੰਦਰਾਜ ਕੀਤੇ ਗਏ ਹਨ ।

ਭਾਸ਼ਾਈ ਕੋਸ਼ ਵਿਸ਼ਵਕੋਸ਼ ਦਾ ਦਰਜਾ ਕਈ ਤਰ੍ਹਾਂ ਨਾਲ ਗ੍ਰਹਿਣ ਕਰ ਲੈਂਦਾ ਹੈ :

(ੳ) ਜਦੋਂ ਭਾਸ਼ਾਈ ਪਰਿਭਾਸ਼ਾ ਕੋਸ਼ੀ ਮੱਦ ਦਾ ਵਰਣਨ ਕਰਨ ਦੇ ਅਸਮਰੱਥ ਹੁੰਦੀ ਹੈ, ਵਿਸ਼ੇਸ਼ ਕਰਕੇ ਜਦੋਂ ਇਹ ਸੰਸਕ੍ਰਿਤੀ-ਵਿਸ਼ੇਸ਼ ਦਾਂ ਸ਼ਬਦ ਹੁੰਦਾ ਹੈ, ਤਾਂ ਕੋਸ਼ਕਾਰ ਨੂੰ ਵਿਸ਼ਵ-ਕੋਸ਼ੀ ਸੂਚਨਾ ਸ਼ਾਮਿਲ ਕਰਨੀ ਪੈਂਦੀ ਹੈ ਜਿਵੇਂ ਪੰਜਾਬੀ 'ਨਾਨਕਸ਼ਾਹੀ (ਨਾਂਵ): ਸਨ 1765 ਵਿੱਚ ਸਰਦਾਰ ਜੱਸਾ ਸਿੰਘ ਆਦਿਕ ਮੁਖੀਏ ਸਿੰਘਾਂ ਦਾ ਅਮ੍ਰਿਤਸਰ ਦੀ ਟਕਸਾਲ ਵਿੱਚ ਗੁਰੂ ਨਾਨਕ ਦੇਵ ਦੇ ਨਾਮ ਪੁਰ ਚਲਾਇਆ ਰੁਪਯਾ' ਜਾਂ ਹਿੰਦੀ **ਬਾਘਨਾਖ, ਬਾਘਨਾਖਾ** (ਸੰਗਿਆ) : 'ਏਕ ਆਭੂਸ਼ਣ ਜਿਸ ਮੇਂ ਬਾਘ ਕੇ ਨਾਖੂਨ ਚਾਂਦੀ ਯਾ ਸੋਨੇ ਮੇਂ ਮੜ੍ਹੇ ਹੋਤੇ ਹੈਂ'' ਆਦਿ ।

(ਅ) ਕੁਝ ਸ਼ਬਦਾਂ ਦੀ ਪਰਿਭਾਸ਼ਾ ਵਿਚ ਵਿਸ਼ਵਕੋਸ਼ੀ ਪਰਿਭਾਸ਼ਾ ਨਿਹਿਤ ਸੰਕਲਪ ਨੂੰ ਨਿਰਧਾਰਿਤ ਕਰਦੀ ਹੈ ਜਿਵੇਂ 'ਮਹਾਨ ਕੋਸ਼' ਵਿਚ 'ਸੂਲ' (ਰੋਗ), 'ਹਿਚਕੀ', 'ਵਰਸ' ਕੋਸ਼ੀ ਇਕਾਈਆਂ ਦੀ ਵਿਆਖਿਆ ।

(ੲ) ਜਦੋਂ ਅਸੀਂ ਬਹੁਅਰਥਕ ਸ਼ਬਦ ਦੇ ਵਿਭਿੰਨ ਅਰਥ ਦਿੰਦੇ ਹਾਂ ਅਤੇ ਉਨ੍ਹਾਂ ਨੂੰ ਸੂਚਕਾਂ

(ਲੇਬਲਾਂ) ਨਾਲ ਵਖਰਿਆਉਂਦੇ ਹਾਂ, ਤਾਂ ਅਸੀਂ ਇਹ ਸੰਕੇਤ ਕਰਦੇ ਹਾਂ ਕਿ ਅਰਥ ਗਿਆਨ-ਵਿਗਿਆਨ ਦੀ ਕਿਸੇ ਵਿਸ਼ੇਸ਼ ਸ਼ਾਖ਼ਾ ਨਾਲ ਸੰਬੰਧ ਰਖਦਾ ਹੈ ਜਿਵੇਂ ਬਨਸਪਤੀ-ਵਿਗਿਆਨ, ਰਸਾਇਣ-ਵਿਗਿਆਨ, ਚਿਕਿਤਸਾ-ਵਿਗਿਆਨ ਆਦਿ, ਜਿਸ ਵਿਚ ਵਿਸ਼ਵ-ਕੋਸ਼ੀ ਸੂਚਨਾ ਨਿਹਿਤ ਹੁੰਦੀ ਹੈ। ਇਹੀ ਹਾਲ ਦ੍ਰਿਸ਼ਟਾਂਤੀ ਉਦਾਹਰਣਾਂ ਵਿਚ ਦਿੱਤੀਆਂ ਟੂਕਾਂ ਦਾ ਹੈ। ਇਸ ਦੇ ਇਲਾਵਾ, ਜਦੋਂ ਅਸੀਂ ਕਿਸੇ ਰਚਨਾ ਵਲ ਕਿਸੇ ਵੀ ਕਿਸਮ ਦੀ ਸਭਿਆਚਾਰਕ ਸੂਚਨਾ ਦੇ ਹੋਰ ਵਿਸਤਾਰ ਲਈ ਸੰਕੇਤ ਕਰਦੇ ਹਾਂ ਤਾਂ ਅਸੀਂ ਅਪ੍ਰਤੱਖ ਤੌਰ ਤੇ ਵਿਸ਼ਵਕੋਸ਼ੀ ਸੂਚਨਾ ਦਿੰਦੇ ਹਾਂ।[21]

2. ਇਤਿਹਾਸਕ ਕੋਸ਼ ਅਤੇ ਸਮਕਾਲਕ ਕੋਸ਼ : ਸਮਾਂ ਤੱਤ ਨੂੰ ਆਧਾਰ ਬਣਾ ਕੇ ਕੋਸ਼ਾਂ ਦਾ ਵਰਗੀਕਰਣ ਇਤਿਹਾਸਕ/ਕਾਲਕ੍ਰਮਿਕ/ਦੁਕਾਲਕ ਅਤੇ ਸਮਕਾਲਕ ਰੂਪ ਵਿਚ ਕੀਤਾ ਗਿਆ ਹੈ। ਵਰਤਮਾਨ ਨੂੰ ਅਤੀਤ ਦੇ ਗਿਆਨ ਤੋਂ ਬਿਨਾਂ ਸਮਝਿਆ ਨਹੀਂ ਜਾ ਸਕਦਾ ਅਤੇ ਇਸ ਦੀ ਵਿਆਖਿਆ ਕੇਵਲ ਇਤਿਹਾਸਕ ਅਤੇ ਉਤਪੱਤੀਮੂਲਕ ਢੰਗ ਨਾਲ ਹੀ ਕੀਤੀ ਜਾ ਸਕਦੀ ਹੈ। ਇਤਿਹਾਸਕ ਅਧਿਐਨ ਦਾ ਅਰਥ ਉਦਾਹਰਣ ਇਕੱਤਰ ਕਰਨਾ ਨਹੀਂ ਬਲਕਿ ਇਹ ਆਪਣੇ ਪਰਿਵੇਸ਼ ਦਾ ਸਹੀ ਬੋਧ ਪ੍ਰਾਪਤ ਕਰਨ ਦਾ ਇਕੋ ਇਕ ਢੰਗ ਹੈ। ਇਸ ਪ੍ਰਸੰਗ ਵਿਚ ਆਰ. ਮਰਕਿਨ[22] (R. Merkin) ਇਤਿਹਾਸਕ ਕੋਸ਼ਾਂ ਵਿਚ ਨਿਹਿਤ ਸੂਚਨਾ ਅਤੇ ਇਸ ਦੇ ਉਦੇਸ਼ਾਂ ਬਾਰੇ ਵਿਸਤ੍ਰਿਤ ਵਿਚਾਰ ਕਰਦਾ ਹੋਇਆ ਲਿਖਦਾ ਹੈ ਕਿ ਇਤਿਹਾਸਕ ਕੋਸ਼ ਦਾ ਮੰਤਵ ਹਰੇਕ ਸ਼ਬਦ ਦਾ ਇਸ ਦੇ ਪਹਿਲੇ ਅਰਥ ਤੋਂ ਲੈ ਕੇ ਹੁਣ ਤਕ ਦਾ ਵਿਕਾਸ ਉਲੀਕਣਾ ਹੈ। ਅਜਿਹਾ ਕਰਨ ਲਈ ਸਾਹਿਤਕ ਅਤੇ ਅਸਾਹਿਤਕ ਸ੍ਰੋਤਾਂ ਤੋਂ ਲਈਆਂ ਟੂਕਾਂ ਅਤੇ ਸੰਦਰਭਾਂ ਦੀ ਸਹਾਇਤਾ ਲਈ ਜਾਂਦੀ ਹੈ। ਫਿਰ ਇਨ੍ਹਾਂ ਟੂਕਾਂ ਨੂੰ ਅਰਥ ਦਾ ਵਿਕਾਸ ਦਿਖਾਉਣ ਲਈ ਕਾਲਕ੍ਰਿਮਕ ਤਰਤੀਬ ਵਿਚ ਰੱਖਿਆ ਜਾਂਦਾ ਹੈ। ਇਨ੍ਹਾਂ ਤੋਂ ਨਿਮਨਲਿਖਿਤ ਸੂਚਨਾ ਪ੍ਰਾਪਤ ਹੁੰਦੀ ਹੈ :

1. ਭਿੰਨ ਕਾਲਾਂ, ਥਾਵਾਂ ਅਤੇ ਵਿਧਾਵਾਂ ਵਿਚ ਹਰੇਕ ਸ਼ਬਦ ਦੀ ਹੋਂਦ;
2. ਸ਼ਬਦ ਦੇ ਅਰਥ, ਪ੍ਰਯੋਗ, ਰੂਪ ਅਤੇ ਸ਼ਬਦ-ਜੋੜਾਂ ਵਿਚ ਪਰਿਵਰਤਨ;
3. ਇਸ ਦੇ ਮੁਹਾਵਰੇਦਾਰ ਵਾਕਾਂਸ਼ ਅਤੇ ਸਾਧਾਰਣ ਸ਼ਬਦ-ਸੰਗਤ;
4. ਇਸ ਦੀ ਬਾਹਰੀ ਜਾਂ ਤੁਲਨਾਤਮਕ ਨਿਰੁਕਤੀ ਅਤੇ ਇਸ ਦੀ ਆਂਤਰਿਕ ਵਿਉਤਪੱਤੀ;
5. ਇਸ ਦੇ ਰੂਪਾਤਮਕ ਅਤੇ ਵਾਕ-ਰਚਨਾਵੀ ਲੱਛਣ;
6. ਇਸ ਦੇ ਸ਼ੈਲੀਗਤ ਅਤੇ ਸਾਂਖਿਅਕੀ ਲੱਛਣ।

ਸਰ ਜੇਮਜ਼ ਮਰੇ ਇਸ ਕੋਸ਼ ਦਾ ਮੰਤਵ ਇਹ ਦਰਸਾਉਂਦਾ ਹੈ :

1. ਹਰੇਕ ਸ਼ਬਦ ਕਦੋਂ, ਕਿਵੇਂ, ਕਿਸ ਰੂਪ ਵਿਚ ਅਤੇ ਕਿਹੜੇ ਅਰਥ ਸਹਿਤ ਭਾਸ਼ਾ ਦਾ ਅੰਗ ਬਣਿਆ ਹੈ; ਇਸ ਦੇ ਰੂਪ ਅਤੇ ਅਰਥ ਵਿਚ ਕੀ ਪਰਿਵਰਤਨ ਆਏ ਹਨ ? ਸਮਾਂ ਪਾ ਕੇ ਕਿਹੜੇ ਪ੍ਰਯੋਗ ਅਪ੍ਰਚਲਿਤ ਬਣ ਗਏ ਹਨ ਅਤੇ ਕਿਹੜੇ

ਅਜੇ ਪ੍ਰਚਲਿਤ ਹਨ; ਕਿਹੜੇ ਨਵੇਂ ਪ੍ਰਯੋਗਾਂ ਦੀ ਇਸ ਵਿਚ ਵ੍ਰਿਧੀ ਹੋਈ ਅਤੇ ਕਦੋਂ ?

2. ਉਪਰ-ਵਰਣਿਤ ਤੱਥਾਂ ਦੇ ਟੂਕਾਂ ਦੇ ਕ੍ਰਮ ਨਾਲ ਆਰੰਭ ਤੋਂ ਲੈ ਕੇ ਹੁਣ ਤਕ ਉਦਾਹਰਣ ਦੇਣੇ ਜਿਸ ਤੋਂ ਸ਼ਬਦ ਦਾ ਆਪਣਾ ਇਤਿਹਾਸ ਅਤੇ ਅਰਥ ਸਪਸ਼ਟ ਹੋ ਜਾਵੇ।

3. ਹਰੇਕ ਸ਼ਬਦ ਦੀ ਨਿਰੁਕਤੀ ਦੇਣੀ।[23]

ਜ਼ਗੁਸਤਾ[24] ਅਨੁਸਾਰ ਕਾਲਕ੍ਰਮਿਕ (chronological) ਕੋਸ਼ ਮੁੱਖ ਤੌਰ ਤੇ ਰੂਪ ਅਤੇ ਅਰਥ ਪੱਖੋਂ ਸ਼ਬਦਾਂ ਦੇ ਇਤਿਹਾਸ ਅਤੇ ਵਿਕਾਸ ਨਾਲ ਸੰਬੰਧਿਤ ਹੁੰਦੇ ਹਨ। ਕਾਲਕ੍ਰਮਿਕ ਕੋਸ਼ਾਂ ਨੂੰ ਵੀ ਅਸੀਂ ਅੱਗੋਂ ਦੋ ਕਿਸਮਾਂ ਵਿਚ ਵੰਡ ਸਕਦੇ ਹਾਂ : ਇਤਿਹਾਸਕ ਕੋਸ਼ ਅਤੇ ਨਿਰੁਕਤ ਕੋਸ਼। **ਇਤਿਹਾਸਕ ਕੋਸ਼** ਕਿਸੇ ਵਿਸ਼ੇਸ਼ ਕਾਲ-ਖੰਡ ਦੇ ਅੰਤਰਗਤ ਸ਼ਬਦ (ਕੋਸ਼ੀ ਇਕਾਈ) ਦੇ ਰੂਪ ਅਤੇ ਅਰਥ ਵਿਚ ਆਏ ਪਰਿਵਰਤਨ ਤੇ ਧਿਆਨ ਕੇਂਦ੍ਰਿਤ ਕਰਦੇ ਹਨ ਜਿਨ੍ਹਾਂ ਬਾਰੇ ਇਤਿਹਾਸਕ (ਆਮ ਕਰਕੇ ਪਾਠ ਦਾ) ਪ੍ਰਮਾਣ ਉਪ-ਲਬਧ ਹੁੰਦਾ ਹੈ। **ਨਿਰੁਕਤ ਕੋਸ਼** ਸ਼ਬਦਾਂ (ਕੋਸ਼ੀ ਇਕਾਈਆਂ) ਦੀ ਵਿਉਤਪੱਤੀ ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਜਿਵੇਂ ਕਿ ਅਕਸਰ ਵੇਖਣ ਵਿਚ ਆਇਆ ਹੈ, ਕਿਸੇ ਵੀ ਭਾਸ਼ਾ ਦੀ ਅੱਜ ਪ੍ਰਾਪਤ ਬਹੁਤੀ ਸ਼ਬਦਾਵਲੀ ਲਿਖਤੀ ਪਰੰਪਰਾ ਦੇ ਆਰੰਭ ਹੋਣ ਤੋਂ ਪਹਿਲਾਂ ਹੋਂਦ ਵਿਚ ਆਈ, ਜਿਸ ਦੇ ਫਲਸਰੂਪ ਨਿਰੁਕਤ ਕੋਸ਼ ਨੂੰ ਮੁੱਖ ਰੂਪ ਵਿਚ ਸ਼ਬਦਾਂ ਦੇ ਪੂਰਵ-ਇਤਿਹਾਸ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਪਰੰਤੂ ਹਾਲ ਹੀ ਵਿਚ ਉਤਪੰਨ ਸ਼ਬਦਾਂ ਦੀ ਵਿਉਤਪੱਤੀ ਵੀ ਨਿਰੁਕਤ ਕੋਸ਼ ਲਈ ਉਪਯੁਕਤ ਵਿਸ਼ਾ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਕਾਲਕ੍ਰਮਿਕ ਅਥਵਾ ਦੁਕਾਲਕ ਕੋਸ਼ਾਂ ਦਾ ਕਾਰਜ ਸ਼ਬਦਾਂ ਦੇ ਵਿਕਾਸ ਨਾਲ ਸੰਬੰਧਿਤ ਹੈ ਅਤੇ ਸਮਕਾਲਕ ਕੋਸ਼ਾਂ ਦਾ ਉਦੇਸ਼ ਭਾਸ਼ਾ ਦੇ ਵਿਕਾਸ ਦੀ ਇਕ ਵਿਸ਼ੇਸ਼ ਸਟੇਜ ਜਾਂ ਕਾਲ-ਬਿੰਦੂ ਤੇ ਪ੍ਰਾਪਤ ਭਾਸ਼ਾਈ ਸਮੁੱਚ ਨਾਲ ਸੰਬੰਧਿਤ ਹੈ। ਸੋ ਸਾਧਾਰਣ ਦ੍ਰਿਸ਼ਟੀ ਤੋਂ ਵੇਖਿਆਂ ਇਨ੍ਹਾਂ ਦੋਹਾਂ ਕੋਸ਼ਾਂ ਦਾ ਨਿਖੇੜਾ ਸਪਸ਼ਟ ਹੈ।

ਰਾਮ ਆਧਾਰ ਸਿੰਘ[25] ਨੇ ਸਮਕਾਲਕ ਕੋਸ਼ ਅਤੇ ਕਾਲਕ੍ਰਮਿਕ/ਦੁਕਾਲਕ/ਇਤਿ-ਹਾਸਕ ਕੋਸ਼ ਤੇ ਵਿਸਤ੍ਰਿਤ ਚਰਚਾ ਕੀਤੀ ਹੈ। ਉਹ ਕਹਿੰਦਾ ਹੈ ਕਿ ਇਨ੍ਹਾਂ ਕੋਸ਼ਾਂ ਵਿਚ-ਕਾਰ ਸਪਸ਼ਟ ਲਕੀਰ ਖਿੱਚਣੀ ਬਹੁਤ ਔਖੀ ਹੈ। ਸਮਕਾਲਕ/ਵਰਣਨਾਤਮਕ ਭਾਂਤ ਦੇ ਵੱਡੇ ਕੋਸ਼ਾਂ ਵਿਚ, ਇਥੋਂ ਤਕ ਕਿ ਛੋਟੇ ਕੋਸ਼ਾਂ ਵਿਚ ਵੀ, ਘੱਟੋ ਘੱਟ ਥੋੜੀ ਬਹੁਤੀ ਇਤਿ-ਹਾਸਕ ਸੂਚਨਾ ਸ਼ਾਮਿਲ ਕਰਨੀ ਪੈਂਦੀ ਹੈ। ਜਦੋਂ ਕੋਸ਼ ਕਿਸੇ ਸ਼ਬਦ ਦੇ ਮੂਲ ਦੇ ਰੂਪ ਵਿਚ ਵਿਉਤਪੱਤੀ ਸ੍ਰੋਤ ਦਿੰਦਾ ਹੈ, ਉਸ ਵਿਚ ਨਿਰੁਕਤੀ ਦੇਣ ਦਾ ਯਤਨ ਕੀਤਾ ਜਾਂਦਾ ਹੈ। ਨਿਰੁਕਤੀ ਸਮਨਾਮਤਾ ਅਤੇ ਬਹੁਅਰਥਕਤਾ ਦਾ ਨਿਰਣਾ ਕਰਨ ਵਿਚ ਸਹਾਇਤਾ ਕਰਦੀ ਹੈ ਅਤੇ ਨਾਲ ਹੀ ਮੌਲਿਕ ਜਾਂ ਬੁਨਿਆਦੀ ਅਰਥ ਦੇ ਕੇ ਬਹੁਅਰਥਕ ਸ਼ਬਦਾਂ

ਦੇ ਅਰਥਾਂ ਨੂੰ ਕ੍ਰਮਬੱਧ ਕਰਨ ਵਿਚ ਮਦਦ ਕਰਦੀ ਹੈ। ਨਿਰੁਕਤੀ ਕੁਝ ਕੋਸ਼ੀ ਇਕਾ-ਈਆਂ ਦੇ ਅਸਪਸ਼ਟ ਅਰਥਾਂ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਵੀ ਸਹਾਇਤਾ ਕਰਦੀ ਹੈ। ਇੰਜ ਕੋਸ਼ ਕਾਲਕ੍ਰਮਿਕ ਭਾਂਤ ਦੇ ਤੱਤ ਪ੍ਰਸਤੁਤ ਕਰਦਾ ਹੈ। ਕੋਸ਼ਕਾਰ ਨੂੰ ਕੋਸ਼ੀ ਇਕਾਈ ਦੇ ਵਿਭਿੰਨ ਅਰਥਾਂ ਦੇ ਵਿਭਿੰਨ ਪ੍ਰਯੋਗਾਂ ਨੂੰ ਕਿਸੇ ਕਾਲਕ੍ਰਮਿਕ ਤਰਤੀਬ ਵਿਚ ਵਿਵਸਥਿਤ ਕਰਨਾ ਪੈਂਦਾ ਹੈ ਅਤੇ ਇੰਜ ਵਰਣਨਾਤਮਕ ਕੋਸ਼ ਇਤਿਹਾਸਕ ਰੰਗਣ ਅਖ਼ਤਿਆਰ ਕਰ ਲੈਂਦਾ ਹੈ। ਸ਼ਬਦ-ਸਾਮੱਗਰੀ ਵਿਚੋਂ ਸ਼ਬਦ ਚੋਣ ਕਰਦਿਆਂ ਉਸ ਦੇ ਸਾਮ੍ਹਣੇ ਕੁਝ ਸ਼ਬਦ ਅਜਿਹੇ ਆਉਂਦੇ ਹਨ ਜਿਨ੍ਹਾਂ ਦਾ ਪ੍ਰਯੋਗ ਹੌਲੀ ਹੌਲੀ ਖ਼ਤਮ ਹੋ ਰਿਹਾ ਹੈ, ਤਾਂ ਇਨ੍ਹਾਂ ਸ਼ਬਦਾਂ ਦਾ ਵਰਣਨ ਕਰਨ ਲਈ ਉਸ ਨੂੰ ਕੁਝ ਸ਼ਬਦ-ਸੂਚਕਾਂ (ਲੇਬਲਾਂ) ਦੀ ਵਰਤੋਂ ਕਰਨੀ ਪੈਂਦੀ ਹੈ ਜਿਵੇਂ ਪ੍ਰਾਚੀਨ, ਅਪ੍ਰਚਲਿਤ, ਅਪਭ੍ਰਾਸ਼ਾ, ਅਸ਼ਿਸ਼ਟ ਆਦਿ। ਇਸ ਪ੍ਰਕਾਰ ਉਹ ਕੋਸ਼ ਨੂੰ ਕਾਲਕ੍ਰਮਿਕ ਕੋਸ਼ ਦੇ ਖੇਤਰ ਵਿਚ ਲੈ ਜਾਂਦਾ ਹੈ।

ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ, ਕਾਲਕ੍ਰਮਿਕ ਜਾਂ ਇਤਿਹਾਸਕ ਕੋਸ਼ ਦੀ ਇਕ ਵਿਸ਼ੇਸ਼ ਕਿਸਮ ਨਿਰੁਕਤ ਕੋਸ਼ ਹੈ। ਇਨ੍ਹਾਂ ਦੋਹਾਂ ਵਿਚ ਵਿਸ਼ੇਸ਼ ਸਾਂਝ ਤੇ ਸਮਾਨਤਾ ਹੋਣ ਦੇ ਬਾਵਜੂਦ ਨਿਰੁਕਤ ਕੋਸ਼ ਦੇ ਰੂਪ ਤੇ ਉਦੇਸ਼ ਦੀ ਭਿੰਨਤਾ, ਪਾਠਕ-ਵਰਗ ਦੀ ਸੀਮਿਤਤਾ, ਸ਼ਬਦਾਵਲੀ ਦੀ ਅਲਪਤਾ ਕਰਕੇ ਇਹ ਇਤਿਹਾਸਕ ਕੋਸ਼ ਤੋਂ ਭਿੰਨ ਹੁੰਦਾ ਹੈ।

ਇਤਿਹਾਸਕ ਕੋਸ਼ ਅਤੇ ਨਿਰੁਕਤ ਕੋਸ਼ ਦੋਹਾਂ ਦਾ ਮੁੱਖ ਕਾਰਜ ਕੋਸ਼ੀ ਇਕਾਈ ਦਾ ਇਤਿਹਾਸ ਪ੍ਰਸਤੁਤ ਕਰਨਾ ਹੁੰਦਾ ਹੈ। ਇਤਿਹਾਸਕ ਕੋਸ਼ ਕਿਸੇ ਕੋਸ਼ੀ ਇਕਾਈ ਦੇ ਰੂਪ ਅਤੇ ਅਰਥ ਦਾ ਵਿਕਾਸ ਰਿਕਾਰਡ ਕਰਦਾ ਹੈ ਅਤੇ ਨਿਰੁਕਤ ਕੋਸ਼ ਸ਼ਬਦਾਂ ਦੇ ਵਰਤਮਾਨ ਰੂਪ ਤੋਂ ਇਨ੍ਹਾਂ ਦੇ ਪ੍ਰਾਚੀਨ ਰੂਪ ਦਾ ਪਤਾ ਲਗਾ ਕੇ ਸ਼ਬਦਾਂ ਦਾ ਮੂਲ ਰੂਪ ਪ੍ਰਸਤੁਤ ਕਰਦਾ ਹੈ।

ਇਸ ਪ੍ਰਕਾਰ ਇਤਿਹਾਸਕ ਕੋਸ਼ ਕੋਸ਼ੀ ਇਕਾਈ ਦੇ ਪਰਿਵਰਤਨਾਂ ਦੇ ਕ੍ਰਮਬੱਧ ਅਧਿਐਨ, ਸ਼ਬਦ ਦੀ ਸੰਰਚਨਾ ਅਤੇ ਅਰਥਾਂ ਦੇ ਪ੍ਰਸਤੁਤੀਕਰਣ ਲਈ ਵਿਭਿੰਨ ਪ੍ਰਸੰਗਾਂ ਵਿਚ ਪ੍ਰਾਚੀਨਤਮ ਪ੍ਰਯੋਗਾਂ ਦੀ ਪ੍ਰਾਪਤੀ, ਇਨ੍ਹਾਂ ਦੀ ਪਰਸਪਰ ਤੁਲਨਾ, ਵਿਭਿੰਨ ਅਰਥਾਂ ਅਤੇ ਇਨ੍ਹਾਂ ਅਰਥਾਂ ਦੇ ਸੂਖਮ ਅਰਥ-ਭੇਦਾਂ ਨੂੰ ਲੱਭਣ, ਅਰਥਾਂ ਅਤੇ ਉਪ-ਅਰਥਾਂ ਨੂੰ ਕਾਲਕ੍ਰਮਿਕ ਤਰਤੀਬ ਵਿਚ ਕ੍ਰਮਬੱਧ ਕਰਨ, ਕੋਸ਼ੀ ਇਕਾਈਆਂ ਦੇ ਰੂਪਾਂ ਨੂੰ ਕਾਲਕ੍ਰਮਿਕ ਰੂਪ ਵਿਧੀ ਅਨੁਸਾਰ ਰਿਕਾਰਡ ਕਰਨ ਨਾਲ ਸੰਬੰਧਿਤ ਹੈ। ਪਰ ਇਹ ਕਾਰਜ ਐਨਾ ਸੌਖਾ ਨਹੀਂ ਹੈ। ਕੋਸ਼ੀ ਇਕਾਈਆਂ ਦੇ ਅਰਥਾਂ ਵਿਚ ਪਰਿਵਰਤਨ ਆਪਹੁਦਰਾ ਹੋਣ ਕਰਕੇ ਇਸ ਦਾ ਸਾਧਾਰਣੀਕਰਣ ਕਰਨਾ ਅਸੰਭਵ ਹੁੰਦਾ ਹੈ। ਇਸ ਦੁੱਭਰ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਉਸ ਨੂੰ ਕੋਸ਼ ਦੀ ਆਧਾਰ-ਸਾਮੱਗਰੀ ਨਿਰਧਾਰਿਤ ਕਰਨ ਸਮੇਂ ਕਿਸੇ ਵਿਵਹਾਰਕ ਵਿਧੀ ਦਾ ਪ੍ਰਯੋਗ ਕਰਨਾ ਪੈਂਦਾ ਹੈ। ਕੋਸ਼ਕਾਰ ਦਾ ਯਤਨ ਹੁੰਦਾ ਹੈ ਕਿ ਹਰੇਕ ਕਾਲ-ਖੰਡ,

ਵਿਸ਼ੇਸ਼ ਸਾਹਿਤਕ ਧਾਰਾ, ਵਿਸ਼ੇਸ਼ ਸਾਹਿਤਕ ਪ੍ਰਵਿਰਤੀ, ਵਿਸ਼ੇਸ਼ ਅਤੇ ਪ੍ਰਮੁੱਖ ਲੇਖਕਾਂ ਦੀਆਂ ਪ੍ਰਤਿਨਿਧ ਰਚਨਾਵਾਂ, ਗਿਆਨ ਸਾਹਿਤ ਦੀਆਂ ਪ੍ਰਮੁੱਖ ਅਤੇ ਮਹੱਤਵਪੂਰਣ ਸ਼ਾਖਾਵਾਂ ਨੂੰ ਕੋਸ਼ ਸਾਮੱਗਰੀ ਦਾ ਆਧਾਰ ਬਣਾਉਣ ਦੇ ਨਾਲ ਨਾਲ ਪ੍ਰਦੇਸ਼, ਸ਼ੈਲੀ ਅਤੇ ਵਿਸ਼ੇ-ਵਸਤੂ ਦੀ ਭਿੰਨਤਾ ਨੂੰ ਕੋਸ਼ ਵਿਚ ਧਿਆਨਪੂਰਵਕ ਅੰਕਿਤ ਅਤੇ ਸੰਮਿਲਿਤ ਕੀਤਾ ਜਾਵੇ। ਉਪਲਬਧ ਸੂਚਨਾ ਦੇ ਆਧਾਰ ਤੇ ਆਖਿਆ ਜਾ ਸਕਦਾ ਹੈ ਕਿ 'ਸੰਸਕ੍ਰਿਤ ਡਿਕਸ਼ਨਰੀ' (ਪੂਨਾ) ਨੇ ਸ੍ਰੋਤ ਸਾਮੱਗਰੀ ਵਜੋਂ 1500 ਪੁਸਤਕਾਂ, 'ਮਲਿਆਲਮ ਲੈਕਸੀ-ਕਾਨ' ਨੇ ਹੱਥਲਿਖਤਾਂ ਦੇ ਇਲਾਵਾ 7000 ਰਚਨਾਵਾਂ ਦਾ ਪ੍ਰਯੋਗ ਕੀਤਾ ਹੈ। 'ਕੰਨੜ ਡਿਕਸ਼ਨਰੀ' (ਬੰਗਲੌਰ) ਨੇ ਸਾਰੀ ਉਪਲਬਧ ਹੱਥਲਿਖਤ ਸਾਮੱਗਰੀ ਅਤੇ 2000 ਪੁਸਤਕਾਂ ਨੂੰ ਕੋਸ਼-ਸਾਮੱਗਰੀ ਦਾ ਆਧਾਰ ਬਣਾਇਆ ਹੈ। ਇਸ ਦੇ ਇਲਾਵਾ, ਸੰਬੰਧਿਤ ਭਾਸ਼ਾ ਵਿਚ ਪ੍ਰਕਾਸ਼ਿਤ ਉਪਲਬਧ ਕੋਸ਼ਾਂ ਦਾ ਵੀ ਉਚਿਤ ਉਪਯੋਗ ਕੀਤਾ ਜਾ ਸਕਦਾ ਹੈ।

ਇਤਿਹਾਸਕ ਕੋਸ਼ ਅਤੇ ਨਿਰੁਕਤ ਕੋਸ਼ ਦੇ ਕੇਂਦਰ-ਬਿੰਦੂ ਭਾਵੇਂ ਭਿੰਨ ਹਨ, ਪਰ ਇਹ ਕੋਸ਼ ਪਰਸਪਰ ਵਿਰੋਧੀ ਨਹੀਂ ਹਨ। ਅਸਲੀਅਤ ਇਹ ਹੈ ਕਿ ਇਹ ਕੋਸ਼ ਅੰਤਰ-ਸੰਬੰਧਿਤ ਅਤੇ ਪਰਸਪਰ ਨਿਰਭਰ ਹਨ।

3. **ਸਮਭਾਸ਼ੀ ਕੋਸ਼ ਅਤੇ ਦੁਭਾਸ਼ੀ ਕੋਸ਼ :** ਭਾਸ਼ਾਵਾਂ ਦੇ ਆਧਾਰ ਤੇ ਕੋਸ਼ਾਂ ਦਾ ਵਰਗੀਕਰਣ ਸਮਭਾਸ਼ੀ ਕੋਸ਼ ਅਤੇ ਦੁਭਾਸ਼ੀ ਅਥਵਾ ਬਹੁਭਾਸ਼ੀ ਕੋਸ਼ ਦੇ ਰੂਪ ਵਿਚ ਕੀਤਾ ਜਾਂਦਾ ਹੈ। ਸਮਭਾਸ਼ੀ ਕੋਸ਼ ਵਿਚ ਕੋਸ਼ੀ ਇਕਾਈਆਂ ਦੇ ਅਰਥਾਂ ਜਾਂ ਪਰਿਭਾਸ਼ਾਵਾਂ ਦੀ ਤਫ਼ਸੀਲ ਉਸੇ ਭਾਸ਼ਾ ਵਿਚ ਦਿੱਤੀ ਜਾਂਦੀ ਹੈ ਅਤੇ ਦੁਭਾਸ਼ੀ/ਬਹੁਭਾਸ਼ੀ ਕੋਸ਼ ਵਿਚ ਕਿਸੇ ਇਕ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦਾ ਅਨੁਵਾਦ ਜਾਂ ਵਿਆਖਿਆ ਕਿਸੇ ਦੂਜੀ/ਦੂਜੀਆਂ ਭਾਸ਼ਾ/ਭਾਸ਼ਾਵਾਂ ਦਾ ਪ੍ਰਯੋਗ ਕਰਕੇ ਕੀਤੀ ਜਾਂਦੀ ਹੈ। ਸਮਭਾਸ਼ੀ ਕੋਸ਼ ਵਿਚ ਸ਼ਬਦਾਂ ਦੇ ਅਰਥ ਦੇਣ ਸਮੇਂ ਇਹ ਪੂਰਵ-ਧਾਰਣਾ ਬਣੀ ਰਹਿੰਦੀ ਹੈ ਕਿ ਕੋਸ਼ ਦਾ ਪ੍ਰਯੋਗਕਰਤਾ ਉਸ ਭਾਸ਼ਾ ਨੂੰ ਉਚਿਤ ਮਾਤਰਾ ਵਿਚ ਜਾਣਦਾ ਹੈ। ਪਰੰਤੂ ਬਹੁਤ ਸਾਰੇ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਅਰਥ ਪ੍ਰਯੋਗ, ਵਿਉਤਪੱਤੀ, ਉਚਾਰਣ, ਸ਼ਬਦ-ਜੋੜਾਂ ਆਦਿ ਲਈ ਉਸ ਨੂੰ ਕੋਸ਼ ਵੇਖਣ ਦੀ ਲੋੜ ਪੈਂਦੀ ਹੈ। ਅੱਜ ਕੱਲ੍ਹ ਪ੍ਰਯੋਗਕਰਤਾ ਸਮਭਾਸ਼ੀ ਕੋਸ਼ ਵਿਚੋਂ ਆਮ ਕਰਕੇ ਹੇਠ ਲਿਖੀ ਸੂਚਨਾ ਪ੍ਰਾਪਤ ਕਰਨ ਦੀ ਆਸ ਕਰਦੇ ਹਨ : ਸ਼ਬਦ-ਜੋੜ, ਅੱਖਰੀ ਵੰਡ, ਉਚਾਰਣ, ਵਿਆਕਰਣਕ ਕੋਟੀ, ਪਦ-ਰਚਨਾ, ਖੇਤਰ, ਪ੍ਰਯੋਗ, ਵਿਉਤਪੱਤੀ, ਅਰਥ/ਪਰਿਭਾਸ਼ਾ/ਵਿਆਖਿਆ, ਦ੍ਰਿਸ਼ਟਾਂਤੀ ਉਦਾਹਰਣ ਅਤੇ ਟੂਕਾਂ, ਪਰਿਆਇ/ਵਿਪਰਿ-ਆਇ। ਇਸ ਦੇ ਇਲਾਵਾ, ਵਿਅਕਤੀਆਂ, ਥਾਵਾਂ, ਪੁਸਤਕਾਂ, ਵਿਦੇਸ਼ੀ ਸ਼ਬਦ ਅਤੇ ਮੁਹਾਵਰੇ, ਚਿੰਨ੍ਹ, ਸੰਕੇਤ ਅਤੇ ਸ਼ਬਦ-ਸੰਖੇਪਾਂ ਆਦਿ ਬਾਰੇ ਸੂਚਨਾ ਦੀ ਵੀ ਆਸ ਕੀਤੀ ਜਾਂਦੀ ਹੈ। ਦੁਭਾਸ਼ੀ ਕੋਸ਼ ਆਮ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਇਨ੍ਹਾਂ ਵਿਚ ਇਕ ਭਾਸ਼ਾ (ਸ੍ਰੋਤ ਭਾਸ਼ਾ) ਦੇ ਸ਼ਬਦਾਂ ਦੇ ਅਰਥ ਦੂਜੀ ਭਾਸ਼ਾ (ਟੀਚਾ ਭਾਸ਼ਾ) ਵਿਚ ਦਿੱਤੇ ਜਾਂਦੇ ਹਨ। ਇਹ ਅਰਥ ਇਕ ਤਰਾਂ ਨਾਲ ਉਸ ਸ਼ਬਦ ਦਾ ਅਨੁਵਾਦ ਜਾਂ ਵਿਆਖਿਆ ਹੁੰਦੇ

ਹਨ। ਦੁਭਾਸ਼ੀ ਕੋਸ਼ ਨੂੰ ਜੇ ਅਨੁਵਾਦ-ਪੁਸਤਕ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਉਦਾਹਰਣ ਲਈ, ਅੰਗ੍ਰੇਜ਼ੀ-ਪੰਜਾਬੀ ਕੋਸ਼ ਵਿਚ ਅੰਗ੍ਰੇਜ਼ੀ ਸ੍ਰੋਤ ਭਾਸ਼ਾ ਹੈ ਅਤੇ ਪੰਜਾਬੀ ਟੀਚਾ ਭਾਸ਼ਾ ਹੈ। ਸ਼ਬਦ ਮੁੱਖ ਅੰਦਰਾਜ ਦੇ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤੇ ਜਾਂਦੇ ਹਨ ਅਤੇ ਇਨ੍ਹਾਂ ਸਾਮ੍ਹਣੇ ਇਨ੍ਹਾਂ ਦੇ ਅਨੁਵਾਦ ਦੇ ਰੂਪ ਵਿਚ ਦਿੱਤੇ ਪੰਜਾਬੀ ਦੇ ਸਮਤੁੱਲ ਸ਼ਬਦ ਹੁੰਦੇ ਹਨ। ਦੁਭਾਸ਼ੀ ਕੋਸ਼ਾਂ ਦਾ ਉਦੇਸ਼ ਵਿਦੇਸ਼ੀ ਬੁਲਾਰੇ ਨੂੰ ਭਾਸ਼ਾ ਦਾ ਬੋਧ ਕਰਵਾਉਣਾ ਹੁੰਦਾ ਹੈ, ਜਦੋਂ ਕਿ ਸਮਭਾਸ਼ੀ ਕੋਸ਼ਾਂ ਦਾ ਨਿਸ਼ਚਿਤ ਟੀਚਾ ਦੇਸੀ ਬੁਲਾਰਾ ਹੁੰਦਾ ਹੈ।

ਦੁਭਾਸ਼ੀ ਕੋਸ਼ਾਂ ਵਿਚ ਦ੍ਰਿਸ਼ਟਾਂਤੀ ਉਦਾਹਰਣਾਂ ਅਤੇ ਚਿੱਤਰਾਤਮਕ ਉਦਾਹਰਣਾਂ ਦੇ ਰੂਪ ਵਿਚ ਪ੍ਰਦਾਨ ਕੀਤੀ ਸੂਚਨਾ ਉਨ੍ਹਾਂ ਬੁਲਾਰਿਆਂ ਦੇ ਸਭਿਆਚਾਰਕ ਪਿਛੋਕੜ ਵਲ ਰੁਚਿਤ ਹੋਣੀ ਚਾਹੀਦੀ ਹੈ ਜਿਨ੍ਹਾਂ ਲਈ ਕੋਸ਼ ਤਿਆਰ ਕੀਤਾ ਜਾਂਦਾ ਹੈ। ਉਦਾਹਰਣ ਲਈ, ਅੰਗ੍ਰੇਜ਼ੀ-ਅਰਬੀ ਕੋਸ਼, ਜਿਹੜਾ ਅਰਬਾਂ ਲਈ ਤਿਆਰ ਕੀਤਾ ਗਿਆ ਹੋਵੇ, ਵਿਚ ਊਠ ਦੀ ਤਸਵੀਰ ਦੀ ਲੋੜ ਨਹੀਂ ਹੈ, ਪਰੰਤੂ ਚਰਚ ਦਾ ਚਿੱਤਰ ਦੇਣਾ ਉਪਯੁਕਤ ਹੋਵੇਗਾ।

ਸਮਭਾਸ਼ੀ ਕੋਸ਼ ਅਤੇ ਦੁਭਾਸ਼ੀ ਕੋਸ਼ ਬਾਰੇ ਇਥੇ ਸੰਖੇਪ ਜਿਹੀ ਚਰਚਾ ਕੀਤੀ ਗਈ ਹੈ। ਇਨ੍ਹਾਂ ਤੇ ਵਿਸਤ੍ਰਿਤ ਵਿਚਾਰ ਅਗਲੇ ਅਧਿਆਵਾਂ ਵਿਚ ਕੀਤੀ ਜਾਵੇਗੀ।

4. ਸਾਧਾਰਣ ਕੋਸ਼ ਅਤੇ ਵਿਸ਼ੇਸ਼ ਕੋਸ਼ : ਸਮਭਾਸ਼ੀ ਕੋਸ਼ਾਂ ਨੂੰ ਮੋਟੇ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ: ਸਾਧਾਰਣ ਕੋਸ਼ ਅਤੇ ਵਿਸ਼ੇਸ਼ ਕੋਸ਼। **ਸਾਧਾਰਣ ਕੋਸ਼** ਬਾਰੇ ਵਿਚਾਰ ਕਰਦਿਆਂ ਅਸੀਂ ਸਪਸ਼ਟ ਕਰ ਚੁਕੇ ਹਾਂ ਕਿ ਇਸ ਵਿਚ ਆਮ ਵਰਤੋਂ ਦੇ ਸ਼ਬਦ ਲਏ ਜਾਂਦੇ ਹਨ ਜਿਹੜੇ ਉਸ ਭਾਸ਼ਾ ਦੇ ਬੁਲਾਰਿਆਂ ਦੇ ਜੀਵਨ ਦੇ ਵਿਭਿੰਨ ਖੇਤਰਾਂ ਨਾਲ ਸੰਬੰਧ ਰਖਦੇ ਹਨ ਅਤੇ ਸਾਧਾਰਣ ਭਾਸ਼ਾ ਦੀ ਤਸਵੀਰ ਪੇਸ਼ ਕਰਦੇ ਹਨ। ਇਹ ਕੋਸ਼ ਭਾਸ਼ਾ ਦੇ ਸਾਧਾਰਣ ਪ੍ਰਯੋਗ-ਕਰਤਾ ਲਈ ਤਿਆਰ ਕੀਤੇ ਜਾਂਦੇ ਹਨ। ਇਹ ਦਰੁਸਤ ਹੈ ਕਿ ਇਸ ਕੋਸ਼ ਵਿਚ ਸਮਸਤ ਸਭਿਆਚਾਰਕ ਵਰਤਾਰਿਆਂ ਨਾਲ ਸੰਬੰਧਿਤ ਸ਼ਬਦਾਵਲੀ ਸੰਮਿਲਤ ਕੀਤੀ ਜਾਂਦੀ ਹੈ, ਪਰੰਤੂ ਇਸ ਦਾ ਇਹ ਭਾਵ ਕਦਾਚਿਤ ਨਹੀਂ ਲੈਣਾ ਚਾਹੀਦਾ ਕਿ ਇਸ ਵਿਚ ਸੰਬੰਧਿਤ ਭਾਸ਼ਾ ਦੀ ਸਮੁੱਚੀ ਸ਼ਬਦਾਵਲੀ ਸ਼ਾਮਿਲ ਹੁੰਦੀ ਹੈ। **ਵਿਸ਼ੇਸ਼ ਕੋਸ਼** ਵਿਚ ਮੁੱਖ ਰੂਪ ਵਿਚ ਸੰਬੰਧਿਤ ਭਾਸ਼ਾ ਦੀ ਸ਼ਬਦਾਵਲੀ ਦਾ ਵਿਸ਼ੇਸ਼ ਭਾਗ ਸੰਮਿਲਤ ਹੁੰਦਾ ਹੈ ਜਾਂ ਫਿਰ ਇਹ ਕੋਸ਼ ਕਿਸੇ ਵਿਸ਼ੇਸ਼ ਮਨੋਰਥ ਨੂੰ ਮੁੱਖ ਰੱਖ ਕੇ ਤਿਆਰ ਕੀਤੇ ਜਾਂਦੇ ਹਨ। ਕਈ ਵਾਰ ਸਾਧਾਰਣ ਕੋਸ਼ ਅਤੇ ਵਿਸ਼ੇਸ਼ ਕੋਸ਼ ਦੋਹਾਂ ਵਿਚ ਸਾਧਾਰਣ ਸ਼ਬਦ-ਸੂਚੀ ਸ਼ਾਮਿਲ ਹੁੰਦੀ ਹੈ, ਪਰੰਤੂ ਉਨ੍ਹਾਂ ਦਾ ਕੇਂਦਰ-ਬਿੰਦੂ ਭਿੰਨ ਅਤੇ ਵਿਸ਼ੇਸ਼ ਉਦੇਸ਼ ਹੋ ਸਕਦਾ ਹੈ। ਉਦਾਹਰਣ ਵਜੋਂ, ਉਚਾ-ਰਣ ਕੋਸ਼, ਸ਼ਬਦ-ਜੋੜ ਕੋਸ਼ ਆਦਿ ਦਾ ਵਿਸ਼ੇਸ਼ ਮੰਤਵ ਹੁੰਦਾ ਹੈ, ਪਰੰਤੂ ਇਨ੍ਹਾਂ ਦੀ ਸ਼ਬਦਾਵਲੀ ਸਾਧਾਰਣ ਹੀ ਹੁੰਦੀ ਹੈ।

ਸਾਧਾਰਣ ਕੋਸ਼ ਦੋ ਕਿਸਮ ਦੇ ਹਨ : (ੳ) ਅਕਾਦਮਿਕ ਜਾਂ ਮਾਨਕੀ ਕੋਸ਼; (ਅ) ਸੰਦਰਭੀ ਜਾਂ ਵਰਣਨਾਤਮਕ ਕੋਸ਼।[26] **ਅਕਾਦਮਿਕ ਕੋਸ਼** ਵਿਚ ਮਿਆਰੀ ਭਾਸ਼ਾ ਦੀ ਕੋਸ਼ੀ ਸ਼ਬਦਾਵਲੀ ਦਿੱਤੀ ਜਾਂਦੀ ਹੈ। ਇਸ ਕੋਸ਼ ਦਾ ਉਦੇਸ਼ ਭਾਸ਼ਾ ਨੂੰ ਉਸ ਤਰ੍ਹਾਂ ਪੇਸ਼ ਕਰਨਾ ਹੈ ਜਿਵੇਂ ਇਸ ਕੋਲੋਂ ਹੋਣ ਦੀ ਆਸ ਕੀਤੀ ਜਾਂਦੀ ਹੈ। ਇਸ ਦੀ ਅੱਖ ਭਾਸ਼ਾ ਦੇ ਭਾਵੀ ਪ੍ਰਯੋਗ ਤੇ ਹੁੰਦੀ ਹੈ। ਅੰਦਰਾਜਾਂ ਦੀ ਚੋਣ ਪ੍ਰਾਚੀਨ ਅਤੇ ਸਮਕਾਲੀ ਸਿਰਜਣਾਤਮਕ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਕੀਤੀ ਜਾਂਦੀ ਹੈ। ਇਹ ਰਚਨਾਵਾਂ ਵਿਗਿਆਨ, ਕਲਾਵਾਂ ਆਦਿ ਦੇ ਸਾਹਿਤ, ਅਖ਼ਬਾਰਾਂ, ਮੈਗਜ਼ੀਨ ਅਤੇ ਹੋਰ ਸਾਮੱਗਰੀ ਨਾਲ ਸੰਬੰਧਿਤ ਹਨ ਜਿਨ੍ਹਾਂ ਨੂੰ ਮਿਆਰੀ ਭਾਸ਼ਾ ਦੀਆਂ ਪ੍ਰਤਿਨਿਧ ਰਚਨਾਵਾਂ ਮੰਨਿਆ ਜਾਂਦਾ ਹੈ। ਇਨ੍ਹਾਂ ਕੋਸ਼ਾਂ ਵਿਚ ਕੋਸ਼ੀ ਇਕਾਈਆਂ ਦਾ ਕੇਵਲ ਮਿਆਰੀ ਰੂਪ ਹੀ ਅਪਣਾਇਆ ਜਾਂਦਾ ਹੈ, ਸਥਾਨਿਕ ਜਾਂ ਇਲਾਕਾਈ ਭਿੰਨਤਾ ਵਾਲੇ ਸ਼ਬਦ ਸ਼ਾਮਿਲ ਨਹੀਂ ਕੀਤੇ ਜਾਂਦੇ। ਉਪਭਾਸ਼ਾਵਾਂ ਜਾਂ ਵਿਭਿੰਨ ਇਲਾਕਿਆਂ ਦੇ ਸ਼ਬਦਾਂ ਨੂੰ ਤਾਂ ਹੀ ਲਿਆ ਜਾਂਦਾ ਹੈ ਜੇ ਇਨ੍ਹਾਂ ਨੂੰ ਕੁਝ ਲੇਖਕਾਂ ਨੇ ਪ੍ਰਯੋਗ ਕੀਤਾ ਹੋਵੇ ਅਤੇ ਭਾਸ਼ਾ ਵਿਚ ਮਿਆਰੀ ਰੂਪ ਅਖ਼ਤਿਆਰ ਕਰ ਲਿਆ ਹੋਵੇ। ਸਿਰਜਣਾਤਮਕ ਲੇਖਕਾਂ ਵਲੋਂ ਪ੍ਰਯੋਗ ਕੀਤੇ ਪ੍ਰਾਚੀਨ ਅਤੇ ਅਪ੍ਰਚਲਿਤ ਸ਼ਬਦ-ਸੂਚਕਾਂ (ਲੇਬਲਾਂ) ਵਾਲੇ ਸ਼ਬਦਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਕੋਸ਼ ਵਿਚ ਪੇਸ਼ ਕੀਤੀ ਸਮੁੱਚੀ ਸਾਮੱਗਰੀ ਇਕ ਵਿਵਸਥਿਤ, ਮੁਕੰਮਲ ਅਤੇ ਸਜਾਤੀ ਸਿਸਟਮ ਦ੍ਰਿਸ਼ਟੀ-ਗੋਚਰ ਹੁੰਦੀ ਹੈ। ਅਜਿਹੇ ਕੋਸ਼ਾਂ ਦਾ ਮੁੱਖ ਲੱਛਣ ਟੂਕਾਂ ਸਹਿਤ ਜਾਂ ਟੂਕਾਂ ਤੋਂ ਬਿਨਾਂ ਭਾਸ਼ਾ-ਸਾਮੱਗਰੀ ਵਿਚੋਂ ਅਤਿਅਧਿਕ ਦ੍ਰਿਸ਼ਟਾਂਤੀ ਉਦਾਹਰਣ ਪੇਸ਼ ਕਰਨਾ ਹੈ। ਵਿਭਿੰਨ ਪ੍ਰਕਾਰ ਦੇ ਕੋਸ਼ ਜਿਵੇਂ ਤਕਨੀਕੀ ਪਦਾਂ ਦੇ ਕੋਸ਼, ਵਿਆਕਰਣ ਕੋਸ਼, ਸ਼ਬਦ-ਜੋੜ ਕੋਸ਼ ਆਦਿ ਇਸ ਸਮੂਹ ਦੇ ਅੰਤਰਗਤ ਆਉਂਦੇ ਹਨ। **ਸੰਦਰਭੀ ਜਾਂ ਵਰਣਨਾਤਮਕ ਕੋਸ਼** ਦਾ ਕੋਈ ਮਾਨਕੀ (normative) ਉਦੇਸ਼ ਨਹੀਂ ਹੁੰਦਾ। ਇਸ ਕੋਸ਼ ਦੀ ਸ਼ਬਦ-ਸਾਮੱਗਰੀ ਨੂੰ ਵਿਭਿੰਨ ਵਿਜਾਤੀ ਬੋਲੀ-ਸਮੂਹਾਂ ਤੋਂ ਇਕੱਤਰ ਕੀਤਾ ਜਾਂਦਾ ਹੈ। ਇਸ ਸਾਮੱਗਰੀ ਵਿਚ ਲਿਖਤੀ ਅਤੇ ਮੌਖਿਕ ਸਾਹਿਤ ਦੋਵੇਂ ਸ਼ਾਮਿਲ ਹੁੰਦੇ ਹਨ। ਇਸ ਵਿਚ ਇਲਾਕਾਈ, ਸਮਾਜਕ ਅਤੇ ਸ਼ੈਲੀਗਤ ਭਿੰਨਤਾ ਵਾਲੇ ਸ਼ਬਦ ਸੰਮਿਲਿਤ ਹੁੰਦੇ ਹਨ। ਸਚੇਰਬਾ ਸੰਦਰਭੀ ਕੋਸ਼ ਨੂੰ ਪਰਿਭਾਸ਼ਿਤ ਕਰਦਾ ਲਿਖਦਾ ਹੈ ਕਿ ਇਹ "ਅਜਿਹਾ ਕੋਸ਼ ਹੁੰਦਾ ਹੈ ਜਿਸ ਪਿਛੇ ਏਕੀਕ੍ਰਿਤ ਭਾਸ਼ਾ ਚੇਤਨਾ ਦਾ ਅਭਾਵ ਹੁੰਦਾ ਹੈ। ਸੰਕਲਿਤ ਸਾਮੱਗਰੀ ਵਿਭਿੰਨ ਕਾਲਾਂ ਦੇ ਵਿਜਾਤੀ ਬੋਲੀ-ਸਮੂਹਾਂ ਦੀ ਹੋ ਸਕਦੀ ਹੈ ਜਿਹੜੇ ਘੱਟੋ ਘੱਟ ਕੋਈ ਸਿਸਟਮ ਸਿਰਜਣ ਦੇ ਅਸਮਰੱਥ ਹੁੰਦੇ ਹਨ।"[27]

ਰਾਮ ਆਧਾਰ ਸਿੰਘ ਨੇ ਕੋਸ਼-ਵਿਗਿਆਨਕ ਸਿਧਾਂਤਾਂ ਦਾ ਬੜਾ ਗੰਭੀਰਤਾਪੂਰਵਕ ਅਧਿਐਨ ਕੀਤਾ ਹੈ ਅਤੇ **ਵਿਸ਼ੇਸ਼ ਕੋਸ਼ਾਂ**[28] ਨੂੰ ਇਨ੍ਹਾਂ ਦੀ ਸ਼ਬਦ-ਸੂਚੀ ਦੀ ਪ੍ਰਕਿਰਤੀ ਦੇ ਆਧਾਰ ਤੇ ਹੇਠ ਲਿਖੇ ਪੰਜ ਸਮੂਹਾਂ ਵਿਚ ਵੰਡਿਆ ਹੈ :

1. ਵਿਸ਼ੇਸ਼ ਭੂਗੋਲਕ ਖਿੱਤਿਆਂ, ਸਮਾਜਕ ਉਪਭਾਸ਼ਾਵਾਂ ਜਾਂ ਮਨੁੱਖੀ ਕ੍ਰਿਆ ਦੇ ਵਿਸ਼ੇਸ਼

ਖੇਤਰਾਂ ਨਾਲ ਸੰਬੰਧਿਤ ਕੋਸ਼;

2. ਕੋਸ਼ੀ ਇਕਾਈਆਂ ਦੇ ਰੂਪਗਤ (formal) ਪੱਖ ਤੇ ਆਧਾਰਿਤ ਕੋਸ਼;

3. ਕੋਸ਼ੀ ਇਕਾਈਆਂ ਦੇ ਅਰਥਗਤ ਪੱਖ ਅਤੇ ਭਾਸ਼ਾ ਦੀ ਕੋਸ਼ੀ ਸ਼ਬਦਾਵਲੀ ਵਿਚ ਇਨ੍ਹਾਂ ਦੇ ਸੰਬੰਧਕੀ (relational) ਮੁੱਲ ਤੇ ਆਧਾਰਿਤ ਕੋਸ਼;

4. ਕੋਸ਼ੀ ਇਕਾਈਆਂ ਦੇ ਸ਼ਬਦ-ਸੰਗਤੀ (collocational) ਮੁੱਲ ਤੇ ਆਧਾਰਿਤ ਕੋਸ਼;

5. ਵਿਸ਼ੇਸ਼ ਭਾਸ਼ਾ ਇਕਾਈਆਂ ਦੇ ਕੋਸ਼ ।

ਹੁਣ ਅਸੀਂ ਇਨ੍ਹਾਂ ਆਧਾਰਾਂ ਦਾ ਅਨੁਸਰਣ ਕਰਦਿਆਂ ਵਿਸ਼ੇਸ਼ ਕੋਸ਼ਾਂ ਦਾ ਵਿਸਤ੍ਰਿਤ ਅਧਿਐਨ ਕਰਾਂਗੇ ।

1. ਵਿਸ਼ੇਸ਼ ਭੂਗੋਲਕ ਖਿੱਤਿਆਂ, ਸਮਾਜਕ ਉਪਭਾਸ਼ਾਵਾਂ ਜਾਂ ਮਨੁੱਖੀ ਕ੍ਰਿਆ ਦੇ ਵਿਸ਼ੇਸ਼ ਖੇਤਰਾਂ ਨਾਲ ਸੰਬੰਧਿਤ ਕੋਸ਼ : ਇਸ ਸਮੂਹ ਦੇ ਅੰਤਰਗਤ ਹੇਠ ਲਿਖੇ ਕੋਸ਼ ਆਉਂਦੇ ਹਨ :

(ੳ) ਉਪਭਾਸ਼ਾਈ ਕੋਸ਼ : ਕੋਸ਼ਕਾਰੀ ਦੀ ਦ੍ਰਿਸ਼ਟੀ ਤੋਂ ਇਕ ਇਕਾਈ ਵਜੋਂ ਚੁਣਿਆ ਉਪਭਾਸ਼ਾਈ ਖੇਤਰ ਇਕ 'ਘਰ' ਤੋਂ ਲੈ ਕੇ 'ਪ੍ਰਦੇਸ਼' ਤਕ ਵਿਆਪਤ ਹੁੰਦਾ ਹੈ । ਪਰ ਇਸ ਸੰਦਰਭ ਵਿਚ ਨਿਰਣਾਕਾਰੀ ਤੱਤ ਬੋਲੀਆਂ ਦੀ ਵਿਵਿਧਤਾ, ਇਲਾਕੇ ਦੀ ਰੂਪ-ਰੇਖਾ, ਰਾਜਨੀਤਕ ਨਿਸ਼ਠਾ ਦਾ ਪੈਟਰਨ ਅਤੇ ਖੇਤਰੀ ਸਹਾਇਕਾਂ ਅਤੇ ਸੂਚਕਾਂ ਦੀ ਉਪਲਬਧੀ ਹੁੰਦੇ ਹਨ । ਇਹ ਉਪਭਾਸ਼ਾਈ ਕੋਸ਼ ਮੌਖਿਕ ਸਾਮੱਗਰੀ ਨੂੰ ਆਪਣਾ ਆਧਾਰ ਬਣਾਉਂਦੇ ਹਨ ਜਾਂ ਫਿਰ ਭਿੰਨ ਭਿੰਨ ਪ੍ਰਸ਼ਨਾਵਲੀਆਂ ਤੇ ਆਧਾਰਿਤ ਸੰਕਲਿਤ ਸਾਮੱਗਰੀ ਦਾ ਆਸਰਾ ਲੈਂਦੇ ਹਨ । ਇਸ ਦੇ ਇਲਾਵਾ, ਜੇ ਉਸ ਉਪਭਾਸ਼ਾ ਵਿਚ ਲਿਖਤੀ ਸਾਹਿਤ ਉਪਲਬਧ ਹੋਵੇ ਤਾਂ ਉਸ ਨੂੰ ਵੀ ਆਧਾਰ ਬਣਾ ਲਿਆ ਜਾਂਦਾ ਹੈ ।

ਉਪਭਾਸ਼ਾਈ ਕੋਸ਼ਾਂ ਵਿਚ ਕੋਸ਼ੀ ਇਕਾਈਆਂ ਦਾ ਵਰਣਨ ਵੀ ਉਸੇ ਤਰ੍ਹਾਂ ਕੀਤਾ ਜਾਂਦਾ ਹੈ ਜਿਸ ਤਰ੍ਹਾਂ ਸਾਧਾਰਣ ਕੋਸ਼ ਵਿਚ ਕੀਤਾ ਜਾਂਦਾ ਹੈ, ਪਰੰਤੂ ਇਨ੍ਹਾਂ ਕੋਸ਼ੀ ਇਕਾਈਆਂ ਦਾ ਸੰਬੰਧ ਮਿਆਰੀ ਭਾਸ਼ਾ ਨਾਲ ਨਹੀਂ ਹੁੰਦਾ ਬਲਕਿ ਕਿਸੇ ਭੂਗੋਲਕ ਖਿੱਤੇ ਜਾਂ ਸਮਾਜਕ ਸਮੂਹ ਦੀ ਸ਼ਬਦਾਵਲੀ ਨਾਲ ਹੁੰਦਾ ਹੈ । ਇਨ੍ਹਾਂ ਕੋਸ਼ਾਂ ਵਿਚ ਉਹ ਸ਼ਬਦ ਲਏ ਜਾਂਦੇ ਹਨ ਜਿਹੜੇ ਮਿਆਰੀ ਭਾਸ਼ਾ ਵਿਚ ਉਪਲਬਧ ਨਹੀਂ ਹੁੰਦੇ ਜਾਂ ਜਿਹੜੇ ਮਿਆਰੀ ਭਾਸ਼ਾ ਦਾ ਵਿਕ੍ਰਿਤ ਰੂਪ ਹੁੰਦੇ ਹਨ ਜਾਂ ਜਿਨ੍ਹਾਂ ਦੇ ਅਰਥ ਕਿਸੇ ਖੇਤਰ ਜਾਂ ਸਮਾਜਕ ਸਮੂਹ ਤਕ ਸੀਮਿਤ ਹੁੰਦੇ ਹਨ । ਉਪਭਾਸ਼ਾਈ ਸਰਵੇਖਣਾਂ ਨਾਲ ਇਸ ਦੇ ਸ਼ਬਦਾਂ ਦਾ ਸੰਕਲਨ ਕੀਤਾ ਜਾਂਦਾ ਹੈ । ਇਸ ਦੇ ਨਾਲ ਨਾਲ ਵਿਸਤ੍ਰਿਤ ਖੇਤਰੀ ਕਾਰਜ, ਭਾਸ਼ਾ-ਐਟਲਸਾਂ, ਕੋਸ਼ੀ ਇਕਾਈਆਂ ਦੀਆਂ ਇਲਾਕਾਈ ਭਿੰਨਤਾਵਾਂ ਦੀ ਰਿਕਾਰਡਿੰਗ ਦੇ ਆਧਾਰ ਤੇ ਸੰਕਲਿਤ ਸਾਮੱਗਰੀ ਵਿਚੋਂ ਅੰਦਰਾਜਾਂ ਦੀ ਚੋਣ ਕੀਤੀ ਜਾਂਦੀ ਹੈ ।

ਉਪਭਾਸ਼ਾਈ ਕੋਸ਼ ਵਿਚ ਅੰਦਰਾਜਾਂ ਨੂੰ ਪ੍ਰਸਤੁਤ ਕਰਨ ਦੇ ਕਈ ਢੰਗ ਹਨ । ਕਈ ਵਾਰੀ ਸ਼ਬਦਾਂ ਦੇ ਰੂਪ-ਭੇਦਾਂ (variants) ਦੇ ਮਿਆਰ, ਆਵਰਤਤਾ ਅਤੇ ਵਿਆਪਕਤਾ ਦੇ ਆਧਾਰ ਤੇ ਇਕ ਰੂਪ-ਭੇਦ ਨੂੰ ਮੁੱਖ ਸ਼ਬਦ ਵਜੋਂ ਚੁਣ ਲਿਆ ਜਾਂਦਾ ਹੈ ਅਤੇ ਦੂਜੇ ਸਾਰੇ ਰੂਪ-ਭੇਦ ਉਸ ਅੰਦਰਾਜ ਦੇ ਅੰਤਰਗਤ ਦਿੱਤੇ ਜਾਂਦੇ ਹਨ । ਇਨ੍ਹਾਂ ਇਲਾਕਾਈ ਜਾਂ ਸਮਾਜਕ ਰੂਪ-ਭੇਦਾਂ ਨੂੰ ਉਚਿਤ ਰੂਪ ਵਿਚ ਸੂਚਕ-ਬੱਧ (labelled) ਕੀਤਾ ਜਾਂਦਾ ਹੈ । ਹੋਰ ਸੂਚਨਾ ਵਿਆਕਰਣਕ ਕੋਟੀ, ਅਰਥ ਅਤੇ ਕੋਸ਼ੀ ਇਕਾਈਆਂ ਦਾ ਪ੍ਰਯੋਗ ਦਰਸਾਉਣ ਲਈ ਉਦਾਹਰਣਾਂ ਆਦਿ ਬਾਰੇ ਪ੍ਰਦਾਨ ਕੀਤੀ ਜਾਂਦੀ ਹੈ ।

ਕੁਝ ਕੋਸ਼ਾਂ ਵਿਚ ਸਭ ਕੋਸ਼ੀ ਇਕਾਈਆਂ ਨੂੰ ਮੁੱਖ ਸ਼ਬਦਾਂ ਵਜੋਂ ਦਿੱਤਾ ਜਾਂਦਾ ਹੈ ਅਤੇ ਵਿਭਿੰਨ ਪ੍ਰਦੇਸ਼ਾਂ ਵਿਚ ਇਨ੍ਹਾਂ ਦੀ ਵੰਡ ਨੂੰ ਦਰਸਾਇਆ ਜਾਂਦਾ ਹੈ । ਉਦਾਹਰਣ ਵੀ ਇਨ੍ਹਾਂ ਪ੍ਰਦੇਸ਼ਾਂ ਵਿਚੋਂ ਹੀ ਦਿੱਤੇ ਜਾਂਦੇ ਹਨ ।

ਉਪਭਾਸ਼ਾਈ ਕੋਸ਼ ਜਾਂ ਤਾਂ ਕੇਵਲ ਇਕ ਉਪਭਾਸ਼ਾ ਨਾਲ ਸੰਬੰਧਿਤ ਹੁੰਦਾ ਹੈ ਜਾਂ ਫਿਰ ਇਸ ਵਿਚ ਵਿਭਿੰਨ ਉਪਭਾਸ਼ਾਵਾਂ ਦੇ ਰੂਪ-ਭੇਦ ਸੰਮਿਲਤ ਕੀਤੇ ਜਾਂਦੇ ਹਨ ।

(ਅ) **ਤਕਨੀਕੀ ਪਦ—ਪਰਿਭਾਸ਼ਿਕ ਸ਼ਬਦਾਵਲੀਆਂ :** ਤਕਨੀਕੀ ਸ਼ਬਦਾਵਲੀ ਕਿਸੇ ਭਾਸ਼ਾ ਦੀ ਸ਼ਬਦਾਵਲੀ ਦਾ ਮੁੱਖ ਅਤੇ ਮਹੱਤਵਪੂਰਣ ਅੰਗ ਹੁੰਦੀ ਹੈ । ਤਕਨੀਕੀ (ਪਰਿਭਾਸ਼ਿਕ) ਸ਼ਬਦਾਵਲੀ ਦਾ ਕੋਸ਼ ਭਾਸ਼ਾ ਦੇ ਤਕਨੀਕੀ ਪਦਾਂ ਨਾਲ ਸੰਬੰਧ ਰਖਦਾ ਹੈ । ਅਜਿਹੇ ਕੋਸ਼ ਆਮ ਕਰਕੇ ਇਸ ਮੰਤਵ ਲਈ ਵਿਸ਼ੇਸ਼ ਰੂਪ ਵਿਚ ਸਥਾਪਿਤ ਸੰਸਥਾਵਾਂ, ਆਯੋਗਾਂ ਆਦਿ ਦੁਆਰਾ ਬਣਾਏ ਜਾਂਦੇ ਹਨ । ਇਨ੍ਹਾਂ ਸ਼ਬਦਾਵਲੀਆਂ ਵਿਚ ਜਾਂ ਤਾਂ ਕਿਸੇ ਵਿਸ਼ੇਸ਼ ਵਿਸ਼ੇ-ਖੇਤਰ ਦੇ ਵਿਸ਼ੇਸ਼ ਪਦ ਸ਼ਾਮਿਲ ਹੁੰਦੇ ਹਨ ਜਾਂ ਵਿਸ਼ੇਸ਼ ਖੇਤਰਾਂ ਲਈ ਵਿਸ਼ੇਸ਼ ਅਰਥਾਂ ਵਾਲੇ ਸਾਧਾਰਣ ਸ਼ਬਦ ਸੰਮਿਲਤ ਹੁੰਦੇ ਹਨ ।

ਸਪਸ਼ਟਤਾ, ਸਾਦਗੀ ਅਤੇ ਸੰਖੇਪਤਾ ਤਕਨੀਕੀ ਕੋਸ਼ਾਂ ਦੇ ਉਹ ਮਹੱਤਵਪੂਰਣ ਲੱਛਣ ਹਨ ਜਿਨ੍ਹਾਂ ਦੀ ਪ੍ਰਯੋਗਕਰਤਾ ਕਦਰ ਕਰਦੇ ਹਨ ।

ਤਕਨੀਕੀ ਕੋਸ਼ਾਂ ਦੇ ਉਦੇਸ਼ ਬਾਰੇ ਕੇ. ਓਪਿਜ਼ (K. Opitz) ਦੇ ਵਿਚਾਰ ਮਹੱਤਵਪੂਰਣ ਹਨ, "ਵਿਸ਼ੇ ਦੇ ਵਿਸ਼ੇਸ਼ੀਕਰਣ ਦੇ ਇਲਾਵਾ, ਤਕਨੀਕੀ ਕੋਸ਼ ਹੋਰ ਵੀ ਪ੍ਰਯੋਗਕਰਤਾ-ਕੇਂਦ੍ਰਿਤ (user-oriented) ਉਦੇਸ਼ਾਂ ਦੀ ਪੂਰਤੀ ਕਰਦੇ ਹਨ ਜਿਵੇਂ ਮੰਨੇ-ਪਰਮੰਨੇ ਮਾਹਰਾਂ ਦੀ ਥਾਂ ਇੰਜੀਨੀਅਰਿੰਗ ਦੇ ਵਿਦਿਆਰਥੀ ਦੀ ਸਹਾਇਤਾ ਕਰਨਾ, ਵਿਵਸਾਇਕ ਅਨੁਵਾਦਕ ਦੀ ਸਹਾਇਤਾ ਕਰਨਾ ਜਾਂ ਗਿਆਨ ਦੇ ਖੇਤਰ ਦਾ ਸਪਸ਼ਟ ਵਿਸ਼ਵਕੋਸ਼ੀ ਬੋਧ ਪ੍ਰਸਤੁਤ ਕਰਨਾ । ਪ੍ਰਕਾਰਜਾਂ ਦੀ ਇਹ ਬਹੁਲਤਾ ਹੀ ਤਕਨੀਕੀ ਮਨੋਰਥਾਂ ਲਈ ਕੋਸ਼ਕਾਰੀ ਵਿਚ ਵਿਭਿੰਨ ਸ਼ੈਲੀਆਂ ਅਤੇ ਪਹੁੰਚ-ਵਿਧੀਆਂ ਦਾ ਕਾਰਣ ਬਣਦੀ ਹੈ ਅਤੇ ਇਸ ਦਾ ਹਰੇਕ ਉਦਾਹਰਣ ਸੰਕਲਨਕਰਤਾ ਲਈ ਇਕ ਨਵੀਂ ਵੰਗਾਰ ਹੁੰਦੀ ਹੈ ।"[28]

ਭਾਰਤ ਵਿਚ ਰਾਸ਼ਟਰੀ ਅਤੇ ਰਾਜ ਪੱਧਰ ਤੇ ਵਿਭਿੰਨ ਭਾਸ਼ਾਵਾਂ ਦੀਆਂ ਪਰਿਭਾਸ਼ਿਕ ਸ਼ਬਦਾਵਲੀਆਂ ਤਿਆਰ ਕਰਨ ਲਈ ਵੱਖ ਵੱਖ ਆਯੋਗ, ਸੰਸਥਾਵਾਂ ਅਤੇ ਅਦਾਰੇ ਕਾਰਜਸ਼ੀਲ ਹਨ ਅਤੇ ਇਸ ਖੇਤਰ ਵਿਚ ਇਨ੍ਹਾਂ ਨੇ ਕਾਫ਼ੀ ਸ਼ਲਾਘਾਯੋਗ ਯੋਗਦਾਨ ਦਿੱਤਾ ਹੈ ।

(ੲ) **ਵਿਸ਼ੇਸ਼ ਕਿੱਤਿਆਂ, ਕਲਾਵਾਂ, ਸ਼ਿਲਪਾਂ ਆਦਿ ਦੇ ਕੋਸ਼ :** ਤਕਨੀਕੀ ਸ਼ਬਦਾ-ਵਲੀਆਂ ਨਾਲ ਬਹੁਤ ਨੇੜਿਓਂ ਸੰਬੰਧਿਤ ਵਿਭਿੰਨ ਕਿੱਤਿਆਂ, ਵਪਾਰਾਂ, ਸ਼ਿਲਪਾਂ, ਖੇਡਾਂ ਆਦਿ ਦੇ ਕੋਸ਼ ਹਨ । ਇਨ੍ਹਾਂ ਕੋਸ਼ਾਂ ਵਿਚ ਕਿਸੇ ਵਿਸ਼ੇਸ਼ ਵਿਵਸਾਇ ਨਾਲ ਸੰਬੰਧਿਤ ਵਿਸ਼ੇਸ਼ ਸ਼ਬਦਾਵਲੀ ਲਈ ਜਾਂਦੀ ਹੈ । ਭਾਰਤ ਵਿਚ ਖੇਤੀਬਾੜੀ ਦੇ ਪਦਾਂ ਨਾਲ ਸੰਬੰਧਿਤ ਅਨੇਕਾਂ ਕੋਸ਼ ਤਿਆਰ ਕੀਤੇ ਗਏ ਹਨ । ਗ੍ਰੀਅਰਸਨ ਦਾ 'ਬਿਹਾਰ ਪੈਜ਼ੇਂਟ ਲਾਈਫ' ਵਿਵਸਾਇ ਕੋਸ਼ ਦੀ ਉੱਤਮ ਉਦਾਹਰਣ ਹੈ । ਇਉਂ ਹੀ ਪੰਜਾਬ ਖੇਤੀਬਾੜੀ ਯੂਨੀ-ਵਰਸਿਟੀ ਵਲੋਂ ਖੇਤੀਬਾੜੀ ਦੇ ਪਦਾਂ ਦੀਆਂ ਸ਼ਬਦਾਵਲੀਆਂ ਤਿਆਰ ਕਰਵਾਈਆਂ ਗਈਆਂ ਹਨ ।

(ਸ) **ਅਪਭਾਸ਼ਾ, ਵਰਗ-ਬੋਲੀ, ਗੁਪਤ-ਭਾਸ਼ਾ ਆਦਿ ਦੇ ਕੋਸ਼ :** ਇਨ੍ਹਾਂ ਕੋਸ਼ਾਂ ਵਿਚ ਲੋਕਾਂ ਦੇ ਵਿਸ਼ੇਸ਼ ਸਮੂਹਾਂ ਵਲੋਂ ਪ੍ਰਯੋਗ ਕੀਤੀ ਜਾਂਦੀ ਸ਼ਬਦਾਵਲੀ ਲਈ ਜਾਂਦੀ ਹੈ । ਇਹ ਸ਼ਬਦ ਜਾਂ ਤਾਂ ਅਸਲੋਂ ਹੀ ਨਵੇਂ ਘੜੇ ਸ਼ਬਦ ਹੁੰਦੇ ਹਨ, ਜਾਂ ਫਿਰ ਅਜਿਹੇ ਸ਼ਬਦ ਹੁੰਦੇ ਹਨ ਜਿਨ੍ਹਾਂ ਨੂੰ ਕੋਈ ਨਵੇਂ, ਵਿਸ਼ੇਸ਼ ਅਤੇ ਗੁਪਤ ਅਰਥ ਪ੍ਰਦਾਨ ਕੀਤੇ ਹੁੰਦੇ ਹਨ, ਜਿਵੇਂ ਨਿਹੰਗ ਸਿੰਘਾਂ ਦੇ 'ਬੋਲੇ' ਆਦਿ । ਦੋਹਾਂ ਹਾਲਤਾਂ ਵਿਚ ਸ਼ਬਦ ਦੀ ਗੁਪਤ-ਅਰਥਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਅਤੇ ਇਸ ਨੂੰ ਸਮੂਹਕ ਏਕਤਾ ਦਾ ਚਿੰਨ੍ਹ ਮੰਨਿਆ ਜਾਂਦਾ ਹੈ । ਪ੍ਰਤਿਮਾਨ ਦੀ ਕੋਈ ਵੀ ਉਪੇਖਿਆ ਕਰਨ ਦਾ ਸਿੱਟਾ ਉਸ ਵਿਅਕਤੀ ਨੂੰ ਸਮੂਹ ਵਿਚੋਂ ਛੇਕਣਾ ਹੁੰਦਾ ਹੈ ।

2. ਕੋਸ਼ੀ ਇਕਾਈਆਂ ਦੇ ਰੂਪਗਤ ਪੱਖ ਤੇ ਆਧਾਰਿਤ ਕੋਸ਼ : ਕੋਸ਼ੀ ਇਕਾਈਆਂ ਦੇ ਰੂਪਗਤ ਪੱਖ ਦੇ ਆਧਾਰ ਤੇ ਵਰਗੀਕ੍ਰਿਤ ਵਿਸ਼ੇਸ਼ ਕੋਸ਼ ਹੇਠ ਲਿਖੀਆਂ ਕਿਸਮਾਂ ਦੇ ਹੁੰਦੇ ਹਨ :

(ੳ) **ਸ਼ਬਦ-ਜੋੜ ਕੋਸ਼ :** ਇਨ੍ਹਾਂ ਕੋਸ਼ਾਂ ਵਿਚ ਸ਼ਬਦਾਂ ਦੇ ਸਹੀ ਅਤੇ ਸ਼ੁੱਧ ਸ਼ਬਦ-ਜੋੜ ਅਤੇ ਇਨ੍ਹਾਂ ਦੇ ਧੁਨੀਆਤਮਕ ਰੂਪ-ਭੇਦ ਜਾਂ ਰੂਪਾਂਤਰ ਦਿੱਤੇ ਜਾਂਦੇ ਹਨ । ਲੋੜ ਅਨੁਸਾਰ ਤਾਨ (tone), ਬਲਾਘਾਤ (stress) ਅਤੇ ਆਘਾਤ (accent) ਵੀ ਦਿੱਤਾ ਜਾਂਦਾ ਹੈ । ਇਨ੍ਹਾਂ ਕੋਸ਼ਾਂ ਤੋਂ ਇਹ ਪਤਾ ਚਲਦਾ ਹੈ ਕਿ ਸ਼ਬਦਾਂ ਨੂੰ ਇਕੱਠੇ ਕਰ ਕੇ ਲਿਖਣਾ ਚਾਹੀਦਾ ਹੈ ਜਾਂ ਅਲਗ ਅਲਗ ਕਰ ਕੇ । ਇਹ ਕੋਸ਼ ਮਾਨਕੀ (normative) ਭਾਂਤ ਦੇ ਹੁੰਦੇ ਹਨ ਅਤੇ ਇਨ੍ਹਾਂ ਦਾ ਪ੍ਰਯੋਗ, ਵਿਸ਼ੇਸ਼ ਕਰਕੇ ਵਿਦੇਸ਼ੀਆਂ ਵਲੋਂ, ਸਹੀ ਸ਼ਬਦ-ਜੋੜਾਂ ਲਈ ਸੰਦਰਭ ਗ੍ਰੰਥ ਦੇ ਰੂਪ ਵਿਚ ਕੀਤਾ ਜਾਂਦਾ ਹੈ । ਸ਼ਬਦ-ਜੋੜ ਕੋਸ਼ ਸਾਧਾਰਣ ਕੋਸ਼ ਨਾਲੋਂ ਇਸ ਕਰਕੇ ਭਿੰਨ ਹਨ ਕਿ ਇਨ੍ਹਾਂ ਵਿਚ ਸ਼ਬਦ-ਜੋੜਾਂ ਤੋਂ ਬਿਨਾਂ ਕੋਈ ਹੋਰ ਸੂਚਨਾ ਦਰਜ

ਨਹੀਂ ਕੀਤੀ ਜਾਂਦੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ 'ਪੰਜਾਬੀ ਸ਼ਬਦ-ਰੂਪ ਦੇ ਸ਼ਬਦ-ਜੋੜ ਕੋਸ਼' ਇਸ ਵਰਗ ਦੇ ਅੰਤਰਗਤ ਆਉਂਦਾ ਹੈ।

(ਅ) ਉਚਾਰਣ ਕੋਸ਼ : ਇਸ ਕੋਸ਼ ਵਿਚ ਸੰਬੰਧਿਤ ਭਾਸ਼ਾ ਦੇ ਸ਼ਬਦਾਂ ਦਾ ਸਮਕਾਲੀ ਉਚਾਰਣ ਰਿਕਾਰਡ ਕੀਤਾ ਜਾਂਦਾ ਹੈ। ਇਹ ਵੀ ਮਾਨਕੀ ਕੋਸ਼ ਹਨ ਅਤੇ ਸਹੀ ਉਚਾ-ਰਣ ਵੇਖਣ ਲਈ ਵਰਤੋਂ ਵਿਚ ਆਉਂਦੇ ਹਨ। ਇਹ ਕੋਸ਼ ਸਾਧਾਰਣ ਕੋਸ਼ਾਂ ਨਾਲੋਂ ਇਸ ਕਰਕੇ ਵੱਖਰੇ ਹਨ ਕਿ ਇਨ੍ਹਾਂ ਵਿਚ ਉਚਾਰਣ ਤੋਂ ਬਿਨਾਂ ਕੋਈ ਹੋਰ ਸੂਚਨਾ ਪ੍ਰਦਾਨ ਨਹੀਂ ਕੀਤੀ ਜਾਂਦੀ। ਇਨ੍ਹਾਂ ਵਿਚ ਸ਼ਬਦਾਂ ਦਾ ਵਿਭਿੰਨ ਉਚਾਰਣ ਅਤੇ ਵਿਆਕਰਣਕ ਰੂਪਾਂ ਦਾ ਉਚਾਰਣ ਦਿੱਤਾ ਜਾਂਦਾ ਹੈ। ਡੇਨੀਅਲ ਜੋਨਜ਼ ਦੀ 'ਇੰਗਲਿਸ਼ ਪ੍ਰੋਨਾਊਂਸਿੰਗ ਡਿਕਸ਼ਨਰੀ' ਇਸ ਵਰਗ ਦਾ ਸਰਬੋਤਮ ਉਦਾਹਰਣ ਹੈ।

(ੲ) ਸ਼ਬਦ-ਰਚਨਾ ਕੋਸ਼ (ਜਿਨ੍ਹਾਂ ਵਿਚ ਧਾਤੂਆਂ, ਕ੍ਰਿਆਵਾਂ ਆਦਿ ਦੇ ਕੋਸ਼ ਸ਼ਾਮਿਲ ਹਨ) : ਸ਼ਬਦ-ਰਚਨਾ ਅਤੇ ਵਿਉਤਪੱਤੀ ਕੋਸ਼ ਵਿਚ ਸ਼ਬਦ-ਰਚਨਾ ਦੇ ਵਿਭਿੰਨ ਤੱਤਾਂ ਨੂੰ ਦਰਜ ਕੀਤਾ ਜਾਂਦਾ ਹੈ ਜਿਵੇਂ ਅਗੇਤਰ, ਪਿਛੇਤਰ, ਪ੍ਰਤੈ ਆਦਿ। ਕੁਝ ਸਿਖਿਆਰਥੀ ਕੋਸ਼ ਸ਼ਬਦ-ਰਚਨਾ ਕੋਸ਼ਾਂ ਦਾ ਦਰਜਾ ਉਸ ਸਮੇਂ ਅਖ਼ਤਿਆਰ ਕਰ ਲੈਂਦੇ ਹਨ ਜਦੋਂ ਇਹ ਅਗੇਤਰਾਂ, ਪਿਛੇਤਰਾਂ, ਪ੍ਰਤਿਆਂ ਆਦਿ ਦੀ ਸੂਚਨਾ ਪ੍ਰਦਾਨ ਕਰਦੇ ਹਨ। ਇਸ ਵਰਗ ਦੇ ਅੰਤਰਗਤ ਧਾਤੂਆਂ, ਕ੍ਰਿਆਵਾਂ ਆਦਿ ਦੇ ਕੋਸ਼ ਆਉਂਦੇ ਹਨ। ਸੰਸਕ੍ਰਿਤ ਦੇ ਕ੍ਰਿਆ ਧਾਤੂਆਂ ਦਾ ਵਿਟਨੇ ਦਾ ਕੋਸ਼ ਇਸ ਵਰਗ ਦੇ ਅੰਤਰਗਤ ਆਉਂਦਾ ਹੈ। ਪਾਣਿਨੀ ਦਾ 'ਧਾਤੂ ਪਾਠ' ਵੀ ਅਜਿਹਾ ਹੀ ਕੋਸ਼ ਹੈ।

(ਸ) ਸਮਨਾਮ ਕੋਸ਼ : ਅਜਿਹੇ ਕੋਸ਼ਾਂ ਵਿਚ ਸੰਬੰਧਿਤ ਭਾਸ਼ਾ ਦੇ ਸਮਨਾਮਾਂ ਨੂੰ ਦਿੱਤਾ ਜਾਂਦਾ ਹੈ। ਕੁਝ ਕੁ ਕੋਸ਼ਾਂ ਵਿਚ ਦ੍ਰਿਸ਼ਟਾਂਤੀ ਉਦਾਹਰਣ ਵੀ ਦਿੱਤੇ ਜਾਂਦੇ ਹਨ।

(ਹ) ਸਮ-ਧਾਤੂ (paronym) ਕੋਸ਼ : ਇਨ੍ਹਾਂ ਕੋਸ਼ਾਂ ਵਿਚ ਭਾਸ਼ਾ ਦੇ ਸਮ-ਧਾਤਵੀ ਸ਼ਬਦਾਂ ਦਾ ਉਲੇਖ ਕੀਤਾ ਜਾਂਦਾ ਹੈ।

(ਕ) ਵਿਆਕਰਣ ਕੋਸ਼ : ਵਿਆਕਰਣ ਕੋਸ਼ਾਂ ਨੂੰ ਭਾਸ਼ਾ ਦੇ (ਸ਼ੁੱਧ) ਵਿਆਕਰਣਕ ਪ੍ਰਬੰਧ ਦਾ ਬੋਧ ਪ੍ਰਾਪਤ ਕਰਨ ਲਈ ਕੁੰਜੀ ਜਾਂ ਸਹਾਇਕ ਪੁਸਤਕ ਵਜੋਂ ਤਿਆਰ ਕੀਤਾ ਜਾਂਦਾ ਹੈ। ਇਹ ਕੋਸ਼ ਹੋਰ ਵੀ ਸਹਾਇਕ ਤੇ ਉਪਯੋਗੀ ਹੁੰਦੇ ਹਨ ਜਦੋਂ ਭਾਸ਼ਾ ਦਾ ਵਿਆਕਰਣਕ ਪ੍ਰਬੰਧ ਅਤਿ ਜਟਿਲ ਅਤੇ ਮੁਸ਼ਕਿਲ ਹੁੰਦਾ ਹੈ। ਵਿਆਕਰਣ ਕੋਸ਼ਾਂ ਵਿਚ ਭਾਸ਼ਾ ਦੀ ਸਮੁੱਚੀ ਵਿਆਕਰਣਕ ਸੰਰਚਨਾ ਨੂੰ ਭੂਮਿਕਾ ਵਿਚ ਦੇ ਦਿੱਤਾ ਜਾਂਦਾ ਹੈ। ਵਿਭਿੰਨ ਵਿਆਕਰਣਕ ਕੋਟੀਆਂ ਅਤੇ ਰੂਪਾਵਲੀਆਂ ਨੂੰ ਸੰਖਿਆਂਕਿਤ ਕੀਤਾ ਜਾਂਦਾ ਹੈ। ਇਹ ਅੰਕ ਮੂਲ ਸ਼ਬਦ ਤੇ ਲਗਾਏ ਜਾਂਦੇ ਹਨ। ਇੰਜ ਇਕ ਸ਼ਬਦ ਦੇ ਲਿੰਗ, ਸੰਗਿਆ ਰੂਪਾਂ ਆਦਿ ਦੇ ਭਿੰਨ ਭਿੰਨ ਅੰਕ ਹੋ ਸਕਦੇ ਹਨ। ਇਹ ਕੋਸ਼ ਭਾਸ਼ਾ ਦੇ ਅਧਿਆਪਕਾਂ ਲਈ ਬਹੁਤ ਉਪਯੋਗੀ ਹੁੰਦੇ ਹਨ।

(ਖ) ਉਲਟ ਅੱਖਰ-ਕ੍ਰਮੀ (reverse) **ਕੋਸ਼ :** ਇਨ੍ਹਾਂ ਕੋਸ਼ਾਂ ਵਿਚ ਮੁੱਖ ਸ਼ਬਦਾਂ ਨੂੰ ਉਨ੍ਹਾਂ ਦੇ ਅੰਤਿਮ ਅੱਖਰ ਅਨੁਸਾਰ ਅੱਖਰ-ਕ੍ਰਮ ਵਿਚ ਵਿਵਸਥਿਤ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਪ੍ਰਤਿਵਰਤੀ ਕੋਸ਼ ਵੀ ਆਖਿਆ ਜਾਂਦਾ ਹੈ। ਇਨ੍ਹਾਂ ਦੇ ਮੁਢਲੇ ਰੂਪ ਤੁਕਾਂਤ ਕੋਸ਼ (rhyming dictionaries) ਦੇ ਹਨ ਜਿਹੜੇ ਕਾਵਿ ਰਚਨਾ ਲਈ ਕਵੀਆਂ ਦੀ ਸਹਾਇਤਾ ਵਜੋਂ ਤਿਆਰ ਕੀਤੇ ਗਏ ਸਨ, ਕਿਉਂਕਿ ਉਸ ਮੰਤਵ ਲਈ ਤੁਕਾਂਤ ਬਹੁਤ ਮਹੱਤਵਪੂਰਣ ਸੀ। ਇਨ੍ਹਾਂ ਕੋਸ਼ਾਂ ਦਾ ਵਿਸ਼ੇ-ਖੇਤਰ ਅੱਜ ਕੱਲ੍ਹ ਵਿਸਤ੍ਰਿਤ ਹੋ ਗਿਆ ਹੈ। ਇਨ੍ਹਾਂ ਕੋਸ਼ਾਂ ਵਿਚ ਸਮਾਨ-ਅੰਤਕ ਸ਼ਬਦ ਇਕੋ ਥਾਂ ਤੇ ਦਿੱਤੇ ਜਾਂਦੇ ਹਨ ਜਿਹੜੇ ਇਕ ਕਿਸਮ ਦਾ ਵਿਆਕਰਣਕ ਵੇਰਵਾ ਦਿੰਦੇ ਹਨ। ਸਮਾਨ ਸ਼ਬਦ-ਰਚਨਾਵੀ ਪਿਛੇਤਰ ਅਤੇ ਸਮਾਨ ਸਮਾਸ-ਰਚਨਾਵੀ ਤੱਤਾਂ ਨੂੰ ਇਕੋ ਥਾਂ ਰੱਖਿਆ ਜਾਂਦਾ ਹੈ। ਇਹ ਅਧਿਆਪਨ ਸਾਮੱਗਰੀ ਅਤੇ ਨੇਮਾਵਲੀਆਂ ਤਿਆਰ ਕਰਨ ਵਿਚ ਬਹੁਤ ਉਪਯੋਗੀ ਹੁੰਦੇ ਹਨ।

(ਗ) ਸ਼ਬਦ-ਸੰਖੇਪਾਂ, ਪਰਿਵਰਣੀ ਸ਼ਬਦਾਂ ਆਦਿ ਦੇ ਕੋਸ਼ : ਇਨ੍ਹਾਂ ਕੋਸ਼ਾਂ ਵਿਚ ਭਾਸ਼ਾ ਵਿਚ ਆਮ ਪ੍ਰਯੋਗ ਕੀਤੇ ਜਾਂਦੇ ਸ਼ਬਦ-ਸੰਖੇਪਾਂ (abbreviations) ਅਤੇ ਪਰਿਵਰਣੀ ਸ਼ਬਦਾਂ (acronyms) ਨੂੰ ਦਰਜ ਕੀਤਾ ਜਾਂਦਾ ਹੈ। ਬਹੁਤ ਸਾਰੇ ਕੋਸ਼ਾਂ ਦੀਆਂ ਅੰਤਿਕਾਵਾਂ ਵਿਚ ਆਮ ਸ਼ਬਦ-ਸੰਖੇਪਾਂ ਦੀ ਸੂਚੀ ਦਿੱਤੀ ਜਾਂਦੀ ਹੈ।

3. ਕੋਸ਼ੀ ਇਕਾਈਆਂ ਦੇ ਅਰਥਗਤ ਪੱਖ ਅਤੇ ਸੰਬੰਧਕੀ ਮੁੱਲ ਤੇ ਆਧਾਰਿਤ ਕੋਸ਼ : ਸ਼ਬਦਾਂ ਦੇ ਅਰਥਗਤ ਪਹਿਲੂ ਅਤੇ ਭਾਸ਼ਾ ਦੀ ਕੋਸ਼ੀ ਸ਼ਬਦਾਵਲੀ ਵਿਚ ਇਨ੍ਹਾਂ ਦੇ ਸੰਬੰਧਕੀ ਮੁੱਲ ਦੇ ਆਧਾਰ ਤੇ ਕੋਸ਼ਾਂ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਜਾਂਦਾ ਹੈ।

(ੳ) ਪਰਿਆਇ ਕੋਸ਼ : ਭਾਸ਼ਾ-ਵਿਗਿਆਨੀ ਭਾਸ਼ਾ ਵਿਚ ਪੂਰਣ ਪਰਿਆਇਆਂ ਦੀ ਅਣਹੋਂਦ ਬਾਰੇ ਇਕਮਤ ਹਨ। ਉਹ ਪਰਿਆਇ ਨੂੰ ਮੁਕੰਮਲ ਪਰਿਆਇ ਦੀ ਥਾਂ ਲਗਭਗ-ਪਰਿਆਇ ਕਹਿਣਾ ਵਧੇਰੇ ਉਚਿਤ ਸਮਝਦੇ ਹਨ। ਪਰਿਆਇ ਕੋਸ਼ ਵਿਚ ਪਰਿਆਇਆਂ ਦੀ ਸੂਚੀ ਦਿੱਤੀ ਜਾਂਦੀ ਹੈ। ਕਈ ਵਾਰ ਵਿਸ਼ੇਸ਼ ਕੋਸ਼ੀ ਮੱਦਾਂ ਦੇ ਵਿਭਿੰਨ ਪਰਿਆਇਆਂ ਦਾ ਮਹਿਜ਼ ਵਰਣਨ ਹੀ ਕੀਤਾ ਜਾਂਦਾ ਹੈ, ਪਰ ਕਈ ਵਾਰ ਪਰਿਆਇਆਂ ਦੇ ਪ੍ਰਯੋਗ ਦੀਆਂ ਦ੍ਰਿਸ਼ਟਾਂਤੀ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ। ਦੂਜੀ ਪਹੁੰਚ-ਵਿਧੀ ਉਪਯੋਗੀ ਹੈ। ਇਹ ਕੋਸ਼ ਵਿਸ਼ੇਸ਼ ਕੋਸ਼ੀ ਮੱਦ ਦੇ ਸਮੂਹ ਦੇ ਦੂਜੇ ਸ਼ਬਦਾਂ ਨਾਲ ਇਸ ਦੇ ਸੰਬੰਧ ਅਤੇ ਅਰਥਾਂ ਦੇ ਸੂਖਮ ਅਰਥ-ਭੇਦਾਂ ਨੂੰ ਲੱਭਣ ਵਿਚ ਮਦਦ ਕਰਦੇ ਹਨ। ਇਹ ਲੇਖਕ ਦੀ ਰਚਨਾ ਕਰਨ ਸਮੇਂ ਉਪਯੁਕਤ ਸ਼ਬਦ ਢੂੰਡਣ ਵਿਚ ਬਹੁਤ ਸਹਾਇਤਾ ਕਰਦੇ ਹਨ। ਇਹ ਕੋਸ਼ ਸਿਖਿਆਰਥੀਆਂ ਲਈ ਵੀ ਉਪਯੋਗੀ ਹਨ ਕਿਉਂਕਿ ਇਹ ਸ਼ਬਦਾਂ ਦੇ ਸੰਬੰਧ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। 'ਵੈਬਸਟਰਜ਼ ਡਿਕਸ਼ਨਰੀ ਆਫ ਸਿਨੋਨਿਮਜ਼' ਇਸ ਵਰਗ ਦੇ ਅੰਤਰਗਤ ਆਉਂਦੀ ਹੈ।

ਭਾਰਤੀ ਭਾਸ਼ਾਵਾਂ ਵਿਚ ਪਰਿਆਇ ਕੋਸ਼ਾਂ ਦੀ ਪਰੰਪਰਾ ਕਾਫ਼ੀ ਸਮ੍ਰਿਧ ਹੈ।

'ਨਿਘੰਟੂਆਂ' ਤੋਂ ਸ਼ੁਰੂ ਕਰਕੇ 'ਅਮਰ ਕੋਸ਼', 'ਹਲਾਯੁਧ' ਅਤੇ ਹੇਮਚੰਦਰ ਤੋਂ ਹੁੰਦੇ ਹੋਏ ਅੱਜ ਤਕ ਇਨ੍ਹਾਂ ਕੋਸ਼ਾਂ ਦੇ ਸੰਕਲਨ ਦਾ ਕਾਫ਼ੀ ਲੰਮਾ ਇਤਿਹਾਸ ਹੈ। ਭਾਰਤ ਦੀਆਂ ਕੁਝ ਭਾਸ਼ਾਵਾਂ ਵਿਚ ਤਾਂ ਅਜਿਹੇ ਅਨੇਕਾਂ ਕੋਸ਼ ਉਪਲਬਧ ਹਨ। ਪੰਜਾਬੀ ਵਿਚ ਗਿਆਨੀ ਕਿਰਪਾਲ ਸਿੰਘ ਦਾ 'ਸਮ-ਅਰਥ ਕੋਸ਼' ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਪਰਿਆਇ ਅਤੇ ਵਿਪਰਿਆਇ ਕੋਸ਼' ਇਸ ਦੇ ਉੱਤਮ ਉਦਾਹਰਣ ਹਨ।

(ਅ) ਵਿਪਰਿਆਇ ਕੋਸ਼ : ਇਨ੍ਹਾਂ ਕੋਸ਼ਾਂ ਵਿਚ ਸ਼ਬਦਾਂ ਦੇ ਵਿਪਰੀਤਾਰਥਕ ਸ਼ਬਦਾਂ ਦਾ ਉਲੇਖ ਕੀਤਾ ਜਾਂਦਾ ਹੈ। ਇਹ ਕੋਸ਼ ਬਹੁਅਰਥੀ ਅਤੇ ਸਮਾਨਾਰਥਕ ਸ਼ਬਦਾਂ ਦੇ ਸੂਖਮ ਅਰਥ-ਭੇਦਾਂ ਨੂੰ ਲੱਭਣ ਵਿਚ ਉਪਯੋਗੀ ਹੋ ਸਕਦੇ ਹਨ।

(ੲ) ਵਿਚਾਰ ਕੋਸ਼ : ਇਨ੍ਹਾਂ ਕੋਸ਼ਾਂ ਨੂੰ ਵਿਵਸਥਿਤ (systematic) ਕੋਸ਼ ਵੀ ਆਖਦੇ ਹਨ। ਇਨ੍ਹਾਂ ਵਿਚ ਉਹ ਸ਼ਬਦ ਲਏ ਜਾਂਦੇ ਹਨ ਜਿਹੜੇ ਅਰਥ ਦੀ ਦ੍ਰਿਸ਼ਟੀ ਤੋਂ ਸੰਬੰਧਿਤ ਹਨ। ਇਨ੍ਹਾਂ ਸ਼ਬਦਾਂ ਦਾ ਸੰਕਲਪ ਸ਼ਬਦਾਂ ਜਾਂ ਪੂਰਣ-ਅਰਥ ਸ਼ਬਦਾਂ (content words) ਅਨੁਸਾਰ ਵੀ ਵਰਗੀਕਰਣ ਕੀਤਾ ਜਾਂਦਾ ਹੈ। "ਵਿਚਾਰ ਕੋਸ਼ਾਂ ਵਿਚ ਕੋਸ਼ੀ ਮੱਦਾਂ ਨੂੰ ਸ਼ਬਦ-ਪਰਿਵਾਰਾਂ ਵਿਚ ਵਰਗੀਕ੍ਰਿਤ ਕੀਤਾ ਜਾਂਦਾ ਹੈ ਜਿਥੇ ਹਰੇਕ ਸ਼ਬਦ ਕਿਸੇ ਇਕ ਵਿਸ਼ੇਸ਼ ਮਨੋਵਿਗਿਆਨਕ ਪੱਖ ਦਾ ਬਦਲ ਹੁੰਦਾ ਹੈ।" ਪਰਿਆਇ ਕੋਸ਼ ਇਕ ਅਰਥ ਵਿਚ ਵਿਚਾਰ ਕੋਸ਼ ਦੀਆਂ ਉਪ-ਕਿਸਮਾਂ ਹਨ।

(ਸ) ਆਵ੍ਰਿਤੀ ਗਣਕਾਂ (counts) ਦੇ ਕੋਸ਼ : ਇਹ ਕੋਸ਼ ਭਾਸ਼ਾ ਵਿਚ ਕੋਸ਼ੀ ਇਕਾਈਆਂ ਦੀ ਆਵ੍ਰਿਤੀ ਪ੍ਰਸਤੁਤ ਕਰਦੇ ਹਨ। ਇਹ ਆਮ ਕਰਕੇ ਪਠਨ-ਸਾਮੱਗਰੀ ਦੇ ਵਿਸ਼ੇਸ਼ ਸੰਗ੍ਰਹਿ ਨੂੰ ਦਰਸਾਉਂਦੇ ਹਨ। ਇਹ ਕੋਸ਼ ਬਾਲ ਕੋਸ਼, ਸਿਖਿਆਰਥੀ ਕੋਸ਼, ਅਧਿਆਪਨ ਸਾਮੱਗਰੀ ਆਦਿ ਦੀ ਤਿਆਰੀ ਲਈ ਉਪਯੋਗੀ ਹਨ।

4. ਕੋਸ਼ੀ ਇਕਾਈਆਂ ਦੇ ਸ਼ਬਦ-ਸੰਗਤ (collocational) ਮੁੱਲ ਤੇ ਆਧਾਰਿਤ ਕੋਸ਼ : ਆਪਣੇ ਸ਼ਬਦ-ਸੰਗਤ ਮੁੱਲ ਦੇ ਆਧਾਰ ਤੇ ਵਿਸ਼ੇਸ਼ ਕੋਸ਼ਾਂ ਦਾ ਹੇਠ ਦਿੱਤੇ ਅਨੁਸਾਰ ਵਰਗੀਕਰਣ ਕੀਤਾ ਜਾਂਦਾ ਹੈ :

(ੳ) ਸ਼ਬਦ-ਸੰਗਤ ਦੇ ਕੋਸ਼ : ਇਹ ਕੋਸ਼ ਕੋਸ਼ੀ ਇਕਾਈਆਂ ਦੀ ਸਾਧਾਰਣ ਸ਼ਬਦ-ਸੰਗਤ ਪ੍ਰਸਤੁਤ ਕਰਦੇ ਹਨ। ਇਹ ਕੋਸ਼ ਉਨ੍ਹਾਂ ਸਾਰੇ ਸ਼ਬਦਾਂ ਦੀ ਸੂਚੀ ਦਿੰਦੇ ਹਨ ਜਿਹੜੇ ਮੁੱਖ ਸ਼ਬਦ ਨਾਲ ਸ਼ਬਦ-ਸੰਗਤਬੱਧ ਕੀਤੇ ਜਾ ਸਕਦੇ ਹਨ। ਪਰ ਅਜਿਹੇ ਕੋਸ਼ ਆਪਣੇ ਵਿਸ਼ੇ-ਖੇਤਰ ਵਿਚ ਆਮ ਕਰਕੇ ਸੀਮਿਤ ਹੁੰਦੇ ਹਨ ਅਤੇ ਕੇਵਲ ਕੁਝ ਕੁ ਵਿਆਕਰਣਕ ਕੋਟੀਆਂ ਦੇ ਸ਼ਬਦਾਂ ਨੂੰ ਹੀ ਪੇਸ਼ ਕਰਦੇ ਹਨ ਜਿਵੇਂ ਨਾਂਵ, ਕ੍ਰਿਆਵਾਂ, ਵਿਸ਼ੇਸ਼ਣ ਆਦਿ। ਇਹ ਕੋਸ਼ ਭਾਸ਼ਾ ਦੇ ਅਧਿਐਨ ਲਈ ਉਪਯੋਗੀ ਹਨ।

(ਅ) ਪ੍ਰਯੋਗ ਕੋਸ਼ : ਪ੍ਰਯੋਗ ਕੋਸ਼ ਦਾ ਉਦੇਸ਼ ਸ਼ਬਦਾਂ ਦੇ ਸਹੀ ਅਤੇ ਮਿਆਰੀ ਪ੍ਰਯੋਗ ਲਈ ਸੇਧ ਪ੍ਰਦਾਨ ਕਰਨਾ ਹੈ। ਇਹ ਕੋਸ਼ ਮਾਨਕੀ ਭਾਂਤ ਦੇ ਹੁੰਦੇ ਹਨ। ਸ਼ਬਦਾਂ ਦੇ ਅਰਥਾਂ

ਦੀ ਸਪਸ਼ਟਤਾ ਲਈ ਵਿਵਹਾਰਕ ਭਾਸ਼ਾ ਵਿਚੋਂ ਆਮਫਹਿਮ ਪ੍ਰਯੋਗ ਦੇ ਦ੍ਰਿਸ਼ਟਾਂਤੀ ਉਦਾਹਰਣ ਲਏ ਜਾਂਦੇ ਹਨ।

5. ਵਿਸ਼ੇਸ਼ ਭਾਸ਼ਾ ਇਕਾਈਆਂ ਦੇ ਕੋਸ਼ : ਵਿਸ਼ੇਸ਼ ਕੋਸ਼ੀ ਇਕਾਈਆਂ ਦੇ ਕੋਸ਼ ਆਮ ਕਰਕੇ ਹੇਠ ਲਿਖੇ ਹਨ :

(ੳ) **ਵਾਕਾਂਸ਼ ਕੋਸ਼ :** ਇਹ ਕੋਸ਼ ਭਾਸ਼ਾ ਦੀਆਂ ਵਾਕਾਂਸ਼ ਇਕਾਈਆਂ (phrase-o'ogical units) ਪ੍ਰਸਤੁਤ ਕਰਦੇ ਹਨ ਅਤੇ ਇਨ੍ਹਾਂ ਨੂੰ ਆਮ ਕਰਕੇ ਦ੍ਰਿਸ਼ਟਾਂਤੀ ਉਦਾਹਰਣਾਂ ਸਹਿਤ ਦਰਸਾਇਆ ਜਾਂਦਾ ਹੈ।

(ਅ) **ਮੁਹਾਵਰੇ ਅਤੇ ਅਖਾਣ ਕੋਸ਼ :** ਕਿਸੇ ਭਾਸ਼ਾ ਦੇ ਮੁਹਾਵਰੇ ਅਤੇ ਅਖਾਣਾਂ ਉਸ ਦੇ ਬੁਲਾਰਿਆਂ ਦੀ ਮਾਨਸਿਕ ਪ੍ਰਵਿਰਤੀ, ਜੀਵਨ ਦ੍ਰਿਸ਼ਟੀਕੋਣ, ਪਰਸਪਰ ਢੱਜ-ਆਚਾਰ ਤੇ ਰਹਿਣੀ-ਬਹਿਣੀ ਦੇ ਲਖਾਇਕ ਹੁੰਦੇ ਹਨ। ਇਨ੍ਹਾਂ ਕੋਸ਼ਾਂ ਵਿਚ ਭਾਸ਼ਾ ਦੇ ਮੁਹਾਵਰਿਆਂ ਅਤੇ ਅਖਾਣਾਂ ਨੂੰ ਇਨ੍ਹਾਂ ਦੇ ਪ੍ਰਯੋਗ ਸਹਿਤ ਦਰਜ ਕੀਤਾ ਜਾਂਦਾ ਹੈ।

(ੲ) **ਨਵਸ਼ਬਦ-ਨਿਰਮਾਣ (neologism) ਕੋਸ਼ :** ਇਹ ਕੋਸ਼ ਭਾਸ਼ਾ ਵਿਚ ਪ੍ਰਯੋਗ ਕੀਤੇ ਨਵੇਂ ਸ਼ਬਦਾਂ ਅਤੇ ਪ੍ਰਚਲਿਤ ਸ਼ਬਦਾਂ ਵਲੋਂ ਗ੍ਰਹਿਣ ਕੀਤੇ ਨਵੇਂ ਅਰਥਾਂ ਨੂੰ ਪ੍ਰਸਤੁਤ ਕਰਦੇ ਹਨ। ਇਹ ਕੋਸ਼ ਕੋਸ਼ਾਂ ਦੀ ਸੁਧਾਈ ਲਈ ਉਚਿਤ ਸਾਮੱਗਰੀ ਪ੍ਰਦਾਨ ਕਰਦੇ ਹਨ। ਕੁਝ ਕੋਸ਼ਾਂ ਵਿਚ ਅੰਤਿਕਾ ਵਿਚ ਦਿੱਤੀ ਸ਼ਬਦਾਵਲੀ ਇਸ ਪ੍ਰਕਾਰ ਦੇ ਕੋਸ਼ ਦੇ ਅਤਿਅਧਿਕ ਨੇੜੇ ਹੁੰਦੀ ਹੈ।

(ਸ) **ਮੰਗਵੇਂ/ਉਧਾਰ ਲਏ ਸ਼ਬਦਾਂ ਦੇ ਕੋਸ਼ :** ਇਨ੍ਹਾਂ ਕੋਸ਼ਾਂ ਵਿਚ ਉਨ੍ਹਾਂ ਸ਼ਬਦਾਂ ਦਾ ਸੰਕਲਨ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਸਮੇਂ ਸਮੇਂ ਅਨੁਸਾਰ ਭਾਸ਼ਾ ਅਪਣਾਉਂਦੀ ਰਹਿੰਦੀ ਹੈ। ਸੀਮਿਤ ਅਰਥਾਂ ਵਿਚ ਇਹ ਕੋਸ਼ ਨਿਰੁਕਤ ਕੋਸ਼ਾਂ ਦੇ ਵਰਗ ਦੇ ਅੰਤਰਗਤ ਆਉਂਦੇ ਹਨ।

ਉਪਨਾਮ ਕੋਸ਼, ਨਾਵਾਂ ਥਾਵਾਂ ਦਾ ਕੋਸ਼ ਆਦਿ ਵੀ ਇਸੇ ਵਰਗ ਦੇ ਅੰਤਰਗਤ ਆਉਂਦੇ ਹਨ।

ਵਿਸ਼ੇਸ਼ ਕੋਸ਼ ਦੀਆਂ ਕੁਝ ਹੋਰ ਮੁੱਖ ਕਿਸਮਾਂ ਇਹ ਹਨ :

1. ਭਾਸ਼, ਟੀਕੇ ਜਾਂ ਸ਼ਬਦਾਰਥ : ਇਹ ਕੋਸ਼ ਕਿਸੇ ਇਕ ਲੇਖਕ ਜਾਂ ਅਨੇਕ ਲੇਖਕਾਂ ਦੀਆਂ ਰਚਨਾਵਾਂ ਨਾਲ ਸੰਬੰਧਿਤ ਹੁੰਦੇ ਹਨ ਅਤੇ ਇਨ੍ਹਾਂ ਨੂੰ ਤਿਆਰ ਕਰਨ ਲਈ ਵਿਭਿੰਨ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਕਿਸਮ ਦੇ ਕੋਸ਼ ਵਿਚ ਕਿਸੇ ਲੇਖਕ ਦੀ ਵਿਸ਼ੇਸ਼ ਰਚਨਾ ਦੀ ਸ਼ਬਦਾਵਲੀ ਹੁੰਦੀ ਹੈ ਜਿਵੇਂ ਜਾਯਸੀ ਦਾ 'ਪਦਮਾਵਤ ਕੋਸ਼', 'ਮਾਨਸ ਕੋਸ਼', 'ਡਿਕਸ਼ਨਰੀ ਆਫ ਦ ਆਟੋਬਾਇਓਗ੍ਰਾਫੀ ਆਫ ਗੋਰਕੀ' ਆਦਿ। ਅਜਿਹੇ ਕੋਸ਼ਾਂ ਵਿਚ ਕਿਸੇ ਲੇਖਕ ਦੀਆਂ ਸਮੁੱਚੀਆਂ ਰਚਨਾਵਾਂ ਦੀ ਸਮੁੱਚੀ ਸ਼ਬਦਾਵਲੀ ਵੀ ਲਈ ਜਾ ਸਕਦੀ

ਹੈ ਜਿਵੇਂ 'ਡਿਕਸ਼ਨਰੀ ਆਫ ਸ਼ੇਕਸਪੀਅਰ', 'ਤੁਲਸੀ ਕੋਸ਼', 'ਦ ਡਿਕਸ਼ਨਰੀ ਆਫ ਪੁਸ਼ਕਿਨ' ਆਦਿ।

ਇਸ ਕੋਸ਼ ਵਿਚ ਰਚਨਾ/ਰਚਨਾਵਾਂ ਵਿਚ ਉਪਲਬਧ ਸਾਰੀ ਸ਼ਬਦਾਵਲੀ ਸੰਮਿਲਿਤ ਹੁੰਦੀ ਹੈ। ਕੋਸ਼ੀ ਇਕਾਈ ਦੇ ਸਾਰੇ ਅਰਥਾਂ ਨੂੰ ਉਦਾਹਰਣਾਂ ਅਤੇ ਵਿਸ਼ੇਸ਼ ਟੂਕਾਂ ਸਹਿਤ ਦਿੱਤਾ ਜਾਂਦਾ ਹੈ। ਕਈ ਵਾਰ ਕੋਸ਼ੀ ਇਕਾਈ ਦੀ ਆਵ੍ਰਿਤੀ ਨੂੰ ਦਰਸਾਉਣ ਲਈ ਕੋਸ਼ੀ ਇਕਾਈ ਆਵ੍ਰਿਤੀ ਦੀ ਕੁਲ ਗਿਣਤੀ ਨੂੰ ਦਿੱਤਾ ਜਾਂਦਾ ਹੈ। ਕੁਝ ਕੋਸ਼ਾਂ ਵਿਚ ਸ਼ਬਦਾਂ ਦੀ ਪਹਿਲੀ ਅਤੇ ਆਖ਼ਰੀ ਆਵ੍ਰਿਤੀ ਨੂੰ ਨੋਟ ਕੀਤਾ ਜਾਂਦਾ ਹੈ। ਇਹ ਕੋਸ਼ ਕੇਵਲ ਕੋਸ਼ੀ ਪਰਿਭਾਸ਼ਾਵਾਂ ਹੀ ਨਹੀਂ ਦਿੰਦੇ, ਬਲਕਿ ਵਿਸ਼ਵਕੋਸ਼ੀ ਸੂਚਨਾ ਵੀ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿਚ ਖ਼ਾਸ ਨਾਮ ਵੀ ਸ਼ਾਮਿਲ ਕੀਤੇ ਜਾਂਦੇ ਹਨ। ਇਹ ਕੋਸ਼ ਵਿਭਿੰਨ ਲੇਖਕਾਂ ਦੁਆਰਾ ਪ੍ਰਯੋਗ ਕੀਤੀਆਂ ਕੋਸ਼ੀ ਇਕਾਈਆਂ ਦੇ ਵਿਸ਼ੇਸ਼ ਪ੍ਰਯੋਗਾਂ ਦਾ ਬੋਧ ਪ੍ਰਾਪਤ ਕਰਨ ਵਿਚ ਅਗਵਾਈ ਦਿੰਦੇ ਹਨ। ਇਨ੍ਹਾਂ ਤੋਂ ਲੇਖਕਾਂ ਵਲੋਂ ਵਰਤੇ ਨਵੇਂ ਸ਼ਬਦਾਂ ਅਤੇ ਪ੍ਰਚਲਿਤ ਸ਼ਬਦਾਂ ਨੂੰ ਪ੍ਰਦਾਨ ਕੀਤੇ ਨਵੇਂ ਅਰਥਾਂ ਦਾ ਬੋਧ ਪ੍ਰਾਪਤ ਕਰਨ ਵਿਚ ਸਹਾਇਤਾ ਮਿਲਦੀ ਹੈ। ਕਿਸੇ ਭਾਸ਼ਾ ਦਾ ਇਤਿਹਾਸਕ ਕੋਸ਼ ਬਣਾਉਣ ਲਈ ਇਹ ਕੋਸ਼ ਕਾਫ਼ੀ ਉਪਯੋਗੀ ਹਨ।

2. ਸ਼ਬਦ-ਅਨੁਕ੍ਰਮਣਿਕਾਵਾਂ : ਇਨ੍ਹਾਂ ਵਿਚ ਵਿਸ਼ੇਸ਼ ਕੋਸ਼ੀ ਇਕਾਈ ਦੇ ਸਾਰੇ ਪ੍ਰਯੋਗਾਂ ਨੂੰ ਕ੍ਰਮਬੱਧ ਢੰਗ ਨਾਲ ਦਿੱਤਾ ਜਾਂਦਾ ਹੈ ਅਤੇ ਨਾਲ ਹੀ ਪ੍ਰਯੋਗ ਦੀ ਵਾਸਤਵਿਕ ਥਾਂ (ਪੰਨਾ, ਸਤਰ) ਨੂੰ ਵੀ ਉੱਧਰਿਤ ਕੀਤਾ ਜਾਂਦਾ ਹੈ।

3. ਸਿਖਿਆਰਥੀ ਕੋਸ਼ : ਅੱਜ ਦਾ ਯੁਗ ਸਿਧਾਂਤਕ ਗਿਆਨ ਨੂੰ ਵਿਵਹਾਰਕਤਾ ਵਿਚ ਪਰਿਵਰਤਿਤ ਕਰਨ ਦਾ ਹੈ। ਇਹੀ ਕਾਰਣ ਹੈ ਕਿ ਵਿਵਹਾਰਕ ਭਾਸ਼ਾ-ਵਿਗਿਆਨ, ਵਿਵਹਾਰਕ ਕੋਸ਼-ਵਿਗਿਆਨ, ਵਿਵਹਾਰਕ ਰਸਾਇਣ-ਵਿਗਿਆਨ ਆਦਿ ਅਨੁਸ਼ਾਸਨ ਹੋਂਦ ਵਿਚ ਆ ਗਏ ਹਨ। ਇਹ ਸੰਕਲਪ ਲੋਕਾਂ ਦੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਹਿਤ ਹੋਂਦ ਵਿਚ ਆਏ ਹਨ। ਇਉਂ ਹੀ ਸਿਖਿਆਰਥੀ ਕੋਸ਼ ਵੀ ਵਿਸ਼ਵ ਪੱਧਰ ਤੇ ਧਿਆਨ ਖਿੱਚ ਰਹੇ ਹਨ। ਜੇ ਇਸ ਦੀ ਪਰਿਭਾਸ਼ਾ ਦੇਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਭਾਸ਼ਾ-ਵਿਸ਼ੇਸ਼ ਨੂੰ ਸਿੱਖਣ ਵਾਲਿਆਂ ਦੀਆਂ ਵਿਵਹਾਰਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਸੰਕਲਿਤ ਕੀਤੇ ਕੋਸ਼ਾਂ ਨੂੰ 'ਸਿਖਿਆਰਥੀ ਕੋਸ਼' ਆਖਦੇ ਹਨ। ਸਿਖਿਆਰਥੀਆਂ ਦੇ ਬੌਧਿਕ ਪੱਧਰ ਵੀ ਭਿੰਨ ਭਿੰਨ ਹੁੰਦੇ ਹਨ ਜਿਸ ਦੇ ਫਲਸਰੂਪ ਵਿਭਿੰਨ ਪ੍ਰਕਾਰ ਦੇ ਸ਼੍ਰੇਣੀਕ੍ਰਿਤ ਸਿਖਿਆਰਥੀ ਕੋਸ਼ ਉਪਲਬਧ ਹੁੰਦੇ ਹਨ। ਇਹ ਕੋਸ਼ ਆਮ ਕਰਕੇ ਸਿਖਿਆਰਥੀਆਂ ਦੀਆਂ ਤਿੰਨ ਪੱਧਰਾਂ ਦੇ ਆਧਾਰ ਤੇ ਤਿਆਰ ਕੀਤੇ ਜਾਂਦੇ ਹਨ : ਪ੍ਰਾਥਮਿਕ, ਦਰਮਿਆਨੇ ਅਤੇ ਉੱਚ-ਪੱਧਰੇ। "ਇਨ੍ਹਾਂ ਪੱਧਰਾਂ ਨੂੰ ਧਿਆਨ ਵਿਚ ਰੱਖ ਕੇ ਸ਼ਬਦ-ਸੰਕਲਨ ਅਤੇ ਸ਼ਬਦ-ਚੋਣ ਵਿਚ ਵਿਸ਼ਿਸ਼ਟਤਾ ਵਰਤਦੇ ਹੋਏ ਸ਼ਬਦਾਰਥ, ਸ਼ਬਦ-ਪ੍ਰਯੋਗ, ਸ਼ਬਦ-ਰਚਨਾ, ਸ਼ਬਦਾਂ ਦਾ ਵਿਆਕਰਣ ਆਦਿ ਦੀ ਵਿਵਸਥਾ ਵਿਚ ਸੀਮਾ-ਨਿਰਧਾਰਣ ਕਰਨਾ ਪੈਂਦਾ

ਹੈ। ਪ੍ਰਾਥਮਿਕ, ਦਰਮਿਆਨੇ ਜਾਂ ਉੱਚ-ਪੱਧਰੇ ਸਿਖਿਆਰਥੀ ਕਿੰਨੇ ਸ਼ਬਦ, ਕਿੰਨੇ ਅਰਥ, ਕਿੰਨੇ ਪ੍ਰਯੋਗ ਜਾਂ ਵਿਆਕਰਣ ਦੀ ਮੰਗ ਕਰਦੇ ਹਨ, ਇਹ ਕਹਿਣਾ ਅਸੰਭਵ ਨਹੀਂ ਤਾਂ ਕਠਿਨ ਅਵੱਸ਼ ਹੈ। ਇਹ ਵੱਡੇ ਕਾਰਜ ਲਈ ਵਿਆਪਕ ਖੋਜ ਕਾਰਜ ਕਰਨ ਦੀ ਆਵੱਸ਼ਕਤਾ ਹੈ।"[31]

ਇਸ ਪ੍ਰਕਾਰ ਸਿਖਿਆਰਥੀ ਕੋਸ਼ ਸਿਖਿਆਰਥੀਆਂ ਦੀਆਂ ਸਿਖਿਆ ਸੰਬੰਧੀ ਵਿਵ-ਹਾਰਕ ਲੋੜਾਂ ਦੀ ਪੂਰਤੀ ਲਈ ਤਿਆਰ ਕੀਤੇ ਉਦੇਸ਼ਮੂਲਕ ਕੋਸ਼ ਹਨ। ਇਨ੍ਹਾਂ ਦਾ ਕੇਂਦਰ ਕੋਈ ਨਾ ਕੋਈ ਟੀਚਾ ਪ੍ਰਾਪਤੀ ਹੁੰਦਾ ਹੈ। ਇਨ੍ਹਾਂ ਦਾ ਸੰਕਲਨ ਸ਼੍ਰੇਣੀਕ੍ਰਿਤ (graded) ਰੂਪ ਵਿਚ ਹੋਣਾ ਚਾਹੀਦਾ ਹੈ। ਇਨ੍ਹਾਂ ਕੋਸ਼ਾਂ ਵਿਚ ਭਾਸ਼ਾਈ ਵਿਵਹਾਰ ਦੀ ਸਮਰਥਾ ਜਾਂ ਭਾਸ਼ਾਈ ਰਚਨਾਤਮਕ ਸ਼ਕਤੀ ਦੇ ਵਿਕਾਸ ਦੀਆਂ ਸੰਭਾਵਨਾਵਾਂ ਨਿਹਿਤ ਹੁੰਦੀਆਂ ਹਨ।

ਕੋਸ਼ ਦੇ ਪ੍ਰਯੋਗਕਰਤਾ ਲਈ ਆਮ ਸ਼ਬਦਾਂ ਦੇ ਅਰਥ ਲਈ ਤਾਂ ਸਾਧਾਰਣ ਕੋਸ਼ ਹੀ ਉਪਯੋਗੀ ਹੁੰਦਾ ਹੈ, ਪਰੰਤੂ ਕੇਵਲ ਅਰਥ-ਮਾਤਰ ਦੀ ਜਾਣਕਾਰੀ ਕਈ ਵਾਰੀ ਕਾਫ਼ੀ ਨਹੀਂ ਹੁੰਦੀ। ਸਾਧਾਰਣ ਕੋਸ਼ ਤਾਂ ਕੇਵਲ ਅਰਥ ਦੇ ਕੇ ਹੀ ਚੁੱਪ ਹੋ ਜਾਂਦਾ ਹੈ, ਪਰੰਤੂ ਸਿਖਿਆਰਥੀ ਕੋਸ਼ ਉਸ ਅਰਥ ਨੂੰ ਸਪਸ਼ਟ ਕਰਨ ਲਈ ਦ੍ਰਿਸ਼ਟਾਂਤੀ ਉਦਾਹਰਣਾਂ ਜਾਂ ਟੂਕਾਂ ਰਾਹੀਂ ਇਸ ਦਾ ਸਹੀ ਪ੍ਰਯੋਗ ਵੀ ਦਸਦਾ ਹੈ। ਮਾਤ ਭਾਸ਼ਾ ਦੇ ਸਿਖਿਆਰਥੀ ਦਾ ਸਾਧਾ-ਰਣ ਕੋਸ਼ ਨਾਲ ਕੰਮ ਚਲ ਜਾਂਦਾ ਹੈ ਕਿਉਂਕਿ ਜਿਸ ਵਿਆਕਰਣਕ ਸੰਰਚਨਾ ਦੇ ਅੰਤਰਗਤ ਉਹ ਉਸ ਸ਼ਬਦ ਦੇ ਪ੍ਰਯੋਗ ਨੂੰ ਸਮਝਣ ਦੀ ਸਮਰਥਾ ਰਖਦਾ ਹੈ, ਉਸ ਸੰਰਚਨਾ (ਭਾਸ਼ਿਕ ਸੰਦਰਭ) ਤੋਂ ਉਹ ਭਲੀ-ਭਾਂਤ ਪਰਿਚਿਤ ਹੁੰਦਾ ਹੈ। ਪਰੰਤੂ ਵਿਦੇਸ਼ੀ ਜਾਂ ਦੂਜੀ ਭਾਸ਼ਾ ਦੇ ਰੂਪ ਵਿਚ ਕਿਸੇ ਭਾਸ਼ਾ ਨੂੰ ਸਿੱਖਣ ਲਈ ਸਿਖਿਆਰਥੀ ਕੋਸ਼ ਅਤਿਅੰਤ ਉਪਯੋਗੀ ਹੀ ਨਹੀਂ ਬਲਕਿ ਅਤਿ ਆਵੱਸ਼ਕ ਵੀ ਹਨ। ਸਿਖਿਆਰਥੀ ਇਨ੍ਹਾ ਕੋਸ਼ਾਂ ਤੋਂ ਹੇਠ ਲਿਖੀ ਸੂਚਨਾ ਦੀ ਆਸ ਰਖਦੇ ਹਨ: (1) ਮੁੱਖ ਅੰਦਰਾਜ; (2) ਵਿਆਕਰਣਕ ਕੋਟੀ; (3) ਸਮਾਜਕ/ਸ਼ੈਲੀਗਤ ਸ਼ਬਦ-ਸੂਚਕ (ਲੇਬਲ); (4) ਪ੍ਰਯੋਗ ਸੰਕੇਤ; (5) ਅਰਥ; (6) ਚਿੱਤਰ; (7) ਮੁਹਾਵਰੇ; ਅਤੇ (8) ਵਿਪਰਿਆਇ।

ਸਿਖਿਆਰਥੀ ਕੋਸ਼ ਦੇਸੀ ਅਤੇ ਵਿਦੇਸ਼ੀ ਦੋਹਾਂ ਬੁਲਾਰਿਆਂ ਦੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਲਈ ਤਿਆਰ ਕੀਤੇ ਜਾਂਦੇ ਹਨ: (1) ਵਿਦੇਸ਼ੀ ਸਿਖਿਆਰਥੀਆਂ ਲਈ ਕੋਸ਼; ਅਤੇ (2) ਦੇਸੀ ਸਿਖਿਆਰਥੀਆਂ ਲਈ ਕੋਸ਼। ਪਰ ਅਧਿਕਤਰ ਇਹ ਨਾਂ ਵਿਦੇਸ਼ੀ ਸਿਖਿਆਰਥੀਆਂ ਲਈ ਹੀ ਪ੍ਰਯੋਗ ਕੀਤਾ ਜਾਂਦਾ ਹੈ। ਫਲਸਰੂਪ, ਸਿਖਿਆਰਥੀ ਕੋਸ਼ ਦੇ ਦੋ ਕਿਸਮ ਦੇ ਪ੍ਰਯੋਗਕਰਤਾ ਹਨ:

1. ਦੇਸੀ ਬੁਲਾਰਿਆਂ ਦਾ ਭਾਸ਼ਾ ਤੇ ਤਾਂ ਭਾਵੇਂ ਆਬੂਰ ਹੁੰਦਾ ਹੈ, ਭਾਸ਼ਾ ਯੋਗਤਾ ਉਪਯੁਕਤ ਹੁੰਦੀ ਹੈ, ਪਰ ਉਨ੍ਹਾਂ ਨੂੰ ਵਿਭਿੰਨ ਸ਼ਬਦਾਂ ਦੇ ਸ਼ੁੱਧ ਪ੍ਰਯੋਗ ਬਾਰੇ ਅਗਵਾਈ ਤੇ ਸਹਾਇਤਾ ਦੀ ਲੋੜ ਹੁੰਦੀ ਹੈ।

2. ਦੂਜੀ ਭਾਸ਼ਾ ਦੇ ਬੁਲਾਰੇ ਦੀ ਸ਼ਬਦਾਵਲੀ ਸੀਮਿਤ ਅਤੇ ਭਾਸ਼ਾ-ਯੋਗਤਾ ਬਹੁਤ ਕਮ-ਜ਼ੋਰ ਹੁੰਦੀ ਹੈ। ਉਸ ਨੂੰ ਬਹੁਤ ਹੀ ਆਮਫ਼ਹਿਮ ਅਤੇ ਸਾਧਾਰਣ ਸ਼ਬਦ ਔਖੇ ਪ੍ਰਤੀਤ ਹੋ ਸਕਦੇ ਹਨ। ਦੈਨਿਕ ਜੀਵਨ ਵਿਚ ਪ੍ਰਯੋਗ ਕੀਤੀਆਂ ਜਾਂਦੀਆਂ ਬਹੁਤ ਸਾਰੀਆਂ ਸਾਧਾਰਣ ਵਸਤਾਂ ਦੇ ਅਨੇਕਾਂ ਸ਼ਬਦ ਵਿਦੇਸ਼ੀ ਸਿਖਿਆਰਥੀਆਂ ਨੂੰ ਸਮਝ ਨਹੀਂ ਆਉਂਦੇ। ਅਜੇਹੀ ਹਾਲਤ ਵਿਚ ਕੋਸ਼ ਤਿਆਰ ਕਰਦਿਆਂ ਦੇਸੀ ਭਾਸ਼ਾ ਦੇ ਦਖ਼ਲ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।[32]

ਇਨ੍ਹਾਂ ਕੋਸ਼ਾਂ ਦੇ ਵਰਗੀਕਰਣ ਦਾ ਇਕ ਢੰਗ ਤਾਂ ਉਪਰ-ਵਰਣਿਤ ਵਿਧੀ ਅਨੁਸਾਰ ਸਿਖਿਆਰਥੀਆਂ ਦੀ ਬੌਧਿਕ ਪੱਧਰ ਅਤੇ ਵਿਵਹਾਰਕ ਲੋੜਾਂ ਨੂੰ ਆਧਾਰ ਬਣਾਉਣਾ ਹੈ। ਇਸ ਵਿਧੀ ਦਾ ਅਨੁਸਰਣ ਕਰਦਿਆਂ ਵਿਭਿੰਨ ਪ੍ਰਕਾਰ ਦੀਆਂ ਪੱਧਰਾਂ ਦੇ ਸਿਖਿਆਰਥੀ ਕੋਸ਼ ਉਪਲਬਧ ਹੁੰਦੇ ਹਨ। ਪਰੰਤੂ ਕੋਸ਼ਾਂ ਵਿਚ ਸੰਮਿਲਿਤ ਸ਼ਬਦ-ਸੂਚੀ ਦੇ ਵਿਸ਼ੇ-ਖੇਤਰ ਅਤੇ ਹਰੇਕ ਕੋਸ਼ੀ ਇਕਾਈ ਵਿਚ ਦਿੱਤੀ ਸੂਚਨਾ ਦੀ ਪ੍ਰਕਿਰਤੀ ਅਨੁਸਾਰ ਇਹ ਕੋਸ਼ ਵੀ ਵਿਭਿੰਨ ਪ੍ਰਕਾਰ ਦੇ ਹੋ ਸਕਦੇ ਹਨ: ਸਾਧਾਰਣ ਅਤੇ ਵਿਸ਼ੇਸ਼। **ਸਾਧਾਰਣ ਕੋਸ਼** ਵਿਚ ਸੰਬੰਧਿਤ ਭਾਸ਼ਾ ਦੇ ਸਿਖਿਆਰਥੀ ਵਲੋਂ ਪ੍ਰਯੋਗ ਕੀਤੇ ਜਾਣ ਵਾਲੇ ਸਾਰੇ ਸਾਧਾਰਣ ਸ਼ਬਦ ਸੰਮਿਲਿਤ ਹੁੰਦੇ ਹਨ ਜਿਵੇਂ ਹਾਰਨਬੀ ਦੀ 'ਆਕਸਫੋਰਡ ਅਡਵਾਂਸਡ ਲਰਨਰਜ਼ ਡਿਕ-ਸ਼ਨਰੀ ਆਫ ਕਰੰਟ ਇੰਗਲਿਸ਼'। **ਵਿਸ਼ੇਸ਼ ਕੋਸ਼** ਵਿਚ ਸਾਧਾਰਣ ਕੋਸ਼ ਵਾਂਗ ਸਾਰੀ ਸ਼ਬਦਾਵਲੀ ਨਹੀਂ ਲਈ ਜਾਂਦੀ ਬਲਕਿ ਉਸ ਸ਼ਬਦਾਵਲੀ ਦਾ ਇਕ ਅੰਸ਼ ਅਰਥਾਤ ਚੋਣਵੀਆਂ ਕੋਸ਼ੀ ਮੱਦਾਂ ਸ਼ਾਮਿਲ ਕੀਤੀਆਂ ਜਾਂਦੀਆਂ ਹਨ ਜਿਵੇਂ ਵਿਸ਼ੇਸ਼ਣਾਂ, ਕ੍ਰਿਆਵਾਂ, ਨਾਵਾਂ ਆਦਿ ਦਾ ਕੋਸ਼।

ਪ੍ਰਦਾਨ ਕੀਤੀ ਜਾਣ ਵਾਲੀ ਸੂਚਨਾ ਦੇ ਆਧਾਰ ਤੇ ਇਹ ਕੋਸ਼ ਅਰਥਗਤ ਜਾਂ ਵਾਕ-ਰਚਨਾਵੀ ਜਾਂ ਵਿਆਕਰਣਕ ਸੂਚਨਾ ਪ੍ਰਦਾਨ ਕਰਨ ਵਾਲੇ ਅਤੇ ਇਨ੍ਹਾਂ ਪੱਖਾਂ ਵਿਚੋਂ ਕਿਸੇ ਇਕ ਤੇ ਬਲ ਦੇਣ ਵਾਲੇ ਕੋਸ਼ ਹੋ ਸਕਦੇ ਹਨ। ਇਨ੍ਹਾਂ ਕੋਸ਼ਾਂ ਵਿਚੋਂ ਸਭ ਤੋਂ ਮਹੱਤਵਪੂਰਣ ਕੋਸ਼ ਕਿਸੇ ਭਾਸ਼ਾ ਦੇ ਸ਼ਬਦ-ਸੰਗਤ ਕੋਸ਼ ਹੋ ਸਕਦੇ ਹਨ।

ਜਿਵੇਂ ਕਿ ਉਪਰ ਸਪਸ਼ਟ ਕੀਤਾ ਗਿਆ ਹੈ, ਸਿਖਿਆਰਥੀ ਕੋਸ਼ ਸਿਖਿਆਰਥੀਆਂ ਦੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਦੇ ਪ੍ਰਤਿਉੱਤਰ ਵਜੋਂ ਹੋਂਦ ਵਿਚ ਆਉਂਦੇ ਹਨ। ਇਸੇ ਕਰਕੇ ਇਨ੍ਹਾਂ ਦਾ ਪ੍ਰਚਲਿਤ ਅਤੇ ਆਮ ਪ੍ਰਯੋਗ ਕੀਤੇ ਜਾਂਦੇ ਸ਼ਬਦਾਂ ਨਾਲ ਸੰਬੰਧ ਹੁੰਦਾ ਹੈ। "ਅਪ੍ਰਚਲਿਤ ਪ੍ਰਾਚੀਨ ਅਤੇ ਉਪਭਾਸ਼ਾਈ ਸ਼ਬਦਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਇਹ ਕੋਸ਼ ਉਨ੍ਹਾਂ ਵਿਉਤਪੰਨ ਸ਼ਬਦਾਂ ਨੂੰ ਵੀ ਸ਼ਾਮਿਲ ਨਹੀਂ ਕਰਦੇ ਜਿਨ੍ਹਾਂ ਨੂੰ ਸੁਗਮਤਾਪੂਰਵਕ ਕਲਪਿਤ ਕੀਤਾ ਜਾ ਸਕਦਾ ਹੈ। ਕਾਫ਼ੀ ਹੱਦ ਤਕ ਸ਼ਬਦ-ਜੋੜਾਂ ਅਤੇ ਉਚਾਰਣ ਦੀ ਭਿੰਨਤਾ ਨੂੰ ਵੀ ਤਿਆਗ ਦਿੱਤਾ ਜਾਂਦਾ ਹੈ। ਅੰਦਰਾਜਾਂ ਦੀ ਚੋਣ ਆਵ੍ਰਿਤੀ ਤੇ ਆਧਾਰਿਤ ਹੁੰਦੀ ਹੈ। ਅਰਥਾਂ ਦਾ ਕ੍ਰਮ ਵੀ ਵਿਵਹਾਰਕ ਅਥਵਾ ਪ੍ਰਯੋਗ ਦੇ ਆਧਾਰ ਤੇ ਨਿਸ਼ਚਿਤ ਕੀਤਾ ਜਾਂਦਾ ਹੈ। ਮੁੱਖ ਅਰਥ ਪਹਿਲਾਂ ਦਿੱਤਾ ਜਾਂਦਾ ਹੈ ਅਤੇ ਗੌਣ ਅਰਥ

ਬਾਅਦ ਵਿਚ। ਅਰਥਾਂ ਦੀ ਸੰਖਿਆ ਕੇਵਲ ਅਤਿ ਮਹੱਤਵਪੂਰਣ ਅਰਥਾਂ ਤਕ ਹੀ ਸੀਮਿਤ ਰੱਖੀ ਜਾਂਦੀ ਹੈ; ਸਾਰੇ ਸੰਭਵ ਅਰਥ ਨਹੀਂ ਦਿੱਤੇ ਜਾਂਦੇ। ਅਧਿਕ ਬਲ ਪ੍ਰਯੋਗ ਅਤੇ ਸ਼ਬਦ-ਸੰਗਤ ਤੇ ਹੁੰਦਾ ਹੈ। ਪਰਿਭਾਸ਼ਾ ਦੀ ਭਾਸ਼ਾ ਨੂੰ ਬਹੁਤ ਸਰਲ ਰੱਖਿਆ ਜਾਂਦਾ ਹੈ। ਸ਼ਬਦਾਂ ਨੂੰ ਪਰਿਭਾਸ਼ਿਤ ਕਰਨ ਲਈ ਆਮ ਅਤੇ ਵਧੇਰੇ ਪਰਿਚਿਤ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਿਖਿਆਰਥੀ ਕੋਸ਼ਾਂ ਵਿਚ ਸਭ ਪ੍ਰਕਾਰ ਦੀ ਸ਼ਬਦ-ਸੰਗਤ ਲਈ ਦ੍ਰਿਸ਼ਟਾਂਤੀ ਉਦਾਹਰਣ ਦਿੱਤੇ ਜਾਂਦੇ ਹਨ। ਇਨ੍ਹਾਂ ਕੋਸ਼ਾਂ ਵਿਚ ਦ੍ਰਿਸ਼ਟਾਂਤੀ ਚਿੱਤਰਾਂ ਦੀ ਅਧਿਕਤਾ ਹੁੰਦੀ ਹੈ।"[33]

ਸਿਖਿਆਰਥੀ ਕੋਸ਼ਾਂ ਤੇ ਉਪਰੋਕਤ ਵਿਸਤ੍ਰਿਤ ਚਰਚਾ ਉਪਰੰਤ ਅਸੀਂ ਇਸ ਦਾ ਸਾਧਾਰਣ ਕੋਸ਼ ਨਾਲੋਂ ਨਿਖੇੜਾ ਕਰ ਸਕਦੇ ਹਾਂ :

(1) ਸਾਧਾਰਣ ਕੋਸ਼ ਵਿਚ ਕੋਸ਼ੀ ਇਕਾਈਆਂ ਦੀ ਸੰਖਿਆ ਅਧਿਕ ਹੁੰਦੀ ਹੈ, ਪਰੰਤੂ ਸਿਖਿਆਰਥੀ ਕੋਸ਼ ਵਿਚ ਕੋਸ਼ੀ ਇਕਾਈਆਂ ਦੀ ਗਿਣਤੀ ਸੀਮਿਤ ਹੁੰਦੀ ਹੈ ਅਤੇ ਸ਼ਬਦ ਚੋਣ ਵਿਭਿੰਨ ਵਿਗਿਆਨਕ ਸਿਧਾਂਤਾਂ ਅਨੁਸਾਰ ਬਹੁਤ ਹੀ ਧਿਆਨਪੂਰਵਕ ਕੀਤੀ ਜਾਂਦੀ ਹੈ। ਅਪ੍ਰਚਲਿਤ ਸ਼ਬਦਾਂ ਅਤੇ ਅਰਥਾਂ ਨੂੰ ਛੱਡ ਦੇਣ ਦੀ ਪ੍ਰਵਿਰਤੀ ਹੁੰਦੀ ਹੈ।

(2) ਸਿਖਿਆਰਥੀ ਕੋਸ਼ ਵਿਚ ਵਿਆਕਰਣਕ ਕੋਟੀਆਂ ਨੂੰ ਮੋਟੇ ਜਿਹੇ ਰੂਪ ਵਿਚ ਦੇਣ ਨਾਲ ਗੁਜ਼ਾਰਾ ਹੋ ਜਾਂਦਾ ਹੈ, ਪਰੰਤੂ ਸਾਧਾਰਣ ਕੋਸ਼ ਵਿਚ ਇਸ ਨੂੰ ਜ਼ਰਾ ਵਿਸਤਾਰ ਵਿਚ ਦਿੱਤਾ ਜਾਂਦਾ ਹੈ। ਨਾਲ ਹੀ ਸ਼ਬਦ ਦੇ ਸਮਾਜਕ/ਸ਼ੈਲੀਗਤ ਵਿਵਹਾਰ ਦੀ ਸੂਚਨਾ ਦੇਣੀ ਵੀ ਆਵੱਸ਼ਕ ਹੈ।

(3) ਸਾਧਾਰਣ ਕੋਸ਼ ਕੋਸ਼ੀ ਇਕਾਈ ਦੇ ਅਨੇਕ ਅਰਥ ਦਿੰਦਾ ਹੈ, ਪਰੰਤੂ ਸਿਖਿਆਰਥੀ ਕੋਸ਼ ਕੋਸ਼ੀ ਇਕਾਈ ਦੇ ਸਾਰੇ ਸੰਭਵ ਅਰਥ ਦੇਣ ਤੋਂ ਸੰਕੋਚ ਕਰਦਾ ਹੈ। ਸਿਖਿਆਰਥੀ ਕੋਸ਼ ਪ੍ਰਚਲਿਤ ਅਰਥ ਦੇ ਨਾਲ ਨਾਲ ਭਾਸ਼ਾ ਵਿਚ ਸ਼ਬਦ ਦੇ ਕਾਰਜ ਅਤੇ ਪ੍ਰਯੋਗ ਤੇ ਅਧਿਕ ਬਲ ਦਿੰਦਾ ਹੈ।

(4) ਸਿਖਿਆਰਥੀ ਕੋਸ਼ ਵਿਚ ਵਿਪਰਿਆਇ ਦੇਣ ਨਾਲ ਅੰਦਰਾਜ ਦਾ ਅਰਥ ਸਪਸ਼ਟ ਹੋਣ ਵਿਚ ਸਹਾਇਤਾ ਮਿਲਦੀ ਹੈ। ਇਹ ਸਭ ਸਾਧਾਰਣ ਕੋਸ਼ ਦੀ ਲੋੜ ਨਹੀਂ ਹੈ।

(5) ਸਾਧਾਰਣ ਕੋਸ਼ ਵਿਚ ਚਿੱਤਰਾਂ ਅਤੇ ਰੇਖਾਚਿੱਤਰਾਂ ਦਾ ਘੱਟ ਪ੍ਰਯੋਗ ਕੀਤਾ ਜਾਂਦਾ ਹੈ, ਪਰੰਤੂ ਸਿਖਿਆਰਥੀ ਕੋਸ਼ ਤਾਂ ਮਹਿਜ਼ ਚਿੱਤਰ ਕੋਸ਼ ਹੀ ਹੁੰਦਾ ਹੈ ਅਤੇ ਇਸ ਵਿਚ ਚਿੱਤਰਾਂ ਦਾ ਭਰਪੂਰ ਪ੍ਰਯੋਗ ਕੀਤਾ ਜਾਂਦਾ ਹੈ।

ਸਿਖਿਆਰਥੀ ਕੋਸ਼ ਵਿਚ ਅਰਥ ਗ੍ਰਹਿਣ ਵਿਚ ਇਕ ਕ੍ਰਮ ਹੁੰਦਾ ਹੈ—ਅਸਪਸ਼ਟਤਾ ਤੋਂ ਸਪਸ਼ਟਤਾ ਵਲ। ਸਿਖਿਆਰਥੀ ਕੋਸ਼ ਵਿਚ ਹਰੇਕ ਦ੍ਰਿਸ਼ਟਮਾਨ ਵਸਤੂ ਦਾ ਚਿੱਤਰ ਦੇਣਾ ਨਾ ਸੰਭਵ ਹੈ ਅਤੇ ਨਾ ਹੀ ਆਵੱਸ਼ਕ। ਕੇਵਲ ਉਨ੍ਹਾਂ ਵਸਤਾਂ ਦਾ ਚਿੱਤਰ ਦੇਣਾ ਆਵੱਸ਼ਕ ਹੈ ਜਿਨ੍ਹਾਂ ਦੀ ਵਿਆਖਿਆ ਕਰ ਦੇਣ ਤੇ ਵੀ ਕੋਸ਼ਕਾਰ ਨੂੰ ਯਕੀਨ ਨਹੀਂ ਹੁੰਦਾ ਕਿ ਵਸਤੂ

ਜਾਂ ਕ੍ਰਿਆ ਦਾ ਬਿੰਬ ਸਿਖਿਆਰਥੀ ਦੇ ਮਨ ਵਿਚ ਉਤਰ ਗਿਆ ਹੈ ਜਾਂ ਨਹੀਂ। ਅਨੁਭਵ ਜਗਤ ਦੇ ਸ਼ਬਦ ਸਿਖਿਆਰਥੀ ਦੇ ਭੂਗੋਲ ਦੇ ਗਿਆਨ ਤੇ ਨਿਰਭਰ ਕਰਦੇ ਹਨ।

ਸਾਧਾਰਣ ਦੁਭਾਸ਼ੀ ਕੋਸ਼ਾਂ ਵਾਂਗ ਹੀ ਦੁਭਾਸ਼ੀ ਸਿਖਿਆਰਥੀ ਕੋਸ਼ ਵੀ ਹੋਂਦ ਵਿਚ ਆ ਗਏ ਹਨ। ਇਨ੍ਹਾਂ ਕੋਸ਼ਾਂ ਵਿਚ ਕੁਝ ਅਜਿਹੀਆਂ ਸਥਿਤੀਆਂ ਆਉਂਦੀਆਂ ਹਨ ਜਿਨ੍ਹਾਂ ਵਿਚ ਵਿਸ਼ੇਸ਼ ਮੁਸ਼ਕਿਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ :

(ੳ) ਕਈ ਕੋਸ਼ੀ ਇਕਾਈਆਂ ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ ਵਿਚ ਸਮਾਨ ਰੂਪ ਵਿਚ ਅਰਥ ਦੀ ਇਕਾਈ ਨਹੀਂ ਹੁੰਦੀਆਂ;

(ਅ) ਕਈ ਵਾਰੀ ਕੋਸ਼ੀ ਇਕਾਈ ਦੋਹਾਂ ਭਾਸ਼ਾਵਾਂ ਵਿਚ ਉਪਲਬਧ ਹੁੰਦੀ ਹੈ, ਪਰੰਤੂ ਉਹ ਸਮ-ਮੁੱਲ ਨਹੀਂ ਹੁੰਦੀ।

(ੲ) ਤੀਜੀ ਕਠਿਨਾਈ ਸੰਸਕ੍ਰਿਤੀ-ਸਾਪੇਖ ਸ਼ਬਦਾਂ ਦੀ ਹੈ। ਸਾਲੀ, ਵਿਧਵਾ, ਪੁਜਾਰੀ, ਆਦਿ ਸ਼ਬਦਾਂ ਲਈ ਅ-ਸਜਾਤੀ (non-cognate) ਭਾਸ਼ਾ ਦੇ ਸਮ-ਮੁੱਲ ਸ਼ਬਦ ਦੇਣਾ ਕਠਿਨ ਹੈ।

(ਸ) ਚੌਥੀ ਕਠਿਨਾਈ ਸ਼ਬਦਾਂ ਦੇ ਸਮਤੁੱਲ ਸ਼ਬਦ ਨਾ ਮਿਲਣ ਕਰਕੇ ਲੰਬੀ ਵਿਆਖਿਆ ਦੀ ਹੈ।[34]

4. ਚਿੱਤਰ ਕੋਸ਼ : ਕੋਸ਼ਾਂ ਦਾ ਇਕ ਰੋਚਕ ਵਰਗ, ਜਿਹੜਾ ਵਾਚਾਰਥੀ ਸ਼ਬਦਾਂ ਤਕ ਹੀ ਸੀਮਿਤ ਹੈ ਅਤੇ ਜਿਸ ਦੇ ਵਾਚਾਰਥੀ ਸ਼ਬਦ ਭਾਸ਼ਾ-ਬਾਹਰੇ ਭੌਤਿਕ ਜਗਤ ਨਾਲ ਸੰਬੰਧਿਤ ਹਨ, ਚਿੱਤਰ ਕੋਸ਼ਾਂ ਦਾ ਹੈ। ਇਨ੍ਹਾਂ ਨੂੰ ਆਮ ਕਰਕੇ ਨਾਮ ਅਧਿਐਨ ਸਿਧਾਂਤ ਦੇ ਆਧਾਰ ਤੇ ਸੰਗਠਿਤ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਮਨੁੱਖੀ ਸਰੀਰ, ਜਹਾਜ਼, ਕਿਸੇ ਸੀਨਰੀ, ਵਿਭਿੰਨ ਪੌਦਿਆਂ, ਜਾਨਵਰਾਂ, ਬਰਤਨਾਂ ਆਦਿ ਦੇ ਚਿੱਤਰ ਦਿੱਤੇ ਜਾਂਦੇ ਹਨ ਅਤੇ ਫਿਰ ਉਹ ਉਕਤੀ ਜਿਸ ਨਾਲ ਇਹ ਵਸਤਾਂ ਦਰਸਾਈਆਂ ਜਾਂਦੀਆਂ ਹਨ ਜਾਂ ਉਨ੍ਹਾਂ ਦੇ ਭਾਗਾਂ/ਅੰਗਾਂ ਨੂੰ ਤੀਰਾਂ ਦੇ ਨਿਸ਼ਾਨ ਨਾਲ ਦਰਸਾਇਆ ਜਾਂਦਾ ਹੈ। ਕੋਸ਼ ਵਿਚ ਦਰਜ ਉਕਤੀਆਂ ਦੀ ਅੱਖਰ-ਕ੍ਰਮ ਅਨੁਸਾਰ ਬਣਾਈ ਸੂਚੀ ਦੀ ਵਰਤੋਂ ਉਸ ਥਾਂ ਨੂੰ ਲੱਭਣ ਲਈ ਕੀਤੀ ਜਾ ਸਕਦੀ ਹੈ ਜਿਥੇ ਉਹ ਉਕਤੀ ਆਪਣੇ ਵਾਚਾਰਥ ਦੀ ਤਸਵੀਰ ਤੇ ਲਾਗੂ ਹੁੰਦੀ ਹੈ ਜਦੋਂ ਪ੍ਰਯੋਗਕਰਤਾ "ਸ਼ਬਦ ਤੋਂ ਉਸ ਵਸਤੂ ਵਲ" ਚਲਦਾ ਹੈ। ਇਹ ਚਿੱਤਰ ਕੋਸ਼ ਮੁੱਖ ਤੌਰ ਤੇ ਵਾਚਾਰਥ ਦੇ ਸੰਬੰਧ ਵਿਚ ਹੀ ਉਪਯੋਗੀ ਹੁੰਦੇ ਹਨ ਜਿਸ ਦੀ ਆਮ ਕਰਕੇ ਜਾਣਕਾਰੀ ਨਹੀਂ ਹੁੰਦੀ।

5. ਸੰਯੋਜਨ-ਸਮਰਥਾ (valency) ਵਾਲੇ ਕੋਸ਼[35] : ਸੰਯੋਜਨ-ਸਮਰਥਾ ਵਾਲੇ ਕੋਸ਼ ਵਿਸ਼ੇਸ਼ ਪ੍ਰਕਾਰ ਦੇ ਕੋਸ਼ਾਂ ਦੇ ਅੰਤਰਗਤ ਆਉਂਦੇ ਹਨ ਜਿਨ੍ਹਾਂ ਦਾ ਮੁੱਖ ਉਦੇਸ਼ ਕੋਸ਼ ਵਿਚ ਸ਼ਾਮਿਲ ਕੀਤੇ ਸ਼ਬਦਾਂ ਦੇ ਕੇਵਲ ਵਾਕ-ਰਚਨਾਵੀ ਲੱਛਣ ਦੇ ਵਿਸਤ੍ਰਿਤ ਅਤੇ ਪਰਿਸ਼ੁੱਧ ਵਰਣਨ ਤੇ ਬਲ ਦੇਣਾ ਹੈ ਅਰਥਾਤ ਸ਼ਬਦ ਦੀਆਂ ਸੰਯੋਜਨ-ਸੰਭਾਵਨਾਵਾਂ ਨੂੰ ਉਜਾਗਰ ਕਰਨਾ

ਹੈ। ਸੰਯੋਜਨ-ਸਮਰਥਾ ਨਾਲ ਕੋਸ਼ ਮੁੱਖ ਤੌਰ ਤੇ ਵਿਦੇਸ਼ੀ ਪ੍ਰਯੋਗਕਰਤਿਆਂ ਲਈ ਤਿਆਰ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਰਚਨਾਤਮਕ ਕੋਸ਼ ਕਿਹਾ ਜਾਂਦਾ ਹੈ। ਸ਼ਬਦ-ਸੰਗਤ ਕੋਸ਼ ਇਸ ਵਰਗ ਦੇ ਅੰਤਰਗਤ ਆਉਂਦੇ ਹਨ।

6. ਖੰਡੀ ਕੋਸ਼ (Segmental Dictionaries)[36] : ਇਹ ਕੋਸ਼ ਵੀ ਵਿਸ਼ੇਸ਼ ਕੋਸ਼ਾਂ ਦੇ ਵਰਗ ਦੇ ਅੰਤਰਗਤ ਹੀ ਆਉਂਦੇ ਹਨ। ਇਹ ਸਮਭਾਸ਼ੀ ਜਾਂ ਬਹੁਭਾਸ਼ੀ ਦੋਹਾਂ ਤਰ੍ਹਾਂ ਦੇ ਹੁੰਦੇ ਹਨ, ਪਰ ਇਨ੍ਹਾਂ ਦੀ ਸਾਧਾਰਣ ਭਾਸ਼ਾ ਦੇ ਕੋਸ਼ ਨਾਲ ਘੱਟ ਹੀ ਸਾਂਝ ਹੁੰਦੀ ਹੈ। ਇਨ੍ਹਾਂ ਕੋਸ਼ਾਂ ਨੂੰ 'ਖੰਡੀ' ਕੋਸ਼ ਇਸ ਕਰਕੇ ਆਖਿਆ ਜਾਂਦਾ ਹੈ ਕਿ ਇਨ੍ਹਾਂ ਵਿਚ ਭਾਸ਼ਾ-ਵਿਸ਼ੇਸ਼ ਦੇ ਕਿਸੇ ਵਿਸ਼ੇਸ਼ ਭਾਗ ਜਾਂ ਖੰਡ ਨਾਲ ਸੰਬੰਧਿਤ ਸ਼ਬਦਾਵਲੀ ਸੰਮਿਲਿਤ ਕੀਤੀ ਜਾਂਦੀ ਹੈ।

ਕੁਝ ਵਿਸ਼ੇਸ਼ ਕੋਸ਼ ਖੰਡੀ ਨਹੀਂ ਹੁੰਦੇ ਜਿਵੇਂ ਲਯ ਕੋਸ਼, ਪਰਿਆਇ ਕੋਸ਼, ਵਿਪਰਿ-ਆਇ ਕੋਸ਼, ਸੂਕਤੀ/ਉੱਧਰਣ ਕੋਸ਼, ਆਦਿ। ਇਹ ਇਕ ਤਰ੍ਹਾਂ ਨਾਲ ਤਕਨੀਕੀ ਕੋਸ਼ ਹੁੰਦੇ ਹਨ ਕਿਉਂਕਿ ਇਹ ਇਕ ਵਿਸ਼ੇਸ਼ ਪ੍ਰਕ੍ਰਿਆ ਵਿਚ ਯੋਗਦਾਨ ਦਿੰਦੇ ਹਨ, ਪਰੰਤੂ ਇਨ੍ਹਾਂ ਦਾ ਵਿਸ਼ੇਸ਼ੀਕਰਣ ਰਜਿਸਟਰ ਦੀ ਕਸੌਟੀ ਤੇ ਪੂਰਾ ਨਹੀਂ ਉਤਰਦਾ ਜਿਵੇਂ ਮੁਕੰਮਲ ਸ਼ਬਦ-ਸਾਮੱਗਰੀ ਦੇ ਸੰਬੰਧ ਵਿਚ ਸਕੋਪ ਜਾਂ ਪਰਿਪੇਖ। ਸੁਸੰਗਤ (coherent) ਰਜਿਸਟਰਾਂ ਦੀ ਬਜਾਇ ਇਹ ਕੋਸ਼ ਅਬੰਧੇਜੀ (unrestricted) ਸਮੁੱਚੀ ਸ਼ਬਦਾਵਲੀ ਤੋਂ ਅਗਾਂਹ ਨਿਕਲ ਕੇ ਕੇਵਲ ਸ਼ਬਦ-ਸੂਚੀਆਂ ਇਕੱਤਰ ਕਰਦੇ ਹਨ ਅਤੇ ਸੂਚੀਬੱਧ ਮੱਦਾਂ ਦੀ ਵਿਸ਼ੇਸ਼ ਕੋਸ਼ੀ ਸੂਚਨਾ ਨਾਲ ਅਸੰਬੰਧਿਤ ਕੇਵਲ ਇਕੱਲੀ ਵਿਸ਼ੇਸ਼ਤਾ ਤੇ ਧਿਆਨ ਕੇਂਦ੍ਰਿਤ ਕਰਦੇ ਹਨ।

ਖੰਡੀ ਕੋਸ਼ ਨੂੰ ਮਹਿਜ਼ 'ਤਕਨੀਕੀ ਸ਼ਬਦਾਵਲੀਆਂ' ਜਾਂ 'ਨਾਮਾਵਲੀਆਂ' ਨਾਲ ਖਲਤ-ਮਲਤ ਨਹੀਂ ਕਰਨਾ ਚਾਹੀਦਾ। ਇਹ ਮੁੱਖ ਤੌਰ ਤੇ ਸੰਖਿਪਤ ਅਰਥ ਵਿਚ ਪਦਾਂ ਨਾਲ ਸੰਬੰਧਿਤ ਹਨ। ਸਾਡੇ ਭਾਸ਼ਾ ਮਾਡਲ ਵਿਚ ਇਹ ਖੰਡਾਂ ਦੇ ਬਹੁਤ ਘੱਟ ਵਿਸ਼ੇਸ਼ੀਕ੍ਰਿਤ ਰਜਿਸਟਰ ਵਾਲੇ ਸਜੀਵ ਭਾਗ ਨੂੰ ਦਰਸਾਉਂਦੇ ਹਨ ਜੋ ਭਾਸ਼ਾ ਦੇ ਘੇਰੇ ਦੇ ਨੇੜੇ ਹੁੰਦੇ ਹਨ ਅਤੇ ਬਾਕੀ ਦੇ ਕੋਸ਼ ਦੇ ਪ੍ਰਵਾਹ ਅਤੇ ਪਰਿਵਰਤਨ ਤੋਂ ਦੂਰ ਰੱਖੇ ਜਾਂਦੇ ਹਨ। ਸਿਧਾਂਤਕ ਤੌਰ ਤੇ ਇਕ ਵਾਰ ਜੇ ਇਨ੍ਹਾਂ ਨੂੰ ਉਚਿਤ ਘੇਰੇ ਤੇ ਰੱਖਿਆ ਜਾਵੇ, ਇਹ ਬਿਲਕੁਲ ਹੀ ਗਤੀਹੀਣਤਾ ਦੀ ਅਵਸਥਾ ਵਿਚ ਵਿਚਰਦੇ ਹਨ। ਇਨ੍ਹਾਂ ਪਦਾਂ ਨੂੰ ਇਨ੍ਹਾਂ ਦੀ ਇਕੱਲਤਾ ਅਤੇ ਖੜੋਤ ਅਵਸਥਾ ਵਿਚੋਂ ਕੱਢਣ ਦਾ ਇਕੋ ਇਕ ਤਰੀਕਾ ਇਹ ਹੈ ਕਿ ਲੋਕ ਇਸ ਦਾ ਵੱਧ ਤੋਂ ਵੱਧ ਪ੍ਰਯੋਗ ਕਰਨਾ ਸ਼ੁਰੂ ਕਰ ਦੇਣ। ਇਹ ਤਾਂ ਹੁੰਦਾ ਹੈ ਜੇ ਜਨਸਾਧਾਰਣ ਕਿਸੇ ਵਿਸ਼ੇਸ਼ ਪਰੰਤੂ ਬਹੁਤ ਘੱਟ ਸਮਝਗੋਚਰੇ ਤਕਨੀਕੀ ਪਦ ਵਿਚ ਦਿਲਚਸਪੀ ਲੈਣ ਲੱਗ ਪਵੇ, ਅਤੇ ਆਮ ਭਾਸ਼ਾ ਦੇ ਸਾਧਾਰਣ ਸ਼ਬਦ ਵਾਂਗ ਇਸ ਦੀ ਵਰਤੋਂ ਕਰਨੀ ਆਰੰਭ ਕਰ ਦੇਵੇ ਅਤੇ ਇਸ ਪ੍ਰਕ੍ਰਿਆ ਵਿਚ ਇਸ ਦੇ ਅਰਥ ਅਤੇ ਕਈ ਵਾਰ ਰੂਪ ਨੂੰ ਨਵੀਂ ਨੁਹਾਰ ਪ੍ਰਦਾਨ ਕਰ ਦੇਵੇ।

ਸਾਧਾਰਣ ਭਾਸ਼ਾ ਵਿਚ ਕਈ ਵਾਰੀ ਸਮਾਸ ਅਤੇ ਸ਼ਬਦ-ਸੰਗਤ ਅਥਵਾ ਦੋ ਸੁਤੰਤਰ ਅਰਥ ਦੇਣ ਵਾਲੇ ਸ਼ਬਦਾਂ ਨੂੰ ਮਿਲਾ ਕੇ ਪਦ ਘੜਨ ਦੀ ਆਮ ਪਰਿਪਾਟੀ ਦ੍ਰਿਸ਼ਟੀਗੋਚਰ ਹੁੰਦੀ ਹੈ। ਖੰਡੀ ਕੋਸ਼ਾਂ ਵਿਚ ਇਸ ਪ੍ਰਵਿਰਤੀ ਦੇ ਆਮ ਦਰਸ਼ਨ ਹੁੰਦੇ ਹਨ। ਅਜਿਹੀ ਹਾਲਤ ਵਿਚ ਇਕ ਸ਼ਬਦ ਦਾ ਅਰਥ—ਜਿਸ ਨੂੰ ਅਸੀਂ ਵਿਸ਼ੇਸ਼ਣ ਮੰਨਦੇ ਹਾਂ, ਦੂਜੇ ਸ਼ਬਦ ਦਾ ਵਾਚਾਰਥੀ ਖੇਤਰ ਸੀਮਿਤ ਕਰ ਦਿੰਦਾ ਹੈ: (ੳ) ਜਦੋਂ ਸਾਨੂੰ ਲਾਜ਼ਮੀ ਤੌਰ ਤੇ ਉਸ ਵਿਸ਼ੇਸ਼ ਸਮਾਸ ਦੀ ਇਸ ਦੇ ਨਵੇਂ ਅਰਥਾਂ ਵਿਚ ਪ੍ਰਯੋਗ ਕਰਨ ਦੀ ਲੋੜ ਪੈਂਦੀ ਹੈ; ਜਾਂ (ਅ) ਬੁਲਾਰੇ ਅਤੇ/ਜਾਂ ਪ੍ਰਸੰਗ ਦੁਆਰਾ ਨਿਰਧਾਰਿਤ ਅਖ਼ਤਿਆਰੀ (optional) ਆਧਾਰ ਤੇ। ਅਨਿਵਾਰੀ ਸਮਾਸਾਂ ਵਿਚ ਤਕਨੀਕੀ ਪਦਾਂ ਦੇ ਸਾਰੇ ਲੱਛਣ ਮੌਜੂਦ ਹੁੰਦੇ ਹਨ ਅਤੇ ਇਨ੍ਹਾਂ ਨੂੰ ਇਕ ਇਕਾਈ ਮੰਨ ਲੈਣਾ ਚਾਹੀਦਾ ਹੈ, ਭਾਵੇਂ ਇਨ੍ਹਾਂ ਨੂੰ ਸੂਚੀਬੱਧ ਅਤੇ ਸ਼ਬਦਬੱਧ ਕਰਨ ਦੀਆਂ ਤਕਨੀਕਾਂ ਕਾਫ਼ੀ ਜਟਿਲ ਹੋ ਸਕਦੀਆਂ ਹਨ। ਇੰਜ, 'ਭੌਤਿਕ ਵਿਗਿਆਨ' ਉਕਤੀ ਇਸੇ ਰੂਪ ਵਿਚ ਖੰਡੀ ਕੋਸ਼ ਵਿਚ ਦਰਜ ਕੀਤੀ ਜਾਵੇਗੀ। ਕੋਸ਼ ਵਿਚ ਇਸ ਦੀ ਤਰਤੀਬ ਇਸ ਦੇ ਅੱਖਰ-ਕ੍ਰਮ ਅਨੁਸਾਰ ਹੋਵੇਗੀ ਅਤੇ ਇਸ ਦਾ ਅੰਦਰਾਜ 'ਭੌਤਿਕ' ਸ਼ਬਦ ਤੋਂ ਬਾਅਦ ਕੀਤਾ ਜਾਵੇਗਾ।

ਉਪਰੋਕਤ ਵਿਚਾਰ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਖੰਡੀ ਕੋਸ਼ ਮੁੱਖ ਤੌਰ ਤੇ ਕੋਸ਼ੀ ਆਧਾਰ ਤੇ ਦੂਜੇ ਕੋਸ਼ਾਂ ਨਾਲੋਂ ਭਿੰਨ ਹਨ। ਇਨ੍ਹਾਂ ਦੀ ਮੁੱਖ ਸ਼ਬਦ-ਸਾਮੱਗਰੀ ਇਨ੍ਹਾਂ ਦੇ ਵਿਸ਼ੇਸ਼ੀਕਰਣ ਦੇ ਖੇਤਰ ਵਿਚ ਪ੍ਰਯੋਗ ਕੀਤੇ ਪਦ ਹਨ। ਸਾਧਾਰਣ ਭਾਸ਼ਾ ਦੀ ਸ਼ਬਦ-ਸਾਮੱਗਰੀ ਇਨ੍ਹਾਂ ਵਿਚ ਕੇਵਲ ਤਾਂ ਹੀ ਸੰਮਿਲਿਤ ਕੀਤੀ ਜਾਂਦੀ ਹੈ ਜੇ ਇਹ ਇਨ੍ਹਾਂ ਵਿਸ਼ੇਸ਼ੀਕ੍ਰਿਤ ਰਜਿਸਟਰਾਂ ਵਿਚ ਨਿਰੋਲ ਵਾਚਾਰਥ ਦੀਆਂ ਲੋੜਾਂ ਦੀ ਪੂਰਤੀ ਵਿਚ ਸਹਾਈ ਹੁੰਦੀ ਹੈ। ਇੰਜ, ਖੰਡੀ ਕੋਸ਼ ਭਾਸ਼ਾ ਦੇ ਅਬੰਧੇਜੀ (unrestricted) ਆਂਤਰਿਕ ਖੇਤਰ ਤੇ ਬਹੁਅਰਥਕਤਾ ਦੇ ਭ੍ਰਾਂਤੀਕਾਰੀ ਪ੍ਰਭਾਵਾਂ ਨੂੰ ਘਟਾਉਣ ਵਿਚ ਮਾਨਕੀ ਅਤੇ ਵਿਭਾਜਕ ਰੋਲ ਅਦਾ ਕਰਦੇ ਹਨ। ਵਿਵੇਕ ਸ਼ਕਤੀ ਤੇ ਮੂਲ ਰੂਪ ਵਿਚ ਨਿਰਭਰ ਕ੍ਰਿਆਵਾਂ ਨਾਲ ਸੰਬੰਧਿਤ ਹੋਣ ਕਰਕੇ ਇਹ ਕੋਸ਼ ਮੱਦਾਂ ਦੇ ਉਸ ਉੱਚ ਅਨੁਪਾਤ ਨਾਲ ਸੰਬੰਧ ਰਖਦੇ ਹਨ ਜਿਹੜਾ ਇਨ੍ਹਾਂ ਸ਼ਬਦਿਮਾਂ (lexemes) ਨੂੰ ਸੰਕੁਚਿਤ ਅਤੇ ਸੀਮਿਤ ਕਰਨ ਨਾਲ ਸੰਬੰਧਿਤ ਹੈ ਜਿਨ੍ਹਾਂ ਵਿਚ ਪਦਾਂ ਦੀ ਸੁਨਿਸ਼ਚਿਤਤਾ ਦਾ ਅਭਾਵ ਹੁੰਦਾ ਹੈ। ਇਸੇ ਕਰਕੇ ਖੰਡੀ ਕੋਸ਼ਾਂ ਵਿਚ ਸਮਾਸਾਂ ਦੀ ਅਧਿਕਤਾ ਹੁੰਦੀ ਹੈ ਅਤੇ ਇਨ੍ਹਾਂ ਨੂੰ ਆਪਣੇ ਉਦੇਸ਼ ਅਨੁਸਾਰ ਉਚਿਤ ਢੰਗ ਨਾਲ ਸੂਚੀਬੱਧ ਕਰਨ ਦੀ ਲੋੜ ਪੈਂਦੀ ਹੈ। ਇਹ ਢੰਗ ਸਾਧਾਰਣ ਕੋਸ਼ਾਂ ਵਿਚ ਪ੍ਰਯੁਕਤ ਪ੍ਰਵਰਗੀਕਰਣ (categorisation) ਅਤੇ ਪਛਾਣ ਦੀਆਂ ਵਿਧੀਆਂ ਦੇ ਸਮਾਨ ਨਹੀਂ ਹੁੰਦਾ। ਖੰਡੀ ਕੋਸ਼ਾਂ ਦੀ ਕ੍ਰਿਆ ਦੇ ਕਿਸੇ ਵਿਸ਼ੇਸ਼ ਖੇਤਰ ਵਲ ਪ੍ਰਵਿਰਤੀ ਇਨ੍ਹਾਂ ਕੋਸ਼ਾਂ ਨੂੰ ਭਾਸ਼ਾਈ ਅਤੇ ਤਕਨੀਕੀ ਸਰੋਕਾਰਾਂ ਦੇ ਵਿਚਾਲੇ ਲਿਆ ਖੜਾ ਕਰਦੀ ਹੈ ਅਤੇ ਇਸ ਤੱਥ ਨੂੰ ਨਿਸ਼ਚਿਤ ਕਰਦੀ ਹੈ ਕਿ ਇਹ ਕੋਸ਼ ਭਾਸ਼ਾ-ਵਿਗਿਆਨੀ-ਕੋਸ਼ਕਾਰ ਅਤੇ ਮਾਹਿਰ ਤਕਨੀਸ਼ਨ ਦੇ ਸਾਂਝੇ ਯਤਨਾਂ ਦਾ ਉਚਿਤ ਖੇਤਰ ਹਨ।

2.4. ਕੋਸ਼ ਦਾ ਆਕਾਰ : ਉਪਰੋਕਤ ਕੋਸ਼-ਵਰਗੀਕਰਣ, ਪ੍ਰਯੋਗਕਰਤਾ-ਵਰਗ, ਅਰਥਾ ਅਤੇ ਕੋਸ਼ ਦੇ ਉਦੇਸ਼ ਅਨੁਸਾਰ ਕੋਸ਼ ਦਾ ਆਕਾਰ ਭਿੰਨ ਭਿੰਨ ਹੋ ਸਕਦਾ ਹੈ। ਕੋਸ਼ ਦੀਆਂ ਜਿੰਨੀਆਂ ਵੀ ਕਿਸਮਾਂ ਦਾ ਉਪਰ ਉਲੇਖ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਹਰੇਕ ਦਾ ਆਕਾਰ ਉਪਰ-ਵਰਣਿਤ ਆਧਾਰਾਂ ਤੇ ਅਲਗ ਅਲਗ ਹੋ ਸਕਦਾ ਹੈ। ਮੁੱਖ ਤੌਰ ਤੇ ਕੋਸ਼ ਵੱਡ-ਆਕਾਰੀ, ਦਰਮਿਆਨੇ ਆਕਾਰ ਦੇ ਅਤੇ ਸੰਖੇਪ/ਛੋਟੇ ਆਕਾਰ ਦੇ ਹੋ ਸਕਦੇ ਹਨ। ਵੱਡਾ ਕੋਸ਼, ਜਿਹੜਾ ਅਤਿਅਧਿਕ ਵਿਸਤ੍ਰਿਤ ਹੁੰਦਾ ਹੈ, ਆਮ ਕਰਕੇ ਸਾਧਾਰਣ ਕੋਸ਼ ਹੀ ਹੁੰਦਾ ਹੈ ਜਿਸ ਦੇ ਕਲੇਵਰ ਵਿਚ ਸੰਬੰਧਿਤ ਭਾਸ਼ਾ ਦੀ ਸਮੁੱਚੀ ਸ਼ਬਦਾਵਲੀ ਸਮਾਉਣ ਦੀ ਸੰਭਾਵਨਾ ਹੁੰਦੀ ਹੈ। ਇਸ ਕੋਸ਼ ਵਿਚ ਮਹਿਜ਼ ਕੋਸ਼ੀ ਇਕਾਈਆਂ ਨੂੰ ਹੀ ਸ਼ਾਮਿਲ ਨਹੀਂ ਕੀਤਾ ਜਾਂਦਾ ਬਲਕਿ ਉਨ੍ਹਾਂ ਸਾਰੇ ਪ੍ਰਯੋਗਾਂ ਜਾਂ ਘੱਟੋ ਘੱਟ ਅਤਿ ਮਹੱਤਵਪੂਰਣ ਪ੍ਰਯੋਗਾਂ ਦਾ ਉਲੇਖ ਕੀਤਾ ਜਾਂਦਾ ਹੈ ਅਤੇ ਨਾਲ ਹੀ ਉਚਿਤ ਪ੍ਰਸੰਗ ਵਿਚੋਂ ਉਪਯੁਕਤ ਅਤੇ ਪ੍ਰਸਿੱਧ ਸਾਹਿਤਕਾਰਾਂ ਦੀਆਂ ਟੂਕਾਂ ਪ੍ਰਸਤੁਤ ਕੀਤੀਆਂ ਜਾਂਦੀਆਂ ਹਨ। ਦਰਮਿਆਨੇ ਆਕਾਰ ਦਾ ਕੋਸ਼ ਆਮ ਕਰਕੇ ਅਧਿਕ ਮਿਆਰੀ-ਵਰਣਨਾਤਮਕ ਭਾਂਤ ਦਾ ਹੁੰਦਾ ਹੈ, ਕਿਉਂਕਿ ਇਹ ਅਪ੍ਰਚਲਿਤ ਅਤੇ ਉਪਭਾਸ਼ਾਈ ਕੋਸ਼ੀ ਇਕਾਈਆਂ ਤੋਂ ਮੁਕਤ ਹੋਣ ਕਰਕੇ ਥਾਂ ਦੀ ਬੱਚਤ ਕਰਦਾ ਹੈ। ਇਸ ਵਿਚ ਅਨਿਯਮਿਤ ਅਤੇ ਘੱਟ ਪ੍ਰਯੋਗ ਕੀਤੇ ਜਾਂਦੇ ਸ਼ਬਦਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਇਸ ਵਿਚ ਮਿਆਰੀ ਭਾਸ਼ਾ ਦੇ ਸਮਕਾਲੀ ਰੂਪ ਦਰਜ ਕੀਤੇ ਜਾਂਦੇ ਹਨ ਅਤੇ ਨਾਲ ਹੀ ਵਿਸ਼ੇਸ਼ ਸੰਯੋਜਨ-ਸੰਭਾਵਨਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਛੋਟੇ ਕੋਸ਼ ਵਿਚ ਟੂਕਾਂ ਅਤੇ ਉਦਾਹਰਣਾਂ ਨਹੀਂ ਦਿੱਤੀਆਂ ਜਾਂਦੀਆਂ, ਪਰੰਤੂ ਵਧੇਰੇ ਮਹੱਤਵਪੂਰਣ ਉਕਤੀਆਂ ਦਿੱਤੀਆਂ ਜਾਂਦੀਆਂ ਹਨ। ਇਸ ਪ੍ਰਕਾਰ ਇਸ ਦੀ ਰਚਨਾਤਮਕ ਸ਼ਕਤੀ ਬਹੁਤ ਘੱਟ ਹੁੰਦੀ ਹੈ। ਇਸ ਵਿਚ ਅਪ੍ਰਚਲਿਤ, ਘੱਟ ਪ੍ਰਯੋਗ ਕੀਤੀਆਂ ਜਾਂਦੀਆਂ ਅਤੇ ਗੈਰਜ਼ਰੂਰੀ ਕੋਸ਼ੀ ਇਕਾਈਆਂ ਸ਼ਾਮਿਲ ਨਹੀਂ ਕੀਤੀਆਂ ਜਾਂਦੀਆਂ। ਇਨ੍ਹਾਂ ਤੱਥਾਂ ਕਰਕੇ ਇਹ ਕੋਸ਼ ਹੋਰ ਵੀ ਸੰਖਿਪਤ ਹੁੰਦਾ ਹੈ।

ਇਸ ਪ੍ਰਕਾਰ ਕੋਸ਼ ਦੇ ਆਕਾਰ ਦੀਆਂ ਸਾਧਾਰਣ ਸੀਮਾਵਾਂ ਨੂੰ ਮੁੱਖ ਰਖਦਿਆਂ ਕੋਸ਼ਕਾਰ ਨੂੰ ਕੋਸ਼ ਦੇ ਅੰਦਰਾਜਾਂ ਦੀ ਚੋਣ ਭਾਵੀ ਪ੍ਰਯੋਗਕਰਤਾ ਨੂੰ ਧਿਆਨ ਵਿਚ ਰਖਦਿਆਂ ਕਰਨੀ ਚਾਹੀਦੀ ਹੈ। ਉਦਾਹਰਣ ਵਜੋਂ, ਜੇ ਅੰਗ੍ਰੇਜ਼ੀ-ਪੰਜਾਬੀ ਕੋਸ਼ ਦਾ ਸੰਕਲਨ ਅੰਗ੍ਰੇਜ਼ਾਂ ਦੇ ਪ੍ਰਯੋਗ ਲਈ ਕੀਤਾ ਜਾ ਰਿਹਾ ਹੈ ਤਾਂ ਇਸ ਵਿਚ ਕ੍ਰਿਕਟ ਦੀ ਖੇਡ ਦੇ ਸ਼ਬਦਾਂ ਨੂੰ ਸ਼ਾਮਿਲ ਕਰਨਾ ਉਚਿਤ ਨਹੀਂ ਹੋਵੇਗਾ ਜਿਹੜੇ ਸ਼ਬਦਾਂ ਬਾਰੇ ਪੰਜਾਬੀ ਜਗਤ ਵਿਚ ਅਧਿਕ ਜਾਣਕਾਰੀ ਨਹੀਂ ਹੈ। ਪਰੰਤੂ ਜੇ ਇਹ ਕੋਸ਼ ਪੰਜਾਬੀ ਭਾਸ਼ਾ ਦੇ ਬੁਲਾਰਿਆਂ ਲਈ ਤਿਆਰ ਕੀਤਾ ਜਾ ਰਿਹਾ ਹੈ ਤਾਂ ਇਨ੍ਹਾਂ ਸ਼ਬਦਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਕਿਉਂਕਿ ਇਕ ਪੰਜਾਬੀ ਪਾਠਕ ਕਿਸੇ ਅੰਗ੍ਰੇਜ਼ੀ ਪਾਠ ਵਿਚ ਅਜਿਹੇ ਕੁਝ ਕੁ ਸ਼ਬਦਾਂ ਦਾ ਸਾਮ੍ਹਣਾ ਕਰ ਸਕਦਾ ਹੈ। ਇਸ ਪ੍ਰਕਾਰ ਕੋਸ਼ਕਾਰ ਨੂੰ ਕੋਸ਼ ਦੇ ਪ੍ਰਕਾਰ, ਉਦੇਸ਼, ਭਾਵੀ ਪ੍ਰਯੋਗਕਰਤਾ-ਵਰਗ ਨੂੰ ਧਿਆਨ ਵਿਚ ਰੱਖ ਕੇ ਕੋਸ਼ ਦਾ ਆਕਾਰ ਨਿਸ਼ਚਿਤ ਕਰਨਾ ਚਾਹੀਦਾ ਹੈ।

ਫੁਟਨੋਟ

1. Peter Strevens, "The Effectiveness of Learners' Dictionaries" in Robert Burchfield (Ed.), *Studies in Lexicography*, p. 78.
2. ਕੋਸ਼-ਵਿਗਿਆਨ, ਪੰਨਾ 14-15.
3. *Linguistics and Bilingual Dictionaries*, p. 19.
4. Allen Walker Read, "Approaches to Lexicography and Semantics", in *Current Trends in Linguistics*, ed. Thomas A Sebeok, quoted by Ali M. Al-Kasimi.
5. *Manual of Lexicography*, p. 214.
6. *Lexicography : Principles and Practice*, p. 154.
7. *Ibid.*, p. 158.
8. Quoted by Ram Adhar Singh in his *An Introduction to Lexicography*, pp. 11-12.
9. ਸੁਰੇਸ਼ ਕੁਮਾਰ (ਸੰਪਾਦਕ), ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ ਵਿਚ ਆਰ.ਐਨ. ਸ੍ਰੀਵਾਸਤਵ ਦੇ ਨਿਬੰਧ "Typology of Dictionaries : A Soviet Approach ਵਿਚੋਂ ਉੱਧਰਿਤ, ਪੰਨੇ 27-28.
10. Ali M. Al-Kasimi, *Linguistics and Bilingual Dictionaries*, pp. 12-13.
11. A.R. Kelkar, "Dictionaries of Modern Indian Languages Assessment and Recommendations" in B.G. Misra (Ed.), *Lexicography in India*, pp. 228-9.
12. Quoted by Al-Kasimi, *op. cit.*, p. 17.
13. *Ibid.*
14. "Types of Semantic Information in Dictionaries" in Robert Ilson (Ed.), *A Spectrum of Lexicography*, pp. 8-9.
15. ਪੰਜਾਬੀ ਕੋਸ਼ਕਾਰੀ, ਪੰਨੇ 61-62.
16. Geoffrey Leech, *Semantics*, pp. 204 ff., and Ram Adhar Singh, *An Introduction to Lexicography*, pp. 8-10
17. R.N. Srivastava, 'Typology of Dictionaries : A Soviet Approach' in Suresh Kumar (Ed.), *Kosh Nirman : Sidhant aur Parampara*, p 30
18. Ram Adhar Singh, *op. cit.*, pp. 12 ff.
19. L. Zgusta, *Manual of Lexicography*, p. 198.
20. *Ibid.*, pp. 245-46.
21. Ram Adhar Singh, *op. cit.*, p. 14.

22. R. Merkin, 'The Historical/Academic Dictionary' in R.R.K. Hartmann (Ed.), *Lexicography : Principles and Practice*, p. 123.
23. Sir James Murray, *Preface, Oxford English Dictionary*, Vol. I (1888).
24. L. Zgusta, *op. cit.*, p. 200.
25. Ram Adhar Singh, *op. cit.*, pp. 15-18.
26. *Ibid.*, p. 25.
27. R.N. Srivastava & R.S. Gupta, 'Principles and Problems in Lexicography as developed in the Soviet Union', *Indian Linguistics*, Vol. 29, p. 120.
28. Ram Adhar Singh, *op. cit.*, pp. 20 ff.
29. K. Opitz, 'The Terminological/Standardised Dictionary' in R.R.K. Hartmann (Ed.), *op. cit.*, p. 164.
30. R.N. Srivastava, *op. cit.*, p. 124.
31. ਸੀਤਾ ਰਾਮ ਸ਼ਾਸਤ੍ਰੀ, 'ਅਧਿਏਤਾ ਕੋਸ਼ : ਸਿੱਧਾਂਤ ਔਰ ਪ੍ਰਕ੍ਰਿਆ', ਸੁਰੇਸ਼ ਕੁਮਾਰ (ਸੰਪਾਦਕ), ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ ਵਿਚੋਂ ਉੱਧਰਿਤ, ਪੰਨੇ 97-8.
32. Ram Adhar Singh, *op. cit.*, p. 24.
33. *Ibid.*, p. 25.
34. ਲਲਿਤ ਮੋਹਨ ਬਹੁਗੁਣਾ, 'ਅਧਿਏਤਾ ਕੋਸ਼ ਔਰ ਸਾਮਾਨਿਅ ਕੋਸ਼', ਸੁਰੇਸ਼ ਕੁਮਾਰ (ਸੰਪਾਦਕ), ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ, ਵਿਚੋਂ ਉੱਧਰਿਤ, ਪੰਨਾ 114.
35. Thomas Herbst, 'A Proposal for a Valency Dictionary of English' in Robert Ilson, *A Spectrum of Lexicography*, p. 29.
36. K. Opitz, 'On Dictionaries of Special Registers', in R.R.K. Hartmann (Ed.), *op. cit.*, pp. 56 ff.

ਤੀਜਾ ਅਧਿਆਇ

ਕੋਸ਼ੀ ਅਰਥ

3.0 ਭਾਸ਼ਾ ਦਾ ਪ੍ਰਯੋਗ ਅਰਥ ਦੇ ਸੰਚਾਰ ਲਈ ਕੀਤਾ ਜਾਂਦਾ ਹੈ। ਕੋਸ਼ ਕਿਉਂਕਿ ਕਿਸੇ ਭਾਸ਼ਾ-ਪ੍ਰਬੰਧ ਦੀ ਸਮੁੱਚੀ ਸ਼ਬਦਾਵਲੀ ਜਾਂ ਇਸ ਦੇ ਵਿਸ਼ੇਸ਼ ਖੰਡ ਨੂੰ ਪ੍ਰਸਤੁਤ ਕਰਦਾ ਹੈ, ਇਸ ਕਰਕੇ ਇਸ ਦਾ ਵਾਸਤਵਿਕ ਅਤੇ ਮਹੱਤਵਪੂਰਣ ਪ੍ਰਕਾਰਜ ਵਿਭਿੰਨ ਕੋਸ਼ੀ ਇਕਾਈਆਂ ਦਾ ਅਰਥ ਪ੍ਰਦਾਨ ਕਰਨਾ ਹੈ। ਅਸੀਂ ਕੋਸ਼ ਦਾ ਪ੍ਰਯੋਗ ਅਧਿਕਤਰ ਸ਼ਬਦ ਦੇ ਅਰਥ ਵੇਖਣ ਦੇ ਮਨੋਰਥ ਤੋਂ ਕਰਦੇ ਹਾਂ। ਫਲਸਰੂਪ, ਕੋਸ਼ਕਾਰ ਨੂੰ ਕੋਸ਼ੀ ਅਰਥ ਸਹੀ, ਸਪਸ਼ਟ, ਸੁਗਮ ਅਤੇ ਸਰਲ ਢੰਗ ਨਾਲ ਪ੍ਰਸਤੁਤ ਕਰਨੇ ਚਾਹੀਦੇ ਹਨ। ਇਹ ਕੋਸ਼ੀ ਅਰਥ ਜਾਂ ਪਰਿਭਾਸ਼ਾ ਐਨੀ ਸਪਸ਼ਟ ਅਤੇ ਨਿਸ਼ਚਿਤ ਹੋਵੇ ਕਿ ਇਹ ਪਾਠਕ ਤਕ ਉਸ ਸੂਚਨਾ ਦਾ ਸੰਚਾਰ ਕਰ ਸਕੇ ਜਿਹੜੀ ਉਸ ਸ਼ਬਦ ਦਾ ਪ੍ਰਯੋਗਕਰਤਾ ਪਾਠਕ ਤਕ ਪਹੁੰਚਾਉਣੀ ਚਾਹੁੰਦਾ ਹੈ। ਪਰੰਤੂ ਅਰਥ ਦੇਣ ਦਾ ਕਾਰਜ ਐਨਾ ਜਟਿਲ ਹੈ ਕਿ ਕੋਸ਼ਕਾਰ ਨੂੰ ਨਿਰੰਤਰ ਚੇਤਨ ਅਤੇ ਜਾਗਰੂਕ ਰਹਿਣਾ ਪੈਂਦਾ ਹੈ। ਜਦੋਂ ਅਸੀਂ ਕੋਸ਼ੀ ਅਰਥ ਤੇ ਵਿਚਾਰ ਕਰਦੇ ਹਾਂ ਤਾਂ ਸਾਡੇ ਮਨ ਵਿਚ ਭਾਸ਼ਾ-ਪ੍ਰਬੰਧ ਦੇ ਅੰਸ਼ ਵਜੋਂ ਸ਼ਬਦਾਂ (ਕੋਸ਼ੀ ਇਕਾਈਆਂ) ਦੇ ਅਰਥ ਹੁੰਦੇ ਹਨ। ਸ਼ਬਦ ਦੇ ਅਰਥ ਕਿਉਂਕਿ ਪਰਿਵਰਤਨਸ਼ੀਲ ਹਨ, ਵਿਭਿੰਨ ਪਸਾਰਾਂ ਦੇ ਧਾਰਣੀ ਹਨ ਅਤੇ ਭਾਸ਼ਾ ਦਾ ਸ਼ਬਦ-ਭੰਡਾਰ ਸਦਾ ਸਮ੍ਰਿਧ ਹੁੰਦਾ ਰਹਿੰਦਾ ਹੈ, ਇਸ ਕਰਕੇ ਕੋਸ਼ਕਾਰ ਨੂੰ ਭਾਸ਼ਾ-ਪ੍ਰਬੰਧ ਦੀ ਸਮੁੱਚੀ ਸ਼ਬਦਾਵਲੀ ਅਤੇ ਸਮੂਹ ਅਰਥਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨ ਲਈ ਨਿਰੰਤਰ ਸਚੇਤ ਰਹਿਣਾ ਪੈਂਦਾ ਹੈ। ਇਸ ਨਿਰੰਤਰ ਚੇਤਨਤਾ ਅਤੇ ਜਾਗਰੂਕਤਾ ਦੇ ਬਾਵਜੂਦ ਵੀ ਉਹ ਸਮੁੱਚੀ ਸ਼ਬਦਾਵਲੀ ਨੂੰ ਕੋਸ਼ ਦੇ ਕਲੇਵਰ ਵਿਚ ਸਮੇਟਣ ਦੇ ਅਸਮਰੱਥ ਰਹਿੰਦਾ ਹੈ। ਕੁਝ ਨਾ ਕੁਝ ਰਹਿ ਜਾਣ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ ਕਿਉਂਕਿ ਸ਼ਬਦਾਂ ਅਤੇ ਅਰਥਾਂ ਵਿਚ ਪਰਿਵਰਤਨ ਦੀ ਪ੍ਰਕ੍ਰਿਆ ਨਿਰੰਤਰ ਪ੍ਰਵਾਹਮਾਨ ਰਹਿੰਦੀ ਹੈ।

ਕੋਸ਼ ਵਿਚ ਸ਼ਬਦਾਂ ਦੇ ਅਰਥ ਦੇਣ ਦੇ ਕਈ ਢੰਗ ਹਨ ਜਿਵੇਂ ਸਮਾਨਾਰਥਕ ਸ਼ਬਦਾਂ ਰਾਹੀਂ, ਸ਼ਬਦਾਂ ਦੀ ਪਰਿਭਾਸ਼ਾ ਜਾਂ ਵਿਆਖਿਆ ਰਾਹੀਂ, ਸ਼ਬਦਾਂ ਦੀ ਵਿਉਤਪੱਤੀ ਰਾਹੀਂ, ਭਾਸ਼ਾ ਵਿਚੋਂ ਸ਼ਬਦਾਂ ਦੇ ਪ੍ਰਯੋਗ ਤੇ ਦ੍ਰਿਸ਼ਟਾਂਤਾਂ ਰਾਹੀਂ ਅਤੇ ਵਿਪਰਿਆਇ ਰਾਹੀਂ। ਭਾਸ਼ਾ-ਵਿਗਿਆਨ ਦੀ ਜਿਹੜੀ ਸ਼ਾਖ਼ਾ ਅਰਥ ਦਾ ਅਧਿਐਨ ਕਰਦੀ ਹੈ, ਉਸ ਨੂੰ ਅਰਥ-ਵਿਗਿਆਨ ਆਖਿਆ ਜਾਂਦਾ ਹੈ। ਦਾਰਸ਼ਨਿਕਾਂ, ਭਾਸ਼ਾ-ਵਿਗਿਆਨੀਆਂ, ਕੋਸ਼-

ਵਿਗਿਆਨੀਆਂ ਆਦਿ ਨੇ ਸ਼ਬਦ-ਸਿਰਜਣ, ਸੰਕਲਪ/ਵਿਚਾਰ ਬਣਨ ਸ਼ਬਦ ਤੇ ਅਰਥ ਦੇ ਸੰਬੰਧ, ਅਰਥ-ਵਿਸਤਾਰ ਆਦਿ ਦੀ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਆਖਿਆ ਕੀਤੀ ਹੈ। ਕਹਿਣ ਦਾ ਭਾਵ ਇਹ ਕਿ ਕੋਸ਼ੀ ਅਰਥ ਦੀ ਪ੍ਰਕਿਰਤੀ ਬਾਰੇ ਭਾਸ਼ਾ-ਵਿਗਿਆਨੀ ਇਕਮਤ ਨਹੀਂ ਹਨ। "ਕੁਝ ਇਸ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਦੇ ਹਨ ਕਿ ਇਸ ਵਿਚ ਮਾਨਸਿਕ ਕ੍ਰਿਆ ਨਿਹਿਤ ਹੁੰਦੀ ਹੈ। ਕੁਝ ਇਸ ਨੂੰ ਭਾਸ਼ਾਈ ਰੂਪਾਂ ਦੀ ਵਿਸ਼ੇਸ਼ਤਾ ਵਜੋਂ ਜਾਂ ਕਿਸੇ ਹੋਰ ਵਸਤੂ ਦੇ ਬਦਲ ਹੋਣ ਦੀ ਸਮਰਥਾ ਵਜੋਂ ਲੈਂਦੇ ਹਨ। ਕੁਝ ਹੋਰ ਅਰਥ ਵਿਚ ਉਸ ਨਿਯਮਿਤਤਾ ਨੂੰ ਵੇਖਦੇ ਹਨ ਜਿਸ ਵਿਚ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ। ਕੁਝ ਭਾਸ਼ਾ-ਵਿਗਿਆਨੀਆਂ ਦੀ ਇਹ ਧਾਰਣਾ ਹੈ ਕਿ ਸ਼ਬਦਾਂ ਦਾ ਸੰਦਰਭ-ਬਾਹਰਾ ਕੋਈ ਅਰਥ ਨਹੀਂ ਹੁੰਦਾ।"[1] ਇਸ ਲਈ, ਕੋਸ਼ੀ ਇਕਾਈ ਅਤੇ ਅਰਥ ਦੇ ਸੰਬੰਧ, ਅਰਥ ਦੇ ਵਿਭਿੰਨ ਤੱਤਾਂ, ਇਨ੍ਹਾਂ ਦੇ ਅੰਤਰਸੰਬੰਧ, ਵਿਭਿੰਨ ਕੋਸ਼ ਇਕਾਈਆਂ ਵਿਚਕਾਰ ਅਰਥ ਦੇ ਸੰਬੰਧ, ਕੋਸ਼ੀ ਇਕਾਈਆਂ ਦੇ ਭਾਸ਼ਾ-ਬਾਹਰੇ ਜਗਤ ਨਾਲ ਸੰਬੰਧ ਆਦਿ ਦਾ ਜਾਇਜ਼ਾ ਲੈਣ ਲਈ ਸਾਨੂੰ ਮਹੱਤਵਪੂਰਣ ਭਾਸ਼ਾਈ ਪਹੁੰਚ-ਵਿਧੀਆਂ ਦੀ ਸਹਾਇਤਾ ਲੈਣੀ ਪਵੇਗੀ।

3.1 ਸ਼ਬਦ/ਸ਼ਬਦ-ਚਿੰਨ੍ਹ ਦੀ ਸਿਰਜਣਾ, ਇਸ ਦੇ ਸੰਕਲਪ ਧਾਰਣ ਕਰਨ, ਇਸ ਦੇ ਅਰਥ/ਚਿੰਨ੍ਹਿਤ ਵਿਸਤਾਰ ਅਤੇ ਰੂਪਾਂਤਰਣ ਬਾਰੇ ਭਾਰਤੀ ਅਤੇ ਪੱਛਮੀ ਸਾਹਿਤ-ਆਚਾਰੀਆਂ ਵਲੋਂ ਵਿਸਤ੍ਰਿਤ ਵਿਵੇਚਨ ਕੀਤਾ ਗਿਆ ਹੈ। ਇਨ੍ਹਾਂ ਆਚਾਰੀਆਂ ਦੁਆਰਾ ਪ੍ਰਸਤੁਤ ਧਾਰਣਾਵਾਂ ਨੂੰ ਮੁੱਖ ਰੂਪ ਵਿਚ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ: ਆਦਰਸ਼ਵਾਦੀ ਧਾਰਣਾ ਅਤੇ ਯਥਾਰਥਵਾਦੀ ਧਾਰਣਾ। **ਆਦਰਸ਼ਵਾਦੀ ਧਾਰਣਾ** ਦੇ ਅਨੁਯਾਈ ਦਾਰਸ਼ਨਿਕ ਚਿੰਨ੍ਹ ਦੀ ਪੂਰਵ-ਨਿਸ਼ਚਿਤ ਹੋਂਦ ਵਿਚ ਆਸਥਾ ਰਖਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਭਾਸ਼ਾ-ਪ੍ਰਬੰਧ ਦੀ ਰਚਨਾ ਕਰਨ ਵਾਲੇ ਸ਼ਬਦ-ਚਿੰਨ੍ਹ ਵਿਚਾਰ-ਜਗਤ ਵਿਚ ਸਥਿਤ ਵਾਸਤਵਿਕ ਸ਼ਬਦ-ਚਿੰਨ੍ਹਾਂ ਦਾ ਪ੍ਰਤਿਬਿੰਬ ਹਨ ਅਰਥਾਤ ਇਹ ਵਿਚਾਰ-ਜਗਤ ਦਾ ਅਨੁਕਰਣ ਹਨ। ਇਨ੍ਹਾਂ ਦਾ ਅਸਤਿੱਤਵ ਪੂਰਵ-ਨਿਸ਼ਚਿਤ ਹੈ। ਉਦਾਹਰਣ ਵਜੋਂ, ਕਾਰੀਗਰ ਵਲੋਂ ਬਣਾਈ ਲੱਕੜ ਦੀ ਕੁਰਸੀ ਅਸਲੀ ਕੁਰਸੀ ਨਹੀਂ ਹੈ। ਇਹ ਵਿਚਾਰ-ਜਗਤ ਵਿਚ ਸਥਿਤ ਵਾਸਤਵਿਕ ਕੁਰਸੀ ਦਾ ਅਨੁਕਰਣ ਹੈ ਅਰਥਾਤ ਇਹ ਯਥਾਰਥ ਦਾ ਅਨੁਕਰਣ ਹੈ। ਸਾਹਿਤ ਵਿਚ ਬਿਆਨ ਕੀਤਾ ਯਥਾਰਥ ਇਸ ਤੋਂ ਵੀ ਦੂਰ ਚਲਿਆ ਜਾਂਦਾ ਹੈ। ਇਸ ਦੇ ਵਿਪਰੀਤ, ਯਥਾਰਥਵਾਦੀ ਦ੍ਰਿਸ਼ਟੀ ਦੇ ਧਾਰਣੀ ਦਾਰਸ਼ਨਿਕ ਆਦਰਸ਼ਵਾਦੀ ਧਾਰਣਾ ਦੇ ਅਸਲੋਂ ਹੀ ਵਿਪਰੀਤ ਮਤ ਪ੍ਰਸਤੁਤ ਕਰਦੇ ਹਨ। ਉਨ੍ਹਾਂ ਦੀ ਧਾਰਣਾ ਹੈ ਕਿ ਸ਼ਬਦ-ਚਿੰਨ੍ਹ ਆਪਣਾ ਰੂਪ ਅਤੇ ਅਰਥ ਮਨੁੱਖੀ ਸਭਿਆਚਾਰ, ਮਨੁੱਖੀ ਸਮਾਜ ਅਤੇ ਸਮਾਜਕ ਅਮਲ ਵਿਚੋਂ ਪ੍ਰਾਪਤ ਕਰਦੇ ਹਨ। ਸ਼ਬਦ-ਚਿੰਨ੍ਹ ਇਸ ਦ੍ਰਿਸ਼ਟਮਾਨ ਪਦਾਰਥਕ ਜਗਤ ਦੀ ਪਦਾਰਥਕਤਾ ਕਰਕੇ ਹੀ ਅਸਤਿੱਤਵਮਾਨ ਹਨ। ਇਸ ਪਦਾਰਥਕ ਜਗਤ ਤੋਂ ਪਰੇ ਇਨ੍ਹਾਂ ਦੀ ਹੋਂਦ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਜੇ ਸ਼ਬਦ-ਚਿੰਨ੍ਹ ਨੂੰ ਇਸ ਪਦਾਰਥਕ ਪਰਿਵੇਸ਼ ਤੋਂ ਵੱਖ ਕਰ ਦਿੱਤਾ ਜਾਵੇ

ਤਾਂ ਇਹ ਨਿਰਜਿੰਦ ਅਤੇ ਨਿਰਜੀਵ ਹੋ ਜਾਵੇਗਾ। ਇੰਜ, ਯਥਾਰਥਵਾਦੀ ਵਿਚਾਰਧਾਰਾ ਦੇ ਅਨੁਯਾਈ ਚਿੰਨ੍ਹ ਸਿਰਜਣਾ ਦੇ ਪ੍ਰਸੰਗ ਵਿਚ ਇਸ ਦ੍ਰਿਸ਼ਟੀਗੋਚਰ ਪਦਾਰਥਕ ਜਗਤ ਤੋਂ ਵੱਖਰੇ ਕਿਸੇ ਪਰਾਭੌਤਿਕ ਵਿਚਾਰ-ਜਗਤ ਦੀ ਹੋਂਦ ਮੰਨਣ ਤੋਂ ਆਰੀ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕਾਰੀਗਰ ਵਲੋਂ ਬਣਾਈ ਕੁਰਸੀ ਹੀ ਵਾਸਤਵਿਕ ਕੁਰਸੀ ਹੈ। ਵਿਚਾਰ-ਜਗਤ ਵਿਚ ਸਥਿਤ ਕੁਰਸੀ ਕੇਵਲ ਭੁਲੇਖਾ ਹੈ, ਮਿਥਿਆ ਹੈ। ਇਸ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਸ਼ਬਦ-ਚਿੰਨ੍ਹ ਸਿਰਜਣਾ ਦੀ ਪ੍ਰਕ੍ਰਿਆ ਸਥੂਲਤਾ ਤੋਂ ਸੂਖਮਤਾ ਵਲ ਪ੍ਰਵਿਰਤ ਹੁੰਦੀ ਹੈ। ਜਦੋਂ ਮਨੁਖੀ ਸਭਿਆਚਾਰ ਅਤੇ ਸਭਿਅਤਾ ਅਜੇ ਆਪਣੇ ਮੁਢਲੇ ਅਤੇ ਅਵਿਕਸਿਤ ਰੂਪ ਵਿਚ ਸੀ, ਤਾਂ ਆਦਿ ਮਨੁੱਖ ਨੂੰ ਵਸਤਾਂ ਦੇ ਨਾਮ-ਕਰਣ ਲਈ ਸਥੂਲ ਸ਼ਬਦ-ਚਿੰਨ੍ਹਾਂ ਦੀ ਲੋੜ ਪਈ। ਫਲਸਰੂਪ, ਉਸ ਦੇ ਆਪਣੇ ਆਲੇ-ਦੁਆਲੇ ਦੀਆਂ ਪ੍ਰਾਕ੍ਰਿਤਿਕ ਸਥੂਲ ਵਸਤਾਂ ਨੂੰ ਨਾਂ ਪ੍ਰਦਾਨ ਕਰਨ ਦੀ ਪ੍ਰਕ੍ਰਿਆ ਸ਼ੁਰੂ ਹੋਈ। ਹੌਲੀ ਹੌਲੀ ਸਭਿਆਚਾਰਕ ਵਿਕਾਸ ਅਤੇ ਰੂਪਾਂਤਰਣ ਨਾਲ ਨਾ ਕੇਵਲ ਮੌਜੂਦਾ ਸ਼ਬਦ-ਚਿੰਨ੍ਹਾਂ ਦਾ ਅਰਥ-ਵਿਸਤਾਰ ਹੁੰਦਾ ਗਿਆ ਅਤੇ ਇਨ੍ਹਾਂ ਵਿਚ ਸਥੂਲਤਾ ਦੀ ਥਾਂ ਸੂਖਮਤਾ ਆਉਂਦੀ ਗਈ ਬਲਕਿ ਮਨੁੱਖ ਨੇ ਨਵੇਂ ਨਵੇਂ ਸ਼ਬਦ-ਚਿੰਨ੍ਹਾਂ ਦੀ ਵੀ ਲੋੜ ਅਨੁਸਾਰ ਸਿਰਜਣਾ ਕੀਤੀ। ਉਦਾਹਰਣ ਵਜੋਂ, ਸ਼ਬਦ 'ਫੁੱਲ' ਪ੍ਰਕ੍ਰਿਤੀ-ਜਗਤ ਦੀ ਇਕ ਵਸਤੂ ਦਾ ਨਾਂ ਰਖਿਆ ਗਿਆ, ਪਰ ਹੌਲੀ ਹੌਲੀ ਇਹ ਖੇੜੇ, ਖਿਣਭੰਗਰਤਾ, ਰੰਗੀਨੀ ਹਲਕੇਪਣ ਆਦਿ ਦਾ ਪ੍ਰਤੀਕ ਬਣ ਗਿਆ। ਕੇਵਲ ਇਥੇ ਹੀ ਬੱਸ ਨਹੀਂ। ਇਸ ਤੋਂ ਹੋਰ ਸ਼ਬਦ-ਚਿੰਨ੍ਹ ਫਲਵਾੜੀ, ਫੁੱਲਦਾਨ, ਫੁਲਕਾਰੀ, ਫੁਲੇਰਾ ਆਦਿ ਵੀ ਹੋਂਦ ਵਿਚ ਆ ਗਏ। ਇਹੀ ਸਿਧਾਂਤ ਸਮੁੱਚੇ ਭਾਸ਼ਾਈ ਅਤੇ ਸਭਿਆਚਾਰਕ ਵਰਤਾਰਿਆਂ ਦੇ ਰੂਪਾਂਤਰਣ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਨਿਸ਼ਕਰਸ਼ ਇਹ ਕਿ (1) ਸ਼ਬਦ-ਚਿੰਨ੍ਹ ਦੇ ਰੂਪਾਂਤਰਣ ਦੀ ਪ੍ਰਵਿਰਤੀ ਸਥੂਲਤਾ ਤੋਂ ਸੂਖਮਤਾ ਵਲ ਹੁੰਦੀ ਹੈ; (2) ਚਿੰਨ੍ਹ ਨੂੰ ਉਸ ਦੀ ਪਦਾਰ-ਥਕਤਾ ਅਤੇ ਸਮਾਜਕ ਅਮਲ ਤੋਂ ਵੱਖ ਕਰ ਕੇ ਨਹੀਂ ਵਾਚਿਆ ਅਤੇ ਸਮਝਿਆ ਜਾ ਸਕਦਾ। ਪਦਾਰਥਕਤਾ ਅਤੇ ਸਮੁੱਚਾ ਮਨੁੱਖੀ ਅਮਲ ਹੀ ਚਿੰਨ੍ਹ ਦੀ ਆਤਮਾ, ਸਾਹਸਤ ਅਤੇ ਖ਼ੁਰਾਕ ਹੁੰਦੀ ਹੈ। ਇਸ ਤੋਂ ਵਿਛੁੰਨਾ ਚਿੰਨ੍ਹ ਆਦਰਸ਼ਵਾਦੀ ਦਾਰਸ਼ਨਿਕਾਂ ਦੇ ਸੁਪਨ-ਸੰਸਾਰ ਜਾਂ ਵਿਚਾਰ-ਜਗਤ ਵਿਚ ਸਥਿਤ ਚਿੰਨ੍ਹ ਵਾਂਗ ਸਾਹਸਤਹੀਣ ਅਤੇ ਸਭਿਆਚਾਰਕ ਵਰ-ਤਾਰਿਆਂ ਨਾਲੋਂ ਟੁਟਿਆ ਹੋਇਆ ਪ੍ਰਤੀਤ ਹੋਵੇਗਾ।

3.1.1 ਸ਼ਬਦ-ਚਿੰਨ੍ਹ ਦੀ ਸਿਰਜਣ-ਪ੍ਰਕ੍ਰਿਆ ਦੇ ਉਪਰ-ਵਰਣਿਤ ਦੋ ਮੁੱਖ ਵਰਗਾਂ ਦੁਆਰਾ ਪ੍ਰਸਤੁਤ ਸਿਧਾਂਤਾਂ ਨੂੰ ਆਧਾਰ ਬਣਾ ਕੇ ਭਾਸ਼ਾ-ਵਿਗਿਆਨੀਆਂ ਨੇ ਆਪੋ-ਆਪਣੀ ਦ੍ਰਿਸ਼ਟੀ ਅਤੇ ਵਿਵੇਕ ਅਨੁਸਾਰ ਆਪਣੇ ਵਿਚਾਰ-ਸਿਧਾਂਤ ਪ੍ਰਸਤੁਤ ਕੀਤੇ ਹਨ। ਪਹਿਲੇ ਸਿਧਾਂਤ ਅਨੁਸਾਰ ਸ਼ਬਦ-ਚਿੰਨ੍ਹ ਦੇ ਅਰਥ ਨੂੰ ਇਸ ਵਲੋਂ ਨਾਮਾਂਕਿਤ ਵਸਤੂ ਮੰਨਿਆ ਜਾਂਦਾ ਹੈ। ਇਥੇ ਵਸਤੂ ਸਥੂਲ ਪਦਾਰਥਾਂ ਜਿਵੇਂ ਫੁੱਲ, ਰੁੱਖ, ਪੱਥਰ, ਪੁਸਤਕ, ਮੇਜ਼, ਕੁਰਸੀ ਆਦਿ; ਮਨੁੱਖੀ ਕ੍ਰਿਆਵਾਂ ਜਿਵੇਂ ਖਾਣਾ, ਚਲਣਾ, ਦੌੜਨਾ, ਪੜ੍ਹਨਾ ਆਦਿ;

ਮਾਨਸਿਕ ਅਵਸਥਾਵਾਂ ਜਿਵੇਂ ਜਾਣਨਾ, ਸਮਝਣਾ ਆਦਿ, ਸੂਖਮ ਧਾਰਣਾਵਾਂ ਜਿਵੇਂ ਨੇਕੀ, ਸਚਾਈ, ਈਮਾਨਦਾਰੀ ਆਦਿ; ਅਤੇ ਗੁਣਾਂ ਜਿਵੇਂ ਹਰਾ, ਕਾਲਾ ਆਦਿ ਵਲ ਸੰਕੇਤ ਕਰਦੀ ਹੈ। ਪਰੰਤੂ ਇਸ ਸਿਧਾਂਤ ਦੀਆਂ ਵੀ ਕੁਝ ਸੀਮਾਵਾਂ ਹਨ। ਕਈ ਵਾਰ ਪਦਾਰਥਕ ਜਗਤ ਵਿਚ ਸ਼ਬਦ ਦੇ ਅਰਥ ਦੀ ਸੰਕੇਤਕ ਵਸਤੂ ਉਪਲਬਧ ਨਹੀਂ ਹੁੰਦੀ ਜਿਵੇਂ please, kindly ਆਦਿ। "ਇਸ ਵਿਚ ਕਾਰਜਾਤਮਕ ਅਤੇ ਸੰਬੰਧਾਤਮਕ ਸ਼ਬਦ ਜਿਵੇਂ ਦਾ, ਤੋਂ; ਅੰਗ੍ਰੇਜ਼ੀ no ਆਦਿ ਸ਼ਾਮਿਲ ਨਹੀਂ ਹਨ ਅਤੇ ਨਾ ਹੀ ਕੁਕਨੂਸ, ਯੂਨੀਕਾਰਨ ਆਦਿ ਵਰਗੀਆਂ ਵਸਤਾਂ ਸ਼ਾਮਿਲ ਹਨ ਜਿਨ੍ਹਾਂ ਦੀ ਕੇਵਲ ਕਲਪਿਤ ਅਤੇ ਰਹੱਸਮਈ ਹੋਂਦ ਹੈ। ਇਕੋ ਵਸਤੂ ਦੇ ਨਾਂ ਦੀਆਂ ਸੰਕੇਤਕ ਦੋ ਉਕਤੀਆਂ ਜਿਵੇਂ the morning star ਅਤੇ the evening star ਦੋਵੇਂ ਹੀ ਇਕ ਵਸਤੂ 'the planet venus' ਵਲ ਸੰਕੇਤ ਕਰਦੀਆਂ ਹਨ ਪਰ ਇਨ੍ਹਾਂ ਦੇ ਅਰਥ ਭਿੰਨ ਹਨ। ਇਕ ਵਸਤੂ ਨੂੰ ਵਿਭਿੰਨ ਅਵਸਰਾਂ ਤੇ ਵਿਭਿੰਨ ਵਾਕਾਸ਼ਾਂ ਰਾਹੀਂ ਵਿਭਿੰਨ ਢੰਗਾਂ ਨਾਲ ਵਿਅਕਤ ਕੀਤਾ ਜਾ ਸਕਦਾ ਹੈ। ਇਕੋ ਇਸਤਰੀ ਨੂੰ ਵੱਖ ਵੱਖ ਵਿਅਕਤੀ ਮਾਂ, ਧੀ, ਪਤਨੀ ਕਹਿ ਸਕਦੇ ਹਨ। ਸੇਬ ਨੂੰ ਵੱਖ ਵੱਖ ਅਵਸਰਾਂ ਤੇ ਸੇਬ ਜਾਂ ਫਲ ਕਿਹਾ ਜਾ ਸਕਦਾ ਹੈ।"[2]

ਭਾਸ਼ਾ-ਵਿਗਿਆਨੀਆਂ ਵਲੋਂ ਪ੍ਰਸਤੁਤ ਦੂਜਾ ਸਿਧਾਂਤ ਵਿਚਾਰਾਤਮਕ ਜਾਂ ਮਨੋਵਾਦੀ ਸਿਧਾਂਤ ਹੈ। ਇਸ ਸਿਧਾਂਤ ਦੇ ਅਨੁਯਾਈ ਇਹ ਮੰਨਦੇ ਹਨ ਕਿ ਇਕ ਉਕਤੀ ਦਾ ਅਰਥ ਬੁਲਾਰੇ ਜਾਂ ਸ੍ਰੋਤੇ ਦੇ ਮਨ ਵਿਚ ਉਸ ਉਕਤੀ ਨਾਲ ਜੁੜਿਆ ਵਿਚਾਰ ਹੁੰਦਾ ਹੈ। "ਇਸ ਸਿਧਾਂਤ ਅਨੁਸਾਰ ਵਿਚਾਰਾਂ ਦੀ ਧਾਰਣਾ ਨੂੰ ਮਾਨਸਿਕ ਚਿੱਤਰ ਅਤੇ ਬਿੰਬ ਮੰਨਿਆ ਜਾਂਦਾ ਹੈ। ਯੂਨੀਕਾਰਨ, ਕੁਕਨੂਸ ਵਰਗੀਆਂ ਵਸਤਾਂ ਜਿਹੜੀਆਂ ਪਹਿਲੇ ਸਿਧਾਂਤ ਦੇ ਅੰਤਰਗਤ ਨਹੀਂ ਆਉਂਦੀਆਂ, ਉਹ ਇਸ ਸਿਧਾਂਤ ਦੇ ਅੰਤਰਗਤ ਆ ਜਾਂਦੀਆ ਹਨ। ਪਰੰਤੂ ਇਸ ਸਿਧਾਂਤ ਦੀਆਂ ਵੀ ਆਪਣੀਆਂ ਸੀਮਾਵਾਂ ਹਨ। ਮਾਨਸਿਕ ਚਿੱਤਰ ਅਤੇ ਬਿੰਬ ਵੀ ਹਰੇਕ ਵਿਅਕਤੀ ਅਤੇ ਅਵਸਰ ਅਨੁਸਾਰ ਪਰਿਵਰਤਨਸ਼ੀਲ ਹਨ। ਇਕ ਵੇਲੇ ਮੇਜ਼ ਨੂੰ ਲਿਖਣ ਵਾਲੀ ਮੇਜ਼ ਕਿਹਾ ਜਾ ਸਕਦਾ ਹੈ ਅਤੇ ਦੂਜੇ ਵੇਲੇ ਕਿਸੇ ਵਿਸ਼ੇਸ਼ ਕਾਰਜ ਸਮੇਂ ਦਿੱਤਾ ਤੋਹਫਾ। ਇਹ ਸਿਧਾਂਤ ਭੌਤਿਕ ਅਤੇ ਸਥੂਲ ਵਸਤਾਂ ਨਾਲ ਬੜੇ ਉਪਯੁਕਤ ਅਤੇ ਸੰਤੋਖਜਨਕ ਢੰਗ ਨਾਲ ਨਿਜਿਠਦਾ ਹੈ। ਪਰੰਤੂ ਈਮਾਨਦਾਰੀ, ਨੇਕੀ ਆਦਿ ਸੂਖਮ ਧਾਰਨਾਵਾਂ ਲਈ ਨਿਸ਼ਚਿਤ ਸ਼ਬਦਾਂ ਬਾਰੇ ਇਹ ਸਿਧਾਂਤ ਕੀ ਸੁਨਿਸ਼ਚਿਤ ਕਰਦਾ ਹੈ? ਇਹ ਸ਼ਬਦ ਵੱਖ ਵੱਖ ਵਿਅਕਤੀਆਂ ਵਿਚ ਵੱਖ ਵੱਖ ਮਾਨਸਿਕ ਬਿੰਬਾਂ ਨਾਲ ਜੁੜੇ ਹੁੰਦੇ ਹਨ। ਨਹੀਂ, ਕਿਵੇਂ, ਕਿਉਂ ਆਦਿ ਵਿਆਕਰਣਕ ਸ਼ਬਦ ਬੁਲਾਰੇ-ਸ੍ਰੋਤੇ ਵਿਚ ਕਿਸੇ ਵੀ ਪ੍ਰਕਾਰ ਦਾ ਮਾਨਸਿਕ ਚਿੱਤਰ ਉਤਪੰਨ ਨਹੀਂ ਕਰਦੇ। ਇਹ ਸਿਧਾਂਤ ਅਣਗਿਣਤ ਪ੍ਰਕਾਰ ਦੇ ਧੁਨੀ-ਰੂਪਾਂ ਜਾਂ ਉਕਤੀਆਂ ਬਾਰੇ ਨਿਸ਼ਚਿਤ ਨਿਰਣਾ ਲੈਣ ਦੇ ਵੀ ਅਸਮਰਥ ਹੈ।"[3]

ਭਾਸ਼ਾ-ਵਿਗਿਆਨੀਆਂ ਨੇ ਇਕ ਹੋਰ ਸਿਧਾਂਤ ਪ੍ਰਸਤੁਤ ਕੀਤਾ ਹੈ ਜਿਸ ਨੂੰ

ਵਿਵਹਾਰਵਾਦੀ ਸਿਧਾਂਤ ਜਾਂ ਆਕਸਮਿਕ (casual) ਸਿਧਾਂਤ ਆਖਿਆ ਜਾਂਦਾ ਹੈ। ਇਹ ਵਿਧੀ ਉਪਰ-ਵਰਣਿਤ ਦੋਹਾਂ ਵਿਧੀਆਂ ਤੋਂ ਭਿੰਨ ਹੈ। ਇਸ ਦੇ ਅੰਤਰਗਤ ਸ਼ਬਦ ਦੇ ਅਰਥ ਨੂੰ ਵਿਚਾਰਾਂ ਜਾਂ ਮਾਨਸਿਕ ਚਿੱਤਰਾਂ ਨਾਲ ਸੰਬੰਧਿਤ ਨਹੀਂ ਕੀਤਾ ਜਾਂਦਾ ਬਲਕਿ ਉਸ ਅਰਥ-ਸਿਰਜਣ ਪ੍ਰਕ੍ਰਿਆ ਨਾਲ ਜੋੜਿਆ ਜਾਂਦਾ ਹੈ ਜਿਸ ਅਨੁਸਾਰ ਸ੍ਰੋਤੇ ਦੇ ਮਨ ਵਿਚ ਸ਼ਬਦ ਦਾ ਪ੍ਰਤਿਕਰਮ ਉਤਪੰਨ ਹੁੰਦਾ ਹੈ। ਇਸ ਨੂੰ ਇੰਜ ਵੀ ਪ੍ਰਗਟਾਇਆ ਜਾ ਸਕਦਾ ਹੈ ਕਿ ਉਕਤੀ ਦਾ ਅਰਥ ਅਜਿਹਾ ਪ੍ਰੇਰਕ (stimulus) ਹੈ ਜਿਹੜਾ ਉਕਤੀ ਦੀ ਰਚਨਾ ਕਰਦਾ ਹੈ ਅਤੇ ਸ੍ਰੋਤੇ ਤੋਂ ਇਸ ਦਾ ਪ੍ਰਤਿਕਰਮ ਪ੍ਰਾਪਤ ਕਰਦਾ ਹੈ। ਪਰੰਤੂ ਇਹ ਸਿਧਾਂਤ ਵੀ ਦੋਸ਼ਮੁਕਤ ਨਹੀਂ ਹੈ ਕਿਉਂਕਿ ਇਕ ਅਰਥਹੀਣ ਪ੍ਰੇਰਕ ਵੀ ਸਾਰਥਕ ਪ੍ਰੇਰਕ ਵਾਂਗ ਪ੍ਰਤਿਕਰਮ ਉਤਪੰਨ ਕਰ ਸਕਦਾ ਹੈ। ਸ੍ਰੋਤਾ ਆਪਣੀ ਪ੍ਰਤਿਕ੍ਰਿਆ ਕਈ ਤਰੀਕਿਆਂ ਨਾਲ ਪ੍ਰਗਟ ਕਰ ਸਕਦਾ ਹੈ, ਪਰੰਤੂ ਇਹ ਸਾਰੀਆਂ ਪ੍ਰਤਿਕ੍ਰਿਆਵਾਂ ਉਸ ਪ੍ਰਤਿਕ੍ਰਿਆ ਤੋਂ ਭਿੰਨ ਹੋ ਸਕਦੀਆਂ ਹਨ ਜਿਹੜੀਆਂ ਬੁਲਾਰਾ ਸ੍ਰੋਤੇ ਦੇ ਮਨ ਵਿਚ ਪੈਦਾ ਕਰਨਾ ਚਾਹੁੰਦਾ ਸੀ। ਫਲਸਰੂਪ, ਇਹ ਸਿਧਾਂਤ ਵੀ ਸਹੀ ਅਰਥ ਤਕ ਪਹੁੰਚਣ ਦੇ ਅਸਮਰੱਥ ਹੈ।

ਉਪਰ-ਵਰਣਿਤ ਤਿੰਨਾਂ ਸਿਧਾਂਤਾਂ ਵਿਚੋਂ ਕੋਈ ਸਿਧਾਂਤ ਵੀ ਸੰਪੂਰਣ ਨਹੀਂ ਹੈ। ਪਰੰਤੂ ਅੱਜ ਕੱਲ੍ਹ ਇਕ ਹੋਰ ਸਿਧਾਂਤ ਨੂੰ ਵਧੇਰੇ ਮਾਨਤਾ ਅਤੇ ਮਕਬੂਲੀਅਤ ਹਾਸਿਲ ਹੈ ਜਿਸ ਨੂੰ ਚਿੰਨ੍ਹਕਾਰੀ ਜਾਂ ਅਮੂਰਤੀਕਰਣ (abstraction) ਸਿਧਾਂਤ ਆਖਿਆ ਜਾਂਦਾ ਨੂੰ। ਇਸ ਸਿਧਾਂਤ ਦੇ ਅੰਤਰਗਤ ਜਿਨ੍ਹਾਂ ਭਾਸ਼ਾ-ਵਿਗਿਆਨੀਆਂ ਨੇ ਭਾਸ਼ਾਈ ਵਰਤਾਰੇ ਤੇ ਚਰਚਾ ਕੀਤੀ ਹੈ, ਉਨ੍ਹਾਂ ਨੇ ਇਸ ਦੀ ਵਿਆਖਿਆ ਕਰਦਿਆਂ ਭਿੰਨ ਭਿੰਨ ਪਦਾਂ ਦਾ ਪ੍ਰਯੋਗ ਕੀਤਾ ਹੈ। ਸ਼ਬਦ ਅਤੇ ਅਰਥ ਤੇ ਵਿਚਾਰ ਕਰਦਿਆਂ ਕਿਸੇ ਨੇ ਇਸ ਨੂੰ ਧੁਨੀ-ਰੂਪ, ਸੰਕਲਪ ਅਤੇ ਸੰਕੇਤ-ਅਰਥ ਕਿਹਾ ਹੈ; ਕਿਸੇ ਨੇ ਸੰਕੇਤ, ਉਕਤੀ ਤੇ ਵਾਚਾਰਥ; ਕਿਸੇ ਨੇ ਸ਼ਬਦ, ਅਰਥ ਅਤੇ ਵਸਤੂ; ਅਤੇ ਕਿਸੇ ਹੋਰ ਨੇ ਸ਼ਬਦ/ਪਦ, ਅਰਥ ਅਤੇ ਵਸਤੂ ਆਖਿਆ ਹੈ। ਪਰੰਤੂ ਇਨ੍ਹਾਂ ਵਿਚੋਂ ਅੱਜ ਕੱਲ੍ਹ ਅਧਿਕ ਪ੍ਰਚਲਿਤ ਪਦ ਚਿੰਨ੍ਹ, ਚਿੰਨ੍ਹਕ ਅਤੇ ਚਿੰਨ੍ਹਿਤ ਹਨ ਜੋ ਸੋਸਿਉਰ ਵਲੋਂ ਪ੍ਰਸਤੁਤ ਚਿੰਨ੍ਹ-ਵਿਗਿਆਨ ਦੇ ਮਹੱਤਵਪੂਰਣ ਸਿਧਾਂਤ ਦੇ ਫਲਸਰੂਪ ਹੋਂਦ ਵਿਚ ਆਏ ਹਨ। ਉਸ ਨੇ ਭਾਸ਼ਾਈ ਸੰਰਚਨਾਵਾਂ ਦੇ ਬੁਨਿਆਦੀ ਤੱਤ ਅਰਥਾਤ ਚਿੰਨ੍ਹ ਦੀ ਨਵੀਂ ਪਰਿਭਾਸ਼ਾ ਪ੍ਰਸਤੁਤ ਕੀਤੀ ਹੈ। ਉਸ ਅਨੁਸਾਰ "ਚਿੰਨ੍ਹ ਕੇਵਲ ਵਸਤੂ ਦਾ ਨਾਮ ਹੀ ਨਹੀਂ ਪਰੰਤੂ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਧੁਨੀ-ਬਿੰਬ (sound-image) ਅਤੇ ਸੰਕਲਪ (concept) ਦੋਹਾਂ ਦਾ ਸੰਯੋਜਨ ਹੁੰਦਾ ਹੈ।"[4] ਸੋਸਿਉਰ ਨੇ ਚਿੰਨ੍ਹ ਦੇ ਦੋਹਾਂ ਅੰਗਾਂ ਨੂੰ ਚਿੰਨ੍ਹਕ (significant or signifier) ਅਤੇ ਚਿੰਨ੍ਹਿਤ (signifie or signified) ਦਾ ਨਾਂ ਦਿੱਤਾ। ਉਸ ਨੇ ਸਪਸ਼ਟ ਕੀਤਾ ਕਿ ਚਿੰਨ੍ਹਕਾਰੀ ਧੁਨੀ (ਚਿੰਨ੍ਹਕ) ਅਤੇ ਸੰਕਲਪ (ਚਿੰਨ੍ਹਿਤ) ਵਿਚਕਾਰ ਜੋ ਸੰਬੰਧ ਹੈ, ਇਹ ਆਪਹੁਦਰਾ ਹੈ। ਕੁਰਸੀ ਚਿੰਨ੍ਹ ਦੀ 'ਕੁਰਸੀ' ਸੰਕਲਪ ਨਾਲ ਕੋਈ ਅਰਥ-ਸਮਾਨਤਾ ਨਹੀਂ ਹੈ। ਚਿੰਨ੍ਹ ਇਕ ਦੂਜੇ ਤੇ ਪਰਸਪਰ ਨਿਰਭਰ ਹਨ, ਜਿਸ ਕਰਕੇ ਇਨ੍ਹਾਂ ਦਾ ਰਿਸ਼ਤਾ

ਦਵੰਦਾਤਮਕ ਹੈ। ਚਿੰਨ੍ਹ ਇਕ ਦੂਜੇ ਤੋਂ ਨਿਖੜੇ, ਵੱਖਰੇ ਅਤੇ ਭਿੰਨ ਹਨ ਜਿਸ ਕਰਕੇ ਇਹ ਅਰਥ ਦਾ ਸੰਚਾਰ ਕਰਦੇ ਹਨ। ਚਿੰਨ੍ਹ ਸਥਿਰ ਵੀ ਹਨ ਅਤੇ ਅਸਥਿਰ ਵੀ। ਇੰਜ ਇਸ ਵਿਚਾਰਧਾਰਾ ਦੇ ਅਨੁਯਾਈ ਭਾਸ਼ਾ-ਵਿਗਿਆਨੀ ਇਸ ਸਿੱਟੇ ਤੇ ਪੁੱਜੇ ਕਿ ਚਿੰਨ੍ਹ ਸੰਚਾਰ ਦੇ ਮਨੋਰਥ ਤੋਂ ਸਮਾਜਕ ਯਥਾਰਥ ਨਾਲ ਸੰਬੰਧਿਤ ਉਹ ਭਾਸ਼ਾਈ ਜਾਂ ਭਾਸ਼ਾ-ਬਾਹਰੀ ਇਕਾਈ ਹੈ ਜਿਸ ਦਾ ਅਸਤਿੱਤਵ ਚਿੰਨ੍ਹਕ ਅਤੇ ਚਿੰਨ੍ਹਿਤ ਦੇ ਸੁਮੇਲ ਉਤੇ ਆਧਾਰਿਤ ਹੁੰਦਾ ਹੈ। ਇਸ ਦਾ ਅਰਥ-ਬੋਧ ਸਮਾਜਕ ਰੂੜ੍ਹੀ ਤੇ ਨਿਰਭਰ ਹੁੰਦਾ ਹੈ ਅਤੇ ਰੂੜ੍ਹੀ ਕਰਕੇ ਹੀ ਇਹ ਸਮੂਹਕ ਤੌਰ ਤੇ ਪ੍ਰਵਾਨਿਤ ਹੁੰਦਾ ਹੈ। ਚਿੰਨ੍ਹਕ ਦਾ ਸੰਬੰਧ ਅਭਿਵਿਅਕਤੀ ਸਤਰ ਨਾਲ ਅਤੇ ਚਿੰਨ੍ਹਿਤ ਦਾ ਸੰਬੰਧ ਸਾਰਤੱਤ-ਸਤਰ ਨਾਲ ਹੁੰਦਾ ਹੈ। ਸੋਸਿਉਰ ਦੇ ਚਿੰਨ੍ਹਕਾਰੀ ਦੇ ਸਿਧਾਂਤ ਵਿਚ ਪ੍ਰਯੋਗ ਕੀਤੇ ਚਿੰਨ੍ਹ, ਚਿੰਨ੍ਹਕ ਅਤੇ ਚਿੰਨ੍ਹਿਤ ਪਦਾਂ ਦੇ ਪਰਸਪਰ ਸੰਬੰਧ ਤੋਂ ਅਰਥ ਦਾ ਰੂਪ ਅਤੇ ਵਸਤੂ ਨਾਲ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ। ਸੋਸਿਉਰ ਨੇ ਸ਼ਬਦ ਨੂੰ ਚਿੰਨ੍ਹ ਮੰਨਦਿਆਂ ਇਸ ਦੇ ਦੋ ਸੰਬੰਧਿਤ ਪੱਖਾਂ ਦਾ ਉਲੇਖ ਕੀਤਾ ਹੈ : (1) ਰੂਪਾਤਮਕ ਆਕਾਰ ਜਾਂ ਧੁਨੀ/ਲਿਖਤੀ ਬਿੰਬ ਅਤੇ (2) ਅਰਥਮਈ ਤੱਤ ਅਰਥਾਤ ਅਰਥ/ਭਾਵ। ਉਹ ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਰੁੱਖ ਦੀ ਮਿਸਾਲ ਦਿੰਦਾ ਹੈ। 'ਰੁੱਖ' ਸੰਕਲਪ ਨੂੰ ਵਿਅਕਤ ਕਰਨ ਵਾਲੇ ਦੋ ਭਾਗ ਹਨ : (1) ਧੁਨੀ ਜਾਂ ਲਿਖਤੀ ਰੂਪ ਜਾਂ ਰੁੱਖ ਅਤੇ (2) ਸਾਡੇ ਮਨਾਂ ਵਿਚ 'ਰੁੱਖ' ਦਾ ਪੈਦਾ ਹੋਇਆ ਮਾਨਸਿਕ ਸੰਕਲਪ ਜਾਂ ਅਰਥ। ਚਿੰਨ੍ਹਕ ਅਤੇ ਚਿੰਨ੍ਹਿਤ ਦਾ ਸੰਬੰਧ ਤਰਲ ਵੀ ਹੋ ਸਕਦਾ ਹੈ ਅਤੇ ਕਠੋਰ ਵੀ। ਜਿਥੇ ਇਹ ਸੰਬੰਧ ਤਰਲ ਹੁੰਦਾ ਹੈ, ਉਥੇ ਸ਼ਬਦਿਮ 'ਸ਼ਬਦ' ਦਾ ਰੂਪ ਧਾਰਣ ਕਰਦਾ ਹੈ ਅਤੇ ਜਿਥੇ ਇਹ ਰਿਸ਼ਤਾ ਕਠੋਰ ਹੁੰਦਾ ਹੈ, ਉਥੇ ਸ਼ਬਦਿਮ ਨੂੰ 'ਪਦ' ਆਖਿਆ ਜਾਂਦਾ ਹੈ।

ਸਚੇਰਬਾ ਨੇ ਵੀ ਸ਼ਬਦ ਅਤੇ ਅਰਥ ਦੇ ਸੰਬੰਧ ਬਾਰੇ ਆਪਣੇ ਵਿਚਾਰ ਵਿਅਕਤ ਕੀਤੇ ਹਨ। ਉਹ ਕਹਿੰਦਾ ਹੈ, "ਭਾਸ਼ਾ ਵਿਚਾਰ ਪ੍ਰਕ੍ਰਿਆ ਅਤੇ ਪ੍ਰਤੀਕਾਤਮਕ ਕਾਰਜ ਦੀ ਦਵੰਦਾਤਮਕ ਇਕਾਈ ਹੈ ਅਤੇ ਇੰਜ ਚਿੰਨ੍ਹ ਦੇ ਸੰਕਲਪ ਦੀ ਕੇਵਲ ਮਨੋਵਿਗਿਆਨ ਅਤੇ ਭਾਸ਼ਾ-ਵਿਗਿਆਨ ਵਿਚਕਾਰ 'ਪੁਲ' ਵਜੋਂ ਪੂਰਣ ਸਾਰਥਕਤਾ ਹੈ। ਇਸ ਦਾ ਅਰਥ ਹੈ ਕਿ ਸਚੇਰਬਾ ਅਨੁਸਾਰ ਭਾਸ਼ਾ ਨੂੰ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀਂ ਸਮਝਣਾ ਚਾਹੀਦਾ ਬਲਕਿ ਵਿਚਾਰ ਪ੍ਰਕ੍ਰਿਆ ਦੀ ਪ੍ਰਤੀਕਾਤਮਕ ਕ੍ਰਿਆ ਮੰਨਣਾ ਚਾਹੀਦਾ ਹੈ। ਇਸ ਦੀ ਤੁਲਨਾ ਸੋਸਿਉਰ ਦੇ 'ਚਿੰਨ੍ਹ' ਦੇ ਸੰਕਲਪ ਨਾਲ ਕੀਤੀ ਜਾ ਸਕਦੀ ਹੈ।"[5]

3.1.2 ਚਿੰਨ੍ਹ ਸਿਰਜਣ ਪ੍ਰਕ੍ਰਿਆ ਉਪਰ ਵਿਚਾਰ ਕਰਨ ਉਪਰੰਤ ਹੁਣ ਅਸੀਂ ਇਹ ਵੇਖਣਾ ਹੈ ਕਿ ਵਿਚਾਰ ਜਾਂ ਸੰਕਲਪ ਕਿਵੇਂ ਅਸਤਿੱਤਵ ਗ੍ਰਹਿਣ ਕਰਦਾ ਹੈ। ਇਸ ਮੰਤਵ ਲਈ ਸਾਨੂੰ ਅਮੂਰਤੀਕਰਣ (abstraction) ਅਤੇ ਸਾਧਾਰਣੀਕਰਣ ਦੀ ਪ੍ਰਕ੍ਰਿਆ ਦੇ ਥੋੜ੍ਹਾ ਵਿਸਤਾਰ ਵਿਚ ਜਾਣਾ ਪਵੇਗਾ।

ਡਾ. ਹਰਜੀਤ ਸਿੰਘ ਗਿੱਲ[6] ਅਨੁਸਾਰ ਵਿਚਾਰ ਜਾਂ ਸੰਕਲਪ ਚਾਰ ਤੱਤਾਂ ਤੇ

ਨਿਰਭਰ ਹੁੰਦਾ ਹੈ : ਸੰਵੇਦਨ-ਸ਼ਕਤੀ (sensibility), ਸਿਮਰਤੀ, ਨਿਰਣਾ ਅਤੇ ਇੱਛਾ। ਇਹ ਇਨ੍ਹਾਂ ਚਾਰ ਗੁਣਾਂ ਦੇ ਵਰਗੀਕਰਣ ਅਤੇ ਪਛਾਣਨ ਦੀ ਵਿਧੀ ਹੈ। ਪਰੰਤੂ ਅਸੀਂ ਵੇਖਣਾ ਇਹ ਹੈ ਕਿ ਕਿਸੇ ਪਦਾਰਥ/ਵਸਤੂ ਬਾਰੇ ਭਾਵਨਾਵਾਂ ਅਤੇ ਮਨੋਭਾਵ ਵਿਸ਼ੇਸ਼ ਵਿਚਾਰ ਬਣਾਉਣ ਲਈ ਕਿਵੇਂ ਸੰਯੋਜਿਤ ਕੀਤੇ ਜਾਂਦੇ ਹਨ। ਸੰਵੇਦਨਾਵਾਂ ਪ੍ਰਕਿਰਤੀ ਵਿਚ ਸਥਿਤ ਵਿਭਿੰਨ ਪਦਾਰਥਾਂ ਦੇ ਮਨ ਤੇ ਉੱਕਰੇ ਪ੍ਰਭਾਵ ਹਨ। ਅਸੀਂ ਸੰਵੇਦਨਾ ਉਤਪੰਨ ਕਰਨ ਵਾਲੇ ਪਦਾਰਥਾਂ ਬਾਰੇ ਪਹਿਲਾਂ ਵੱਖ ਵੱਖ ਵਿਚਾਰ ਬਣਾਉਂਦੇ ਹਾਂ ਅਤੇ ਫਿਰ ਇਨ੍ਹਾਂ ਦੇ ਵਰਗ, ਪ੍ਰਜਾਤੀ ਆਦਿ ਬਾਰੇ ਅਧਿਕ ਸਾਧਾਰਣ ਵਿਚਾਰ ਬਣਾਉਂਦੇ ਹਾਂ।

ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਅਸੀਂ ਪ੍ਰਕਿਰਤੀ ਵਿਚ ਸਥਿਤ ਇਕ ਪਦਾਰਥ ਆੜੂ ਦੀ ਮਿਸਾਲ ਲੈਂਦੇ ਹਾਂ। ਮੰਨ ਲਓ ਤੁਸੀਂ ਪਹਿਲੀ ਵਾਰ ਆੜੂ ਨੂੰ ਵੇਖਦੇ ਹੋ। ਇਸ ਨੂੰ ਵੇਖਣ ਤੇ ਤੁਹਾਡੇ ਮਨ ਵਿਚ ਇਕ ਵਿਸ਼ੇਸ਼ ਰੰਗ, ਵਿਸ਼ੇਸ਼ ਸੁਆਦ, ਵਿਸ਼ਸ਼ ਰੂਪ ਦੀ ਸੰਵੇਦਨਾ ਉਤਪੰਨ ਹੁੰਦੀ ਹੈ; ਦਬਾਉਣ ਤੇ ਇਹ ਦਬਦਾ ਨਹੀਂ, ਖ਼ਾਸ ਦਰਖਤ ਤੇ ਲਟਕਦਾ ਹੈ ਅਤੇ ਇਹ ਵਿਸ਼ੇਸ਼ ਥਾਂ ਤੇ ਸਥਿਤ ਹੈ। ਇਨ੍ਹਾਂ ਸਾਰੇ ਵਿਚਾਰਾਂ ਵਿਚੋਂ ਤੁਸੀਂ ਇਕ ਅਦਭੁਤ ਵਿਚਾਰ ਬਣਾਉਂਦੇ ਹੋ ਜਿਹੜਾ ਉਸ ਆੜੂ ਬਾਰੇ ਤੁਹਾਡਾ ਵਿਚਾਰ ਹੁੰਦਾ ਹੈ। ਇਹ ਕੇਵਲ ਉਸੇ ਆੜੂ ਦਾ ਵਿਚਾਰ ਹੈ ਜਿਹੜਾ ਤੁਸੀਂ ਵੇਖਿਆ ਹੈ, ਉਨ੍ਹਾਂ ਆੜੂਆਂ ਦਾ ਨਹੀਂ ਜਿਨ੍ਹਾਂ ਨੂੰ ਤੁਸੀਂ ਅਜੇ ਵੇਖਿਆ ਨਹੀਂ। ਇੰਜ, ਇਹ ਵਿਚਾਰ ਨਿਜੀ ਅਤੇ ਵਿਸ਼ੇਸ਼ ਹੈ। ਜੇ ਭਾਸ਼ਾ ਹੋਂਦ ਵਿਚ ਨਾ ਆਈ ਹੋਵੇ, ਤਾਂ ਆੜੂ ਇਸ ਦਾ ਚਿੰਨ੍ਹ ਹੋਵੇਗਾ। ਜੇ ਤੁਸੀਂ ਇਸ ਨੂੰ ਨਾਂ ਦਿੰਦੇ ਹੋ, ਤਾਂ ਇਹ ਕੇਵਲ ਵਿਚਾਰ-ਅਧੀਨ ਆੜੂ ਦਾ ਹੀ ਨਾਂ ਹੋਵੇਗਾ। ਨਾਂ 'ਆੜੂ', ਜਿਹੜਾ ਹੋਰਨਾਂ ਆੜੂਆਂ ਦਾ ਸਾਂਝਾ ਨਾਂ ਹੈ, ਅਜੇ ਤੁਹਾਡੀ ਭਾਸ਼ਾ ਦਾ ਅੰਗ ਨਹੀਂ ਬਣਿਆ। ਜਿਸ ਮਾਨਸਿਕ ਕ੍ਰਿਆ ਰਾਹੀਂ ਅਣਗਿਣਤ ਵਿਚਾਰਾਂ ਨੂੰ ਮਿਲਾ ਕੇ ਇਕ ਸਾਂਝਾ ਨਾਂ ਬਣਦਾ ਹੈ, ਉਸ ਨੂੰ ਮੂਰਤੀਕਰਣ (concraction) ਦੀ ਪ੍ਰਕ੍ਰਿਆ ਆਖਦੇ ਹਨ। ਇਸ ਪ੍ਰਕਾਰ ਅਣਗਿਣਤ ਵਿਭਿੰਨ ਵਿਚਾਰ ਇਕ ਸਮੂਹ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ। ਆਓ ਹੁਣ ਵੇਖੀਏ ਕਿ ਇਹ ਵਿਸ਼ੇਸ਼ ਵਿਚਾਰ ਸਾਧਾਰਣ ਕਿਵੇਂ ਬਣਦੇ ਹਨ ਅਤੇ ਦੂਜੀਆਂ ਸਭ ਵਸਤਾਂ ਤੇ ਕਿਵੇਂ ਲਾਗੂ ਹੁੰਦੇ ਹਨ। ਜਦੋਂ ਤੁਸੀਂ ਦੂਜੇ ਆੜੂਆਂ ਨੂੰ ਵੇਖਦੇ ਹੋ ਤਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਇਨ੍ਹਾਂ ਦੇ ਕਈ ਗੁਣ ਸਾਂਝੇ ਹਨ, ਪਰ ਇਨ੍ਹਾਂ ਵਿਚ ਕਈ ਅੰਤਰ ਵੀ ਹਨ। ਕੁਦਰਤ ਦਾ ਅਸੂਲ ਹੈ ਕਿ ਕੋਈ ਵੀ ਦੋ ਵਸਤਾਂ ਇਕਸਮਾਨ ਨਹੀਂ ਹੁੰਦੀਆਂ। ਸਾਰੇ ਆੜੂਆਂ ਦਾ ਇਕੋ ਰੰਗ, ਇਕੋ ਰੂਪ, ਇੱਕੋ ਆਕਾਰ ਨਹੀਂ ਹੁੰਦਾ ਅਤੇ ਨਾ ਹੀ ਉਹ ਇਕੋ ਜਿੰਨੇ ਪੱਕੇ ਹੁੰਦੇ ਹਨ। ਪਰੰਤੂ ਤੁਸੀਂ ਇਸ ਫ਼ਰਕ ਨੂੰ ਭੁੱਲ ਜਾਂਦੇ ਹੋ। ਤੁਸੀਂ ਇਨ੍ਹਾਂ ਤੋਂ ਸੂਖਮ ਵਿਚਾਰ ਬਣਾਉਂਦੇ ਹੋ। ਦੂਜਿਆਂ ਨੂੰ ਵੀ ਆੜੂ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਵਿਚ ਕਈ ਗੁਣ ਸਾਂਝੇ ਹਨ। ਇਕੱਲੇ ਆੜੂ ਦਾ ਵਿਚਾਰ ਸਾਧਾਰਣ ਬਣ ਜਾਂਦਾ ਹੈ। ਇਹ ਵਿਚਾਰ ਉਨ੍ਹਾਂ ਗੁਣਾਂ ਨਾਲ ਨਹੀਂ ਬਣਿਆ ਹੁੰਦਾ ਜਿਹੜੇ ਬਾਕੀ ਸਾਰੇ ਆੜੂਆਂ ਨੂੰ ਪ੍ਰਦਾਨ ਕੀਤੇ ਜਾ ਸਕਦੇ ਹਨ।

ਅਮੂਰਤੀਕਰਣ ਦੀ ਇਸ ਪ੍ਰਕ੍ਰਿਆ ਰਾਹੀਂ, ਜਿਸ ਵਿਚ ਉਨ੍ਹਾਂ ਨੂੰ ਮਿਲਾਉਣ ਵਾਲੇ ਇਕ ਜਾਂ ਅਧਿਕ ਨਿਜੀ ਵਿਚਾਰ ਸੰਮਿਲਿਤ ਹੁੰਦੇ ਹਨ, ਅਤੇ ਇਨ੍ਹਾਂ ਨੂੰ ਨਿਖੇੜਨ ਵਾਲੇ ਵਿਚਾਰਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ, ਅਸੀਂ ਆੜੂ ਦਾ ਸਾਧਾਰਣ ਵਿਚਾਰ ਪ੍ਰਾਪਤ ਕਰਦੇ ਹਾਂ। ਪਰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਿਨ੍ਹਾਂ ਵਿਚਾਰਾਂ ਨੂੰ ਅਸੀਂ ਨਿਜੀ ਵਿਚਾਰ ਬਣਾਉਣ ਲਈ ਗ੍ਰਹਿਣ ਕੀਤਾ ਸੀ, ਉਹ ਹੁਣ ਉਹ ਵਿਚਾਰ ਨਹੀਂ ਰਿਹਾ ਜਿਸ ਨੂੰ ਹੁਣ ਸਾਧਾਰਣ ਵਿਚਾਰ ਆਖਿਆ ਜਾਂਦਾ ਹੈ। ਇਹ ਤਰਕ ਦਾ ਇਕ ਮਹੱਤਵਪੂਰਣ ਮਸਲਾ ਹੈ। ਅਸੀਂ ਵਿਸ਼ੇਸ਼ ਤੋਂ ਸਾਧਾਰਣ ਵਲ ਨਹੀਂ ਜਾ ਸਕਦੇ। ਜੇ ਆੜੂ ਸੜਿਆ ਹੋਇਆ ਹੈ ਜਾਂ ਬੰਦਾ ਬੀਮਾਰ ਹੈ, ਤਾਂ ਅਸੀਂ ਇਸ ਤੋਂ ਇਹ ਸਿੱਟਾ ਨਹੀਂ ਕੱਢ ਸਕਦੇ ਕਿ ਸਾਰੇ ਆੜੂ ਸੜੇ ਹੋਏ ਹਨ ਜਾਂ ਸਾਰੇ ਬੰਦੇ ਬੀਮਾਰ ਹਨ। ਸਾਧਾਰਣ ਵਿਚਾਰ ਵਿਚ ਨਿਜੀ ਵਿਚਾਰ ਸੰਭਾਲ ਕੇ ਨਹੀਂ ਰੱਖੇ ਜਾਂਦੇ, ਪਰੰਤੂ ਜੋ ਗੱਲ ਸਾਧਾਰਣ ਬਾਰੇ ਕਹੀ ਜਾ ਸਕਦੀ ਹੈ, ਉਹ ਵਿਸ਼ੇਸ਼ ਬਾਰੇ ਵੀ ਕਹੀ ਜਾ ਸਕਦੀ ਹੈ, ਕਿਉਂਕਿ ਸਾਰੇ ਸਾਧਾਰਣ ਵਿਚਾਰ ਨਿਜੀ ਵਿਚਾਰਾਂ ਤੋਂ ਗ੍ਰਹਿਣ ਕੀਤੇ ਜਾਂਦੇ ਹਨ। ਇੰਜ ਅਸੀਂ ਪ੍ਰਕਿਰਤੀ ਵਿਚ ਸਥਿਤ ਇਕ ਵਸਤੂ ਬਾਰੇ ਨਿਜੀ ਅਤੇ ਸਾਧਾਰਣ ਵਿਚਾਰ ਬਣਾ ਕੇ ਦੂਜੀ ਵਸਤੂ ਬਾਰੇ ਬਣੇ ਨਿਜੀ ਅਤੇ ਸਾਧਾਰਣ ਵਿਚਾਰ ਨਾਲ ਤੁਲਨਾ ਕਰ ਸਕਦੇ ਹਾਂ। ਮਿਸਾਲ ਵਜੋਂ, ਅਸੀਂ ਆੜੂ ਦੇ ਸਾਧਾਰਣ ਵਿਚਾਰ ਦੀ ਖੁਰਮਾਨੀ ਦੇ ਸਾਧਾਰਣ ਵਿਚਾਰ ਨਾਲ ਤੁਲਨਾ ਕਰ ਸਕਦੇ ਹਾਂ। ਇਸ ਮਨੋਰਥ ਲਈ ਅਸੀਂ ਇਕ ਆੜੂ ਦੇ ਦੂਜੇ ਆੜੂ ਨਾਲੋਂ ਫ਼ਰਕ ਜਾਂ ਇਕ ਖੁਰਮਾਨੀ ਦੇ ਦੂਜੀ ਖੁਰਮਾਨੀ ਨਾਲੋਂ ਅੰਤਰ ਨੂੰ ਵਿਚਾਰ ਅਧੀਨ ਨਹੀਂ ਲਿਆਉਂਦੇ, ਬਲਕਿ ਦੋਹਾਂ ਦੇ ਸਾਂਝੇ ਗੁਣਾਂ-ਲੱਛਣਾਂ ਦੀ ਤੁਲਨਾ ਕਰਦੇ ਹਾਂ ਅਤੇ ਇਸ ਪ੍ਰਕ੍ਰਿਆ ਰਾਹੀਂ ਅਸੀਂ ਦੋ ਪ੍ਰਕਾਰ ਦੇ ਵਰਗ ਸਥਾਪਿਤ ਕਰਦੇ ਹਾਂ ਜਾਂ ਦੋ ਪ੍ਰਕਾਰ ਦੇ ਫਲਾਂ ਦਾ ਅਸਤਿੱਤਵ ਸਥਾਪਿਤ ਕਰਦੇ ਹਾਂ।

3.2 ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਵੀ, ਅਸੀਂ ਕੋਸ਼ੀ ਇਕਾਈਆਂ ਦੀ ਪਰਿਭਾਸ਼ਾ ਦਿੰਦੇ ਹਾਂ ਜਾਂ ਇਨ੍ਹਾਂ ਦੇ ਗੁਣ-ਲੱਛਣ ਨਿਰਧਾਰਿਤ ਕਰਦੇ ਹਾਂ ਜਿਹੜੇ ਇਸ ਨੂੰ ਨਵੇਕਲੀ ਹੋਂਦ ਪ੍ਰਦਾਨ ਕਰਦੇ ਹਨ। "ਇਹ ਲੱਛਣ ਸੰਕਲਪ ਦੀ ਰਚਨਾ ਲਈ ਮਹੱਤਵਪੂਰਣ ਜਾਂ ਮਾਨਕ (criterial) ਹਨ।"[7] ਹਰੇਕ ਸ਼ਬਦ ਅਜਿਹੇ ਅਣਗਿਣਤ ਲੱਛਣਾਂ ਦਾ ਧਾਰਣੀ ਹੁੰਦਾ ਹੈ ਜਿਹੜੇ ਆਪਣੇ ਸਮੁੱਚ ਵਿਚ ਉਸ ਸ਼ਬਦ ਦੇ ਅਰਥ ਨਿਰਧਾਰਿਤ ਕਰਨ ਲਈ ਮਹੱਤਵਪੂਰਣ ਹੁੰਦੇ ਹਨ। ਇਨ੍ਹਾਂ ਲੱਛਣਾਂ ਦੀ ਮੌਜੂਦਗੀ ਹੀ ਕੇਵਲ ਸ਼ਬਦ ਦੇ ਅਰਥ ਨਿਰਧਾਰਿਤ ਕਰਨ ਲਈ ਮਹੱਤਵਪੂਰਣ ਨਹੀਂ ਹੁੰਦੀ ਬਲਕਿ ਇਨ੍ਹਾਂ ਦੀ ਗੈਰਮੌਜੂਦਗੀ ਵੀ ਉੱਨੀ ਹੀ ਮਹੱਤਵਪੂਰਣ ਹੁੰਦੀ ਹੈ। ਉਦਾਹਰਣ ਵਜੋਂ ਮਨੁੱਖ ਅਤੇ ਬੱਚਾ ਦੋਹਾਂ ਦੇ ਕੁਝ ਲੱਛਣ ਸਾਂਝੇ ਹਨ ਜਿਵੇਂ ਮਨੁੱਖੀ ਹੋਣਾ। ਇਹ ਸਕਾਰਾਤਮਕ ਜਾਂ ਜਮ੍ਹਾਂ ਲੱਛਣ ਹੈ। ਪਰੰਤੂ ਜਿਥੇ ਮਨੁੱਖ ਵਿਚ ਬਾਲਗੀ ਦਾ ਲੱਛਣ ਨਿਹਿਤ ਹੈ, ਬੱਚੇ ਵਿਚ ਇਹ ਲੱਛਣ ਨਹੀਂ ਹੈ। ਇੰਜ ਬੱਚੇ ਵਿਚ ਇਹ ਨਕਾਰਾਤਮਕ ਜਾਂ ਮਨਫੀ ਲੱਛਣ ਹੈ।

ਇਸ ਪ੍ਰਕਾਰ ਕੋਸ਼ਕਾਰ ਦਾ ਆਧਾਰ ਨਿਰਸੰਦੇਹ ਕੋਸ਼ੀ ਇਕਾਈਆਂ ਹਨ, ਪਰੰਤੂ ਉਸ ਨੂੰ ਆਪਣੇ ਕੋਸ਼ ਵਿਚ ਸਾਰੀਆਂ ਕੋਸ਼ੀ ਇਕਾਈਆਂ ਨੂੰ ਸ਼ਾਮਿਲ ਕਰਨਾ ਪੈਂਦਾ ਹੈ ਭਾਵੇਂ ਉਹ ਕਿਸੇ ਵੀ ਤਰ੍ਹਾਂ ਦੇ ਕਾਰਜ ਦਾ ਨਿਭਾਅ ਕਰ ਰਹੀਆਂ ਹੋਣ, ਜਿਵੇਂ ਭਾਵੁਕ, ਵਿਵਹਾਰਕ, ਕਾਰਜਾਤਮਕ ਜਾਂ ਵਿਆਕਰਣਕ। ਇਹ ਸਭ ਭਾਸ਼ਾ-ਪ੍ਰਬੰਧ ਦੀਆਂ ਇਕਾਈਆਂ ਹਨ ਜੋ ਵਾਕ ਰਚਨਾ ਵਿਚ ਵਿਭਿੰਨ ਪਰੰਤੂ ਤੁਲਨਾਤਮਕ ਪ੍ਰਕਾਰਜ ਨਿਭਾ-ਉਂਦੀਆਂ ਹਨ।

ਉਪਰੋਕਤ ਚਰਚਾ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਅਰਥ ਘਟਨਾਵਾਂ ਜਾਂ ਵਸਤਾਂ ਦੇ ਅਰਥਗਤ ਲੱਛਣਾਂ ਤੇ ਆਧਾਰਿਤ ਅਮੂਰਤੀਕਰਣ ਜਾਂ ਸਾਧਾਰਣੀਕਰਣ ਦੀ ਪ੍ਰਕ੍ਰਿਆ ਰਾਹੀਂ ਅਸਤਿੱਤਵ ਗ੍ਰਹਿਣ ਕਰਦਾ ਹੈ। ਅਮੂਰਤੀਕਰਣ ਦੀ ਧਾਰਣਾ ਕੇਵਲ ਉਨ੍ਹਾਂ ਵਸਤਾਂ ਤਕ ਹੀ ਸੀਮਿਤ ਨਹੀਂ ਹੈ ਜਿਹੜੇ ਭਾਸ਼ਾ-ਬਾਹਰੇ ਜਗਤ ਵਿਚ ਵਾਸਤਵਿਕ ਜਾਂ ਸਥੂਲ ਪਦਾਰਥ ਹਨ, ਪਰੰਤੂ ਇਸ ਵਿਚ ਉਹ ਸਾਰੀਆਂ ਯੂਨੀਕਾਰਨ ਅਤੇ ਪਰੀ ਆਦਿ ਮਨਘੜੰਤ ਅਤੇ ਕਾਲਪਨਿਕ ਵਸਤਾਂ ਵੀ ਸੰਮਿਲਿਤ ਹਨ ਜੋ ਮਨੁੱਖੀ ਕਲਪਨਾ ਦੀ ਸਿਰਜਣਾ ਹਨ। ਇਹ ਨਿਯਮ ਅਮੂਰਤ ਧਾਰਣਾਵਾਂ ਜਿਵੇਂ ਈਮਾਨਦਾਰੀ, ਸਚਾਈ, ਨੇਕੀ ਅਤੇ ਮਾਰਨਾ, ਕੁੱਟਣਾ ਆਦਿ ਕ੍ਰਿਆਵਾਂ ਤੇ ਵੀ ਲਾਗੂ ਹੁੰਦਾ ਹੈ। "ਕੋਸ਼ੀ ਇਕਾਈਆਂ ਦੇ ਹੋਰ ਵਰਗ ਜਿਵੇਂ ਪ੍ਰਵਿਰਤੀਮੂਲਕ ਲੱਛਣ ਜਿਵੇਂ ਅੰਗ੍ਰੇਜ਼ੀ **ਹੈਲੋ**, ਹਿੰਦੀ **ਅਰੇ**, ਪੰਜਾਬੀ **ਓਇ**, ਸੰਸਕ੍ਰਿਤ **ਹਲੇ**; ਵਿਵਹਾਰਕ ਨਿਪਾਤ (operator) ਜਿਵੇਂ please; ਨਿਰਦੇਸ਼ੀ ਚਿੰਨ੍ਹ (deictic markers) ਜਿਵੇਂ ਹਿੰਦੀ **ਯਿਹ, ਵਹ**, ਪੰਜਾਬੀ **ਇਹ, ਉਹ** ਅਤੇ ਅਮੂਰਤ ਸੰਬੰਧ ਜਾਂ ਸੰਬੰਧਮੂਲਕ ਸ਼ਬਦ ਜਿਵੇਂ ਹਿੰਦੀ **ਮੇਂ**, ਅੰਗ੍ਰੇਜ਼ੀ from, ਪੰਜਾਬੀ **ਤੋਂ** ਆਦਿ ਵੀ ਅਮੂਰਤੀ-ਕਰਣ ਦੀ ਧਾਰਣਾ ਦੇ ਅੰਤਰਗਤ ਆ ਜਾਂਦੇ ਹਨ। ਇਨ੍ਹਾਂ ਕੋਸ਼ੀ ਇਕਾਈਆਂ ਦੇ ਭਾਵੇਂ ਭਾਸ਼ਾ-ਬਾਹਰੇ ਜਗਤ ਵਿਚ ਸਮਤੁੱਲ ਵਾਸਤਵਿਕ ਪਦਾਰਥ ਨਹੀਂ ਹੁੰਦੇ, ਪਰੰਤੂ ਇਕ ਅਰਥ ਵਿਚ ਇਨ੍ਹਾਂ ਇਕਾਈਆਂ ਦੀ ਤੁਲਨਾ ਦੂਜੀਆਂ ਇਕਾਈਆਂ ਨਾਲ ਕੀਤੀ ਜਾ ਸਕਦੀ ਹੈ ਕਿ ਇਹ ਸ਼ਬਦ ਸੂਚਨਾ ਦਾ ਸੰਚਾਰ ਕਰਦੇ ਹਨ ਜਿਵੇਂ ਵਾਚਾਰਥੀ ਸ਼ਬਦ ਕਰਦੇ ਹਨ, ਜਾਂ ਇਹ ਉਨ੍ਹਾਂ ਲਈ ਨਿਸ਼ਚਿਤ ਹੁੰਦੇ ਹਨ ਜਿਵੇਂ ਇਹ, ਉਹ, ਜਾਂ ਸੰਬੰਧਾਤਮਕ ਪ੍ਰਕਾਰਜਾਂ ਨੂੰ ਪ੍ਰਗਟਾਉਂਦੇ ਹਨ ਜੋ ਸੰਚਾਰ ਨੂੰ ਸੰਭਵ ਬਣਾਉਂਦੇ ਹਨ। ਕੋਸ਼ੀ ਇਕਾਈਆਂ ਦੇ ਇਹ ਸਾਰੇ ਵਰਗ ਭਾਸ਼ਾ ਦੇ ਅੰਗ ਵਜੋਂ ਨਿਸ਼ਚਿਤ ਹਨ ਅਤੇ ਇਨ੍ਹਾਂ ਦੇ ਆਪਣੇ ਸੰਚਾਰ ਮੁੱਲ ਹਨ। ਕੋਸ਼ਕਾਰ ਇਨ੍ਹਾਂ ਨੂੰ ਕੋਸ਼ ਵਿਚ ਸ਼ਾਮਿਲ ਕਰਦਾ ਹੈ ਅਤੇ ਇਨ੍ਹਾਂ ਦੀ ਵਿਆਖਿਆ ਕਰਦਾ ਹੈ, ਭਾਵੇਂ ਇਨ੍ਹਾਂ ਦੀ ਪਰਿਭਾਸ਼ਾ ਅਤੇ ਵਰਣਨ ਦੀ ਵਿਧੀ ਤੇ ਕਿਸਮ ਵਾਚਾਰਥੀ ਸ਼ਬਦਾਂ ਦੀ ਪਰਿਭਾਸ਼ਾ ਅਤੇ ਵਰਣਨ ਦੀ ਵਿਧੀ ਤੋਂ ਭਿੰਨ ਹੁੰਦੀ ਹੈ।"[8] ਇੰਜ, ਕੋਸ਼ੀ ਅਰਥ ਦੇ ਇਹ ਤਿੰਨ ਤੱਤ ਉਭਰ ਕੇ ਸਾਹਮਣੇ ਆਉਂਦੇ ਹਨ : (1) ਸੰਕਲਪ/ ਅਰਥ ਜਾਂ ਵਾਚਾਰਥ; (2) ਲੱਖਣਾਰਥ; ਅਤੇ (3) ਪ੍ਰਯੋਗ-ਖੇਤਰ। ਪਹਿਲੇ ਦੋਹਾਂ ਤੱਤਾਂ ਦਾ ਜ਼ਿਕਰ ਅੱਗੇ ਜਾ ਕੇ ਵਿਸਤਾਰ ਵਿਚ ਕੀਤਾ ਜਾਏਗਾ, ਪਰੰਤੂ ਇਥੇ ਤੀਜੇ ਤੱਤ

'ਪ੍ਰਯੋਗ-ਖੇਤਰ' ਨੂੰ ਸਮਝ ਲੈਣਾ ਜ਼ਰੂਰੀ ਹੈ। ਸ਼ਬਦ ਦੇ ਅਰਥ ਇਸ ਦੇ ਪ੍ਰਯੋਗ-ਖੇਤਰ ਤੋਂ ਸਪਸ਼ਟ ਹੁੰਦੇ ਹਨ। ਇਹ ਜਾਣਨ ਲਈ ਕਿ ਸ਼ਬਦ ਦਾ ਪ੍ਰਯੋਗ ਕਿਵੇਂ ਹੋਇਆ ਹੈ, ਸਾਨੂੰ ਇਸ ਗੱਲ ਦਾ ਗਿਆਨ ਹੋਣਾ ਜ਼ਰੂਰੀ ਹੈ ਕਿ ਇਸ ਸ਼ਬਦ ਦਾ ਪ੍ਰਯੋਗ ਕਿਵੇਂ ਨਹੀਂ ਹੁੰਦਾ। ਉਦਾਹਰਣ ਲਈ, ਸ਼ਬਦ ਪ੍ਰੇਮ, ਪਿਆਰ, ਲਾਡ, ਸਨੇਹ, ਚਾਹ, ਪ੍ਰੀਤ ਦਾ ਅਰਥ 'ਮੁਹੱਬਤ' ਹੈ, ਪਰੰਤੂ ਇਨ੍ਹਾਂ ਦਾ ਪ੍ਰਯੋਗ-ਖੇਤਰ ਭਿੰਨ ਭਿੰਨ ਹੈ। ਇਨ੍ਹਾਂ ਦੇ ਲੱਖਣਾਰਥ ਵਿਚ ਕੋਈ ਅੰਤਰ ਨਹੀਂ ਹੈ, ਪਰੰਤੂ ਇਨ੍ਹਾਂ ਦੇ ਪ੍ਰਯੋਗ-ਖੇਤਰ ਵਿਚ ਅਤਿਅਧਿਕ ਅੰਤਰ ਹੈ। ਅਰਥ ਵਾਸਤਵਿਕ ਪ੍ਰਯੋਗ-ਸੰਦਰਭ ਤੋਂ ਸਪਸ਼ਟ ਹੁੰਦਾ ਹੈ। ਪ੍ਰੇਮ ਸ਼ਬਦ ਦੀ ਵਰਤੋਂ ਮਨੁੱਖਾਂ ਅਤੇ ਵਸਤਾਂ ਦੇ ਸੰਬੰਧ ਵਿਚ ਘੱਟ ਅਤੇ ਅਧਿਆਤਮਿਕ ਖੇਤਰ ਵਿਚ ਅਧਿਕ ਕੀਤੀ ਜਾਂਦੀ ਹੈ; ਲਾਡ ਮਾਪਿਆਂ ਦੇ ਆਪਣੇ ਬੱਚਿਆਂ ਲਈ ਪਿਆਰ ਵਲ ਸੰਕੇਤ ਕਰਦਾ ਹੈ; ਪਿਆਰ ਅਤੇ ਸਨੇਹ ਵੱਡਿਆਂ ਦੀ ਛੋਟਿਆਂ ਲਈ ਮੁਹੱਬਤ ਨੂੰ ਪ੍ਰਗਟਾਉਂਦੇ ਹਨ ਅਤੇ ਪਿਆਰ ਸ਼ਬਦ ਪਰਸਪਰ ਮੁਹੱਬਤ ਦਾ ਵੀ ਸੰਕੇਤਕ ਹੈ; ਚਾਹ ਸ਼ਬਦ ਵਿਭਿੰਨ ਵਸਤਾਂ ਲਈ ਇੱਛਾ ਨੂੰ ਦਰਸਾਉਂਦਾ ਹੈ ਅਤੇ ਪ੍ਰੀਤ ਸ਼ਬਦ ਮਨੁੱਖ ਅਤੇ ਇਸਤਰੀ ਦੀ ਮੁਹੱਬਤ ਵਲ ਸੰਕੇਤ ਕਰਦਾ ਹੈ।

ਜਿਵੇਂ ਕਿ ਉਪਰ ਸਪਸ਼ਟ ਕੀਤਾ ਗਿਆ ਹੈ, ਸੰਕਲਪ ਅਮੂਰਤੀਕਰਣ ਅਤੇ ਸਾਧਾਰਣੀਕਰਣ ਦੀ ਪ੍ਰਕ੍ਰਿਆ ਦੇ ਫਲਸਰੂਪ ਹੋਂਦ ਵਿਚ ਆਉਂਦੇ ਹਨ, ਇਸ ਲਈ ਇਹ ਕਾਲ-ਵਿਸ਼ੇਸ਼ ਦੇ ਬੁਲਾਰਿਆਂ ਲਈ ਬੁਨਿਆਦੀ ਤੌਰ ਤੇ ਸਮਾਨ ਹੁੰਦੇ ਹਨ। ਪਰੰਤੂ ਵਿਭਿੰਨ ਭਾਸ਼ਾਵਾਂ ਵਿਚ ਇਨ੍ਹਾਂ ਦੀ ਪਛਾਣ ਅਤੇ ਵਿਆਖਿਆ ਵੱਖ ਵੱਖ ਢੰਗਾਂ ਨਾਲ ਕੀਤੀ ਜਾਂਦੀ ਹੈ ਅਤੇ ਇਸੇ ਕਰਕੇ ਅਰਥ ਨੂੰ ਨਿਰਧਾਰਿਤ ਕਰਨ ਵਾਲੇ ਲੱਛਣ ਹਰੇਕ ਭਾਸ਼ਾ ਲਈ ਵਿਸ਼ੇਸ਼ ਲੱਛਣ ਬਣ ਜਾਂਦੇ ਹਨ। ਜੋ ਇਕ ਭਾਸ਼ਾ ਵਿਚ ਮਹੱਤਵਪੂਰਣ ਹੈ, ਉਹ ਦੂਜੀ ਭਾਸ਼ਾ ਵਿਚ ਉੱਨਾ ਮਹੱਤਵਪੂਰਣ ਨਹੀਂ ਹੋ ਸਕਦਾ। ਹੱਥ ਅਤੇ ਬਾਂਹ ਨਾਲ ਜੋ ਅੰਗ੍ਰੇਜ਼ੀ ਵਿਚ ਸੂਚਿਤ ਕੀਤਾ ਜਾਂਦਾ ਹੈ, ਇਨ੍ਹਾਂ ਦੋਹਾਂ ਲਈ ਰੂਸੀ ਸ਼ਬਦ rurka ਹੈ।

ਪਰੰਤੂ ਵਿਭਿੰਨ ਭਾਸ਼ਾਵਾਂ ਵਿਚ ਅਤਿਅਧਿਕ ਮਹੱਤਵਪੂਰਣ ਭਿੰਨਤਾਸੂਚਕ ਸ਼ਬਦਾਵਲੀ ਸਮੇਂ, ਰੰਗ ਅਤੇ ਨਾਤੇਦਾਰੀ ਦੇ ਸੰਕਲਪਾਂ ਨਾਲ ਸੰਬੰਧਿਤ ਹੁੰਦੀ ਹੈ। ਇਸ ਦਾ ਕਾਰਣ ਭਿੰਨ ਸਭਿਆਚਾਰਕ ਸਥਿਤੀ ਹੈ। ਪੰਜਾਬੀ ਨਾਤੇਦਾਰੀ ਪ੍ਰਬੰਧ ਵਿਚ ਪ੍ਰਚਲਿਤ ਸ਼ਬਦਾਵਲੀ ਦੇ ਅੰਗ੍ਰੇਜ਼ੀ ਭਾਸ਼ਾ ਵਿਚ ਸਮਤੁੱਲ ਸ਼ਬਦ ਉਪਲਬਧ ਨਹੀਂ ਹਨ। ਉਦਾਹਰਣ ਵਜੋਂ, ਭਣੋਈਆ, ਜੀਜਾ, ਸਾਲਾ, ਜੇਠ, ਦਿਓਰ, ਨਣਦੋਈਆ ਅਤੇ ਸਾਢੂ ਲਈ ਅੰਗ੍ਰੇਜ਼ੀ ਵਿਚ ਕੇਵਲ ਇਕ ਸ਼ਬਦ brother-in-law ਪ੍ਰਚਲਿਤ ਹੈ। ਅੰਗ੍ਰੇਜ਼ੀ uncle ਦੇ ਸਮਤੁੱਲ ਪੰਜਾਬੀ ਵਿਚ ਕਈ ਸ਼ਬਦ ਪ੍ਰਚਲਿਤ ਹਨ ਜਿਵੇਂ ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ ਆਦਿ। ਇਸੇ ਤਰ੍ਹਾਂ ਅੰਗ੍ਰੇਜ਼ੀ ਵਿਚ ਰੰਗਾਂ ਲਈ ਗਿਆਰਾਂ ਪਦ ਪ੍ਰਚਲਿਤ ਹਨ ਜਦੋਂ ਕਿ ਤਮਿਲ ਵਿਚ ਛੇ ਹਨ। ਇੰਜ ਹੀ ਸਮੇਂ ਨਾਲ ਸੰਬੰਧਿਤ ਪਦ ਵੀ ਹਰੇਕ ਭਾਸ਼ਾ ਵਿਚ ਭਿੰਨ ਭਿੰਨ ਹੁੰਦੇ ਹਨ। ਪੰਜਾਬੀ ਦਾ ਛਾਹਵੇਲਾ ਅੰਗ੍ਰੇਜ਼ੀ breakfast ਦੇ ਸਮਤੁੱਲ

ਨਹੀਂ ਹੈ ।

3.2.1 ਵਾਚਾਰਥ ਅਤੇ ਲੱਖਣਾਰਥ : ਉਪਰ ਕੋਸ਼ੀ ਇਕਾਈ ਦੇ ਅਰਥ-ਤੱਤਾਂ ਦਾ ਜ਼ਿਕਰ ਕਰਦਿਆਂ ਵਾਚਾਰਥ ਅਤੇ ਲੱਖਣਾਰਥ ਵਲ ਸੰਕੇਤ ਕੀਤਾ ਗਿਆ ਹੈ । ਇਨ੍ਹਾਂ ਸੰਕਲਪਾਂ ਨੂੰ ਵੀ ਥੋੜ੍ਹਾ ਵਿਸਤਾਰ ਵਿਚ ਸਪਸ਼ਟ ਕਰਨ ਦੀ ਲੋੜ ਹੈ ਕਿਉਂਕਿ ਇਹ ਦੋਵੇਂ ਸੰਕਲਪ ਅਰਥ ਦੇ ਮੂਲ-ਆਧਾਰੀ ਤੱਤ ਹਨ। "ਅਰਥ ਨਿਰਧਾਰਣ ਲਈ ਮਹੱਤਵਪੂਰਣ ਲੱਛਣਾਂ ਨੂੰ ਅਰਥਗਤ ਲੱਛਣ ਜਾਂ ਅਰਥ-ਤੱਤ ਆਖਿਆ ਜਾਂਦਾ ਹੈ । ਇਨ੍ਹਾਂ ਵਿਚੋਂ ਕੁਝ ਤੱਤ ਮੂਲ, ਸਰਲ ਅਤੇ ਆਮ ਹਨ ਜਿਨ੍ਹਾਂ ਨੂੰ ਭਾਸ਼ਾ ਦੇ ਸਾਰੇ ਬੁਲਾਰੇ ਸਮਝ ਲੈਂਦੇ ਹਨ। ਇਨ੍ਹਾਂ ਤੱਤਾਂ ਨੂੰ ਵਾਚਾਰਥੀ ਤੱਤ ਆਖਿਆ ਜਾਂਦਾ ਹੈ ਅਤੇ ਇਨ੍ਹਾਂ ਤੇ ਆਧਾਰਿਤ ਅਰਥ ਨੂੰ ਵਾਚਾਰਥ ਜਾਂ ਸੰਕੇਤ-ਅਰਥ ਕਿਹਾ ਜਾਂਦਾ ਹੈ। ਇਹ ਅਰਥ, ਅਰਥ ਦਾ ਮੂਲ ਸਾਰਤੱਤ ਹੈ ਜਿਹੜਾ ਸੰਚਾਰ ਨੂੰ ਸੰਭਵ ਬਣਾਉਂਦਾ ਹੈ । ਉਦਾਹਰਣ ਵਜੋਂ, ਸ਼ਬਦ ਕੁਰਸੀ ਦਾ ਪ੍ਰਯੋਗ ਕਰਨ ਨਾਲ ਸਾਡੇ ਸਾਮ੍ਹਣੇ 'ਕੁਰਸੀ' ਵਸਤ ਦਾ ਚਿੱਤਰ ਉਭਰ ਆਉਂਦਾ ਹੈ। ਪਰੰਤੂ ਵਾਚਾਰਥ ਹੀ ਕੋਸ਼ੀ ਇਕਾਈਆਂ ਦੇ ਸਾਰੇ ਅਰਥਾਂ ਦਾ ਵਰਣਨ ਕਰਨ ਲਈ ਕਾਫੀ ਨਹੀਂ ਹੈ। ਹੇਠ ਲਿਖੇ ਸ਼ਬਦਾਂ ਦੀ ਤੁਲਨਾ ਕਰਨ ਨਾਲ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਹੋ ਜਾਵੇਗੀ :

ਅੰਗ੍ਰੇਜ਼ੀ : 1. kill, murder, assassinate; 2. eat, partake, peck, wolf, devour; **ਪੰਜਾਬੀ :** ਮਰਨਾ, ਚਲਾਣਾ ਕਰਨਾ, ਦਿਹਾਂਤ ਹੋਣਾ, ਸੁਰਗਵਾਸ ਹੋਣਾ ।

1. Kill : put to death, cause to die.

murder : Kill unlawfully and on purpose.

assassinate: to kill (especially an important politician, ruler) violently and treacherously especially for political reasons.

2. eat : to take into mouth and swallow it.

partake : to share the food.

peck : to eat without appetite.

wolf : to eat quickly and greedily.

devour : to eat hungrily and greedily.

ਪੰਜਾਬੀ : **ਮਰਨਾ :** ਪ੍ਰਾਣ ਨਿਕਲਣੇ ।

ਚਲਾਣਾ ਕਰਨਾ : ਸੰਸਾਰ ਤੋਂ ਕੂਚ ਕਰਨਾ ।

ਦਿਹਾਂਤ ਹੋਣਾ : ਸਰੀਰ ਤਿਆਗਣਾ ।

ਸੁਰਗਵਾਸ ਹੋਣਾ : ਮਰਨਾ ਲਈ ਸਨਮਾਨਬੋਧਕ ਸ਼ਬਦ ।

ਇਨ੍ਹਾਂ ਉਦਾਹਰਣਾਂ ਤੋਂ ਇਕ ਗੱਲ ਸਪਸ਼ਟ ਹੈ ਕਿ ਹਰੇਕ ਸ਼ਬਦ-ਸਮੂਹ ਦੇ ਸਾਰੇ ਸ਼ਬਦਾਂ ਦੇ ਕੁਝ ਅਰਥਗਤ ਲੱਛਣ ਸਾਂਝੇ ਹਨ ਜਿਹੜੇ ਮੂਲ ਅਰਥ ਜਾਂ ਵਾਚਾਰਥ ਨੂੰ ਪ੍ਰਗਟਾਉਂਦੇ ਹਨ। ਅਸੀਂ ਇਹ ਵੀ ਵੇਖਦੇ ਹਾਂ ਕਿ ਵਾਚਾਰਥ ਕਿਸੇ ਪਦਾਰਥ ਬਾਰੇ ਸਰਲ ਅਤੇ ਤੱਥਾਤਮਕ ਕਥਨ ਹੁੰਦਾ ਹੈ ਅਤੇ ਬੇਰੰਗ ਤੇ ਨਿਸ਼ਪ੍ਰਭਾਵੀ ਹੁੰਦਾ ਹੈ। kill ਦਾ ਮਤਲਬ ਹੈ ਕੇਵਲ ਜਾਨੋਂ ਮਾਰਨਾ, ਪਰੰਤੂ murder ਸ਼ਬਦ ਦੇ ਕੁਝ ਹੋਰ ਵੀ ਫਾਲਤੂ ਜਾਂ ਪੂਰਕ ਲੱਛਣ ਹਨ ਜਿਹੜੇ ਇਸ ਦੇ ਅਰਥ ਨੂੰ ਨਿਰਧਾਰਿਤ ਕਰਦੇ ਹਨ। ਇਸੇ ਤਰ੍ਹਾਂ, partake, peck, wolf ਅਤੇ devour ਦੇ eat ਨਾਲੋਂ ਕੁਝ ਫਾਲਤੂ ਲੱਛਣ ਹਨ। ਇਹ ਫਾਲਤੂ ਲੱਛਣ ਮੂਲ ਵਾਚਰਥ ਵਿਚ ਕੁਝ ਹੋਰ ਅਰਥ ਜੋੜ ਦਿੰਦੇ ਹਨ। ਇਨ੍ਹਾਂ ਲੱਛਣਾਂ ਨੂੰ ਲਾਖਣਿਕ ਤੱਤ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਤੇ ਆਧਾਰਿਤ ਅਰਥਾਂ ਨੂੰ ਲੱਖਣਾਰਥ ਜਾਂ ਲਾਖਣਿਕ ਅਰਥ ਆਖਿਆ ਜਾਂਦਾ ਹੈ। ਵਿਭਿੰਨ ਭਾਸ਼ਾ-ਸ਼ੈਲੀਆਂ ਅਤੇ ਭਾਸ਼ਾ ਦੀ ਸਮੁੱਚੀ ਵੱਖਰਤਾ (variation) ਦਾ ਖੇਤਰ ਲਾਖਣਿਕ ਅਰਥ ਨਾਲ ਸੰਬੰਧਿਤ ਹੈ।''[9]

ਜਦੋਂ ਵਾਚਾਰਥ ਮਨਚਾਹੇ ਭਾਵ ਪ੍ਰਗਟ ਕਰਨ ਦੇ ਅਸਮਰੱਥ ਹੁੰਦਾ ਹੈ ਤਾਂ ਅਸੀਂ ਲੱਖਣਾਰਥ ਦਾ ਸਹਾਰਾ ਲੈਂਦੇ ਹਾਂ। ਉਦਾਹਰਣ ਵਜੋਂ, ਜਦੋਂ ਬੁਲਾਰਾ ਇਹ ਮਹਿਸੂਸ ਕਰਦਾ ਹੈ ਕਿ ਵਿਅੰਗ, ਹਾਸਰਸ, ਸਤਿਕਾਰ, ਮਜ਼ਾਕ ਆਦਿ ਕੁਝ ਮਨਚਾਹੇ ਅਤਿਰਿਕਤ ਪ੍ਰਭਾਵ ਪੈਦਾ ਕਰਨ ਲਈ ਵਾਚਾਰਥ ਕਾਫ਼ੀ ਨਹੀਂ ਹੈ, ਤਾਂ ਉਹ ਸ਼ਬਦਾਂ ਵਿਚ ਲੱਖਣਾਰਥ ਜੋੜਦਾ ਹੈ। ਜੇ ਅਸੀਂ ਕਹੀਏ ਕਿ 'ਕੁਰਸੀ ਲੱਕੜ ਦੀ ਬਣੀ ਹੋਈ ਹੈ', ਤਾਂ ਇਹ ਕੇਵਲ ਕੁਰਸੀ ਸ਼ਬਦ ਦਾ ਵਾਚਾਰਥੀ ਪ੍ਰਯੋਗ ਹੈ। ਪਰ ਜੇ ਅਸੀਂ ਇਹ ਕਹੀਏ ਕਿ 'ਕੁਰਸੀ ਤੇ ਬੈਠ ਕੇ ਬੰਦਾ ਅੱਖਾਂ ਫੇਰ ਲੈਂਦਾ ਹੈ' ਜਾਂ 'ਅੱਜ ਕੱਲ੍ਹ ਤਾਂ ਕੁਰਸੀ ਨੂੰ ਹੀ ਸਲਾਮਾਂ ਪੈਂਦੀਆਂ ਹਨ' ਤਾਂ ਇਥੇ ਕੁਰਸੀ ਸ਼ਬਦ ਵਾਚਾਰਥ ਤੋਂ ਅਗਾਂਹ ਲੱਖਣਾਰਥ ਦਾ ਵਾਹਕ ਬਣ ਜਾਂਦਾ ਹੈ ਅਤੇ 'ਅਹੁਦੇ' ਦੇ ਅਰਥ ਦਾ ਸੰਚਾਰ ਕਰਦਾ ਹੈ। ਅਰਥ ਦਾ ਲੱਖਣਾਰਥੀ ਤੱਤ ਬੁਲਾਰੇ ਦੀ ਭਾਵਨਾਪੂਰਣ ਜਾਂ ਭਾਵਬੱਧਕ ਧਾਰਣਾ ਜਾਂ ਸ਼ੈਲੀਗਤ ਮੁੱਲਾਂ ਨਾਲ ਸੰਬੰਧ ਰਖਦਾ ਹੈ। ਕਹਿਣ ਦਾ ਭਾਵ ਇਹ ਕਿ ਵਾਚਾਰਥ ਕੇਂਦਰੀ ਅਤੇ ਸਥਿਰ ਅਰਥ ਹੈ ਅਤੇ ਲਾਖਣਿਕ ਅਰਥ ਅਪਕੇਂਦਰੀ ਅਤੇ ਅਸਥਿਰ ਹੁੰਦਾ ਹੈ।

ਵਾਚਾਰਥ ਸਮੇਂ, ਸਮਾਜ ਅਤੇ ਵਿਅਕਤੀ ਅਨੁਸਾਰ ਸਮਾਨ ਰਹਿੰਦਾ ਹੈ, ਪਰੰਤੂ ਲੱਖਣਾਰਥ ਬਦਲਦਾ ਰਹਿੰਦਾ ਹੈ। ਸ਼ਬਦ 'ਘਰਵਾਲਾ' ਜਾਂ 'ਘਰਵਾਲੀ' ਦੇ ਵਿਭਿੰਨ ਵਿਅਕਤੀਆਂ ਲਈ ਵਿਭਿੰਨ ਅਰਥ ਹਨ। ਇਕ ਪ੍ਰਸੰਗ ਵਿਚ 'ਘਰਵਾਲਾ' 'ਮਕਾਨ ਮਾਲਿਕ' ਦਾ ਭਾਵ ਪ੍ਰਗਟਾਉਂਦਾ ਹੈ ਅਤੇ ਦੂਜੇ ਪ੍ਰਸੰਗ ਵਿਚ 'ਪਤੀ' ਦੇ ਅਰਥਾਂ ਦਾ ਸੂਚਕ ਹੈ। ਇਹੀ ਹਾਲ ਸ਼ਬਦ 'ਘਰਵਾਲੀ' ਦਾ ਹੈ।

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਲੱਖਣਾਰਥ ਅਸਥਿਰ ਹੁੰਦਾ ਹੈ। ਇਸ ਦੀ ਵਰਤੋਂ ਆਰੰਭ ਵਿਚ ਵਿਅਕਤੀਆਂ ਵਲੋਂ ਅਰਥ-ਵਿਸਤਾਰ ਲਈ ਕੀਤੀ ਜਾਂਦੀ ਹੈ।

ਸ਼ੁਰੂ ਵਿਚ ਇਨ੍ਹਾਂ ਨੂੰ ਕਦੇ-ਕਦਾਈਂ ਵਰਤਿਆ ਜਾਂਦਾ ਹੈ, ਪਰ ਸਮਾਂ ਪਾ ਕੇ ਇਹ ਅਰਥ ਸਮਾਜੀਕ੍ਰਿਤ ਹੋ ਕੇ ਪ੍ਰਚਲਿਤ, ਆਮਫਹਿਮ ਅਤੇ ਸਥਿਰ ਹੋ ਜਾਂਦੇ ਹਨ ਅਤੇ ਭਾਸ਼ਾ ਦੀ ਅਰਥ-ਸਮਰਥਾ ਦਾ ਅਨਿਖੜ ਅੰਗ ਬਣ ਜਾਂਦੇ ਹਨ। ਮਿਸਾਲ ਦੇ ਤੌਰ ਤੇ, ਪਹਿਲਾਂ ਪਹਿਲ ਰਾਜਾ ਸ਼ਬਦ ਦਾ ਅਰਥ 'ਬਾਦਸ਼ਾਹ' ਸੀ, ਪਰ ਹੌਲੀ ਹੌਲੀ ਇਸ ਵਿਚ 'ਨਾਈ' ਦੇ ਅਰਥ ਵੀ ਪ੍ਰਵੇਸ਼ ਕਰ ਗਏ ਅਤੇ ਹੁਣ ਇਹ ਅਰਥ ਵੀ ਸਮਾਜੀਕ੍ਰਿਤ ਹੋ ਕੇ ਪ੍ਰਚਲਿਤ ਹੋ ਗਿਆ ਹੈ। ਇਸੇ ਪ੍ਰਕਾਰ, ਪਹਿਲਾਂ ਪੰਡਿਤ ਸ਼ਬਦ ਤੋਂ ਮੁਰਾਦ 'ਵਿਦਵਾਨ ਵਿਅਕਤੀ' ਤੋਂ ਸੀ, ਪਰੰਤੂ ਹੁਣ ਇਹ ਸ਼ਬਦ 'ਬ੍ਰਾਹਮਣ' ਦਾ ਪਰਿਆਇ ਬਣ ਗਿਆ ਹੈ। ਇਹ ਗੱਲ ਹੋਰ ਅਣਗਿਣਤ ਸ਼ਬਦਾਂ ਬਾਰੇ ਕਹੀ ਜਾ ਸਕਦੀ ਹੈ। ਇਉਂ ਹੀ ਸ਼ੈਲੀਗਤ ਭਿੰਨਤਾਵਾਂ ਵੀ ਲੱਖਣਾਰਥ ਦੇ ਅੰਤਰਗਤ ਆਉਂਦੀਆਂ ਹਨ। "ਲੱਖਣਾਰਥ ਵਿਚ ਭਾਸ਼ਾ ਦੇ ਇਹ ਭਿੰਨ ਭਿੰਨ ਰੂਪ ਨਿਹਿਤ ਹੁੰਦੇ ਹਨ : ਅਪਭਾਸ਼ਾ, ਵਿਵਸਾਇਕ ਸ਼ਬਦਾਵਲੀ, ਬੋਲੇ, ਉਪਭਾਸ਼ਾਈ ਸ਼ਬਦ, ਨਵ-ਨਿਰਮਿਤ ਜਾਂ ਨਵੇਂ ਘੜੇ ਸ਼ਬਦ, ਕਾਵਿਕ ਤੇ ਬਾਲ ਭਾਸ਼ਾਵਾਂ ਆਦਿ।"[10] ਮਿਸਾਲ ਵਜੋਂ, ਕੱਟਾ ਸ਼ਬਦ ਦਾ ਅਰਥ 'ਮੱਝ ਦਾ ਬੱਚਾ' ਹੈ, ਪਰ ਮਲਵਈ ਉਪਭਾਸ਼ਾ ਵਿਚ ਇਹ ਸ਼ਬਦ ਹੌਲੀ ਹੌਲੀ 'ਬ੍ਰਾਹਮਣ' ਦਾ ਅਰਥ ਗ੍ਰਹਿਣ ਕਰ ਗਿਆ ਅਤੇ ਬ੍ਰਾਹਮਣ ਲਈ 'ਬਾਹਮਣ-ਕੱਟਾ' ਦਾ ਉਪਭਾਸ਼ਾਈ ਪ੍ਰਯੋਗ ਹੋਣ ਲੱਗਾ, ਭਾਵੇਂ ਇਸ ਅਰਥ-ਪਰਿਵਰਤਨ ਦੇ ਕਝ ਸਭਿਆਚਾਰਕ ਕਾਰਣ ਵੀ ਲੱਭੇ ਜਾ ਸਕਦੇ ਹਨ। ਇੰਜ ਹੀ 'ਸਿੰਘਾਂ ਦੇ ਬੋਲੇ' ਆਦਿ ਸ਼ੈਲੀਗਤ ਭਿੰਨਤਾਵਾਂ ਦੇ ਅੰਤਰਗਤ ਆਉਂਦੇ ਹਨ।

3.2.2 ਸ਼ਬਦ-ਸੰਗਤ : ਸ਼ਬਦ-ਸੰਗਤ ਦਾ ਅਰਥ ਹੈ ਕਿ ਕੁਝ ਸ਼ਬਦ ਵਿਸ਼ੇਸ਼ ਸ਼ਬਦਾਂ ਦੀ ਸੰਗਤ ਵਿਚ ਹੀ ਸਾਰਥਕਤਾ ਗ੍ਰਹਿਣ ਕਰਦੇ ਹਨ। ਇਹ ਵਰਤਾਰਾ ਭਾਸ਼ਾ ਦੀ ਅਭਿਵਿਅਕਤੀ-ਸਮਰਥਾ ਦਾ ਸੂਚਕ ਹੈ। ਕੋਸ਼ ਵਿਚ ਸ਼ਾਮਿਲ ਕੀਤੀਆਂ ਜਾਣ ਵਾਲੀਆਂ ਕੋਸ਼ੀ ਇਕਾਈਆਂ ਕੇਵਲ ਵਾਚਾਰਥ ਜਾਂ ਲੱਖਣਾਰਥ ਦੇ ਅੰਤਰਗਤ ਹੀ ਨਹੀਂ ਸਮਾਉਂਦੀਆਂ, ਸਗੋਂ ਇਨ੍ਹਾਂ ਦੀ ਕੋਸ਼ੀ ਸਮਰਥਾ ਸ਼ਬਦ-ਸੰਗਤ ਦੁਆਰਾ ਪ੍ਰਭਾਵਿਤ ਹੁੰਦੀ ਹੈ। ਉਦਾਹਰਣ ਲਈ, ਅੰਗ੍ਰੇਜ਼ੀ ਸ਼ਬਦ raw ਅਤੇ uncooked ਦਾ ਇਕ ਅਰਥ 'ਕੱਚਾ' ਸਾਂਝਾ ਹੈ, ਪਰੰਤੂ ਸ਼ਬਦ-ਸੰਗਤ ਵਿਚ ਇਹ ਸ਼ਬਦ ਵਿਭਿੰਨ ਸ਼ਬਦ-ਜੁੱਟਾਂ ਵਿਚ ਹੀ ਸਾਰਥਕਤਾ ਗ੍ਰਹਿਣ ਕਰਦੇ ਹਨ। ਅਸੀਂ raw spirit ਕਹਿੰਦੇ ਹਾਂ, uncooked spirit ਨਹੀਂ। ਇੰਜ ਹੀ ਪੰਜਾਬੀ ਦੇ ਸ਼ਬਦਾਂ **ਲਾਲ** ਅਤੇ **ਰੱਤਾ** ਦੋਹਾਂ ਦਾ ਅਰਥ ਸਮਾਨ ਹੈ, ਪਰੰਤੂ ਅਸੀਂ **ਲਾਲ ਚੂੜਾ** ਕਹਾਂਗੇ, **ਰੱਤਾ ਚੂੜਾ** ਨਹੀਂ; **ਰੱਤਾ ਸਾਲੂ** ਕਹਾਂਗੇ, **ਲਾਲ ਸਾਲੂ** ਨਹੀਂ; **ਲਾਲ ਝੰਡਾ** ਕਹਿੰਦੇ ਹਾਂ, **ਰੱਤਾ ਝੰਡਾ** ਨਹੀਂ। ਇੰਜ ਹੀ ਹਿੰਦੀ **ਹਾਥ** ਅਤੇ **ਪਾਣਿ** ਦਾ ਅਰਥ 'ਹੱਥ' ਹੈ, ਪਰੰਤੂ ਅਸੀਂ ਪ੍ਰਾਣਿਗ੍ਰਹਣ (ਵਿਆਹ) ਅਤੇ **ਹਾਥ** ਮਿਲਾਨਾ ਕਹਿੰਦੇ ਹਾਂ, ਨਾ ਕਿ ਹਾਥਗ੍ਰਹਣ ਅਤੇ ਪਾਣਿ ਮਿਲਾਨਾ। ਇਸੇ ਤਰ੍ਹਾਂ ਪੰਜਾਬੀ **ਵੱਡਾ** ਤੇ **ਵਿਸ਼ਾਲ** ਦਾ ਅਰਥ 'ਬੜਾ' ਹੈ, ਪਰੰਤੂ **ਵੱਡਾ ਭਰਾ** ਦੀ ਥਾਂ **ਵਿਸ਼ਾਲ ਭਰਾ** ਕਹਿਣਾ ਪੰਜਾਬੀ ਭਾਸ਼ਾ ਦੇ ਸ਼ਬਦ-ਸੰਗਤ ਨਿਯਮਾਂ ਦੇ ਵਿਰੁੱਧ ਹੈ। ਕਹਿਣ ਦਾ ਭਾਵ ਇਹ ਕਿ ਕੁਝ ਸ਼ਬਦਾਂ ਦੀ ਸ਼ਬਦ-

ਸੰਗਤ ਇਕ ਵਿਸ਼ੇਸ਼ ਸ਼ਬਦ-ਸਮੂਹ ਨਾਲ ਹੀ ਹੋ ਸਕਦੀ ਹੈ। ਪੰਜਾਬੀ ਸ਼ਬਦ ਬੇਹੀ ਰੋਟੀ/ ਸਬਜ਼ੀ ਨਾਲ ਜੋੜਿਆ ਜਾ ਸਕਦਾ ਹੈ, ਕਣਕ ਨਾਲ ਨਹੀਂ; ਰਮਣੀਕ ਥਾਂ ਹੋ ਸਕਦੀ ਹੈ, ਲੜਕੀ ਜਾਂ ਇਸਤਰੀ ਨਹੀਂ। ਇਸ ਪ੍ਰਕਾਰ ਵਾਚਾਰਥ ਅਤੇ ਲੱਖਣਾਰਥ ਦੇ ਨਾਲ ਨਾਲ ਸ਼ਬਦ-ਸੰਗਤ ਅਤੇ ਪ੍ਰਯੋਗ-ਖੇਤਰ ਵੀ ਸ਼ਬਦਾਂ ਦੇ ਅਰਥ ਨਿਰਧਾਰਿਤ ਕਰਨ ਵਿਚ ਅਹਿਮ ਰੋਲ ਅਦਾ ਕਰਦੇ ਹਨ। ਇਸ ਦੀ ਅਸ਼ੁੱਧ ਵਰਤੋਂ ਨਾਲ ਅਰਥ ਦਾ ਅਨਰਥ ਹੋ ਸਕਦਾ ਹੈ।

3.2.3 **ਕੋਸ਼ੀ ਅਰਥ :** ਜਿਵੇਂ ਕਿ ਪਹਿਲਾਂ ਸਪਸ਼ਟ ਕੀਤਾ ਜਾ ਚੁਕਾ ਹੈ, ਉਪਰ-ਵਰਣਿਤ ਅਰਥਾਂ ਦੀਆਂ ਕਿਸਮਾਂ ਜਾਂ ਤੱਤ ਭਾਸ਼ਾ-ਬਾਹਰੇ ਪਦਾਰਥਕ ਜਗਤ ਵਿਚ ਸਥਿਤ ਪਦਾਰਥਾਂ ਅਥਵਾ ਚਿੰਨ੍ਹਾਂ ਅਤੇ ਭਾਸ਼ਾਈ ਰੂਪਾਂ ਅਰਥਾਤ ਚਿੰਨ੍ਹਕਾਂ ਦੇ ਅੰਤਰਸੰਬੰਧ ਤੇ ਆਧਾਰਿਤ ਹਨ। ਚਿੰਨ੍ਹ ਅਤੇ ਚਿੰਨ੍ਹਕ ਦੇ ਮੇਲ ਤੋਂ ਅਰਥ ਦਾ ਸੰਚਾਰ ਹੁੰਦਾ ਹੈ। boy, boys, boy's ਜਾਂ ਖੇਡਣਾ, ਖੇਡਿਆ, ਖੇਡੇਗਾ ਵਿਚ ਅਸੀਂ ਸ਼ਬਦਾਂ ਦੇ ਸਾਰੇ ਰੂਪਾਂ ਵਿਚ ਸਮਾਨ ਅਰਥਗਤ ਤੱਤ ਵੇਖਦੇ ਹਾਂ। ਸ਼ਬਦ ਦੇ ਸਾਰੇ ਰੂਪਾਂ ਵਿਚ ਆਵਰਤੀ ਅਰਥ ਸਮਾਨ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਅਰਥ ਨੂੰ ਕੋਸ਼ੀ ਅਰਥ ਆਖਦੇ ਹਨ। ਜਦੋਂ ਅਸੀਂ ਕੋਸ਼ੀ ਅਰਥ ਦੀ ਗੱਲ ਕਰਦੇ ਹਾਂ ਤਾਂ ਸਾਡੇ ਜ਼ਿਹਨ ਵਿਚ ਭਾਸ਼ਾ-ਪ੍ਰਬੰਧ ਦੇ ਅੰਗ ਵਜੋਂ ਸ਼ਬਦਾਂ (ਕੋਸ਼ੀ ਇਕਾਈਆਂ) ਦਾ ਅਰਥ ਹੁੰਦਾ ਹੈ। ਕੋਸ਼ੀ ਅਰਥ ਦੇ ਵਿਭਿੰਨ ਤੱਤਾਂ ਵ ਚਾਰਥ, ਲੱਖਣਾਰਥ ਅਤੇ ਪ੍ਰਯੋਗ-ਖੇਤਰ ਤੇ ਅਸੀਂ ਉਪਰ ਵਿਸਤਾਰ ਵਿਚ ਵਿਚਾਰ ਕਰ ਆਏ ਹਾਂ।

3.2.4 **ਪ੍ਰਕਾਰਜੀ ਜਾਂ ਵਿਆਕਰਣਕ ਅਰਥ :** ਭਾਸ਼ਾ-ਵਿਗਿਆਨੀਆਂ ਦਾ ਮਤ ਹੈ ਕਿ ਸ਼ਬਦ ਦੀ ਭਾਵੇਂ ਵੱਖਰੀ ਹੋਂਦ ਹੁੰਦੀ ਹੈ, ਪਰੰਤੂ ਸੰਦਰਭ ਵਿਚ ਹੀ ਇਹ ਅਰਥ ਦਾ ਸੰਚਾਰ ਕਰਦਾ ਹੈ। ਅਰਥ ਦੇ ਸੰਚਾਰ ਲਈ, ਸ਼ਬਦਾਂ ਨੂੰ ਕਿਸੇ ਜੁਗਤ ਵਿਚ ਵਿਵਸਥਿਤ ਕੀਤਾ ਜਾਂਦਾ ਹੈ। ਇਸ ਮਨੋਰਥ ਲਈ ਸ਼ਬਦ-ਸੰਗਤ, ਸ਼ਬਦ-ਸੰਯੋਜਨ ਅਤੇ ਵਾਕ-ਰਚਨਾ ਦੇ ਰੂਪ ਵਿਚ ਸ਼ਬਦ ਸਾਡੇ ਸਾਮ੍ਹਣੇ ਦ੍ਰਿਸ਼ਟੀਗੋਚਰ ਹੁੰਦੇ ਹਨ। ਕਹਿਣ ਦਾ ਭਾਵ ਇਹ ਕਿ ਅਸੀਂ ਕੋਸ਼ੀ ਅਰਥ ਦਾ ਗਿਆਨ ਭਾਸ਼ਾ-ਪ੍ਰਬੰਧ ਦੇ ਇਕ ਅੰਗ ਵਜੋਂ ਹੀ ਪ੍ਰਾਪਤ ਕਰ ਸਕਦੇ ਹਾਂ ਅਤੇ ਸ ਡੀ ਪ੍ਰਤੱਖ ਸੂਚਨਾ ਦਾ ਮੁੱਖ ਸ੍ਰੋਤ ਪ੍ਰਯੋਗ-ਉਕਤੀਆਂ ਜਾਂ ਟੂਕਾਂ ਹਨ। ਸੋ, ਰੂਪ-ਵਿਗਿਆਨਕ ਅਤੇ ਵਾਕ-ਰਚਨਾਵੀ ਵਿਧੀਆਂ ਰਾਹੀਂ ਪ੍ਰਗਟਾਈਆ ਇਨ੍ਹਾਂ ਜੁਗਤਾਂ ਦੀਆ ਕੋਸ਼ੀ ਇਕਾਈਆਂ ਵਿਚ ਕੋਈ ਨਾ ਕੋਈ ਅੰਤਰਸੰਬੰਧ ਅਵੱਸ਼ ਵਿਦਮਾਨ ਹੁੰਦਾ ਹੈ। ਇਨ੍ਹਾ ਵਿਧੀਆਂ ਰਾਹੀਂ ਪ੍ਰਗਟਾਇਆ ਅਰਥ, ਪ੍ਰਕਾਰਜੀ ਜਾਂ ਵਿਆਕਰਣਕ ਅਰਥ ਹੁੰਦਾ ਹੈ। ਉਦਾਹਰਣ ਵਜੋਂ, ਜਦੋਂ ਅਸੀਂ ਪੁਸਤਕਾਂ, ਮਨੁੱਖਾਂ, ਦਰਖਤਾਂ ਆਦਿ ਸ਼ਬਦ-ਰੂਪਾਂ ਨੂੰ ਵਾਚਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਇਨ੍ਹਾਂ ਸ਼ਬਦਾਂ ਦੇ ਕੋਈ ਕੋਸ਼ੀ ਅਰਥ ਹਨ ਜਿਹੜੇ ਹਰੇਕ ਲਈ ਭਿੰਨ ਹਨ। ਪਰੰਤੂ ਇਕ ਲੱਛਣ ਇਨ੍ਹਾਂ ਸਾਰਿਆਂ ਵਿਚ ਸਾਂਝਾ ਹੈ : ਇਹ ਲੱਛਣ 'ਬਹੁਵਚਨਤਾ' ਦਾ ਪ੍ਰਕਾਰਜ ਹੈ ਅਤੇ ਇਸ ਪ੍ਰਕਾਰਜ ਦੁਆਰਾ ਵਿਅਕਤ ਅਰਥ ਨੂੰ

ਵਿਆਕਰਣਕ ਅਰਥ ਕਿਹਾ ਜਾਂਦਾ ਹੈ। "ਸ਼ਬਦਾਂ ਦੇ ਕੁਝ ਵਰਗਾਂ, ਮੁੱਖ ਤੌਰ ਤੇ ਮੁੱਖ ਸ਼ਬਦ-ਭੇਦ, ਦੇ ਕੋਸ਼ੀ ਅਰਥ ਵੀ ਹੁੰਦੇ ਹਨ ਅਤੇ ਵਿਆਕਰਣਕ ਵੀ। ਅਲਪ ਸ਼ਬਦ-ਭੇਦਾਂ ਜਿਵੇਂ ਉਪ-ਪਦ (ਆਰਟੀਕਲ), ਪੂਰਵਸਰਗ ਆਦਿ ਦਾ ਕੇਵਲ ਵਿਆਕਰਣਕ ਜਾਂ ਸੰਰਚਨਾਤਮਕ ਅਰਥ ਹੀ ਹੁੰਦਾ ਹੈ। ਕੋਸ਼ੀ ਅਰਥਾਂ ਵਾਲੇ ਸ਼ਬਦਾਂ ਨੂੰ ਪੂਰਣ-ਅਰਥ ਸ਼ਬਦ (content words) ਜਾਂ ਕੋਸ਼ੀ ਇਕਾਈਆਂ ਅਤੇ ਵਿਆਕਰਣਕ ਅਰਥ ਵਾਲੇ ਸ਼ਬਦਾਂ ਨੂੰ ਪ੍ਰਕਾਰਜੀ ਸ਼ਬਦ ਜਾਂ ਵਿਆਕਰਣਕ ਮੱਦਾਂ ਆਖਿਆ ਜਾਂਦਾ ਹੈ।"

"ਕੋਸ਼ੀ ਅਰਥ ਕੇਵਲ ਸ਼ਬਦ ਦੀ ਪੱਧਰ ਤੇ ਹੀ ਵਾਪਰਦਾ ਹੈ। ਇਸ ਦੇ ਉਲਟ, ਵਿਆਕਰਣਕ ਅਰਥ ਵਿਭਿੰਨ ਪੱਧਰਾਂ ਤੇ ਵਾਪਰਦਾ ਹੈ ਜਿਵੇਂ ਰੂਪਗ੍ਰਾਮ ਦੀ ਪੱਧਰ, ਸ਼ਬਦ-ਭੇਦ ਦੀ ਪੱਧਰ, ਵਿਆਕਰਣਕ ਪ੍ਰਕਾਰਜ ਦੇ ਰੂਪ ਵਿਚ ਆਦਿ।"[11]

3.2.5 ਪ੍ਰਵੇਸ਼ੀ ਅਤੇ ਅਪ੍ਰਵੇਸ਼ੀ ਸੈੱਟ : ਲੀਚ ਨੇ ਕੋਸ਼ ਅਤੇ ਵਿਆਕਰਣ ਨੂੰ ਕ੍ਰਮਵਾਰ ਪ੍ਰਵੇਸ਼ੀ ਅਤੇ ਅਪ੍ਰਵੇਸ਼ੀ ਗੁਣਾਂ ਦਾ ਧਾਰਣੀ ਮੰਨਿਆ ਹੈ। ਕਿਸੇ ਵੀ ਭਾਸ਼ਾ ਦਾ ਭਾਸ਼ਾ-ਪ੍ਰਬੰਧ ਸਥਿਰ ਨਹੀਂ ਹੁੰਦਾ, ਸਦਾ ਪਰਿਵਰਤਨਸ਼ੀਲ ਰਹਿੰਦਾ ਹੈ। ਨਵੇਂ ਸ਼ਬਦਾਂ ਦਾ ਨਿਰਮਾਣ ਹੁੰਦਾ ਰਹਿੰਦਾ ਹੈ ਅਤੇ ਇਹ ਸ਼ਬਦਾਵਲੀ ਦਾ ਅਨਿਖੜ ਅੰਗ ਬਣ ਜਾਂਦੇ ਹਨ। ਫਲ-ਸਰੂਪ ਕੋਸ਼ੀ ਮੱਦਾਂ ਨਿਸ਼ਚੇ ਹੀ ਅਤਿਅਧਿਕ ਹਨ। ਬੁਲਾਰੇ ਸਮਾਜ ਦੀਆਂ ਸੰਚਾਰ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਕਰਦੇ ਰਹਿੰਦੇ ਹਨ। ਅੰਗ੍ਰੇਜ਼ੀ ਭਾਸ਼ਾ ਵਿਚ **ਗਲਾਸਨੋਸਤ** ਅਤੇ **ਪਰੈਸਤਰੋਇਕਾ** ਰੂਸੀ ਸ਼ਬਦਾਂ ਦੀ ਅਜੇ ਪਿਛੇ ਜਿਹੇ ਹੀ ਵ੍ਰਿਧੀ ਹੋਈ ਹੈ। ਕਿਉਂਕਿ ਕੋਸ਼ੀ ਇਕਾਈਆਂ ਵਿਚ ਨਿਰੰਤਰ ਵ੍ਰਿਧੀ ਹੁੰਦੀ ਰਹਿੰਦੀ ਹੈ, ਇਸੇ ਲਈ ਕੋਸ਼ ਨੂੰ ਪ੍ਰਵੇਸ਼ੀ ਸੈੱਟ ਆਖਿਆ ਜਾਂਦਾ ਹੈ। ਕੋਸ਼ ਦੀ ਨਿਰੰਤਰ ਸੁਧਾਈ ਦਾ ਵੀ ਇਹੀ ਕਾਰਣ ਹੈ। ਇਸ ਦੇ ਉਲਟ, ਕਿਸੇ ਭਾਸ਼ਾ-ਪ੍ਰਬੰਧ ਦੀਆਂ ਵਿਆਕਰਣਕ ਮੱਦਾਂ ਦੀ ਗਿਣਤੀ ਸੀਮਿਤ ਹੁੰਦੀ ਹੈ। ਸ਼ਬਦਾਂ ਦੇ ਇਸ ਵਰਗ ਵਿਚ ਅਸਲ ਵਿਚ ਕੁਝ ਵੀ ਨਵਾਂ ਭਰਤੀ ਨਹੀਂ ਕੀਤਾ ਜਾਂਦਾ। ਭਾਸ਼ਾ ਵਿਚ ਵਿਆਕਰਣਕ ਕੋਟੀਆਂ ਦੀ ਗਿਣਤੀ ਲਗਭਗ ਸਥਿਰ ਹੁੰਦੀ ਹੈ। ਕਿਉ ਕਿ ਇਨ੍ਹਾਂ ਨੂੰ ਵਧਾਇਆ ਨਹੀਂ ਜਾ ਸਕਦਾ, ਇਸੇ ਲਈ ਵਿਆਕਰਣਕ ਮੱਦਾਂ ਨੂੰ ਭਾਸ਼ਾ ਦਾ ਅਪ੍ਰਵੇਸ਼ੀ ਸੈੱਟ ਕਿਹਾ ਜਾਂਦਾ ਹੈ। ਕੋਸ਼ੀ ਇਕਾਈਆਂ ਦੀ ਪਰਿਭਾਸ਼ਾ ਦੇਣ ਸਮੇਂ ਕੋਸ਼ਕਾਰ ਨੂੰ ਕੋਸ਼ੀ ਅਰਥਾਂ ਅਤੇ ਵਿਆਕਰਣਕ ਅਰਥਾਂ ਦੇ ਉਪਰੋਕਤ ਤੱਤਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ।

3.3 ਬਹੁਅਰਥਕਤਾ (polysemy) : ਕੋਸ਼ਕਾਰ ਨੂੰ ਕੋਸ਼-ਨਿਰਮਾਣ ਪ੍ਰਕ੍ਰਿਆ ਦੇ ਦੌਰਾਨ ਹੋਰਨਾਂ ਅਣਗਿਣਤ ਸਮੱਸਿਆਵਾਂ ਦੇ ਨਾਲ ਨਾਲ ਬਹੁਅਰਥਕ, ਸਮਾਨਾਰਥਕ, ਸਮਨਾਮੀ, ਵਿਪਰੀਤਾਰਥਕ ਆਦਿ ਸ਼ਬਦਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਨ੍ਹਾਂ ਸ਼ਬਦਾਂ ਦੇ ਅਰਥ ਦੇਣ ਲੱਗਿਆਂ ਕੋਸ਼ਕਾਰ ਨੂੰ ਅਤਿ ਸਾਵਧਾਨੀ ਵਰਤਣੀ ਪੈਂਦੀ ਹੈ, ਵਿਸ਼ੇਸ਼ ਕਰਕੇ ਬਹੁਅਰਥਕ ਅਤੇ ਸਮਨਾਮੀ ਸ਼ਬਦਾਂ ਵਿਚ ਅਰਥਾਂ ਦਾ ਭੁਲੇਖਾ ਲੱਗਣ ਦੀ ਕਾਫ਼ੀ ਗੁੰਜਾਇਸ਼

ਰਹਿੰਦੀ ਹੈ। ਭਾਸ਼ਾ-ਪ੍ਰਬੰਧ ਵਿਚ ਕੋਸ਼ੀ ਇਕਾਈਆਂ ਦਾ ਵਡੇਰਾ ਭਾਗ ਬਹੁਅਰਥਕ ਸ਼ਬਦਾਂ ਦਾ ਹੁੰਦਾ ਹੈ।

ਬਹੁਅਰਥਕ ਸ਼ਬਦਾਂ ਦੇ ਇਕ ਤੋਂ ਵੱਧ ਅਰਥ ਹੁੰਦੇ ਹਨ। ਬਹੁਅਰਥਕ ਸ਼ਬਦਾਂ ਤੋਂ ਭਾਵ ਉਨ੍ਹਾਂ ਸ਼ਬਦਾਂ ਤੋਂ ਹੈ ਜੋ ਵਿਵਿਧ ਸੰਦਰਭਾਂ ਵਿਚ ਪ੍ਰਯੁਕਤ ਹੋ ਕੇ ਇਕ ਤੋਂ ਵੱਧ ਅਰਥ ਜਾਂ ਅਰਥ-ਭੇਦ ਵਿਅਕਤ ਕਰਦੇ ਹਨ। ਸ਼ਬਦਾਂ ਨੂੰ ਬਹੁਅਰਥਕ ਸਰੂਪ ਪ੍ਰਦਾਨ ਕਰਨ ਵਾਲੇ ਚਾਰ ਤੱਤ ਪ੍ਰਮੁੱਖ ਹਨ: (1) ਲੱਖਣਾ; (2) ਵਿਅੰਜਨਾ, (3) ਸਦ੍ਰਿਸ਼ਤਾ; ਅਤੇ (4) ਸੰਦਰਭ। ਇਨ੍ਹਾਂ ਤੱਤਾਂ ਦੇ ਆਧਾਰ ਤੇ ਸ਼ਬਦ ਇਕ ਤੋਂ ਵੱਧ ਅਰਥਾਂ ਦਾ ਧਾਰਣੀ ਬਣਦਾ ਹੈ। ਸ਼ਬਦਾਂ ਦੇ ਲਾਖਣਿਕ ਪ੍ਰਯੋਗ ਜਾਂ ਲੱਖਣਾਰਥ ਤੇ ਵਿਚਾਰ ਕਰਦਿਆਂ ਅਸੀਂ ਸਪਸ਼ਟ ਕੀਤਾ ਹੈ ਕਿ ਇਸ ਪ੍ਰਕਾਰ ਦਾ ਪ੍ਰਯੋਗ ਚਿੰਨ੍ਹਕ ਅਤੇ ਚਿੰਨ੍ਹਿਤ ਦੇ ਸੰਬੰਧ ਦੀ ਪ੍ਰਕਿਰਤੀ ਤੇ ਨਿਰਭਰ ਕਰਦਾ ਹੈ। ਇਹ ਸੰਬੰਧ ਤਰਲ ਵੀ ਹੁੰਦਾ ਹੈ ਅਤੇ ਕਠੋਰ ਵੀ। ਜਦੋਂ ਚਿੰਨ੍ਹਕ ਅਤੇ ਚਿੰਨ੍ਹਿਤ ਦਾ ਰਿਸ਼ਤਾ ਤਰਲ ਹੁੰਦਾ ਹੈ ਤਾਂ ਸ਼ਬਦਿਮ 'ਸ਼ਬਦ' ਅਖਵਾਉਂਦਾ ਹੈ, ਅਤੇ ਜਦੋਂ ਇਹ ਰਿਸ਼ਤਾ ਕਠੋਰ ਹੁੰਦਾ ਹੈ ਤਾਂ ਸ਼ਬਦਿਮ ਨੂੰ 'ਪਦ' ਆਖਦੇ ਹਨ। ਸ਼ਬਦ ਦੀ ਤਰਲ ਪ੍ਰਕਿਰਤੀ ਹੀ ਲੱਖਣਾਰਥ, ਵਿਅੰਜਨਾਰਥ, ਸਦ੍ਰਿਸ਼ਤਾ ਅਤੇ ਸ਼ਬਦ ਦੇ ਵਿਭਿੰਨ ਪ੍ਰਯੋਗ-ਖੇਤਰਾਂ ਅਥਵਾ ਸੰਦਰਭੀ ਅਰਥਾਂ ਲਈ ਉੱਤਰਦਾਈ ਹੈ। ਇੰਜ ਸੰਦਰਭ-ਬਾਹਰੇ ਸ਼ਬਦ ਦੇ ਅਰਥ ਅਨੇਕ ਹੁੰਦੇ ਹਨ ਕਿਉਂਕਿ ਇਹ ਨਵੀਂ ਵਸਤੂ ਗ੍ਰਹਿਣ ਕਰਦਾ ਰਹਿੰਦਾ ਹੈ, ਸੰਦਰਭ ਇਸ ਦੇ ਅਰਥਾਂ ਨੂੰ ਸੀਮਿਤ ਕਰ ਦਿੰਦਾ ਹੈ। ਉਦਾਹਰਣ ਵਜੋਂ, ਸ਼ਬਦ ਦੀ ਤਰਲ ਪ੍ਰਕਿਰਤੀ ਕਰਕੇ ਹੀ **ਪੱਤਰ** ਸ਼ਬਦ ਦੇ ਵਿਭਿੰਨ ਪ੍ਰਯੋਗਾਂ ਦੇ ਆਧਾਰ ਤੇ ਪੰਜ ਅਰਥ ਹਨ : 'ਪੱਤਾ; ਵਰਕਾ, ਕਾਗਜ਼; ਚਿੱਠੀ, ਖ਼ਤ; ਅਖ਼ਬਾਰ; ਉਹ ਕਾਗਜ਼ ਜਿਸ ਤੇ ਕੋਈ ਗੱਲ ਲਿਖੀ ਹੋਵੇ'। ਪਰੰਤੂ 'ਅੱਜ ਮੈਨੂੰ ਮੇਰੇ ਦੋਸਤ ਦਾ ਪੱਤਰ ਮਿਲਿਆ' ਪ੍ਰਸੰਗ ਨੇ ਪੱਤਰ ਦੇ ਅਰਥ ਸੀਮਿਤ ਕਰ ਦਿੱਤੇ ਹਨ, ਅਤੇ ਬਾਕੀ ਅਰਥ ਅੱਖੋਂ ਓਹਲੇ ਹੋ ਗਏ ਹਨ। ਇਕ ਕੋਸ਼ੀ ਇਕਾਈ ਦੇ ਅਨੇਕ ਅਰਥਾਂ ਤੋਂ ਇਕ ਗੱਲ ਸਪਸ਼ਟ ਹੈ ਕਿ ਇਨ੍ਹਾਂ ਅਰਥਾਂ ਵਿਚ ਸਾਂਝਾ ਲੱਛਣ ਵਿਦਮਾਨ ਹੁੰਦਾ ਹੈ ਅਤੇ ਇਹ ਮਾਲਾ ਦੇ ਮਣਕਿਆਂ ਵਾਂਗ ਪਰਸਪਰ ਸੰਬੰਧਿਤ ਹੁੰਦੇ ਹਨ। ਸੰਬੰਧਿਤ ਅਰਥਾਂ ਵਾਲੇ ਸ਼ਬਦਾਂ ਨੂੰ ਬਹੁਅਰਥਕ ਸ਼ਬਦ ਆਖਿਆ ਜਾਂਦਾ ਹੈ ਅਤੇ ਇਸ ਵਰਤਾਰੇ ਨੂੰ ਬਹੁਅਰਥਕਤਾ ਦਾ ਨਾਂ ਦਿੱਤਾ ਜਾਂਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਕਿਸੇ ਵੀ ਭਾਸ਼ਾ-ਪ੍ਰਬੰਧ ਦਾ ਵਡੇਰਾ ਭਾਗ ਬਹੁਅਰਥਕ ਸ਼ਬਦਾਂ ਦਾ ਹੁੰਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਇਕ-ਅਰਥੇ ਸ਼ਬਦਾਂ ਦੀ ਭਾਸ਼ਾ ਵਿਚ ਅਣਹੋਂਦ ਹੁੰਦੀ ਹੈ। ਇਕ-ਅਰਥੇ ਸ਼ਬਦ ਜ਼ਿਆਦਾਤਰ ਤਕਨੀਕੀ ਅਤੇ ਵਿਗਿਆਨਕ ਪਦ ਹੀ ਹੁੰਦੇ ਹਨ ਜਿਵੇਂ ਹਾਈਡ੍ਰੋਜਨ, ਮਾਲੀਕਿਊਲ, ਸ਼ਬਦਿਮ, ਧੁਨੀਗ੍ਰਾਮ, ਰੂਪਗ੍ਰਾਮ, ਭਾਸ਼ਾ-ਵਿਗਿਆਨ, ਅਰਥ-ਸ਼ਾਸਤਰ ਆਦਿ।

3.3.1 ਬਹੁਅਰਥਕਤਾ ਦੇ ਲੱਛਣ : ਭਾਸ਼ਾ-ਵਿਗਿਆਨੀਆਂ ਨੇ ਬਹੁਅਰਥਕਤਾ ਦੇ

ਵਰਤਾਰੇ ਦਾ ਬੜੀ ਸੂਖਮਤਾ ਨਾਲ ਅਤੇ ਗਹਿਰਾਈ ਵਿਚ ਅਧਿਐਨ ਕਰ ਕੇ ਇਸ ਦੇ ਕੁਝ ਗੁਣ-ਲੱਛਣ ਨਿਰੱਧਾਰਿਤ ਕੀਤੇ ਹਨ।

(1) ਸਮੇਂ ਦੇ ਪਰਿਵਰਤਨ ਨਾਲ ਕੋਸ਼ੀ ਇਕਾਈਆਂ/ਸ਼ਬਦਾਂ ਦੇ ਰੂਪ ਅਤੇ ਅਰਥ ਜਾਂ ਅਰਥ-ਤੱਤਾਂ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹ ਪਰਿਵਰਤਨ ਦੋ ਤਿੰਨ ਪੱਧਰਾਂ ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। ਕਦੇ-ਕਦਾਈਂ ਕਿਸੇ ਸ਼ਬਦ ਦੇ ਅਰਥ ਅਸਲੋਂ ਹੀ ਬਦਲ ਜਾਂਦੇ ਹਨ ਜਿਵੇਂ ਲੁਪ ਸ਼ਬਦ ਦਾ ਮੂਲ ਅਰਥ 'ਲੁਪਤ ਹੋਇਆ, ਛੁਪਿਆ ਹੋਇਆ' ਸੀ। ਇਸ ਸ਼ਬਦ ਵਿਚ ਦੋ ਪੱਧਰਾਂ ਤੇ ਪਰਿਵਰਤਨ ਆਇਆ ਹੈ। ਰੂਪਾਤਮਕ ਤੌਰ ਤੇ ਇਸ ਦੀ ਥਾਂ ਅਲਪ ਸ਼ਬਦ ਦੀ ਵਰਤੋਂ ਕੀਤੀ ਜਾਣ ਲਗੀ ਹੈ ਅਤੇ ਅਰਥਗਤ ਪੱਖ ਤੋਂ ਲੁਪ ਦੇ ਅਰਥ ਅਲਪ ਤੋਂ ਲਏ ਜਾਣ ਲਗ ਹਨ। ਕਹਿਣ ਦਾ ਭਾਵ ਇਹ ਕਿ ਅਲਪ ਸ਼ਬਦ ਨੇ ਲੁਪ ਸ਼ਬਦ ਦੇ ਅਰਥ ਗ੍ਰਹਿਣ ਕਰ ਲਏ ਹਨ। ਇਸ ਸਿਧਾਂਤਕ ਆਧਾਰ ਤੇ ਸੂਬਾ ਸਿੰਘ ਨੇ ਆਪਣੀ ਪੁਸਤਕ ਦਾ ਨਾਂ 'ਅਲਪ ਹੋ ਰਹੇ ਚੇਟਕ' ਰੱਖਿਆ ਹੈ। ਇਉਂ ਇਸ ਸ਼ਬਦ ਨੇ ਆਪਣੇ ਮੂਲ ਅਰਥ ਤਿਆਗ ਕੇ ਨਵੇਂ ਅਰਥ ਗ੍ਰਹਿਣ ਕਰ ਲਏ ਹਨ। ਕਈ ਸ਼ਬਦਾਂ ਵਿਚ ਵਿਆਕਰਣਕ ਪਰਿਵਰਤਨ ਆ ਜਾਂਦਾ ਹੈ ਜਿਵੇਂ ਵਕਰ ਸ਼ਬਦ ਪਹਿਲਾਂ ਪਹਿਲ 'ਟੇਢਾ, ਵਿੰਗਾ, ਡਿੰਗਾ' ਦੇ ਅਰਥਾਂ ਵਿਚ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਸੀ, ਪਰੰਤੂ ਅੱਜ ਕਲ ਇਹ ਸ਼ਬਦ ਸੰਗਿਆ ਵਜੋਂ ਵਰਤਿਆ ਜਾਂਦਾ ਹੈ ਜਿਵੇਂ 'ਮੰਗ ਵਕਰ' ਜਾਂ 'ਤੁਸੀਂ ਵਕਰ ਠੀਕ ਨਹੀਂ ਬਣਾਇਆ' ਆਦਿ। ਬਹੁਤੀਆਂ ਹਾਲਤਾਂ ਵਿਚ ਬਹੁਅਰਥਕ ਸ਼ਬਦ ਆਪਣੇ ਮੌਲਿਕ ਅਰਥ ਸੁਰੱਖਿਅਤ ਰੱਖਦੇ ਹਨ ਅਤੇ ਸਮਾਂ ਪਾ ਕੇ ਉਨ੍ਹਾਂ ਵਿਚ ਹੋਰ ਅਰਥਾਂ ਦਾ ਪ੍ਰਵੇਸ਼ ਹੁੰਦਾ ਰਹਿੰਦਾ ਹੈ। ਕਿਸੇ ਵੀ ਭਾਸ਼ਾ-ਪ੍ਰਬੰਧ ਦੀ ਬਹੁਤੀ ਸ਼ਬਦਾਵਲੀ ਇਸ ਨਿਯਮ ਦੇ ਅੰਤਰਗਤ ਆਉਂਦੀ ਹੈ। ਉਦਾਹਰਣ ਵਜੋਂ, ਸ਼ਬਦ ਸ਼ਬਦ ਦੇ ਮੂਲ ਅਰਥ 'ਲਫ਼ਜ਼, ਪਦ, ਬਚਨ, ਆਵਾਜ਼, ਖੜਕ, ਖੜਕਾਰ, ਭਜਨ' ਦੇ ਸਨ, ਪਰੰਤੂ ਹੌਲੀ ਹੌਲੀ ਇਸ ਵਿਚ ਗੀਤ; ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕੋਈ ਇਕ ਛੰਦ; ਉਹ ਧੁਨੀ ਜਿਸ ਦਾ ਕੁਝ ਮਤਲਬ ਹੋਵੇ ਆਦਿ ਅਰਥ ਸਮੇਂ ਦੀ ਕਰਵਟ ਨਾਲ ਜੁੜ ਗਏ ਹਨ। ਸ਼ਬਦ ਰਾਜਾ ਵਿਚ 'ਨਾਈ' ਦਾ ਅਰਥ ਅਤੇ ਸ਼ਬਦ ਗੁਰ ਵਿਚ 'ਖੁਰਾਂਟ, ਚਲਾਕ, ਹੁਸ਼ਿਆਰ' ਦੇ ਅਰਥ ਬਾਅਦ ਵਿਚ ਆ ਜੁੜੇ ਹਨ। ਇਸ ਦਾ ਮੁੱਖ ਕਾਰਣ ਸ਼ਬਦ ਦਾ ਆਪਣੇ ਵਾਚਾਰਥ ਨੂੰ ਸੁਰੱਖਿਅਤ ਰੱਖਣ ਦੇ ਨਾਲ ਨਾਲ ਲੱਖਣਾਰਥ, ਵਿਅੰਜਨਾਰਥ, ਸੰਦ੍ਰਿਸ਼ਤਾ ਆਦਿ ਦਾ ਵਾਹਕ ਬਣਨਾ ਹੈ। ਅਰਥ-ਵਿਸਤਾਰ ਦਾ ਅਸਲੀ ਕਾਰਣ ਇਹੀ ਹੈ। ਕਈ ਵਾਰੀ ਇਉਂ ਵੀ ਹੁੰਦਾ ਹੈ ਕਿ ਇਸ ਦੇ ਕੁਝ ਅਰਥ ਲੋਪ ਹੋ ਜਾਂਦੇ ਹਨ ਜਾਂ ਗੌਣ ਦਰਜਾ ਅਖ਼ਤਿਆਰ ਕਰ ਲੈਂਦੇ ਹਨ ਅਤੇ ਕੁਝ ਨਵੇਂ ਅਰਥ ਇਸ ਵਿਚ ਹੌਲੀ ਹੌਲੀ ਆ ਜੁੜਦੇ ਹਨ। ਉਦਾਹਰਣ ਵਜੋਂ, ਸ਼ਬਦ ਖ਼ਾਲਸਾ ਦੇ ਪਹਿਲਾਂ ਇਹ ਅਰਥ ਸਨ: 1. ਖ਼ਾਲਸ, ਬਿਨਾਂ ਮਿਲਾਵਟ, ਨਿਰੋਲ, ਸੱਚਾ ਸੁੱਚਾ; 2. ਉਹ ਮੁਲਕ ਜੋ ਬਾਦਸ਼ਾਹ ਦਾ ਹੈ, ਜਿਸ ਤੇ ਕਿਸੇ ਜਾਗੀਰਦਾਰ ਅਥਵਾ ਜ਼ਿਮੀਂਦਾਰ ਦਾ ਕਬਜ਼ਾ ਨਾ ਹੋਵੇ; 3. ਰਾਜ ਦਾ, ਸਰਕਾਰੀ; 4. ਉਹ ਸਿੱਖ ਜਿਸ ਨੇ

ਅੰਮ੍ਰਿਤ ਛਕਿਆ ਹੈ, ਸਿੰਘ; 5. ਅਕਾਲੀ ਧਰਮ, ਖਾਲਸਾ ਧਰਮ, ਧਰਮ ਧਾਰੀ ਸਿੰਘ ਪੰਥ।' ਪਰੰਤੂ ਹੁਣ ਇਨ੍ਹਾਂ ਸਾਰੇ ਅਰਥਾਂ ਵਿਚ 'ਸਿੰਘ' ਦਾ ਅਰਥ ਪ੍ਰਮੁੱਖਤਾ ਅਖ਼ਤਿਆਰ ਕਰ ਗਿਆ ਹੈ ਅਤੇ ਬਾਕੀ ਅਰਥ ਪਿੱਛੇ ਰਹਿ ਗਏ ਹਨ। ਇੰਜ ਹੀ ਗਾਦ ਸ਼ਬਦ ਦਾ ਅਰਥ 'ਜਲ ਦੇ ਹੇਠ ਦਾ ਥੱਲਾ' ਸੀ, ਪਰੰਤੂ ਇਹ ਅਰਥ ਹੁਣ ਲੋਪ ਹੋ ਗਏ ਹਨ ਅਤੇ ਇਸ ਦੇ ਅਰਥ 'ਜਲ ਤੇਲ ਆਦਿਕ ਦੇ ਥੱਲੇ ਬੈਠੀ ਹੋਈ ਮੈਲ' ਹੀ ਪ੍ਰਚਲਿਤ ਹਨ। ਸਾਰਾਂਸ਼ ਇਹ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਅਰਥਕ ਸ਼ਬਦ ਦੀ ਸਾਧਾਰਣ ਅਰਥਗਤ ਸੰਰਚਨਾ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ। ਜਦੋਂ ਕੋਸ਼ਕਾਰ ਕੋਸ਼-ਨਿਰਮਾਣ ਸਮੇਂ ਬਹੁਅਰਥਕ ਸ਼ਬਦ ਦਾ ਅੰਦਰਾਜ ਕਰਦਾ ਹੈ ਤਾਂ ਉਹ ਸ਼ਬਦ ਦੀ ਅਰਥਗਤ ਸੰਰਚਨਾ ਵਿਚ ਇਸ ਦੇ ਵਿਭਿੰਨ ਅਰਥਾਂ ਦੇ ਅੰਤਰ-ਸੰਬੰਧ ਅਤੇ ਅੰਤਰ-ਨਿਰਭਰਤਾ ਦਾ ਵਿਸ਼ਲੇਸ਼ਣ ਕਰਦਾ ਹੈ। ਉਦਾ-ਹਰਣ ਵਜੋਂ, ਅਸੀਂ ਕਾਲ ਸ਼ਬਦ ਦੇ ਅਰਥਾਂ ਤੇ ਵਿਚਾਰ ਕਰ ਸਕਦੇ ਹਾਂ: '1. ਸਮਾਂ, ਸਮੇਂ ਦਾ ਭਾਗ, ਵਕਤ; 2. ਮੌਕਾ, ਠੀਕ ਢੁਕਵਾਂ ਸਮਾਂ; 3. ਉਮਰ; 4. ਭਾਗ, ਕਿਸਮਤ, ਨਸੀਬ; 5. ਮੌਤ, ਮੌਤ ਦਾ ਸਮਾਂ, ਅੰਤ, ਆਖਰੀ ਸਮਾਂ, ਮੌਤ ਦਾ ਵਕਤ, ਅੰਤ ਸਮਾਂ; 6. ਮੌਤ ਦਾ ਫ਼ਰਿਸ਼ਤਾ, ਜਮ; 7. ਸਮੇਂ ਦਾ ਦੇਵਤਾ; 8. ਵਿਆਕਰਣ ਅਨੁਸਾਰ ਕਿਰਿਆ ਦੇ ਵਾਪਰਨ ਦਾ ਤਿੰਨਾਂ ਵਿਚੋਂ ਕੋਈ ਸਮਾਂ (ਭੂਤ, ਵਰਤਮਾਨ, ਭਵਿਖਤ)'। ਜਦੋਂ ਅਸੀਂ ਇਨ੍ਹਾਂ ਅਰਥਾਂ ਦੀ ਇਕ ਦੂਜੇ ਨਾਲ ਤੁਲਨਾ ਅਤੇ ਵਿਸ਼ਲੇਸ਼ਣ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਪਹਿਲਾ ਅਰਥ ਮੂਲ ਅਰਥ ਹੈ, ਕੇਂਦਰੀ ਅਰਥ ਹੈ। ਦੂਜੇ ਅਰਥ ਇਸ ਦੇ ਵਿਉਤਪੰਨ ਅਰਥ ਹਨ ਅਤੇ ਇਨ੍ਹਾਂ ਵਿਚ ਮੂਲ ਅਰਥ ਨਾਲੋਂ ਅਤਿਰਿਕਤ ਅਰਥ-ਤੱਤ ਸੰਮਿਲਿਤ ਹਨ। ਇਨ੍ਹਾਂ ਨੂੰ ਅਪ੍ਰਤੱਖ ਜਾਂ ਗੌਣ ਅਰਥ ਆਖਿਆ ਜਾ ਸਕਦਾ ਹੈ। ਇੰਜ ਬਾਕੀ ਅਰਥ ਪਹਿਲੇ ਅਰਥ ਦੇ ਲੱਖਣਾਰਥੀ ਵਿਸਤਾਰ ਹਨ ਅਤੇ ਮੂਲ ਜਾਂ ਕੇਂਦਰੀ ਅਰਥ ਨਾਲ ਅੰਤਰ-ਸੰਬੰਧਿਤ ਹਨ। ਇਸੇ ਤਰ੍ਹਾਂ ਹੋਰ ਉਦਾਹਰਣ ਪ੍ਰਸਤੁਤ ਕੀਤੇ ਜਾ ਸਕਦੇ ਹਨ। ਇਨ੍ਹਾਂ ਉਦਾਹਰਣਾਂ ਤੋਂ ਸਪਸ਼ਟ ਹੋ ਜਾਵੇਗਾ ਕਿ ਸ਼ਬਦ ਦਾ ਇਕ ਅਰਥ ਕੇਂਦਰੀ ਜਾਂ ਪ੍ਰਤੱਖ ਅਰਥ ਹੁੰਦਾ ਹੈ ਜਿਸ ਨੂੰ ਵਾਚਾਰਥ ਆਖਿਆ ਜਾਂਦਾ ਹੈ ਅਤੇ ਇਸ ਦੇ ਕੋਈ ਪੂਰਕ ਜਾਂ ਅਤਿਕਿਰਤ ਲੱਛਣ ਨਹੀਂ ਹੁੰਦੇ। ਦੂਜੇ ਅਰਥ ਇਸ ਤੋਂ ਵਿਉਤਪੰਨ ਹੁੰਦੇ ਹਨ ਅਤੇ ਇਹ ਅਤਿਰਿਕਤ ਲੱਛਣਾਂ ਦੇ ਧਾਰਣੀ ਹੁੰਦੇ ਹਨ।

ਇੰਜ ਬਹੁਅਰਥਕਤਾ ਸ਼ਬਦਾਂ ਦੇ ਅਰਥ-ਵਿਸਤਾਰ ਕਾਰਣ ਕਈ ਸਮੱਸਿਆਵਾਂ ਪੈਦਾ ਕਰਦੀ ਹੈ ਅਤੇ ਇਹ ਸਾਧਾਰਣ ਵਿਅਕਤੀ ਅਤੇ ਵਿਸ਼ੇਸ਼ੱਗ, ਅਨੁਵਾਦਕ ਅਤੇ ਕੋਸ਼-ਕਾਰ ਲਈ ਸਰਾਪ ਪ੍ਰਤੀਤ ਹੁੰਦੀ ਹੈ। ਬਹੁਅਰਥਕਤਾ ਰਾਹੀਂ ਉਤਪੰਨ ਪਦ ਸਾਰੇ ਨਵ-ਨਿਰਮਿਤ ਤਕਨੀਕੀ ਸ਼ਬਦਾਂ ਨਾਲੋਂ ਵੱਧ ਉਲਝਾਉ ਅਤੇ ਭੁਲੇਖਾਕਾਰੀ ਹਨ, ਕਿਉਂਕਿ ਟੀਚਾ ਭਾਸ਼ਾ ਦੇ ਬੁਲਾਰਿਆਂ ਵਿਚ ਪ੍ਰਚਲਿਤ ਨਹੀਂ ਹੁੰਦੇ ਅਤੇ ਇਹ ਚਿੰਨ੍ਹਿਤ/ਅਰਥ ਉਸ ਭਾਸ਼ਾਈ ਮਾਹੌਲ ਵਿਚ ਕਾਰਜਸ਼ੀਲ ਹੁੰਦੇ ਹਨ ਅਤੇ ਉਨ੍ਹਾਂ ਬੁਲਾਰਿਆਂ ਵਲੋਂ ਵਰਤੇ ਜਾਂਦੇ ਹਨ ਜਿਹੜੇ ਪਦਾਂ ਦੇ ਬਹੁਅਰਥਕ ਗੁਣਾਂ ਤੋਂ ਪੂਰੀ ਤਰ੍ਹਾਂ ਸਚੇਤ ਹੁੰਦੇ ਹਨ।

(2) ਇਹ ਵੇਖਣ ਵਿਚ ਆਇਆ ਹੈ ਕਿ ਅਧਿਕ ਪ੍ਰਚਲਿਤ ਸ਼ਬਦ ਘੱਟ ਪ੍ਰਚਲਿਤ ਸ਼ਬਦਾਂ ਦੇ ਮੁਕਾਬਲੇ ਅਧਿਕ ਬਹੁਅਰਥਕ ਹੁੰਦੇ ਹਨ, ਕਿਉਂਕਿ ਵਾਰ ਵਾਰ ਅਤੇ ਅਧਿਕ ਪ੍ਰਯੋਗ ਕੀਤੇ ਜਾਣ ਕਰਕੇ ਇਨ੍ਹਾਂ ਸ਼ਬਦਾਂ ਦੀ ਅਰਥ-ਸਮਰਥਾ ਕਠੋਰ ਨਹੀਂ ਰਹਿੰਦੀ, ਲਚਕਦਾਰ ਬਣ ਜਾਂਦੀ ਹੈ। ਇਹ ਸ਼ਬਦ ਨਵੇਂ ਅਰਥਾਂ ਦੇ ਵਾਹਕ ਬਣ ਜਾਂਦੇ ਹਨ। 'ਪੰਜਾਬੀ ਕੋਸ਼' ਵਿਚ ਕਰਨਾ ਸ਼ਬਦ ਦੇ 45 ਅਰਥ ਦਿੱਤੇ ਹੋਏ ਹਨ। 'ਰੈਂਡਮ ਹਾਊਸ ਡਿਕਸ਼ਨਰੀ' (ਕਾਲਿਜ ਐਡੀਸ਼ਨ, 1969) ਵਿਚ run ਸ਼ਬਦ ਦੇ 134 ਅਰਥ ਰਿਕਾਰਡ ਕੀਤੇ ਗਏ ਹਨ। ਇਨ੍ਹਾਂ ਸ਼ਬਦਾਂ ਦੇ ਮੂਲ ਅਰਥ ਹੂ-ਬਹੂ ਦੇਣ ਨਾਲ ਪੁਸਤਕ ਦਾ ਖਾਹਮਖਾਹ ਆਕਾਰ ਵਧਣ ਦਾ ਖਦਸ਼ਾ ਹੈ। ਵਿਦਵਾਨ ਪਾਠਕ ਖੁਦ ਕੋਸ਼ ਵੇਖ ਸਕਦੇ ਹਨ।

(3) ਬਹੁਅਰਥਕਤਾ ਦੇ ਸੰਕਲਪ ਦੇ ਅੰਤਰਗਤ ਕੇਵਲ ਪੂਰਣ-ਅਰਥ ਸ਼ਬਦ (content words) ਹੀ ਨਹੀਂ ਆਉਂਦੇ, ਸਗੋਂ ਪ੍ਰਕਾਰਜੀ ਸ਼ਬਦ ਵੀ ਬਹੁਅਰਥਕ ਹੁੰਦੇ ਹਨ ਅਤੇ ਉਹ ਵੀ ਇਸੇ ਸੰਕਲਪ ਦੇ ਅਧੀਨ ਆਉਂਦੇ ਹਨ। ਲਗਭਗ ਹਰੇਕ ਭਾਸ਼ਾ-ਪ੍ਰਬੰਧ ਵਿਚ ਪ੍ਰਕਾਰਜੀ ਸ਼ਬਦਾਂ ਦੇ ਅਨੇਕ ਅਰਥ ਉਪਲਬਧ ਹਨ। ਪੰਜਾਬੀ ਦਾ ਅਤੇ ਅੰਗ੍ਰੇਜ਼ੀ in ਨੂੰ ਬਹੁਅਰਥਕ ਪ੍ਰਕਾਰਜੀ ਸ਼ਬਦਾਂ ਦੇ ਉਦਾਹਰਣ ਵਜੋਂ ਪ੍ਰਸਤੁਤ ਕੀਤਾ ਜਾ ਸਕਦਾ ਹੈ।

ਅੰਗ੍ਰੇਜ਼ੀ ਪ੍ਰਕਾਰਜੀ ਸ਼ਬਦ in ਦੀ ਬਹੁਅਰਥਕਤਾ ਦਾ ਇਨ੍ਹਾਂ ਵਾਕਾਂਸ਼ਾਂ ਤੋਂ ਜਾਇਜ਼ਾ ਲਿਆ ਜਾ ਸਕਦਾ ਹੈ: a statue in marble, the man in top hat, women in green, bound in leather, written in ink, a teacher in him, inferior in physique, etc.

ਪੰਜਾਬੀ ਦਾ ਦੇ ਬਹੁਅਰਥਕ ਪ੍ਰਯੋਗ ਲਈ ਇਹ ਵਾਕਾਂਸ਼ ਦੇਖੋ:

ਨਾਨਕ ਸਿੰਘ ਦਾ ਨਾਵਲ (ਨਾਨਕ ਸਿੰਘ ਦੁਆਰਾ ਰਚਿਆ ਨਾਵਲ), ਲਾਇਬ੍ਰੇਰੀ ਦੀ ਕਿਤਾਬ (ਲਾਇਬ੍ਰੇਰੀ ਨਾਲ ਸੰਬੰਧਿਤ ਕਿਤਾਬ), ਪੰਜਾਬ ਪ੍ਰਕਾਸ਼ਨ ਦੀ ਕਿਤਾਬ (ਪੰਜਾਬ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਕਿਤਾਬ), ਡੱਬੇ ਦਾ ਘੀ (ਡੱਬੇ ਵਿਚਲਾ ਘੀ) ਆਦਿ।

3.3.2 ਬਹੁਅਰਥਕ ਸ਼ਬਦਾਂ ਦੇ ਮੁੱਖ ਅਰਥ ਨਿਰਧਾਰਣ ਦੀਆਂ ਕਸੌਟੀਆਂ : ਬਹੁਅਰਥਕ ਸ਼ਬਦਾਂ ਦੇ ਅਨੇਕ ਅਰਥਾਂ ਵਿਚੋਂ ਮੁੱਖ, ਕੇਂਦਰੀ ਜਾਂ ਪ੍ਰਭਾਵੀ ਅਰਥ ਕਿਹੜਾ ਹੈ, ਇਸ ਦਾ ਨਿਰਣਾ ਕਰਨ ਲਈ ਭਾਸ਼ਾ-ਵਿਗਿਆਨੀਆਂ ਨੇ ਵਿਭਿੰਨ ਵਿਧੀਆਂ ਦਾ ਸੁਝਾਅ ਦਿੱਤਾ ਹੈ। ਜਿਵੇਂ ਕਿ ਉਪਰ ਸਪਸ਼ਟ ਕੀਤਾ ਗਿਆ ਹੈ, ਸ਼ਬਦਾਂ ਦੇ ਰੂਪ ਅਤੇ ਅਰਥ ਪਰਿਵਰਤਨਸ਼ੀਲ ਹਨ ਅਰਥਾਤ ਸਮੇਂ ਅਤੇ ਸਭਿਆਚਾਰ ਦੀ ਪਰਿਵਰਤਨਸ਼ੀਲਤਾ ਅਰਥਾਂ ਦੀ ਪਰਿਵਰਤਨਸ਼ੀਲਤਾ ਦਾ ਕਾਰਣ ਬਣਦੀ ਹੈ। ਕੋਸ਼ਕਾਰ ਨੇ ਕੋਸ਼-ਨਿਰਮਾਣ ਪ੍ਰਕ੍ਰਿਆ ਦੇ ਦੌਰਾਨ ਮੂਲ ਅਰਥਾਂ ਨੂੰ ਨਿਸ਼ਚਿਤ ਕਰਨਾ, ਸਭਿਆਚਾਰਕ ਵਿਕਾਸ ਦੇ ਫਲਸਰੂਪ

ਸ਼ਬਦਾਂ ਦੇ ਵਿਕਸਿਤ ਅਰਥਾਂ ਨੂੰ ਅੰਤਰ-ਸੰਬੰਧਿਤ ਕਰਨਾ, ਹਰੇਕ ਅਰਥ ਦੇ ਵਿਭਿੰਨ ਉਪ-ਅਰਥਾਂ ਨੂੰ ਲੱਭਣਾ ਅਤੇ ਇਨ੍ਹਾਂ ਅਰਥਾਂ ਨੂੰ ਕ੍ਰਮਬੱਧ ਢੰਗ ਨਾਲ ਵਿਵਸਥਿਤ ਕਰਨਾ ਹੁੰਦਾ ਹੈ। ਸ਼ਬਦਾਂ ਦੇ ਵਿਭਿੰਨ ਅਰਥਾਂ, ਉਪ-ਅਰਥਾਂ ਨੂੰ ਲੱਭਣ ਲਈ ਉਸ ਨੂੰ ਭਾਸ਼ਾ ਪ੍ਰਬੰਧ ਦੀ ਸਮੁੱਚੀ ਸੰਰਚਨਾ ਦਾ ਵਿਵਹਾਰਕ ਵਿਸ਼ਲੇਸ਼ਣ ਕਰਨਾ ਪੈਂਦਾ ਹੈ ਅਤੇ ਭਾਸ਼ਾ ਵਿਚ ਪ੍ਰਚਲਿਤ ਵਾਸਤਵਿਕ ਉਕਤੀਆਂ ਅਤੇ ਟੂਕਾਂ ਨੂੰ ਅਰਥ-ਨਿਰਧਾਰਣ ਦਾ ਆਧਾਰ ਬਣਾਉਣਾ ਪੈਂਦਾ ਹੈ। ਪਰੰਤੂ ਕੋਸ਼ਕਾਰ ਮੂਲ ਅਰਥ ਨਿਰਧਾਰਿਣ ਲਈ ਵਿਭਿੰਨ ਵਿਧੀਆਂ ਅਤੇ ਕਸੌਟੀਆਂ ਦਾ ਪ੍ਰਯੋਗ ਕਰਦਾ ਹੈ।

ਇਸ ਵਿਸ਼ੇ ਤੇ ਵਿਸਤਾਰ ਵਿਚ ਵਿਚਾਰ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਮੂਲ ਅਰਥ ਹੁੰਦਾ ਕੀ ਹੈ ? ਮੂਲ ਅਰਥ ਉਸ ਅਰਥ ਨੂੰ ਆਖਿਆ ਜਾਂਦਾ ਹੈ ਜੋ ਪੜ੍ਹਨ ਜਾਂ ਸੁਣਨ ਪਿਛੋਂ ਸਾਨੂੰ ਯਕਲਖਤ ਸੁਝਦਾ ਹੈ। ਉਦਾਹਰਣ ਵਜੋਂ, ਜਦੋਂ ਅਸੀਂ ਬਿਨ੍ਹਾਂ ਕਿਸੇ ਪ੍ਰਸੰਗ ਦੇ ਅੱਖ ਸ਼ਬਦ ਸੁਣਦੇ-ਪੜ੍ਹਦੇ ਹਾਂ, ਤਾਂ ਸਾਡੇ ਮਨ ਵਿਚ ਉਪਜਿਆ ਪਹਿਲਾ ਅਰਥ ਸਰੀਰ ਦਾ ਇਕ ਅੰਗ ਜਾਂ ਨੇਤਰ ਹੁੰਦਾ ਹੈ। ਇਸ ਨੂੰ ਸ਼ਬਦ ਦੇ ਮੁੱਖ ਅਰਥ ਆਖਦੇ ਹਨ।

3.3.2.1 ਬਹੁਅਰਥਕਤਾ ਦਾ ਸੰਕਲਪ ਕਿਉਂਕਿ ਮੁੱਖ ਰੂਪ ਵਿਚ ਇਤਿਹਾਸਕ ਵਿਕਾਸ ਦੇ ਫਲਸਰੂਪ ਹੋਂਦ ਵਿਚ ਆਇਆ ਹੈ, ਇਸ ਕਰਕੇ ਸ਼ਬਦ ਦੇ ਮੂਲ ਅਰਥ ਤਕ ਪਹੁੰਚਣ ਲਈ ਆਮ ਪ੍ਰਯੁਕਤ, ਅਧਿਕ ਪ੍ਰਮਾਣਿਤ, ਸਵੀਕ੍ਰਿਤ ਅਤੇ ਵਧੇਰੇ ਭਰੋਸਯੋਗ ਕਸੌਟੀ ਨਿਰੁਕਤੀ ਦੀ ਹੈ। ਭਾਸ਼ਾ-ਵਿਗਿਆਨੀ ਨਿਰੁਕਤੀਗਤ ਅਰਥ ਨੂੰ ਮੂਲ ਅਰਥ ਸਵੀਕਾਰ ਕਰਨ ਵਿਚ ਇਕਮਤ ਹਨ। ਉਹ ਇਸੇ ਅਰਥ ਨੂੰ ਸ਼ਬਦ-ਸੰਰਚਨਾ ਦੀ ਅਰਥ-ਸਮਰਥਾ ਅਤੇ ਅਰਥ-ਸੰਭਾਵਨਾ ਦਾ ਮੂਲ ਰੂਪ ਮੰਨਦੇ ਹਨ। ਸ਼ਬਦ ਦੇ ਬਾਕੀ ਅਰਥ ਦੂਰੋਂ-ਨੇੜਿਓਂ ਕਿਸੇ ਨਾ ਕਿਸੇ ਰੂਪ ਵਿਚ ਮੂਲ ਅਰਥ ਨਾਲ ਹੀ ਅੰਤਰ-ਸੰਬੰਧਿਤ ਹੁੰਦੇ ਹਨ। ਮੂਲ-ਅਰਥ-ਰੂਪ ਧਾਗਾ ਅਰਥ-ਰੂਪ ਮਣਕਿਆਂ ਵਿਚ ਪਰੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਉਦਾਹਰਣ ਵਜੋਂ, ਅਸੀਂ ਕਰਮ ਸ਼ਬਦ ਤੇ ਵਿਚਾਰ ਕਰ ਸਕਦੇ ਹਾਂ।

ਕਰਮ : '1. ਕੰਮਕਾਜ, ਧੰਧਾ, ਕੰਮਕਾਰ ; 2. ਪੇਸ਼ਾ ; 3. ਫ਼ਰਜ਼, ਧਰਮ, ਡਿਊਟੀ ; 4. ਮਿਹਨਤ ; 5. ਕਰਮ ਦਾ ਫਲ, ਭਾਗ, ਕਿਸਮਤ, ਨਸੀਬ, ਪਰਾਲਬਧ ; 6. ਸੰਸਕਾਰ, ਆਦਿ ਕਰਮ ; 7. ਜੋ ਕਰਨ ਵਿਚ ਆਵੇ ਸੋ ਕਰਮ ; 8. ਵਿਆਕਰਣ ਵਿਚ ਉਹ ਸ਼ਬਦ ਜਿਸ ਤੇ ਕਿਰਿਆ ਦਾ ਫਲ ਠਹਿਰਦਾ ਹੈ ; 9. ਵਿਸ਼ੇਸ਼ਕ ਦੇ ਛੇ ਪਦਾਰਥਾਂ ਵਿਚੋਂ ਇਕ ; 10. ਨਿਆਇ ਅਨੁਸਾਰ ਕਰਮ... ; 11. ਮਿਮਾਂਸਾ ਅਨੁਸਾਰ ਕਰਮ... ; 12. ਕਾਯਿਕ ਵਾਚਿਕ ਮਾਨਸਿਕ ਕਰਮ... ; 13. ਸੱਤ, ਰਜਸ ਅਤੇ ਤਮ ਤਿੰਨੇ ਗੁਣਾਂ ਅਨੁਸਾਰ ਕਰਮ

ਕਰਮ ਸੰਸਕ੍ਰਿਤ ਸ਼ਬਦ ਕਾਰਮ 'ਕੰਮ' ਤੋਂ ਵਿਉਤਪੰਨ ਸ਼ਬਦ ਹੈ ਅਤੇ ਇਹ ਮੁੱਖ, ਕੇਂਦਰੀ, ਮੂਲ ਅਤੇ ਪ੍ਰਤੱਖ ਅਰਥ ਹੈ। ਬਾਕੀ ਅਰਥ ਕਿਸੇ ਨਾ ਕਿਸੇ ਤਰੀਕੇ ਨਾਲ ਇਸੇ ਅਰਥ ਨਾਲ ਸੰਬੰਧਿਤ ਹਨ।

ਇੰਜ ਹੀ ਅਸੀਂ ਅੰਗ੍ਰੇਜ਼ੀ father ਦੀ ਮਿਸਾਲ ਲੈ ਸਕਦੇ ਹਾਂ: father : 1. male parent ; 2. ancestor ; 3. founder or first leader ; 4. god ; 5. priest ; 6. title used in personification etc.

ਇਨ੍ਹਾਂ ਵਿਚੋਂ ਪਹਿਲਾ ਅਰਥ ਨਿਰੁਕਤੀਮੂਲਕ ਅਤੇ ਕੇਂਦਰੀ ਅਰਥ ਹੈ। ਬਾਕੀ ਅਰਥ ਅਪਕੇਂਦਰੀ ਹਨ ਅਰਥਾਤ ਮੁੱਖ ਅਰਥ ਦੇ ਭਾਵੇਂ ਅਰਥ-ਵਿਸਤਾਰ ਹਨ, ਪਰ ਇਸ ਨਾਲ ਪਰਸਪਰ ਸੰਬੰਧਿਤ ਅਵੱਸ਼ ਹਨ।

ਪਰ ਕਈ ਵਾਰੀ ਅਰਥ ਦਾ ਵਿਕਾਸ ਇਸ ਤਰ੍ਹਾਂ ਹੁੰਦਾ ਹੈ ਕਿ ਮੁੱਖ ਅਰਥ ਦੀ ਥਾਂ ਕੋਈ ਹੋਰ ਵਿਕਸਿਤ ਅਰਥ ਪ੍ਰਮੁੱਖਤਾ ਗ੍ਰਹਿਣ ਕਰ ਲੈਂਦਾ ਹੈ ਅਤੇ ਮੁੱਖ ਅਰਥ ਦੂਜੇ ਸਥਾਨ ਤੇ ਸਥਿਤ ਹੋ ਜਾਂਦਾ ਹੈ। ਇਹ ਵਰਤਾਰਾ ਲਗਭਗ ਸਭ ਭਾਸ਼ਾਵਾਂ ਵਿਚ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਉਦਾਹਰਣ ਵਜੋਂ 'ਹਰੀਜਨ' ਦੇ ਪੰਜਾਬੀ ਵਿਚ ਦੋ ਅਰਥ ਪ੍ਰਚਲਿਤ ਹਨ : '(1) ਪਰਮੇਸ਼ਰ ਭਗਤ, ਸਾਈਂ ਲੋਕ ; (2) ਅਛੂਤ ਜਾਂ ਦਲਤ ਜਾਤੀ ਦਾ ਬੰਦਾ।' ਪਰੰਤੂ ਅੱਜ ਕਲ੍ਹ, ਵਿਕਸਿਤ ਅਰਥ (2) ਨੇ ਮੁੱਖ ਅਰਥ ਦਾ ਦਰਜਾ ਗ੍ਰਹਿਣ ਕਰ ਲਿਆ ਹੈ, ਭਾਵੇਂ ਇਸ ਦਾ ਨਿਰੁਕਤੀਮੂਲਕ ਅਰਥ ਪਹਿਲਾ ਹੀ ਹੈ। ਇਉਂ ਹੀ ਅਸੀਂ 'ਹੰਸਲੀ' ਦੀ ਮਿਸਾਲ ਲੈ ਸਕਦੇ ਹਾਂ।

ਹਸਲੀ, ਹੰਸਲੀ : '1. ਛੋਟਾ ਹੰਸ, ਗਲ ਵਿਚ ਪਹਿਨਣ ਦਾ ਇਕ ਗਹਿਣਾ, ਹਸੀਰੀ ; 2. ਗਲ ਦੀ ਹੱਡੀ ; 3. ਛੋਟੀ ਨਹਿਰ, ਸਰੋਵਰ ਵਿਚ ਪਾਣੀ ਧਾਉਣ ਵਾਲੀ ਨਾਲੀ ਜਾਂ ਖਾਲ ; 4. ਦੁਆਬੇ ਦੀ ਇਕ ਨਹਿਰ ਦਾ ਨਾਂ...।'

ਹਸਲੀ ਸ਼ਬਦਾਂ ਦਾ ਸੰਸਕ੍ਰਿਤ ਮੂਲ ਅੰਸ ਹੈ ਜਿਸ ਦਾ ਅਰਥ ਮੋਢਾ ਜਾਂ ਕੰਧਾ ਹੈ। ਪਰੰਤੂ ਹੁਣ ਨਿਰੁਕਤੀਮੂਲਕ ਅਰਥ ਦੂਜੇ ਨੰਬਰ ਤੇ ਚਲਾ ਗਿਆ ਹੈ ਅਰਥਾਤ ਗੌਣ ਅਰਥ ਬਣ ਗਿਆ ਹੈ।

ਇਸੇ ਪ੍ਰਕਾਰ ਹਿੰਦੀ ਖੋਜਾ ਦੇ ਇਹ ਅਰਥ ਹਨ : 1. ਹੀਜੜਾ ; 2. ਸੇਵਕ, ਨੌਕਰ ; 3. ਮਾਲਿਕ, ਸਰਦਾਰ ; 4. ਗੁਜਰਾਤੀ ਮੁਸਲਮਾਨਾਂ ਦੀ ਇਕ ਜਾਤੀ।

ਇਸ ਸ਼ਬਦ ਦਾ ਮੂਲ ਸ਼ਬਦ ਫ਼ਾਰਸੀ ਖਵਾਜਾ ਹੈ ਜਿਸ ਦਾ ਅਰਥ ਮਾਲਿਕ, ਸਰਦਾਰ ਹੈ ਜਿਸ ਨੇ ਹੁਣ ਪਹਿਲੇ ਦੀ ਥਾਂ ਤੀਜਾ ਦਰਜਾ ਅਖ਼ਤਿਆਰ ਕਰ ਲਿਆ ਹੈ।

"ਮੁੱਖ ਅਤੇ ਗੌਣ ਅਰਥਾਂ ਦਾ ਅਜਿਹਾ ਨਿਖੇੜਾ ਤਾਂ ਹੀ ਸੰਭਵ ਹੈ ਜੇ ਇਤਿਹਾਸਕ ਅਤੇ ਨਿਰੁਕਤੀਮੂਲਕ ਅਰਥਾਂ ਨੂੰ ਸ਼ਬਦਾਂ ਦੀ ਤੁਲਨਾਤਮਕ ਪੁਨਰ-ਰਚਨਾ ਅਤੇ ਇਤਿਹਾਸਕ ਪ੍ਰਮਾਣੀਕਰਣ ਦੀ ਸਹਾਇਤਾ ਨਾਲ ਨਿਰਧਾਰਿਤ ਕੀਤਾ ਜਾ ਸਕੇ। ਇਹ ਕੋਸ਼ਲੱਖ

ਲਿਖਤੀ ਭਾਸ਼ਾਵਾਂ ਬਾਰੇ ਹੀ ਸੰਭਵ ਹੈ। ...ਜਿਸ ਭਾਸ਼ਾ ਦਾ ਨਿਰੁਕਤੀਮੂਲਕ ਅਤੇ ਇਤਿਹਾਸਕ ਅਧਿਐਨ ਨਹੀਂ ਕੀਤਾ ਗਿਆ, ਉਥੇ ਇਸ ਕਸੌਟੀ ਦਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਲਿਖਤੀ ਸਾਹਿਤ ਵਾਲੀਆਂ ਭਾਸ਼ਾਵਾਂ ਵਿਚ ਵੀ ਕਈ ਵਾਰ ਇਤਿਹਾਸਕ ਅਰਥ ਗ਼ਾਇਬ ਹੋ ਜਾਂਦਾ ਹੈ ਅਤੇ ਬੁਲਾਰਾ ਮੂਲ ਅਤੇ ਗੌਣ ਅਰਥਾਂ ਵਿਚਕਾਰ ਨਿਖੇੜਾ ਕਰਨ ਦੇ ਅਸਮਰੱਥ ਹੁੰਦਾ ਹੈ। bird ਅਤੇ machine ਦੇ ਅਰਥਾਂ ਵਿਚ ਪ੍ਰਯੋਗ ਕੀਤੇ ਜਾਂਦੇ ਸ਼ਬਦ crane ਦੀ ਮਿਸਾਲ ਆਮ ਦਿੱਤੀ ਜਾਂਦੀ ਹੈ। ਕਈ ਵਾਰ ਦੇਸੀ ਬੁਲਾਰਾ ਵੀ ਇਨ੍ਹਾਂ ਸ਼ਬਦਾਂ ਦੇ ਸੰਬੰਧ ਨੂੰ ਨਹੀਂ ਸਮਝ ਸਕਦਾ। ਇਸ ਨਾਲ ਸਮਨਾਮਤਾ ਦਾ ਸੰਕਲਪ ਵਿਕਸਿਤ ਹੁੰਦਾ ਹੈ।"[12]

ਨਿਰੁਕਤੀਮੂਲਕ ਅਰਥ ਅਤੇ ਇਤਿਹਾਸਕ ਵਿਕਾਸ ਪ੍ਰਕ੍ਰਿਆ ਵਿਚ ਵਿਕਸਿਤ ਗੌਣ ਜਾਂ ਅਪਕੇਂਦਰੀ ਅਰਥਾਂ ਦੇ ਬੋਧ ਲਈ ਕੋਸ਼ਕਾਰ ਨੂੰ ਇਤਿਹਾਸਕ ਵਿਕਾਸ, ਸਮਾਜਕ ਅਤੇ ਸਭਿਆਚਾਰਕ ਅਮਲ ਦਾ ਪੂਰਣ ਗਿਆਨ ਹੋਣਾ ਚਾਹੀਦਾ ਹੈ। ਕਿਸ ਸਥਿਤੀ ਅਤੇ ਕਿਸ ਕਾਲ ਵਿਚ ਸ਼ਬਦ ਦੇ ਕਿਹੜੇ ਰੂਪ ਅਤੇ ਅਰਥ ਦਾ ਪ੍ਰਯੋਗ ਹੁੰਦਾ ਸੀ, ਇਸ ਦੀ ਕੋਸ਼ਕਾਰ ਨੂੰ ਪੂਰੀ ਜਾਣਕਾਰੀ ਹੋਣੀ ਆਵੱਸ਼ਕ ਹੈ। ਤਾਂ ਹੀ ਉਹ ਸ਼ਬਦਾਂ ਦੇ ਵਿਭਿੰਨ ਰੂਪ ਅਤੇ ਅਰਥ, ਅਰਥ-ਭੇਦ, ਪ੍ਰਯੋਗ-ਖੇਤਰ ਆਦਿ ਨਿਸ਼ਚਿਤ ਕਰਨ ਦੇ ਸਮਰੱਥ ਹੋ ਸਕੇਗਾ।

3.3.2.2. ਉਪਰ ਅਸੀਂ ਕੋਸ਼ੀ ਅਰਥ ਦੇ ਮੁੱਖ ਤੱਤਾਂ ਦਾ ਉਲੇਖ ਕਰਦਿਆਂ ਵਾਚਾਰਥ, ਲੱਖਣਾਰਥ, ਪ੍ਰਯੋਗ-ਖੇਤਰ ਆਦਿ ਤੇ ਵਿਸਤ੍ਰਿਤ ਚਰਚਾ ਕਰ ਆਏ ਹਾਂ। ਮੂਲ ਜਾਂ ਕੇਂਦਰੀ ਅਰਥ ਨਿਰਧਾਰਿਤ ਕਰਨ ਲਈ ਸ਼ਬਦ ਦੇ ਸੰਦਰਭੀ ਅਰਥ ਜਾਂ ਪ੍ਰਯੋਗ-ਖੇਤਰ ਦੀ ਕਸੌਟੀ ਦਾ ਵੀ ਪ੍ਰਯੋਗ ਕਰ ਸਕਦੇ ਹਾਂ। ਕੇਂਦਰੀ ਅਰਥ ਵਿਭਿੰਨ ਅਤੇ ਅਨੇਕ ਪ੍ਰਕਾਰ ਦੇ ਸੰਦਰਭਾਂ, ਵਿਸ਼ੇਸ਼ ਕਰਕੇ ਸੁਤੰਤਰ ਸ਼ਬਦ-ਸੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਗੌਣ ਅਰਥ ਕੇਵਲ ਕੁਝ ਕੁ ਸੰਦਰਭਾਂ ਵਿਚ ਹੀ ਉਪਲਬਧ ਹੁੰਦਾ ਹੈ। ਉਦਾਹਰਣ ਵਜੋਂ, ਪੰਜਾਬੀ ਭਾਸ਼ਾ ਵਿਚ ਅੱਖ ਸ਼ਬਦ ਦੇ ਮੁੱਖ ਜਾਂ ਕੇਂਦਰੀ ਅਰਥ ਦਾ ਪ੍ਰਯੋਗ ਅਣਗਿਣਤ ਸੰਦਰਭਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਪਰੰਤੂ ਇਸ ਸ਼ਬਦ ਦੇ ਗੌਣ ਅਰਥ 'ਗੋਡੇ ਦੀ ਚੱਪਣੀ ਹੇਠ ਨੀਵੀਂ ਥਾਂ, ਜਾਂ ਬੂਟਿਆਂ ਦੀ ਗੰਢ ਕੋਲ ਖਰੀਂਢ ਜੇਹਾ ਜਿਥੋਂ ਸੂਆ ਜਾਂ ਤੂਈ ਫੁਟਦੀ ਹੈ' ਕੇਵਲ ਗਿਣੇ-ਚੁਣੇ ਸੰਦਰਭਾਂ ਵਿਚ ਹੀ ਉਪਲਬਧ ਹੋਵੇਗਾ।

3.3.2.3. ਮੂਲ ਅਰਥ ਨਿਰਧਾਰਣ ਦੀ ਇਕ ਹੋਰ ਕਸੌਟੀ ਵੀ ਪ੍ਰਚਲਿਤ ਹੈ ਜਿਸ ਨੂੰ ਸਾਂਖਿਅਕੀ ਕਸੌਟੀ ਆਖਿਆ ਜਾਂਦਾ ਹੈ। "ਸਾਂਖਿਅਕੀ ਕਸੌਟੀ ਭਾਸ਼ਾ ਵਿਚ ਸੰਬੰਧਿਤ ਸ਼ਬਦ ਦੀ ਪ੍ਰਯੋਗ-ਆਵ੍ਰਿਤੀ ਨਾਲ ਸੰਬੰਧ ਰਖਦੀ ਹੈ। ਅਰਥਾਂ ਦੀ ਆਵ੍ਰਿਤੀਗਣਨਾ (count) ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸ਼ਬਦ ਦੇ ਵੱਖ-ਵੱਖ ਅਰਥਾਂ ਦੀ ਆਵ੍ਰਿਤੀ ਘੱਟ-ਵੱਧ ਹੁੰਦੀ ਹੈ। ਅਕਸਰ ਵਧੇਰੇ ਪ੍ਰਯੋਗ ਕੀਤੇ ਜਾਂਦੇ ਅਰਥ ਨੂੰ ਮੂਲ ਅਰਥ ਮੰਨਿਆ

ਜਾਂਦਾ ਹੈ। table ਸ਼ਬਦ ਦੇ ਸਾਰੇ ਅਰਥਾਂ ਵਿਚੋਂ 'a piece of furniture' ਅਰਥ ਦੀ ਆਵ੍ਰਿਤੀ 52% ਹੈ ; ਇਸ ਸ਼ਬਦ ਦੇ 'an orderly arrangement of facts' ਅਰਥ ਦੀ ਆਵ੍ਰਿਤੀ 35% ਹੈ ਅਤੇ ਬਾਕੀ ਸਾਰੇ ਅਰਥਾਂ ਦੀ ਪ੍ਰਯੋਗ-ਆਵ੍ਰਿਤੀ 13% ਹੈ।''[13]

3.3.2.4. ਸਭਿਆਚਾਰਕ ਰੂਪਾਂਤਰਣ, ਵਿਚਾਰਾਂ ਦੇ ਅੰਤਰਰਾਸ਼ਟਰੀ ਆਦਾਨ-ਪ੍ਰਦਾਨ ਅਤੇ ਸੰਚਾਰ ਪ੍ਰਕ੍ਰਿਆ ਦੀ ਸੁਗਮਤਾ ਅਤੇ ਸੌਖ ਲਈ ਕਈ ਵਾਰ ਸਾਧਾਰਣ ਰੂਪ ਵਿਚ ਪ੍ਰਯੋਗ ਕੀਤੇ ਜਾ ਰਹੇ ਸ਼ਬਦ ਦਾ ਵਿਸ਼ਿਸ਼ ਅਰਥ ਵਿਚ ਪ੍ਰਯੋਗ ਕੀਤਾ ਜਾਣਾ ਆਰੰਭ ਹੋ ਜਾਂਦਾ ਹੈ। ਅਜਿਹਾ ਆਮ ਕਰਕੇ ਤਕਨੀਕੀ ਅਤੇ ਵਿਗਿਆਨਕ ਸ਼ਬਦਾਵਲੀ ਦੀ ਹਾਲਤ ਵਿਚ ਹੁੰਦਾ ਹੈ। ਨਵੇਂ ਸੰਕਲਪਾਂ/ਵਿਚਾਰਾਂ ਲਈ ਜਾਂ ਤਾਂ ਨਵੇਂ ਪਦ ਅਸਤਿੱਤਵ ਗ੍ਰਹਿਣ ਕਰ ਲੈਂਦੇ ਹਨ ਜਿਵੇਂ ਸੰਪ੍ਰਜਾਤੀ (ਸੰਪ੍ਰਦਾਇ+ਜਾਤੀ), ਪਰੈਸਤਰੋਇਕਾ ਅਤੇ ਗਲਾਸਨੋਸਤ, ਜਾਂ ਫਿਰ ਨਵੇਂ ਅਥਵਾ ਵਿਸ਼ੇਸ਼ੀਕ੍ਰਿਤ ਵਿਚਾਰਾਂ ਦੀ ਅਭਿਵਿਅਕਤੀ ਦਾ ਕਾਰਜ ਪ੍ਰਚਲਿਤ ਕੋਸ਼ੀ ਇਕਾਈਆਂ ਨੂੰ ਨਿਭਾਉਣਾ ਪੈਂਦਾ ਹੈ। ਤਕਨੀਕੀ ਅਤੇ ਵਿਗਿਆਨਕ ਪਦਾਵਲੀ ਦੇ ਅਸਤਿੱਤਵ ਗ੍ਰਹਿਣ ਕਰਨ ਦਾ ਇਹੀ ਮੁੱਖ ਕਾਰਣ ਹੈ। ਉਦਾਹਰਣ ਵਜੋਂ, 'ਪੰਜਾਬੀ ਕੋਸ਼' ਵਿਚ ਸਾਧਾਰਣ ਸ਼ਬਦ 'ਕੁਸ਼ਲਤਾ' ਦਾ ਅਰਥ 'ਸੁੱਖ-ਸਾਂਦ, ਰਾਜ਼ੀ ਬਾਜ਼ੀ, ਰਾਜ਼ੀ ਖ਼ੁਸ਼ੀ' ਰਿਕਾਰਡ ਕੀਤਾ ਗਿਆ ਹੈ, ਪਰੰਤੂ ਅਰਥ-ਵਿਕਾਸ ਪ੍ਰਕ੍ਰਿਆ ਦੌਰਾਨ ਇਸ ਸ਼ਬਦ ਨੇ ਤਕਨੀਕੀ ਪਸਾਰ ਗ੍ਰਹਿਣ ਕਰ ਲਿਆ ਹੈ ਅਤੇ ਹੁਣ ਇਸ ਸ਼ਬਦ ਦਾ ਪ੍ਰਯੋਗ 'ਪ੍ਰਵੀਨਤਾ, ਨਿਪੁੰਨਤਾ' ਦਾ ਅਰਥ ਵਿਅਕਤ ਕਰਨ ਲਈ ਕੀਤਾ ਜਾਣ ਲੱਗ ਪਿਆ ਹੈ ਅਤੇ ਇਸ ਅਰਥ ਨੂੰ ਅੰਗ੍ਰੇਜ਼ੀ ਸ਼ਬਦ efficiency ਦੇ ਅਰਥ ਦਾ ਸਮਤੁੱਲ ਅਰਥ ਮੰਨਿਆ ਜਾਂਦਾ ਹੈ। ਸ਼ਬਦ ਖ਼ਪਤ ਦਾ ਅਰਥ 'ਵਿਕਰੀ, ਖ਼ਰਚ' ਹੈ, ਪਰੰਤੂ ਇਸ ਸ਼ਬਦ ਦਾ ਵਿਸ਼ੇਸ਼ੀਕ੍ਰਿਤ ਪ੍ਰਯੋਗ ਅਰਥਸ਼ਾਸਤਰ ਵਿਚ ਹੋਣ ਕਾਰਣ ਇਹ 'ਪੂਰਤੀ, ਸਪਲਾਈ' ਦਾ ਅਰਥ ਪ੍ਰਦਾਨ ਕਰਨ ਦੇ ਸਮਰੱਥ ਹੋ ਗਿਆ ਹੈ। ਇੰਜ ਹੀ ਹੇਠ ਲਿਖੇ ਸ਼ਬਦਾਂ ਦੇ ਅਰਥ-ਵਿਕਾਸ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ :

ਅੰਗ੍ਰੇਜ਼ੀ bed : 1. piece of furniture; 2. bottom of sea, a river, lake, etc., layer of rock stone etc. (geography); 3. garden plot, piece of ground (for flowers, vegetables etc.) as in seed-bed (geography).

ਪੰਜਾਬੀ : ਸੁਰ : 1. ਸੁਰ; 2. ਆਵਾਜ਼; 3. ਅੱਖਰ (ਵਿਆਕਰਣ)

ਰਸ : 1. ਅਰਕ, ਸਤ; 2. ਸੁਆਦ, ਅਨੰਦ, ਮਜ਼ਾ; 3. ਭਾਵ (ਸੁਹਜ-ਸ਼ਾਸਤਰ)

ਮੁੱਖ ਜਾਂ ਕੇਂਦਰੀ ਅਰਥ ਦੀ ਇਕ ਹੋਰ ਵਿਸ਼ੇਸ਼ਤਾ ਇਸ ਦਾ ਸਾਧਾਰਣ ਭਾਸ਼ਾ ਵਿਚ ਪ੍ਰਯੋਗ ਹੈ। ਜਦੋਂ ਕੋਈ ਸ਼ਬਦ ਵਿਸ਼ੇਸ਼ ਅਰਥ ਗ੍ਰਹਿਣ ਕਰ ਲੈਂਦਾ ਹੈ, ਤਾਂ ਉਸ ਦਾ ਪ੍ਰਯੋਗ ਬੰਧੇਜੀ ਭਾਸ਼ਾ, ਵਰਗ-ਬੋਲੀ, ਬੋਲਿਆਂ ਆਦਿ ਲਈ ਕੀਤਾ ਜਾਂਦਾ ਹੈ। ਸ਼ਬਦ ਨੂੰ ਵਿਸ਼ੇਸ਼ ਅਰਥ, ਵਿਅੰਗ, ਮਜ਼ਾਕ, ਭਾਵੁਕਤਾ ਆਦਿ ਭਾਵ ਪ੍ਰਦਾਨ ਕਰਨ ਲਈ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਪੰਜਾਬੀ ਸ਼ਬਦ **ਚੀਜ਼** ਦਾ ਸਾਧਾਰਣ ਅਰਥ ਹੈ '1. ਵਸਤੂ, ਸ਼ੈ, ਪਦਾਰਥ; 2. ਮਾਲ, ਅਸਬਾਬ; 3. ਚੋਜ।' ਪਰੰਤੂ ਲੋਕ-ਮਾਨਸਿਕਤਾ ਦੀ ਐਨੇ ਕੁ ਨਾਲ ਤ੍ਰਿਪਤੀ ਨਹੀਂ ਹੋਈ ਅਤੇ ਇਸ ਸ਼ਬਦ ਵਿਚ 'ਖ਼ੂਬਸੂਰਤ ਕੁੜੀ' ਦੇ ਅਪਭਾਸ਼ਾਈ ਅਰਥ ਭਰ ਦਿੱਤੇ। ਇਉਂ ਹੀ **ਉਸਤਾਦ** ਅਤੇ **ਗੁਰੂ** ਸ਼ਬਦਾਂ ਦਾ ਪ੍ਰਯੋਗ ਅਧਿਆਤਮਿਕ ਮਾਰਗ ਵਿਚ ਸੇਧ ਅਤੇ ਰਹਿਨੁਮਾਈ ਪ੍ਰਦਾਨ ਕਰਨ ਵਾਲੇ ਪਾਵਨ-ਪੁਰਸ਼ ਲਈ ਕੀਤਾ ਜਾਂਦਾ ਸੀ, ਪਰੰਤੂ ਸਮੇਂ ਦੀ ਗਤੀਸ਼ੀਲਤਾ ਨੇ ਇਸ ਸ਼ਬਦ ਦੀ ਲਚਕ ਅਤੇ ਗਤੀਸ਼ੀਲਤਾ ਵਿਚ ਵੀ ਵਾਧਾ ਕੀਤਾ ਅਤੇ ਇਸ ਨਾਲ 'ਚਲਾਕ, ਖੁਰਾਂਟ, ਹੁਸ਼ਿਆਰ ਬੰਦੇ ਦੇ ਅਰਥ ਅਰਥਾਤ 'ਗੁਰੂ ਘੰਟਾਲ' ਦੇ ਅਤਿਰਿਕਤ ਅਰਥ ਜੋੜ ਦਿੱਤੇ। ਅੰਗ੍ਰੇਜ਼ੀ ass ਨਾਲ ਵੀ ਇਹੋ ਬੀਤੀ ਹੈ: 1. donkey; 2. buttocks (slang) ਅਤੇ ਪੰਜਾਬੀ **ਖੋਤਾ** ਅਤੇ **ਗਧਾ** ਸ਼ਬਦਾਂ ਦੇ 'ਮੂਰਖ ਆਦਮੀ' ਦੇ ਅਪਭਾਸ਼ਾਈ ਅਰਥ ਵੀ ਇਸੇ ਪ੍ਰਵਿਰਤੀ ਦੇ ਸੂਚਕ ਹਨ।

3.3.3 ਕੋਸ਼ ਵਿਚ ਬਹੁਅਰਥਕਤਾ ਦਾ ਨਿਭਾਅ : ਬਹੁਅਰਥਕ ਸ਼ਬਦਾਂ ਦੇ ਅੰਦਰਾਜ ਤਿਆਰ ਕਰਨ ਲੱਗਿਆਂ ਕੋਸ਼ਕਾਰ ਲਈ ਸ਼ਬਦਾਂ ਦੇ ਰੂਪਾਤਮਕ ਅਤੇ ਅਰਥਗਤ ਪਰਿਵਰਤਨ, ਸ਼ਬਦਾਂ ਦੇ ਇਤਿਹਾਸਕ ਵਿਕਾਸ, ਨਿਰੁਕਤੀਮੂਲਕ ਅਰਥ ਅਤੇ ਅਰਥ-ਵਿਗਿਆਨਕ, ਰੂਪ-ਵਿਗਿਆਨਕ ਅਤੇ ਵਿਆਕਰਣਕ ਨਿਯਮਾਂ ਦਾ ਪੂਰਣ ਗਿਆਨ ਹੋਣਾ ਚਾਹੀਦਾ ਹੈ ਜਿਸ ਦੇ ਆਧਾਰ ਤੇ ਉਹ ਸ਼ਬਦਾਂ ਦੇ ਵਿਭਿੰਨ ਅਰਥਾਂ, ਉਪ-ਅਰਥਾਂ ਆਦਿ ਨੂੰ ਸਹੀ ਅਤੇ ਸਮਝਗੋਚਰੇ ਢੰਗ ਨਾਲ ਆਪਣੇ ਕੋਸ਼ ਵਿਚ ਸੰਜੋ ਸਕੇ। ਜਦੋਂ ਅਸੀਂ ਕੋਸ਼ ਫਰੋਲਦੇ ਹਾਂ ਤਾਂ ਸਾਨੂੰ ਬਹੁਤੀਆਂ ਕੋਸ਼ੀ ਇਕਾਈਆਂ ਦੇ ਇਕ ਤੋਂ ਵੱਧ ਅਰਥਾਂ ਦੇ ਦਰਸ਼ਨ ਹੁੰਦੇ ਹਨ। ਕੋਸ਼ਕਾਰ ਕੋਸ਼ੀ ਇਕਾਈਆਂ ਦੇ ਇਨ੍ਹਾਂ ਅਰਥਾਂ ਨੂੰ ਕਿਵੇਂ ਸੰਕਲਿਤ ਕਰਦਾ ਹੈ, ਵਿਭਿੰਨ ਅਰਥਾਂ ਵਿਚ ਅਰਥ-ਭੇਦ ਕਿਵੇਂ ਕਰਦਾ ਹੈ ? ਇਸ ਬਾਰੇ ਕੋਸ਼ਕਾਰ ਇਕਮਤ ਹਨ ਕਿ ਲਿਖਤੀ ਭਾਸ਼ਾਵਾਂ ਦੀ ਸੂਰਤ ਵਿਚ ਉਹ ਵਿਭਿੰਨ ਲੇਖਕਾਂ ਦੀਆਂ ਟੂਕਾਂ/ਸੰਦਰਭ ਇਕੱਤਰ ਕਰਦਾ ਹੈ ਜਿਸ ਵਿਚ ਉਸ ਕੋਸ਼ੀ ਇਕਾਈ ਦਾ ਪ੍ਰਯੋਗ ਹੋਇਆ ਹੁੰਦਾ ਹੈ। ਵਿਭਿੰਨ ਪ੍ਰਸੰਗਾਂ ਵਿਚ ਸਮਾਨ ਅਤੇ ਅਸਮਾਨ ਵਿਭਿੰਨ ਪ੍ਰਯੋਗਾਂ ਦੀ ਤੁਲਨਾ ਕਰਕੇ ਉਹ ਵਿਭਿੰਨ ਅਰਥ ਕਢਦਾ ਹੈ। ਇਸ ਮੰਤਵ ਲਈ ਉਸ ਨੂੰ ਵੱਧ ਤੋਂ ਵੱਧ ਸੰਦਰਭ-ਟੂਕਾਂ ਇਕੱਤਰ ਕਰਨੀਆਂ ਪੈਂਦੀਆਂ ਹਨ। ਅਲਿਖਿਤ ਭਾਸ਼ਾਵਾਂ ਦੀ ਹਾਲਤ ਵਿਚ ਉਸ ਨੂੰ ਸੂਚਕਾਂ ਅਤੇ ਖੇਤਰੀ ਵਿਧੀਆਂ ਦੁਆਰਾ ਵਿਭਿੰਨ ਅਰਥਾਂ ਅਤੇ ਅਰਥ-ਭੇਦਾਂ ਨੂੰ ਸਪਸ਼ਟ ਕਰਨ ਵਾਲੀਆਂ ਉਕਤੀਆਂ ਇਕੱਤਰ ਕਰਨੀਆਂ ਪੈਂਦੀਆਂ ਹਨ। ਉਦਾਹਰਣ ਵਜੋਂ, ਹੇਠ ਲਿਖੇ ਵਾਕਾਂ ਵਿਚ **ਹੱਥ** ਸ਼ਬਦ ਦਾ ਪ੍ਰਯੋਗ ਦੇਖੋ :

1. ਉਸ ਨੇ ਮੇਰੇ ਵੱਲ ਦੋਸਤੀ ਦਾ ਹੱਥ ਵਧਾਇਆ।
2. ਆਦਮੀ ਨੂੰ ਸਿਰਫ ਸਾਢੇ ਤਿੰਨ ਹੱਥ ਜ਼ਮੀਨ ਦੀ ਹੀ ਲੋੜ ਹੈ।
3. ਰਾਮ ਦਾ ਘਰ ਮੇਰੇ ਸੱਜੇ ਹੱਥ ਹੈ।
4. ਰੇਲ ਆਉਣ ਤੋਂ ਪਹਿਲਾਂ ਹੱਥ ਗਿਰ ਜਾਂਦਾ ਹੈ।
5. ਪਿਤਾ ਜੀ ਦੀ ਮਿਰਤੂ ਪਿਛੋਂ ਬਹੁਤ ਧਨ ਉਸ ਦੇ ਹੱਥ ਆਇਆ।
6. ਮਨੁੱਖ ਦਾ ਕਰਤੱਵ ਹੈ ਕੰਮ ਕਰਨਾ, ਬਾਕੀ ਸਭ ਵਾਹਿਗੁਰੂ ਦੇ ਹੱਥ ਹੈ।

ਜਦੋਂ ਕੋਸ਼ਕਾਰ ਇਨ੍ਹਾਂ ਸਾਰੇ ਪ੍ਰਸੰਗਾਂ ਦੀ ਤੁਲਨਾ ਕਰਦਾ ਹੈ ਤਾਂ ਉਹ ਇਨ੍ਹਾਂ ਵਿਚੋਂ ਹੱਥ ਦੇ ਹੇਠ ਦਿੱਤੇ ਅਰਥ ਕਢਦਾ ਹੈ:

'1. ਦਸਤਪੰਜਾ; 2. ਮਿਣਤੀ ਦਾ ਇਕ ਨਾਪ, 3. ਪਾਸਾ, ਤਰਫ; 4. ਸਿਗਨਲ; 5. ਕਬਜ਼ਾ, 6. ਵਸ, ਅਧਿਕਾਰ।'

ਇੰਜ ਹੀ ਹੇਠ ਲਿਖੇ ਸੰਦਰਭਾਂ ਦੀ ਤੁਲਨਾ ਕਰ ਕੇ ਕੋਸ਼ਕਾਰ make ਦੇ ਇਹ ਅਰਥ ਕਢਦਾ ਹੈ।

1. Cloth is made of cotton (manufacture).
2. Why don't you make yourself useful (cause to be or become).
3. Make a living from one's writings (earn).
4. They made me repeat the story (compel, force, cause).

ਇੰਜ ਕੋਸ਼ਕਾਰ ਅਰਥਾਂ ਦੀਆਂ ਵਿਭਿੰਨ ਸੰਦਰਭ-ਟੂਕਾਂ ਦੀ ਤੁਲਨਾ ਅਤੇ ਵਿਸ਼ਲੇਸ਼ਣ ਕਰ ਕੇ ਅਰਥ ਨਿਸ਼ਚਿਤ ਕਰਦਾ ਹੈ। ਕੋਸ਼ੀ ਇਕਾਈ ਦੇ ਇਨ੍ਹਾਂ ਅਰਥਾਂ ਅਤੇ ਉਪ-ਅਰਥਾਂ ਨੂੰ ਸ਼ਬਦ ਦਾ ਅਰਥ-ਖੇਤਰ ਆਖਦੇ ਹਨ। ਸੰਦਰਭ ਸ਼ਬਦ ਦੇ ਸਮੁੱਚੇ ਅਰਥ-ਖੇਤਰ ਵਿਚੋਂ ਉਪਯੁਕਤ ਅਰਥ ਨੂੰ ਨਿਖੇੜਦਾ ਹੈ ਅਤੇ ਅਰਥ ਦੀਆਂ ਹੋਰ ਸੰਭਾਵਨਾਵਾਂ ਨੂੰ ਖ਼ਤਮ ਕਰਦਾ ਹੈ। ਉਦਾਹਰਣ ਵਜੋਂ, 'ਆਓ, ਪੀੜ੍ਹੀ ਤੇ ਬੈਠ ਜਾਓ' ਵਾਕ ਵਿਚ ਸ਼ਬਦ ਪੀੜ੍ਹੀ ਦਾ 'ਬਿਨਾਂ ਢੋ ਤੋਂ ਛੋਟਾ ਪੀੜ੍ਹਾ' ਦੇ ਰੂਪ ਵਿਚ ਅਰਥ ਮੁੱਖ ਅਰਥ ਗ੍ਰਹਿਣ ਕਰ ਲੈਂਦਾ ਹੈ ਅਤੇ ਦੂਜਾ ਅਰਥ 'ਕੁਲ, ਜੱਦ, ਪੁਸ਼ਤ' ਆਦਿ ਖ਼ਤਮ ਹੋ ਜਾਂਦਾ ਹੈ। ਇਸ ਪ੍ਰਕਾਰ ਸ਼ਬਦ ਦਾ ਅਰਥ ਨਿਰਧਾਰਿਤ ਕਰਨ ਲਈ ਸੰਦਰਭ ਦੀ ਭੂਮਿਕਾ ਆਧੁਨਿਕ ਭਾਸ਼ਾ-ਵਿਗਿਆਨ ਵਿਚ ਬੁਨਿਆਦੀ ਸਿਧਾਂਤ ਹੈ। ਇਹ ਠੀਕ ਹੈ ਕਿ ਭਾਸ਼ਾ-ਪ੍ਰਬੰਧ ਵਿਚ ਸ਼ਬਦਾਂ ਦੀ ਅਨੇਕਤਾ ਅਤੇ ਬਹੁਅਰਥਕਤਾ ਅਰਥ ਦੀ ਅਸਪਸ਼ਟਤਾ ਦਾ ਕਾਰਣ ਬਣਦੀ ਹੈ, ਪਰੰਤੂ ਅਰਥ ਦੀ ਅਸਪਸ਼ਟਤਾ ਨੂੰ ਪ੍ਰਸੰਗ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ ਜਿਹੜਾ ਉਸ ਵਿਸ਼ੇਸ਼ ਸਥਿਤੀ ਵਿਚ ਅਰਥ ਨੂੰ ਨਿਰਧਾਰਿਤ ਕਰਦਾ ਹੈ। ਇਸ ਦੇ ਇਲਾਵਾ, ਅਸਪਸ਼ਟਤਾ ਤੋਂ ਬਚਣ ਦੇ ਕੁਝ ਹੋਰ ਉਪਾਅ ਦ੍ਰਿਸ਼ਟਾਂਤੀ ਉਦਾਹਰਣ, ਟੂਕਾਂ,

ਪਰਿਆਇ ਅਤੇ ਵਿਪਰਿਆਇ ਦੀ ਵਰਤੋਂ ਆਦਿ ਹਨ ।

ਇੰਜ, ਉਪਰ-ਵਰਣਿਤ ਵਿਧੀਆਂ ਦੁਆਰਾ ਅਰਥ ਨਿਰਧਾਰਿਤ ਕਰਕੇ ਕੋਸ਼ਕਾਰ ਇਨ੍ਹਾਂ ਅਰਥਾਂ ਅਤੇ ਉਪ-ਅਰਥਾਂ ਨੂੰ ਆਪਣੇ ਕੋਸ਼ ਵਿਚ ਵਿਵਸਥਿਤ ਰੂਪ ਵਿਚ ਕ੍ਰਮਬੱਧ ਕਰਦਾ ਹੈ । ਪਰ ਇਥੇ ਉਸ ਨੂੰ ਇਕ ਹੋਰ ਮਹੱਤਵਪੂਰਣ ਅਤੇ ਜਟਿਲ ਸਮੱਸਿਆ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਕਿ ਸੰਕਲਿਤ ਅਰਥਾਂ ਅਤੇ ਉਪ-ਅਰਥਾਂ ਨੂੰ ਕਿਸ ਕ੍ਰਮ ਵਿਚ ਰੱਖਿਆ ਜਾਏ ? ਅਰਥਾਂ ਦੇ ਕ੍ਰਮ ਨਿਰਧਾਰਣ ਲਈ ਕੋਸ਼ਕਾਰ ਕੋਲ ਅਧਿਕ ਉਪਯੋਗੀ, ਪ੍ਰਮਾਣਿਤ ਅਤੇ ਸਵੀਕ੍ਰਿਤ ਨਿਯਮ ਸ਼ਬਦ ਦੇ ਅਰਥਾਂ ਦੀ ਆਵ੍ਰਿਤੀ-ਗਣਨਾ ਦਾ ਹੈ ਅਰਥਾਤ ਜਿਹੜਾ ਅਰਥ ਅਧਿਕ ਪ੍ਰਯੋਗ ਵਿਚ ਆਵੇ, ਉਸ ਨੂੰ ਸਭ ਤੋਂ ਪਹਿਲਾਂ ਅਰਥਾਤ ਮੁੱਖ ਅਰਥ ਦੇ ਰੂਪ ਵਿਚ ਦਿੱਤਾ ਜਾਵੇ ਅਤੇ ਇਸ ਤੋਂ ਪਿਛੋਂ ਘਟਦੀ ਆਵ੍ਰਿਤੀ-ਗਣਨਾ ਅਨੁਸਾਰ ਸ਼ਬਦ ਦੇ ਅਰਥ ਮੁਕੰਮਲ ਹੋਣ ਤਕ ਇਹ ਕ੍ਰਮ ਜਾਰੀ ਰੱਖਿਆ ਜਾਵੇ । ਉਦਾ-ਹਰਣ ਵਜੋਂ ਜੇ ਅਸੀਂ ਕੋਸ਼ ਵਿਚ ਮਾਲਾ ਸ਼ਬਦ ਦੇ ਅਰਥ ਦੇਣੇ ਹੋਣ ਤਾਂ ਅਰਥਾਂ ਦਾ ਕ੍ਰਮ ਇਸ ਪ੍ਰਕਾਰ ਰੱਖਣਾ ਅਧਿਕ ਉਚਿਤ ਹੋਵੇਗਾ :

1. ਧਾਗੇ ਵਿਚ ਪਰੋਏ ਹੋਏ ਮਣਕਿਆਂ ਦਾ ਹਾਰ, ਸਿਮਰਨਾ ;
2. ਫੁੱਲਾਂ ਜਾਂ ਮੋਤੀਆਂ ਆਦਿ ਦਾ ਹਾਰ ;
3. ਕਤਾਰ, ਪਾਲ ;
4. ਮਾਲੂ ।

ਪਰੰਤੂ 'ਪੰਜਾਬੀ ਕੋਸ਼' ਵਿਚ ਸਭ ਤੋਂ ਪਹਿਲਾ ਅਰਥ 'ਕਤਾਰ, ਪਾਲ' ਦਿੱਤਾ ਗਿਆ ਹੈ ਜਿਹੜਾ ਇਸ ਸ਼ਬਦ ਦੇ ਸੁਣਨ-ਪੜ੍ਹਨ ਪਿਛੋਂ ਇਕਦਮ ਜ਼ਿਹਨ ਵਿਚ ਨਹੀਂ ਆਉਂਦਾ । ਮੁੱਖ ਅਰਥ ਦੀ ਵਿਸ਼ੇਸ਼ਤਾ ਹੀ ਇਹ ਹੁੰਦੀ ਹੈ ਕਿ ਸ਼ਬਦ ਸੁਣਨ-ਪੜ੍ਹਨ ਪਿਛੋਂ ਇਕਦਮ ਸੁੱਝ ਪਵੇ । ਸੋ, 'ਪੰਜਾਬੀ ਕੋਸ਼' ਦਾ ਅਰਥ-ਕ੍ਰਮ ਦੋਸ਼ਪੂਰਣ ਪ੍ਰਤੀਤ ਹੁੰਦਾ ਹੈ । ਇੰਜ ਹੀ ਇਸ ਕੋਸ਼ ਵਿਚ 'ਮਦਾਰੀ' ਦਾ ਪਹਿਲਾ ਅਰਥ 'ਮਦਾਰ ਪੀਰ ਦਾ ਮੁਰੀਦ' ਦਿੱਤਾ ਹੈ ਜੋ ਬਹੁਅਰਥਕਤਾ ਦੇ ਸੰਕਲਪ ਨੂੰ ਨਜਿੱਠਣ ਲਈ ਕੋਸ਼ਕਾਰਾਂ ਵਲੋਂ ਨਿਰਧਾਰਿਤ ਕਿਸੇ ਵੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ । ਮੁੱਖ ਅਰਥ 'ਤਮਾਸ਼ਾ ਜਾਂ ਖੇਲ ਵਿਖਾਉਣ ਵਾਲਾ' ਹੋਣਾ ਚਾਹੀਦਾ ਸੀ । ਆਵ੍ਰਿਤੀ-ਗਣਨਾ ਦੀ ਕਸੌਟੀ ਦੇ ਨਾਲ ਨਾਲ ਨਿਰੁਕਤੀ ਵੀ ਅਰਥ-ਕ੍ਰਮ ਨਿਰਧਾਰਿਤ ਕਰਨ ਵਿਚ ਸਹਾਈ ਹੁੰਦੀ ਹੈ ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਅਰਥਾਂ ਨੂੰ ਵਿਵਸਥਿਤ ਰੂਪ ਵਿਚ ਕ੍ਰਮਬੱਧ ਕਰਨ ਲਈ ਉਪਰ-ਵਰਣਿਤ ਵਿਧੀਆਂ ਦੇ ਨਾਲ ਨਾਲ ਸੰਬੰਧਿਤ ਕੋਸ਼ ਦੇ ਆਕਾਰ ਅਤੇ ਪ੍ਰਕਾਰ ਦਾ ਵੀ ਅਹਿਮ ਰੋਲ ਹੁੰਦਾ ਹੈ । ਮਿਸਾਲ ਵਜੋਂ, ਅਰਥਾਂ ਦੇ ਇਤਿਹਾਸਕ ਵਿਕਾਸ ਨੂੰ ਆਧਾਰ ਬਣਾ ਕੇ ਤਿਆਰ ਕੀਤੇ ਇਤਿਹਾਸਕ ਕੋਸ਼ਾਂ ਵਿਚ ਸ਼ਬਦ ਦੇ ਪਹਿਲੇ ਅਰਥ ਤੋਂ ਸ਼ੁਰੂ ਕਰਕੇ ਇਸ ਦੇ ਕਾਲਕ੍ਰਮਿਕ ਅਰਥ ਵਿਕਾਸ ਨੂੰ ਦਰਜ ਕੀਤਾ ਜਾਂਦਾ ਹੈ ਅਤੇ ਅਰਥ ਨੂੰ ਸਪਸ਼ਟਤਾ ਪ੍ਰਦਾਨ ਕਰਨ ਲਈ ਸੰਬੰਧਿਤ ਸਾਹਿਤ ਵਿਚੋਂ ਟੂਕਾਂ ਵੀ ਪ੍ਰਸਤੁਤ

ਕੀਤੀਆਂ ਜਾਂਦੀਆਂ ਹਨ। ਸ਼ਬਦ ਦੇ ਅਧਿਕ ਪ੍ਰਚਲਿਤ ਅਰਥ ਨੂੰ ਮੁੱਖ ਅਰਥ ਨਹੀਂ ਮੰਨਿਆ ਜਾਂਦਾ। ਇਸ ਦੇ ਉਲਟ, ਵਿਵਹਾਰਕ ਜਾਂ ਸਿਖਿਆਰਥੀ ਕੋਸ਼ਾਂ ਵਿਚ ਅਰਥ ਦੇ ਕਾਲਕ੍ਰਮਿਕ ਵਿਕਾਸ ਦੇ ਨਿਯਮ ਦੀ ਉਲੰਘਣਾ ਕਰ ਕੇ ਆਵ੍ਰਿਤੀ-ਗਣਨਾ ਦੇ ਨਿਯਮ ਅਨੁਸਾਰ ਸ਼ਬਦ ਦੇ ਅਧਿਕ ਪ੍ਰਯੋਗ ਕੀਤੇ ਜਾਂਦੇ ਸਮਕਾਲੀ ਅਰਥ ਨੂੰ ਮੁੱਖ ਅਰਥ ਮੰਨਿਆ ਜਾਂਦਾ ਹੈ। ਸੋ, ਅਰਥ ਥੀੜਨ ਦਾ ਕੰਮ ਅਧਿਕਤਰ ਕੋਸ਼ ਦੇ ਆਕਾਰ ਅਤੇ ਪ੍ਰਕਾਰ ਤੇ ਨਿਰਭਰ ਕਰਦਾ ਹੈ।

3.4. ਸਮਨਾਮਤਾ (homonymy) : ਉਪਰ ਸਪਸ਼ਟ ਕੀਤਾ ਗਿਆ ਹੈ, ਬਹੁਅਰਥਕ ਸ਼ਬਦ ਇਕ ਹੁੰਦਾ ਹੈ ਪਰ ਉਸ ਦੇ ਅਰਥ ਅਨੇਕ ਹੁੰਦੇ ਹਨ। ਇਸ ਦੇ ਵਿਪਰੀਤ, ਸਮਨਾਮੀ ਸ਼ਬਦ ਰੂਪ ਪੱਖੋਂ ਸਮਾਨ ਹੁੰਦੇ ਹਨ, ਪਰੰਤੂ ਵੱਖ ਵੱਖ ਅਰਥਾਂ ਦੇ ਧਾਰਣੀ ਹੁੰਦੇ ਹਨ ਅਰਥਾਤ ਅਜਿਹੇ ਸ਼ਬਦ ਜਿਨ੍ਹਾਂ ਦੇ ਸ਼ਬਦ-ਜੋੜ ਅਤੇ ਉਚਾਰਣ ਸਮਾਨ ਹੋਣ ਅਤੇ ਭਿੰਨ ਭਿੰਨ ਅਰਥ ਅਸੰਬੰਧਿਤ ਹੋਣ, ਉਨ੍ਹਾਂ ਨੂੰ ਸਮਨਾਮੀ ਸ਼ਬਦ ਆਖਿਆ ਜਾਂਦਾ ਹੈ ਅਤੇ ਇਸ ਵਰਤਾਰੇ ਨੂੰ ਸਮਨਾਮਤਾ ਦਾ ਨਾਂ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, ਪੰਜਾਬੀ ਸ਼ਬਦ **ਕਰਮ** ਦੇ ਇਹ ਅਰਥ ਉਪਲਬਧ ਹਨ : '1. ਕੰਮਕਾਜ ; 2. ਪੇਸ਼ਾ ; 3. ਫ਼ਰਜ਼ ; 4. ਮਿਹਨਤ ; 5. ਭਾਗ, ਕਿਸਮਤ ; 6. ਸੰਸਕਾਰ ਆਦਿ ਕਰਮ ; 7. ਜੋ ਕਰਨ ਵਿਚ ਆਵੇ ਸੋ ਕਰਮ ; 8. ਵਿਆਕਰਣਕ ਰੂਪ ; 9. ਵਿਸ਼ੇਸ਼ਕ ਦੇ ਛੇ ਪਦਾਰਥਾਂ ਵਿਚੋਂ ਇਕ ; 10. ਉਦਾਰਤਾ ; 11. ਹਿੰਮਤ ; 12. ਸ਼ਰਾਫ਼ਤ ; 13. ਖੂਬੀ ; 14. ਕਿਰਪਾ ; 15. ਮੁਆਫ਼ੀ ; 16. ਮਿਲਨਸਾਰੀ ; 17. ਵਡਿਆਈ।' ਇਨ੍ਹਾਂ ਅਰਥਾਂ ਵਿਚ ਅਸੀਂ ਵੇਖਦੇ ਹਾਂ ਕਿ 1 ਤੋਂ 9 ਤਕ ਦੇ ਅਰਥ ਪਰਸਪਰ ਸੰਬੰਧਿਤ ਹਨ ਅਤੇ 10 ਤੋਂ 17 ਤਕ ਦੇ ਅਰਥ ਆਪਸ ਵਿਚ ਸੰਬੰਧਿਤ ਹਨ। ਪਹਿਲੇ ਅਰਥ-ਸਮੂਹ ਦਾ ਦੂਜੇ ਅਰਥ-ਸਮੂਹ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੈ। ਇਥੇ ਪਹਿਲਾ ਅਰਥ-ਸਮੂਹ ਸੰਸਕ੍ਰਿਤ कर्म 'ਕੰਮ' ਤੋਂ ਵਿਕਸਿਤ ਹੋਇਆ ਹੈ ਅਤੇ ਦੂਜਾ ਅਰਥ-ਸਮੂਹ ਅਰਬੀ **ਕਰਮ** 'ਉਦਾਰਤਾ' ਤੋਂ। ਇੰਜ ਹੀ ਸ਼ਬਦ **ਮਾਹੀ** (ਸੰਸਕ੍ਰਿਤ **ਮਾਹਿਸ਼ੀ** : ਮੱਝਾਂ ਦਾ ਪਾਲੀ ; ਸੱਜਣ ; ਜੱਟਾਂ ਦਾ ਇਕ ਗੋਤ) ਅਤੇ **ਮਾਹੀ** (ਫ਼ਾਰਸੀ **ਮਾਹੀ** : ਮੱਛੀ, ਮਛਲੀ); **ਕਿਸ਼ਤ** (ਅਰਬੀ : ਹਿੱਸਾ) ਤੇ **ਕਿਸ਼ਤ** (ਫ਼ਾਰਸੀ : ਸ਼ਹਿ, ਸ਼ਤਰੰਜ ਵਿਚ ਬਾਦਸ਼ਾਹ ਦਾ ਅਜਿਹੇ ਘਰ ਵਿਚ ਆ ਜਾਣਾ ਜਿਥੇ ਸ਼ਾਹ ਤੋਂ ਬਿਨਾਂ ਜਿਹੜਾ ਮੁਹਰਾ ਆ ਜਾਵੇ ਉਹ ਮਾਰਿਆ ਜਾਂਦਾ ਹੈ) ; **ਕਾਇਲ** (ਅਰਬੀ : ਮੰਨ ਜਾਣ ਵਾਲਾ) ਅਤੇ **ਕਾਇਲ** (ਅੰਗ੍ਰੇਜ਼ੀ coil : ਲੱਛਾ, ਪਿੰਨਾ) ; **ਕਰ** (ਸੰਸਕ੍ਰਿਤ कृत : ਸੂਰਜ ਜਾਂ ਚੰਦ ਦੀਆਂ ਕਿਰਨਾਂ, ਓਲਾ, ਗੜਾ, ਕਾਬੜਾ), **ਕਰ** (ਸੰਸਕ੍ਰਿਤ कर : ਹੱਥ), **ਕਰ** (ਸੰਸਕ੍ਰਿਤ शुष ; ਸਿੱਕਰੀ), **ਕਰ** (ਸੰਸਕ੍ਰਿਤ कर : ਟੈਕਸ) ਆਦਿ ਨੂੰ ਸਮਨਾਮੀ ਸ਼ਬਦਾਂ ਵਜੋਂ ਪ੍ਰਸਤੁਤ ਕੀਤਾ ਜਾ ਸਕਦਾ ਹੈ। ਇਨ੍ਹਾਂ ਦੇ ਕੋਸ਼ ਵਿਚ ਅੰਦਰਾਜ ਵੱਖ ਵੱਖ ਹੋਣਗੇ।

ਪਰੰਤੂ ਕੁਝ ਸਮਨਾਮੀ ਸ਼ਬਦ ਅਜਿਹੇ ਹਨ ਜਿਹੜੇ ਇਕੋ ਭਾਸ਼ਾ ਤੋਂ ਵਿਕਸਿਤ

ਹੋਏ ਹੁੰਦੇ ਹਨ ਪਰੰਤੂ ਉਨਾਂ ਦੇ ਅਰਥ ਭਿੰਨ ਹੁੰਦੇ ਹਨ, ਜਿਵੇਂ ਕਰ ਦੀ ਮਿਸਾਲ ਉਪਰ ਦਿੱਤੀ ਗਈ ਹੈ । ਇਸੇ ਪ੍ਰਕਾਰ ਸ਼ਬਦ ਮੱਤ (ਸੰਸਕ੍ਰਿਤ मत : ਧਰਮ ; ਪੰਥ, ਧਾਰਮਕ ਸੰਪਰਦਾ) ਅਤੇ ਮੱਤ (ਸੰਸਕ੍ਰਿਤ मति : ਅਕਲ, ਸਿਆਣਪ ; ਸਲਾਹ, ਮਸ਼ਵਰਾ ; ਰਾਏ ; ਨਸੀਹਤ, ਸਿੱਖਿਆ) ; ਸ਼ਬਦ ਮੱਠਾ (ਸੰਸਕ੍ਰਿਤ मन्द : ਸੁਸਤ ; ਹੌਲੀ ਹੌਲੀ ਕੰਮ ਕਰਨ/ ਤੁਰਨ ਵਾਲਾ ; ਥੋੜ੍ਹਾ, ਘੱਟ ; ਖੁੰਢਾ ; ਮੰਦਾ), ਮੱਠਾ (ਸੰਸਕ੍ਰਿਤ मन्थ् : ਅਧਰਿੜਕਾ, ਰਿੜਕਿਆ ਹੋਇਆ ਗਾੜ੍ਹਾ ਦਹੀਂ ਜਿਸ ਵਿਚ ਘੱਟ ਪਾਣੀ ਪਿਆ ਹੁੰਦਾ ਹੈ ; ਰਿੜਕਿਆ ਹੋਇਆ ਦਹੀਂ) ਅਤੇ ਮੱਠਾ (ਸੰਸਕ੍ਰਿਤ मिष्ट : ਵੱਡੀ ਮੱਠੀ) ਆਦਿ ਅਨੇਕਾਂ ਸਮਨਾਮੀ ਸ਼ਬਦ ਭਾਸ਼ਾ-ਪ੍ਰਬੰਧ ਵਿਚ ਅਜਿਹੇ ਉਪਲਬਧ ਹੁੰਦੇ ਹਨ ਜਿਹੜੇ ਇਕੋ ਸ੍ਰੋਤ ਭਾਸ਼ਾ ਤੋਂ ਵਿਕਸਿਤ ਹੋਏ ਹੁੰਦੇ ਹਨ ।

ਸਮਨਾਮੀ ਸ਼ਬਦਾਂ ਦੀਆਂ ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਕੋਸ਼ਕਾਰ ਨੂੰ ਸਮਨਾਮੀ ਸ਼ਬਦਾਂ ਦੇ ਅੰਦਰਾਜ ਕਰਨ ਦੀ ਸਮੱਸਿਆ ਦਾ ਅਕਸਰ ਸਾਮ੍ਹਣਾ ਕਰਨਾ ਪੈਂਦਾ ਹੈ । ਹਰੇਕ ਕੋਸ਼ਕਾਰ ਇਸ ਸਮੱਸਿਆ ਨੂੰ ਆਪਣੇ ਆਪਣੇ ਤਰੀਕੇ ਨਾਲ ਹੱਲ ਕਰਦਾ ਹੈ । ਉਹ ਜਾਂ ਤਾਂ ਸਮਨਾਮੀ ਸ਼ਬਦਾਂ ਦੇ ਰੂਪ ਅਤੇ ਅਰਥ ਦੇ ਸੰਬੰਧਾਂ ਦੀ ਪ੍ਰਕਿਰਤੀ ਬਾਰੇ ਆਪਣੇ ਨਿਜੀ ਵਿਚਾਰਾਂ ਦੇ ਆਧਾਰ ਤੇ ਜਾਂ ਫਿਰ ਪ੍ਰਚਲਿਤ ਕੋਸ਼ਕਾਰੀ ਪਰੰਪਰਾ ਦਾ ਅਨੁਸਰਣ ਕਰ ਕੇ ਇਸ ਸਮੱਸਿਆ ਦਾ ਹੱਲ ਕਰਦਾ ਹੈ । ਕਹਿਣ ਦਾ ਭਾਵ ਇਹ ਕਿ ਸਮਨਾਮੀ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨ ਲਈ ਮੌਜੂਦਾ ਕੋਸ਼ਾਂ ਵਿਚ ਵਿਭਿੰਨ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ । ਜਿਵੇਂ ਕਿ ਉਪਰ ਦਰਸਾਇਆ ਗਿਆ ਹੈ, ਇਕ ਵਿਧੀ ਤਾਂ ਸੰਬੰਧਿਤ ਅਰਥਾਂ ਨੂੰ ਇਕੋ ਅੰਦਰਾਜ ਵਿਚ ਸਮੇਟਣ ਦੀ ਹੈ ਅਤੇ ਅਸੰਬੰਧਿਤ ਅਰਥਾਂ ਅਰਥਾਤ ਜਿਨ੍ਹਾਂ ਅਰਥਾਂ ਦੀ ਮੂਲ ਜਾਂ ਕੇਂਦਰੀ ਅਰਥ ਨਾਲ ਕੋਈ ਅਰਥ-ਸਮਾਨਤਾ ਦ੍ਰਿਸ਼ਟੀਗੋਚਰ ਨਾ ਹੋਵੇ, ਉਨ੍ਹਾਂ ਨੂੰ ਵੱਖਰੇ ਅੰਦਰਾਜ ਵਿਚ ਦਿੱਤਾ ਜਾਂਦਾ ਹੈ । ਦੋ ਵਿਭਿੰਨ ਸ੍ਰੋਤ ਭਾਸ਼ਾਵਾਂ ਤੋਂ ਵਿਕਸਿਤ ਅਰਥਾਂ ਨੂੰ ਵੱਖ ਵੱਖ ਅੰਦਰਾਜਾਂ ਦੇ ਅੰਤਰਗਤ ਦਿੱਤਾ ਜਾਂਦਾ ਹੈ । ਇਉਂ ਹੀ, ਇਕੋ ਸ੍ਰੋਤ ਭਾਸ਼ਾ ਦੇ ਵਿਭਿੰਨ ਸ਼ਬਦਾਂ ਤੋਂ ਵਿਕਸਿਤ ਕੋਸ਼ੀ ਇਕਾਈਆਂ ਨੂੰ ਵੱਖ ਵੱਖ ਅੰਦਰਾਜਾਂ ਦੇ ਅੰਤਰਗਤ ਸੰਜੋਇਆ ਜਾਂਦਾ ਹੈ । ਇਨ੍ਹਾਂ ਵਿਧੀਆਂ ਨੂੰ ਉਪਰ ਸਮਨਾਮੀ ਸ਼ਬਦਾਂ ਦੀਆਂ ਮਿਸਾਲਾਂ ਦੇ ਕੇ ਸਪਸ਼ਟ ਕੀਤਾ ਗਿਆ ਹੈ । ਕੋਸ਼ ਵਿਚ ਸੁਗਮਤਾ ਅਤੇ ਸੌਖ ਲਈ ਵੱਖ ਵੱਖ ਅੰਦਰਾਜਾਂ ਨੂੰ ਸੰਖਿਆਂਕਿਤ (numbered) ਕੀਤਾ ਜਾਂਦਾ ਹੈ ਜਿਵੇਂ ਕਰਮ^{1}, ਕਰਮ^{2} , ਕਰ^{1}, ਕਰ,^{2} ਕਰ^{3} ਆਦਿ । ਇਸ ਨਾਲ ਪ੍ਰਯੋਗਕਰਤਾ ਨੂੰ ਅਰਥ ਵੇਖਣ ਦੀ ਸਹੂਲਤ ਰਹਿੰਦੀ ਹੈ ਅਤੇ ਸੂਝਵਾਨ ਪ੍ਰਯੋਗਕਰਤਾ ਝੱਟ ਸਮਝ ਜਾਂਦਾ ਹੈ ਕਿ ਇਕਸਮਾਨ ਵੱਖ ਵੱਖ ਸੰਖਿਆਂਕਿਤ ਅੰਦਰਾਜਾਂ ਦੇ ਅੰਤਰਗਤ ਅਰਥਾਂ ਨੂੰ ਵਖਰਿਆਉਣ ਦਾ ਕੋਈ ਵਿਸ਼ੇਸ਼ ਉਦੇਸ਼ ਹੈ ।

ਸਮਨਾਮੀ ਸ਼ਬਦ ਦੀ ਪਰਿਭਾਸ਼ਾ ਦਿੰਦਿਆਂ ਉਪਰ ਕਿਹਾ ਗਿਆ ਹੈ ਕਿ ਸਮਾਨ ਸ਼ਬਦ-ਜੋੜਾਂ ਅਤੇ ਉੱਚਾਰਣ ਵਾਲੇ ਅਤੇ ਭਿੰਨ ਤੇ ਅਸੰਬੰਧਿਤ ਅਰਥਾਂ ਵਾਲੇ ਸ਼ਬਦਾਂ ਨੂੰ

ਸਮਨਾਮੀ ਸ਼ਬਦ ਆਖਿਆ ਜਾਂਦਾ ਹੈ। ਪੰਜਾਬੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੀ ਅੱਖਰੀ (syllabic) ਲਿਪੀ ਹੋਣ ਕਰਕੇ ਇਨ੍ਹਾਂ ਵਿਚ ਸਮਨਾਮੀ ਸ਼ਬਦਾਂ ਦੀ ਇਸ ਪਰਿਭਾਸ਼ਾ ਵਿਚ ਵਰਣਿਤ ਸਮਾਨ ਸ਼ਬਦ-ਜੋੜਾਂ ਅਤੇ ਸਮਾਨ ਉੱਚਾਰਣ ਦੇ ਲੱਛਣਾਂ ਸੰਬੰਧੀ ਕੋਈ ਸਮੱਸਿਆ ਨਹੀਂ ਆਉਂਦੀ, ਕਿਉਂਕਿ ਇਨ੍ਹਾਂ ਭਾਸ਼ਾਵਾਂ ਵਿਚ ਅੱਖਰਾਂ, ਸਵਰਾ ਆਦਿ ਦੇ ਸੁਮੇਲ ਅਤੇ ਸੰਬੰਧ ਨਾਲ ਜੋ ਸ਼ਬਦ-ਰੂਪ ਅਸਤਿੱਤਵ ਗ੍ਰਹਿਣ ਕਰਦਾ ਹੈ, ਉਸ ਦੇ ਲਗਭਗ ਹੂ-ਬਹੂ ਲਿਖਣ ਅਤੇ ਉਚਾਰਣ ਵਿਚ ਕੋਈ ਦਿੱਕਤ ਨਹੀਂ ਆਉਂਦੀ, ਕਿਉਂਕਿ ਇਨ੍ਹਾਂ ਭਾਸ਼ਾਵਾਂ ਦੀਆਂ ਧੁਨੀਆਂ ਐਨੀਆਂ ਸਪਸ਼ਟ, ਨਿਖੜਵੀਆਂ ਅਤੇ ਉਘੜਵੀਆਂ ਹਨ ਕਿ ਇਨ੍ਹਾਂ ਵਿਚ ਜੋ ਬੋਲਿਆ ਜਾਂਦਾ ਹੈ, **ਉਹੀ** ਲਿਖਿਆ ਅਤੇ ਪੜ੍ਹਿਆ ਜਾਂਦਾ ਹੈ। ਜੇ ਅਸੀਂ **ਕਮਲ** ਸ਼ਬਦ ਦਾ ਉਚਾਰਣ ਕਰਾਂਗੇ ਤਾਂ ਇਹ ਕ/ਮ/ਲ ਅੱਖਰਾਂ ਦੇ ਸੁਮੇਲ ਨਾਲ ਲਿਖਿਆ ਅਤੇ ਪੜ੍ਹਿਆ ਜਾਏਗਾ। ਕਹਿਣ ਦਾ ਭਾਵ ਇਹ ਕਿ ਅੱਖਰ ਜਾਂ ਸਵਰ ਦੇ ਬੋਲਣ, ਲਿਖਣ ਜਾਂ ਪੜ੍ਹਨ ਵਿਚ ਇਹ ਭਾਸ਼ਾਵਾਂ ਕੋਈ ਭ੍ਰਾਂਤੀ ਉਤਪੰਨ ਨਹੀਂ ਕਰਦੀਆਂ ਅਰਥਾਤ ਬਿਲਕੁਲ ਸਪਸ਼ਟ ਹਨ। ਪਰੰਤੂ ਇਨ੍ਹਾਂ ਭਾਸ਼ਾਵਾਂ ਦੇ ਇਸ ਗੁਣ-ਲੱਛਣ ਦੇ ਉਲਟ, ਅੰਗ੍ਰੇਜ਼ੀ ਭਾਸ਼ਾ ਵਿਚ ਭਿੰਨ ਵਰਤਾਰਾ ਵਿਆਪਤ ਹੈ। ਉਥੇ ਜੋ ਬੋਲਿਆ ਜਾਂਦਾ ਹੈ, ਉਹ ਲਿਖਿਆ ਤੇ ਪੜ੍ਹਿਆ ਨਹੀਂ ਜਾਂਦਾ। ਲਿਖਣ ਜਾਂ ਪੜ੍ਹਨ ਸਮੇਂ ਉੱਚਰਿਤ ਬੋਲਾਂ ਵਿਚ ਕੁਝ ਜੋੜਨਾ ਜਾਂ ਤਿਆਗਣਾ ਪੈਂਦਾ ਹੈ। ਲਿਖਿਆ ਜਾਏਗਾ lead ਪਰ ਬੋਲਿਆ ਅਤੇ ਪੜ੍ਹਿਆ ਜਾਏਗਾ ਲੇੱਡ। ਇਸ ਸ਼ਬਦ-ਜੋੜ ਵਾਲੇ ਸ਼ਬਦ ਦਾ ਉਚਾਰਣ 'ਲੀਡ' ਵੀ ਕੀਤਾ ਜਾਂਦਾ ਹੈ। ਇਸੇ ਪ੍ਰਕਾਰ read (ਰੀਡ) ਤੇ read (ਰੇੱਡ), tear (ਟਿਅ) ਤੇ tear (ਟੇਅ) ਆਦਿ ਸ਼ਬਦਾਂ ਨੂੰ ਵੇਖਿਆ ਜਾ ਸਕਦਾ ਹੈ। ਇਸ ਦੇ ਇਲਾਵਾ, ਲਿਖਣ ਵੇਲੇ ਜਿਨ੍ਹਾਂ ਅੱਖਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਬੋਲਣ ਸਮੇਂ ਉਨ੍ਹਾਂ ਨੂੰ ਉਚਾਰਿਆ ਨਹੀਂ ਜਾਂਦਾ ਜਿਵੇਂ calm (ਕਾਮ) ਵਿਚ l ਦਾ ਉੱਚਾਰਣ ਨਹੀਂ ਕੀਤਾ ਜਾਂਦਾ; knight, write ਸ਼ਬਦਾਂ ਵਿਚ k ਅਤੇ w ਮੌਨ ਹਨ। ਇੰਜ, ਅਜਿਹੀਆਂ ਭਾਸ਼ਾਵਾਂ ਵਿਚ ਲਿਖਣ ਅਤੇ ਉਚਾਰਣ ਦੀ ਵਿਕਟ ਸਮੱਸਿਆ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਕਿਉਂਕਿ ਇਥੇ ਧੁਨੀਆਂ ਦਾ ਕੋਈ ਆਪਸੀ ਤਾਲਮੇਲ ਨਹੀਂ ਹੁੰਦਾ। ਅਜਿਹੀਆਂ ਭਾਸ਼ਾਵਾਂ ਵਿਚ ਜਿਹੜੇ ਸ਼ਬਦਾਂ ਵਿਚ ਧੁਨੀ ਸਮਾਨਤਾ ਉਪਲਬਧ ਹੁੰਦੀ ਹੈ, ਉਨ੍ਹਾਂ ਨੂੰ ਸਮਧੁਨੀ ਸਮਨਾਮੀ ਸ਼ਬਦ (homophones) ਆਖਦੇ ਹਨ ਜਿਵੇਂ right, write, rite, wright; tail, tale; bye, by; knight, night ਆਦਿ। ਇਨ੍ਹਾਂ ਵਿਚ ਉਚਾਰਣ ਦੀ ਸਮਾਨਤਾ ਹੈ ਪਰ ਅਰਥ ਅਤੇ ਸ਼ਬਦ-ਜੋੜ ਭਿੰਨ ਹਨ। ਜਿਹੜੇ ਸ਼ਬਦਾਂ ਦੇ ਸ਼ਬਦ-ਜੋੜ ਸਮਾਨ ਹਨ ਪਰੰਤੂ ਉਚਾਰਣ ਅਤੇ ਅਰਥ ਭਿੰਨ ਹਨ ਉਨ੍ਹਾਂ ਨੂੰ ਸਮਲੇਖੀ ਸ਼ਬਦ (homographs) ਆਖਿਆ ਜਾਂਦਾ ਹੈ ਜਿਵੇਂ read (ਰੀਡ) ਤੇ ਰੇੱਡ (read); tear (ਟਿਅ) ਤੇ tear (ਟੇਅ) ਆਦਿ। ਜਿਨ੍ਹਾਂ ਸ਼ਬਦਾਂ ਦੀ ਉਚਾਰਣ ਅਤੇ ਸ਼ਬਦ-ਜੋੜਾਂ ਵਿਚ ਸਮਾਨਤਾ ਹੁੰਦੀ ਹੈ ਪਰੰਤੂ ਅਰਥ ਭਿੰਨ ਹੁੰਦੇ ਹਨ, ਉਨ੍ਹਾਂ ਨੂੰ **ਧੁਨੀ-ਲੇਖੀ** (phonatico-

graphic) ਸਮਨਾਮੀ ਸ਼ਬਦ ਆਖਿਆ ਜਾਂਦਾ ਹੈ ਜਿਵੇਂ ਪੰਜਾਬੀ ਸ਼ਬਦ **ਵੱਟ** (ਵੰਨਾ), **ਵੱਟ** (ਵਿੰਗ, ਵਲ), **ਵੱਟ** (ਬਦਲ), **ਵੱਟ** (ਹੁੱਸੜ, ਗਰਮੀ); **ਕੋਟ** (ਕਿਲਾ), **ਕੋਟ** (ਕਰੋੜ), **ਕੋਟ** (ਅੰਗ੍ਰੇਜ਼ੀ ਬਸਤਰ), **ਕੋਟ** (ਤਾਸ਼ ਦੀ ਖੇਡ ਵਿਚ ਪ੍ਰਯੁਕਤ ਸ਼ਬਦ); **ਸੰਗ** (ਪੱਥਰ), **ਸੰਗ** (ਸਾਥ), **ਸੰਗ** (ਸ਼ਰਮ) ਆਦਿ ਅਣਗਿਣਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਅੰਗ੍ਰੇਜ਼ੀ ਵਿਚ ਵੀ ਅਜਿਹੀਆਂ ਕੋਸ਼ੀ ਇਕਾਈਆਂ ਉਪਲਬਧ ਹਨ ਜਿਵੇਂ **bank** (land along each side of a river or canal ; ground near a river), **bank** (establishment for keeping money and valuables safely, the money being paid out on the customer's order), **bank** (row of keys—on an organ or typewriter) ਆਦਿ। ਇਸ ਤੋਂ ਬਿਨਾਂ **ਅਰਥਗਤ ਸਮਨਾਮੀ ਸ਼ਬਦਾਂ** ਨੂੰ ਅੱਗੋਂ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਨੂੰ **ਨਿਰੋਲ ਕੋਸ਼ੀ ਸਮਨਾਮੀ ਸ਼ਬਦ** (purely lexical homonyms) ਆਖਿਆ ਜਾਂਦਾ ਹੈ ਜਿਹੜੇ ਕੇਵਲ ਕੋਸ਼ੀ ਅਰਥਾਂ ਵਿਚ ਭਿੰਨ ਹਨ, ਪਰੰਤੂ ਵਿਆਕਰਣਕ ਅਰਥਾਂ ਵਿਚ ਸਮਾਨ ਹੁੰਦੇ ਹਨ ਜਿਵੇਂ ਅੰਗ੍ਰੇਜ਼ੀ ਸ਼ਬਦ tail ਅਤੇ tale ਵਿਚ ਵਿਆਕਰਣਕ ਅਤੇ ਉਚਾਰਣਗਤ ਸਮਾਨਤਾ ਹਾਜ਼ਿਰ ਹੈ ਅਰਥਾਤ ਦੋਵੇਂ ਸ਼ਬਦ 'ਸੰਗਿਆ' ਹਨ, ਪਰੰਤੂ ਅਰਥ-ਸਮਾਨਤਾ ਗੈਰਹਾਜ਼ਿਰ ਹੈ ਅਰਥਾਤ tail (part of animal's body) ਅਤੇ tale (story)। ਪੰਜਾਬੀ ਸ਼ਬਦਾਂ **ਮਾਇਆ** (ਈਸ਼ਵਰ ਦੀ ਸ਼ਕਤੀ ; ਧਨ ; ਪਦਾਰਥਕ ਸੰਸਾਰ; ਛਲਾਵਾ ; ਸ਼ੜਯੰਤਰ) ਅਤੇ **ਮਾਇਆ** (ਮਾਵਾ, ਲੇਵੀ) ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਅਰਥਗਤ ਸਮਨਾਮੀ ਸ਼ਬਦਾਂ ਦੀ ਦੂਜੀ ਸ਼੍ਰੇਣੀ ਨੂੰ **ਨਿਰੋਲ ਵਿਆਕਰਣਕ ਸਮਨਾਮੀ ਸ਼ਬਦ** (purely grammatical homonyms) ਆਖਿਆ ਜਾਂਦਾ ਹੈ ਜਿਨ੍ਹਾਂ ਵਿਚ ਵਿਆਕਰਣਕ ਭਿੰਨਤਾ ਹੁੰਦੀ ਹੈ ਪਰੰਤੂ ਕੋਸ਼ੀ ਅਰਥਾਂ ਦੀ ਭਿੰਨਤਾ ਨਹੀਂ ਹੁੰਦੀ, ਜਿਵੇਂ ਅੰਗ੍ਰੇਜ਼ੀ ਸ਼ਬਦ use (ਯੂਜ਼) vb. : employ' ਅਤੇ use (ਯੂਸ) n. 'the act of using'। ਪੰਜਾਬੀ ਸ਼ਬਦ **ਝਰਨਾ** ਸੰਗਿਆ 'ਆਬਸ਼ਾਰ, ਚਸ਼ਮਾ' ਅਤੇ **ਝਰਨਾ** ਕ੍ਰਿਆ 'ਚੋਣਾ, ਸਿੰਮਣਾ' ਨੂੰ ਇਸ ਸ਼੍ਰੇਣੀ ਦੇ ਸਮਨਾਮੀ ਸ਼ਬਦਾਂ ਦੀ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਤੀਜੀ ਸ਼੍ਰੇਣੀ **ਕੋਸ਼ੀ-ਵਿਆਕਰਣਕ ਸਮਨਾਮੀ ਸ਼ਬਦਾਂ** (lexico-grammatical homophones) ਦੀ ਹੈ ਜਿਹੜੇ ਕੋਸ਼ੀ ਅਤੇ ਵਿਆਕਰਣਕ ਦੋਹਾਂ ਹੀ ਅਰਥਾਂ ਵਿਚ ਭਿੰਨ ਹੁੰਦੇ ਹਨ ਜਿਵੇਂ egg (ਏੱਗ) n. 'a round object containing new life' ਅਤੇ egg (ਏੱਗ) vb. 'to urge to do something' ਆਦਿ। ਪੰਜਾਬੀ ਦਾ ਸ਼ਬਦ **ਲਾਣਾ** ਸੰਗਿਆ 'ਕਿਸਾਨ ਦਾ ਸਾਰਾ ਮਾਲ ਮੱਤਾ ਅਰਥਾਤ ਹਲ, ਪੰਜਾਲੀ, ਖੂਹ, ਬਲਦ ਆਦਿ; ਟੱਬਰ' ਅਤੇ **ਲਾਣਾ** ਕ੍ਰਿਆ 'ਜੋੜਨਾ, ਮੇਲਣਾ' ("ਝੂਠਾ ਲਾਰਾ ਨਹੀਂ ਲਾਣਾ") ਕੋਸ਼ੀ-ਵਿਆਕਰਣਕ ਸਮਨਾਮੀ ਸ਼ਬਦਾਂ ਦੇ ਅੰਤਰਗਤ ਆਉਂਦਾ ਹੈ। ਇਸ ਦੇ ਇਲਾਵਾ, **ਉੱਛਲ** ਸੰਗਿਆ 'ਪਹਿਲਾਂ ਚੁਣਨ ਦਾ ਅਧਿਕਾਰ' ਅਤੇ **ਉੱਛਲ** ਕ੍ਰਿਆ 'ਬੁੜ੍ਹਕਣਾ, ਉੱਭਰਨਾ, ਬਾਹਰ ਆਉਣਾ'; **ਸਤ** ਸੰਗਿਆ

'ਅਰਕ' ਅਤੇ **ਸਤ** ਕ੍ਰਿਆ 'ਤੰਗ ਆਉਣਾ' ਆਦਿ ਅਣਗਿਣਤ ਮਿਸਾਲਾਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ। ਇਸ ਪ੍ਰਕਾਰ, ਕੋਸ਼ ਵਿਚ ਸਮਨਾਮੀ ਸ਼ਬਦਾਂ ਦੇ ਅੰਦਰਾਜ ਕਰਦਿਆਂ ਕੋਸ਼ਕਾਰ ਨੂੰ ਉਪਰ-ਵਰਣਿਤ ਵਿਭਿੰਨ ਸਮਨਾਮੀ ਸ਼ਬਦਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ। ਪਰੰਤੂ ਬਾਲ ਕੋਸ਼ਾਂ ਵਿਚ ਭਾਸ਼ਾ ਦੀ ਸਥਿਤੀ ਦਾ ਜਾਣ-ਬੁੱਝ ਕੇ ਸਰਲੀਕਰਣ ਕਰ ਲਿਆ ਜਾਂਦਾ ਹੈ ਕਿਉਂਕਿ ਕੋਸ਼-ਵਿਗਿਆਨੀਆਂ ਦਾ ਮਤ ਹੈ ਕਿ ਬੱਚਿਆਂ ਨੂੰ ਸਮਨਾਮਤਾ ਦੀ ਧਾਰਣਾ ਤੋਂ ਪਰਿਚਿਤ ਕਰਵਾਉਣਾ ਉਪਯੁਕਤ ਨਹੀਂ ਹੈ।

ਸਮਨਾਮੀ ਸ਼ਬਦਾਂ ਨੂੰ ਵਿਚਾਰਨ ਸਮੇਂ ਕੋਸ਼ਕਾਰ ਨੂੰ ਇਨ੍ਹਾਂ ਦੀ ਵਿਉਤਪੱਤੀ ਵਲ ਧਿਆਨ ਦੇਣਾ ਅਤਿ ਆਵੱਸ਼ਕ ਹੈ, ਕਿਉਂਕਿ ਕੌਮਾਂਤਰੀ ਪੱਧਰ ਤੇ ਸੰਚਾਰ-ਵਿਵਸਥਾ ਦੇ ਵਿਕਸਿਤ ਹੋਣ ਨਾਲ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦਾਂ ਦਾ ਭਾਸ਼ਾ ਵਿਚ ਪ੍ਰਵੇਸ਼ ਕਰਨਾ ਅੱਜ ਕੱਲ੍ਹ ਬਹੁਤ ਹੀ ਸਾਧਾਰਣ ਵਰਤਾਰਾ ਹੈ। ਭਾਸ਼ਾ ਵਿਚ ਸਮਨਾਮੀ ਸ਼ਬਦ ਕਿਵੇਂ ਪ੍ਰਗਟ ਅਤੇ ਪ੍ਰਚਲਿਤ ਹੁੰਦੇ ਹਨ ? ਇਸ ਸਮੱਸਿਆ ਤੇ ਵਿਚਾਰ ਕੋਸ਼ਕਾਰ ਨੂੰ ਅਰਥਾਂ ਵਿਚਕਾਰ ਸੰਬੰਧ ਸਥਾਪਿਤ ਕਰਨ ਅਤੇ ਸਮਨਾਮੀ ਸ਼ਬਦਾਂ ਨੂੰ ਬਹੁਅਰਥਕ ਸ਼ਬਦਾਂ ਤੋਂ ਨਿਖੇੜਨ ਵਿਚ ਮਦਦ ਕਰੇਗੀ। ਇਸ ਪ੍ਰਸੰਗ ਵਿਚ ਵਿਭਿੰਨ ਕੋਸ਼-ਵਿਗਿਆਨੀਆਂ ਦੇ ਯੋਗਦਾਨ ਨੂੰ ਵੀ ਮੱਦੇ ਨਜ਼ਰ ਰੱਖਿਆ ਜਾਏਗਾ। ਸਮਨਾਮੀ ਸ਼ਬਦ ਹੇਠ ਲਿਖੇ ਰੂਪਾਂ ਵਿਚ ਉਪਲਬਧ ਹੁੰਦੇ ਹਨ :

(1) ਸ੍ਰੋਤ ਭਾਸ਼ਾ ਦੀਆਂ ਦੋ ਜਾਂ ਅਧਿਕ ਕੋਸ਼ੀ ਇਕਾਈਆਂ ਦੇ ਧੁਨੀਆਤਮਕ ਵਿਕਾਸ ਦੇ ਫਲਸਰੂਪ ਸਮਨਾਮੀ ਸ਼ਬਦ ਪ੍ਰਗਟ ਹੁੰਦੇ ਹਨ। ਭਾਸ਼ਾ ਦੇ ਅਧਿਕ ਸਮਨਾਮੀ ਸ਼ਬਦ ਇਸ ਪ੍ਰਕਾਰ ਹੋਂਦ ਵਿਚ ਆਉਂਦੇ ਹਨ। ਧੁਨੀ-ਪਰਿਵਰਤਨ ਦੇ ਕਾਰਣ ਪ੍ਰਤਿਆਂ ਦਾ ਲੋਪ, ਸੰਯੁਕਤ ਵਿਅੰਜਨਾਂ ਦਾ ਸਮੀਕਰਣ, ਅੱਖਰ-ਲੋਪ ਆਦਿ ਹਨ ਜਿਹੜੇ ਸਮਨਾਮੀ ਸ਼ਬਦਾਂ ਦੇ ਵਿਕਸਿਤ ਹੋਣ ਦਾ ਆਧਾਰ ਬਣਦੇ ਹਨ। ਉਦਾਹਰਣ ਵਜੋਂ, **ਕਰ** (ਸੰਸਕ੍ਰਿਤ कर) 'ਸੂਰਜ ਜਾਂ ਚੰਦ ਦੀਆਂ ਕਿਰਨਾਂ; ਓਲਾ, ਗੜਾ, ਕਾਬੜਾ', **ਕਰ** (ਸੰਸਕ੍ਰਿਤ कर) 'ਹੱਥ', **ਕਰ** (ਸੰਸਕ੍ਰਿਤ शुष्क) 'ਸਿੱਕਰੀ ਜਿਹੀ ਜੋ ਖੁਸ਼ਕੀ ਕਾਰਨ ਵਾਲਾਂ ਦੀਆਂ ਜੜਾਂ ਵਿਚ ਜਮ ਜਾਂਦੀ ਹੈ', **ਕਰ** (ਸੰਸਕ੍ਰਿਤ कर) 'ਟੈਕਸ' ਆਦਿ ਇਕੋ ਸ੍ਰੋਤ ਭਾਸ਼ਾ ਦੇ ਸ਼ਬਦਾਂ ਦੀਆਂ ਧੁਨੀ-ਵਿਕਾਸ ਦੇ ਫਲਸਰੂਪ ਪ੍ਰਗਟ ਹੋਈਆਂ ਵਿਭਿੰਨ ਕੋਸ਼ੀ ਇਕਾਈਆਂ ਹਨ। ਇਹੀ ਹਾਲ **ਕਰਕ** (ਸੰਸਕ੍ਰਿਤ कष्) 'ਪੀੜ, ਚੀਸ, ਕਸਕ, ਦਰਦ', **ਕਰਕ** (ਸੰਸਕ੍ਰਿਤ करक) 'ਸਾਧ ਜਾਂ ਵਿਦਿਆਰਥੀ ਦਾ ਕਮੰਡਲ' ਅਤੇ **ਕਰਕ** (ਸੰਸਕ੍ਰਿਤ कर्क) 'ਕੇਕੜਾ; ਚੌਥੀ ਰਾਸ਼ੀ ਜਿਸ ਦੀ ਸ਼ਕਲ ਕੇਕੜੇ ਜੇਹੀ ਹੈ' ਆਦਿ ਕੋਸ਼ੀ ਇਕਾਈਆਂ ਦਾ ਹੈ। ਇਸੇ ਤਰ੍ਹਾਂ, **ਵੱਟ** (ਸੰਸਕ੍ਰਿਤ वर्त्मन) 'ਬੰਨਾ', **ਵੱਟ** (ਸੰਸਕ੍ਰਿਤ वृत्) 'ਵਿੰਗ, ਵਲ' ਆਦਿ ਅਣਗਿਣਤ ਕੋਸ਼ੀ ਇਕਾਈਆਂ ਦਾ ਪ੍ਰਯੋਗ ਪੰਜਾਬੀ ਭਾਸ਼ਾ ਵਿਚ ਉਪਲਬਧ ਹੈ। ਕੋਸ਼ ਵਿਚ ਅਜਿਹੀਆਂ ਕੋਸ਼ੀ ਇਕਾਈਆਂ ਦਾ ਅੰਦਰਾਜ ਕਰਨ ਸਮੇਂ ਇਨ੍ਹਾਂ ਨੂੰ **ਕਰ**^{1}, **ਕਰ**^{2}, **ਕਰ**^{3} ਜਾਂ **ਵੱਟ**^{1}, **ਵੱਟ**^{2} ਆਦਿ ਵਜੋਂ ਅਲਗ ਅਲਗ ਦਿੱਤਾ ਜਾਏਗਾ,

ਕਿਉਂਕਿ ਇਸ ਪ੍ਰਕ੍ਰਿਆ ਰਾਹੀਂ ਉਤਪੰਨ ਸਮਨਾਮੀ ਸ਼ਬਦ ਵਿਉਤਪੱਤੀ ਦੇ ਆਧਾਰ ਤੇ ਅਸੰਬੰਧਿਤ ਹਨ। ਪਰੰਤੂ ਵਿਉਤਪੱਤੀ ਦੀ ਭਿੰਨਤਾ ਦੇ ਬਾਵਜੂਦ ਵੀ ਕੁਝ ਕੋਸ਼ਕਾਰ ਇਨ੍ਹਾਂ ਨੂੰ ਬਹੁਅਰਥਕ ਸ਼ਬਦ ਮੰਨ ਲੈਂਦੇ ਹਨ ਜਿਵੇਂ ਅੰਗ੍ਰੇਜ਼ੀ ear 'organ of hearing' ਅਤੇ ear 'spike of corn' ਕੋਸ਼ੀ ਇਕਾਈਆਂ, ਭਾਵੇਂ ਇਹ ਨਿਰੁਕਤੀ ਪੱਖੋਂ ਅਸੰਬੰਧਿਤ ਹਨ। ਇਸ ਵਿਚਾਰ ਦੇ ਸਮਰਥਕ ਕੋਸ਼ਕਾਰਾਂ ਦੀ ਧਾਰਣਾ ਹੈ ਕਿ 'spike of the corn' ਉਂਜ ਹੀ 'ear of corn' ਹੈ ਜਿਵੇਂ 'eye of needle', 'mouth of river', 'foot of hill' ਆਦਿ।[14]

(2) ਕਈ ਵਾਰੀ ਬਹੁਅਰਥਕ ਸ਼ਬਦਾਂ ਦੇ ਵਿਭਿੰਨ ਸੰਬੰਧਿਤ ਅਰਥਾਂ ਦਾ ਵਿਕਾਸ ਇਸ ਢੰਗ ਨਾਲ ਹੁੰਦਾ ਹੈ ਕਿ ਸਮਾਂ ਪਾ ਕੇ ਕੋਈ ਅਰਥ ਐਨਾ ਵੱਖਰਾ ਅਤੇ ਨਵੇਕਲਾ ਅਸਤਿੱਤਵ ਗ੍ਰਹਿਣ ਕਰ ਲੈਂਦਾ ਹੈ ਕਿ ਇਸ ਦਾ ਬਾਕੀ ਅਰਥਾਂ ਨਾਲੋਂ ਸੰਬੰਧ ਬਿਲਕੁਲ ਖ਼ਤਮ ਹੋ ਜਾਂਦਾ ਹੈ ਅਤੇ ਇਹ ਸ਼ਬਦ ਸਮਨਾਮੀ ਸ਼ਬਦ ਮੰਨਿਆ ਜਾਣ ਲਗਦਾ ਹੈ ਜਿਵੇਂ Old English ਵਿਚ cest : chest 'large box' ਅਤੇ chest 'part of human body' ਆਦਿ। ਇਸੇ ਪ੍ਰਕਾਰ ਸੰਸਕ੍ਰਿਤ स्वर्ण ਤੋਂ ਪੰਜਾਬੀ ਵਿਚ 'ਸੋਨਾ' ਸ਼ਬਦ ਵਿਕਸਿਤ ਹੋਇਆ। ਪਰੰਤੂ ਇਕੋ ਸ਼ਬਦ ਤੋਂ ਵਿਕਸਿਤ ਹੋਏ ਸ਼ਬਦ ਸੋਨਾ ਨੇ ਅਰਥ ਸੰਬੰਧਿਤ ਹੋਣ ਦੇ ਬਾਵਜੂਦ ਵੀ ਪੰਜਾਬੀ ਵਿਚ ਸਮਨਾਮੀ ਸ਼ਬਦ ਦਾ ਰੂਪ ਧਾਰਣ ਕਰ ਲਿਆ ਅਰਥਾਤ ਸੋਨਾ 'ਇਕ ਬਹੁਮੁੱਲੀ ਧਾਤ' ਅਤੇ ਸੋਨਾ 'ਸੁਨਿਆਰਾ ਜਾਤ, ਖੱਤਰੀਆਂ ਦੀ ਇਕ ਜਾਤ'।

(3) ਸਭਿਆਚਾਰਕ ਆਦਾਨ-ਪ੍ਰਦਾਨ ਦੇ ਫਲਸਰੂਪ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਪ੍ਰਵੇਸ਼ ਕਰਨ ਜਾਂ ਮੰਗਵੇਂ ਲੈਣ ਨਾਲ ਵੀ ਸੰਬੰਧਿਤ ਭਾਸ਼ਾ ਵਿਚ ਸਮਨਾਮੀ ਸ਼ਬਦ ਪ੍ਰਚਲਿਤ ਹੋ ਜਾਂਦੇ ਹਨ। ਇਸ ਕਿਸਮ ਦੇ ਸਮਨਾਮੀ ਸ਼ਬਦ ਵੀ ਕਈ ਤਰ੍ਹਾਂ ਦੇ ਹੁੰਦੇ ਹਨ :

(ੳ) ਇਕ ਸ਼ਬਦ ਦੂਜੀ ਭਾਸ਼ਾ ਤੋਂ ਉਧਾਰ ਲਿਆ ਜਾਂਦਾ ਹੈ, ਜਿਵੇਂ

ਕਰਮ ਸੰਗਿਆ 'ਕੰਮ' < ਸੰਸਕ੍ਰਿਤ कर्म।
ਕਰਮ ਸੰਗਿਆ 'ਕਿਰਪਾ' < ਅਰਬੀ ਕਰਮ।
ਕੋਟ ਸੰਗਿਆ 'ਕਿਲਾ' < ਸੰਸਕ੍ਰਿਤ कोट।
ਕੋਟ ਸੰਗਿਆ 'ਇਕ ਬਸਤਰ' < ਅੰਗ੍ਰੇਜ਼ੀ coat.

ਹਿੰਦੀ : आम ਸੰਗਿਆ 'ਅੰਬ' < ਸੰਸਕ੍ਰਿਤ आम्र।
आम ਵਿਸ਼ੇਸ਼ਣ 'ਸਾਧਾਰਣ' < ਫ਼ਾਰਸੀ आम।

ਅੰਗ੍ਰੇਜ਼ੀ : *mean* adjective 'average' < Latin medianus.
mean vb. 'think' < OE maenan.

(ਅ) ਕਈ ਵਾਰੀ ਸਮਨਾਮੀ ਸ਼ਬਦਾਂ ਦਾ ਜੁੱਟ/ਸਮੂਹ ਵਿਦੇਸ਼ੀ ਭਾਸ਼ਾ ਜਾਂ ਭਾਸ਼ਾਵਾਂ ਵਿਚੋਂ

ਅਪਣਾਇਆ ਗਿਆ ਹੁੰਦਾ ਹੈ, ਜਿਵੇਂ

ਜ਼ਾਰ 'ਰੂਸ ਦੇ ਬਾਦਸ਼ਾਹ ਦਾ ਖ਼ਿਤਾਬ' < ਰੂਸੀ Tsar < ਲਾਤੀਨੀ Caesar

ਜ਼ਾਰ 'ਇਕ ਪਿਛੇਤਰ' <ਫ਼ਾਰਸੀ **ਜ਼ਾਰ**

ਜਾਮ 'ਪਿਆਲਾ' < ਫ਼ਾਰਸੀ **ਜਾਮ**

ਜਾਮ 'ਰੁਕ ਜਾਣ ਦਾ ਭਾਵ' < ਅੰਗ੍ਰੇਜ਼ੀ jam

ਬਲਾਕ 'ਠੱਪਾ' < ਅੰਗ੍ਰੇਜ਼ੀ block

ਬਲਾਕ 'ਗਰੋਹ ਜਾਂ ਮੰਡਲੀ' < ਅੰਗ੍ਰੇਜ਼ੀ bloc

ਕਮਾਨ 'ਹੁਕਮ' < ਅੰਗ੍ਰੇਜ਼ੀ command

ਕਮਾਨ 'ਧਨੁਖ' < ਫ਼ਾਰਸੀ **ਕਮਾਨ**

(ਦ) ਕਈ ਵਾਰ ਜਦੋਂ ਸਮਨਾਮੀ ਸ਼ਬਦਾਂ ਦੀ ਗਿਣਤੀ ਅਧਿਕ ਹੁੰਦੀ ਹੈ ਤਾਂ ਇਨ੍ਹਾਂ ਵਿਚੋਂ ਬਹੁਤੇ ਸਮਨਾਮੀ ਸ਼ਬਦ ਮੰਗਵੇਂ ਹੁੰਦੇ ਹਨ, ਜਿਵੇਂ

ਪਰ 'ਪਿਛਲਾ ਸਾਲ' <ਫ਼ਾਰਸੀ **ਪਾਰਸਾਲ**

ਪਰ 'ਖੰਭ' < ਫ਼ਾਰਸੀ **ਪਰ**

ਪਰ 'ਬਲ, ਸਮਰਥਾ' < ਫ਼ਾਰਸੀ **ਪਰ**

ਚਾਕ 'ਨੌਕਰ, ਸੇਵਕ' < ਫ਼ਾਰਸੀ **ਚਾਕਰ**

ਚਾਕ 'ਕਾਜ, ਕਮੀਜ਼ ਦਾ ਇਕ ਹਿੱਸਾ' < ਫ਼ਾਰਸੀ **ਚਾਕ**

ਚਾਕ 'ਖੜੀਆ ਮਿੱਟੀ ਜੋ ਬੋਰਡ ਤੇ ਲਿਖਣ ਦੇ ਕੰਮ ਆਉਂਦੀ ਹੈ' < ਅੰਗ੍ਰੇਜ਼ੀ chalk

ਚਾਕ 'ਚੱਕਰ, ਚੱਕ; ਪਹੀਆ' < ਸੰਸਕ੍ਰਿਤ **चक्र**

ਚਾਕ 'ਦ੍ਰਿੜ, ਮਜ਼ਬੂਤ; ਅਰੋਗ' < ਤੁਰਕੀ **ਚਾਕ**

3.4.1 ਕੋਸ਼ ਵਿਚ ਸਮਨਾਮੀ ਸ਼ਬਦਾਂ ਦਾ ਨਿਭਾਅ : ਹੁਣ ਤਕ ਅਸੀਂ ਇਹ ਵੇਖਣ ਦਾ ਉਪਰਾਲਾ ਕੀਤਾ ਹੈ ਕਿ ਕਿਸੇ ਭਾਸ਼ਾ-ਪ੍ਰਬੰਧ ਵਿਚ ਸਮਨਾਮੀ ਸ਼ਬਦ ਪ੍ਰਗਟ ਕਿਵੇਂ ਹੁੰਦੇ ਹਨ ਅਤੇ ਉਨ੍ਹਾਂ ਦੇ ਪ੍ਰਗਟ ਹੋਣ ਦੀਆਂ ਜੁਗਤਾਂ ਕਿਹੜੀਆਂ ਹਨ। ਕੋਸ਼ ਵਿਚ ਸਮਨਾਮੀ ਸ਼ਬਦਾਂ ਦਾ ਵਿਵਹਾਰਕ ਰੂਪ ਵਿਚ ਨਿਭਾਅ ਕਿਵੇਂ ਕੀਤਾ ਜਾਵੇ ? ਇਹ ਸਮੱਸਿਆ ਕੇਵਲ ਸਮਭਾਸ਼ੀ ਕੋਸ਼ਾਂ ਦੀ ਹਾਲਤ ਵਿਚ ਹੀ ਪੈਦਾ ਹੁੰਦੀ ਹੈ, ਕਿਉਂਕਿ ਦੁਭਾਸ਼ੀ ਕੋਸ਼ ਸਮੇਂ ਤਾਂ ਸਾਡੇ ਸਾਮ੍ਹਣੇ ਦੂਜੀ ਭਾਸ਼ਾ ਦਾ ਮਾਡਲ-ਕੋਸ਼ ਉਪਲਬਧ ਹੁੰਦਾ ਹੈ ਜਿਸ ਕਰਕੇ ਬਹੁਤੀ ਦਿੱਕਤ ਨਹੀਂ ਆਉਂਦੀ। ਇਸ ਮਨੋਰਥ ਲਈ ਉਪਰ-ਵਰਣਿਤ ਦੋ ਕਸੌਟੀਆਂ ਹੀ ਸਾਡੀ ਸਹਾਇਤਾ ਕਰ ਸਕਦੀਆਂ ਹਨ। ਪਹਿਲੀ ਇਹ ਕਿ ਸ੍ਰੋਤ ਭਾਸ਼ਾ ਦੇ ਸ਼ਬਦ ਤੋਂ ਵਿਉਤਪੰਨ ਸੰਬੰਧਿਤ ਅਰਥਾਂ ਨੂੰ ਇਕ ਅੰਦਰਾਜ ਦੇ ਅੰਤਰਗਤ ਬਹੁਅਰਥਕ ਸ਼ਬਦ ਦੇ ਰੂਪ ਵਿਚ ਦੇਣਾ ਚਾਹੀਦਾ ਹੈ। ਪਰ ਇਨ੍ਹਾਂ ਅਰਥਾਂ

ਵਿਚੋਂ ਵੀ ਜੇ ਕਿਸੇ ਅਰਥ ਨੇ ਆਪਣਾ ਵੱਖਰਾ ਅਸਤਿੱਤਵ ਸਥਾਪਿਤ ਕਰ ਲਿਆ ਹੋਵੇ ਤਾਂ ਉਸ ਨੂੰ ਸਮਨਾਮੀ ਸ਼ਬਦ ਦੇ ਰੂਪ ਵਿਚ ਵੱਖਰੇ ਅੰਦਰਾਜ ਦੇ ਅੰਤਰਗਤ ਦੇਣਾ ਹੋਵੇਗਾ। ਇਨ੍ਹਾਂ ਦੀਆਂ ਮਿਸਾਲਾਂ ਤੇ ਉਪਰ ਵਿਸਤ੍ਰਿਤ ਚਰਚਾ ਕੀਤੀ ਜਾ ਚੁਕੀ ਹੈ। ਜੇ ਕਿਸੇ ਸ਼ਬਦ ਦਾ ਅਰਥ ਅਸੰਬੰਧਿਤ ਪ੍ਰਤੀਤ ਹੋਵੇ ਤਾਂ ਕੋਸ਼ਕਾਰ ਭਾਸ਼ਾ ਦੇ ਬੁਲਾਰਿਆਂ ਦੇ ਸਹਿਜ-ਗਿਆਨ ਦੇ ਆਧਾਰ ਤੇ ਉਸ ਦਾ ਸਮਨਾਮੀ ਸ਼ਬਦ ਵਜੋਂ ਅੰਦਰਾਜ ਕਰ ਸਕਦਾ ਹੈ। ਜੇ ਫਿਰ ਵੀ ਕੋਈ ਸਪਸ਼ਟਤਾ ਨਜ਼ਰ ਨਾ ਆਏ ਤਾਂ ਕੋਸ਼ਕਾਰ ਨੂੰ ਆਪਣੇ ਸਹਿਜ-ਗਿਆਨ ਦੇ ਆਧਾਰ ਤੇ ਮਰਜ਼ੀ ਕਰਨ ਦੀ ਪੂਰੀ ਖੁਲ੍ਹ ਹੈ। ਲਾਇਨਜ਼ ਤਾਂ ਇਥੋਂ ਤਕ ਕਹਿੰਦਾ ਹੈ ਕਿ "ਭਾਸ਼ਾ-ਵਿਗਿਆਨੀ ਨੂੰ ਇਹ ਨਿਰਣਾ ਲੈ ਲੈਣਾ ਚਾਹੀਦਾ ਹੈ ਕਿ ਸਮਨਾਮਤਾ ਅਤੇ ਬਹੁਅਰਥਕਤਾ ਵਿਚਕਾਰ ਨਿਖੇੜੇ ਦੇ ਸਿਧਾਂਤਕ ਪਹਿਲੂ ਨੂੰ ਅਣਸੁਲਝਾਇਆ ਹੀ ਰਹਿਣ ਦਿੱਤਾ ਜਾਵੇ।"[15] ਉਲਮਾਨ ਦਾ ਵਿਚਾਰ ਹੈ ਕਿ "ਇਨ੍ਹਾਂ ਦਾ ਕੋਈ ਪੱਕਾ ਅਤੇ ਨਿਸ਼ਚਿਤ ਹੱਲ ਨਹੀਂ ਹੋ ਸਕਦਾ।"[16] ਮੈਲਕੀਲ ਵੀ ਇਸ ਤੱਥ ਨੂੰ ਸਵੀਕਾਰ ਕਰਦਾ ਹੈ ਕਿ ਕਿਸੇ ਵੀ ਕੋਸ਼ ਵਿਚ "ਅੰਦਰਾਜ ਤਿਆਰ ਕਰਨ ਸਮੇਂ ਮਹੱਤਵਪੂਰਣ ਸਮੱਸਿਆ ਸਮਨਾਮੀ ਸ਼ਬਦ ਦੇਣ ਦੀ ਹੈ।"[17] ਸੋ, ਬਹੁਅਰਥਕਤਾ ਅਤੇ ਸਮਨਾਮਤਾ ਵਿਚ ਨਿਖੇੜਾ ਕਰਨਾ ਕਾਫ਼ੀ ਬਿਖਮ ਕਾਰਜ ਹੈ। ਇਸ ਦਾ ਨਿਖੇੜਾ ਕਰਨ ਲਈ ਉਪਰੋਕਤ ਵਿਚਾਰ ਨੂੰ ਇਨ੍ਹਾਂ ਤਿੰਨਾਂ ਨੁਕਤਿਆਂ ਵਿਚ ਸਮੇਟਿਆ ਜਾ ਸਕਦਾ ਹੈ: (1) ਨਿਰੁਕਤੀ ਨੂੰ ਆਧਾਰ ਮੰਨ ਕੇ ਸੰਬੰਧਿਤ ਅਰਥਾਂ ਨੂੰ ਬਹੁਅਰਥਕ ਸ਼ਬਦ ਦੇ ਅੰਤਰਗਤ ਦੇਣਾ ਅਤੇ ਅਸੰਬੰਧਿਤ ਅਰਥ ਨੂੰ ਸਮਨਾਮੀ ਸ਼ਬਦ ਸਵੀਕਾਰ ਕਰ ਕੇ ਅਲਗ ਅੰਦਰਾਜ ਕਰਨਾ; (2) ਜੇ ਇਹ ਸਿਧਾਂਤਕ ਆਧਾਰ ਵੀ ਕੋਈ ਨਿਰਣਾ ਨਾ ਕਰ ਸਕੇ, ਤਾਂ ਸੰਬੰਧਿਤ ਭਾਸ਼ਾ ਦੇ ਬੁਲਾਰਿਆਂ ਦੇ ਸਹਿਜ-ਗਿਆਨ ਅਨੁਸਾਰ ਨਿਰਣਾ ਕਰਨਾ; ਅਤੇ (3) ਜੇ ਫਿਰ ਵੀ ਕੋਈ ਫੈਸਲਾ ਨਾ ਕੀਤਾ ਜਾ ਸਕੇ ਤਾਂ ਕੋਸ਼ਕਾਰ ਦਾ ਆਪਣੇ ਸਹਿਜ-ਗਿਆਨ ਤੇ ਨਿਰਭਰ ਹੋਣਾ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਮਨਾਮਤਾ ਇਕ ਅਜਿਹਾ ਪ੍ਰਵਰਗ ਹੈ ਜਿਸ ਤੋਂ ਕੋਸ਼ਕਾਰ ਕਦੇ ਸੰਤੁਸ਼ਟ ਨਹੀਂ ਹੋ ਸਕਦਾ। ਬਹੁਅਰਥਕਤਾ ਦੇ ਮੁਕਾਬਲੇ ਤੇ ਇਸ ਦੀਆਂ ਕੋਈ ਸਪਸ਼ਟ ਸੀਮਾਵਾਂ ਨਹੀਂ ਹਨ।

3.5 ਬਹੁਅਰਥਕ ਸ਼ਬਦ ਅਤੇ ਸਮਨਾਮੀ ਸ਼ਬਦ: ਬਹੁਅਰਥਕ ਸ਼ਬਦਾਂ ਦੇ ਅਰਥਾਂ ਵਿਚ ਅਸਪਸ਼ਟਤਾ ਦੀ ਅਧਿਕ ਗੁੰਜਾਇਸ਼ ਹੁੰਦੀ ਹੈ। ਕਈ ਵਾਰੀ ਬਹੁਅਰਥਕ ਸ਼ਬਦ ਅਤੇ ਸਮਨਾਮੀ ਸ਼ਬਦ ਵਿਚ ਭੁਲੇਖਾ ਲੱਗ ਜਾਂਦਾ ਹੈ। ਇਨ੍ਹਾਂ ਦਾ ਨਿਰਣਾ ਨਿਰੁਕਤੀ ਅਥਵਾ ਸ਼ਬਦ ਦੇ ਮੂਲ ਸ੍ਰੋਤ ਰਾਹੀਂ ਹੁੰਦਾ ਹੈ। ਇਸ ਦੇ ਨਾਲ ਹੀ ਅਰਥਾਂ ਵਿਚ ਸਾਂਝ ਦਾ ਹੋਣਾ ਜਾਂ ਨਾ ਹੋਣਾ ਵੀ ਇਨ੍ਹਾਂ ਦੇ ਅੰਤਰ ਦਾ ਨਿਰਣਾਕਾਰੀ ਤੱਥ ਹੈ। ਇਥੇ ਇਹ ਸਪਸ਼ਟ ਕਰਨਾ ਅਨੁਚਿਤ ਨਹੀਂ ਹੋਵੇਗਾ ਕਿ ਬਹੁਅਰਥਕ ਸ਼ਬਦ ਇਕ ਹੀ ਹੁੰਦਾ ਹੈ ਪਰ ਇਸ ਦੇ ਅਰਥ ਅਨੇਕ ਹੁੰਦੇ ਹਨ ਜਦੋਂ ਕਿ ਸਮਨਾਮੀ ਸ਼ਬਦ ਵੱਖ ਵੱਖ ਅਰਥ ਪ੍ਰਗਟਾਉਂਦੇ ਹੋਏ ਰੂਪ ਪੱਖੋਂ ਇਕਸਮਾਨ ਹੁੰਦੇ ਹਨ। ਐਫ. ਆਰ. ਪਾਮਰ ਨੇ ਵੀ ਨਿਰੁਕਤੀ ਦੇ ਸਿਧਾਂਤ ਦੀ ਪੁਸ਼ਟੀ

ਕੀਤੀ ਹੈ। ਬਹੁਅਰਥਕ ਸ਼ਬਦ ਅਤੇ ਸਮਨਾਮੀ ਸ਼ਬਦ ਵਿਚ ਨਿਖੇੜਾ ਕਰਦਿਆਂ ਉਹ ਲਿਖਦਾ ਹੈ : "ਜੇ ਇਹ ਪਤਾ ਹੈ ਕਿ ਇਨ੍ਹਾਂ ਦਾ ਮੂਲ ਸ੍ਰੋਤ ਇਕ ਹੀ ਹੈ, ਭਾਵੇਂ ਇਨ੍ਹਾਂ ਦੇ ਅਰਥ ਭਿੰਨ ਹੋਣ, ਤਾਂ ਵੀ ਇਨ੍ਹਾਂ ਨੂੰ ਬਹੁਅਰਥਕ ਸ਼ਬਦ ਹੀ ਮੰਨਿਆ ਜਾਵੇਗਾ ਅਤੇ ਕੋਸ਼ ਵਿਚ ਇਨ੍ਹਾਂ ਨੂੰ ਇਕ ਹੀ ਥਾਂ ਦਿੱਤੀ ਜਾਵੇਗੀ। ਉਦਾਹਰਣ ਵਜੋਂ, 'ਸ਼ਿਸ਼' ਅਤੇ 'ਅੱਖ ਦੀ ਪੁਤਲੀ' ਦੋਹਾਂ ਲਈ pupil ਸ਼ਬਦ ਦਾ ਪ੍ਰਯੋਗ ਹੁੰਦਾ ਹੈ ; ਜਾਂ 'ਜੁੱਤੇ ਦਾ ਤਲਾ' ਅਤੇ 'ਮੱਛੀ ਦੀ ਨਿਚਲੀ ਤੁਚਾ' ਦੋਹਾਂ ਲਈ sole ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਦੂਜੇ ਪਾਸੇ, ਅਸੀਂ ਦੇਖਦੇ ਹਾਂ ਕਿ ਬੋਲਚਾਲ ਦੀ ਬੋਲੀ ਵਿਚ 'hand' and 'face' of the clock (ਘੜੀ ਦਾ ਹੱਥ ਅਤੇ ਚਿਹਰਾ), the 'foot' of the bed (ਮੰਜੇ ਦੇ ਪੈਰ), the 'tongue' of a shoe (ਜੁੱਤੇ ਦੀ ਜੀਭ) ਅਜਿਹਾ ਪ੍ਰਯੋਗ ਕਰਦੇ ਹਾਂ ਅਤੇ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਸਰੀਰ ਦੇ ਅੰਗਾਂ ਲਈ ਵੀ ਹੁੰਦਾ ਹੈ। ਇਹ ਸਭ ਬਹੁਅਰਥਕਤਾ ਦੇ ਉਦਾਹਰਣ ਹਨ। ਦੋਹਾਂ ਦਾ ਅੰਤਰ ਸ਼ਬਦਾਂ ਦੇ ਕੇਂਦਰੀ ਅਰਥ ਦੇ ਆਧਾਰ ਤੇ ਸਪਸ਼ਟ ਕੀਤਾ ਜਾ ਸਕਦਾ ਹੈ।"[18]

ਨਿਰੁਕਤੀ ਤੋਂ ਬਿਨਾਂ ਇਹ ਨਿਖੇੜਾ ਬੁਲਾਰਿਆਂ ਦੇ ਸਹਿਜ-ਗਿਆਨ ਤੇ ਨਿਰਭਰ ਕਰਦਾ ਹੈ। ਜੇ ਬੁਲਾਰਾ ਅਰਥਾ ਨੂੰ ਪਰਸਪਰ ਸੰਬੰਧਿਤ ਮੰਨਦਾ ਹੈ ਤਾਂ ਇਹ ਬਹੁਅਰਥਕ ਸ਼ਬਦ ਹੋਵੇਗਾ, ਨਹੀਂ ਤਾਂ ਸਮਨਾਮੀ ਸ਼ਬਦ। ਪਰੰਤੂ ਕਈ ਵਾਰੀ ਬੁਲਾਰੇ ਨੂੰ ਵੀ ਭੁਲੇਖਾ ਲੱਗ ਸਕਦਾ ਹੈ। ਸ਼ਬਦਾਂ ਦੇ ਇਕੋ ਸ੍ਰੋਤ ਤੋਂ ਵਿਕਸਿਤ ਹੋਣ ਦੇ ਬਾਵਜੂਦ ਵੀ ਬੁਲਾਰਾ ਇਨ੍ਹਾਂ ਅਰਥਾਂ ਨੂੰ ਅਸੰਬੰਧਿਤ ਮੰਨ ਸਕਦਾ ਹੈ। ਅੰਗ੍ਰੇਜ਼ੀ crane 'bird' ਅਤੇ crane 'machine' ਦੀ ਉਦਾਹਰਣ ਅਸੀਂ ਉਪਰ ਦੇ ਆਏ ਹਾਂ। ਨੀਡਾ ਦੁਆਰਾ ਪ੍ਰਸਤੁਤ ਇਕ ਹੋਰ ਉਦਾਹਰਣ ਨਾਲ ਗੱਲ ਹੋਰ ਸਪਸ਼ਟ ਹੋ ਜਾਏਗੀ। ਸ਼ਬਦ stock ਤਿੰਨ ਕਿਸਮ ਦੇ ਪ੍ਰਸੰਗਾਂ ਵਿਚ ਪ੍ਰਯੋਗ ਹੋ ਸਕਦਾ ਹੈ ਜਿਵੇਂ 'he has a lot of stock in the warehouse ; he sells stocks and bonds ; he feeds the stock on his farm well'. ਭਾਵੇਂ ਇਤਿਹਾਸਕ ਤੌਰ ਤੇ ਇਹ ਅਰਥ ਸੰਬੰਧਿਤ ਹਨ ਪਰੰਤੂ ਬਹੁਤ ਸਾਰੇ ਅਜੋਕੇ ਬੁਲਾਰਿਆਂ ਨੂੰ ਇਨ੍ਹਾਂ ਤਿੰਨਾਂ ਅਰਥਾਂ ਵਿਚ ਕੋਈ ਸਾਰਥਕ ਸੰਬੰਧ ਨਜ਼ਰ ਨਹੀਂ ਆਏਗਾ। ਇੰਜ ਸਮਨਾਮਤਾ ਅਤੇ ਬਹੁਅਰਥਕਤਾ ਵਿਚਕਾਰ ਨਿਖੇੜਾ ਕਰਨਾ ਕਾਫ਼ੀ ਔਖਾ ਕੰਮ ਹੈ।

3.6 ਸਮਾਨਾਰਥਕਤਾ[19] : ਅਸੀਂ ਬਹੁਅਰਥਕ ਸ਼ਬਦਾਂ ਬਾਰੇ ਚਰਚਾ ਕਰਦਿਆਂ ਇਸ ਦੀ ਪਰਿਭਾਸ਼ਾ ਉਸ ਸ਼ਬਦ ਦੇ ਰੂਪ ਵਿਚ ਕੀਤੀ ਸੀ ਜਿਸ ਦੇ ਇਕ ਤੋਂ ਵੱਧ ਅਰਥ ਹੁੰਦੇ ਹਨ। ਇਸ ਦੇ ਉਲਟ, ਸਮਾਨਾਰਥਕ ਸ਼ਬਦ ਉਨ੍ਹਾਂ ਸ਼ਬਦਾਂ ਨੂੰ ਆਖਿਆ ਜਾਂਦਾ ਹੈ ਜਿਹੜੇ ਰੂਪਾਤਮਕ ਭਿੰਨਤਾ ਦੇ ਬਾਵਜੂਦ ਸਮਾਨ ਜਾਂ ਲਗਭਗ-ਸਮਾਨ ਅਰਥਾਂ ਦੇ ਧਾਰਣੀ ਹੁੰਦੇ ਹਨ। ਸਮਾਨਾਰਥਕ ਸ਼ਬਦਾਂ ਦੇ ਵਰਤਾਰੇ ਨੂੰ ਸਮਾਨਾਰਥਕਤਾ ਆਖਿਆ ਜਾਂਦਾ ਹੈ। ਇਥੇ ਇਹ ਦਰਸਾਉਣਾ ਅਨੁਚਿਤ ਨਹੀਂ ਹੋਵੇਗਾ ਕਿ ਭਾਰਤੀ ਭਾਸ਼ਾਵਾਂ ਵਿਚ ਪਰਿਆਇ ਕੋਸ਼ਾਂ

ਦੀ ਪਰੰਪਰਾ ਕਾਫ਼ੀ ਸਮਿੱਧ ਹੈ। ਇਸ ਦਾ ਕਾਰਣ ਸੰਸਕ੍ਰਿਤ ਵਿਚ ਕੋਸ਼ਕਾਰੀ ਪਰੰਪਰਾ ਦਾ ਆਰੰਭ ਪਰਿਆਇ ਕੋਸ਼ ਤੋਂ ਹੋਣਾ ਹੈ। 'ਨਿਘੰਟੂ' ਅਤੇ 'ਅਮਰ ਕੋਸ਼' ਇਨ੍ਹਾਂ ਕੋਸ਼ਾਂ ਦੀਆਂ ਉੱਤਮ ਮਿਸਾਲਾਂ ਹਨ। ਇਨ੍ਹਾਂ ਕੋਸ਼ਾਂ ਵਿਚ ਪਰਿਆਇਆਂ ਦੀ ਕਾਫ਼ੀ ਲੰਮੀ ਸੂਚੀ ਉਪਲਬਧ ਹੈ।

ਭਾਸ਼ਾ-ਵਿਗਿਆਨੀਆਂ ਨੇ ਸਮਾਨਾਰਥਕਤਾ ਦੇ ਸੰਕਲਪ ਤੇ ਵਿਸਤ੍ਰਿਤ ਵਿਚਾਰ ਕੀਤੀ ਹੈ। ਉਹ ਇਸ ਨੁਕਤੇ ਤੇ ਲਗਭਗ ਸਹਿਮਤ ਹਨ ਕਿ ਭਾਸ਼ਾ ਵਿਚ ਪੂਰਣ ਪਰਿਆਇ ਸੰਭਵ ਹੀ ਨਹੀਂ ਹਨ। ਜੇ ਕਿਸੇ ਭਾਸ਼ਾ-ਪ੍ਰਬੰਧ ਵਿਚ ਪਰਿਆਇ ਉਪਲਬਧ ਹਨ ਵੀ, ਤਾਂ ਉਨ੍ਹਾਂ ਨੂੰ ਆਂਸ਼ਿਕ ਜਾਂ ਅਪੂਰਣ ਪਰਿਆਇ ਹੀ ਆਖਿਆ ਜਾਵੇਗਾ। ਲਾਇਨਜ਼[20] ਸਮਾਨਾਰਥਕਤਾ ਦੀ ਧਾਰਣਾ ਤੇ ਵਿਚਾਰ ਕਰਦਾ ਹੋਇਆ ਇਸ ਨੂੰ ਤਿੰਨ ਵਰਗਾਂ ਵਿਚ ਵੰਡਦਾ ਹੈ :

(1) **ਲਗਭਗ-ਸਮਾਨਾਰਥਕਤਾ** : ਭਾਸ਼ਾ-ਪ੍ਰਬੰਧ ਵਿਚ ਮੁਕੰਮਲ ਪਰਿਆਇ ਵਿਰਲੇ ਹੀ ਉਪਲਬਧ ਹੁੰਦੇ ਹਨ। ਲਗਭਗ ਅਥਵਾ ਅਪੂਰਣ ਪਰਿਆਇ ਭਾਸ਼ਾ-ਪ੍ਰਬੰਧ ਵਿਚ ਆਮ ਦ੍ਰਿਸ਼ਟੀਗੋਚਰ ਹੁੰਦੇ ਹਨ। ਉਦਾਹਰਣ ਵਜੋਂ, ਸ਼ਬਦ **ਘਰ** ਅਤੇ **ਮਕਾਨ** ਹੇਠ ਲਿਖੇ ਵਾਕ ਵਿਚ ਸਮਾਨਾਰਥਕ ਪ੍ਰਤੀਤ ਹੁੰਦੇ ਹਨ :

ਹਰੇਕ ਵਿਅਕਤੀ ਕੋਲ ਆਪਣਾ **ਘਰ/ਮਕਾਨ** ਹੋਣਾ ਜ਼ਰੂਰੀ ਹੈ।

ਇਸ ਵਾਕ ਵਿਚ ਅਰਥ-ਸਮਾਨਤਾ ਕਾਰਣ ਦੋਵੇਂ ਸ਼ਬਦ ਸਮਾਨਾਰਥਕ ਹਨ। ਪਰੰਤੂ ਹੁਣ ਅਸੀਂ ਹੇਠ ਦਿੱਤੇ ਵਾਕ ਨੂੰ ਵਾਚਦੇ ਹਾਂ :

ਮੇਰੇ ਲਈ ਕੋਈ **ਮਕਾਨ** ਕਿਰਾਏ ਤੇ ਲੈ ਦਿਓ।

ਇਸ ਵਾਕ ਵਿਚ ਅਸੀਂ **ਮਕਾਨ** ਦੀ ਥਾਂ **ਘਰ** ਦਾ ਪ੍ਰਯੋਗ ਨਹੀਂ ਕਰ ਸਕਦੇ। ਇਸੇ ਤਰ੍ਹਾਂ 'ਘਰ ਦਾ ਪਿਆਰ' ਪ੍ਰਯੋਗ ਤਾਂ ਸਹੀ ਹੈ ਪਰੰਤੂ 'ਮਕਾਨ ਦਾ ਪਿਆਰ' ਪ੍ਰਯੋਗ ਅਰਥ ਦੀ ਦ੍ਰਿਸ਼ਟੀ ਤੋਂ ਉਪਯੁਕਤ ਨਹੀਂ ਜਾਪਦਾ। ਇਨ੍ਹਾਂ ਸਥਿਤੀਆਂ ਵਿਚ **ਘਰ** ਅਤੇ **ਮਕਾਨ** ਸਮਾਨਾਰਥਕ ਸ਼ਬਦ ਨਹੀਂ ਹਨ। ਇੰਜ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਾਸ਼ਾ ਵਿਚ ਲਗਭਗ-ਸਮਾਨਾਰਥਕਤਾ ਉਪਲਬਧ ਹੁੰਦੀ ਹੈ, ਪੂਰਣ ਸਮਾਨਾਰਥਕਤਾ ਵਿਰਲੀ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਕੋਸ਼ ਵਿਚ ਦਰਜ ਪਰਿਆਇ ਲਗਭਗ-ਪਰਿਆਇਆਂ ਦੀਆਂ ਹੀ ਮਿਸਾਲਾਂ ਹਨ।

(2) **ਆਂਸ਼ਿਕ ਸਮਾਨਾਰਥਕਤਾ** : ਜਦੋਂ ਕਿਸੇ ਭਾਸ਼ਾ-ਪ੍ਰਬੰਧ ਦੇ ਸਮਾਨਾਰਥਕ ਸ਼ਬਦਾਂ ਦੇ ਸਾਰੇ ਅਰਥ-ਭੇਦ ਸਮਾਨ ਨਾ ਹੋਣ, ਕੇਵਲ ਕੁਝ ਕੁ ਹੀ ਸਾਂਝੇ ਹੋਣ, ਤਾਂ ਉਨ੍ਹਾਂ ਸ਼ਬਦਾਂ ਨੂੰ ਆਂਸ਼ਿਕ ਸਮਾਨਾਰਥਕ ਸ਼ਬਦ ਆਖਦੇ ਹਨ। ਉਦਾਹਰਣ ਵਜੋਂ, **ਖ਼ੂਨ** ਅਤੇ **ਲਹੂ** ਸਮਾਨਾਰਥਕ ਸ਼ਬਦਾਂ ਨੂੰ ਵਿਚਾਰਿਆ ਜਾ ਸਕਦਾ ਹੈ। 'ਪੰਜਾਬੀ ਕੋਸ਼' ਵਿਚ **ਖ਼ੂਨ** ਅਤੇ **ਲਹੂ** ਸ਼ਬਦਾਂ ਦੇ ਹੇਠ ਲਿਖੇ ਅਰਥ ਦਿੱਤੇ ਗਏ ਹਨ :

ਖ਼ੂਨ : 1. ਲਾਲ ਰੰਗ ਦਾ ਦ੍ਰਵ ਜੋ ਪਰਾਣੀਆਂ ਦੇ ਸਰੀਰ ਵਿਚ ਦੌਰਾ ਕਰਦਾ ਹੈ, ਲਹੂ, ਰਕਤ, ਰੱਤ; 2. ਕਤਲ, ਹੱਤਿਆ; 3. ਨਸਲ; 4. ਘਾਟਾ, ਥੁੜ ।

ਲਹੂ : ਸਰੀਰ ਦੀਆਂ ਰਗਾਂ ਵਿਚ ਫਿਰਨ ਵਾਲਾ ਲਾਲ ਰੰਗ ਦਾ ਤਰਲ ਪਦਾਰਥ, ਖ਼ੂਨ, ਰੱਤ ।

ਇਨ੍ਹਾਂ ਸ਼ਬਦਾਂ ਦੇ ਅਰਥਾਂ ਤੋਂ ਸਪਸ਼ਟ ਹੈ ਕਿ ਖ਼ੂਨ ਦੇ ਚਾਰ ਅਰਥ-ਭੇਦ ਹਨ ਅਤੇ ਲਹੂ ਦਾ ਕੇਵਲ ਇਕ ਹੀ ਅਰਥ ਹੈ। ਇਸ ਇਕੋ ਅਰਥ ਦੀ ਅਰਥ-ਸਮਾਨਤਾ ਕਰਕੇ ਹੀ ਇਨ੍ਹਾਂ ਸ਼ਬਦਾਂ ਨੂੰ ਆਂਸ਼ਿਕ ਸਮਾਨਾਰਥਕ ਸ਼ਬਦ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਹੋਰ ਅਣਗਿਣਤ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਜਿਵੇਂ ਵਿਸ਼ਾਲ, ਵੱਡਾ; ਔਖਾ, ਕਠਿਨ, ਮੁਸ਼ਕਿਲ; stipend, salary ਆਦਿ ।

(3) **ਪੂਰਣ ਸਮਾਨਾਰਥਕਤਾ :** ਕਿਸੇ ਭਾਸ਼ਾ-ਪ੍ਰਬੰਧ ਦੇ ਦੋ ਸ਼ਬਦਾਂ ਵਿਚ ਪੂਰਣ ਸਮਾਨਾਰਥਕਤਾ ਬਹੁਤ ਘੱਟ ਦ੍ਰਿਸ਼ਟੀਗੋਚਰ ਹੁੰਦੀ ਹੈ। ਪੂਰਣ ਤੌਰ ਤੇ ਸਮਾਨਾਰਥਕ ਸ਼ਬਦਾਂ ਨੂੰ ਹੇਠਾਂ ਦਿੱਤੇ ਚਾਰ ਗੁਣਾਂ-ਲੱਛਣਾਂ ਦਾ ਧਾਰਣੀ ਹੋਣਾ ਜ਼ਰੂਰੀ ਹੈ। ਸਮਾਨਾਰਥਕ ਸ਼ਬਦ ਪੂਰਣ ਰੂਪ ਵਿਚ ਤਾਂ ਹੀ ਸਮਾਨਾਰਥਕ ਸ਼ਬਦ ਹੋਣਗੇ (i) ਜੇ ਇਨ੍ਹਾਂ ਦੇ ਸਾਰੇ ਅਰਥ, ਅਰਥ-ਭੇਦ ਅਤੇ ਉਪਅਰਥ ਸਮਾਨ ਹੋਣ; (ii) ਜੇ ਇਹ ਸਾਰੇ ਪ੍ਰਸੰਗਾਂ ਵਿਚ ਇਕ ਦੂਜੇ ਦਾ ਵਿਕਲਪ ਬਣਨ ਦੀ ਸਮਰਥਾ ਰਖਦੇ ਹੋਣ; (iii) ਜੇ ਇਹ ਅਰਥ ਦੇ ਸਭ ਪਸਾਰਾਂ ਤੇ ਸਮਾਨਾਰਥਕ ਰਹਿੰਦੇ ਹੋਣ; ਅਤੇ (iv) ਜੇ ਸਮਾਨਾਰਥਕ ਸ਼ਬਦਾਂ ਦੇ ਵਿਪਰੀਤਾਰਥਕ ਸ਼ਬਦ ਸਮਾਨ ਹੋਣ। ਇਨ੍ਹਾਂ ਚਾਰ ਗੁਣਾਂ-ਲੱਛਣਾਂ ਦੇ ਧਾਰਣੀ ਸ਼ਬਦਾਂ ਨੂੰ ਸਮਾਨਾਰਥਕ ਸ਼ਬਦ ਆਖਿਆ ਜਾਂਦਾ ਹੈ ਅਤੇ ਜਿਹੜੇ ਸਮਾਨਾਰਥਕ ਸ਼ਬਦਾਂ ਦੇ ਇਨ੍ਹਾਂ ਵਿਚੋਂ ਇਕ ਜਾਂ ਦੋ ਗੁਣ-ਲੱਛਣ ਸਮਾਨ ਹੋਣ, ਉਨ੍ਹਾਂ ਨੂੰ ਆਂਸ਼ਿਕ ਸਮਾਨਾਰਥਕ ਸ਼ਬਦ ਆਖਿਆ ਜਾਂਦਾ ਹੈ। ਪਰੰਤੂ ਸ਼ਬਦਾਂ ਦੀ ਪੂਰਣ ਅਰਥ-ਸਮਾਨਤਾ ਘੱਟ ਹੀ ਉਪਲਬਧ ਹੁੰਦੀ ਹੈ। ਇਨ੍ਹਾਂ ਸ਼ਬਦਾਂ ਵਿਚ ਅਧਿਕਤਰ ਵਾਚਾਰਥ ਹੀ ਸਾਂਝਾ ਹੁੰਦਾ ਹੈ। ਇਸੇ ਕਰਕੇ ਉਲਮਾਨ ਕਹਿੰਦਾ ਹੈ ਕਿ "ਪੂਰਣ ਸਮਾਨਾਰਥਕਤਾ ਬਹੁਤ ਹੀ ਮੁਸ਼ਕਿਲ ਨਾਲ ਉਪਲਬਧ ਹੁੰਦੀ ਹੈ; ਇਹ ਇਕ ਅਜਿਹਾ ਵਿਲਾਸ ਕਾਰਜ ਹੈ ਜਿਹੜਾ ਭਾਸ਼ਾ ਵਿਚ ਸੰਭਵ ਨਹੀਂ ਹੈ।"[21]

ਪਰੰਤੂ ਫਿਰ ਵੀ ਪੂਰਣ ਪਰਿਆਇ ਕੇਵਲ ਕੁਝ ਕੁ ਇਕ-ਅਰਥੀ ਸ਼ਬਦਾਂ ਅਰਥਾਤ ਤਕਨੀਕੀ ਪਦਾਂ ਵਿਚ ਉਪਲਬਧ ਹੁੰਦੇ ਹਨ। ਪਰੰਤੂ ਇਹ ਪਦ ਇਕੋ ਲੇਖਕ ਜਾਂ ਇਕੋ ਸਕੂਲ ਵਲੋਂ ਨਹੀਂ ਵਰਤੇ ਜਾਂਦੇ, ਸਗੋਂ ਵਿਭਿੰਨ ਸਕੂਲਾਂ ਵਲੋਂ ਵਰਤੇ ਜਾਂਦੇ ਹਨ ਜਿਵੇਂ spirant : fricative; flexion: inflexion; ਸ਼ੈਲੀ-ਵਿਗਿਆਨ : ਰੀਤੀ-ਵਿਗਿਆਨ; ਚਿੰਨ੍ਹਿਤ : ਅਰਥ; ਆਲੋਚਨਾ: ਪੜਚੋਲ; ਸ਼ਬਦ-ਵਿਗਿਆਨ: ਕੋਸ਼-ਵਿਗਿਆਨ: ਸ਼ਬਦਾਰਥ-ਵਿਗਿਆਨ ਆਦਿ ।

ਕੋਸ਼ੀ ਅਰਥ ਤੇ ਚਰਚਾ ਕਰਦਿਆਂ ਅਸੀਂ ਅਰਥ ਦੇ ਤਿੰਨ ਤੱਤਾਂ ਦਾ ਜ਼ਿਕਰ

ਕੀਤਾ ਹੈ : ਵਾਚਾਰਥ, ਲੱਖਣਾਰਥ ਅਤੇ ਪ੍ਰਯੋਗ-ਖੇਤਰ। ਜਿਨ੍ਹਾਂ ਸ਼ਬਦਾਂ ਵਿਚ ਇਨ੍ਹਾਂ ਤਿੰਨਾਂ ਤੱਤਾਂ ਦੀ ਸਮਾਨਤਾ ਹੈ, ਉਨ੍ਹਾਂ ਨੂੰ ਪੂਰਣ ਸਮਾਨਾਰਥਕ ਸ਼ਬਦ ਆਖਦੇ ਹਨ; ਜਿਨ੍ਹਾਂ ਸ਼ਬਦਾਂ ਵਿਚ ਇਨ੍ਹਾਂ ਤੱਤਾਂ ਦੀ ਪੂਰਣ ਸਮਾਨਤਾ ਨਹੀਂ ਹੈ, ਉਨ੍ਹਾਂ ਨੂੰ ਆਂਸ਼ਿਕ ਸਮਾਨਾਰਥਕ ਸ਼ਬਦ ਆਖਿਆ ਜਾਂਦਾ ਹੈ। ਪੂਰਣ ਪਰਿਆਇ ਹੋਣ ਦੀ ਇਕ ਹੋਰ ਕਸੌਟੀ ਕੋਸ਼ੀ ਇਕਾਈਆਂ ਦੀ ਪਰਸਪਰ ਪਰਿਵਰਤਨਸ਼ੀਲਤਾ ਅਤੇ ਬਦਲ ਦੀ ਹੈ। ਦੋ ਕੋਸ਼ੀ ਇਕਾਈਆਂ ਤਾਂ ਹੀ ਪੂਰਣ ਪਰਿਆਇ ਹੋ ਸਕਦੀਆਂ ਹਨ ਜੇ ਇਹ ਹਰੇਕ ਪ੍ਰਸੰਗ ਵਿਚ ਇਕ ਦੂਜੇ ਦਾ ਵਿਕਲਪ ਬਣਨ ਦੀ ਸਮਰਥਾ ਰਖਦੀਆਂ ਹਨ। ਪਰੰਤੂ ਭਾਸ਼ਾ ਵਿਚ ਇਹ ਵਰਤਾਰਾ ਕਦੇ-ਕਦਾਈਂ ਹੀ ਉਪਲਬਧ ਹੁੰਦਾ ਹੈ। ਸਮਾਨਾਰਥਕ ਸ਼ਬਦਾਂ ਨੂੰ ਕੁਝ ਪ੍ਰਸੰਗਾਂ ਵਿਚ ਤਾਂ ਇਕ ਦੂਜੇ ਦੀ ਥਾਂ ਰਖਿਆ ਜਾ ਸਕਦਾ ਹੈ, ਪਰੰਤੂ ਸਾਰੇ ਪ੍ਰਸੰਗਾਂ ਵਿਚ ਨਹੀਂ, ਜਿਵੇਂ ਪੰਜਾਬੀ ਵਿਚ **ਮੱਲ** ਅਤੇ **ਭਲਵਾਨ** 'ਕੁਸ਼ਤੀ ਕਰਨ ਵਾਲਾ' ਦੇ ਅਰਥਾਂ ਵਿਚ ਤਾਂ ਅਰਥ-ਸਮਾਨਤਾ ਰਖਦੇ ਹਨ, ਪਰੰਤੂ ਜਦੋਂ ਮਾਂ ਆਪਣੇ ਬੱਚੇ ਨੂੰ ਪਿਆਰ ਨਾਲ ਪੁਚਕਾਰਦੀ ਹੋਈ ਕਹਿੰਦੀ ਹੈ 'ਮੇਰੇ ਮੱਲ, ਐਨੀ ਜ਼ਿੱਦ ਨਹੀਂ ਕਰੀਦੀ' ਤਾਂ ਇਸ ਵਾਕ ਵਿਚ **ਮੱਲ** ਦੀ ਥਾਂ ਭਲਵਾਨ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇੰਜ ਹੀ ਅੰਗ੍ਰੇਜ਼ੀ ਦੇ exceptional ਅਤੇ abnormal ਦੀ 'unusual' ਦੇ ਅਰਥਾਂ ਵਿਚ ਵਰਤੋਂ ਨੂੰ ਬਿਨਾਂ ਕਿਸੇ ਅਰਥ-ਪਰਿਵਰਤਨ ਦੇ ਹੇਠ ਲਿਖੇ ਵਾਕ ਵਿਚ ਇਕ ਦੂਜੇ ਦੀ ਥਾਂ ਰੱਖਿਆ ਜਾ ਸਕਦਾ ਹੈ :

The rainfall in April was abnormal/exceptional. ਪਰੰਤੂ My son is exceptional ਵਾਕ ਵਿਚ exceptional ਦੀ ਥਾਂ ਜੇ abnormal ਰੱਖ ਦਿੱਤਾ ਜਾਵੇ ਤਾਂ ਅਰਥ ਦੇ ਅਨਰਥ ਹੋ ਜਾਣ ਦੀ ਸੰਭਾਵਨਾ ਹੈ।

3.6.1 **ਸਮਾਨਾਰਥਕਤਾ ਅਤੇ ਸ਼ਬਦ-ਸੰਗਤ** : ਕੁਝ ਪਰਿਆਇ ਕੁਝ ਵਿਸ਼ੇਸ਼ ਸ਼ਬਦਾਂ ਦੀ ਸੰਗਤ ਵਿਚ ਹੀ ਪ੍ਰਯੋਗ ਕੀਤੇ ਜਾਂਦੇ ਹਨ, ਦੂਜਿਆਂ ਨਾਲ ਨਹੀਂ। ਪੰਜਾਬੀ ਵਿਚ ਚਿੱਟਾ ਅਤੇ **ਸਫ਼ੈਦ** ਦੀ ਮਿਸਾਲ ਪ੍ਰਸਤੁਤ ਕੀਤੀ ਜਾ ਸਕਦੀ ਹੈ ਜਿਵੇਂ ਚਿੱਟਾ/ਸਫ਼ੈਦ ਰੰਗ ਆਦਿ। ਪਰੰਤੂ ਜਦੋਂ ਇਨ੍ਹਾਂ ਸ਼ਬਦਾਂ ਦੀ ਸੰਗਤ **ਹਾਥੀ** ਨਾਲ ਹੋਵੇਗੀ ਤਾਂ ਅਸੀਂ **ਸਫ਼ੈਦ ਹਾਥੀ** ਹੀ ਕਹਾਂਗੇ, **ਚਿੱਟਾ** ਹਾਥੀ ਨਹੀਂ। ਹਾਥੀ ਦੀ ਸੰਗਤ ਵਿਚ ਸ਼ਬਦ ਸਫ਼ੈਦ ਹੀ ਉਪਯੁਕਤ ਰਹੇਗਾ। ਇਸੇ ਪ੍ਰਕਾਰ, ਅੰਗ੍ਰੇਜ਼ੀ beautiful ਅਤੇ handsome 'ਸੁੰਦਰਤਾ' ਦੇ ਅਰਥ ਵਿਚ ਇਕ ਦੂਜੇ ਦੇ ਪਰਿਆਇ ਹਨ। ਪਰੰਤੂ ਸ਼ਬਦ-ਸੰਗਤ ਸਮੇਂ ਇਨ੍ਹਾਂ ਸਾਮ੍ਹਣੇ ਚੋਣ ਦਾ ਪ੍ਰਸ਼ਨ ਆ ਖੜ੍ਹਾ ਹੁੰਦਾ ਹੈ ਜਿਵੇ beautiful music/voice ਦੀ ਥਾਂ ਤੇ handsome music/voice ਨਹੀਂ ਵਰਤਿਆ ਜਾ ਸਕਦਾ।

3.6.2 **ਸਮਾਨਾਰਥਕਤਾ ਅਤੇ ਬਹੁਅਰਥਕਤਾ** : ਸਮਾਨਾਰਥਕਤਾ ਦਾ ਸਿਧਾਂਤ ਬਹੁਅਰਥਕ ਸ਼ਬਦਾਂ ਤੇ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਜਿਵੇਂ ਪਹਿਲਾਂ ਦਰਸਾਇਆ ਗਿਆ ਹੈ, ਦੋ ਸ਼ਬਦ ਆਪਣੇ ਕੁਝ ਕੁ ਅਰਥਾਂ ਵਿਚ ਸਮਾਨਾਰਥਕ ਹੋ ਸਕਦੇ ਹਨ, ਪਰੰਤੂ

ਦੋ ਬਹੁਅਰਥਕ ਸ਼ਬਦਾਂ ਦੇ ਸਾਰੇ ਅਰਥ ਸਮਾਨਾਰਥਕ ਨਹੀਂ **ਹੋ ਸਕਦੇ ਜਿਵੇਂ ਜਾਚਣਾ ਅਤੇ ਪੜਤਾਲਣਾ** ਸ਼ਬਦਾਂ ਨੂੰ ਵਿਚਾਰਿਆ ਜਾ ਸਕਦਾ ਹੈ।

ਜਾਚਣਾ : 1. ਪਰਖਣਾ, ਸਿੱਧ ਕਰਨਾ; ਅਨੁਮਾਨਣਾ, ਅਟਕਲ ਲਾਉਣਾ; 2. ਮੰਗਣਾ, ਦਰਖਾਸਤ ਕਰਨਾ, ਮਿੰਨਤ ਕਰਨਾ; 3. ਚਾਹੁਣਾ।

ਪੜਤਾਲਣਾ : 1. ਜਾਂਚਣਾ, ਛਾਣਬੀਨ ਕਰਨਾ; 2. ਘੋਖਣਾ, ਖੋਜ ਕਰਨਾ।

ਸਪਸ਼ਟ ਹੈ ਕਿ ਵਿਭਿੰਨ ਅਰਥਾਂ ਦੇ ਪਰਿਆਇਆਂ ਵਿਚ ਕੋਈ ਸਮਾਨਾਰਥਕਤਾ ਨਹੀਂ ਹੈ।

ਭਾਸ਼ਾ ਵਿਚ ਪੂਰਣ ਪਰਿਆਇਆਂ ਦੀ ਦੂਜੀ ਸ਼ਰਤ ਇਹ ਹੈ ਕਿ ਇਨ੍ਹਾਂ ਦੇ ਵਿਪਰੀਤਾਰਥਕ ਸ਼ਬਦ ਜਾਂ ਵਿਪਰਿਆਇ ਸਮਾਨ ਹੋਣ। ਪਰੰਤੂ ਭਾਸ਼ਾ-ਪ੍ਰਬੰਧ ਦਾ ਵਿਸ਼ਲੇਸ਼ਣ ਕਰਨ ਤੇ ਪ੍ਰਤੱਖ ਹੋ ਜਾਦਾ ਹੈ ਕਿ ਸਮਾਨਾਰਥਕ ਸ਼ਬਦਾਂ ਦੇ ਵਿਭਿੰਨ ਅਰਥਾਂ ਦੇ ਵਿਭਿੰਨ ਪਰਿਆਇ ਹੁੰਦੇ ਹਨ। ਉਦਾਹਰਣ ਵਜੋਂ, ਪੰਜਾਬੀ **ਢਿੱਲਾ** ਅਤੇ **ਸੁਸਤ** ਸਮਾਨਾਰਥਕ ਸ਼ਬਦਾਂ ਨੂੰ ਵੇਖਿਆ ਜਾ ਸਕਦਾ ਹੈ।

ਢਿੱਲਾ : ਕਸਿਆ ਦਾ ਵਿਪਰੀਤਾਰਥਕ ਸ਼ਬਦ (ਜਿਵੇਂ ਢਿੱਲਾ/ਕਸਿਆ ਮੰਜਾ)

ਸੁਸਤ : ਚੁਸਤ ਦਾ ਵਿਪਰੀਤਾਰਥਕ ਸ਼ਬਦ (ਜਿਵੇਂ ਸੁਸਤ/ਚੁਸਤ ਬੰਦਾ)।

ਇੰਜ ਹੀ ਅੰਗ੍ਰੇਜ਼ੀ firm ਅਤੇ hard ਦੋ ਸਮਾਨਾਰਥਕ ਸ਼ਬਦ ਹਨ।

firm : opposite of loose (as in firm/loose decision)
hard : opposite of soft (as in hard/soft words).

3.6.3 ਕੋਸ਼ ਵਿਚ ਸਮਾਨਾਰਥਕਤਾ ਦਾ ਨਿਭਾਅ : ਕੋਸ਼ਕਾਰ ਕੋਸ਼ ਤਿਆਰ ਕਰਨ ਸਮੇਂ ਜਦੋਂ ਪਰਿਆਇਆਂ/ਸਮਾਨਾਰਥਕਤਾ ਦੀ ਗੱਲ ਕਰਦਾ ਹੈ, ਉਦੋਂ ਉਹ ਆਂਸ਼ਿਕ ਪਰਿਆਇਆਂ ਦੀ ਹੀ ਗੱਲ ਕਰ ਰਿਹਾ ਹੁੰਦਾ ਹੈ, ਕਿਉਂਕਿ ਭਾਸ਼ਾ ਵਿਚ ਪੂਰਣ ਪਰਿਆਇ ਦੁਰਲੱਭ ਹੁੰਦੇ ਹਨ। ਇਸੇ ਕਰਕੇ ਕੁਝ ਪ੍ਰਸੰਗਾਂ ਵਿਚ ਅਰਥ-ਸਮਾਨਤਾ ਕਰਕੇ ਹੀ ਦੋ ਸ਼ਬਦ ਇਕ ਦੂਜੇ ਦਾ ਬਦਲ ਹੋ ਸਕਦੇ ਹਨ, ਸਾਰੇ ਪ੍ਰਸੰਗਾਂ ਵਿਚ ਨਹੀਂ। ਇਥੇ ਇਹ ਤੱਥ ਮੁੜ ਦੁਹਰਾਉਣਾ ਅਨੁਚਿਤ ਨਹੀਂ ਹੋਵੇਗਾ ਕਿ ਕੋਸ਼ ਵਿਚ ਪਰਿਆਇਆਂ ਦੀ ਵਰਤੋਂ ਅਰਥ ਦੀ ਵਿਆਖਿਆ ਅਤੇ ਸਪਸ਼ਟਤਾ ਲਈ ਕੀਤੀ ਜਾਂਦੀ ਹੈ। ਦੁਭਾਸ਼ੀ ਕੋਸ਼ ਵਿਚ ਦੋ ਭਾਸ਼ਾਵਾਂ ਦੇ ਸਮਤੁੱਲ ਸ਼ਬਦਾਂ ਨਾਲ ਅਰਥਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਸਮਭਾਸ਼ੀ ਕੋਸ਼ ਵਿਚ ਇਕੋ ਭਾਸ਼ਾ ਦੇ ਸਮਾਨਾਰਥਕ ਸ਼ਬਦਾਂ ਨਾਲ ਅਰਥ ਨੂੰ ਪ੍ਰਗਟਾਇਆ ਜਾਂਦਾ ਹੈ। ਪੰਜਾਬੀ ਵਿਚ ਅਸੀਂ ਹੇਠ ਲਿਖੇ ਸ਼ਬਦ-ਸਮੂਹ ਨੂੰ ਵਾਚ ਸਕਦੇ ਹਾਂ :

ਦੌੜਨਾ : ਤੇਜ਼ੀ ਨਾਲ ਚੱਲਣਾ।
ਨੱਸਣਾ : ਦੌੜਨਾ, ਭੱਜਣਾ।
ਭੱਜਣਾ : ਦੌੜਨਾ, ਨੱਸਣਾ।

ਇਥੇ ਸ਼ਬਦ ਦੇ ਅਰਥ ਨੂੰ ਸਪਸ਼ਟ ਕਰਨ ਲਈ ਵਿਆਖਿਆ ਜਾਂ ਪਰਿਆਇਆਂ ਦੀ ਵਰਤੋਂ ਕੀਤੀ ਗਈ ਹੈ। ਹਿੰਦੀ ਦੇ ਹੇਠ ਲਿਖੇ ਸ਼ਬਦ-ਸਮੂਹ ਨੂੰ ਵੇਖੋ :

ਖਾਨਾ : ਖਾਣਾ (ਸਾਧਾਰਣ ਸ਼ਬਦ ਵਜੋਂ ਵਰਤਿਆ ਜਾਂਦਾ ਹੈ)
ਜੀਮਨਾ ; ਖਾਣਾ (ਰਸਮੀ)
ਭਕਸ਼ਣਾ : ਨਿਗਲਨਾ
ਲੀਲਨਾ : ਹਾਬੜਨਾ
ਹੂੜਨਾ : ਤੂੜਨਾ
ਭੋਜਨ ਕਰਨਾ : ਖਾਣਾ ਖਾਣਾ (ਰਸਮੀ)।

ਅਸੀਂ ਦੇਖਦੇ ਹਾਂ ਕਿ ਇਸ ਸ਼ਬਦ-ਸਮੂਹ ਵਿਚ **ਖਾਨਾ** ਹੀ ਕੇਵਲ ਅਜਿਹਾ ਸ਼ਬਦ ਹੈ ਜਿਸ ਦਾ ਕੇਵਲ ਵਾਚਾਰਥ ਹੈ। ਬਾਕੀ ਸਾਰੇ ਸ਼ਬਦਾਂ ਦੇ ਇਸ ਅਰਥ ਦੇ ਨਾਲ ਨਾਲ ਲੱਖਣਾਰਥ ਵੀ ਹਨ। ਸਾਂਝੇ ਸ਼ਬਦ ਨੂੰ ਪ੍ਰਭਾਵੀ ਪਰਿਆਇ ਆਖਿਆ ਜਾਂਦਾ ਹੈ। ਇੰਜ ਹੀ, ਪੰਜਾਬੀ **ਸਮਾਂ**, **ਕਾਲ**, **ਵੇਲਾ** ਦਾ ਅਰਥ 'ਵਕਤ' ਹੈ। **ਸਮੇਂ** ਦਾ ਸਾਧਾਰਣ ਅਰਥ ਵਕਤ ਦਾ ਹੈ; **ਕਾਲ** ਇਕ ਨੁਕਤੇ ਤੋਂ ਦੂਜੇ ਨੁਕਤੇ ਤਕ ਸਮਾਂ-ਸੀਮਾ ਹੈ ; **ਵੇਲਾ** ਸਮੇਂ ਦਾ ਨਿਸ਼ਚਿਤ ਨੁਕਤਾ ਜਾਂ ਭਾਗ ਹੈ ਜਿਵੇਂ ਸੰਧਿਆ ਵੇਲਾ, ਛਾਹ ਵੇਲਾ ਆਦਿ। ਇਸ ਸਮੂਹ ਵਿਚ **ਸਮੇਂ** ਦੀ ਵਰਤੋਂ ਆਮ ਹੁੰਦੀ ਹੈ ਅਤੇ ਇਹ ਪ੍ਰਭਾਵੀ ਅਤੇ ਸਾਂਝਾ ਪਰਿਆਇ ਹੈ। ਕਹਿਣ ਦਾ ਭਾਵ ਇਹ ਕਿ ਕੋਸ਼ਕਾਰ ਆਪਣੇ ਕੋਸ਼ ਵਿਚ ਸ਼ਬਦ-ਸਮੂਹ ਵਿਚੋਂ ਪ੍ਰਭਾਵੀ ਪਰਿਆਇ ਦੀ ਵਰਤੋਂ ਅਪ੍ਰਭਾਵੀ ਪਰਿਆਇਆਂ ਦੀ ਪਰਿਭਾਸ਼ਾ ਲਈ ਕਰਦਾ ਹੈ।

ਉਪਰ ਦਰਸਾਇਆ ਗਿਆ ਹੈ ਕਿ ਕੋਸ਼ਕਾਰ ਸ਼ਬਦਾਂ ਦੇ ਪ੍ਰਤਿਮਾਨਕ ਲੱਛਣਾਂ (criterial features) ਦੇ ਆਧਾਰ ਤੇ ਕੋਸ਼ੀ ਅਰਥ ਨਿਸ਼ਚਿਤ ਕਰਦਾ ਹੈ। ਸਮਾਨਾਰਥਕ ਸ਼ਬਦਾਂ ਦੇ ਅਰਥਾਂ ਦਾ ਨਿਖੇੜਾ ਕਰਨ ਲੱਗਿਆਂ ਵੀ ਉਹ ਇਸੇ ਕਸੌਟੀ ਦੀ ਵਰਤੋਂ ਕਰਦਾ ਹੈ।

ਜੇ ਅਸੀਂ ਪੰਜਾਬੀ ਦੇ ਭਾਸ਼ਾ-ਪ੍ਰਬੰਧ ਦਾ ਜ਼ਰਾ ਗਹੁ ਨਾਲ ਅਧਿਐਨ ਕਰੀਏ, ਤਾਂ ਅਣਗਿਣਤ ਪਰਿਆਇ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਲਗਭਗ ਹਰੇਕ ਵਿਆ-ਕਰਣਕ ਕੋਟੀ, ਇਥੋਂ ਤਕ ਕਿ ਮੁਹਾਵਰਿਆਂ ਅਤੇ ਅਖੌਤਾਂ ਆਦਿ ਦੇ ਪਰਿਆਇ ਵੀ ਸ਼ਬਦਾਵਲੀ ਵਿਚ ਉਪਲਬਧ ਹਨ। ਇਥੇ ਅਸੀਂ ਇਸ ਸੰਕਲਪ ਦੇ ਵਿਸਤਾਰ ਵਿਚ ਨਹੀਂ ਜਾਵਾਂਗੇ, ਬਲਕਿ ਕੇਵਲ ਨਮੂਨੇ-ਮਾਤਰ ਅਤੇ ਸੰਕੇਤ-ਮਾਤਰ ਪੰਜਾਬੀ ਭਾਸ਼ਾ ਵਿਚ ਪ੍ਰਚਲਿਤ ਪਰਿਆਇਆਂ ਦਾ ਉਲੇਖ ਕਰਨ ਦਾ ਯਤਨ ਕਰਾਂਗੇ ਜਿਨ੍ਹਾਂ ਦੀਆਂ ਸੰਭਾਵਨਾਵਾਂ ਦਾ ਕੋਸ਼ਕਾਰ ਨੂੰ ਕੋਸ਼ ਨਿਰਮਾਣ ਸਮੇਂ ਧਿਆਨ ਰੱਖਣਾ ਚਾਹੀਦਾ ਹੈ :

(1) ਸਭਿਆਚਾਰਕ ਆਦਾਨ-ਪ੍ਰਦਾਨ ਕਾਰਣ ਵਿਦੇਸ਼ੀ ਭਾਸ਼ਾਵਾਂ ਅਤੇ ਵਿਭਿੰਨ ਸ੍ਰੋਤਾਂ ਦੀ ਸ਼ਬਦਾਵਲੀ ਦੇ ਪ੍ਰਵੇਸ਼ ਕਰਕੇ ਪਰਿਆਇ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ

ਦਸਤ/ਹੱਥ ; ਗੁਲ/ਫੁੱਲ ; ਸੰਸਾਰ, ਜੱਗ, ਜਹਾਨ, ਜਗਤ, ਦੁਨੀਆਂ ; ਸੁਰਗ, ਜੰਨਤ, ਬਹਿਸ਼ਤ ; ਭਵਨ, ਇਮਾਰਤ, ਬਿਲਡਿੰਗ ; ਸ਼ਾਦੀ, ਵਿਆਹ ; ਲੀਡਰ, ਨੇਤਾ ; ਕੋਸ਼, ਡਿਕਸ਼ਨਰੀ ਆਦਿ ।

(2) ਸ੍ਰੋਤ ਭਾਸ਼ਾ ਦੇ ਇਕੋ ਧਾਤੂ ਤੋਂ ਵਿਉਤਪੰਨ ਪਰਿਆਇ ਜਿਵੇਂ ਪੁੱਤਰ, ਪੁੱਤ ; ਪੱਤਰ, ਪੱਤਾ ; ਲਾਭ, ਲਾਹਾ ; ਬਰਸ, ਵਰ੍ਹਾ ; ਵਿਸ਼ਵਾਸ, ਵਿਸਾਹ ; ਅਸਤਬਲ, ਤਬੇਲਾ ; ਦਿਮਾਗ, ਮਗ਼ਜ਼ ; ਤਲਵਾਰ, ਤੇਗ਼ ; ਕਾਪੀ, ਨੋਟਬੁਕ ਆਦਿ ।

(3) ਸ੍ਰੋਤ ਭਾਸ਼ਾ ਦੇ ਵਿਭਿੰਨ ਧਾਤੂਆਂ ਤੋਂ ਵਿਉਤਪੰਨ ਪਰਿਆਇ ਜਿਵੇਂ ਸਮਾਂ, ਵੇਲਾ ; ਪਿਆਰ, ਪ੍ਰੇਮ ; ਦੋਸਤੀ, ਯਾਰੀ ; ਮੁਸੀਬਤ, ਆਫ਼ਤ ਆਦਿ ।

(4) ਉਪਭਾਸ਼ਾਈ ਸਮਾਨਤਾ ਕਾਰਣ ਪ੍ਰਚਲਿਤ ਪਰਿਆਇ ਜਿਵੇਂ ਅਨੋਭੜ, ਓਪਰਾ ; ਗੱਭਾ, ਵਿਚਾਲਾ ; ਡਿੰਗੜ, ਬੀਮਾਰ ; ਬੰਭਾ, ਬਹੁਤ ; ਹਰਖ, ਗੁੱਸਾ ; ਦਿਨ, ਦਿਹੁੰ ; ਕਮ-ਅਕਲ, ਕਮੱਕਲ ਆਦਿ ।

(5) ਵਿਭਿੰਨ ਭਾਸ਼ਾ ਸ਼ੈਲੀਆਂ ਅਤੇ ਰਜਿਸਟਰਾਂ ਕਾਰਣ ਉਪਲਬਧ ਪਰਿਆਇ ਜਿਵੇਂ ਮਰਨਾ, ਚਲਾਣਾ ਕਰਨਾ ; ਜਾਣਾ, ਦਫ਼ਾ ਹੋਣਾ ; ਦਾਰੂ, ਦਵਾਈ ; ਲੀੜਾ, ਕੱਪੜਾ ; ਟੰਟਾ, ਝਗੜਾ ; ਕਲਗੀ ਵਾਲਾ, ਬਾਜਾਂ ਵਾਲਾ, ਦਸ਼ਮੇਸ਼ ਪਿਤਾ ; ਗੱਠਾ, ਗੰਢਾ, ਪਿਆਜ਼, ਤੁੰਪਾ ; ਕੱਛ, ਕੱਛਾ, ਕਛਹਿਰਾ, ਨਿੱਕਰ ; ਹਨੇਰੀ, ਝੱਖੜ, ਭੂਤਨੀ ; ਖੀਰ, ਤਸਮਈ, ਬਾਮਣੀ ਆਦਿ ।

(6) ਤਤਸਮਤਾ ਅਤੇ ਤਦਭਵਤਾ ਕਾਰਣ ਪ੍ਰਚਲਿਤ ਪਰਿਆਇ ਜਿਵੇਂ ਥਾਂ, ਸਥਾਨ ; ਸੁਨੇਹਾ, ਸੰਦੇਸ਼ ; ਪੁਰਖ, ਪੁਰਸ਼ ; ਹੱਥ, ਹਸਤ ; ਸ਼ਬਦ, ਸੱਦ ; ਕੁਸ਼ਟ, ਕੋੜ੍ਹ ਆਦਿ ।

(7) ਕਈ ਸ਼ਬਦਾਂ ਦੇ ਪਹਿਲੇ ਅਰਥ ਅਪ੍ਰਚਲਿਤ ਹੋ ਜਾਣ ਕਰਕੇ ਭਾਸ਼ਾ ਵਿਚ ਪਰਿਆਇ ਉਪਲਬਧ ਹੁੰਦੇ ਹਨ ਜਿਵੇਂ ਹਰੀਜਨ, ਅਛੂਤ ; ਪੰਡਿਤ, ਬ੍ਰਾਹਮਣ ; ਮਿਰਗ, ਹਿਰਨ ਆਦਿ ।

(8) ਕੁਝ ਸ਼ਬਦਾਂ ਦਾ ਭਾਵੁਕ ਮੁੱਲ ਅਧਿਕ ਹੋਣ ਕਰਕੇ ਪਰਿਆਇ ਪ੍ਰਚਲਿਤ ਹੁੰਦੇ ਹਨ ਜਿਵੇਂ ਕੰਜੂਸ, ਸੂਮ, ਕਿਰਸੀ, ਚੀਪੜ, ਲੀਚੜ ਦਾ ਸਾਂਝਾ ਅਤੇ ਪ੍ਰਭਾਵੀ ਅਰਥ 'ਕਿਫ਼ਾਇਤੀ' ਦਾ ਹੈ, ਪਰੰਤੂ ਇਨ੍ਹਾਂ ਵਿਚੋਂ ਹਰੇਕ ਦਾ ਪ੍ਰਚਲਨ ਦੇ ਆਧਾਰ ਤੇ ਭਾਵੁਕ ਮੁੱਲ ਭਿੰਨ ਭਿੰਨ ਹੈ । ਇੰਜ ਹੀ reject, decline; politician, statesman; ਮਰਨਾ, ਦਿਹਾਂਤ ਹੋਣਾ ਆਦਿ ।

(9) ਕਈ ਸ਼ਬਦਾ ਦਾ ਪ੍ਰਯੋਗ ਸ਼ਬਦ-ਸੰਗਤ ਕਰਕੇ ਸੀਮਿਤ ਹੁੰਦਾ ਹੈ । ਇਹ ਸ਼ਬਦ ਕੇਵਲ ਦੂਜੇ ਸ਼ਬਦਾਂ ਨਾਲ ਮਿਲ ਕੇ ਹੀ ਪੂਰਣ ਸਾਰਥਕਤਾ ਗ੍ਰਹਿਣ ਕਰਦੇ ਹਨ । ਜੇ ਉਨ੍ਹਾਂ ਸ਼ਬਦਾਂ ਨੂੰ ਅਲਗ ਕਰਕੇ ਕਿਸੇ ਹੋਰ ਸ਼ਬਦ ਦੀ ਸੰਗਤ ਵਿਚ ਰੱਖ ਦਿੱਤਾ ਜਾਵੇ ਤਾਂ ਉਹ ਆਪਣੀ ਸਾਰਥਕਤਾ ਗੁਆ ਬੈਠਦੇ ਹਨ ਜਿਵੇਂ **ਕਰੇਵਾ ਕਰਨਾ** ਅਤੇ

ਚਾਦਰ ਪਾਉਣਾ ਪ੍ਰਚਲਨ ਅਨੁਸਾਰ ਸ਼ੁੱਧ ਅਤੇ ਸਹੀ ਪ੍ਰਯੋਗ ਹੈ, ਪਰੰਤੂ ਕਰੇਵਾ ਪਾਉਣਾ ਅਤੇ ਚਾਦਰ ਕਰਨਾ ਦਾ ਪ੍ਰਯੋਗ ਸ਼ਬਦ-ਸੰਗਤ ਦੇ ਨਿਯਮਾਂ ਦੀ ਪੂਰਤੀ ਨਹੀਂ ਕਰਦਾ।

(10) ਕਈ ਵਾਰੀ ਕਿਸੇ ਦੋ ਵਿਭਿੰਨ ਭਾਸ਼ਾਵਾਂ ਦੇ ਅਗੇਤਰਾਂ-ਪਿਛੇਤਰਾਂ ਦੀ ਵਰਤੋਂ ਕਾਰਣ ਵਿਭਿੰਨ ਪਰਿਆਇ ਪ੍ਰਚਲਿਤ ਹੋ ਜਾਂਦੇ ਹਨ ਜਿਵੇਂ ਅਨਾਮ, ਗੁਮਨਾਮ; ਬਰਾਬਰੀ, ਸਮਾਨਤਾ, ਸਮਤਾ; ਔਖ, ਔਖਿਆਈ; ਵਿਸ਼ੇਸ਼ਤਾਵਾਂ, ਵਿਸ਼ਿਸ਼ਤਾਈਆਂ; ਵਿਹਲਾ, ਵਿਹਲੜ ਆਦਿ।

(11) ਅਰਥ-ਵਿਸਤਾਰ ਨਾਲ ਸ਼ਬਦ ਵਾਚਾਰਥ ਦਾ ਤਿਆਗ ਕਰ ਕੇ ਲੱਖਣਾਰਥ ਗ੍ਰਹਿਣ ਕਰ ਲੈਂਦਾ ਹੈ। ਇਹ ਵੀ ਪਰਿਆਇਆਂ ਦਾ ਕਾਰਣ ਬਣਦਾ ਹੈ ਜਿਵੇਂ ਬਗਲਾ, ਪਖੰਡੀ; ਚਮਚਾ, ਝੋਲੀਚੁੱਕ; ਖੂਨ, ਹੱਤਿਆ; ਲਾਠੀ, ਸਹਾਰਾ ਆਦਿ।

(12) ਕਈ ਵਾਰੀ ਸ਼ਬਦਾਂ ਦੇ ਅਰਥਾਂ ਬਾਰੇ ਗ਼ਲਤ ਧਾਰਣਾ ਪ੍ਰਚਲਿਤ ਹੋਣ ਕਰਕੇ ਪਰਿਆਇ ਪ੍ਰਚਲਿਤ ਹੋ ਜਾਂਦੇ ਹਨ ਜਿਵੇ ਡਾਕਖਾਨਾ, ਹਸਪਤਾਲ ਆਦਿ।

(13) ਕਈ ਵਾਰੀ ਸ਼ਬਦਾਂ ਦੇ ਸ਼ਿਸ਼ਟ ਜਾਂ ਸਾਹਿਤਕ ਪ੍ਰਯੋਗ ਕਰਕੇ ਵੀ ਪਰਿਆਇ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਸੂਰਮਾ, ਅੰਨ੍ਹਾ; ਮਾਤਾ, ਚੇਚਕ; ਰਾਜਾ, ਨਾਈ; ਮਿਹਤਰ, ਭੰਗੀ; ਹਰੀਜਨ, ਅਛੂਤ; ਦਰਸ਼ਨ ਕਰਨਾ, ਦੇਖਣਾ; ਸੁਰਗਵਾਸ ਹੋਣਾ, ਮਰਨਾ; ਪਧਾਰਨਾ, ਆਉਣਾ ਆਦਿ।

(14) ਧੁਨੀ-ਅਨੁਕਰਣ ਕਰਕੇ ਵੀ ਪਰਿਆਇ ਉਤਪੰਨ ਹੁੰਦੇ ਹਨ ਜਿਵੇਂ ਗੁੜਗੁੜੀ, ਹੁੱਕਾ; ਡਮਡਮ, ਢੋਲ; ਫਿਟਫਿਟੀਆ, ਮੋਟਰਸਾਈਕਲ; ਕਾਂ-ਕਾਂ, ਕਾਂ ਆਦਿ।

(15) ਲੇਖਕਾਂ ਦੇ ਆਪਣੇ ਮੂਲ ਨਾਂ ਦੇ ਨਾਲ ਨਾਲ ਕੋਈ ਵਿਸ਼ੇਸ਼ ਤਖ਼ੱਲਸ ਜਾਂ ਉਪਨਾਮ ਗ੍ਰਹਿਣ ਕਰਨ ਨਾਲ ਵੀ ਪਰਿਆਇ ਪ੍ਰਚਲਿਤ ਹੁੰਦੇ ਹਨ ਜਿਵੇਂ ਅੰਮ੍ਰਿਤ ਕੌਰ, ਅਮ੍ਰਿਤਾ ਪ੍ਰੀਤਮ; ਇੰਦਰਜੀਤ, ਇਮਰੋਜ਼; ਕ੍ਰਿਸ਼ਨ ਕੁਮਾਰ, ਅਮਿਤੋਜ; ਜਗਤਾਰ ਸਿੰਘ, ਜਗਤਾਰ ਪਪੀਹਾ; ਬੇਨਤੀ ਸਰੂਪ, ਭੂਸ਼ਣ; ਰਘਬੀਰ ਸਿੰਘ, ਰਘਬੀਰ ਸਿੰਘ ਸਿਰਜਣਾ ਆਦਿ।

(16) ਇਕ ਸ਼ਬਦ ਸਾਧਾਰਣ ਅਤੇ ਦੂਜਾ ਵਿਸ਼ੇਸ਼ ਹੋਣ ਕਾਰਣ ਵੀ ਪਰਿਆਇ ਦ੍ਰਿਸ਼ਟੀ-ਗੋਚਰ ਹੁੰਦੇ ਹਨ ਜਿਵੇਂ ਸ਼ਕਤੀ, ਊਰਜਾ; ਵਹਿਣ, ਪ੍ਰਵਾਹ; ਕਮਿਸ਼ਨ, ਆਯੋਗ; ਅਸਲੀ, ਵਾਸਤਵਿਕ; ਪੂਰਣ, ਸੰਪੂਰਣ; ਮਾਪ, ਪਰਿਮਾਪ; ਖਾਲੀ, ਸ਼ੂਨ; ਆਵਾਜ਼, ਧੁਨੀ ਆਦਿ।

(17) ਕਿਸੇ ਸ਼ਬਦ ਦੀ ਕਿਸੇ ਵਰਗ-ਵਿਸ਼ੇਸ਼ ਵਲੋਂ ਵਰਤੋਂ ਕਰਕੇ ਪਰਿਆਇ ਜਨਮ ਲੈਂਦੇ ਹਨ ਜਿਵੇਂ ਅਰਥੀ, ਜਨਾਜ਼ਾ; ਬਰਤ, ਰੋਜ਼ਾ; ਵੁਜ਼ੂ, ਪੰਜ ਅਸ਼ਨਾਨਾ; ਦਫ਼ਨਾਉਣਾ, ਸਸਕਾਰ ਕਰਨਾ ਆਦਿ।

(18) ਇਕ ਸ਼ਬਦ ਵਿਦੇਸ਼ੀ/ਮੰਗਵਾਂ ਅਤੇ ਦੂਜਾ ਦੇਸੀ ਹੋਣ ਕਰਕੇ ਵੀ ਪਰਿਆਇ

ਪ੍ਰਚਲਿਤ ਹੋ ਜਾਂਦੇ ਹਨ ਜਿਵੇਂ ਰੇਡੀਓ, ਆਕਾਸ਼ਬਾਣੀ; ਆਬ, ਜਲ; ਨਿੱਕਰ; ਕੱਛਾ ਆਦਿ ।

(19) ਇਕ ਸ਼ਬਦ ਦੀ ਬੋਲਚਾਲ ਵਿਚ ਦੂਜੇ ਸ਼ਬਦ ਨਾਲੋਂ ਅਧਿਕ ਵਰਤੋਂ ਹੁੰਦੀ ਹੈ ਜਿਵੇਂ ਸੱਪ, ਸਰਪ; ਪਾਣੀ, ਜਲ; ਸਕੂਲ, ਪਾਠਸ਼ਾਲਾ; ਕਿਤਾਬ, ਪੁਸਤਕ ਆਦਿ ।

(20) ਇਕ ਸ਼ਬਦ ਦੂਜੇ ਨਾਲੋਂ ਅਧਿਕ ਤਕਨੀਕੀ ਜਾਂ ਕਿੱਤਾ-ਸੂਚਕ ਹੋ ਸਕਦਾ ਹੈ ਜਿਵੇਂ ਸੰਰਚਨਾ, ਢਾਂਚਾ; ਅਸਤਿੱਤਵ, ਹੋਂਦ; ਅਵਸ਼ੇਸ਼, ਰਹਿੰਦ-ਖੂੰਹਦ/ਗਾਦ; opthamologist, eye doctor; paedriatician, child specialist ਆਦਿ ।

(21) ਬਾਲ-ਬੋਲੀ ਕਰਕੇ ਵੀ ਪਰਿਆਇ ਹੋਂਦ ਵਿਚ ਆਉਂਦੇ ਹਨ ਜਿਵੇਂ ਸੁਸੂ, ਪਿਸ਼ਾਬ; ਪੌਟੀ, ਟੱਟੀ; ਚੀਜੀ, ਚੀਜ਼ ਆਦਿ ।

(22) ਵਰਜਿਤ ਸ਼ਬਦਾਂ ਦੀ ਥਾਂ ਸ਼ਿਸ਼ਟ ਸ਼ਬਦਾਂ ਦਾ ਪ੍ਰਯੋਗ ਕਰਨ ਨਾਲ ਵੀ ਪਰਿਆਇ ਪ੍ਰਚਲਿਤ ਹੋ ਜਾਂਦੇ ਹਨ ਜਿਵੇਂ ਹੱਗਣਾ, ਜੰਗਲਪਾਣੀ ਜਾਣਾ; ਮੂਤਣਾ, ਪਿਸ਼ਾਬ ਕਰਨਾ; ਯਹਿਣਾ, ਸੰਭੋਗ ਕਰਨਾ; ਚਿੱਤੜ, ਢੂਈ; ਮੰਮਾ, ਦੁੱਧੀ/ਛਾਤੀ; ਨਾਈ, ਰਾਜਾ; ਚੂੜ੍ਹਾ, ਮਜ਼੍ਹਬੀ; ਚਮਾਰ, ਰਮਦਾਸੀਆ; ਝਿਊਰ, ਮਹਿਰਾ; ਕਰਾੜ, ਬਾਣੀਆ; ਛੀਂਬਾ, ਦਰਜੀ; ਬਾਹਮਣ, ਪੰਡਤ ਆਦਿ ।

ਉਪਰ-ਵਰਣਿਤ ਪਰਿਆਇਆਂ ਨੂੰ ਨਮੂਨੇ ਵਜੋਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਦੇ ਇਲਾਵਾ ਵੀ ਅਨੇਕਾਂ ਪਰਿਆਇ ਭਾਸ਼ਾ-ਪ੍ਰਬੰਧ ਵਿਚ ਉਪਲਬਧ ਹੁੰਦੇ ਹਨ। ਇਹ ਕੋਸ਼ੀ ਇਕਾਈਆਂ ਦੀ ਅਧਿਕ ਸਮਝਗੋਚਰੇ ਅਤੇ ਸਪਸ਼ਟ ਢੰਗ ਨਾਲ ਵਿਆਖਿਆ ਅਤੇ ਪਰਿਭਾਸ਼ਾ ਦੇਣ ਵਿਚ ਸਹਾਈ ਹੁੰਦੇ ਹਨ, ਪਰੰਤੂ ਇਕ ਪਰਿਆਇ-ਸਮੂਹ ਦੇ ਦੂਜੇ ਪਰਿਆਇ-ਸਮੂਹ ਨਾਲ ਖਲਤ-ਮਲਤ ਹੋਣ ਤੋਂ ਸਦਾ ਸਚੇਤ ਅਤੇ ਸਾਵਧਾਨ ਰਹਿਣ ਦੀ ਲੋੜ ਹੈ ਜਿਵੇਂ **ਪ੍ਰਤੱਖ, ਅਪ੍ਰਤੱਖ, ਪਰੋਖ** ਅਤੇ **ਅਪਰੋਖ** ਸ਼ਬਦਾਂ ਦਾ ਸਾਡੇ ਲੇਖਕਾਂ ਵਲੋਂ ਆਮ ਪ੍ਰਯੋਗ ਕੀਤਾ ਜਾਂਦਾ ਹੈ, ਪਰੰਤੂ ਕਈ ਵਾਰੀ ਉਹ ਇਨ੍ਹਾਂ ਦੀ ਵਰਤੋਂ ਕਰਨ ਲੱਗੇ ਟਪਲਾ ਖਾ ਜਾਂਦੇ ਹਨ ਅਤੇ ਪਰੋਖ ਨੂੰ 'ਪ੍ਰਤੱਖ' ਅਤੇ ਅਪਰੋਖ ਨੂੰ 'ਅਪ੍ਰਤੱਖ' ਦੇ ਅਰਥਾਂ ਵਿਚ ਪ੍ਰਯੋਗ ਕਰਨ ਦੀ ਗਲਤੀ ਕਰ ਜਾਂਦੇ ਹਨ। ਇਸ ਪ੍ਰਵਿਰਤੀ ਤੋਂ ਸਦਾ ਚੁਕੰਨੇ ਰਹਿਣ ਦੀ ਲੋੜ ਹੈ।

3.7 ਵਿਪਰੀਤਾਰਥਕਤਾ : ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਕੋਸ਼ਕਾਰ ਦਾ ਮੁੱਖ ਉਦੇਸ਼ ਅਰਥਾਂ ਦੀ ਸਪਸ਼ਟਤਾ ਹੁੰਦਾ ਹੈ। ਕੋਸ਼ੀ ਇਕਾਈਆਂ ਦੇ ਅਰਥਾਂ ਦੀ ਸਪਸ਼ਟਤਾ ਲਈ ਉਹ ਕਈ ਵਿਧੀਆਂ ਦਾ ਪ੍ਰਯੋਗ ਕਰਦਾ ਹੈ ਜਿਵੇਂ ਵਿਆਖਿਆ, ਪਰਿਭਾਸ਼ਾ, ਪਰਿਆਇ ਆਦਿ। ਇਨ੍ਹਾਂ ਨੂੰ ਪ੍ਰਤੱਖ ਵਿਧੀਆਂ ਕਿਹਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਦਾ ਪ੍ਰਯੋਗ ਅਰਥ ਦੀ ਸਪਸ਼ਟਤਾ ਅਤੇ ਪਰਿਭਾਸ਼ਾ ਲਈ ਅਨਿਵਾਰੀ ਹੈ। ਪਰੰਤੂ ਕੁਝ ਵਿਧੀਆਂ ਅਜਿਹੀਆਂ ਹਨ ਜਿਨ੍ਹਾਂ ਦੀ ਵਰਤੋਂ ਹਰੇਕ ਕੋਸ਼ ਲਈ ਲਾਜ਼ਮੀ ਨਹੀਂ ਹੈ ਜਿਵੇਂ ਦ੍ਰਿਸ਼ਟਾਂਤੀ ਉਦਾਹਰਣ, ਪ੍ਰਯੋਗ, ਟੂਕਾਂ, ਨਿਰੁਕਤੀ, ਵਿਪਰਿਆਇ ਆਦਿ। ਇਹ ਵਿਧੀਆਂ ਭਾਵੇਂ

ਅਰਥ ਦੀ ਸਪਸ਼ਟਤਾ ਵਿਚ ਸਹਾਇਤਾ ਅਵੱਸ਼ ਕਰਦੀਆਂ ਹਨ, ਪਰੰਤੂ ਇਹ ਅਨਿਵਾਰੀ ਨਹੀਂ ਹਨ, ਵਿਕਲਪਕ ਹਨ। ਵਿਪਰੀਤਾਰਥਕ ਸ਼ਬਦ ਦੇਣਾ ਕੋਸ਼ਕਾਰ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ। ਇੰਜ ਹੀ ਨਿਰਕਤੀ ਵੀ ਲਾਜ਼ਮੀ ਨਹੀਂ ਹੈ।

3 7.1 ਪਿਛਲੇ ਖੰਡ ਵਿਚ ਸਮਾਨਾਰਥਕ ਸ਼ਬਦਾਂ ਦੀ ਪਰਿਭਾਸ਼ਾ ਉਨ੍ਹਾਂ ਸ਼ਬਦਾਂ ਦੇ ਰੂਪ ਵਿਚ ਕੀਤੀ ਗਈ ਸੀ ਜਿਹੜੇ ਰੂਪਾਤਮਕ ਭਿੰਨਤਾ ਦੇ ਬਾਵਜੂਦ ਸਮਾਨ ਜਾਂ ਲਗਭਗ-ਸਮਾਨ ਅਰਥਾਂ ਦੇ ਵਾਹਕ ਹਨ। ਵਿਪਰੀਤਾਰਥਕ ਸ਼ਬਦ ਸਮਾਨਾਰਥਕ ਸ਼ਬਦ ਦੇ ਉਲਟ ਅਰਥ ਵਿਅਕਤ ਕਰਦੇ ਹਨ। ਇਹ ਕਿਸੇ ਸ਼ਬਦ ਦੇ ਵਿਪਰੀਤ ਜਾਂ ਉਲਟੇ ਅਰਥਾਂ ਨੂੰ ਪ੍ਰਗਟ ਕਰਦੇ ਹਨ ਜਿਵੇਂ ਗ਼ਰੀਬ : ਅਮੀਰ, ਚੰਗਾ : ਬੁਰਾ, ਉੱਚਾ : ਨੀਵਾਂ ਆਦਿ। ਕੋਸ਼ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਅਰਥਾਂ ਨੂੰ ਪਰਿਭਾਸ਼ਿਤ ਅਤੇ ਅਧਿਕ ਸਪਸ਼ਟ ਕਰਨ ਲਈ ਕੀਤੀ ਜਾਂਦੀ ਹੈ। ਮਿਸਾਲ ਵਜੋਂ, ਗੋਰਾ ਸ਼ਬਦ ਦੇ ਅਰਥ 'ਉਹ ਬੰਦਾ ਜਿਸ ਦੀ ਚਮੜੀ ਸਫ਼ੇਦ ਹੋਵੇ' ਦੇਣ ਨਾਲ ਪੂਰੇ ਭਾਵ ਦਾ ਸੰਚਾਰ ਨਹੀਂ ਹੁੰਦਾ। ਇਸ ਦੇ ਨਾਲ ਬ੍ਰੈਕਟਾਂ ਵਿਚ (ਵਿਪਰਿਆਇ : ਕਾਲਾ, ਸਾਂਵਲਾ) ਲਿਖ ਦੇਣ ਨਾਲ ਅਰਥ ਹੋਰ ਉੱਘੜ ਆਉਂਦਾ ਹੈ। ਇਸੇ ਪ੍ਰਕਾਰ, ਇਸ ਪ੍ਰਸੰਗ ਵਿਚ ਲੰਮਾ : ਠਿਗਣਾ, ਸੁੱਖ : ਦੁੱਖ, ਸਮਾਨ : ਅਸਮਾਨ, ਕਵਿਤਾ : ਅ-ਕਵਿਤਾ ਆਦਿ ਸ਼ਬਦਾਂ ਨੂੰ ਵਿਪਰਿਆਇ ਦੇ ਉਦਾਹਰਣਾਂ ਵਜੋਂ ਪ੍ਰਸਤੁਤ ਕੀਤਾ ਜਾ ਸਕਦਾ ਹੈ। ਪਰੰਤੂ ਇਥੇ ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਮਾਨਾਰਥਕ ਸ਼ਬਦਾਂ ਵਾਂਗ ਹੀ ਵਿਪਰੀਤਾਰਥਕ ਸ਼ਬਦਾਂ ਦੇ ਅਰਥਾਂ ਦੇ ਪਰਿਆਇਆਂ ਦੇ ਪਰਸਪਰ ਸਮਾਨਾਰਥਕ ਸ਼ਬਦ ਨਹੀਂ ਹੁੰਦੇ। ਉਦਾਹਰਣ ਵਜੋਂ, ਅੰਗ੍ਰੇਜ਼ੀ ਸ਼ਬਦ kind ਦੇ ਵਿਪਰਿਆਇ ਬਣਨ ਦੀ cruel ਅਤੇ unkind ਦੋਹਾਂ ਸ਼ਬਦਾਂ ਵਿਚ ਪੂਰਣ ਯੋਗਤਾ ਹੈ, ਪਰੰਤੂ unkind ਦਾ ਅਰਥ cruel ਨਹੀਂ ਹੈ। ਨਾ ਹੀ not beautiful ਦਾ ਅਰਥ ugly ਹੈ। ਇੰਜ ਹੀ ਪੰਜਾਬੀ ਸ਼ਬਦ ਲੰਮਾ ਦੇ ਵਿਪਰਿਆਇ ਬਣਨ ਦੀ ਠਿਗਣਾ ਅਤੇ ਚੌੜਾ ਦੋਹਾਂ ਸ਼ਬਦਾਂ ਵਿਚ ਪੂਰਣ ਸਮਰਥਾ ਹੈ, ਪਰੰਤੂ ਠਿਗਣਾ ਦਾ ਅਰਥ ਚੌੜਾ ਨਹੀਂ ਹੈ। ਕਹਿਣ ਦਾ ਭਾਵ ਇਹ ਕਿ ਇਕ ਸ਼ਬਦ ਦੇ ਇਕ ਤੋਂ ਵੱਧ ਵਿਪਰਿਆਇ ਹੋ ਸਕਦੇ ਹਨ ਅਤੇ ਉਹ ਵਿਪਰਿਆਇ ਅੱਗੋਂ ਪਰਸਪਰ ਸਮਾਨਾਰਥਕ ਸ਼ਬਦ ਨਹੀਂ ਹੁੰਦੇ ਜਿਵੇਂ ਕਿ ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੁੰਦਾ ਹੈ।

3.7.2 ਭਾਸ਼ਾ-ਪ੍ਰਬੰਧ ਵਿਚ ਵਿਪਰੀਤਾਰਥਕਤਾ ਵਿਭਿੰਨ ਰੂਪਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਪ੍ਰਸੰਗ ਵਿਚ ਭਾਸ਼ਾ-ਵਿਗਿਆਨੀਆਂ ਦੀਆਂ ਉਪਲਬਧੀਆਂ ਨੂੰ ਡਾ. ਰਾਮ ਆਧਾਰ ਸਿੰਘ[23] ਨੇ ਚਾਰ ਵਰਗਾਂ ਵਿਚ ਵੰਡਿਆ ਹੈ :

(1) **ਪਰਮ ਵਿਰੋਧੀ ਸ਼ਬਦ ਜਾਂ ਦੁਵੱਲੇ ਵਿਰੋਧ ਵਾਲੇ ਸ਼ਬਦ :** ਅਜਿਹੇ ਵਿਪਰਿਆਇ ਅੱਤ ਦੀਆਂ ਦੋ ਵਿਰੋਧੀ ਸੀਮਾਵਾਂ ਨੂੰ ਦਰਸਾਉਂਦੇ ਹਨ ਜਿਵੇਂ ਜਿਉਣਾ : ਮਰਨਾ, ਖੋਲ੍ਹਣਾ : ਬੰਨ੍ਹਣਾ, ਆਦਿ : ਅੰਤ, ਸੁਰਗ : ਨਰਕ ਆਦਿ। ਇਸ ਵਰਗ ਦੇ ਪਰਿਆਇਆਂ ਦਾ ਵਿਚ-ਵਿਚਾਲੇ ਦੀ ਸਥਿਤੀ (ਮੱਧ ਮਾਰਗ) ਨਾਲ ਕੋਈ ਵਾਸਤਾ ਨਹੀਂ ਹੁੰਦਾ। ਕਹਿਣ ਦਾ

ਭਾਵ ਇਹ ਕਿ ਇਹ ਸ਼ਬਦ 'ਸੀਮਾ ਦੀ ਪੂਰਣਤਾ' ਨੂੰ ਦਰਸਾਉਂਦੇ ਹਨ ਅਤੇ ਵਿਚ-ਵਿਚਾਲੇ ਕਿਸੇ ਅਰਥ ਨੂੰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਦਿੰਦੇ। ਇਨ੍ਹਾਂ ਅਰਥਾਂ ਦੀ ਦਰਜਾਬੰਦੀ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। 'ਮਰਿਆ ਵਿਅਕਤੀ' ਦਾ ਅਰਥ ਹੈ 'ਜੋ ਜਿਉਂਦਾ ਨਹੀਂ"। ਅਸੀਂ ਇਹ ਨਹੀਂ ਕਹਿ ਸਕਦੇ ਕਿ ਫਲਾਣਾ ਵਿਅਕਤੀ ਘੱਟ/ਵੱਧ ਮਰਿਆ/ਜਿਉਂਦਾ ਹੈ। ਮਰਨ ਅਤੇ ਜਿਉਣ ਨੂੰ ਦਰਜਿਆਂ ਜਾਂ ਮਾਤਰਾ ਵਿਚ ਨਹੀਂ ਵੰਡਿਆ ਜਾ ਸਕਦਾ।

(2) **ਆਂਸ਼ਿਕ ਜਾਂ ਅਪੂਰਣ ਵਿਰੋਧੀ ਸ਼ਬਦ :** ਪਰਮ ਵਿਰੋਧੀ ਸ਼ਬਦਾਂ ਦੇ ਉਲਟ ਕੁਝ ਵਿਪਰਿਆਇ ਅਜਿਹੇ ਉਪਲਬਧ ਹੁੰਦੇ ਹਨ ਜਿਨ੍ਹਾਂ ਦੀਆਂ ਦੋਹਾਂ ਅੰਤ ਦੀਆਂ ਸੀਮਾਵਾਂ ਵਿਚਕਾਰ ਕੁਝ ਨਾ ਕੁਝ ਵਿਚ-ਵਿਚਾਲੇ ਵਾਪਰਨ ਦੀ ਗੁੰਜਾਇਸ਼ ਰਹਿੰਦੀ ਹੈ। ਅਜਿਹੇ ਵਿਪਰਿਆਇਆਂ ਨੂੰ ਆਂਸ਼ਿਕ ਜਾਂ ਅਪੂਰਣ ਵਿਰੋਧੀ ਸ਼ਬਦ ਆਖਿਆ ਜਾਂਦਾ ਹੈ। ਪਰਮ ਵਿਰੋਧੀ ਸ਼ਬਦਾਂ ਵਿਚ ਦਰਜਾਬੰਦੀ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ, ਪਰ ਇਨ੍ਹਾਂ ਵਿਪਰਿਆਇਆਂ ਵਿਚ ਦਰਜਾਬੰਦੀ ਦੀ ਗੁੰਜਾਇਸ਼ ਹੁੰਦੀ ਹੈ। ਇਸੇ ਕਰਕੇ ਇਨ੍ਹਾਂ ਨੂੰ ਅਪੂਰਣ ਵਿਰੋਧੀ ਸ਼ਬਦ ਆਖਿਆ ਗਿਆ ਹੈ। ਉਦਾਹਰਣ ਵਜੋਂ, ਉੱਚਾ : ਨੀਵਾਂ, ਅਮੀਰ : ਗ਼ਰੀਬ, ਠੰਢਾ : ਗਰਮ, ਚੰਗਾ : ਬੁਰਾ, ਕੋਮਲ : ਕਠੋਰ, ਪ੍ਰਗਤੀ : ਅਧੋਗਤੀ, ਪਤਲਾ : ਮੋਟਾ, ਲੰਮਾ : ਠਿਗਣਾ ਆਦਿ ਅਣਗਿਣਤ ਸ਼ਬਦਾਂ ਨੂੰ ਪ੍ਰਸਤੁਤ ਕੀਤਾ ਜਾ ਸਕਦਾ ਹੈ। ਉਪਰੋਕਤ ਵਿਰੋਧੀ ਸ਼ਬਦ-ਜੁੱਟਾਂ ਵਿਚ ਦਰਜਾਬੰਦੀ ਜਾਂ ਮਾਤਰਾ ਪ੍ਰਵੇਸ਼ ਕਰ ਜਾਂਦੀ ਹੈ। ਅਮੀਰ ਅਤੇ ਗ਼ਰੀਬ ਵਿਅਕਤੀਆਂ ਦੀ ਉਨ੍ਹਾਂ ਦੀ ਅਮੀਰੀ ਅਤੇ ਗ਼ਰੀਬੀ ਦੇ ਆਧਾਰ ਤੇ ਸ਼੍ਰੇਣੀ-ਵੰਡ ਅਰਥਾਤ ਦਰਜਾਬੰਦੀ ਕੀਤੀ ਜਾ ਸਕਦੀ ਹੈ। ਇੰਜ ਹੀ cold ਅਤੇ hot ਦੀਆਂ ਦੋਹਾਂ ਅਰਥ ਸੀਮਾਵਾਂ ਵਿਚਕਾਰ cool ਅਤੇ warm ਦਾ ਦਰਜਾ ਸਥਿਤ ਹੈ ਅਰਥਾਤ ਦੋਹਾਂ ਵਿਰੋਧੀ ਸਿਰਿਆਂ ਵਿਚਕਾਰ ਦਰਜਾਬੰਦੀ ਦੀ ਸੰਭਾਵਨਾ ਬਰਕਰਾਰ ਹੈ।

(3) **ਅਸੰਗਤ ਸ਼ਬਦ :** ਇਸ ਵਰਗ ਦੇ ਅੰਤਰਗਤ ਵਿਪਰਿਆਇ ਪਰਸਪਰ ਵਿਰੋਧੀ ਸ਼ਬਦ ਨਹੀਂ ਹੁੰਦੇ, ਬਲਕਿ ਉਨ੍ਹਾਂ ਦੇ ਕੋਈ ਵਿਲੱਖਣ ਜਾਂ ਅਸਾਧਾਰਣ ਅਰਥ ਗ੍ਰਹਿਣ ਕਰਨ ਨਾਲ ਵਿਰੋਧੀ ਸ਼ਬਦ ਹੋਣ ਦਾ ਭੁਲੇਖਾ ਪੈਂਦਾ ਹੈ। ਇਸੇ ਕਰਕੇ ਇਨ੍ਹਾਂ ਸ਼ਬਦਾਂ ਨੂੰ ਵਿਰੋਧੀ ਸ਼ਬਦ ਨਹੀਂ ਕਿਹਾ ਗਿਆ, ਅਸੰਗਤ ਸ਼ਬਦ ਕਿਹਾ ਗਿਆ ਹੈ। ਦੋ ਅਰਥ ਅਸੰਗਤ ਤਾਂ ਹੀ ਹੋ ਸਕਦੇ ਹਨ ਜੇ ਇਕ ਅਰਥ ਦਾ ਘੱਟੋ ਘੱਟ ਇਕ ਤੱਤ ਦੂਜੇ ਅਰਥ ਦੇ ਕਿਸੇ ਤੱਤ ਦਾ ਵਿਰੋਧੀ ਹੋਵੇ ਜਿਵੇਂ ਦਿਨ : ਰਾਤ, ਸਵੇਰ : ਆਥਣ, ਮਨੁੱਖ : ਇਸਤਰੀ ਆਦਿ। ਜਦੋਂ ਅਸੀਂ ਦਿਨ ਕਹਿੰਦੇ ਹਾਂ ਤਾਂ ਇਸ ਦਾ ਅਰਥ ਨਾ ਸਵੇਰ ਹੈ ਅਤੇ ਨਾ ਹੀ ਦੁਪਹਿਰ ਆਦਿ। **ਮਨੁੱਖ ਅਤੇ ਇਸਤਰੀ** ਵੀ ਅਸੰਗਤ ਸ਼ਬਦਾਂ ਦੇ ਪ੍ਰਵਰਗ ਵਿਚ ਆਉਂਦੇ ਹਨ ਕਿਉਂਕਿ ਮਨੁੱਖ +ਨਰ ਲੱਛਣ ਹੈ ਅਤੇ ਇਸਤਰੀ ਵਿਚ ਇਹ ਲੱਛਣ ਨਹੀਂ ਹੈ।

(4) **ਪਲਟਾਵੇਂ ਸ਼ਬਦ :** ਇਸ ਵਰਗ ਦੇ ਅੰਤਰਗਤ ਅਜਿਹੇ ਵਿਰੋਧੀ ਸ਼ਬਦ ਆਉਂਦੇ ਹਨ ਜਿਨ੍ਹਾਂ ਨੂੰ ਉਲਟਾ ਪੁਲਟਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਦੀ ਸਪਸ਼ਟਤਾ ਲਈ

ਅਸੀਂ ਦੋ ਵਾਕ ਲੈਂਦੇ ਹਾਂ :

(1) ਉਹ ਖ਼ੁਸ਼ ਹੈ ਪਰ ਅਮੀਰ ਨਹੀਂ ਹੈ।
(2) ਉਹ ਅਮੀਰ ਹੈ ਪਰ ਖ਼ੁਸ਼ ਨਹੀਂ ਹੈ।

ਇਥੇ ਪਹਿਲਾ ਵਾਕ ਦੂਜੇ ਦਾ ਪਲਟਾਵਾਂ ਵਿਰੋਧੀ ਰੂਪ ਹੈ। ਇਸੇ ਪ੍ਰਕਾਰ, ਖਰੀਦਣਾ : ਵੇਚਣਾ, ਪੁੱਛਣਾ : ਉੱਤਰ ਦੇਣਾ, ਅੱਗੇ : ਪਿਛੇ, ਪਤੀ : ਪਤਨੀ ਆਦਿ ਸ਼ਬਦ ਇਸ ਵਰਗ ਦੇ ਅੰਤਰਗਤ ਆਉਂਦੇ ਹਨ।

ਇਸ ਦੇ ਇਲਾਵਾ ਸਮਾਜ ਦੇ ਨਾਤੇਦਾਰੀ ਪ੍ਰਬੰਧ ਵਿਚ ਵੀ ਮਨੁੱਖੀ ਰਿਸ਼ਤਿਆਂ ਵਿਚ ਵਿਰੋਧੀ ਅਰਥ-ਸੰਬੰਧ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਭੈਣ : ਭਰਾ, ਪਿਉ : ਧੀ, ਮਾਂ : ਪੁੱਤ ਆਦਿ। ਇੰਜ ਹੀ ਭਾਸ਼ਾ-ਪ੍ਰਬੰਧ ਵਿਚ ਪੌੜੀ-ਵਤ ਅਰਥ-ਸੰਬੰਧਾਂ ਦੇ ਸੂਚਕ ਸ਼ਬਦ ਵੀ ਉਪਲਬਧ ਹੁੰਦੇ ਹਨ ਜਿਵੇਂ ਮਿਲੀਗ੍ਰਾਮ, ਗ੍ਰਾਮ, ਕਿਲੋਗ੍ਰਾਮ ; ਇੰਚ, ਫੁੱਟ, ਗਜ਼ ; ਕਿਤਾਬਚਾ, ਕਿਤਾਬ, ਗ੍ਰੰਥ ਆਦਿ।

3.7.3 ਸਮਾਨਾਰਥਕਤਾ ਦੀ ਧਾਰਣਾ ਤੇ ਚਰਚਾ ਕਰਦਿਆਂ ਸਪਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਭਾਸ਼ਾ-ਪ੍ਰਬੰਧ ਵਿਚ ਪੂਰਣ ਪਰਿਆਇ ਦੁਰਲੱਭ ਹੁੰਦੇ ਹਨ। ਇਉਂ ਹੀ, ਪੂਰਣ ਵਿਪਰਿਆਇ ਵੀ ਬਹੁਤ ਘੱਟ ਦ੍ਰਿਸ਼ਟੀਗੋਚਰ ਹੁੰਦੇ ਹਨ। ਫਲਸਰੂਪ, ਇਕ ਸ਼ਬਦ ਦੇ ਇਕ ਨਾਲੋਂ ਵੱਧ ਵਿਪਰਿਆਇ ਹੁੰਦੇ ਹਨ, ਪਰੰਤੂ ਉਨ੍ਹਾਂ ਵਿਪਰਿਆਇਆਂ ਵਿਚੋਂ ਹਰੇਕ ਵਿਪਰਿਆਇ ਦੇ ਪਰਿਆਇਆਂ ਵਿਚ ਪਰਸਪਰ ਅਰਥ-ਸੰਬੰਧ ਨਹੀਂ ਹੁੰਦਾ, ਅਤੇ ਹਰੇਕ ਵਿਪਰਿਆਇ ਭਾਸ਼ਾ ਵਿਚ ਕਿਸੇ ਵਿਸ਼ੇਸ਼ ਪ੍ਰਸੰਗ ਤਕ ਹੀ ਸੀਮਿਤ ਹੁੰਦਾ ਹੈ। ਉਦਾਹਰਣ ਵਜੋਂ, ਪਤਲਾ ਸ਼ਬਦ ਦੇ ਦੋ ਵਿਪਰਿਆਇ ਹਨ : (1) ਗਾੜ੍ਹਾ (ਪਤਲਾ ਦੁੱਧ ਅਤੇ ਗਾੜ੍ਹਾ ਦੁੱਧ) ਅਤੇ (2) ਮੋਟਾ (ਪਤਲਾ ਆਦਮੀ ਅਤੇ ਮੋਟਾ ਆਦਮੀ)। ਇਹ ਦੋਵੇਂ ਵਿਪਰਿਆਇ ਆਪਣੇ ਵਿਸ਼ੇਸ਼ ਪ੍ਰਸੰਗ ਅਤੇ ਪ੍ਰਯੋਗ-ਖੇਤਰ ਤਕ ਹੀ ਸੀਮਿਤ ਹਨ ਅਤੇ ਇਕ ਦੂਜੇ ਦੀ ਥਾਂ ਨਹੀਂ ਰੱਖੇ ਜਾ ਸਕਦੇ। ਇਸ ਤੋਂ ਅਸੀਂ ਇਕ ਹੋਰ ਧਾਰਣਾ ਸਥਾਪਿਤ ਕਰ ਸਕਦੇ ਹਾਂ ਕਿ ਵਿਪਰਿਆਇ ਪਰਸਪਰ ਪਰਿਵਰਤਨਸ਼ੀਲ ਨਹੀਂ ਹੁੰਦੇ ਜਿਵੇਂ ਪਤਲਾ ਸ਼ਬਦ ਦੇ ਦੋ ਵਿਪਰਿਆਇਆਂ ਗਾੜ੍ਹਾ ਅਤੇ ਮੋਟਾ ਨੂੰ ਇਕ ਦੂਜੇ ਦੀ ਥਾਂ ਉਪਰੋਕਤ ਅਰਥਾਂ ਵਿਚ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਇਉਂ ਹੀ ਅੰਗ੍ਰੇਜ਼ੀ ਸ਼ਬਦ good ਦੀ ਮਿਸਾਲ ਲੈਂਦੇ ਹਾਂ। ਕੁਝ ਪ੍ਰਸੰਗਾਂ ਵਿਚ good ਦਾ ਵਿਪਰਿਆਇ poor ਹੈ ਜਿਵੇਂ good result ਅਤੇ poor result, ਪਰੰਤੂ ਹੋਰਨਾਂ ਪ੍ਰਸੰਗਾਂ ਵਿਚ ਇਸ ਦਾ ਵਿਪਰਿਆਇ bad ਹੈ ਜਿਵੇਂ good boy ਅਤੇ bad boy।

ਜਿਵੇਂ ਕਿ ਇਸ ਖੰਡ ਦੇ ਮੁੱਢ ਵਿਚ ਹੀ ਸੰਕੇਤ ਕੀਤਾ ਗਿਆ ਹੈ, ਹਰੇਕ ਕੋਸ਼ ਵਿਚ ਵਿਪਰਿਆਇ ਦੇਣੇ ਅਨਿਵਾਰੀ ਨਹੀਂ ਹਨ। ਜਿਥੇ ਵਿਪਰਿਆਇ ਦਿੱਤੇ ਜਾਂਦੇ ਹਨ, ਉਥੇ ਇਹ ਇਨ੍ਹਾਂ ਕਾਰਜਾਂ ਦੀ ਪੂਰਤੀ ਕਰਦੇ ਹਨ : (1) ਅਰਥਾਂ ਦੀ ਸਪਸ਼ਟਤਾ ਲਈ ;

(2) ਬਹੁਅਰਥਕ ਸ਼ਬਦਾਂ ਦੇ ਅਰਥ ਨਿਖੇੜੇ ਅਤੇ ਸਪਸ਼ਟਤਾ ਲਈ ; (3) ਬਹੁਅਰਥਕ ਸ਼ਬਦਾਂ ਅਤੇ ਸਮਾਨਾਰਥਕ ਸ਼ਬਦਾਂ ਦੇ ਅਰਥ-ਭੇਦਾਂ ਦਾ ਨਿਖੇੜਾ ਕਰਨ ਲਈ ; ਅਤੇ (4) ਕੋਸ਼ੀ ਇਕਾਈਆਂ ਦੀ ਪਰਿਭਾਸ਼ਾ ਦੇਣ ਲਈ। ਇੰਜ ਕੋਸ਼ਕਾਰ ਅਰਥ-ਸਪਸ਼ਟਤਾ ਅਤੇ ਅਰਥ-ਨਿਖੇੜੇ ਲਈ ਵਿਪਰਿਆਇਆਂ ਦੀ ਭਰਪੂਰ ਵਰਤੋਂ ਕਰ ਸਕਦਾ ਹੈ।

3.8 ਉਪਨਾਮਤਾ[24] (hyponymy) : ਕੋਸ਼ਕਾਰ ਨੂੰ ਕੋਸ਼ ਤਿਆਰ ਕਰਦਿਆਂ ਅਰਥਾਂ ਦੇ ਇਕ ਹੋਰ ਸੰਬੰਧ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਸ ਨੂੰ ਉਪਨਾਮਤਾ ਆਖਿਆ ਜਾਂਦਾ ਹੈ। ਉਪਨਾਮ ਦਾ ਸ਼ਾਬਦਿਕ ਅਰਥ ਹੈ 'ਛੋਟਾ ਨਾਂ' ਅਰਥਾਤ 'ਗੌਣ ਨਾਂ'। ਪਰੰਤੂ ਸ਼ਾਬਦਿਕ ਅਰਥ ਤੋਂ ਵਿਕਸਿਤ ਹੋ ਕੇ ਹੁਣ ਇਸ ਨੇ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਇਕ ਵਿਸ਼ੇਸ਼ ਧਾਰਣਾ ਦਾ ਰੂਪ ਧਾਰਣ ਕਰ ਲਿਆ ਹੈ। ਇਸ ਧਾਰਣਾ ਦੇ ਅੰਤਰਗਤ 'ਸਾਧਾਰਣ ਸ਼ਬਦ' ਨੂੰ ਪਰ-ਨਾਮ (hyperonym) ਆਖਿਆ ਜਾਂਦਾ ਹੈ ਅਤੇ ਇਸ ਦੀਆਂ ਨਿਰਮਾਣਕਾਰੀ ਲਘੂ ਕੋਸ਼ੀ ਇਕਾਈਆਂ ਨੂੰ ਉਪਨਾਮ ਕਿਹਾ ਜਾਂਦਾ ਹੈ। ਕਹਿਣ ਦਾ ਭਾਵ ਇਹ ਕਿ ਪਰ-ਨਾਮ ਦੇ ਅਰਥਾਂ ਵਿਚ ਕਈ ਉਪਨਾਮੀ ਅਰਥ ਸੰਮਿਲਿਤ ਹੁੰਦੇ ਹਨ। ਇਹ ਪਹੁੰਚ ਅਰਥਾਂ ਦੇ ਪੌੜੀ-ਵਤ ਸੰਬੰਧਾਂ ਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਹੈ। ਉਦਾਹਰਣ ਵਜੋਂ, ਫਲ ਪਰ-ਨਾਮ ਅਥਵਾ ਸਾਧਾਰਣ ਕੋਸ਼ੀ ਇਕਾਈ ਵਿਚ ਅੰਬ, ਸੇਬ, ਕੇਲਾ ਆਦਿ ਦੇ ਅਰਥ ਸ਼ਾਮਿਲ ਹਨ; vehicle ਸ਼ਬਦ ਵਿਚ bus, car, motorcycle ਆਦਿ ਦੇ ਅਰਥ ਸੰਮਿਲਿਤ ਹਨ; ਜਾਨਵਰ ਵਿਚ ਬਿੱਲੀ, ਕੁੱਤਾ, ਹਾਥੀ, ਸ਼ੇਰ ਆਦਿ ਦੇ ਅਰਥ ਨਿਹਿਤ ਹਨ; ਫੁੱਲ ਸ਼ਬਦ ਵਿਚ ਗੇਂਦਾ, ਗੁਲਾਬ, ਕੰਵਲ ਆਦਿ ਦੇ ਅਰਥ ਸ਼ਾਮਿਲ ਹਨ। ਇਨ੍ਹਾਂ ਉਦਾਹਰਣਾਂ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਅਜਿਹੀ ਕੋਸ਼ੀ ਇਕਾਈ, ਜਿਸ ਦੇ ਅਰਥ ਦੂਜੀ ਕੋਸ਼ੀ ਇਕਾਈ ਵਿਚ ਸ਼ਾਮਿਲ ਹੁੰਦੇ ਹਨ, ਅਰਥਾਂ ਦੀ ਪੌੜੀ-ਵਤ ਸੰਰਚਨਾ ਵਿਚ ਹੇਠਲੇ ਦਰਜੇ ਤੇ ਆਉਂਦੀ ਹੈ। ਇਸ ਨੂੰ ਉਪਨਾਮ ਕਿਹਾ ਜਾਂਦਾ ਹੈ। ਜਿਸ ਮੁੱਖ ਜਾਂ ਸਾਧਾਰਣ ਕੋਸ਼ੀ ਇਕਾਈ ਵਿਚ ਇਹ ਅਰਥ ਸੰਮਿਲਿਤ ਹੁੰਦਾ ਹੈ, ਉਸ ਨੂੰ ਪਰ-ਨਾਮ ਆਖਦੇ ਹਨ। ਕੁਝ ਭਾਸ਼ਾ-ਵਿਗਿਆਨੀ ਪਰ-ਨਾਮ ਨੂੰ ਵਰਗਕ (classifier) ਵੀ ਆਖਦੇ ਹਨ। ਕੋਸ਼ਕਾਰ ਦੀ ਦ੍ਰਿਸ਼ਟੀ ਵਿਚ ਪਰ-ਨਾਮ ਹੀ ਕੇਵਲ ਸਾਧਾਰਣ ਜਾਂ ਮੁੱਖ ਸ਼ਬਦ ਨਹੀਂ ਹੁੰਦਾ। ਇਸ ਦੇ ਨਿਰਮਾਣਕਾਰੀ ਉਪਨਾਮ ਵੀ ਕੋਸ਼ੀ ਇਕਾਈ ਵਜੋਂ ਸਾਧਾਰਣ ਸ਼ਬਦ ਦਾ ਦਰਜਾ ਅਖ਼ਤਿਆਰ ਕਰ ਲੈਂਦੇ ਹਨ, ਜਿਵੇਂ ਕੋਸ਼ ਵਿਚ ਫੁੱਲ ਪਰ-ਨਾਮ ਦੇ ਨਾਲ ਨਾਲ ਗੁਲਾਬ, ਗੇਂਦਾ, ਕੰਵਲ ਆਦਿ ਉਪਨਾਮਾਂ ਦੇ ਵੀ ਸਾਧਾਰਣ ਸ਼ਬਦਾਂ ਵਜੋਂ ਅੰਦਰਾਜ ਕੀਤੇ ਮਿਲਦੇ ਹਨ। ਪਰ ਇਹ ਤੱਥ ਸਵੀਕਾਰ ਕਰਨਾ ਪਵੇਗਾ ਕਿ ਉਪਨਾਮ ਵਿਚ ਪਰ-ਨਾਮ ਨਾਲੋਂ ਕੁਝ ਫਾਲਤੂ ਅਰਥ ਵੀ ਸ਼ਾਮਿਲ ਹੁੰਦੇ ਹਨ ਜਿਹੜੇ ਇਸ ਨੂੰ ਵਰਗ ਨਾਲੋਂ ਨਿਖੇੜਦੇ ਹਨ ਅਤੇ ਨਵੇਕਲਾਪਣ ਪ੍ਰਦਾਨ ਕਰਦੇ ਹਨ। ਉਦਾਹਰਣ ਵਜੋਂ, ਕੁੱਤਾ 'ਜਾਨਵਰ' ਦੇ ਅਰਥ ਤੋਂ ਬਿਨਾਂ ਇਕ ਫਾਲਤੂ ਅਰਥ ਦਾ ਸੂਚਕ ਹੈ ਜਿਹੜਾ ਉਸ ਨੂੰ ਹੋਰਨਾਂ ਜਾਨਵਰਾਂ ਜਿਵੇਂ ਬਿੱਲੀ, ਖ਼ਰਗੋਸ਼ ਆਦਿ ਨਾਲੋਂ ਨਿਖੇੜਦਾ ਹੈ। ਚਿੜੀ ਵਿਚ

'ਪੰਛੀ' ਦੇ ਅਰਥ ਤੋਂ ਬਿਨਾਂ ਇਕ ਹੋਰ ਵਿਸ਼ੇਸ਼ ਅਰਥ ਸ਼ਾਮਿਲ ਹੈ ਜਿਹੜਾ ਇਸ ਨੂੰ ਹੋਰਨਾਂ ਪੰਛੀਆਂ ਜਿਵੇਂ ਕਾਂ, ਘੁੱਗੀ, ਗੁਟਾਰ, ਕਬੂਤਰ ਆਦਿ ਨਾਲੋਂ ਨਿਖੇੜਦਾ ਹੈ। ਇੰਜ ਜਾਨਵਰ, ਪੰਛੀ, ਡੰਗਰ, ਵਾਹਣ ਆਦਿ ਪਰ-ਨਾਮ ਹਨ ਅਤੇ ਕੁੱਤਾ, ਬਿੱਲੀ; ਚਿੜੀ, ਕਾਂ; ਗਾਂ, ਮੱਝ; ਕਾਰ, ਸਕੂਟਰ ਆਦਿ ਕ੍ਰਮਵਾਰ ਇਨ੍ਹਾਂ ਪਰ-ਨਾਮਾਂ ਦੇ ਉਪਨਾਮ ਹਨ। ਦੂਜੇ ਸ਼ਬਦਾਂ ਵਿਚ ਆਖਿਆ ਜਾ ਸਕਦਾ ਹੈ ਕਿ ਪਰ-ਨਾਮ ਪ੍ਰਜਾਤੀ/ਵਰਗ ਅਰਥਾਤ 'ਸਾਧਾਰਣ ਪਦ' ਦੇ ਤੁੱਲ ਹਨ ਅਤੇ ਉਪਨਾਮ ਨੂੰ ਵਿਸ਼ੇਸ਼ ਪਦ ਆਖਿਆ ਜਾ ਸਕਦਾ ਹੈ। ਉਪਨਾਮਾਂ ਅਤੇ ਪਰ-ਨਾਮਾਂ ਦੇ ਇਸ ਪੌੜੀ-ਵਤ ਸੰਬੰਧ ਨੂੰ ਅਸੀਂ ਹੇਠ ਦਿੱਤੇ ਰੇਖਾਚਿੱਤਰ ਰਾਹੀਂ ਦਰਸਾ ਸਕਦੇ ਹਾਂ :

- ਪੌਦਾ
  - ਘਾਹ
  - ਝਾੜੀ
  - ਵੇਲ
  - ਰੁੱਖ
    - ਅੰਬ
      - ਲੰਗੜਾ
      - ਚੌਸਾ
      - ਦਸਹਿਰੀ
      - ਸਫ਼ੈਦਾ
    - ਇਮਲੀ
    - ਨਿੰਮ
    - ਬੋਹੜ
    - ਪਿੱਪਲ
  - ਫੁੱਲ

ਜਿਵੇਂ ਉਪਰ ਸੰਕੇਤ ਕੀਤਾ ਗਿਆ ਹੈ, ਕੋਸ਼ਕਾਰ ਪਰ-ਨਾਮੀ ਸ਼ਬਦਾਂ ਨੂੰ ਆਪਣੇ ਕੋਸ਼ ਵਿਚ ਮੁੱਖ ਅੰਦਰਾਜ ਵਜੋਂ ਸ਼ਾਮਿਲ ਕਰਦਾ ਹੈ ਅਰਥਾਤ ਸਾਧਾਰਣ ਪਦ ਮੰਨਦਾ ਹੈ, ਪਰ ਪਰ-ਨਾਮ ਦੇ ਉਪਨਾਮਾਂ ਦਾ ਅੰਦਰਾਜ ਵੀ ਉਹ ਇਨ੍ਹਾਂ ਨੂੰ ਵੱਖ ਵੱਖ ਕੋਸ਼ੀ ਇਕਾ-ਈਆਂ ਮੰਨ ਕੇ ਕਰਦਾ ਹੈ। ਸੰਕਲਨ ਦੀ ਪੱਧਰ ਤੇ ਪਰ-ਨਾਮ ਅਤੇ ਉਪਨਾਮ ਨੂੰ ਬਰਾਬਰ ਦਾ ਦਰਜਾ ਹਾਸਿਲ ਹੁੰਦਾ ਹੈ। ਪਰ ਕੁਝ ਉਪਨਾਮਾਂ ਦੇ ਅੱਗੋਂ ਫਿਰ ਸਮਾਵੇਸ਼ੀ ਅਰਥ ਹੁੰਦੇ ਹਨ ਅਰਥਾਤ ਇਨ੍ਹਾਂ ਦੇ ਅੱਗੋਂ ਉਪਨਾਮ ਹੁੰਦੇ ਹਨ। ਇਨ੍ਹਾਂ ਉਪਨਾਮਾਂ ਨੂੰ ਵੀ ਕੋਸ਼-ਕਾਰ ਆਪਣੇ ਕੋਸ਼ ਵਿਚ ਅਲਗ ਅਲਗ ਅੰਦਰਾਜਾਂ ਦੇ ਅੰਤਰਗਤ ਪਰਿਭਾਸ਼ਿਤ ਕਰਦਾ ਹੈ। ਉਦਾਹਰਣ ਵਜੋਂ, ਕੁੱਤਾ ਸ਼ਬਦ ਜਾਨਵਰ ਦਾ ਉਪਨਾਮ ਹੈ, ਪਰੰਤੂ ਕੁੱਤੀ, ਕਤੂਰਾ ਲਈ ਪਰ-ਨਾਮ ਹੈ ਅਰਥਾਤ ਇਹ ਵਰਗ ਅਤੇ ਵਿਸ਼ੇਸ਼ ਪਦ ਦੋਹਾਂ ਰੂਪਾਂ ਵਿਚ ਵਿਚਰਦਾ ਹੈ। ਇਸ ਪ੍ਰਕਾਰ ਕੁੱਤਾ ਉਪਨਾਮ ਵੀ ਹੈ ਅਤੇ ਪਰ-ਨਾਮ ਵੀ। ਕੋਸ਼ ਵਿਚ ਉਪਨਾਮ ਦੀ ਪਰਿਭਾਸ਼ਾ ਦੇਣ ਲਈ ਪਰ-ਨਾਮ ਅਤੇ ਸਮ-ਉਪਨਾਮਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਮਿਸਾਲ ਵਜੋਂ :

ਕੁੱਤਾ : 'ਬਘਿਆੜ, ਗਿੱਦੜ ਜਾਂ ਲੂੰਬੜ ਦੀ ਜਾਤੀ ਦਾ ਇਕ ਜਾਨਵਰ ਜਿਸ ਨੂੰ

ਸ਼ਿਕਾਰ ਜਾਂ ਰਾਖੀ ਲਈ ਪਾਲਦੇ ਹਨ ।'

ਇਥੇ ਵਿਸ਼ੇਸ਼ ਸ਼ਬਦ ਕੁੱਤਾ (ਉਪਨਾਮ) ਦੀ ਦੂਜੇ ਵਿਸ਼ੇਸ਼ ਪਦਾਂ ਜਿਵੇਂ ਬਘਿਆੜ, ਗਿੱਦੜ, ਲੂੰਬੜ ਆਦਿ (ਸਮ-ਉਪਨਾਮਾਂ) ਅਤੇ ਜਾਤੀ (ਪਰ-ਨਾਮ) ਰਾਹੀਂ ਪਰਿਭਾਸ਼ਾ ਦਿੱਤੀ ਗਈ ਹੈ। ਇੰਜ ਉਪਨਾਮਤਾ ਦੀ ਧਾਰਣਾ ਦਾ ਪ੍ਰਯੋਗ ਅਰਥਾਂ ਦੀ ਪੌੜੀ-ਵਤ ਬਣਤਰ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

3.9 ਸੰਘਟਕ ਵਿਸ਼ਲੇਸ਼ਣ : ਸੰਘਟਕ ਵਿਸ਼ਲੇਸ਼ਣ ਦੀ ਵਿਧੀ ਨੂੰ ਮਾਨਵੀ ਭਾਸ਼ਾ-ਵਿਗਿਆਨੀਆਂ ਨੇ ਨਾਤੇਦਾਰੀ ਪ੍ਰਬੰਧ ਨਾਲ ਸੰਬੰਧਿਤ ਸ਼ਬਦਾਵਲੀ ਦਾ ਵਿਸ਼ਲੇਸ਼ਣ ਕਰਨ ਲਈ ਵਿਕਸਿਤ ਕੀਤਾ ਸੀ, ਪਰ ਬਾਅਦ ਵਿਚ ਇਸ ਵਿਧੀ ਨੂੰ ਭਾਸ਼ਾ-ਪ੍ਰਬੰਧ ਦੀ ਅਰਥ-ਗਤ ਸੰਰਚਨਾ ਦਾ ਵਿਸ਼ਲੇਸ਼ਣ ਕਰਨ ਲਈ ਵੀ ਪ੍ਰਯੋਗ ਕੀਤਾ ਜਾਣ ਲੱਗਾ। ਅਸੀਂ ਪਿਛਲੇ ਖੰਡਾਂ ਵਿਚ ਵੇਖ ਆਏ ਹਾਂ ਕਿ ਕੋਸ਼ੀ ਇਕਾਈ ਦੇ ਅਰਥਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਸ ਵਿਧੀ ਦੇ ਅੰਤਰਗਤ ਸ਼ਬਦ ਦਾ ਅਰਥ-ਬੋਧ ਗ੍ਰਹਿਣ ਕਰਨ ਲਈ ਇਸ ਦੀ ਅਰਥਗਤ ਸੰਰਚਨਾ ਦੀ, ਅਲਪਤਮ ਨਿਖੇੜੂ ਤੱਤਾਂ ਜਾਂ ਸੰਘਟਕਾਂ ਵਿਚ ਵਿਰਚਨਾ ਕਰ ਲਈ ਜਾਂਦੀ ਹੈ ਅਰਥਾਤ ਇਸ ਨੂੰ ਨਿੱਕੇ ਨਿੱਕੇ ਤੱਤਾਂ ਵਿਚ ਨਿਖੇੜ ਲਿਆ ਜਾਂਦਾ ਹੈ ਅਤੇ ਫਿਰ ਇਨ੍ਹਾਂ ਤੱਤਾਂ ਦੀ ਪਰਸਪਰ ਤੁਲਨਾ ਅਤੇ ਟਾਕਰਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਮਨੁੱਖ, ਔਰਤ, ਮੁੰਡਾ ਅਤੇ ਕੁੜੀ ਦੇ ਅਰਥਾਂ ਨੂੰ, ਉਨ੍ਹਾਂ ਦੇ ਅਰਥਾਂ ਦੇ ਵਿਸ਼ੇਸ਼ ਨਿਰਮਾਣਕਾਰੀ ਲੱਛਣਾਂ ਦੀ ਹੋਂਦ ਜਾਂ ਅਣਹੋਂਦ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਇਨ੍ਹਾਂ ਲੱਛਣਾਂ ਨੂੰ ਇਕ ਸੂਤਰ ਦੇ ਰੂਪ ਵਿਚ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ :

+ਮਾਨਵੀ=ਮਨੁੱਖ   +ਨਰ=ਨਰ

--ਮਾਨਵੀ=ਪਸ਼ੂ   —ਨਰ=ਮਦੀਨ

ਇਸ ਸੂਤਰ ਦੇ ਆਧਾਰ ਤੇ ਉਪਰੋਕਤ ਸ਼ਬਦਾਂ ਦੇ ਅਰਥਾਂ ਨੂੰ ਇਸ ਪ੍ਰਕਾਰ ਵਿਅਕਤ ਕੀਤਾ ਜਾ ਸਕਦਾ ਹੈ :

	ਮਾਨਵੀ	**ਨਰ**	**ਬਾਲਗ**
ਮਨੁੱਖ	+	+	+
ਔਰਤ	+	—	+
ਮੁੰਡਾ	+	+	—
ਕੁੜੀ	+	—	—

3.9.1 ਸਮਾਜਕ ਵਿਵਸਥਾ ਵਿਚ ਜੋ ਸਥਿਤੀ ਮਨੁੱਖਾਂ ਦੀ ਹੈ, ਉਹੀ ਸਥਿਤੀ ਅੱਖਰਾਂ ਦੀ ਭਾਸ਼ਾ-ਪ੍ਰਬੰਧ ਵਿਚ ਹੈ। ਸੰਘਟਕ ਵਿਸ਼ਲੇਸ਼ਣ ਵਿਧੀ ਦਾ ਪ੍ਰਯੋਗ ਜਿਵੇਂ ਨਾਤੇਦਾਰੀ ਪ੍ਰਬੰਧ ਵਿਚ ਮਨੁੱਖਾਂ ਦੇ ਪਰਸਪਰ ਸੰਬੰਧਾਂ ਦਾ ਵਿਸ਼ਲੇਸ਼ਣ ਕਰਨ ਲਈ ਕੀਤਾ ਗਿਆ, ਉਵੇਂ ਹੀ

ਇਸ ਵਿਧੀ ਦਾ ਪ੍ਰਯੋਗ ਭਾਸ਼ਾ-ਪ੍ਰਬੰਧ ਵਿਚ ਅੱਖਰਾਂ ਅਤੇ ਸ਼ਬਦਾਂ ਦੀ ਅਰਥਗਤ ਸੰਰਚਨਾ ਦਾ ਵਿਸ਼ਲੇਸ਼ਣ ਕਰਨ ਲਈ ਕੀਤਾ ਗਿਆ। ਜਗਜੀਤ ਸਿੰਘ ਕੋਮਲ ਨੇ ਮਨੁੱਖੀ ਸਮਾਜ ਵਿਚ ਮਾਨਵੀ ਰਿਸ਼ਤਿਆਂ ਦੇ ਅਰਥਾਂ ਦੀ ਭਾਸ਼ਾ-ਪ੍ਰਬੰਧ ਵਿਚ ਅੱਖਰਾਂ ਨਾਲ ਤੁਲਨਾ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਉਹ ਲਿਖਦਾ ਹੈ : ''ਜਿਸ ਤਰ੍ਹਾਂ /p/ ਅਤੇ /b/ ਦੋਵੇਂ ਹੋਠੀ ਧੁਨੀਆਂ ਹਨ ਇਸੇ ਤਰ੍ਹਾਂ ਮਨੁੱਖ ਅਤੇ ਔਰਤ ਮਾਨਵੀ ਹਨ। ਇਹ ਇਹਨਾਂ ਵਿਚਕਾਰ ਸਾਂਝ ਹੈ। ਪਰ ਜਿਵੇਂ ਕਿ /p/ ਅਘੋਸ਼ ਹੈ ਅਤੇ /b/ ਸਘੋਸ਼ ਹੈ ਇਸੇ ਤਰ੍ਹਾਂ ਮਨੁੱਖ ਨਰ ਅਤੇ ਔਰਤ ਮਦੀਨ ਹੈ। ਜਿਸ ਤਰ੍ਹਾਂ /p/ ਅਤੇ /b/ ਵਿਚਕਾਰ 'ਭੇਦਕ ਲੱਛਣ' ਸਘੋਸ਼ਣ ਹੈ ਉਸ ਤਰ੍ਹਾਂ ਮਨੁੱਖ ਅਤੇ ਔਰਤ ਵਿਚਕਾਰ ਭੇਦਕ ਲੱਛਣ ਜਿਨਸ (ਲਿੰਗ) ਹੈ। ਜਿਸ ਤਰ੍ਹਾਂ /p/ ਅਤੇ /t/ ਧੁਨੀਆਂ ਅਘੋਸ਼ ਹੋਣ ਕਰਕੇ ਸਾਂਝ ਰੱਖਦੀਆਂ ਹਨ ਉਸੇ ਤਰ੍ਹਾਂ ਮਨੁੱਖ ਅਤੇ ਬੱਚਾ ਨਰ ਹੋਣ ਦੀ ਸਾਂਝ ਰੱਖਦੇ ਹਨ। ਪਰ ਜਦ ਕਿ /p/ ਹੋਠੀ ਅਤੇ /t/ ਦੰਤੀ ਹੈ, ਇਸੇ ਤਰ੍ਹਾਂ ਮਨੁੱਖ ਬਾਲਗ ਅਤੇ ਬੱਚਾ ਨਾਬਾਲਗ ਹੈ।''[25] ਇਸ ਪ੍ਰਕਾਰ, ਮਨੁੱਖ, ਔਰਤ, ਮੁੰਡਾ ਅਤੇ ਕੁੜੀ ਦਾ ਸੰਘਟਕ ਵਿਸ਼ਲੇਸ਼ਣ ਉਪਰੋਕਤ ਢੰਗ ਨਾਲ ਕੀਤਾ ਜਾ ਸਕਦਾ ਹੈ। ਇਉਂ ਹੀ ਸੰਘਟਕ ਵਿਸ਼ਲੇਸ਼ਣ ਦਾ ਰੰਗ ਨਾਲ ਸੰਬੰਧਿਤ ਸ਼ਬਦਾਵਲੀ ਦਾ ਵਿਸ਼ਲੇਸ਼ਣ ਕਰਨ ਲਈ ਵਿਸਤ੍ਰਿਤ ਪ੍ਰਯੋਗ ਕੀਤਾ ਜਾ ਸਕਦਾ ਹੈ।

3.9.2 ਕੋਸ਼ ਤਿਆਰ ਕਰਨ ਸਮੇਂ ਸੰਘਟਕ ਵਿਸ਼ਲੇਸ਼ਣ ਵਿਧੀ ਕੋਸ਼ਕਾਰ ਲਈ ਕਾਫ਼ੀ ਸਹਾਈ ਹੁੰਦੀ ਹੈ। ਸ਼ਬਦਾਂ ਦੇ ਅਰਥਾਂ ਤੇ ਚਰਚਾ ਕਰਦਿਆਂ ਅਸੀਂ ਇਹ ਵਿਚਾਰ ਪ੍ਰਸਤੁਤ ਕੀਤਾ ਸੀ ਕਿ ਹਰੇਕ ਸ਼ਬਦ ਦੇ ਵਿਸ਼ੇਸ਼ ਮਾਨਕ ਨਿਖੇੜੂ ਲੱਛਣ ਹੁੰਦੇ ਹਨ ਜਿਹੜੇ ਉਸ ਵਿਸ਼ੇਸ਼ ਸ਼ਬਦ ਨੂੰ ਤਾਂ ਵਿਸ਼ੇਸ਼ਤਾ ਪ੍ਰਦਾਨ ਕਰਦੇ ਹੀ ਹਨ, ਪਰ ਨਾਲ ਹੀ ਇਕ ਸ਼ਬਦ ਦੇ ਅਰਥਾਂ ਨੂੰ ਦੂਜੇ ਸ਼ਬਦ ਦੇ ਅਰਥਾਂ ਤੋਂ ਨਿਖੇੜਨ ਵਿਚ ਸਹਾਈ ਵੀ ਹੁੰਦੇ ਹਨ। ਸੰਘਟਕ ਵਿਸ਼ਲੇਸ਼ਣ ਇਨ੍ਹਾਂ ਸ਼ਬਦਾਂ ਦੇ ਅਰਥਾਂ ਦਾ ਤੱਤ-ਨਿਖੇੜਾ ਕਰ ਕੇ ਹਰੇਕ ਸ਼ਬਦ ਦੀ ਨਵੇਕਲੀ ਹੋਂਦ ਸਥਾਪਿਤ ਕਰਦਾ ਹੈ। ਇਉਂ ਹੀ ''ਸੰਘਟਕ ਵਿਸ਼ਲੇਸ਼ਣ ਵਿਧੀ ਪਰਿਆਇਆਂ ਦੇ ਨਿਖੇੜਾ ਕਰਨ (ਪਰਸ-ਪਰ-ਵਿਆਪੀ ਅਰਥਾਂ ਦੀ ਵਿਆਖਿਆ ਰਾਹੀਂ), ਬਹੁਅਰਥਕ ਸ਼ਬਦ ਦੇ ਵਿਭਿੰਨ ਅਰਥਾਂ ਦਾ ਅੰਤਰ ਦਰਸਾਉਣ (ਫ਼ਾਲਤੂ ਅਰਥਗਤ ਲੱਛਣਾਂ ਅਤੇ ਵਿਸਤਾਰਿਤ ਅਰਥਾਂ ਵਿਚ ਇਨ੍ਹਾਂ ਦੇ ਸੰਬੰਧਾਂ ਰਾਹੀਂ) ਅਤੇ ਵਿਪਰੀਤਾਰਥਕਤਾ, ਸਮਨਾਮਤਾ ਆਦਿ ਵਰਗੇ ਅਰਥ ਦੇ ਹੋਰ ਸੰਬੰਧਾਂ ਦੇ ਅਧਿਐਨ ਲਈ ਪ੍ਰਯੋਗ ਕੀਤੀ ਜਾ ਸਕਦੀ ਹੈ। ਸੰਘਟਕ ਵਿਸ਼ਲੇਸ਼ਣ ਦੇ ਪ੍ਰਯੋਗ ਦੇ ਕੁਝ ਲਾਭ ਹਨ। ਮੁਕੰਮਲ ਵਰਤੋਂ ਦੀ ਪ੍ਰਕ੍ਰਿਆ ਵਿਚ ਅਰਥਾਂ ਦੇ ਕੁਝ ਅਸੰਭਾਵੀ ਲੱਛਣ ਜਾਂ ਵੱਖਰਤਾਵਾਂ ਅਵੱਸ਼ ਉਜਾਗਰ ਹੁੰਦੀਆਂ ਹਨ।''[26]

3.9.3 ਪਰੰਤੂ ਇਸ ਵਿਧੀ ਦੀਆਂ ਕੁਝ ਸੀਮਾਵਾਂ ਹਨ। ਇਹ ਵਿਧੀ ਸ਼ਬਦਾਂ ਦੇ ਵਾਚਾਰਥ ਦਾ ਵਿਸ਼ਲੇਸ਼ਣ ਕਰਨ ਲਈ ਤਾਂ ਪ੍ਰਯੋਗ ਕੀਤੀ ਜਾ ਸਕਦੀ ਹੈ, ਜਿਵੇਂ ਅਸੀਂ ਇਸ ਰਾਹੀਂ ਪਹਿਲਾਂ ਮਨੁੱਖ, ਔਰਤ, ਮੁੰਡਾ, ਕੁੜੀ ਦੇ ਵਾਚਾਰਥ ਦਾ ਵਿਸ਼ਲੇਸ਼ਣ ਕੀਤਾ ਹੈ, ਪਰੰਤੂ ਇਹ

ਵਿਧੀ ਕੋਸ਼ੀ ਇਕਾਈ ਦੇ ਲਾਖਣਿਕ ਅਤੇ ਭਾਵੁਕ ਅਰਥਾਂ ਦਾ ਵਿਸ਼ਲੇਸ਼ਣ ਕਰਨ ਦੇ ਅਸਮਰੱਥ ਹੈ। ਉਦਾਹਰਣ ਵਜੋਂ, ਸ਼ੇਰ ਸ਼ਬਦ ਦੇ ਵਾਚਾਰਥ ਦਾ ਹੋਰਨਾਂ ਜਾਨਵਰਾਂ ਨਾਲੋਂ ਅਰਥ-ਨਿਖੇੜਾ ਕਰਨਾ ਸੰਭਵ ਹੈ ਅਤੇ ਇਥੇ ਸੰਘਟਕ ਵਿਸ਼ਲੇਸ਼ਣ ਸਾਡੀ ਪੂਰੀ ਸਹਾਇਤਾ ਕਰ ਸਕਦਾ ਹੈ। ਪਰ ਜਦੋਂ ਮਾਂ ਆਪਣੇ ਨਿਰਾਸ਼ ਪੁੱਤ ਨੂੰ ਢਾਰਸ ਬੰਨ੍ਹਾਉਂਦੀ ਉਸ ਨੂੰ ਸ਼ੇਰ ਨਾਲ ਤਸ਼ਬੀਹ ਦਿੰਦਿਆਂ ਆਖਦੀ ਹੈ, "ਨਾ ਮੇਰਾ ਸ਼ੇਰ ਪੁੱਤ ! ਐਨੀ ਛੇਤੀ ਦਿਲ ਨਹੀਂ ਛੱਡੀਦਾ", ਤਾਂ ਇਥੇ ਸ਼ੇਰ ਦਾ ਅਰਥ ਸੰਘਟਕ ਵਿਸ਼ਲੇਸ਼ਣ ਦੀ ਸੀਮਾ ਉਲੰਘ ਜਾਂਦਾ ਹੈ ਅਰਥਾਤ ਇਸ ਦੇ ਪ੍ਰਯੋਗ-ਖੇਤਰ ਵਿਚ ਨਹੀਂ ਆਉਂਦਾ। ਇੰਜ ਸੰਘਟਕ ਵਿਸ਼ਲੇਸ਼ਣ ਵਿਧੀ ਤਾਂ ਕੇਵਲ ਵਾਚਾਰਥੀ ਸ਼ਬਦਾਂ ਦੇ ਅਰਥ ਦਾ ਵਿਸ਼ਲੇਸ਼ਣ ਕਰਨ ਲਈ ਹੀ ਉਪਯੋਗੀ ਹੈ।

3.10 ਕੋਸ਼ੀ ਅਰਥ ਦੇ ਵਿਭਿੰਨ ਪਹਿਲੂਆਂ ਅਤੇ ਪਸਾਰਾਂ ਤੇ ਵਿਚਾਰ ਕਰਨ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਕੋਸ਼ੀ ਇਕਾਈਆਂ ਦੇ ਅਰਥ ਬੀੜਨ ਦਾ ਕਾਰਜ ਸਭ ਤੋਂ ਮਹੱਤਵਪੂਰਣ ਅਤੇ ਦੁਸ਼ਵਾਰ ਕਾਰਜ ਹੈ। ਇਸ ਦਾ ਇਹ ਭਾਵ ਕਦਾਚਿਤ ਨਹੀਂ ਲੈਣਾ ਚਾਹੀਦਾ ਕਿ ਕੋਸ਼ ਨਿਰਮਾਣ ਦੇ ਹੋਰ ਪੱਖ ਘੱਟ ਮਹੱਤਵਪੂਰਣ ਹਨ ਅਤੇ ਅੱਖੋਂ ਪਰੋਖੇ ਕਰ ਦੇਣੇ ਚਾਹੀਦੇ ਹਨ। ਜਿਥੇ ਕੋਸ਼ ਦੀ ਜਿਲਦ, ਟਾਈਟਲ, ਕਾਗਜ਼, ਸ਼ੁੱਧ ਛਪਾਈ ਆਦਿ ਕੋਸ਼ ਦੀ ਬਾਹਰੀ ਦਿੱਖ ਅਤੇ ਸੁਹਜ ਵਿਚ ਵਾਧਾ ਕਰਦੇ ਹਨ, ਉਥੇ ਕੋਸ਼ੀ ਇਕਾਈਆਂ ਦੇ ਅਰਥ ਦੀ ਸਪਸ਼ਟਤਾ, ਸ਼ੁੱਧਤਾ, ਸੰਜਮ, ਪਰਿਸ਼ੁੱਧਤਾ ਆਦਿ ਕੋਸ਼ ਦੀ ਅੰਦਰੂਨੀ ਦਿੱਖ ਨੂੰ ਚਾਰ ਚੰਨ ਲਾਉਂਦੇ ਹਨ। ਇਨ੍ਹਾਂ ਦੋਹਾਂ ਦਾ ਸੁਮੇਲ ਹੀ ਆਦਰਸ਼ ਕੋਸ਼ ਦੀ ਸਿਰਜਣਾ ਕਰਦਾ ਹੈ।

ਫੁਟਨੋਟ

1. L. Zgusta, *Manual of Lexicography*, pp. 23-24.
2. R.A. Singh, *An Introduction to Lexicography*, pp. 28-29.
3. ਉਹੀ।
4. Saussure, *Course in General Linguistics*, p. 16.
5. R.N. Srivastava & R.S. Gupta, 'Principles and Problems in Lexicology and Lexicography as Developed in the Soviet Union' in B.G. Misra (Ed.), *Lexicography in India*, p. 177.
6. Harjeet Singh Gill, *The Semiotics of Creative Process in Language and Literature*, pp. 61 ff.

7. Zgusta, *op. cit.*, pp. 28-29.
8. *Ibid.*, pp. 36-37.
9. R.A. Singh, *op. cit.*, pp. 34-35.
10. *Ibid.*, p. 36.
11. *Ibid.*, p. 37.
12. *Ibid.*, p. 44.
13. *Ibid.*
14. Zgusta, *op. cit.*, p. 77.
15. John Lyons, *Semantics*, p. 52.
16. Ullmann, *Principles of Semantics*, p. 115.
17. Malkiel, 'Lexicography' in Carroll E. Reed (Ed.), *The Learning of Language*, pp. 61-3.
18. F.R. Palmer, *Semantics : A New Outline*, p. 68.
19. ਪੰਜਾਬੀ ਦੇ ਸੰਦਰਭ ਵਿਚ 'ਸਮਾਨਾਰਥਕਤਾ' ਦੇ ਸੰਕਲਪ ਦਾ ਡਾ. ਅਜਮੇਰ ਸਿੰਘ ਨੇ ਆਪਣੇ ਖੋਜ-ਪ੍ਰਬੰਧ 'A Linguistic Study of Punjabi Synonyms' (1979) ਵਿਚ ਸਰਬਪੱਖੀ ਅਤੇ ਵਿਸਤ੍ਰਿਤ ਵਿਵੇਚਨ ਕੀਤਾ ਹੈ। ਇਸ ਖੰਡ ਵਿਚ ਉਦਾਹਰਣਾਂ ਦੇਣ ਲਈ ਮੈਂ ਇਸ ਖੋਜ-ਪ੍ਰਬੰਧ ਦੀ ਖੁਲ੍ਹੀ ਅਤੇ ਭਰਪੂਰ ਵਰਤੋਂ ਕੀਤੀ ਹੈ।

    ਸੁਮਨ ਪ੍ਰੀਤ ਦਾ ਐਮ.ਫਿਲ. ਲਈ ਪ੍ਰਸਤੁਤ ਖੋਜ-ਨਿਬੰਧ 'The Concept of Synonymy in Bilingual Dictionaries' (1991) ਵੀ ਵਰਣਨਯੋਗ ਹੈ ਜਿਹੜਾ ਕੋਸ਼ਕਾਰੀ ਵਿਚ ਸਮਾਨਾਰਥਕਤਾ ਦੇ ਸੰਕਲਪ ਨਾਲ ਸਿੱਧਾ ਸੰਬੰਧਿਤ ਹੈ।
20. Lyons, *Language, Meaning and Context*, p. 50.
21. Lyons, *Introduction to Theoretical Linguistics*, p. 437.
22. Geoffrey Leech, *Semantics*, p. 105.
23. R.A. Singh, *op. cit.*, pp. 69-71.
24. ਸੰਸਕ੍ਰਿਤ ਵਿਚ hyponymy ਦੇ ਸਮਾਨਾਂਤਰ ਸ਼ਬਦ ਉਪਨਾਮਤਾ ਪ੍ਰਚਲਿਤ ਹੈ। ਪਰੰਤੂ ਜਗਜੀਤ ਸਿੰਘ ਕੋਮਲ ਨੇ ਇਸ ਦੇ ਤੁੱਲ 'ਸਮਾਵੇਸ਼ਅਰਥਤਾ' ਸ਼ਬਦ ਦਾ ਪ੍ਰਯੋਗ ਕੀਤਾ ਹੈ।
25. ਜਗਜੀਤ ਸਿੰਘ ਕੋਮਲ, ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ, ਪੰਨਾ 77.
26. R.A. Singh, *op. cit.*, p. 74.

ਚੌਥਾ ਅਧਿਆਇ

ਕੋਸ਼-ਨਿਰਮਾਣ

4.0 ਹਥਲੇ ਅਧਿਆਇ ਵਿਚ ਕੋਸ਼-ਨਿਰਮਾਣ ਪ੍ਰਕ੍ਰਿਆ ਵਿਚ ਦਰਪੇਸ਼ ਵਿਵਹਾਰਕ ਸਮੱਸਿਆਵਾਂ ਅਤੇ ਕੋਸ਼ ਦੇ ਤਕਨੀਕੀ ਪੱਖਾਂ ਦਾ ਉਲੇਖ ਕੀਤਾ ਜਾਵੇਗਾ। ਇਹ ਅਧਿ-ਆਇ ਅਸਲ ਵਿਚ ਮਨ ਵਿਚ ਉਪਜੇ ਕੋਸ਼ ਦੇ ਸੰਕਲਪ ਤੋਂ ਕੋਸ਼ ਦੇ ਪ੍ਰਕਾਸ਼ਨ ਤਕ ਦੇ ਸਫ਼ਰ ਨਾਲ ਸੰਬੰਧਿਤ ਹੈ। ਕੋਸ਼-ਨਿਰਮਾਣ ਦੀ ਇਸ ਸਮੁੱਚੀ ਚਰਚਾ ਵਿਚ ਸਾਨੂੰ ਕੋਸ਼ ਦੇ ਆਕਾਰ, ਪ੍ਰਕਾਰ ਪ੍ਰਯੋਗਕਰਤਾ-ਵਰਗ ਅਤੇ ਕੋਸ਼ ਦੀ/ਦੀਆਂ ਭਾਸ਼ਾ/ਭਾਸ਼ਾਵਾਂ ਨੂੰ ਵਿਸ਼ੇਸ਼ ਰੂਪ ਵਿਚ ਧਿਆਨ ਵਿਚ ਰੱਖਣਾ ਪਵੇਗਾ।

4.1 ਮਨ ਵਿਚ ਕੋਸ਼ ਬਣਾਉਣ ਦਾ ਸੰਕਲਪ ਪੈਦਾ ਹੋਣ ਤੋਂ ਕੋਸ਼ ਦੇ ਪ੍ਰਕਾਸ਼ਨ ਤਕ ਦੇ ਕਾਰਜ ਨੂੰ ਪੰਜ ਮੁੱਖ ਸਟੇਜਾਂ ਵਿਚ ਵੰਡਿਆ ਜਾ ਸਕਦਾ ਹੈ:

1. ਕੋਸ਼ ਦੀ ਯੋਜਨਾ;
2. ਕੋਸ਼-ਸਾਮੱਗਰੀ ਸੰਕਲਨ;
3. ਕੋਸ਼ ਦਾ ਸੰਪਾਦਨ;
4. ਕੋਸ਼ ਦੀ ਪ੍ਰੈਸ ਕਾਪੀ ਦੀ ਤਿਆਰੀ; ਅਤੇ
5. ਕੋਸ਼ ਦਾ ਪ੍ਰਕਾਸ਼ਨ।

ਕੋਸ਼-ਨਿਰਮਾਣ ਦੀਆਂ ਇਹ ਪੰਜ ਸਟੇਜਾਂ ਪਰਸਪਰ-ਵਿਆਪੀ ਅਤੇ ਪਰਸਪਰ ਸੰਬੰਧਿਤ ਹਨ। ਇਨ੍ਹਾਂ ਦਾ ਉਦੇਸ਼ ਇਕ ਮੁਕੰਮਲ ਸਮੁੱਚ ਅਰਥਾਤ ਸੰਪੂਰਣ ਇਕਾਈ ਜਾਂ ਕੋਸ਼ ਨੂੰ ਪ੍ਰਸਤੁਤ ਕਰਨਾ ਹੈ। ਇਨ੍ਹਾਂ ਸਟੇਜਾਂ ਦੇ ਉਚਿਤ ਅਤੇ ਉਪਯੁਕਤ ਤਾਲਮੇਲ ਨਾਲ ਹੀ ਚੰਗੇ ਅਤੇ ਆਦਰਸ਼ ਕੋਸ਼ ਦੀ ਰਚਨਾ ਦੀ ਸੰਭਾਵਨਾ ਬੱਝਦੀ ਹੈ।

4.1.1 ਕੋਸ਼ ਦੀ ਯੋਜਨਾ : ਕੋਸ਼ ਮੁੱਖ ਰੂਪ ਵਿਚ ਦੋ ਪੱਧਰ ਤੇ ਤਿਆਰ ਕੀਤਾ ਜਾਂਦਾ ਹੈ: ਵਿਅਕਤੀਗਤ ਪੱਧਰ ਤੇ, ਅਤੇ ਸਮੂਹਕ/ਸੰਸਥਾਗਤ ਪੱਧਰ ਤੇ। ਇਹ ਕਾਰਜ ਭਾਵੇਂ ਕਿਸੇ ਵੀ ਢੰਗ ਨਾਲ ਕੀਤਾ ਜਾਵੇ, ਕੋਸ਼ਕਾਰ ਸਾਮ੍ਹਣੇ ਦਰਪੇਸ਼ ਸਮੱਸਿਆਵਾਂ ਦੀ ਪ੍ਰਕਿਰਤੀ, ਵਿੱਤ, ਵਿਵਿਧਤਾ ਅਤੇ ਵਿਕਟਤਾ ਲਗਭਗ ਦੋਹਾਂ ਪੱਧਰਾਂ ਤੇ ਸਮਾਨ ਹੀ ਹੈ। ਕੋਸ਼ ਦੀ ਤਿਆਰੀ ਵਿਚ ਖ਼ਰਚ ਹੋਣ ਵਾਲਾ ਸਮਾਂ, ਧਨ, ਕੋਸ਼ਕਾਰੀ ਦੀ ਧਾਰਣਾ ਬਾਰੇ ਸਾਡੇ ਸਮਾਜ ਦੇ ਸੁਸਿਖਿਅਤ ਵਰਗ ਵਿਚ ਅਸਪਸ਼ਟਤਾ ਅਤੇ ਗ਼ਲਤਫ਼ਹਿਮੀ ਦੀਆਂ

ਸਮੱਸਿਆਵਾਂ ਦੋਹਾਂ ਤਰ੍ਹਾਂ ਦੇ ਕੋਸ਼-ਨਿਰਮਾਣ ਕਾਰਜ ਵਿਚ ਵਿਦਮਾਨ ਹਨ। ਅੰਤਰ ਕੇਵਲ ਇਤਨਾ ਹੈ ਕਿ ਵਿਅਕਤੀਗਤ ਯਤਨਾਂ ਨਾਲ ਕੇਵਲ ਲਘੂ ਅਤੇ ਸੰਖੇਪ ਕੋਸ਼ ਦਾ ਕਾਰਜ ਹੀ ਵਿੱਢਿਆ ਜਾ ਸਕਦਾ ਹੈ। ਦਰਮਿਆਨੇ ਅਤੇ ਵੱਡ-ਆਕਾਰੀ ਕੋਸ਼ਾਂ ਲਈ ਤਾਂ ਨਿਸ਼ਚੇ ਹੀ ਸਮੂਹਕ/ਸੰਸਥਾਗਤ ਵਿਧੀ ਸਾਰਥਕ ਤੇ ਉਪਯੁਕਤ ਹੈ। ਹੋਰ ਪ੍ਰਕ੍ਰਿਆਵਾਂ ਜਿਵੇਂ ਕੋਸ਼-ਸਾਮੱਗਰੀ ਸੰਕਲਨ, ਕੋਸ਼ ਦਾ ਸੰਪਾਦਨ ਪ੍ਰੈਸ ਕਾਪੀ ਦੀ ਤਿਆਰੀ ਅਤੇ ਕੋਸ਼ ਦਾ ਪ੍ਰਕਾਸ਼ਨ ਆਦਿ ਦੋਹਾਂ ਤਰ੍ਹਾਂ ਨਾਲ ਤਿਆਰ ਕੀਤੇ ਕੋਸ਼ਾਂ ਵਿਚ ਸਾਂਝੀਆਂ ਹਨ। ਸਮੂਹਕ ਤੌਰ ਤੇ ਕੋਸ਼ ਆਮ ਕਰਕੇ ਯੂਨੀਵਰਸਿਟੀਆਂ ਅਕਾਦਮੀਆਂ, ਭਾਸ਼ਾ ਵਿਭਾਗਾਂ, ਬੋਰਡਾਂ, ਪ੍ਰਮੁੱਖ ਪ੍ਰਕਾਸ਼ਨ ਅਦਾਰਿਆਂ ਵਲੋਂ ਤਿਆਰ ਕਰਵਾਏ ਜਾਂਦੇ ਹਨ ਜਿਵੇਂ 'ਪੰਜਾਬੀ ਕੋਸ਼', 'ਪੀ.ਐਸ. ਯੂ.ਟੀ.ਬੀ. ਇੰਗਲਿਸ਼-ਪੰਜਾਬੀ ਡਿਕਸ਼ਨਰੀ', 'ਦ ਪੰਜਾਬੀ ਡਿਕਸ਼ਨਰੀ', 'ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼' ਆਦਿ। ਨਿੱਜੀ ਤੌਰ ਤੇ ਤਿਆਰ ਕੀਤੇ ਕੋਸ਼ਾਂ ਵਿਚ 'ਮਹਾਨ ਕੋਸ਼' (ਭਾਈ ਕਾਨ੍ਹ ਸਿੰਘ), 'ਬ੍ਰਿਹਤ ਅੰਗ੍ਰੇਜ਼ੀ ਹਿੰਦੀ ਕੋਸ਼' (ਡਾ. ਹਰਦੇਵ ਬਾਹਰੀ), 'ਐਂਗਲੋ ਪੰਜਾਬੀ ਡਿਕਸ਼ਨਰੀ' (ਪ੍ਰਿੰ. ਤੇਜਾ ਸਿੰਘ) ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਪ੍ਰਮੁੱਖ ਪ੍ਰਕਾਸ਼ਨ ਅਦਾਰਿਆਂ ਵਲੋਂ ਤਿਆਰ ਕਰਵਾਏ ਕੋਸ਼ਾਂ ਵਿਚ 'ਰੈਂਡਮ ਹਾਊਸ ਇੰਗਲਿਸ਼ ਡਿਕਸ਼ਨਰੀ' ਅਤੇ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਵਲੋਂ ਤਿਆਰ ਕਰਵਾਈ 'ਆਕਸਫੋਰਡ ਅਡਵਾਂਸਡ ਲਰਨਰਜ਼ ਡਿਕਸ਼ਨਰੀ' ਅਤੇ ਹੋਰਨਾਂ ਅਨੇਕ ਕੋਸ਼ਾਂ ਦੇ ਨਾਂ ਗਿਣੇ ਜਾ ਸਕਦੇ ਹਨ।

ਕੋਸ਼ ਦੀ ਯੋਜਨਾ ਤਿਆਰ ਕਰਨ ਸਮੇਂ ਕੋਸ਼ਕਾਰ ਨੂੰ ਸਾਰੇ ਫ਼ੈਸਲੇ ਬਹੁਤ ਸੋਚ-ਵਿਚਾਰ ਅਤੇ ਵਿਸਤ੍ਰਿਤ ਚਰਚਾ ਉਪਰੰਤ ਲੈਣੇ ਹੁੰਦੇ ਹਨ। ਫ਼ੈਸਲਾ ਕਰਦਿਆਂ ਕੋਸ਼-ਨਿਰਮਾਣ ਦੇ ਹਰੇਕ ਪੱਖ ਅਤੇ ਪਸਾਰ ਬਾਰੇ ਨਿੱਕੇ ਤੋਂ ਨਿੱਕੇ ਵੇਰਵਿਆਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਕੋਸ਼ ਦੀ ਯੋਜਨਾ ਵਿਚ ਹੇਠ ਲਿਖੇ ਫ਼ੈਸਲੇ ਪ੍ਰਮੁੱਖ ਹਨ :

(ੳ) **ਸਟਾਫ ਸੰਬੰਧੀ ਯੋਜਨਾ :** ਕੋਸ਼ ਲਈ ਸੰਪਾਦਕਾਂ ਦੀ ਚੋਣ ਅਤੇ ਨਿਯੁਕਤੀ ਕਰਦਿਆਂ ਉਨ੍ਹਾਂ ਦੀ ਕੋਸ਼-ਕਾਰਜ ਲਈ ਪ੍ਰਤਿਬੱਧਤਾ, ਭਾਸ਼ਾ-ਵਿਗਿਆਨਕ ਸਿਧਾਂਤਾਂ ਦੀ ਪੂਰੀ ਜਾਣਕਾਰੀ, ਮਾਂ-ਬੋਲੀ ਦਾ ਵਿਸਤ੍ਰਿਤ ਗਿਆਨ, ਕੋਸ਼-ਵਿਗਿਆਨਕ ਸੰਕਲਪਾਂ ਬਾਰੇ ਪੂਰੀ ਸਜੱਗਤਾ ਅਤੇ ਸਪਸ਼ਟਤਾ, ਕੋਸ਼ ਕਾਰਜ ਲਈ ਉਨ੍ਹਾਂ ਦੀ ਸਾਰਥਕਤਾ, ਵਿਸ਼ੇਸ਼ ਕਰਕੇ ਉਨ੍ਹਾਂ ਦੇ ਕੋਸ਼ਕਾਰੀ ਦੇ ਖੇਤਰ ਵਿਚ ਅਨੁਭਵ ਦਾ ਪੂਰਾ ਖਿਆਲ ਰੱਖਣਾ ਚਾਹੀਦਾ ਹੈ। ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਨੌਜਵਾਨ ਵਿਅਕਤੀ ਨਿਯੁਕਤ ਕੀਤੇ ਜਾਣ ਤਾਂ ਕਿ ਉਹ ਬਹੁਤਾ ਚਿਰ ਸੰਬੰਧਿਤ ਪ੍ਰਾਜੈਕਟ ਵਿਚ ਟਿਕ ਸਕਣ। ਉਂਜ ਇਹ ਕਿੱਤਾ ਸਾਡੇ ਦੇਸ਼ ਵਿਚ, ਵਿਸ਼ੇਸ਼ ਕਰਕੇ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਵਿਵਸਾਇਕ ਤਰੱਕੀ ਲਈ ਐਨਾ ਆਕਰਸ਼ਕ ਨਹੀਂ ਹੈ ਕਿਉਂਕਿ ਜਿੰਨੀ ਜਾਨਮਾਰੀ ਅਤੇ ਮਿਹਨਤ ਇਸ ਕੰਮ ਵਿਚ ਹੁੰਦੀ ਹੈ, ਉਸ ਦੇ ਮੁਕਾਬਲੇ ਤੇ ਇਸ ਦੀ ਮਾਨਤਾ ਬਹੁਤ ਘੱਟ ਹੈ।

ਸਭ ਤੋਂ ਪਹਿਲਾਂ ਇਕ ਜਾਂ ਦੋ ਮੁੱਖ ਸੰਪਾਦਕਾਂ ਦੀ ਨਿਯੁਕਤੀ ਅਨਿਵਾਰੀ ਹੈ। ਉਹ ਮਿਲ ਕੇ ਅੱਗੋਂ ਨਿਯੁਕਤ ਕੀਤੇ ਜਾਣ ਵਾਲੇ ਸੰਪਾਦਕਾਂ, ਸਹਾਇਕ ਸੰਪਾਦਕਾਂ, ਉਪ-ਸੰਪਾਦਕਾਂ ਆਦਿ ਦੀਆਂ ਅਸਾਮੀਆਂ ਬਾਰੇ ਨਿਰਣਾ ਲੈ ਸਕਦੇ ਹਨ। ਸੰਪਾਦਕ ਲੋੜ ਅਨੁਸਾਰ ਆਪਣੀ ਸਹਾਇਤਾ ਲਈ ਸਲਾਹਕਾਰ ਕਮੇਟੀ ਦੀ ਸਥਾਪਨਾ ਕਰ ਸਕਦੇ ਹਨ ਅਤੇ ਵਿਭਿੰਨ ਵਿਸ਼ਿਆਂ ਦੇ ਮਾਹਿਰਾਂ ਨੂੰ ਇਸ ਕਾਰਜ ਨਾਲ ਜੋੜ ਸਕਦੇ ਹਨ। ਸਮੁੱਚੀ ਟੀਮ ਵਿਚ ਪੂਰਣ ਤਾਲਮੇਲ ਅਤੇ ਇਕਸੁਰਤਾ ਹੋਣੀ ਜ਼ਰੂਰੀ ਹੈ ਅਤੇ ਕੋਸ਼ ਬਾਰੇ ਅਕਾਦਮਿਕ ਮਤਭੇਦਾਂ ਦਾ ਸਦਾ ਖੁਲ੍ਹੇ ਮਨ ਨਾਲ ਸੁਆਗਤ ਕਰਨਾ ਚਾਹੀਦਾ ਹੈ।

(ਅ) ਸਮਾਂ-ਯੋਜਨਾ : ਕੋਸ਼ ਬਣਾਉਣ ਲਈ ਖ਼ਰਚ ਹੋਣ ਵਾਲੇ ਸਮੇਂ ਦਾ ਵੀ ਪੂਰਾ ਖ਼ਿਆਲ ਰੱਖਣਾ ਜ਼ਰੂਰੀ ਹੈ। ਕੋਸ਼ ਕਾਰਜ ਕਾਫ਼ੀ ਲੰਬਾ, ਜਟਿਲ, ਸਿਰ-ਖਪਾਊ ਅਤੇ ਸਮਾਂ-ਖਪਾਊ ਕਾਰਜ ਹੈ। ਹੁਣ ਤਕ ਦੇ ਕੋਸ਼ਕਾਰੀ ਦੇ ਤਜਰਬੇ ਤੋਂ ਸਿੱਧ ਹੁੰਦਾ ਹੈ ਕਿ ਇਸ ਕੰਮ ਵਿਚ ਨਿਸ਼ਚਿਤ ਸਮੇਂ ਨਾਲੋਂ ਸਦਾ ਅਧਿਕ ਸਮਾਂ ਖ਼ਰਚ ਹੋਇਆ ਹੈ। ਕੋਸ਼ਕਾਰੀ ਦੇ ਇਤਿਹਾਸ ਵਿਚ ਕੋਈ ਵੀ ਅਜਿਹੀ ਮਿਸਾਲ ਉਪਲਬਧ ਨਹੀਂ ਹੈ ਜਦੋਂ ਕੋਸ਼ ਨਿਰਧਾਰਿਤ ਸਮੇਂ ਵਿਚ ਮੁਕੰਮਲ ਹੋਇਆ ਹੋਵੇ। ਇਹ ਕੰਮ ਸਾਲਾਂ-ਬੱਧੀ ਚਲਦਾ ਰਹਿੰਦਾ ਹੈ। ਹੇਠ ਦਿੱਤੀ ਸੂਚੀ ਤੋਂ ਇਹ ਨੁਕਤਾ ਹੋਰ ਵੀ ਸਪਸ਼ਟ ਹੋ ਜਾਵੇਗਾ :

ਕੋਸ਼ ਦਾ ਨਾਂ	ਨਿਰਧਾਰਿਤ ਸਮਾਂ	ਕੋਸ਼ ਦੇ ਮੁਕੰਮਲ ਹੋਣ ਵਿਚ ਲੱਗਾ ਸਮਾਂ
ਆਕਸਫੋਰਡ ਇੰਗਲਿਸ਼ ਡਿਕਸ਼ਨਰੀ	13 ਸਾਲ	39 ਸਾਲ
ਦ ਡੱਚ ਡਿਕਸ਼ਨਰੀ	25 ਸਾਲ	65 ਸਾਲ
ਦ ਸਵੀਡਿਸ਼ ਡਿਕਸ਼ਨਰੀ	12 ਸਾਲ	65 ਸਾਲ
ਦ ਡੈਨਿਸ਼ ਡਿਕਸ਼ਨਰੀ	12 ਸਾਲ	49 ਸਾਲ
ਪੀ. ਐਸ. ਯੂ. ਟੀ. ਬੀ. ਇੰਗਲਿਸ਼-ਪੰਜਾਬੀ ਡਿਕਸ਼ਨਰੀ	3 ਸਾਲ	11 ਸਾਲ

ਇਉਂ ਹੀ 'ਤਮਿਲ ਲੈਕਸੀਕਾਨ' 1913 ਵਿਚ ਸ਼ੁਰੂ ਕਰ ਕੇ 1939 ਵਿਚ ਮੁਕੰਮਲ ਕੀਤਾ ਗਿਆ। 'ਵੈਬਸਟਰਜ਼ ਥਰਡ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ ਦ ਇੰਗ-ਲਿਸ਼ ਲੈਂਗੁਇਜ' ਦੇ ਪੁਨਰ-ਸੰਸਕਰਣ ਤੇ 757 ਸੰਪਾਦਕੀ ਵਰ੍ਹੇ ਲੱਗੇ ਅਤੇ 3.5 ਮਿਲੀਅਨ ਡਾਲਰ ਖ਼ਰਚਾ ਆਇਆ। ਕਹਿਣ ਦਾ ਭਾਵ ਇਹ ਕਿ ਕੋਸ਼ ਤਿਆਰ ਕਰਨ ਵਿਚ ਅਕਸਰ ਮਿਥੇ ਸਮੇਂ ਨਾਲੋਂ ਵੱਧ ਸਮਾਂ ਲੱਗ ਜਾਂਦਾ ਹੈ। ਇਸ ਦੇ ਕਈ ਪ੍ਰਤੱਖ ਅਤੇ ਅਪ੍ਰਤੱਖ ਕਾਰਣ ਹਨ। ਭਾਰਤੀ ਸੰਦਰਭ ਵਿਚ, ਸਭ ਤੋਂ ਮੁੱਖ ਕਾਰਣ ਤਾਂ ਕੋਸ਼ ਅਤੇ ਕੋਸ਼ਕਾਰੀ ਦੇ ਸੰਕਲਪਾਂ ਬਾਰੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਚ ਸਪਸ਼ਟਤਾ ਅਤੇ ਸੂਝ ਦੀ

ਘਾਟ ਹੈ। ਨਾਲੇ, ਸੰਪਾਦਕੀ ਅਮਲਾ ਮੁੱਢ ਵਿਚ ਤਾਂ ਬੜੇ ਉਤਸਾਹ ਨਾਲ ਇਸ ਕਾਰਜ ਵਿਚ ਠਿਲ੍ਹ ਪੈਂਦਾ ਹੈ, ਪਰੰਤੂ ਹੌਲੀ ਹੌਲੀ ਕੋਸ਼ਕਾਰੀ ਦੀ ਬਿਖਮ ਤੇ ਬੋਝਲ ਪ੍ਰਕਿਰਤੀ ਦਾ ਅਨੁਭਵ ਕਰ ਕੇ ਉਹ ਨਿਰਉਤਸਾਹਿਤ ਹੋ ਜਾਂਦਾ ਹੈ। ਇਸ ਦੇ ਇਲਾਵਾ, ਕੋਸ਼ ਲਈ ਸਮੁੱਚਾ ਢਾਂਚਾ ਖੜ੍ਹਾ ਕਰਨ, ਬੁਨਿਆਦੀ ਸਾਮੱਗਰੀ ਅਤੇ ਲੋੜੀਂਦੇ ਉਪਕਰਣ ਪ੍ਰਾਪਤ ਕਰਨ ਵਿਚ ਕਾਫ਼ੀ ਸਮਾਂ ਖ਼ਰਚ ਹੋ ਜਾਂਦਾ ਹੈ। ਸੰਪਾਦਕਾਂ ਦਾ ਬਹੁਤਾ ਸਮਾਂ ਸੰਸਥਾਗਤ ਅਤੇ ਪ੍ਰਸ਼ਾਸਨਿਕ ਕਾਰਜ ਖਾ ਜਾਂਦੇ ਹਨ। ਲੋੜੀਂਦੀਆਂ ਸੁਵਿਧਾਵਾਂ ਅਤੇ ਸਹੂਲਤਾਂ ਦੀ ਘਾਟ ਵੀ ਇਸ ਦਾ ਵੱਡਾ ਕਾਰਣ ਹੈ। ਸਰਕਾਰੀ ਅਤੇ ਅਰਧ-ਸਰਕਾਰੀ ਅਦਾਰਿਆਂ ਵਿਚ ਅਧਿਆਪਨ ਕਾਰਜ ਨੂੰ ਪ੍ਰਮੁਖਤਾ ਤੇ ਪਹਿਲ ਦਿੱਤੀ ਜਾਂਦੀ ਹੈ ਅਤੇ ਇਸ ਕਾਰਜ ਨੂੰ ਦੁਜੈਲਾ ਕਾਰਜ ਸਮਝ ਕੇ ਲਗਭਗ ਨਜ਼ਰਅੰਦਾਜ਼ ਹੀ ਕੀਤਾ ਜਾਂਦਾ ਹੈ। ਲੋੜੀਂਦੀ ਮਾਨਤਾ ਪ੍ਰਾਪਤ ਨਾ ਹੋਣ ਕਰਕੇ ਸੰਪਾਦਕਾਂ ਦਾ ਜੋਸ਼ ਅਤੇ ਉਤਸਾਹ ਮੱਠਾ ਪੈ ਜਾਂਦਾ ਹੈ। ਸਿੱਟੇ ਵਜੋਂ, ਕੋਸ਼ ਦੀ ਤਿਆਰੀ ਵਿਚ ਲੋੜ ਨਾਲੋਂ ਵਧ ਦੇਰੀ ਹੋ ਸਕਦੀ ਹੈ। ਸੋ, ਕੋਸ਼ ਤਿਆਰ ਕਰਨ ਲਈ ਸਮਾਂ-ਯੋਜਨਾ ਉਪਰੋਕਤ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਉਲੀਕਣੀ ਚਾਹੀਦੀ ਹੈ।

(ੲ) ਖ਼ਰਚ ਦੀ ਵਿਵਸਥਾ : ਜਿਥੇ ਕੋਸ਼ ਤਿਆਰ ਕਰਨ ਲਈ ਸਮੇਂ ਦਾ ਅਤਿਅਧਿਕ ਮਹੱਤਵ ਹੈ, ਉਥੇ ਮਾਇਕ ਵਿਵਸਥਾ ਦਾ ਉਸ ਨਾਲੋਂ ਵੀ ਅਧਿਕ ਮਹੱਤਵ ਹੈ। ਭਾਰਤੀ ਪਰਿਪੇਖ ਵਿਚ ਕੋਸ਼-ਨਿਰਮਾਣ ਬਹੁਤ ਮਹਿੰਗਾ ਪਰ ਬੁਨਿਆਦੀ ਅਤੇ ਸੰਦਰਭੀ ਕਾਰਜ ਹੈ। ਹੋਰ ਤਾਂ ਹੋਰ ਇਸ ਦੇ ਪ੍ਰਕਾਸ਼ਨ ਤੇ ਹੀ ਲੱਖਾਂ ਰੁਪਏ ਖ਼ਰਚ ਹੋ ਜਾਂਦੇ ਹਨ। ਇਸ ਲਈ, ਕਿਸੇ ਵੀ ਕੋਸ਼ ਨੂੰ ਹੱਥ ਵਿਚ ਲੈਣ ਤੋਂ ਪਹਿਲਾਂ ਇਸ ਦੇ ਵਿੱਤੀ ਪੱਖ ਨੂੰ ਪੂਰੀ ਗੰਭੀਰਤਾ ਅਤੇ ਗਹਿਰਾਈ ਵਿਚ ਘੋਖ ਲੈਣਾ ਆਵੱਸ਼ਕ ਹੈ। ਉਪਰ ਸਪਸ਼ਟ ਕੀਤਾ ਗਿਆ ਹੈ ਕਿ ਕੋਸ਼ ਲਈ ਅਕਸਰ ਨਿਸ਼ਚਿਤ ਸਮੇਂ ਤੋਂ ਵੱਧ ਸਮਾਂ ਲੱਗ ਜਾਂਦਾ ਹੈ। ਕੋਸ਼ ਕਾਰਜ ਆਰੰਭ ਕਰਨ ਸਮੇਂ ਕੋਸ਼ਕਾਰਾਂ ਜਾਂ ਸੰਪਾਦਕਾਂ ਦੇ ਮਨ ਵਿਚ ਥੋੜ੍ਹੇ ਸਮੇਂ ਵਿਚ ਕੋਸ਼ ਤਿਆਰ ਕਰਨ ਦੀ ਜੋ ਯੋਜਨਾ ਬਣੀ ਹੁੰਦੀ ਹੈ, ਉਸ ਦੀ ਗਤੀ ਕੋਸ਼ ਕਾਰਜ ਦੀ ਗੰਭੀਰਤਾ, ਜਟਿਲਤਾ ਅਤੇ ਕਠਿਨਾਈ ਸਾਮ੍ਹਣੇ ਮੱਧਮ ਪੈ ਜਾਂਦੀ ਹੈ। ਵਿੱਤੀ ਵਿਵਸਥਾ ਵੀ ਸਮੇਂ ਦੀ ਇਸ ਸਮੱਸਿਆ ਨੂੰ ਮੁੱਖ ਰੱਖ ਕੇ ਹੀ ਕਰਨੀ ਚਾਹੀਦੀ ਹੈ। ਕੋਸ਼ ਕਾਰਜ ਲੰਬੇ ਸਮੇਂ ਤਕ ਜਾਰੀ ਰਹਿਣ ਕਾਰਣ ਅਤੇ ਕੰਮ ਲਮਕ ਜਾਣ ਕਾਰਣ ਹੋਈ ਦੇਰੀ ਨਾਲ ਧਨ ਅਧਿਕ ਖ਼ਰਚ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ, ਕਿਉਂਕਿ ਅਜੇ ਤਕ ਕੋਈ ਵੀ ਕੋਸ਼ ਸਮੇਂ ਸਿਰ ਮੁਕੰਮਲ ਨਹੀਂ ਹੋਇਆ। ਇਸੇ ਕਰਕੇ ਯੋਜਨਾ ਬਣਾਉਣ ਸਮੇਂ ਵਿੱਤੀ ਵਿਵਸਥਾ ਦੇ ਪਹਿਲੂ ਤੇ ਗੰਭੀਰਤਾਪੂਰਵਕ ਵਿਚਾਰ ਕਰ ਲੈਣੀ ਚਾਹੀਦੀ ਹੈ। ਇਹ ਕਾਰਜ ਨਿਸ਼ਚੇ ਹੀ ਮਹਿੰਗਾ ਕਾਰਜ ਹੈ, ਪਰ ਸਮਾਂ ਪਾ ਕੇ ਕਿਸੇ ਸਥਾਪਿਤ ਪ੍ਰਮੁੱਖ ਪ੍ਰਕਾਸ਼ਨ ਅਦਾਰੇ ਵਲੋਂ ਸੁਯੋਗ ਢੰਗ ਨਾਲ ਵਿਵਸਥਿਤ ਕਰਨ ਤੇ ਇਹ ਕਾਰਜ ਸਵੈ-ਨਿਰਭਰ ਉੱਦਮ ਬਣ ਸਕਦਾ ਹੈ ਜਿਵੇਂ ਕਿ ਅੰਗ੍ਰੇਜ਼ੀ ਕੋਸ਼ਾਂ ਦੇ ਪ੍ਰਕਾਸ਼ਨ ਵਿਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਵਿੱਤੀ ਸਹਾਇਤਾ ਲਈ ਪ੍ਰਮੁੱਖ ਪ੍ਰਕਾਸ਼ਨ ਸੰਸਥਾਵਾਂ ਨਾਲ ਸੰਪਰਕ ਕਾਇਮ ਕੀਤਾ ਜਾ ਸਕਦਾ

ਹੈ । ਇਸ ਦੇ ਇਲਾਵਾ, ਕੁਝ ਸਰਕਾਰੀ ਅਥਵਾ ਅਰਧ-ਸਰਕਾਰੀ ਬੋਰਡ, ਅਕਾਦਮੀਆਂ, ਭਾਸ਼ਾ ਵਿਭਾਗ, ਯੂਨੀਵਰਸਿਟੀਆਂ ਆਦਿ ਵੀ ਵਿੱਤੀ ਸਹਾਇਤਾ ਪ੍ਰਦਾਨ ਕਰ ਸਕਦੇ ਹਨ ।

ਕੋਸ਼ਕਾਰੀ ਦਾ ਕਾਰਜ ਅਤਿਅਧਿਕ ਇਕਾਗਰਤਾ ਅਤੇ ਗੰਭੀਰਤਾ ਦੀ ਮੰਗ ਕਰਦਾ ਹੈ । ਸੰਬੰਧਿਤ ਸੰਸਥ ਵਾਂ ਕੋਸ਼ਕਾਰਾਂ ਲਈ ਅਜਿਹਾ ਸੁਖਾਵਾਂ ਮਾਹੌਲ ਪੈਦਾ ਕਰਨ ਕਿ ਉਨ੍ਹਾਂ ਦੀ ਇਕਾਗਰਤਾ ਅਤੇ ਬਿਰਤੀਆਂ ਵਿਖੰਡਿਤ ਅਤੇ ਵਿਕੇਂਦ੍ਰਿਤ ਨਾ ਹੋਣ ਅਤੇ ਇਸ ਕਾਰਜ ਵਿਚ ਬੇਲੋੜਾ ਵਿਘਨ ਨਾ ਪੈ ਸਕੇ । ਜੇ ਸੰਪਾਦਕੀ ਅਮਲੇ ਨੂੰ ਆਪਣੇ ਮੂਲ ਕਾਰਜ ਤੋਂ ਹਟ ਕੇ ਮਾਇਕ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈ ਜਾਏ, ਤਾਂ ਉਹ ਆਪਣਾ ਵਡਮੁੱਲਾ ਸਮਾਂ ਅਣ ਅਕਾਦਮਿਕ ਕੰਮਾਂ ਵਿਚ ਵਿਅਰਥ ਜ਼ਾਇਆ ਕਰ ਦੇਣਗੇ ਅਤੇ ਕੰਮ ਲੋੜੀਂਦੀ ਕੁਸ਼ਲਤਾ ਅਤੇ ਨਿਪੁੰਨਤਾ ਸਹਿਤ ਅਤੇ ਸਮੇਂ ਸਿਰ ਨਹੀਂ ਕਰ ਸਕਣਗੇ । ਕੋਸ਼ ਵਿਚ ਜ਼ਾਹਰਾ ਤਰੁੱਟੀਆਂ ਦਾ ਮੁੱਖ ਕਾਰਣ ਕੋਸ਼ਕਾਰਾਂ ਦੀ ਇਕਾਗਰਤਾ-ਭੰਗ ਨੂੰ ਹੀ ਕਿਹਾ ਜਾ ਸਕਦਾ ਹੈ । ਸਾਡੇ ਦੇਸ਼ ਵਿਚ ਕੋਸ਼ਕਾਰਾਂ ਨੂੰ ਅਜਿਹੀਆਂ ਸਮੱਸਿਆਵਾਂ ਦਾ ਅਕਸਰ ਅਤੇ ਵੱਡੀ ਪੱਧਰ ਤੇ ਸਾਮ੍ਹਣਾ ਕਰਨਾ ਪੈ ਰਿਹਾ ਹੈ । ਸਾਡੇ ਮਿਥੇ ਟੀਚੇ ਪੱਛਮੀ ਹਨ, ਸਾਮ੍ਹਣੇ ਆਦਰਸ਼ ਅੰਗ੍ਰੇਜ਼ੀ ਭਾਸ਼ਾ ਦਾ ਹੈ, ਮੁਲਕ ਗ਼ਰੀਬ ਹੈ ਅਤੇ ਮਾਹੌਲ ਅਣ-ਸੁਖਾਵਾਂ ਤੇ ਦੇਸੀ ਹੈ । ਸਿੱਟੇ ਵਜੋਂ, ਕੋਸ਼ ਕਾਰਜ ਵਿਚ ਵਿਅਸਤ ਸੰਪਾਦਕੀ ਅਮਲੇ ਦਾ ਅਜਿਹੇ ਵਿੱਤੀ ਤਣਾਅ ਕਰਕੇ ਉਤਸਾਹ ਮੱਧਮ ਪੈ ਸਕਦਾ ਹੈ । ਇੰਜ ਕੋਸ਼ ਦੀ ਯੋਜਨਾ ਤਿਆਰ ਕਰਦਿਆਂ ਸਮੇਂ, ਵਿੱਤ ਅਤੇ ਹੋਰ ਸੁਵਿਧਾਵਾਂ ਦੀ ਉਚਿਤ ਵਿਵਸਥਾ ਕਰਨੀ ਅਨਿਵਾਰੀ ਹੈ ।

(ਸ) ਕੋਸ਼ ਅਤੇ ਕੋਸ਼ਕਾਰੀ ਦੇ ਸੰਕਲਪਾਂ ਬਾਰੇ ਅਸਪਸ਼ਟਤਾ : ਬਾਹਰਲੇ ਮੁਲਕਾਂ ਵਿਚ ਕੋਸ਼ ਕਾਰਜ ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ ਤੇ ਬਾਕਾਇਦਾ ਮਾਨਤਾ ਪ੍ਰਾਪਤ ਹੈ । ਉਥੇ ਵਿਆਪਤ ਪਰਿਸਥਿਤੀਆਂ ਦੇ ਉਲਟ, ਸਾਡੇ ਮੁਲਕ ਵਿਚ ਖੋਜ-ਕਾਰਜ ਦੇ ਮੁਕਾਬਲੇ ਤੇ ਅਧਿਆਪਨ ਕਾਰਜ ਨੂੰ ਪ੍ਰਮੁਖਤਾ ਅਤੇ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ ਅਤੇ ਖੋਜ-ਕਾਰਜ ਨੂੰ ਦੁਜੈਲਾ ਕਾਰਜ ਮੰਨਿਆ ਜਾਂਦਾ ਹੈ । ਇਸ ਕਾਰਜ ਵਿਚ ਵਿਅਸਤ ਵਿਅਕਤੀਆਂ ਨੂੰ ਉਹ ਸਹੂਲਤਾਂ, ਸੁਵਿਧਾਵਾ, ਸਤਿਕਾਰ ਅਤੇ ਮਾਨਤਾ ਪ੍ਰਾਪਤ ਨਹੀਂ ਜੋ ਅਧਿਆਪਕਾਂ ਨੂੰ ਉਪਲਬਧ ਹਨ । ਖੋਜ-ਕਾਰਜ, ਨਿਰਸੰਦੇਹ, ਅਧਿਆਪਕਾਂ ਨੂੰ ਅਧਿਆਪਨ ਕਾਰਜ ਵਿਚ ਸਹਾਈ ਅਤੇ ਉਪਯੋਗੀ ਮਹੱਤਵਪੂਰਣ ਉਪਕਰਣ ਅਤੇ ਸਾਮੱਗਰੀ ਪ੍ਰਦਾਨ ਕਰਦਾ ਹੈ । ਮਿਹਨਤ, ਲਗਨ ਅਤੇ ਸਮੇਂ ਪੱਖੋਂ ਜਿਥੇ ਅਧਿਆਪਨ ਕਾਰਜ ਰੋਚਕ ਅਤੇ ਆਨੰਦ-ਕਾਰੀ ਹੈ, ਉਥੇ ਕੋਸ਼ਕਾਰੀ ਨੀਰਸ ਤੇ ਬੋਝਲ ਕਾਰਜ ਹੈ । ਇਹ ਕੋਸ਼ਕਾਰਾਂ ਦੇ ਜੀਵਨ ਦਾ ਸੁਨਿਹਰੀ ਸਮਾਂ ਅਥਵਾ ਜਵਾਨੀ ਚੱਟ ਜਾਂਦੀ ਹੈ । ਇਸ ਦੇ ਇਲਾਵਾ, ਪ੍ਰਸ਼ਾਸਨਿਕ ਅਧਿ-ਕਾਰੀਆਂ ਅਤੇ ਉਨ੍ਹਾਂ ਦੇ ਸਹਿਭਾਗੀ ਅਕਾਦਮਿਕ ਮਾਹਿਰਾਂ ਵਿਚ ਕੋਸ਼ ਅਤੇ ਕੋਸ਼ਕਾਰੀ ਦੇ ਸੰਕਲਪਾਂ ਬਾਰੇ ਨਿਰਾਧਾਰ, ਅਸਪਸ਼ਟ ਅਤੇ ਗ਼ਲਤ ਧਾਰਣਾਵਾਂ ਕਰਕੇ ਉਤਪੰਨ ਭੁਲੇਖਿਆਂ

ਅਤੇ ਗ਼ਲਤਫ਼ਹਿਮੀਆਂ ਨਾਲ ਕੋਸ਼-ਨਿਰਮਾਣ ਕਾਰਜ ਨੂੰ ਅਕਹਿ ਸੱਟ ਵਜਦੀ ਹੈ। ਉਨ੍ਹਾਂ ਦੀ ਨਿਗਾਹ ਵਿਚ ਕੋਸ਼ਕਾਰੀ ਅਤਿ ਸਰਲ ਅਤੇ ਮਕਾਨਕੀ ਕੰਮ ਹੈ, ਪਰ ਦਿਲਚਸਪ ਗੱਲ ਇਹ ਕਿ ਉਹ ਕੋਸ਼ਕਾਰਾਂ ਨੂੰ ਨਿੰਦਦੇ ਹਨ ਅਤੇ ਕੋਸ਼ਾਂ ਨੂੰ ਪਿਆਰ ਕਰਦੇ ਹਨ। ਉਨ੍ਹਾਂ ਦੇ ਅਜਿਹੇ ਪ੍ਰਤਿਕੂਲ ਵਿਚਾਰਾਂ ਤੋਂ ਉਦਾਸੀਨ ਅਤੇ ਬੇਪਰਵਾਹ ਰਹਿੰਦਿਆਂ ਕੋਸ਼ਕਾਰ ਨੂੰ ਆਪਣੀ ਸਾਧਨਾ ਵਿਚ ਨਿਰੰਤਰ ਵਿਅਸਤ ਅਤੇ ਮਗਨ ਰਹਿਣਾ ਚਾਹੀਦਾ ਹੈ। ਬਲਕਿ ਥੋੜੀ-ਬਹੁਤੀ ਨੁਕਤਾਚੀਨੀ ਦੀ ਆਰ ਤਾਂ ਕੋਸ਼ਕਾਰ ਨੂੰ ਸਚੇਤ ਅਤੇ ਸਾਵਧਾਨ ਰੱਖਣ ਲਈ ਉਪਯੋਗੀ ਸਿੱਧ ਹੁੰਦੀ ਹੈ ਜਿਸ ਦੇ ਫਲਸਰੂਪ ਉਸ ਦੇ ਕੰਮ ਵਿਚ ਕੁਸ਼ਲਤਾ ਅਤੇ ਨਿਪੁੰਨਤਾ ਆਉਂਦੀ ਹੈ ਅਤੇ ਉਸ ਦੀ ਰਚਨਾ ਵਿਚ ਪੁਖ਼ਤਗੀ ਅਤੇ ਪ੍ਰੋੜ੍ਹਤਾ। ਕੋਸ਼ਕਾਰ ਨੂੰ ਅਕਾਦ-ਮਿਕ ਸੁਹਿਰਦਤਾ ਤੇ ਈਮਾਨਦਾਰੀ, ਲਗਨ, ਸਖ਼ਤ ਮਿਹਨਤ, ਨਿਰੰਤਰ ਸਾਧਨਾ, ਜੋਸ਼ ਅਤੇ ਉਤਸਾਹ ਆਦਿ ਗੁਣਾਂ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਅਜਿਹੇ ਨਿਯਮ ਦੀ ਪਾਲਣਾ ਨਾ ਕਰਨ ਨਾਲ ਉਸ ਦਾ ਉੱਸਰ ਰਿਹਾ ਆਲ੍ਹਣਾ ਤੀਲੇ ਤੀਲੇ ਹੋ ਸਕਦਾ ਹੈ। ਕੋਸ਼-ਆਲੋਚਕਾਂ ਦੇ ਉਸਾਰੂ ਅਤੇ ਰਚਨਾਤਮਕ ਸੁਝਾਵਾਂ ਦਾ ਖਿੜੇ ਮੱਥੇ ਸੁਆਗਤ ਕਰਨਾ ਚਾਹੀਦਾ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਗ਼ਲਤਫ਼ਹਿਮੀਆਂ ਅਤੇ ਕੁ-ਧਾਰਣਾਵਾਂ ਦਾ ਤਾਰਕਿਕ ਢੰਗ ਨਾਲ ਪ੍ਰਤਿਉੱਤਰ ਦੇਣਾ ਬਣਦਾ ਹੈ। ਦੇਸ਼ ਵਿਚ ਕੋਸ਼ਕਾਰੀ ਦੇ ਕਾਰਜ ਵਿਚ ਕਾਰਜਸ਼ੀਲ ਹੋਰਨਾਂ ਸੰਸਥਾਵਾਂ ਨਾਲ ਤਾਲਮੇਲ ਕਰ ਕੇ ਰਾਸ਼ਟਰੀ ਪੱਧਰ ਤੇ ਕੋਸ਼ਕਾਰੀ ਅਨੁਸ਼ਾਸਨ ਲਈ ਮਾਨਤਾ ਪ੍ਰਾਪਤ ਕਰਨ ਲਈ ਨਿਰੰਤਰ ਯਤਨ ਕੀਤੇ ਜਾਣੇ ਜ਼ਰੂਰੀ ਹਨ।

(ਹ) **ਸੰਕਲਨ-ਯੋਜਨਾ :** ਕੋਸ਼-ਨਿਰਮਾਣ ਦੇ ਰਸਤੇ ਵਿਚ ਆਈਆਂ ਉਪਰੋਕਤ ਮੁਸ਼-ਕਿਲਾਂ ਅਤੇ ਸਮੱਸਿਆਵਾਂ ਨੂੰ ਜ਼ਿਹਨ ਵਿਚ ਰੱਖ ਕੇ ਕੋਸ਼ਕਾਰ ਨੂੰ ਹਥਲੇ ਕੋਸ਼ ਦੀ ਅਕਾਦਮਿਕ ਯੋਜਨਾ ਤਿਆਰ ਕਰਨੀ ਚਾਹੀਦੀ ਹੈ। ਜਿਵੇਂ ਕਿ ਇਸ ਅਧਿਆਇ ਦੇ ਆਰੰਭ ਵਿਚ ਹੀ ਸਪਸ਼ਟ ਕੀਤਾ ਗਿਆ ਹੈ, ਸੰਪਾਦਕਾਂ ਵਲੋਂ ਲਿਆ ਜਾਣ ਵਾਲਾ ਪਹਿਲਾ ਮਹੱਤਵਪੂਰਣ ਫ਼ੈਸਲਾ ਕੋਸ਼ ਦੀ/ਦੀਆਂ ਭਾਸ਼ਾ/ਭਾਸ਼ਾਵਾਂ ਨਿਸ਼ਚਿਤ ਕਰਨ ਦਾ ਹੈ ਅਰਥਾਤ ਕੀ ਕੋਸ਼ ਸਮਭਾਸ਼ੀ ਹੋਵੇਗਾ, ਦੁਭਾਸ਼ੀ ਹੋਵੇਗਾ ਜਾਂ ਬਹੁਭਾਸ਼ੀ ? ਨਾਲੇ ਇਹ ਨਿਰਣਾ ਕਰਨਾ ਵੀ ਜ਼ਰੂਰੀ ਹੈ ਕਿ ਕੋਸ਼ ਵਿਚ ਸਮਕਾਲੀ ਭਾਸ਼ਾ ਦੀ ਸ਼ਬਦਾਵਲੀ ਨੂੰ ਸੰਮਿਲਿਤ ਕਰਨਾ ਹੈ ਜਾਂ ਪ੍ਰਾਚੀਨ ਸਾਹਿਤ ਦੀ ਸ਼ਬਦਾਵਲੀ ਨੂੰ ਵੀ ਸ਼ਾਮਿਲ ਕਰਨਾ ਹੈ ਜਿਵੇਂ ਪੰਜਾਬੀ ਦੇ ਮਾਮਲੇ ਵਿਚ ਗੁਰੂ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ ਆਦਿ ਦੀ ਸ਼ਬਦਾਵਲੀ, ਕਿਉਂਕਿ ਪਾਠਕਾਂ ਨੂੰ ਪ੍ਰਾਚੀਨ ਸਾਹਿਤ ਦਾ ਅਧਿਐਨ ਕਰਨ ਸਮੇਂ ਉਸ ਕਾਲ ਦੀ ਸ਼ਬਦਾ-ਵਲੀ ਦਾ ਅਰਥ-ਬੋਧ ਤਾਂ ਹੀ ਹੋ ਸਕਦਾ ਹੈ ਜੇ ਉਨ੍ਹਾਂ ਸ਼ਬਦਾਂ ਨੂੰ ਕੋਸ਼ ਵਿਚ ਰਿਕਾਰਡ ਕੀਤਾ ਜਾਵੇ। ਦੂਜਾ ਨਿਰਣਾ ਕੋਸ਼ ਦਾ ਆਕਾਰ ਅਤੇ ਪ੍ਰਕਾਰ ਨਿਸ਼ਚਿਤ ਕਰਨ ਬਾਰੇ ਲੈਣਾ ਹੁੰਦਾ ਹੈ। ਹਰੇਕ ਕੋਸ਼ ਦੀਆਂ ਆਪਣੀਆਂ ਸੀਮਾਵਾਂ ਹਨ ਅਤੇ ਕੋਸ਼-ਕਾਰਜ ਕੋਸ਼ ਦੀ ਪ੍ਰਕਿਰਤੀ, ਪ੍ਰਕਾਰ ਅਤੇ ਆਕਾਰ ਅਨੁਸਾਰ ਨਿਰਧਾਰਿਤ ਹੁੰਦਾ ਹੈ। ਉਪਭਾਸ਼ਾਈ ਰੂਪਾਂ, ਵਿਭਿੰਨ ਸਮਾਜਕ ਅਤੇ ਸ਼ੈਲੀਗਤ ਭਿੰਨਤਾਵਾਂ, ਵਿਵਸਾਇਕ ਰਜਿਸਟਰਾਂ,

ਅਪਭਾਸ਼ਾਵਾਂ, ਵਰਗ-ਬੋਲੀਆਂ, ਅਸ਼ਿਸ਼ਟ ਭਾਸ਼ਾਵਾਂ ਆਦਿ ਨੂੰ ਕੋਸ਼ ਵਿਚ ਸ਼ਾਮਿਲ ਕਰਨ ਦਾ ਨਿਰਣਾ ਕੋਸ਼ ਦੇ ਆਕਾਰ ਤੇ ਹੀ ਨਿਰਭਰ ਕਰਦਾ ਹੈ। ਕਹਿਣ ਦਾ ਭਾਵ ਇਹ ਕਿ ਸੰਦਰਭੀ, ਸਿਖਿਆਰਥੀ, ਅਕਾਦਮਿਕ, ਉਪਭਾਸ਼ਾਈ ਆਦਿ ਕੋਸ਼ਾਂ ਅਨੁਸਾਰ ਵੀ ਕੋਸ਼-ਨਿਰਮਾਣ ਦੀ ਕਾਰਜ-ਵਿਧੀ ਅਤੇ ਸ਼ਬਦ-ਚੋਣ ਨਿਰਧਾਰਿਤ ਕੀਤੀ ਜਾਂਦੀ ਹੈ।

ਵਾਸਤਵਿਕ ਸੰਕਲਨ ਆਰੰਭ ਕਰਨ ਤੋਂ ਪਹਿਲਾਂ ਕੋਸ਼ ਦੀ ਯੋਜਨਾ-ਨੀਤੀ ਬਾਰੇ ਉਪਰੋਕਤ ਅਹਿਮ ਅਤੇ ਮਹੱਤਵਪੂਰਣ ਨਿਰਣੇ ਬੜੀ ਗਹਿਰ-ਗੰਭੀਰ ਸੋਚ-ਵਿਚਾਰ ਅਤੇ ਵਿਸਤ੍ਰਿਤ ਵਿਵੇਚਨ ਦੀ ਮੰਗ ਕਰਦੇ ਹਨ। ਕੋਸ਼ ਤਿਆਰ ਕਰਦਿਆਂ ਇਨ੍ਹਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ, ਕਿਉਂਕਿ ਬਹੁਤੇ ਕੋਸ਼ਾਂ ਵਿਚ ਰਹਿ ਗਈਆਂ ਤਰੁੱਟੀਆਂ ਗ਼ਲਤੀਆਂ ਅਤੇ ਇਕਸਾਰਤਾ ਦੀ ਘਾਟ ਦਾ ਕਾਰਣ ਹੀ ਇਹ ਹੁੰਦਾ ਹੈ ਕਿ ਸੰਪਾਦਕੀ ਨੀਤੀ ਮੁੱਢ ਵਿਚ ਹੀ ਨਿੱਠ ਕੇ ਨਿਰਧਾਰਿਤ ਨਹੀਂ ਕੀਤੀ ਗਈ ਹੁੰਦੀ। ਕੁਝ ਗੱਲਾਂ ਦੀ ਸਪਸ਼ਟਤਾ ਕੋਸ਼ ਬਣਾਉਂਦਿਆਂ ਹੁੰਦੀ ਹੈ। ਇਸੇ ਕਰਕੇ ਕੇਵਲ ਨਿੱਕੇ-ਮੋਟੇ ਸੰਸ਼ੋਧਨ ਨੂੰ ਛੱਡ ਕੇ ਕੋਸ਼ ਦੇ ਮੂਲ ਢਾਂਚੇ ਵਿਚ ਤਬਦੀਲੀ ਕਰਨੀ ਅਸੰਭਵ ਹੋ ਜਾਂਦੀ ਹੈ। ਬਿਹਤਰ ਇਹੀ ਹੋਵੇਗਾ ਜੇ ਇਹ ਸਾਰੇ ਨਿਰਣੇ ਰਿਕਾਰਡ ਕਰ ਲਏ ਜਾਣ ਅਤੇ ਇਨ੍ਹਾਂ ਦੀ ਕਾਪੀ ਹਰੇਕ ਸੰਪਾਦਕ ਨੂੰ ਦਿੱਤੀ ਜਾਵੇ। ਕੇਵਲ ਮੌਜੂਦਾ ਸੰਪਾਦਕਾਂ ਲਈ ਹੀ ਨਹੀਂ ਸਗੋਂ ਬਾਅਦ ਵਿਚ ਸੰਬੰਧਿਤ ਪ੍ਰਾਜੈਕਟ ਵਿਚ ਪ੍ਰਵੇਸ਼ ਕਰਨ ਵਾਲੇ ਵਿਅਕਤੀਆਂ ਲਈ ਲਿਖਤੀ ਨਿਰਣਿਆਂ ਨੂੰ ਸਮਝਣਾ ਅਤੇ ਅਨੁਸਰਣ ਕਰਨਾ ਸੌਖਾ ਹੋ ਜਾਵੇਗਾ। "ਇਹ ਹਿਦਾਇਤਾਂ ਨਿੱਕੇ ਨਿੱਕੇ ਵੇਰਵੇ ਸਹਿਤ ਤਿਆਰ ਕਰਨੀਆਂ ਚਾਹੀਦੀਆਂ ਹਨ ਅਤੇ ਪ੍ਰਾਜੈਕਟ ਦੀ ਰੂਪ-ਰੇਖਾ ਬਣਾ ਲੈਣੀ ਚਾਹੀਦੀ ਹੈ। ਇਹ ਵਿਸਤ੍ਰਿਤ ਰੂਪਰੇਖਾ ਤਿਆਰ ਕਰਨ ਸਮੇਂ ਇਨ੍ਹਾਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ : ਸਾਮੱਗਰੀ ਇਕੱਤਰ ਕਰਨਾ (ਸ੍ਰੋਤਾਂ ਦਾ ਵਰਣਨ ਕੀਤਾ ਜਾਂਦਾ ਹੈ), ਕਾਰਡ ਤਿਆਰ ਕਰਨੇ ਅਤੇ ਭਰਨੇ (ਨਮੂਨੇ ਦੇ ਕਾਰਡਾਂ ਸਹਿਤ), ਸ਼ਬਦ ਸੂਚੀ ਦਾ ਸੰਕਲਨ, ਕੋਸ਼ੀ ਅੰਦਰਾਜ ਦੀ ਬਣਤਰ ਅਥਵਾ ਸੰਰਚਨਾ, ਅਰਥ ਦਾ ਵਰਣਨ ਅਤੇ ਪਰਿਭਾਸ਼ਾ ਤੇ ਕ੍ਰਮ ਆਦਿ, ਸੂਚਕ (ਲੇਬਲ), ਵਾਕਾਂਸ਼-ਰਚਨਾ, ਦ੍ਰਿਸ਼ਟਾਂਤ, ਸ਼ਬਦਾਂ ਦੇ ਵਿਆਕਰਣਕ ਲੱਛਣ, ਲਿਪੀ, ਉਚਾਰਣ, ਨਿਰੁਕਤੀ ਆਦਿ। ਰੂਪਰੇਖਾ ਵਿਚ ਕੁਝ ਨਮੂਨੇ ਦੇ ਕਾਰਡ ਤਿਆਰ ਕਰਨੇ ਉਚਿਤ ਹੁੰਦੇ ਹਨ। ਇਨ੍ਹਾਂ ਵੇਰ-ਵਿਆਂ ਦੇ ਇਲਾਵਾ ਕੋਸ਼ ਦਾ ਖੇਤਰ, ਇਸ ਦਾ ਉਦੇਸ਼, ਪ੍ਰਯੋਗਕਰਤਾ-ਵਰਗ ਆਦਿ ਨੂੰ ਨਿਸ਼ਚਿਤ ਕਰ ਲੈਣਾ ਜ਼ਰੂਰੀ ਹੈ। ਇਹ ਰੂਪਰੇਖਾ ਕੇਵਲ ਸੰਕਲਨਕਰਤਿਆਂ ਲਈ ਹੀ ਨਹੀਂ ਸਗੋਂ ਕੋਸ਼ ਦੀ ਭੂਮਿਕਾ ਤਿਆਰ ਕਰਨ ਵਿਚ ਵੀ ਸਹਾਈ ਹੋਵੇਗੀ।"[1] ਇਨ੍ਹਾਂ ਸਾਰੀਆਂ ਸਾਵਧਾਨੀਆਂ ਦੇ ਬਾਵਜੂਦ ਕੋਸ਼ਕਾਰ ਨੂੰ ਇਹ ਧਾਰਣਾ ਬਣਾ ਕੇ ਚੱਲਣਾ ਪਵੇਗਾ ਕਿ ਸ਼ਬਦਾਵਲੀ ਦੀ ਨਿਰੰਤਰ ਰਚਨਾ ਅਤੇ ਪ੍ਰਵਾਹ ਕਾਰਣ, ਅਰਥ-ਪਰਿਵਰਤਨ ਦੇ ਨਿਰੰਤਰ ਵਰਤਾਰੇ ਕਾਰਣ ਉਸ ਦੇ ਕੋਸ਼ ਦੇ ਪੂਰੀ ਤਰ੍ਹਾਂ ਮੁਕੰਮਲ ਹੋਣ ਦੀ ਸੰਭਾਵਨਾ ਘੱਟ ਹੀ ਹੋਵੇਗੀ।

(ਕ) ਸੰਸਥਾਗਤ ਸੰਰਚਨਾ : ਲਘੂ ਅਤੇ ਸੰਖੇਪ ਕੋਸ਼ਾਂ ਦੀ ਸੂਰਤ ਵਿਚ ਕਿਸੇ ਵੀ ਕਿਸਮ ਦਾ ਸੰਗਠਨ ਸਥਾਪਿਤ ਕਰਨ ਦੀ ਲੋੜ ਨਹੀਂ ਹੈ। ਇਹ ਕੰਮ ਨਿੱਜੀ ਪੱਧਰ ਤੇ ਕੀਤਾ ਜਾ ਸਕਦਾ ਹੈ। ਪਰੰਤੂ ਵੱਡ-ਆਕਾਰੀ ਕੋਸ਼ਾਂ ਦੀ ਤਿਆਰੀ ਲਈ ਵੱਡੇ ਅਦਾਰੇ ਕਾਇਮ ਕਰਨ ਦੀ ਲੋੜ ਪੈਂਦੀ ਹੈ ਅਤੇ ਇਹ ਕਾਰਜ ਸਮੂਹਕ ਸਹਿਯੋਗ ਅਤੇ ਸ਼ਮੂਲੀਅਤ ਦੇ ਬਗੈਰ ਨੇਪਰੇ ਵੀ ਨਹੀਂ ਚੜ੍ਹ ਸਕਦਾ। ਅਜਿਹੀ ਸਥਿਤੀ ਵਿਚ ਸੰਗਠਨ ਜਾਂ ਵਿਭਾਗ ਦੀ ਸਥਾਪਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਸੰਗਠਨ ਦੀ ਕਲਪਨਾ ਇਸ ਦੇ ਸਟਾਫ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਕੋਸ਼ ਕਾਰਜ ਨੂੰ ਭਲੀਭਾਂਤ ਨਿਭਾਉਣ ਲਈ ਸਭ ਤੋਂ ਪਹਿਲਾਂ ਇਕ ਜਾਂ ਦੋ ਪ੍ਰਤਿਬੱਧ, ਸੁਯੋਗ ਅਤੇ ਨਿਪੁੰਨ ਮੁੱਖ ਸੰਪਾਦਕਾਂ ਦੀ ਨਿਯੁਕਤੀ ਦੀ ਆਵੱਸ਼ਕਤਾ ਹੈ। ਇਨ੍ਹਾਂ ਤੋਂ ਬਿਨਾ ਸੰਪਾਦਕਾਂ, ਸਹਾਇਕ ਸੰਪਾਦਕਾਂ, ਉਪ-ਸੰਪਾਦਕਾਂ ਆਦਿ ਸੰਪਾਦਕੀ ਅਮਲੇ ਦੀ ਕੋਸ਼ ਦੀ ਪ੍ਰਕਿਰਤੀ, ਆਕਾਰ ਅਤੇ ਪ੍ਰਕਾਰ, ਸੰਬੰਧਿਤ ਭਾਸ਼ਾ/ਭਾਸ਼ਾਵਾਂ ਅਰਥਾਤ ਹੋਰ ਕੋਸ਼ੀ ਲੋੜਾਂ ਅਨੁਸਾਰ ਨਿਯੁਕਤੀ ਕੀਤੀ ਜਾ ਸਕਦੀ ਹੈ। ਉਦਾਹਰਣ ਵਜੋਂ, ਪੰਜਾਬੀ ਕੋਸ਼ਕਾਰੀ ਲਈ ਸੰਸਕ੍ਰਿਤ, ਫ਼ਾਰਸੀ, ਉਰਦੂ, ਅੰਗ੍ਰੇਜ਼ੀ ਆਦਿ ਭਾਸ਼ਾਵਾਂ ਦੇ ਵਿਸ਼ੇਸ਼ੱਗ ਅਧਿਕ ਉਪਯੋਗੀ ਹੋ ਸਕਦੇ ਹਨ। ਸੰਗਠਨ ਦਾ ਕਾਰਜ ਠੀਕ ਢੰਗ ਨਾਲ ਨਿਭਾਉਣ ਲਈ ਮੁੱਖ ਸੰਪਾਦਕਾਂ, ਸੰਪਾਦਕਾਂ, ਸਹਾਇਕ ਸੰਪਾਦਕਾਂ ਤੇ ਉਪ-ਸੰਪਾਦਕਾਂ ਵਿਚ ਪੂਰਣ ਤਾਲਮੇਲ ਅਤੇ ਇਕਸੁਰਤਾ ਹੋਣੀ ਜ਼ਰੂਰੀ ਹੈ। ਕੋਸ਼ ਕਾਰਜ ਦੀ ਪ੍ਰਗਤੀ, ਗੁਣਵੱਤਾ ਆਦਿ ਦਾ ਬਹੁਤਾ ਨਿਰਭਰ ਇਸ ਤਾਲਮੇਲ ਤੇ ਹੁੰਦਾ ਹੈ। ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸੰਪਾਦਕਾਂ ਨੂੰ ਕੋਸ਼ ਦੀ ਪ੍ਰਕਿਰਤੀ, ਉਦੇਸ਼, ਖੇਤਰ, ਪ੍ਰਯੋਗਕਰਤਾ-ਵਰਗ, ਸਾਧਾਰਣ ਕੋਸ਼ੀ ਨੀਤੀ ਆਦਿ ਦੀ ਮੁਕੰਮਲ ਜਾਣਕਾਰੀ ਹੋਣੀ ਚਾਹੀਦੀ ਹੈ। ਇਨ੍ਹਾਂ ਵਿਚ ਕੰਮ ਦੀ ਵੰਡ ਵਿਵੇਕਸ਼ੀਲ ਢੰਗ ਨਾਲ ਕਰਨੀ ਜ਼ਰੂਰੀ ਹੈ। ਇਹ ਵੰਡ ਦੋ ਤਰ੍ਹਾਂ ਨਾਲ ਸੰਭਵ ਹੈ : ਖੇਤਰੀ ਕਾਰਜ ਅਤੇ ਕੋਸ਼ ਦਾ ਵਾਸਤਵਿਕ ਸੰਕਲਨ। ਖੇਤਰੀ ਕਾਰਜ ਲਈ ਵਿਸ਼ੇਸ਼ ਅਮਲੇ ਦੀ ਲੋੜ ਹੁੰਦੀ ਹੈ ਜਿਹੜਾ ਕੇਵਲ ਫੀਲਡ ਵਿਚ ਜਾ ਕੇ ਸੂਚਕਾਂ ਦੀ ਸਹਾਇਤਾ ਨਾਲ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਸ਼ਬਦਾਵਲੀ ਇਕੱਤਰ ਕਰ ਕੇ ਸੰਪਾਦਕਾਂ ਦੇ ਸਪੁਰਦ ਕਰਦਾ ਹੈ। ਸੰਪਾਦਕ ਵਾਸਤਵਿਕ ਸੰਕਲਨ ਕਰਨ ਸਮੇਂ ਇਕੱਤਰ ਕੀਤੀ ਇਸ ਸਾਮੱਗਰੀ ਨੂੰ ਪ੍ਰਯੋਗ ਵਿਚ ਲਿਆਉਂਦੇ ਹਨ, ਅਤੇ ਇਸ ਕਾਰਜ ਦੀ ਵੰਡ ਕਰ ਸਕਦੇ ਹਨ ਅਰਥਾਤ ਸਾਮੱਗਰੀ ਸੰਕਲਿਤ ਕਰਨ, ਅੰਦਰਾਜਾਂ ਦੀ ਰਚਨਾ ਕਰਨ, ਅੰਦਰਾਜਾਂ ਦੇ ਸੰਪਾਦਨ ਦਾ ਕੰਮ ਵੱਖ ਵੱਖ ਸੰਪਾਦਕਾਂ ਜਾਂ ਸੰਪਾਦਕ-ਸਮੂਹਾਂ ਨੂੰ ਸੌਂਪਿਆ ਜਾ ਸਕਦਾ ਹੈ। ਅਖ਼ੀਰ ਵਿਚ ਮੁੱਖ ਸੰਪਾਦਕ/ਸੰਪਾਦਕਾਂ ਵਲੋਂ ਤਿਆਰ ਖਰੜੇ ਨੂੰ ਅੰਤਿਮ ਰੂਪ ਦਿੱਤਾ ਜਾਵੇ। ਕੋਸ਼ ਦੇ ਪ੍ਰਕਾਸ਼ਨ ਲਈ ਕਿਸੇ ਵਿਸ਼ੇਸ਼ੱਗ ਪ੍ਰਕਾਸ਼ਨ-ਅਧਿਕਾਰੀ ਦੀ ਨਿਗਰਾਨੀ ਅਧੀਨ ਵੱਖਰਾ ਸੈੱਲ ਕਾਇਮ ਕਰਨਾ ਚਾਹੀਦਾ ਹੈ। ਸਮੁੱਚਾ ਕਾਰਜ ਇਸ ਢੰਗ ਨਾਲ ਵਿਵਸਥਿਤ ਕੀਤਾ ਜਾਵੇ ਕਿ ਹਰੇਕ ਸੰਪਾਦਕ, ਸਹਾਇਕ ਸੰਪਾਦਕ, ਉਪ-ਸੰਪਾਦਕ ਕੋਲ ਆਪਣੇ ਸਹਿਯੋਗੀਆਂ ਵਲੋਂ ਕੀਤੇ ਕੰਮ ਦੀ ਸੂਚਨਾ ਨਿਰੰਤਰ ਪੁਜਦੀ ਰਹੇ। ਕੋਸ਼

ਦੇ ਅੰਦਰਾਜਾਂ ਬਾਰੇ ਵਿਸਤ੍ਰਿਤ ਵੇਰਵਾ ਤਿਆਰ ਕਰਨ ਸਮੇਂ ਵਧੇਰੇ ਚੰਗਾ ਹੋਵੇਗਾ ਜੇ ਇਕ ਸੰਪਾਦਕ ਦੇ ਜ਼ਿੰਮੇ ਨਮੂਨੇ ਦਾ ਅੰਦਰਾਜ ਤਿਆਰ ਕਰਨ ਦਾ ਕੰਮ ਲਗਾ ਦਿੱਤਾ ਜਾਵੇ ਅਤੇ ਸੰਪਾਦਕੀ ਅਮਲੇ ਦੀ ਇਕੱਤਰਤਾ ਵਿਚ ਉਸ ਉਪਰ ਭਰਪੂਰ ਬਹਿਸ ਹੋਵੇ। ਬਹਿਸ ਵਿਚ ਮਤਭੇਦਾਂ ਦਾ ਸੁਆਗਤ ਕੀਤਾ ਜਾਵੇ ਅਤੇ ਸਾਰਥਕ ਅਤੇ ਉਸਾਰੂ ਸੁਝਾਵਾਂ ਨੂੰ ਨਮੂਨੇ ਦੇ ਅੰਦਰਾਜ ਵਿਚ ਸਮੋਇਆ ਜਾਵੇ। ਇੰਜ ਇਕ ਤਾਂ ਕੋਸ਼ ਵਿਚ ਇਕਸਾਰਤਾ ਆਵੇਗੀ ਅਤੇ ਦੂਜੇ ਸੰਪਾਦਕਾਂ ਦੀ ਕੁਸ਼ਲਤਾ ਅਤੇ ਨਿਪੁੰਨਤਾ ਵਿਚ ਵਾਧਾ ਹੋਵੇਗਾ। ਜੇ ਲੋੜ ਮਹਿਸੂਸ ਹੋਵੇ ਤਾਂ ਮਹੀਨੇ ਵਿਚ ਇਕ ਵਾਰ ਸੰਪਾਦਕੀ ਅਮਲੇ ਦੀ ਸਾਧਾਰਣ ਇਕੱ-ਤਰਤਾ ਬੁਲਾਈ ਜਾਵੇ ਅਤੇ ਸਮੇਂ ਸਮੇਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਤੇ ਖੁਲ੍ਹ ਕੇ ਵਿਚਾਰ ਕਰਨ ਉਪਰੰਤ ਸੰਕਲਨ-ਨੀਤੀ ਵਿਚ ਸੰਸ਼ੋਧਨ ਕੀਤਾ ਜਾਵੇ। ਪਰਸਪਰ ਸੁਹਿਰਦ ਸਹਿਯੋਗ, ਸਹਿਣਸ਼ੀਲਤਾ ਅਤੇ ਆਦਾਨ-ਪ੍ਰਦਾਨ ਦੀ ਭਾਵਨਾ ਨਾਲ ਕੋਸ਼ ਦੀ ਗਤੀ ਸੁਖਾਵੀਂ ਬਣ ਸਕਦੀ ਹੈ। ਕੋਸ਼ ਦੇ ਖਰੜੇ ਦੀਆਂ ਘੱਟੋ ਘੱਟ ਦੋ ਪੜ੍ਹਤਾਂ ਉਪਰੰਤ ਹੀ ਮੁੱਖ ਸੰਪਾਦਕ ਵਲੋਂ ਇਸ ਨੂੰ ਅੰਤਿਮ ਰੂਪ ਦਿੱਤਾ ਜਾਏ। ਅੰਤ ਵਿਚ, ਪ੍ਰਕਾਸ਼ਨ ਸਮੇਂ ਕੋਸ਼ ਦੇ ਆਕਾਰ, ਟਾਈਪ ਦੇ ਨਿੱਕੇ ਨਿੱਕੇ ਵੇਰਵਿਆਂ, ਸਾਫ-ਸੁਥਰੀ ਛਪਾਈ ਆਦਿ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਕੋਸ਼ ਦੀ ਬਾਹਰੀ ਦਿੱਖ ਅਤੇ ਸੁਹਜ ਵਿਚ ਵਾਧਾ ਕਰਦੇ ਹਨ। ਸੋ, ਕੋਸ਼ ਦੀ ਯੋਜਨਾ-ਨੀਤੀ ਤੈ ਕਰਨ ਸਮੇਂ ਕੋਸ਼ਕਾਰ ਨੂੰ ਉਪਰੋਕਤ ਗੱਲਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਜਨਸਾਧਾਰਣ, ਵਿਸ਼ੇਸ਼ ਕਰਕੇ ਸਮਾਜ ਦੇ ਸੁਸਿਖਿਅਤ ਵਰਗ ਵਿਚ ਕੋਸ਼ ਦੀ ਮਹੱਤਤਾ ਅਤੇ ਅਹਿਮੀਅਤ ਬਾਰੇ ਜਾਗਰਤੀ ਪੈਦਾ ਕਰਨ ਅਰਥਾਤ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆਂ ਵਲੋਂ ਇਸ ਅਨੁਸ਼ਾਸਨ ਨੂੰ ਮਾਨਤਾ ਪ੍ਰਦਾਨ ਕਰ ਦੇਣ ਨਾਲ ਕੋਸ਼-ਕਾਰੀ ਨੂੰ ਅਧਿਕ ਪ੍ਰੋਤਸਾਹਨ ਮਿਲ ਸਕਦਾ ਹੈ।

4.1.2 ਕੋਸ਼-ਸਾਮੱਗਰੀ ਸੰਕਲਨ : ਸੰਕਲਨ ਪ੍ਰਕ੍ਰਿਆ ਵਿਚ ਸਾਮੱਗਰੀ ਇਕੱਤਰ ਕਰਨ ਅਤੇ ਕੋਸ਼ ਲਈ ਅੰਦਰਾਜਾਂ ਦੀ ਚੋਣ ਦਾ ਕਾਰਜ ਸੰਮਿਲਤ ਹੈ। ਕੋਸ਼ ਦੀ ਯੋਜਨਾ ਵਾਂਗ ਸਾਮੱਗਰੀ ਇਕੱਤਰ ਕਰਨ ਦੀ ਪ੍ਰਕ੍ਰਿਆ ਵੀ ਵਿਭਿੰਨ ਕੋਸ਼ਾਂ ਲਈ ਅਲਗ ਅਲਗ ਹੁੰਦੀ ਹੈ। ਇਥੇ ਮੁੱਖ ਪ੍ਰਸ਼ਨ ਇਹ ਹੈ ਕਿ ਸ਼ਬਦਾਵਲੀ ਕਿਹੜੀ ਅਤੇ ਕਿਵੇਂ ਇਕੱਤਰ ਕਰਨੀ ਹੈ ? ਨਾਲ ਹੀ ਇਸ ਵਿਚੋਂ ਅੰਦਰਾਜਾਂ ਦੀ ਚੋਣ ਕਿਵੇਂ ਕਰਨੀ ਹੈ ? ਸ਼ਬਦਾਵਲੀ ਇਕੱਤਰ ਕਰਨ ਦੀ ਵਿਧੀ ਨੂੰ ਹਾਰਟਮੈਨ[2] ਨੇ ਤਿੰਨ ਸਟੇਜਾਂ ਵਿਚ ਵੰਡਿਆ ਹੈ :

(1) **ਰਿਕਾਰਡਿੰਗ :** ਇਸ ਪ੍ਰਕ੍ਰਿਆ ਦੇ ਅੰਤਰਗਤ ਉਸ ਸ਼ਬਦਾਵਲੀ ਨੂੰ ਇਕੱਤਰ ਕੀਤਾ ਜਾਂਦਾ ਹੈ ਜਿਹੜੀ ਕੋਸ਼ ਦਾ ਆਧਾਰ ਬਣਦੀ ਹੈ। ਇਸ ਪ੍ਰਕ੍ਰਿਆ ਵਿਚ ਸ਼ਬਦਾਵਲੀ ਦੀ ਪ੍ਰਕਿਰਤੀ ਅਤੇ ਆਕਾਰ ਅਰਥਾਤ ਇਸ ਨੂੰ ਇਕੱਤਰ ਕਰਨ ਅਤੇ ਭੰਡਾਰ ਕਰਨ ਦਾ ਨਿਰਣਾ ਨਿਹਿਤ ਹੈ।

(2) ਵਰਣਨ : ਕੋਸ਼ ਲਈ ਕੇਵਲ ਸ਼ਬਦ-ਸੂਚੀ ਤਿਆਰ ਕਰਨੀ ਹੀ ਕਾਫ਼ੀ ਨਹੀਂ ਹੁੰਦੀ, ਪਰੰਤੂ ਇਸ ਨੂੰ ਵਿਸ਼ੇਸ਼ ਪਾਠਕ-ਵਰਗ ਦੇ ਮਨੋਰਥ ਤੋਂ ਵਿਵਸਥਿਤ ਢੰਗ ਨਾਲ ਵਿਸ਼ਲੇਸ਼ਿਤ ਅਤੇ ਕ੍ਰਮਬੱਧ ਕਰਨਾ ਵੀ ਜ਼ਰੂਰੀ ਹੁੰਦਾ ਹੈ। ਮੁੱਖ ਸ਼ਬਦ ਦੇ ਅਰਥ ਅਤੇ ਪਰਿਭਾਸ਼ਾ ਦਿੱਤੀ ਜਾਂਦੀ ਹੈ।

(3) ਪੇਸ਼ਕਾਰੀ : ਸਾਮੱਗਰੀ ਸੰਕਲਨ ਅਤੇ ਅੰਦਰਾਜਾਂ ਦੀ ਚੋਣ ਉਪਰੰਤ ਇਸ ਦੀ ਪ੍ਰਕਾਸ਼ਨ ਲਈ ਪੇਸ਼ਕਾਰੀ ਟੀਚਾ-ਭਾਸ਼ਾ ਦੇ ਪਾਠਕਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ।

ਜਿਸ ਸਮੇਂ, ਸਥਾਨ ਅਤੇ ਅਵਸਰ ਅਨੁਸਾਰ ਕੋਸ਼ ਸੰਕਲਿਤ ਅਤੇ ਪ੍ਰਯੋਗ ਕੀਤੇ ਜਾਂਦੇ ਹਨ, ਉਸ ਅਨੁਸਾਰ ਕੋਸ਼ ਭਿੰਨ ਭਿੰਨ ਹੋ ਸਕਦੇ ਹਨ। ਇਹ ਅੱਗੋਂ ਸ਼ਬਦਾਵਲੀ ਇਕੱਤਰ ਕਰਨ, ਵਰਣਨ ਕਰਨ ਅਤੇ ਪੇਸ਼ ਕਰਨ ਨੂੰ ਪ੍ਰਭਾਵਿਤ ਕਰਦੇ ਹਨ।

ਅਗਲਾ ਪ੍ਰਸ਼ਨ ਕੋਸ਼ ਵਿਚ ਸ਼ਾਮਿਲ ਕੀਤੀ ਜਾਣ ਵਾਲੀ ਸ਼ਬਦਾਵਲੀ ਦਾ ਹੈ। ਕੀ ਇਸ ਵਿਚ ਸੰਬੰਧਿਤ ਭਾਸ਼ਾ-ਪ੍ਰਬੰਧ ਦੀ ਮੂਲ ਸ਼ਬਦਾਵਲੀ ਲਈ ਜਾਵੇ ਜਾਂ ਸੀਮਾਂਤਵਰਤੀ (peripheral); ਮੌਲਿਕ ਜਾਂ ਮੰਗਵੀਂ, ਮਿਆਰੀ ਜਾਂ ਉਪਭਾਸ਼ਾਈ; ਕਲਾਸੀਕਲ ਜਾਂ ਬੋਲਚਾਲੀ; ਪ੍ਰਚਲਿਤ ਜਾਂ ਅਪ੍ਰਚਲਿਤ; ਵੱਖ ਵੱਖ ਰਜਿਸਟਰਾਂ ਨਾਲ ਸੰਬੰਧਿਤ ਸ਼ਬਦਾਵਲੀ, ਵਿਭਿੰਨ ਕਿੱਤਿਆਂ ਅਤੇ ਵਿਸ਼ੇਸ਼ ਅਧਿਐਨ ਖੇਤਰਾਂ ਨਾਲ ਸੰਬੰਧਿਤ ਸ਼ਬਦਾਵਲੀ ਆਦਿ। ਇਹ ਨਿਰਣਾ ਕੋਸ਼ ਦੇ ਆਕਾਰ ਅਤੇ ਪ੍ਰਕਾਰ ਤੇ ਨਿਰਭਰ ਹੋਵੇਗਾ।

ਕੋਸ਼ ਲਈ ਸ਼ਬਦਾਵਲੀ ਇਕੱਤਰ ਕਰਨ ਦੀ ਪ੍ਰਕ੍ਰਿਆ ਵਿਚ ਸ਼ੁਰੂ ਤੋਂ ਲੈ ਕੇ ਹੁਣ ਤਕ ਕਈ ਪ੍ਰਤੱਖ ਪਰਿਵਰਤਨ ਆਏ ਹਨ। ਬਹੁਤ ਸਾਰੇ ਪਰੰਪਰਾਈ ਕੋਸ਼ਕਾਰ ਸੁਵਿਧਾ ਲਈ ਸਾਹਿਤਕ ਪ੍ਰਯੋਗਾਂ ਨੂੰ ਆਧਾਰ ਬਣਾਉਂਦੇ ਸਨ। ਉਨ੍ਹਾਂ ਦੀ ਇਹ ਧਾਰਣਾ ਸੀ ਕਿ ਸਾਹਿਤ ਹੀ ਕੇਵਲ ਭਾਸ਼ਾ ਦੇ ਸਮ੍ਰਿਧ ਅਤੇ ਵਿਸਤ੍ਰਿਤ ਪ੍ਰਯੋਗ ਦੀ ਸਰਬੋਤਮ ਅਭਿਵਿਅਕਤੀ ਹੈ। ਪਰੰਤੂ ਹੁਣ ਪਰੰਪਰਾਗਤ ਧਾਰਣਾ ਵਿਚ ਅਸਲੋਂ ਹੀ ਪ੍ਰਤੱਖ ਪਰਿਵਰਤਨ ਆਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਅੱਜ ਕੋਸ਼-ਵਿਗਿਆਨੀ ਸੰਬੰਧਿਤ ਖੇਤਰ ਵਿਚ ਭਾਸ਼ਾ ਦੇ ਸਾਰੇ ਪ੍ਰਯੋਗਾਂ ਦਾ ਵਿਸਤ੍ਰਿਤ ਅਤੇ ਬਾਹਰਮੁਖੀ ਪ੍ਰਭਾਵ ਗ੍ਰਹਿਣ ਕਰਨ ਦੇ ਸਮਰਥਕ ਹਨ। ਫੀਲਡ ਵਿਚੋਂ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਖੇਤਰ ਕਾਰਜ ਵਿਧੀ ਰਾਹੀਂ ਇਕੱਤਰ ਕਰਵਾਇਆ ਜਾ ਸਕਦਾ ਹੈ। ਇਸ ਨਾਲ ਕੋਸ਼ ਲੋਕ-ਜੀਵਨ ਦੇ ਵਿਵਹਾਰਕ ਅਤੇ ਕਾਰਜਸ਼ੀਲ ਪਹਿਲੂਆਂ ਨਾਲ ਜੁੜੇ ਹੋਣ ਦਾ ਪ੍ਰਭਾਵ ਦਿੰਦਾ ਹੈ। ਅਜਿਹਾ ਨਾ ਕਰਨ ਦੀ ਹਾਲਤ ਵਿਚ ਕੋਸ਼ ਦਾ ਮੂਲ ਉਦੇਸ਼ ਹੀ ਜਾਂਦਾ ਰਹਿੰਦਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਬਹੁਤੀ ਸ਼ਬਦਾਵਲੀ ਮੌਖਿਕ/ਅਲਿਖਿਤ ਸਾਹਿਤ ਵਿਚੋਂ ਉਪਲਬਧ ਹੋ ਸਕਦੀ ਹੈ। ਕੋਸ਼ਕਾਰ ਨੂੰ ਭਾਸ਼ਾ ਦੇ ਵਾਸਤਵਿਕ ਤੇ ਵਿਵਹਾਰਕ ਗਿਆਨ ਨਾਲ ਕੰਮ ਆਰੰਭ ਕਰਨਾ ਚਾਹੀਦਾ ਹੈ। ਅਜਿਹੀ ਸ਼ਬਦਾਵਲੀ ਇਕੱਤਰ ਕਰਨ ਲਈ ਉਸ ਨੂੰ ਸਮਾਜਕ-ਭਾਸ਼ਾਈ ਅਤੇ ਭੂਗੋਲਿਕ ਸੰਰਚਨਾ

ਦੀ ਲੋੜ ਹੁੰਦੀ ਹੈ। ਇੰਜ ਮੁੱਖ ਸਵਾਲ ਵਿਸ਼ੇਸ਼ ਕਾਲ ਦੇ ਦੌਰਾਨ ਸਭ ਪ੍ਰਕਾਰ ਦੀਆਂ ਪ੍ਰਯੋਗ-ਉਕਤੀਆਂ ਅਤੇ ਸੰਵਾਦ ਇਕੱਤਰ ਕਰਨ ਦਾ ਹੈ। ਇਸ ਦੇ ਨਾਲ ਨਾਲ ਸ਼ਬਦਾ-ਵਲੀ ਇਕੱਤਰ ਕਰਨ ਦੇ ਮਨੋਰਥ ਤੋਂ ਸਾਹਿਤਕ ਗ੍ਰੰਥ, ਵਿਗਿਆਨਕ ਅਤੇ ਤਕਨੀਕੀ ਪੁਸਤਕਾਂ, ਲੋਕ ਸਾਹਿਤ, ਦਿਹਾਤੀ, ਸ਼ਹਿਰੀ ਅਤੇ ਵਿਭਿੰਨ ਵਰਗ ਬੋਲੀਆਂ ਵਿਚੋਂ ਸ਼ਬਦ-ਸੂਚੀ ਇਕੱਤਰ ਕਰਨੀ ਜ਼ਰੂਰੀ ਹੈ। ਇਸ ਦੇ ਇਲਾਵਾ, ਸੰਕਲਨਕਾਰ ਮੁਹਾਵਰਿਆਂ, ਕਹਾਵਤਾਂ, ਲੋਕੋਕਤੀਆਂ, ਪਹੇਲੀਆਂ ਆਦਿ ਦਾ ਵੀ ਸੰਕਲਨ ਕਰਦੇ ਹਨ। ਸਾਰਾਂਸ਼ ਇਹ ਕਿ ਕੋਸ਼ ਲਈ ਸਾਮੱਗਰੀ ਸੰਕਲਨ ਦੇ ਮਨੋਰਥ ਤੋਂ ਲਿਖਿਤ ਅਤੇ ਮੌਖਿਕ/ਅਲਿਖਿਤ ਸਾਹਿਤ ਨੂੰ ਆਧਾਰ ਬਣਾਉਣਾ ਜ਼ਰੂਰੀ ਹੈ। ਪਰੰਤੂ ਇਨ੍ਹਾਂ ਦੋਹਾਂ ਦੀ ਸ਼ਬਦਾਵਲੀ ਇਕੱਤਰ ਕਰਨ ਦੀ ਵਿਧੀ ਭਿੰਨ ਹੋਵੇਗੀ। ਇਥੇ ਇਕ ਗੱਲ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਸ਼ਬਦਾਵਲੀ ਸੰਕਲਨ ਲਈ ਅਪਣਾਈ ਵਿਧੀ ਬਾਹਰਮੁਖੀ ਅਤੇ ਵਿਗਿਆਨਕ ਹੋਵੇ, ਬੇਸ਼ਕ ਕਿਸੇ ਖੇਤਰੀ ਕਾਰਜਕਰਤੇ ਜਾਂ ਸੰਪਾਦਕ ਦਾ ਮੋਹ-ਭੰਗ ਹੀ ਕਿਉਂ ਨਾ ਹੁੰਦਾ ਹੋਵੇ। ਪਰ ਕੀ ਕੋਸ਼ਾਂ ਦਾ ਵਾਕਈ ਸੰਕਲਨ ਕੀਤਾ ਜਾਂਦਾ ਹੈ, ਇਸ ਬਾਰੇ ਕੋਸ਼-ਵਿਗਿ-ਆਨੀਆਂ ਵਿਚ ਤਿੱਖਾ ਮਤਭੇਦ ਹੈ। ਬਹੁਤੇ ਕੋਸ਼-ਵਿਗਿਆਨੀ ਕੋਸ਼ ਤਿਆਰ ਕਰਨ ਦੇ ਕਾਰਜ ਨੂੰ ਕੋਸ਼ ਦੇ ਸੰਕਲਨ ਕਾਰਜ ਤਕ ਹੀ ਸੀਮਿਤ ਕਰਦੇ ਹਨ, ਪਰੰਤੂ ਕੁਝ ਕੋਸ਼-ਵਿਗਿਆਨੀਆਂ ਦੀ ਧਾਰਣਾ ਹੈ ਕਿ ਕੋਸ਼ ਲਿਖੇ ਜਾਂਦੇ ਹਨ, ਰਚੇ ਜਾਂਦੇ ਹਨ। ਸਚੇਰਬਾ ਦੀ ਦ੍ਰਿਸ਼ਟੀ ਵਿਚ ਕੋਸ਼-ਨਿਰਮਾਣ ਇਕ ਵਿਗਿਆਨਕ ਕਾਰਜ ਹੈ ਅਤੇ ਕੋਸ਼ਾਂ ਦਾ ਸੰਕਲਨ ਨਹੀਂ ਕੀਤਾ ਜਾਂਦਾ ਬਲਕਿ ਸਿਰਜਣਾ ਕੀਤੀ ਜਾਂਦੀ ਹੈ। ਕਿਸੇ ਵਸਤੂ ਦੀ ਸਿਰਜਣਾ ਲਈ ਇਸ ਦੇ ਸਿਰਜਣਾਤਮਕ ਤੱਤਾਂ ਦੀ ਪ੍ਰਕਿਰਤੀ ਅਤੇ ਕਾਰਜਾਂ ਨੂੰ ਵਿਸਤਾਰ ਵਿਚ ਘੋਖਣਾ ਚਾਹੀਦਾ ਹੈ। ਫਲਸਰੂਪ "ਕੋਈ ਵੀ ਸ਼ਬਦ ਭਾਵੇਂ ਰਤਾ ਭਰ ਵੀ ਜਟਿਲ ਹੋਵੇ, ਵਿਗਿਆਨਕ ਖੋਜ ਦਾ ਵਿਸ਼ਾ ਹੋ ਨਿਬੜਦਾ ਹੈ ਅਤੇ ਇਸੇ ਕਰਕੇ ਕਿਸੇ ਚੰਗੇ ਕੋਸ਼ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਦੀ ਆਸ ਰੱਖਣੀ ਵਿਅਰਥ ਅਤੇ ਮੁਸ਼ਕਿਲ ਹੈ।"[3] ਇੰਜ ਕੋਸ਼ਾਂ ਦਾ ਨਿਰਮਾਣ ਵੀ ਕੁਝ ਹੱਦ ਤਕ ਸਿਰਜਣਾਤਮਕ ਸਾਹਿਤ ਦੇ ਦਾਇਰੇ ਵਿਚ ਆ ਜਾਂਦਾ ਹੈ।

ਅਸੀਂ ਉਪਰ ਸਪਸ਼ਟ ਕਰ ਆਏ ਹਾਂ ਕਿ ਕੋਸ਼ ਸਾਮੱਗਰੀ ਸੰਕਲਨ ਦੇ ਦੋ ਮੁੱਖ ਸ੍ਰੋਤ ਹਨ: ਲਿਖਿਤ ਸਾਹਿਤ ਅਤੇ ਮੌਖਿਕ/ਅਲਿਖਿਤ ਸਾਹਿਤ। ਫਲਸਰੂਪ, ਇਨ੍ਹਾਂ ਸ੍ਰੋਤਾਂ ਦੀ ਸ਼ਬਦਾਵਲੀ ਇਕੱਤਰ ਕਰਨ ਦੀਆਂ ਵਿਧੀਆਂ ਵੀ ਨਿਸ਼ਚੇ ਹੀ ਭਿੰਨ ਹਨ।

4.1.2.1 ਲਿਖਿਤ ਸਾਹਿਤ ਵਾਲੀਆਂ ਭਾਸ਼ਾਵਾਂ ਲਈ ਸਾਮੱਗਰੀ ਸੰਕਲਨ : ਲਿਖਿਤ ਸਾਹਿਤ ਵਾਲੀਆਂ ਭਾਸ਼ਾਵਾਂ ਲਈ ਸਾਮੱਗਰੀ ਪ੍ਰਾਚੀਨ ਅਤੇ ਸਮਕਾਲੀ ਸਿਰਜਣਾਤਮਕ ਲੇਖਕਾਂ ਦੀਆਂ ਰਚਨਾਵਾਂ, ਹੱਥਲਿਖਤਾਂ, ਗਿਆਨ-ਵਿਗਿਆਨ ਦੇ ਸਾਹਿਤ, ਅਨੁਵਾਦ ਸਾਹਿਤ, ਆਲੋਚਨਾ ਸਾਹਿਤ, ਅਖ਼ਬਾਰਾਂ, ਰਸਾਲਿਆਂ, ਤਕਨੀਕੀ ਸ਼ਬਦਾਵਲੀਆਂ, ਸੰਬਧਿਤ ਭਾਸ਼ਾ ਦੇ ਮੌਜੂਦ ਕੋਸ਼ਾਂ ਆਦਿ ਸ੍ਰੋਤਾਂ, ਗੱਲ ਕੀ ਹਰ ਪ੍ਰਕਾਰ ਦੇ ਲਿਖਤੀ ਰਿਕਾਰਡ ਤੋਂ

ਇਕੱਤਰ ਕੀਤੀ ਜਾਂਦੀ ਹੈ। ਇਨ੍ਹਾਂ ਸ੍ਰੋਤਾਂ ਦੀਆਂ ਵਿਵਹਾਰਕ ਪ੍ਰਯੋਗ/ਸੰਦਰਭ-ਉਕਤੀਆਂ ਨੂੰ ਅਰਥ ਗ੍ਰਹਿਣ ਕਰਨ ਦੇ ਮਨੋਰਥ ਤੋਂ ਆਧਾਰ ਬਣਾਇਆ ਜਾਂਦਾ ਹੈ। ਪਰੰਤੂ ਕੋਸ਼ ਸਾਮੱਗਰੀ ਦੀ ਪ੍ਰਕਿਰਤੀ ਕੋਸ਼ ਦੇ ਆਕਾਰ ਅਤੇ ਪ੍ਰਕਾਰ ਅਨੁਸਾਰ ਵਿਭਿੰਨ ਕੋਸ਼ਾਂ ਲਈ ਅਲਗ ਅਲਗ ਹੁੰਦੀ ਹੈ। ਉਦਾਹਰਣ ਵਜੋਂ, ਇਤਿਹਾਸਕ ਸਿਧਾਂਤ ਤੇ ਆਧਾਰਿਤ ਇਤਿ-ਹਾਸਕ ਕੋਸ਼ ਲਈ ਸੰਬੰਧਿਤ ਭਾਸ਼ਾ ਦੇ ਆਰੰਭ ਤੋਂ ਲੈ ਕੇ ਅਜੋਕੇ ਸਮੇਂ ਤਕ ਦੀਆਂ ਪ੍ਰਤਿ-ਨਿਧ ਰਚਨਾਵਾਂ ਵਿਚੋਂ ਸਾਮੱਗਰੀ ਇਕੱਤਰ ਕੀਤੀ ਜਾਂਦੀ ਹੈ। ਕੋਸ਼ੀ ਇਕਾਈ ਦੇ ਵਿਉਤਪੱਤੀਮੂਲਕ ਅਰਥ ਨੂੰ ਆਧਾਰ ਮੰਨ ਕੇ ਹਰੇਕ ਕੋਸ਼ੀ ਇਕਾਈ ਦੇ ਕਾਲਕ੍ਰਮਿਕ ਰੂਪਾਤਮਕ ਅਤੇ ਅਰਥਗਤ ਵਿਕਾਸ ਨੂੰ ਮੁੱਖ ਰਖਦਿਆਂ ਇਸ ਦੇ ਅਰਥ-ਵਿਕਾਸ ਨੂੰ ਰਿਕਾਰਡ ਕੀਤਾ ਜਾਂਦਾ ਹੈ। ਇੰਜ ਅਜਿਹੇ ਕੋਸ਼ ਵਿਚ ਕੋਸ਼ੀ ਇਕਾਈ ਦਾ ਸਮੁੱਚਾ ਇਤਿ-ਹਾਸ ਉਲੀਕਿਆ ਜਾਂਦਾ ਹੈ। ਇਸੇ ਤਰ੍ਹਾਂ ਸਾਧਾਰਣ ਕੋਸ਼, ਵਿਸ਼ਵਕੋਸ਼, ਸਿਖਿਆਰਥੀ ਕੋਸ਼, ਬਾਲ ਕੋਸ਼, ਸੰਦਰਭ ਕੋਸ਼ ਆਦਿ ਲਈ ਸੰਕਲਿਤ ਕੋਸ਼ ਸਾਮੱਗਰੀ ਦੀ ਪ੍ਰਕਿਰਤੀ ਅਤੇ ਸਰੂਪ ਭਿੰਨ ਹੋਵੇਗਾ। ਇਨ੍ਹਾਂ ਕੋਸ਼ਾਂ ਤੇ ਵਿਸਤ੍ਰਿਤ ਸਿਧਾਂਤਕ ਚਰਚਾ ਦੂਜੇ ਅਧਿਆਇ ਵਿਚ ਕੀਤੀ ਗਈ ਹੈ। ਇਸ ਦੇ ਇਲਾਵਾ, ਸੰਬੰਧਿਤ ਭਾਸ਼ਾ ਦੇ ਉਪਲਬਧ ਕੋਸ਼ਾਂ ਨੂੰ ਵੀ ਸ੍ਰੋਤ ਸਾਮੱਗਰੀ ਵਜੋਂ ਪ੍ਰਯੋਗ ਕੀਤਾ ਜਾ ਸਕਦਾ ਹੈ। ਕੋਸ਼ਾਂ ਵਿਚੋਂ ਸ਼ਬਦਾਂ ਦੇ ਅਤਿਰਿਕਤ ਅਰਥਾਂ ਅਤੇ ਅਰਥ-ਭੇਦਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਨੁਵਾਦ ਸਾਹਿਤ ਨੂੰ ਵੀ ਸ੍ਰੋਤ ਸਾਮੱਗਰੀ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਇਸ ਤੋਂ ਨਵੀਂ ਘੜੀ ਤਕਨੀਕੀ ਸ਼ਬਦਾਵਲੀ ਅਤੇ ਭਾਸ਼ਾ-ਵਿਸ਼ੇਸ਼ ਦੇ ਲੋਕ ਜੀਵਨ ਦੇ ਸਭਿਆਚਾਰਕ, ਸਮਾਜਕ, ਰਾਜ-ਨੀਤਕ ਅਤੇ ਆਰਥਿਕ ਵਰਤਾਰਿਆਂ ਨਾਲ ਸੰਬੰਧਿਤ ਸ਼ਬਦਾਵਲੀ ਪ੍ਰਾਪਤ ਹੁੰਦੀ ਹੈ। ਲਿਖਿਤ ਸਾਹਿਤ ਵਿਚੋਂ ਸ਼ਬਦ ਇਕੱਤਰ ਕਰਨ ਦੀ ਇਹ ਪ੍ਰਕ੍ਰਿਆ ਲਿਖਿਤ ਸਾਹਿਤ ਦੇ ਨਿਰੰਤਰ ਅਧਿਐਨ ਦੀ ਮੰਗ ਕਰਦੀ ਹੈ। ਪਰੰਤੂ ਇਸ ਪ੍ਰਸੰਗ ਵਿਚ ਅਤਿਅਧਿਕ ਸਾਵ-ਧਾਨੀ ਵਰਤਣ ਦੇ ਬਾਵਜੂਦ ਵੀ ਬਹੁਤੀ ਲਿਖਿਤ ਸ਼ਬਦਾਵਲੀ ਰਿਕਾਰਡ ਹੋਣੋਂ ਰਹਿ ਜਾਂਦੀ ਹੈ। ਉਦਾਹਰਣ ਵਜੋਂ, 1987 ਵਿਚ ਪ੍ਰਕਾਸ਼ਿਤ 'ਕੋਲਿਨਜ਼ ਕੋਬਿਲਡ ਇੰਗਲਿਸ਼ ਲੈਂਗੁਇਜ ਡਿਕਸ਼ਨਰੀ' ਵਿਚ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਕਿੰਨੇ ਹੀ ਸਾਲਾਂ ਤੋਂ ਪ੍ਰਚਲਿਤ ਸ਼ਬਦਾਂ ਦੇ ਅੰਦਰਾਜ ਗਾਇਬ ਹਨ। ਫਲਸਰੂਪ, lexicology, lemma, semiology, signifier ਆਦਿ ਸ਼ਬਦ ਇਸ ਕੋਸ਼ ਵਿਚ ਦਰਜ ਨਹੀਂ ਕੀਤੇ ਗਏ। ਅਜਿਹੀ ਉਪੇਖਿਅਤ ਸਾਮੱਗਰੀ ਨੂੰ ਸੰਮਿਲਿਤ ਕਰਨ ਲਈ ਵੀ ਕੋਈ ਬਿਧ ਬਣਾਉਣੀ ਚਾਹੀਦੀ ਹੈ।

ਸਾਮੱਗਰੀ ਇਕੱਤਰ ਕਰਨ ਦੀ ਵਿਧੀ : ਸਭ ਤੋਂ ਪਹਿਲਾਂ ਕੋਸ਼ ਦੇ ਆਕਾਰ ਅਨੁਸਾਰ ਪ੍ਰਾਪਤ ਕੀਤੀ ਜਾਣ ਵਾਲੀ ਸੂਚਨਾ ਅਨੁਸਾਰ ਕਾਰਡ ਦਾ ਸਹੀ ਆਕਾਰ ਨਿਸ਼ਚਿਤ ਕਰਨਾ ਆਵੱਸ਼ਕ ਹੈ। ਕੋਸ਼ ਦੇ ਸੰਕਲਨ ਲਈ ਕਾਰਡ ਸਿਸਟਮ ਸਰਬੋਤਮ ਵਿਧੀ ਹੈ। ਇਸ ਵਿਧੀ ਰਾਹੀਂ ਇਕ ਕਾਰਡ ਤੇ ਇਕ ਕੋਸ਼ੀ ਇਕਾਈ ਦੀਆਂ ਸਾਰੀਆਂ ਸੰਦਰਭ-

ਉਕਤੀਆਂ ਨੂੰ ਸਪਸ਼ਟਤਾਪੂਰਵਕ ਇਸ ਪ੍ਰਕਾਰ ਲਿਖ ਲਿਆ ਜਾਂਦਾ ਹੈ ਕਿ ਕੋਸ਼ੀ ਇਕਾਈ ਦੇ ਸਾਰੇ ਅਰਥਾਂ, ਅਰਥ-ਭੇਦਾਂ ਅਤੇ ਅਰਥ-ਨਿਖੇੜੇ ਸੰਬੰਧੀ ਕੋਈ ਭੁਲੇਖਾ ਨਾ ਰਹੇ। ਜੇ ਕੋਸ਼ੀ ਇਕਾਈ ਦੇ ਬਹੁਤ ਜ਼ਿਆਦਾ ਅਰਥ ਹੋਣ ਤਾਂ ਉਸ ਲਈ ਇਕ ਤੋਂ ਵੱਧ ਕਾਰਡਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਲਿਖਿਤ ਸਾਹਿਤ ਵਿਚੋਂ ਸੰਦਰਭ-ਉਕਤੀ ਦੀ ਨਿਕਾਸੀ ਬਾਰੇ ਦੋ ਮੁੱਖ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ: (1) ਸੰਖੇਪਤਾ ਅਤੇ (2) ਸਪਸ਼ਟਤਾ ਅਤੇ ਸੁਨਿਸ਼ਚਿਤਤਾ। ਜੇ ਕੋਸ਼ ਦੀ ਪ੍ਰਕਿਰਤੀ ਅਤੇ ਨੌਈਅਤ ਮੁਤਾਬਕ ਅਰਥਾਂ ਜਾਂ ਅਰਥ-ਭੇਦਾਂ ਨੂੰ ਸਪਸ਼ਟ ਕਰਨ ਲਈ ਦ੍ਰਿਸ਼ਟਾਂਤੀ ਉਦਾਹਰਣ ਪ੍ਰਦਾਨ ਕਰਨ ਦੀ ਲੋੜ ਪਵੇ, ਤਾਂ ਇਹ ਵੀ ਸੰਖੇਪ ਅਤੇ ਸਪਸ਼ਟ ਹੋਣੇ ਜ਼ਰੂਰੀ ਹਨ ਅਤੇ ਅਰਥ ਦੀ ਵਧੇਰੇ ਸਪਸ਼ਟਤਾ ਲਈ ਅਰਥ/ਅਰਥ-ਭੇਦ ਦੇ ਨਾਲ ਹੀ ਬ੍ਰੈਕਟਾਂ ਵਿਚ ਦੇ ਦੇਣੇ ਚਾਹੀਦੇ ਹਨ। ਇਹ ਪ੍ਰਵਿਰਤੀ ਅੰਗ੍ਰੇਜ਼ੀ ਕੋਸ਼ਾਂ ਵਿਚ ਆਮ ਦ੍ਰਿਸ਼ਟੀਗੋਚਰ ਹੁੰਦੀ ਹੈ। ਉਦਾਹਰਣ ਵਜੋਂ, ਅੰਗ੍ਰੇਜ਼ੀ ਸ਼ਬਦ novel ਦੇ ਅਰਥ 'book-length story in prose about either imaginary or historical characters' ਦੇ ਨਾਲ ਹੀ ਬ੍ਰੈਕਟ ਵਿਚ ਇਸ ਅਰਥ ਦੀ ਅਧਿਕ ਸਪਸ਼ਟਤਾ ਲਈ 'historical novels' ਇਕ ਪ੍ਰਯੋਗ-ਉਕਤੀ ਦੇ ਦਿੱਤੀ ਜਾਂਦੀ ਹੈ। ਨਿਸ਼ਚਿਤ ਆਕਾਰ ਦੇ ਕਾਰਡ ਤੇ ਵਿਵਿਧ ਸੂਚਨਾ ਦਰਜ ਕਰਨ ਲਈ ਕਈ ਵਾਰੀ ਵਿਸ਼ੇਸ਼ ਥਾਂ ਨਿਸ਼ਚਿਤ ਕੀਤੀ ਜਾਂਦੀ ਹੈ। ਫਿਰ ਕਾਰਡਾਂ ਦਾ ਕ੍ਰਮ ਚੈੱਕ ਕਰ ਕੇ ਕਾਰਡਾਂ ਤੇ ਨੰਬਰ ਲਗਾ ਦਿੱਤੇ ਜਾਂਦੇ ਹਨ ਤਾਂ ਜੋ ਕ੍ਰਮ ਦੀ ਕਿਸੇ ਗਲਤੀ ਤੋਂ ਬਚਿਆ ਜਾ ਸਕੇ। ਕੁਝ ਕੋਸ਼ਾਂ ਵਿਚ ਕ੍ਰਮ ਦੀ ਤਰੁੱਟੀ ਬਹੁਤ ਰੜਕਦੀ ਹੈ। ਕਾਰਡਾਂ ਤੇ ਨੰਬਰ ਲਾਉਣ ਦਾ ਇਕ ਫ਼ਾਇਦਾ ਹੋਰ ਵੀ ਹੁੰਦਾ ਹੈ ਕਿ ਕੋਸ਼ੀ ਇਕਾਈਆਂ ਦੀ ਲਗਭਗ ਸੰਖਿਆ ਦਾ ਅਨੁਮਾਨ ਵੀ ਆਸਾਨੀ ਨਾਲ ਲੱਗ ਜਾਂਦਾ ਹੈ। ਭਾਸ਼ਾ ਵਿਚ ਕੋਸ਼ੀ ਇਕਾਈਆਂ ਦੇ ਰੂਪਾਤਮਕ ਅਤੇ ਅਰਥਗਤ ਪਰਿਵਰਤਨ ਦੀ ਨਿਰੰਤਰਤਾ ਦੇ ਫਲਸਰੂਪ ਕੋਸ਼ ਲਈ ਸਾਮੱਗਰੀ ਇਕੱਤਰ ਕਰਨ ਅਰਥਾਤ ਕਾਰਡ ਬਣਾਉਣ ਦਾ ਕਾਰਜ ਸਾਲਾਂ-ਬੱਧੀ ਚਲਦਾ ਰਹਿੰਦਾ ਹੈ। ਇਸੇ ਲਈ ਕੋਸ਼-ਨਿਰਮਾਣ ਪ੍ਰਕ੍ਰਿਆ ਨੂੰ ਨਿਰੰਤਰ ਪ੍ਰਕ੍ਰਿਆ ਕਹਿਣਾ ਵਧੇਰੇ ਉਪਯੁਕਤ ਹੋਵੇਗਾ। ਕੋਸ਼ ਦਾ ਨਿਰੰਤਰ ਸੰਸ਼ੋਧਨ ਵੀ ਤਾਂ ਹੀ ਅਨਿਵਾਰੀ ਹੁੰਦਾ ਹੈ ਅਤੇ ਇਹੀ ਕਾਰਣ ਹੈ ਕਿ ਕੋਈ ਵੀ ਕੋਸ਼ ਸਾਨੂੰ ਕਾਲ-ਖੰਡ ਦੇ ਕਿਸੇ ਇਕ ਵਿਸ਼ੇਸ਼ ਨੁਕਤੇ ਤੇ ਵੀ ਮੁਕੰਮਲ ਇਕਾਈ ਦੇ ਰੂਪ ਵਿਚ ਪ੍ਰਾਪਤ ਨਹੀਂ ਹੋ ਸਕਦਾ। ਗਲਾਸਨੋਸਤ ਅਤੇ ਪਰੇਸਤਰੋਇਕਾ ਆਦਿ ਕੋਸ਼ੀ ਇਕਾਈਆਂ ਨੇ ਅਜੇ ਅੰਗ੍ਰੇਜ਼ੀ ਕੋਸ਼ ਵਿਚ ਕ੍ਰਿਆਤਮਕ ਸ਼ਬਦਾਵਲੀ ਦਾ ਅੰਗ ਬਣਨਾ ਹੈ। ਕੋਸ਼ ਦੇ ਪ੍ਰਕਾਸ਼ਨ ਦੇ ਤਤਕਾਲ ਪਿਛੋਂ ਇਸ ਦਾ ਸੰਸ਼ੋਧਨ ਕਾਰਜ ਆਰੰਭ ਹੋ ਜਾਂਦਾ ਹੈ। ਕੋਸ਼-ਵਿਸ਼ੇਸ਼ ਦੇ ਪ੍ਰਕਾਸ਼ਨ ਉਪਰੰਤ ਕਾਰਡ-ਸਾਮੱਗਰੀ ਨੂੰ ਜ਼ਾਇਆ ਨਹੀਂ ਕਰਨਾ ਚਾਹੀਦਾ ਕਿਉਂਕਿ ਇਸੇ ਸੰਕਲਿਤ ਸਾਮੱਗਰੀ ਨੂੰ ਹੋਰ ਕੋਸ਼ਾਂ ਦੇ ਨਿਰਮਾਣ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਇਨ੍ਹਾਂ ਕਾਰਡਾਂ ਦੀ ਸੁਰੱਖਿਅਤ ਸੰਭਾਲ ਲਈ ਕੋਸ਼ੀ ਸਾਮੱਗਰੀ ਸੰਭਾਲ ਕੇਂਦਰ ਕਾਇਮ

ਕਰਨ ਦੀ ਲੋੜ ਹੈ। ਉਦਾਹਰਣ ਵਜੋਂ, ਸੰਬੰਧਿਤ ਭਾਸ਼ਾ ਦੇ ਸਮਭਾਸ਼ੀ ਕੋਸ਼ ਲਈ ਸੰਕਲਿਤ ਕੋਸ਼ੀ ਸਾਮੱਗਰੀ ਦਾ ਛੋਟੇ ਤੇ ਸੰਖੇਪ ਸਮਭਾਸ਼ੀ ਕੋਸ਼, ਦੁਭਾਸ਼ੀ ਕੋਸ਼, ਅਖਾਣ ਤੇ ਮੁਹਾਵਰਾ ਕੋਸ਼, ਸ਼ਬਦ-ਜੋੜ ਕੋਸ਼, ਪਰਿਆਇ ਅਤੇ ਵਿਪਰਿਆਇ ਕੋਸ਼, ਉਪਭਾਸ਼ਾ ਕੋਸ਼, ਸਮਾਜਕ ਭਾਸ਼ਾ ਅਤੇ ਸ਼ੈਲੀ ਕੋਸ਼ ਆਦਿ ਅਣਗਿਣਤ ਕੋਸ਼ਾਂ ਅਤੇ ਕੋਸ਼-ਵਿਗਿਆਨਕ ਖੋਜ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ।

ਕੋਸ਼ੀ ਪ੍ਰਸੰਗ : ਪਿਛਲੇ ਖੰਡ ਵਿਚ ਕਾਰਡਾਂ ਤੇ ਵਿਭਿੰਨ ਸੰਦਰਭ/ਪ੍ਰਯੋਗ-ਉਕਤੀਆਂ ਸੰਕਲਿਤ ਕਰਨ ਲਈ ਕੋਸ਼ੀ ਪ੍ਰਸੰਗ ਦਾ ਉਲੇਖ ਕੀਤਾ ਗਿਆ ਹੈ। ਕੋਸ਼ੀ ਪ੍ਰਸੰਗ ਅਰਥ ਅਤੇ ਅਰਥ-ਭੇਦ ਦੀ ਸਪਸ਼ਟਤਾ ਅਤੇ ਨਿਖੇੜੇ ਲਈ ਅਤਿ ਆਵੱਸ਼ਕ ਹੈ। ਇਹ ਕੋਸ਼ੀ ਇਕਾਈ ਦੀ ਪ੍ਰਕਿਰਤੀ ਅਤੇ ਸਰੂਪ ਅਨੁਸਾਰ ਛੋਟਾ ਵੱਡਾ ਅਰਥਾਤ ਦੋ ਸ਼ਬਦਾਂ ਤੋਂ ਲੈ ਕੇ ਪੂਰੀ ਟੂਕ ਤਕ ਦੀ ਲੰਬਾਈ ਦਾ ਹੋ ਸਕਦਾ ਹੈ। ਕਾਰਡ ਉਪਰ ਸ਼ਬਦ ਨੂੰ ਇਸ ਦੇ ਸਾਰੇ ਸੰਭਵ ਸੰਦਰਭਾਂ ਸਹਿਤ ਲਿਖ ਲਿਆ ਜਾਂਦਾ ਹੈ। ਕੋਸ਼ਕਾਰ ਇਸ ਤੋਂ ਦੋ ਤਰ੍ਹਾਂ ਦੇ ਨਿਸ਼ਕਰਸ਼ ਕਢਦਾ ਹੈ:

"(ੳ) ਸ਼ਬਦ ਦੇ ਪ੍ਰਸੰਗਕ ਅਰਥ ਦੀ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਇਸ ਦਾ ਨਿਕਾਸੀ ਅਰਥ ਨਿਸ਼ਚਿਤ ਕੀਤਾ ਜਾਂਦਾ ਹੈ। ਬਾਅਦ ਵਿਚ ਇਸ ਨੂੰ ਸਾਰੇ ਸੰਭਵ ਪ੍ਰਸੰਗਾਂ ਦੇ ਉਚਿਤ ਅਰਥ ਤੋਂ ਪ੍ਰਮਾਣਿਤ ਕੀਤਾ ਜਾਂਦਾ ਹੈ।" ਉਦਾਹਰਣ ਵਜੋਂ, 'ਨੰਗੇ ਪੈਰੀਂ ਚੱਲਣ ਨਾਲ ਮੇਰੇ ਪੈਰ ਵਿਚ ਕੰਡਾ ਚੁਭ ਗਿਆ' ਵਾਕ ਵਿਚ ਸ਼ਬਦ ਕੰਡਾ ਦਾ ਅਰਥ 'ਸੂਲ, ਖਾਰ' ਨਿਸ਼ਚਿਤ ਕਰਨ ਉਪਰੰਤ ਹੇਠ ਲਿਖੇ ਪ੍ਰਸੰਗਾਂ ਦੇ ਅਰਥਗਤ ਨਿਖੇੜੇ ਤੋਂ ਕੰਡਾ ਸ਼ਬਦ ਦੇ ਇਨ੍ਹਾਂ ਅਰਥਾਂ ਨੂੰ ਪ੍ਰਮਾਣਿਤ ਕੀਤਾ ਜਾਂਦਾ ਹੈ:

(1) ਕੰਡਾ ਭਾਰ ਤੋਲਣ ਦੇ ਕੰਮ ਆਉਂਦਾ ਹੈ (ਤਰਾਜ਼ੂ, ਤੱਕੜੀ)।
(2) ਮੱਛੀ ਖਾਣ ਸਮੇਂ ਕੰਡੇ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ (ਮੱਛੀ ਦੀ ਹੱਡੀ)।
(3) ਖੂਹ ਵਿਚ ਡੁੱਬੀ ਬਾਲਟੀ ਕੰਡੇ ਨਾਲ ਕੱਢ ਲਓ (ਕੁੰਡਾ)।
(4) ਰਸਤੇ ਵਿਚ ਆਏ ਕੰਡੇ ਨੂੰ ਕੱਢਣਾ ਹੀ ਬਿਹਤਰ ਹੈ (ਰੋੜਾ, ਰੁਕਾਵਟ)।
(5) ਮੱਛੀ ਫੜਨ ਲਈ ਦਰਿਆ ਵਿਚ ਕੰਡਾ ਸੁੱਟ ਦਿਓ (ਕੁੰਡੀ)।
(6) ਉਹ ਤਾਂ ਫ਼ਿਕਰ ਵਿਚ ਸੁੱਕ ਕੇ ਕੰਡਾ ਹੋ ਗਿਆ (ਦੁਬਲਾ, ਪਤਲਾ)।
(7) ਠੰਡ ਵਿਚ ਸਰੀਰ ਤੇ ਕੰਡੇ ਖੜੇ ਹੋ ਜਾਂਦੇ ਹਨ (ਲੂੰ)।
(8) ਉਹ ਤਾਂ ਮੇਰੇ ਰਸਤੇ ਦਾ ਕੰਡਾ ਹੈ (ਰੋੜਾ ਅਟਕਾਉਣ ਵਾਲਾ)।

ਕੋਸ਼ਕਾਰ ਆਪਣੇ ਕੋਸ਼ ਵਿਚ ਇਨ੍ਹਾਂ ਅਰਥਾਂ ਨੂੰ ਕੰਡਾ ਮੁੱਖ ਅੰਦਰਾਜ ਦੇ ਅੰਤਰਗਤ ਦਿੰਦਾ ਹੈ। ਇਨ੍ਹਾਂ ਅਰਥਾਂ ਦੇ ਪਰਸਪਰ ਸੰਬੰਧਿਤ ਹੋਣ ਕਾਰਣ ਹੀ ਇਨ੍ਹਾਂ ਅਰਥਾਂ ਨੂੰ ਇਕ ਸ਼ਬਦ ਦੇ ਅਨੇਕ ਅਰਥ ਆਖਿਆ ਜਾਂਦਾ ਹੈ।

ਪਰ ਕਈ ਵਾਰ ਦੋ ਜਾਂ ਵੱਧ ਸੰਦਰਭ-ਉਕਤੀਆਂ ਦੇ ਅਰਥ ਪਰਸਪਰ ਸੰਬੰਧਿਤ

ਨਹੀਂ ਹੁੰਦੇ। ਹੇਠ ਲਿਖੇ ਵਾਕਾਂ ਵਿਚ **ਕਲੀ** ਸ਼ਬਦ ਦੇ ਪ੍ਰਯੋਗ ਨੂੰ ਵਾਚੋ :

(1) ਪੌਦੇ ਨੂੰ ਬਹੁਤ **ਕਲੀਆਂ** ਲੱਗੀਆਂ ਹੋਈਆਂ ਹਨ (ਡੋਡੀ)।

(2) ਮੇਰੀ **ਕਲੀ** ਵਿਚ ਪਾਣੀ ਭਰ ਦਿਓ (ਹੁੱਕੀ) ।

(3) ਸਾਲ ਵਿਚ ਇਕ ਵਾਰ ਘਰ ਨੂੰ **ਕਲੀ** ਜ਼ਰੂਰ ਕਰਵਾਓ (ਸਫ਼ੈਦੀ)।

(4) ਖੱਟੀ ਚੀਜ਼ ਨੂੰ ਕਸਿਆਉਣ ਤੋਂ ਬਚਾਉਣ ਲਈ ਭਾਂਡੇ **ਕਲੀ** ਕਰਵਾਉਣੇ ਜ਼ਰੂਰੀ ਹਨ (ਕਲਈ, ਕਾਂਸਾ)।

ਇਥੇ **ਕਲੀ** ਸ਼ਬਦ ਦੇ ਭਾਵੇਂ ਸ਼ਬਦ-ਜੋੜ ਸਮਾਨ ਹਨ ਪਰ ਸਾਰੇ ਅਰਥ ਪਰਸਪਰ ਸੰਬੰਧਿਤ ਨਹੀਂ ਹਨ। ਅਜਿਹੇ ਸ਼ਬਦਾਂ ਨੂੰ ਸਮਨਾਮੀ ਸ਼ਬਦ ਆਖਿਆ ਜਾਂਦਾ ਹੈ। ਅਜਿਹੇ ਸ਼ਬਦਾਂ ਦਾ ਆਪਣੇ ਕੋਸ਼ ਵਿਚ ਅੰਦਰਾਜ ਦੇਣ ਸਮੇਂ ਕੋਸ਼ਕਾਰ ਇਨ੍ਹਾਂ ਨੂੰ ਸੰਖਿਆਕਿਤ ਕਰਦਾ ਹੈ ਜਿਵੇਂ ਕਲੀ[1], ਕਲੀ[2], ਕਲੀ[3]...।

"(ਅ) ਕੋਸ਼ਕਾਰ ਇਨ੍ਹਾਂ ਸੰਦਰਭ-ਉਕਤੀਆਂ ਤੋਂ ਪ੍ਰਮਾਣਕ ਸ਼ਬਦ ਦਾ ਰੂਪ ਵੀ ਨਿਸ਼ਚਿਤ ਕਰ ਸਕਦਾ ਹੈ।"[4]

ਪਰੰਤੂ ਕੋਸ਼ਕਾਰ ਨੂੰ ਅੰਦਰਾਜ ਤਿਆਰ ਕਰਦਿਆਂ ਸੱਖਣੇ, ਅਪੂਰਣ ਅਤੇ ਅਸਪਸ਼ਟ ਸੰਦਰਭਾਂ ਤੋਂ ਬਚਣਾ ਚਾਹੀਦਾ ਹੈ ਜਿਵੇਂ 'ਉਹ ਲੇਟ ਗਿਆ' ਅਸਪਸ਼ਟ ਪ੍ਰਸੰਗ ਹੈ ਕਿਉਂਕਿ ਇਸ ਤੋਂ **ਲੇਟ** ਸ਼ਬਦ ਦੇ ਅਰਥਾਂ ਦਾ ਸਪਸ਼ਟ ਬੋਧ ਪ੍ਰਾਪਤ ਨਹੀਂ ਹੁੰਦਾ। ਇਸ ਦਾ ਅਰਥ 'ਲੇਟਣਾ' ਵੀ ਹੋ ਸਕਦਾ ਹੈ ਅਤੇ 'ਦੇਰੀ ਨਾਲ ਪਹੁੰਚਣਾ' ਵੀ। ਇਸੇ ਤਰ੍ਹਾਂ 'He gave me a ring' ਵਿਚ ring ਸ਼ਬਦ ਦਾ ਅਰਥ 'ਮੁੰਦਰੀ' ਜਾਂ 'ਟੈਲੀਫੋਨ' ਸਪਸ਼ਟ ਨਹੀਂ ਹੈ। ਇਹ ਸੰਦਰਭ-ਉਕਤੀਆਂ ਸਪਸ਼ਟ ਅਤੇ ਮੁਕੰਮਲ ਹੋਣੀਆਂ ਚਾਹੀਦੀਆਂ ਹਨ। ਇੰਜ ਹੀ ਪ੍ਰਕਾਰਜੀ ਸ਼ਬਦਾਂ ਜਿਵੇਂ ਤੋਂ, ਦਾ ਆਦਿ ਲਈ ਵੱਧ ਤੋਂ ਵੱਧ ਟੂਕਾਂ ਸੰਕਲਿਤ ਕੀਤੀਆਂ ਜਾਣੀਆਂ ਜ਼ਰੂਰੀ ਹਨ। ਘੱਟ ਟੂਕਾਂ ਸੰਕਲਿਤ ਕਰਨ ਨਾਲ ਇਨ੍ਹਾਂ ਕੋਸ਼ੀ ਇਕਾਈਆਂ ਦੇ ਵਿਵਿਧ ਅਤੇ ਜਟਿਲ ਪ੍ਰਯੋਗ ਉਜਾਗਰ ਨਹੀਂ ਹੋ ਸਕਣਗੇ।

4.1.2.2 ਅਲਿਖਿਤ/ਮੌਖਿਕ ਭਾਸ਼ਾਵਾਂ ਲਈ ਸਾਮੱਗਰੀ ਸੰਕਲਨ : ਕੋਸ਼ਕਾਰੀ ਮੁੱਖ ਰੂਪ ਵਿਚ ਖੇਤਰੀ ਅਨੁਸ਼ਾਸਨ ਹੈ। ਲਿਖਿਤ ਸਾਹਿਤ ਵਿਚੋਂ ਸਾਮੱਗਰੀ ਸੰਕਲਨ ਦੇ ਨਾਲ ਨਾਲ ਲੋਕ ਜੀਵਨ ਦੇ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਸਾਮੱਗਰੀ ਇਕੱਤਰ ਕਰਨ ਲਈ ਲੋਕਾਂ ਨਾਲ ਸਿੱਧਾ ਸੰਪਰਕ ਅਨਿਵਾਰੀ ਹੈ। ਜਿਨ੍ਹਾਂ ਭਾਸ਼ਾਵਾਂ ਦਾ ਲਿਖਿਤ ਸਾਹਿਤ ਉਪਲਬਧ ਨਹੀਂ ਹੈ, ਉਨ੍ਹਾਂ ਲਈ ਸਾਮੱਗਰੀ ਸੰਕਲਨ ਦੀ ਪ੍ਰਵਾਨਿਤ ਵਿਧੀ ਨੂੰ ਖੇਤਰੀ ਕਾਰਜ ਜਾਂ ਸਰਵੇਖਣ ਵਿਧੀ ਆਖਦੇ ਹਨ। ਉਪਲਬਧ ਲਿਖਤਾਂ ਵਿਚੋਂ ਸਾਮੱਗਰੀ ਇਕੱਤਰ ਕਰਨ ਦੇ ਵਿਪਰੀਤ, ਖੇਤਰੀ ਕਾਰਜ ਸੰਕਲਿਤ ਭਾਸ਼ਾਈ ਪਾਠਾਂ ਵਿਚੋਂ ਸਾਮੱਗਰੀ ਨਿਕਾਸੀ ਦਾ ਸਿੱਧਾ ਕਾਰਜ ਹੈ। ਦਰਅਸਲ ਇਹ ਵਿਧੀ ਭਾਸ਼ਾਈ ਮੱਦਾਂ ਇਕੱਤਰ ਕਰਨ ਲਈ ਬੋਲੀ ਕਾਰਜਾਂ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਦੀ ਪ੍ਰਕ੍ਰਿਆ ਹੈ। ਇਹ ਭਾਸ਼ਾਈ ਮੱਦਾਂ ਸਾਨੂੰ ਧੁਨੀਆਂ, ਸ਼ਬਦਾਂ, ਵਾਕਾਂਸ਼ਾਂ, ਵਾਕਾਂ ਅਤੇ ਸਭ ਆਕਾਰ ਤੇ ਪ੍ਰਕਾਰ ਦੇ ਮੌਖਿਕ ਪਾਠਾਂ

ਦੇ ਰੂਪ ਵਿਚ ਉਪਲਬਧ ਹੋ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਖੇਤਰੀ ਕਾਰਜ ਦਾ ਪ੍ਰਯੋਗ ਕੇਵਲ ਮੌਖਿਕ ਸਾਹਿਤ ਦੀ ਸ਼ਬਦਾਵਲੀ ਇਕੱਤਰ ਕਰਨ ਲਈ ਹੀ ਕੀਤਾ ਜਾਂਦਾ ਹੈ। ਲਿਖਿਤ ਸਾਹਿਤ ਦੀਆਂ ਭਾਸ਼ਾਵਾਂ ਵਿਚ ਵੀ ਇਸ ਵਿਧੀ ਦਾ ਪ੍ਰਯੋਗ ਉਪਯੋਗੀ ਢੰਗ ਨਾਲ ਕੀਤਾ ਜਾ ਸਕਦਾ ਹੈ। ਲੋਕ ਬੋਲੀ ਵਿਚ ਪ੍ਰਚਲਿਤ ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਹੜੇ ਲਿਖਿਤ ਸਾਹਿਤ ਵਿਚ ਰਿਕਾਰਡ ਕੀਤੇ ਨਹੀਂ ਮਿਲਦੇ ਜਿਵੇਂ ਪਿੱਛੇ ਜਿਹੇ ਛਪੇ ਇਕ ਅੰਗ੍ਰੇਜ਼ੀ ਕੋਸ਼ ਵਿਚ lexicology, signifier ਆਦਿ ਸ਼ਬਦਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ, ਜਾਂ ਉਨ੍ਹਾਂ ਸ਼ਬਦਾਂ ਦਾ ਪ੍ਰਯੋਗ ਲਿਖਿਤ ਭਾਸ਼ਾ-ਸਾਮੱਗਰੀ ਤੋਂ ਸਪਸ਼ਟ ਨਹੀਂ ਹੁੰਦਾ। ਇੰਜ ਖੇਤਰੀ ਕਾਰਜ ਕੋਸ਼ਕਾਰੀ ਵਿਚ ਇਕ ਉਪਯੋਗੀ ਵਿਧੀ ਹੈ ਕਿਉਂਕਿ ਇਹ ਉਪੇਖਿਅਤ ਸਾਮੱਗਰੀ ਸੰਬੰਧੀ ਉਸ ਕਿਸਮ ਦੀ ਸੂਚਨਾ ਇਕੱਤਰ ਕਰਨ ਵਿਚ ਸਹਾਈ ਹੁੰਦੀ ਹੈ ਜਿਹੜੀ ਹੋਰਨਾਂ ਵਿਧੀਆਂ ਰਾਹੀਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਅਸੀਂ ਕੋਸ਼ਕਾਰੀ ਵਿਚ ਇਸ ਵਿਧੀ ਦਾ ਅਜੇ ਤਕ ਘੱਟ ਹੀ ਪ੍ਰਯੋਗ ਕੀਤਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਤਿਆਰ ਕਰਨ ਸਮੇਂ ਇਸ ਵਿਧੀ ਦਾ ਆਂਸ਼ਿਕ ਪ੍ਰਯੋਗ ਕਰਨ ਦਾ ਦਾਅਵਾ ਕੀਤਾ ਗਿਆ ਹੈ। ਅਸੀਂ ਕੇਵਲ ਇੱਕੜ-ਦੁੱਕੜ ਲਫ਼ਜ਼ਾਂ ਜਾਂ ਉਕਤੀਆਂ ਬਾਰੇ ਕੁਝ ਕੁ ਗਿਣੇ-ਚੁਣੇ ਬੰਦਿਆਂ (ਸਹਿਕਰਮੀਆਂ, ਮਾਹਿਰਾਂ ਆਦਿ) ਦੀ ਸਲਾਹ ਤਾਂ ਲੈ ਲੈਂਦੇ ਹਾਂ, ਪਰੰਤੂ ਸ਼ਬਦਾਵਲੀ ਦੀ ਨਿਕਾਸੀ ਲਈ ਭਾਸ਼ਾ ਦੇ ਸਾਧਾਰਣ ਬੁਲਾਰਿਆਂ ਨਾਲ ਸੰਪਰਕ ਕਾਇਮ ਨਹੀਂ ਕਰਦੇ। ਇਸੇ ਕਰਕੇ ਸਾਡੇ ਕੋਸ਼ ਠੇਠ ਅਤੇ ਮਿਆਰੀ ਸ਼ਬਦਾਂ ਤੋਂ ਵੰਚਿਤ ਰਹਿ ਜਾਂਦੇ ਹਨ। ਇੰਜ ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਬੜਾ ਵੱਡਾ ਨੁਕਸ ਰਹਿ ਜਾਂਦਾ ਹੈ।

ਖੇਤਰੀ ਕਾਰਜ ਵਿਧੀ ਅਨੁਸਾਰ ਸ਼ਬਦਾਵਲੀ ਇਕੱਤਰ ਕਰਨ ਲਈ ਕੋਸ਼ ਦੇ ਆਕਾਰ ਅਤੇ ਪ੍ਰਕਾਰ ਅਨੁਸਾਰ ਵੱਖ ਵੱਖ ਖਿੱਤਿਆਂ ਅਤੇ ਖੇਤਰਾਂ ਵਿਚ ਵਿਭਿੰਨ ਸੂਚਕ ਨਿਯਤ ਕੀਤੇ ਜਾਂਦੇ ਹਨ। ਉਹ ਕੇਵਲ ਸ਼ਬਦਾਵਲੀ ਇਕੱਤਰ ਕਰਨ ਵਿਚ ਹੀ ਮਦਦ ਨਹੀਂ ਕਰਦੇ, ਸਗੋਂ ਸਾਮੱਗਰੀ ਦੇ ਨਿਰੀਖਣ, ਛਾਂਟੀ ਅਤੇ ਅਰਥ-ਨਿਰਧਾਰਣ ਵਿਚ ਵੀ ਸਹਾ-ਇਤਾ ਕਰਦੇ ਹਨ। ਸਭ ਆਯੂ-ਸਮੂਹਾਂ ਅਤੇ ਵਿਭਿੰਨ ਸਮਾਜਕ ਅਤੇ ਆਰਥਿਕ ਵਰਗਾਂ ਨਾਲ ਸੰਬੰਧਿਤ ਇਸਤਰੀਆਂ ਪੁਰਸ਼ਾਂ ਦੇ ਪ੍ਰਤਿਨਿਧ ਸੂਚਕ ਮੁਕੱਰਰ ਕਰਨੇ ਚਾਹੀਦੇ ਹਨ। ਇਸ ਦੇ ਇਲਾਵਾ ਖੇਤਰੀ ਕਾਰਜ ਰਾਹੀਂ ਸ਼ਬਦਾਵਲੀ ਇਕੱਤਰ ਕਰਨ ਲਈ ਪ੍ਰਸ਼ਨ-ਪੱਤਰ, ਟੇਪ-ਰਿਕਾਰਡਰ, ਮੁਲਾਕਾਤਾਂ, ਬਿਰਤਾਂਤਕ ਢੰਗ, ਵਿਭਿੰਨ ਸਮਾਜਕ ਸਮੂਹਾਂ, ਕਿੱਤਿਆਂ, ਵਿਭਿੰਨ ਰਸਮਾਂ-ਰਿਵਾਜਾਂ ਸਮੇਂ ਰਿਕਾਰਡਿੰਗ, ਅਖ਼ਬਾਰੀ ਇਸ਼ਤਿਹਾਰਾਂ, ਵਿਭਿੰਨ ਆਯੂ-ਸਮੂਹ ਦੇ ਸੂਚਕਾਂ ਆਦਿ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਫਿਰ ਇਸ ਸ਼ਬਦਾਵਲੀ ਦੀ ਕਿਸੇ ਹੋਰ ਸ੍ਰੋਤ ਰਾਹੀਂ ਤੁਲਨਾ ਅਤੇ ਪੁਸ਼ਟੀ ਕੀਤੀ ਜਾਂਦੀ ਹੈ।

ਸਾਮੱਗਰੀ ਇਕੱਤਰ ਕਰਨ ਦੀ ਵਿਧੀ : ਮੌਖਿਕ/ਅਲਿਖਿਤ ਸਾਹਿਤ ਦੀਆਂ ਭਾਸ਼ਾਵਾਂ ਦੀ ਸਾਮੱਗਰੀ ਇਕੱਤਰ ਕਰਨ ਲਈ ਕੋਸ਼ਕਾਰ ਨੂੰ ਸੰਬੰਧਿਤ ਭਾਸ਼ਾ ਦੇ ਲੋਕਾਂ ਦੇ ਸਮਾਜਕ,

ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਵਰਤਾਰਿਆਂ ਨਾਲ ਸੰਬੰਧਿਤ ਸਮੁੱਚੀ ਸ਼ਬਦਾਵਲੀ ਦਾ ਭਰਪੂਰ ਗਿਆਨ ਹੋਣਾ ਆਵੱਸ਼ਕ ਹੈ। ਸ਼ਬਦ ਸੰਕਲਨ ਲਈ ਲੋਕ ਜੀਵਨ ਦੇ ਹਰੇਕ ਖਿੱਤੇ ਨੂੰ ਅਮਲੀ ਪੱਧਰ ਤੇ ਗਾਹੁਣਾ ਪੈਂਦਾ ਹੈ। ਵਿਭਿੰਨ ਅਰਥ-ਖੇਤਰਾਂ ਅਤੇ ਵਿਆਕਰਣਕ ਕੋਟੀਆਂ ਸੰਬੰਧੀ ਮੂਲ ਸ਼ਬਦ ਸੂਚੀ ਹੇਠ ਦਿੱਤੇ ਖੇਤਰਾਂ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਭਾਵੇਂ ਇਹ ਸੂਚੀ ਵੀ ਨਿਰਸੰਦੇਹ ਵਿਸਤ੍ਰਿਤ ਅਤੇ ਸੰਪੂਰਣ ਨਹੀਂ ਆਖੀ ਜਾ ਸਕਦੀ : (1) ਪ੍ਰਕਿਰਤੀ—ਜ਼ਮੀਨ, ਪਾਣੀ, ਆਕਾਸ਼, ਪ੍ਰਾਕ੍ਰਿਤਿਕ ਘਟਨਾਵਾਂ, ਭੂਗੋਲਕ ਅਤੇ ਖਗੋਲੀ ਮੱਦਾਂ, ਦਿਸ਼ਾਵਾਂ, ਹਵਾਵਾਂ, ਮੌਸਮ, ਰੁੱਤਾਂ ਆਦਿ; (2) ਮਨੁੱਖਤਾ—ਲਿੰਗ, ਪਰਿਵਾਰ, ਰਿਸ਼ਤੇ, ਸਰੀਰ ਦੇ ਅੰਗ, ਸਰੀਰਕ ਕਾਰਜ ਅਤੇ ਅਵਸਥਾਵਾਂ, ਰੋਗ ਅਤੇ ਇਲਾਜ; (3) ਕੱਪੜੇ ਅਤੇ ਨਿੱਜੀ ਸ਼ਿੰਗਾਰ-ਸਾਮੱਗਰੀ; (4) ਭੋਜਨ ਅਤੇ ਪੀਣ ਵਾਲੇ ਪਦਾਰਥ, ਇਨ੍ਹਾਂ ਨੂੰ ਤਿਆਰ ਕਰਨ ਦੀਆਂ ਵਿਧੀਆਂ; (5) ਰਿਹਾਇਸ਼—ਮਕਾਨ, ਲੱਕੜ ਦੇ ਸਾਮਾਨ ਆਦਿ ਦੇ ਭਾਗ; (6) ਰਸੋਈ ਦੇ ਬਰਤਨ, ਸੰਦ, ਹਥਿਆਰ ਆਦਿ; (7) ਜੀਵ-ਜੰਤੂ ਅਤੇ ਬਨਸਪਤੀ ਜਿਸ ਵਿਚ ਪਸ਼ੂਆਂ ਦੇ ਸਰੀਰ ਦੇ ਅੰਗ, ਰੋਗ, ਉਪਚਾਰ ਆਦਿ ਸ਼ਾਮਿਲ ਹੋਣ; (8) ਕਿੱਤੇ ਅਤੇ ਵਿਵਸਾਇ— ਉਪਕਰਣ, ਰਸਮਾਂ ਆਦਿ; (9) ਸੜਕ ਅਤੇ ਪਰਿਵਹਿਣ; (10) ਇੰਦਰੀ ਪ੍ਰਤੱਖਣ; (11) ਭਾਵ—ਸੁਭਾਵਕ, ਨੈਤਿਕ ਅਤੇ ਸੁਹਜਾਤਮਕ (ਜਿਨ੍ਹਾਂ ਵਿਚ ਅਪਮਾਨ, ਸਰਾਪ ਆਦਿ ਸ਼ਾਮਿਲ ਹੁੰਦੇ ਹਨ); (12) ਸਰਕਾਰ, ਯੁੱਧ, ਕਾਨੂੰਨ; (13) ਧਰਮ; (14) ਸਿਖਿਆ; (15) ਖੇਡਾਂ ਅਤੇ ਦਿਲ-ਪਰਚਾਵੇ, ਮਨੋਰੰਜਨ, ਸੰਗੀਤ, ਨ੍ਰਿਤ, ਨਾਟਕ; (16) ਧਾਤਾਂ; (17) ਅੰਕ ਅਤੇ ਗਿਣਤੀ-ਪ੍ਰਣਾਲੀ; (18) ਸਮੇਂ, ਸਥਾਨ, ਪਰਿਮਾਣ, ਭਾਰ, ਮਾਤਰਾ ਦਾ ਮਾਪ; (19) ਪ੍ਰਕਾਰਜੀ ਸ਼ਬਦ; (20) ਮੇਲੇ, ਉਸਤਵ, ਰੀਤੀ-ਰਿਵਾਜ, ਵਿਸ਼ਵਾਸ ਆਦਿ; (21) ਕ੍ਰਿਆਵਾਂ : (ੳ) ਸਰੀਰਕ ਕ੍ਰਿਆਵਾਂ; (ਅ) ਉਪਕਰਣ-ਬੋਧਕ ਕ੍ਰਿਆਵਾਂ, (ੲ) ਯੁੱਧ ਕ੍ਰਿਆਵਾਂ; (ਸ) ਸੰਗੀਤ ਕ੍ਰਿਆਵਾਂ; (ਹ) ਗਤੀ ਕ੍ਰਿਆਵਾਂ; (ਕ) ਕਿੱਤੇ ਸੰਬੰਧੀ ਕ੍ਰਿਆਵਾਂ; (ਖ) ਰਸੋਈ ਸੰਬੰਧੀ ਕ੍ਰਿਆਵਾਂ; (ਗ) ਸ਼ਿੰਗਾਰ ਸਾਮੱਗਰੀ ਸੰਬੰਧੀ ਕ੍ਰਿਆਵਾਂ; (ਘ) ਸੰਚਾਰੀ ਕ੍ਰਿਆਵਾਂ; (ਙ) ਸਥਿਰ ਕ੍ਰਿਆਵਾਂ; (ਚ) ਗਿਆਨ ਸੰਬੰਧੀ ਕ੍ਰਿਆਵਾਂ; (ਛ) ਸੰਵੇਦੀ ਕ੍ਰਿਆਵਾਂ; (ਜ) ਭਾਵੁਕ ਕ੍ਰਿਆਵਾਂ; (ਝ) ਹੋਰ ਕ੍ਰਿਆਵਾਂ।

ਹਰੇਕ ਖੇਤਰ ਵਿਚੋਂ ਸ਼ਬਦਾਵਲੀ ਇਕੱਤਰ ਕਰਨ ਦਾ ਕਾਰਜ ਉਸ ਖੇਤਰ ਦੇ ਪ੍ਰਤਿਨਿਧ ਸੂਚਕ ਨੂੰ ਸੌਂਪਿਆ ਜਾਂਦਾ ਹੈ। ਉਦਾਹਰਣ ਵਜੋਂ, ਖੇਤੀਬਾੜੀ ਬਾਰੇ ਸ਼ਬਦਾਵਲੀ ਇਕੱਤਰ ਕਰਨ ਲਈ ਕਿਸਾਨ ਅਤੇ ਖੇਤ-ਮਜ਼ਦੂਰ ਨੂੰ ਸੂਚਕ ਥਾਪਿਆ ਜਾ ਸਕਦਾ ਹੈ। ਪਰੰਤੂ ਇਸ ਵਿਧੀ ਰਾਹੀਂ ਅਧਿਕਤਰ ਸ਼ਬਦਾਵਲੀ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਸ਼ਬਦਾਂ ਦੀ ਉਪਯੁਕਤ ਪਰਿਭਾਸ਼ਾ ਜਾਂ ਵਰਣਨ ਪ੍ਰਾਪਤ ਨਾ ਹੋਣ ਕਾਰਣ ਅਰਥਾਂ ਬਾਰੇ ਬਹੁਤੀ ਸਪਸ਼ਟਤਾ ਨਹੀਂ ਹੁੰਦੀ। ਸਾਮੱਗਰੀ ਦਾ ਵਿਸ਼ਲੇਸ਼ਣ, ਭਾਸ਼ਾ ਦਾ ਵਿਆਕਰਣਕ ਵਿਸ਼ਲੇਸ਼ਣ ਅਤੇ ਕੋਸ਼ੀ ਇਕਾਈ ਨੂੰ ਸੁਨਿਸ਼ਚਿਤ ਕਰਨ ਦਾ ਕਾਰਜ ਕੋਸ਼ਕਾਰ ਨੂੰ ਖੁਦ ਹੀ ਕਰਨਾ ਪੈਂਦਾ ਹੈ। ਇੰਜ ਖੇਤਰੀ

ਕੋਸ਼ਕਾਰ ਲਈ ਸ਼ਬਦ-ਜੁੱਟਾਂ, ਸਮਾਸਾਂ, ਸ਼ਬਦ-ਸੰਗਤ, ਸੁਨਿਸ਼ਚਿਤ ਉਕਤੀਆਂ ਇਕੱਤਰ ਕਰਨ ਦੀ ਸਮੱਸਿਆ ਵੀ ਕੋਈ ਘੱਟ ਗੰਭੀਰ ਨਹੀਂ ਹੈ। ਕਈ ਵਾਰ ਇਕ ਵਸਤੂ ਲਈ ਦੋ ਸ਼ਬਦ ਪ੍ਰਚਲਿਤ ਹੁੰਦੇ ਹਨ ਜਾਂ ਕਈ ਵਾਰ ਸੂਚਕ ਨੂੰ ਸਾਮ੍ਹਣੇ ਪ੍ਰਤੱਖ ਪਦਾਰਥ ਲਈ ਉਚਿਤ ਸ਼ਬਦ ਨਹੀਂ ਔੜਦਾ ਅਤੇ ਉਸ ਦੀ ਥਾਂ ਕੋਈ ਘੱਟ ਉਪਯੁਕਤ ਸ਼ਬਦ ਦਾ ਸੁਝਾਅ ਦਿੰਦਾ ਹੈ। ਇਉਂ ਹੀ ਜੀਵ-ਜੰਤੂ, ਬਨਸਪਤੀ ਅਤੇ ਸਭਿਆਚਾਰ-ਸਾਪੇਖ ਸ਼ਬਦਾਵਲੀ ਦੇ ਅਰਥਾਂ ਦੀ ਪਛਾਣ ਅਤੇ ਨਿਰਧਾਰਣ ਕਾਰਜ ਅਲਿਖਿਤ ਭਾਸ਼ਾ ਦੇ ਕੋਸ਼ਕਾਰ ਲਈ ਸਮੱਸਿਆਕਾਰੀ ਖੇਤਰ ਹੈ। ਕੋਸ਼ਕਾਰ ਨੂੰ ਸ਼ਬਦਾਵਲੀ ਨਾਲ ਸੰਬੰਧਿਤ ਸਾਰੇ ਸੰਭਵ ਪ੍ਰਸੰਗ ਇਕੱਤਰ ਕਰ ਕੇ ਵਿਵਸਥਿਤ ਢੰਗ ਨਾਲ ਅਰਥ ਨਿਰਧਾਰਿਤ ਕਰਨੇ ਚਾਹੀਦੇ ਹਨ।

ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਸੰਕਲਿਤ ਸਾਮੱਗਰੀ ਨੂੰ ਹੇਠ ਲਿਖੇ ਢੰਗ ਅਨੁਸਾਰ ਵਿਵਸਥਿਤ ਕਰਨਾ ਚਾਹੀਦਾ ਹੈ:

(1) ਧਾਤੂ-ਸ਼ਬਦ, ਇਨ੍ਹਾਂ ਦੇ ਵਿਉਤਪੰਨ ਸ਼ਬਦ ਅਤੇ ਸਮਾਸ; (2) ਵਿਆਕਰਣਕ ਕੋਟੀਆਂ ਅਨੁਸਾਰ ਸ਼ਬਦ; (3) ਨਾਂਵ ਅਤੇ ਕ੍ਰਿਆ ਵਜੋਂ ਵਰਤੇ ਜਾਂਦੇ ਸ਼ਬਦ; (4) ਅੱਖਰਾਂ ਦੀ ਗਿਣਤੀ ਅਨੁਸਾਰ ਸ਼ਬਦ; (5) ਬੋਲੀ ਦੀਆਂ ਭਿੰਨਤਾਵਾਂ, ਵਰਗ-ਸ਼ਬਦਾਵਲੀਆਂ ਜਾਂ ਪ੍ਰਵਰਗਾਂ ਦੇ ਸ਼ਬਦ; (6) ਸਮੂਹ ਨਾਂਵ; (7) ਪਰਿਆਇ; (8) ਵਿਪਰਿਆਇ; (9) ਅਪ੍ਰਚਲਿਤ ਸ਼ਬਦ; (10) ਉਧਾਰ/ਮੰਗਵੇਂ ਸ਼ਬਦ; (11) ਉਪਭਾਸ਼ਾਈ ਸ਼ਬਦ; (12) ਅਰਥਾਂ ਦੀ ਗਿਣਤੀ ਅਨੁਸਾਰ ਸਬਦ; (13) ਭਾਸ਼ਾ ਦੀ ਸ਼ਬਦਾਵਲੀ ਵਿਚ ਹਰੇਕ ਸਦੀ ਵਿਚ ਅਪਣਾਏ ਸ਼ਬਦ; (14) ਮੂਲ ਅਰਥਾਂ ਅਤੇ ਪਰਿਵਰਤਿਤ ਅਰਥਾਂ ਸਹਿਤ ਸ਼ਬਦ; (15) ਹੋਰ ਵਿਭਿੰਨ ਪ੍ਰਕਾਰ ਦੇ ਸ਼ਬਦ; (16) ਭਾਸ਼ਾ-ਵਿਸ਼ੇਸ਼ ਦੇ ਸ਼ਬਦ ਜਿਹੜੇ ਦੂਜੀਆਂ ਭਾਸ਼ਾਵਾਂ ਵਿਚ ਅਪਣਾ ਲਏ ਗਏ ਹਨ।[6]

4.1.2.3 ਅੰਦਰਾਜਾਂ ਦੀ ਚੋਣ : ਉਪਰੋਕਤ ਵਿਧੀਆਂ ਰਾਹੀਂ ਸੰਕਲਿਤ ਸਾਮੱਗਰੀ ਨੂੰ ਅੱਗੋਂ ਵਿਵਸਥਿਤ ਰੂਪ ਪ੍ਰਦਾਨ ਕਰਨ ਲਈ ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਅਗਲੀ ਸਟੇਜ ਅੰਦਰਾਜਾਂ ਦੀ ਚੋਣ ਹੈ। ਇਸ ਕਾਰਜ ਨੂੰ ਸਫਲਤਾਪੂਰਵਕ ਨਿਭਾਉਣ ਲਈ ਸਮੇਂ ਅਤੇ ਵਿੱਤ ਦੀ ਵਿਵਹਾਰਕ ਸੀਮਾ ਨੂੰ ਮੁੱਖ ਰੱਖਣਾ ਆਵੱਸ਼ਕ ਹੈ। ਨਾਲੇ, ਹਰੇਕ ਕੋਸ਼ ਵਿਚ ਸਮੁੱਚੀ ਸੰਕਲਿਤ ਸਾਮੱਗਰੀ ਨੂੰ ਸਮੋਇਆ ਵੀ ਨਹੀਂ ਜਾ ਸਕਦਾ ਜਿਸ ਕਰਕੇ ਸ਼ਬਦਾਂ ਦੀ ਚੋਣ ਅਤਿ ਆਵੱਸ਼ਕ ਹੈ। ਕੋਸ਼ ਦਾ ਆਕਾਰ ਤੇ ਪ੍ਰਕਾਰ, ਕੋਸ਼ ਦਾ ਉਦੇਸ਼, ਸ਼ਬਦਾਂ ਦੀ ਪ੍ਰਕਿਰਤੀ ਅਤੇ ਰੂਪਾਤਮਕ ਭਿੰਨਤਾਵਾਂ, ਭਾਸ਼ਾਂ ਦੀਆਂ ਵਿਭਿੰਨ ਸਥਾਨਕ ਅਤੇ ਸਮਾਜਕ ਭਿੰਨਤਾਵਾਂ ਆਦਿ ਤੱਥ ਅੰਦਰਾਜਾਂ ਦੀ ਚੋਣ ਦੇ ਕਾਰਜ ਨੂੰ ਪ੍ਰਭਾਵਿਤ ਕਰਦੇ ਹਨ। ਅੰਦਰਾਜਾਂ ਦੀ ਚੋਣ ਕਰਨ ਸਮੇਂ ਕੋਸ਼ਕਾਰ ਨੂੰ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ:

(1) **ਕਾਰਜਸ਼ੀਲ ਅਤੇ ਵਿਵਹਾਰਕ ਸ਼ਬਦਾਵਲੀ :** ਕੋਸ਼ ਦੇ ਆਕਾਰ, ਪ੍ਰਕਾਰ ਅਤੇ ਉਦੇਸ਼ ਅਨੁਸਾਰ ਸੰਕਲਿਤ ਸਾਮੱਗਰੀ ਵਿਚੋਂ ਸਭ ਤੋਂ ਪਹਿਲਾਂ ਕੋਸ਼ ਵਿਚ ਕਾਰਜਸ਼ੀਲ ਅਤੇ ਵਿਵਹਾਰਕ ਸ਼ਬਦਾਵਲੀ ਨੂੰ ਸ਼ਾਮਿਲ ਕਰਨਾ ਜ਼ਰੂਰੀ ਹੈ। ਅਜਿਹੀ ਸ਼ਬਦਾਵਲੀ ਦੇ ਅੰਤਰਗਤ ਮੁੱਖ ਸ਼ਬਦਾਂ ਅਤੇ ਪ੍ਰਭਾਵੀ ਅਰਥਾਂ ਨੂੰ ਤਰਜੀਹੀ ਆਧਾਰ ਤੇ ਰਿਕਾਰਡ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ, ਜੇ ਅਜੋਕੇ ਪਾਠਕਾਂ ਦੀਆਂ ਲੋੜਾਂ ਦੀ ਪੂਰਤੀ ਲਈ 'ਵਿਵਹਾਰਕ ਪੰਜਾਬੀ ਕੋਸ਼' ਤਿਆਰ ਕਰਨਾ ਹੋਵੇ ਤਾਂ ਕੇਵਲ ਸਮਕਾਲੀ ਭਾਸ਼ਾ ਵਿਚੋਂ ਹੀ ਅਧਿਕ ਪ੍ਰਚਲਿਤ ਸ਼ਬਦਾਵਲੀ ਦੀ ਚੋਣ ਕਰਨੀ ਹੋਵੇਗੀ। ਇਸ ਵਿਚ ਪ੍ਰਾਚੀਨ ਸਾਹਿਤ ਦੀ ਸ਼ਬਦਾਵਲੀ, ਭਾਸ਼ਾ ਦੇ ਅਪ੍ਰਚਲਿਤ ਅਤੇ ਪ੍ਰਾਚੀਨ ਪ੍ਰਯੋਗਾਂ ਅਤੇ ਸ਼ਬਦ-ਰੂਪਾਂ ਨੂੰ ਸ਼ਾਮਿਲ ਕਰਨ ਦੀ ਲੋੜ ਨਹੀਂ ਹੈ। ਕੇਵਲ ਮੌਜੂਦਾ ਪ੍ਰਚਲਿਤ ਅਰਥਾਂ ਵਾਲੀਆਂ ਕੋਸ਼ੀ ਇਕਾਈਆਂ ਨੂੰ ਹੀ ਲੈਣਾ ਹੋਵੇਗਾ ਜਿਵੇਂ **ਬਰਭੰਡ** ਦੀ ਥਾਂ **ਬ੍ਰਹਿਮੰਡ**, **ਬਰਮਾ** ਦੀ ਥਾਂ **ਬ੍ਰਹਮਾ**, **ਦਾਰੂ** ਦੀ ਥਾਂ **ਦਵਾਈ/ਸ਼ਰਾਬ**, **ਮੱਠ** ਦੀ ਥਾਂ **ਸਕੂਲ** ਆਦਿ।

(2) **ਸਮਾਸ :** ਭਾਸ਼ਾ ਦੇ ਪ੍ਰਯੋਗ ਨੂੰ ਗਤੀਸ਼ੀਲਤਾ ਅਤੇ ਲਚਕ ਪ੍ਰਦਾਨ ਕਰਨ ਕਰਕੇ ਕੋਸ਼ ਵਿਚ ਸਮਾਸਾਂ ਦਾ ਮਹੱਤਵਪੂਰਣ ਯੋਗਦਾਨ ਹੈ। ਇਕ ਤੋਂ ਵੱਧ ਧਾਤੂਆਂ ਜਾਂ ਪ੍ਰਤਿਆਂ ਨੂੰ ਸੁਤੰਤਰ ਜਾਂ ਸੰਬੱਧ ਰੂਪ ਵਿਚ ਇਕ ਦੂਜੇ ਨਾਲ ਜੋੜਨ ਨੂੰ ਸਮਾਸ ਆਖਦੇ ਹਨ। ਸਮਾਸਾਂ ਵਿਚ ਵਿਭਿੰਨ ਭਾਸ਼ਾ-ਤੱਤਾਂ ਨੂੰ ਇਸ ਤਰ੍ਹਾਂ ਮਿਲਾਇਆ ਜਾਂਦਾ ਹੈ ਕਿ ਉਹ ਵਾਕ ਵਿਚ ਸੁਤੰਤਰ ਕੋਸ਼ੀ ਇਕਾਈ ਵਜੋਂ ਕਾਰਜ ਕਰਦੇ ਹਨ। ਸਮਾਸ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਕਿਸੇ ਹੋਰ ਸ਼ਬਦ ਜਾਂ ਸ਼ਬਦਾਂਸ਼ ਦਾ ਪ੍ਰਵੇਸ਼ ਨਹੀਂ ਹੋ ਸਕਦਾ ਅਤੇ ਇਸੇ ਅਖੰਡਤਾ ਦੇ ਗੁਣ-ਲੱਛਣ ਕਰਕੇ ਇਸ ਦੇ ਵਿਭਿੰਨ ਰਚਨਾਕਾਰੀ ਅੰਗਾਂ ਦੇ ਕ੍ਰਮ ਨੂੰ ਉਲਟਾਇਆ ਨਹੀਂ ਜਾ ਸਕਦਾ ਜਿਵੇਂ ਘੋਗਲਕੰਨਾ, ਘਰਵਾਲਾ, ਕਮੱਕਲੀ (ਕਮ-ਅਕਲੀ), ਚਿੜੀਮਾਰ, ਪਾਟੇ ਖਾਂ, ਹੱਥਕੜੀ, ਰਾਜਕੁਮਾਰ ਆਦਿ। ਕੋਸ਼ ਵਿਚ ਸਮਾਸਾਂ ਦਾ ਅੰਦਰਾਜ ਕਰਨ ਸਮੇਂ ਇਨ੍ਹਾਂ ਦੇ ਰੂਪਾਤਮਕ ਅਤੇ ਅਰਥਗਤ ਲੱਛਣਾਂ ਨੂੰ ਆਧਾਰ ਬਣਾਇਆ ਜਾਂਦਾ ਹੈ। **ਰੂਪਾਤਮਕ** ਤੌਰ ਤੇ ਕਈ ਵਾਰੀ ਸਮਾਸ ਵਿਚ ਕੁਝ ਤੱਤ ਆਪਣਾ ਰੂਪ ਬਰਕਰਾਰ ਰਖਦੇ ਹਨ ਜਿਵੇਂ ਘਰਵਾਲਾ, ਚਿੜੀਮਾਰ, ਕੋਸ਼-ਵਿਗਿਆਨ ਆਦਿ; ਕਈ ਵਾਰੀ ਸਮਾਸ ਵਿਚ ਸਮਾਸ ਦੇ ਰਚਨਾਕਾਰੀ ਤੱਤਾਂ ਵਿਚ ਧੁਨੀਆਤਮਕ ਅਤੇ ਰੂਪਾਤਮਕ ਪਰਿਵਰਤਨ ਆ ਜਾਂਦਾ ਹੈ ਜਿਵੇਂ ਪਣਚੱਕੀ, ਹੱਥਕੜੀ, ਵਾਦ-ਵਰੋਲਾ ਆਦਿ। **ਅਰਥਗਤ** ਤੌਰ ਤੇ ਅਰਥਾਂ ਨੂੰ ਸਾਧਾਰਣ ਰੂਪ ਵਿਚ ਵਿਭਿੰਨ ਅੰਗਾਂ ਦੇ ਅਰਥਾਂ ਦੇ ਕੁਲ ਜੋੜ ਤੋਂ ਨਹੀਂ ਸਮਝਿਆ ਜਾ ਸਕਦਾ, ਬਲਕਿ ਸਮਾਸ ਦਾ ਅਰਥ ਰਚਨਾਕਾਰੀ ਤੱਤਾਂ ਦੇ ਅਰਥ-ਸਮੁੱਚ ਤੋਂ ਭਿੰਨ ਹੁੰਦਾ ਹੈ ਜਿਵੇਂ ਅੰਗ੍ਰੇਜ਼ੀ chatterbox 'a person who talks a great deal'; **hot-house** 'a building for growing plants'; ਘੋਗਲਕੰਨਾ, ਜ਼ਮਾਨਾਸਾਜ਼, ਖੱਬੀ-ਖ਼ਾਂ, ਨਾਢੂ ਖ਼ਾਂ, ਦਸ਼ਾਨਨ (ਰਾਵਣ), ਗਣੇਸ਼ ਆਦਿ। ਪਰ ਕਈ ਹਾਲਤਾਂ ਵਿਚ ਕੋਈ ਵੀ ਰਚਨਾਕਾਰੀ ਤੱਤ ਆਪਣਾ ਮੂਲ ਅਰਥ ਨਹੀਂ ਗੁਆਉਂਦਾ ਅਤੇ ਸਮੁੱਚਾ ਅਰਥ ਇਸ

ਦੇ ਤੱਤਾਂ ਦੇ ਸਮਾਸੀ ਅਰਥ ਦੇ ਸਮਾਨ ਹੁੰਦਾ ਹੈ ਜਿਵੇਂ ਚਿੜੀਮਾਰ, ਰਾਜਕੁਮਾਰ, ਖਰ-ਮਸਤੀ, ਕਪੜਵਾਸ, ਕਮਰਕਸਾ, ਕਮਰਬੰਦ ਆਦਿ ।

ਕੋਸ਼ ਵਿਚ ਸਮਾਸਾਂ ਦਾ ਅੰਦਰਾਜ ਕਰਨ ਸਮੇਂ ਕੋਸ਼ਕਾਰ ਨੂੰ ਦੋ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ : (1) ਜਿਹੜੇ ਸਮਾਸੀ ਤੱਤਾਂ ਦੇ ਅਰਥ ਸਪਸ਼ਟ ਹਨ, ਉਨ੍ਹਾਂ ਦਾ ਅੰਦਰਾਜ ਮੁੱਖ ਅੰਦਰਾਜ ਦੇ ਅੰਤਰਗਤ ਕਰਨਾ ਚਾਹੀਦਾ ਹੈ ਅਰਥਾਤ ਉਪ-ਅੰਦਰਾਜ ਦੇ ਰੂਪ ਵਿਚ ਜਿਵੇਂ ਕਮ-ਅਕਲੀ (ਕਮ ਦੇ ਅਧੀਨ), ਰੌਲਾ-ਰੱਪਾ (ਰੌਲਾ ਦੇ ਅਧੀਨ), ਗਰਭ-ਰੋਕੂ (ਗਰਭ ਦੇ ਅਧੀਨ), ਗਰਮ-ਸਰਦ (ਗਰਮ ਦੇ ਅਧੀਨ) ਆਦਿ; ਅਤੇ (2) ਕੁਝ ਸਮਾਸ ਅਜਿਹੇ ਹਨ ਜਿਨ੍ਹਾਂ ਦੇ ਸਮਾਸੀ ਤੱਤਾਂ ਦੇ ਅਰਥਾਂ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਜਾਂ ਜਿਨ੍ਹਾਂ ਦੇ ਅਰਥ-ਬੋਧ ਲਈ ਥੋੜਾ ਖੋਜਲਣਾ ਪੈਂਦਾ ਹੈ, ਉਨ੍ਹਾਂ ਨੂੰ ਸੁਤੰਤਰ ਮੁੱਖ ਅੰਦਰਾਜ ਦੇ ਰੂਪ ਵਿਚ ਦੇਣਾ ਚਾਹੀਦਾ ਹੈ, ਜਿਵੇਂ ਕਮੱਕਲੀ, ਸੱਬਰ-ਕੱਤਾ, ਸਰਦਾਈ, ਸਾਲਗਰਾਮ, ਅਲਪੱਗ ਆਦਿ ।

(3) ਪ੍ਰਤੇ : ਕਿਸੇ ਭਾਸ਼ਾ-ਪ੍ਰਬੰਧ ਵਿਚ ਪ੍ਰਯੁਕਤ ਲਗਭਗ ਸਾਰੇ ਪ੍ਰਤਿਆਂ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਅਨਿਵਾਰੀ ਹੈ ਕਿਉਂਕਿ ਇਹ ਸ਼ਬਦ-ਰਚਨਾ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ ।' ਉਦਾਹਰਣ ਵਜੋਂ, ਸੁ, ਕੁ, ਅਨੁ, ਵਿ, ਅਪ, ਉਪ, anti-, mal- ਆਦਿ ਪ੍ਰਤੇ ਕੋਸ਼ ਦਾ ਅੰਗ ਹੋਣੇ ਅਨਿਵਾਰੀ ਹਨ ।

(4) ਪ੍ਰਕਾਰਜੀ ਸ਼ਬਦ : ਉਪਰ ਸੰਕੇਤ ਕੀਤਾ ਗਿਆ ਹੈ ਕਿ ਕੋਸ਼ ਸਾਮੱਗਰੀ ਇਕੱਤਰ ਕਰਨ ਸਮੇਂ ਪ੍ਰਕਾਰਜੀ ਸ਼ਬਦਾਂ ਦੀਆਂ ਵੱਧ ਤੋਂ ਵੱਧ ਸੰਦਰਭ-ਉਕਤੀਆਂ ਇਕੱਤਰ ਕਰਨੀਆਂ ਜ਼ਰੂਰੀ ਹਨ, ਕਿਉਂਕਿ ਇਨ੍ਹਾਂ ਸ਼ਬਦਾਂ ਦੀ ਕੋਈ ਪਦਾਰਥਕ ਸੰਕੇਤਕ ਵਸਤੂ ਨਾ ਹੋਣ ਕਾਰਣ ਇਨ੍ਹਾਂ ਦੇ ਕੋਈ ਕੋਸ਼ੀ ਅਰਥ ਨਹੀਂ ਹੁੰਦੇ । ਕੇਵਲ ਪ੍ਰਸੰਗ ਤੋਂ ਹੀ ਇਨ੍ਹਾਂ ਦੇ ਅਰਥ ਉਘੜਦੇ ਹਨ । ਮਿਸਾਲ ਵਜੋਂ, ਪੰਜਾਬੀ ਤੋਂ, ਦਾ, ਲਈ, ਵਾਸਤੇ ਆਦਿ ਪ੍ਰਕਾਰਜੀ ਸ਼ਬਦਾਂ ਦੇ ਪ੍ਰਸੰਗ ਵਿਚੋਂ ਹੀ ਅਰਥ ਅਧਿਕ ਸਪਸ਼ਟ ਹੋ ਸਕਦੇ ਹਨ । ਕੋਸ਼ ਵਿਚ ਅੰਦਰਾਜ ਦੇਣ ਸਮੇਂ ਇਨ੍ਹਾਂ ਦੀਆਂ ਸੰਦਰਭ-ਉਕਤੀਆਂ ਵੀ ਨਾਲ ਦੇਣੀਆਂ ਆਵੱਸ਼ਕ ਹਨ ।

(5) ਅਪ੍ਰਚਲਿਤ ਅਤੇ ਪ੍ਰਾਚੀਨ ਅਰਥ : ਨਿਰੋਲ ਸਮਕਾਲੀ ਭਾਸ਼ਾ ਦੇ ਕੋਸ਼ ਵਿਚ ਇਨ੍ਹਾਂ ਸ਼ਬਦਾਂ ਨੂੰ ਸ਼ਾਮਿਲ ਕਰਨ ਦੀ ਬਹੁਤੀ ਗੁੰਜਾਇਸ਼ ਨਹੀਂ ਹੁੰਦੀ, ਪਰ ਫਿਰ ਵੀ ਇਸ ਦਾ ਨਿਰਣਾਇਕ ਤੱਥ ਕੋਸ਼ ਦਾ ਉਦੇਸ਼, ਆਕਾਰ ਅਤੇ ਪ੍ਰਕਾਰ ਹੀ ਹੈ । ਅਪ੍ਰਚਲਿਤ ਸੰਕਲਪਾਂ ਅਤੇ ਵਸਤਾਂ ਲਈ ਪ੍ਰਚਲਿਤ ਸ਼ਬਦ ਸਮਾਂ ਪਾ ਕੇ ਅਪ੍ਰਚਲਿਤ ਹੋ ਜਾਂਦੇ ਹਨ ਜਿਵੇਂ ਜੁਆਜਾਪਕਲ, ਦਾਰੋਖ਼ਿਲਾਫ਼ਾ, ਸਿਫ਼ਾਰਤਖ਼ਾਨਾ, ਮੁਰਸ਼ਿਦ ਆਦਿ । ਸਮਕਾਲੀ ਜੀਵਨ ਵਿਚ ਇਨ੍ਹਾਂ ਦੀ ਕੋਈ ਸਾਰਥਕਤਾ ਨਹੀਂ ਰਹਿੰਦੀ ਕਿਉਂਕਿ ਸਮੇਂ ਦੀ ਪਰਿਵਰਤਨ-ਸ਼ੀਲਤਾ ਕਾਰਣ ਨਵੇਂ ਸ਼ਬਦ ਇਨ੍ਹਾਂ ਦੀ ਥਾਂ ਲੈ ਲੈਂਦੇ ਹਨ ਜਾਂ ਇਹ ਅਸਲੋਂ ਹੀ ਖ਼ਤਮ ਹੋ ਜਾਂਦੇ ਹਨ । ਕੁਝ ਸ਼ਬਦ ਸਾਧਾਰਣ ਵਰਤੋਂ ਵਿਚੋਂ ਨਿਕਲ ਜਾਂਦੇ ਹਨ ਪਰ ਪੂਰੀ ਤਰ੍ਹਾਂ

ਅਪ੍ਰਚਲਿਤ ਨਹੀਂ ਹੁੰਦੇ। ਅਜਿਹੇ ਪ੍ਰਾਚੀਨ ਸ਼ਬਦਾਂ ਨੂੰ ਵੀ ਕੋਸ਼ ਦੀ ਪ੍ਰਕਿਰਤੀ ਅਨੁਸਾਰ ਸ਼ਾਮਿਲ ਕਰਨਾ ਪੈਂਦਾ ਹੈ। ਪਰੰਤੂ ਜੇ ਕੋਸ਼ ਦਾ ਉਦੇਸ਼ ਵਰਤਮਾਨ ਪਾਠਕਾਂ ਨੂੰ ਪ੍ਰਾਚੀਨ ਸਾਹਿਤ ਤੋਂ ਪਰਿਚਿਤ ਕਰਵਾਉਣਾ ਹੈ, ਤਾਂ ਪ੍ਰਾਚੀਨ ਸਾਹਿਤ ਵਿਚ ਪ੍ਰਯੋਗ ਕੀਤੇ ਸ਼ਬਦਾਂ ਨੂੰ ਸ਼ਾਮਿਲ ਕਰਨਾ ਪਵੇਗਾ। ਉਦਾਹਰਣ ਵਜੋਂ, ਜੇ ਵਿਦਿਆਰਥੀਆਂ ਨੇ ਪੰਜਾਬੀ ਵਿਚ ਗੁਰੂ ਨਾਨਕ, ਦਮੋਦਰ, ਵਾਰਸ, ਬੁਲ੍ਹੇ ਸ਼ਾਹ; ਅੰਗ੍ਰੇਜ਼ੀ ਵਿਚ ਸ਼ੈਕਸਪੀਅਰ, ਚੌਸਰ; ਅਤੇ ਹਿੰਦੀ ਵਿਚ ਕਬੀਰ, ਤੁਲਸੀ ਆਦਿ ਦਾ ਅਧਿਐਨ ਕਰਨਾ ਹੈ ਤਾਂ ਉਨ੍ਹਾਂ ਦੀ ਲੋੜ ਨੂੰ ਮੁੱਖ ਰੱਖ ਕੇ ਤਿਆਰ ਕੀਤੇ ਕੋਸ਼ ਵਿਚ ਤਤਕਾਲੀ ਸ਼ਬਦਾਂ, ਮੁਹਾਵਰਿਆਂ, ਅਖੌਤਾਂ, ਵਿਸ਼ੇਸ਼ ਉਕਤੀਆਂ ਆਦਿ ਨੂੰ ਸ਼ਾਮਿਲ ਕਰਨਾ ਪਵੇਗਾ।

(6) **ਤਕਨੀਕੀ ਪਦ** : ਅਜੋਕੇ ਵਿਗਿਆਨਕ ਅਤੇ ਤਕਨਾਲੋਜੀਕਲ ਯੁਗ ਵਿਚ ਸਾਡੀਆਂ ਵਰਤਮਾਨ ਲੋੜਾਂ ਦੀ ਪੂਰਤੀ ਲਈ ਗਿਆਨ-ਵਿਗਿਆਨ ਦੇ ਮੌਲਿਕ ਅਤੇ ਅਨੁਵਾਦਿਤ ਸਾਹਿਤ ਦੇ ਹੋਂਦ ਵਿਚ ਆਉਣ ਨਾਲ ਤਕਨੀਕੀ ਪਦਾਂ ਦਾ ਮਹੱਤਵ ਅਤੇ ਸਾਰਥਕਤਾ ਹੋਰ ਵੀ ਵਧ ਗਈ ਹੈ। ਹਰ ਰੋਜ਼ ਕੋਈ ਨਾ ਕੋਈ ਨਵਾਂ ਤਕਨੀਕੀ ਪਦ ਭਾਸ਼ਾ ਵਿਚ ਪ੍ਰਵੇਸ਼ ਕਰਦਾ ਰਹਿੰਦਾ ਹੈ। **ਗਲਾਸਨੋਸਤ** ਅਤੇ **ਪਰੈਸਤਰੋਇਕਾ** ਵਰਗੇ ਤਕਨੀਕੀ ਪਦਾਂ ਦੀ ਆਮਦ ਅਜੇ ਕੱਲ੍ਹ ਦੀ ਹੀ ਗੱਲ ਹੈ। ਇਨ੍ਹਾਂ ਪਦਾਂ ਦੇ ਸੰਕਲਨ ਦੇ ਮਨੋਰਥ ਤੋਂ ਵਿਭਿੰਨ ਵਿਸ਼ਿਆਂ ਵਿਚ ਪਰਿਭਾਸ਼ਿਤ ਸ਼ਬਦਾਵਲੀਆਂ ਦੇ ਇਲਾਵਾ ਵਿਸ਼ੇ ਕੋਸ਼ਾਂ ਦਾ ਸੰਕਲਨ ਵੀ ਵੱਡੀ ਪੱਧਰ ਤੇ ਹੋ ਰਿਹਾ ਹੈ। ਪਰ ਇਹ ਸ਼ਬਦਾਵਲੀ ਨਿਰੰਤਰ ਧਿਆਨ ਦੀ ਮੰਗ ਕਰਦੀ ਹੈ। ਕਈ ਵਾਰ ਅਸੀਂ ਪ੍ਰਚਲਿਤ ਸ਼ਬਦਾਵਲੀ ਤੋਂ ਵਿਸਤ੍ਰਿਤ ਅਰਥ ਲੈਣ ਦੀ ਥਾਂ ਅਸਾਧਾਰਣ ਸ਼ਬਦ ਘੜਨ ਦੇ ਮੋਹ ਅਧੀਨ ਅਸਪਸ਼ਟ ਅਤੇ ਜਟਿਲ ਸ਼ਬਦ ਘੜ ਲੈਂਦੇ ਹਾਂ ਜਿਵੇਂ ਕਿਰਮ ਸ਼ਾਸਤਰ ਵੇਤਾ (ਜੀਵ-ਵਿਗਿਆਨੀ ਦੀ ਥਾਂ), ਕਿਰਨ-ਮਾਪ (ਕਿਰਨ-ਮਾਪਕ ਦੀ ਥਾਂ) ਆਦਿ, ਅਤੇ ਕਈ ਵਾਰੀ ਇਕੋ ਸੰਕਲਪ ਲਈ ਸੰਬੰਧਿਤ ਭਾਸ਼ਾ ਵਿਚ ਦੋ ਪਦ ਪ੍ਰਚਲਿਤ ਹੋ ਜਾਂਦੇ ਹਨ ਜਿਹੜੇ ਕੋਸ਼ਕਾਰ ਲਈ ਸਮੱਸਿਆ ਖੜੀ ਕਰ ਸਕਦੇ ਹਨ ਜਿਵੇਂ ਪੰਜਾਬੀ ਵਿਚ economy ਲਈ **ਅਰਥਚਾਰਾ** ਅਤੇ **ਅਰਥਵਿਵਸਥਾ**, cork borer ਲਈ **ਕਾਕ ਛੇਦਕ** ਤੇ **ਕਾਕ ਬਰਮਾ** ਆਦਿ। ਇੰਜ ਤਕਨੀਕੀ ਸ਼ਬਦਾਵਲੀ ਦਾ ਸੰਕਲਨ ਅਤਿ ਗੰਭੀਰ ਪਹੁੰਚ-ਵਿਧੀ ਦੀ ਮੰਗ ਕਰਦਾ ਹੈ। ਤਕਨੀਕੀ ਪਦ ਕੇਵਲ ਵਾਚਾਰਥ ਦੇ ਹੀ ਸੰਕੇਤਕ ਹੁੰਦੇ ਹਨ, ਇਸ ਲਈ ਇਕ ਸੰਕਲਪ ਲਈ ਇਕ ਪਦ ਦੇ ਪ੍ਰਚਲਨ ਦੇ ਨਿਯਮ ਦਾ ਅਨੁਸਰਣ ਕਰਨਾ ਚਾਹੀਦਾ ਹੈ।

(7) **ਵਿਅਕਤੀਵਾਚਕ ਨਾਂ** : ਸਾਧਾਰਣ ਕੋਸ਼ਾਂ ਵਿਚ ਆਮ ਕਰਕੇ ਵਿਅਕਤੀਵਾਚਕ ਨਾਵਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਪਰੰਤੂ ਕੁਝ ਨਾਂ ਅਜਿਹੇ ਹਨ ਜੋ ਸਮੇਂ ਦੀ ਕਰਵਟ ਨਾਲ ਆਪਣੇ ਵਾਚਾਰਥ ਤੋਂ ਅਗਾਂਹ ਲੰਘ ਕੇ ਲੱਖਣਾਰਥ ਗ੍ਰਹਿਣ ਕਰ ਲੈਂਦੇ ਹਨ ਅਤੇ ਲੋਕਾਂ ਦੇ ਸਮਾਜਕ-ਸਭਿਆਚਾਰਕ ਜੀਵਨ ਦਾ ਅਟੁੱਟ ਅੰਗ ਬਣ ਜਾਂਦੇ ਹਨ। ਸਮਾਜ-ਵਿਸ਼ੇਸ਼ ਵਿਚ ਇਨ੍ਹਾਂ ਦਾ ਸਭਿਆਚਾਰਕ ਮਹੱਤਵ ਕੋਸ਼ ਵਿਚ ਇਨ੍ਹਾਂ ਦੀ ਸ਼ਮੂਲੀਅਤ

ਨੂੰ ਅਨਿਵਾਰੀ ਬਣਾਉਂਦਾ ਹੈ। ਉਦਾਹਰਣ ਵਜੋਂ, ਹੀਰ, ਰਾਂਝਾ, ਹਰਮੰਦਿਰ ਸਾਹਿਬ, ਮੱਕਾ, ਮੁਹੰਮਦ ਆਦਿ ਭਾਵੇਂ ਵਿਅਕਤੀਵਾਚਕ ਨਾਂ ਹਨ, ਪਰੰਤੂ ਸੰਬੰਧਿਤ ਭਾਸ਼ਾਵਾਂ ਦੇ ਸਭਿਆਚਾਰ ਵਿਚ ਇਨ੍ਹਾਂ ਦੀ ਮਹੱਤਵਪੂਰਣ ਥਾਂ ਹੈ। ਇਨ੍ਹਾਂ ਨੇ ਵਾਚਾਰਥ ਤੋਂ ਅਗਾਂਹ ਅਰਥ ਗ੍ਰਹਿਣ ਕਰ ਲਏ ਹਨ। ਇਸੇ ਕਰਕੇ ਇਨ੍ਹਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਅਨਿਵਾਰੀ ਬਣ ਜਾਂਦਾ ਹੈ। ਇਉਂ ਹੀ ਕੌਮੀ ਨਾਇਕਾਂ, ਮਿਥਿਹਾਸਕ ਪਾਤਰਾਂ, ਪ੍ਰੇਮ ਕਥਾਵਾਂ ਦੇ ਪਾਤਰਾਂ ਆਦਿ ਦੇ ਨਾਂ ਕੋਸ਼ ਵਿਚ ਦਰਜ ਕਰਨੇ ਜ਼ਰੂਰੀ ਹਨ। ਕਈ ਵਾਰ ਵਿਅਕਤੀਵਾਚਕ ਨਾਂਵਾਂ ਨੂੰ ਕੋਸ਼ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ ਜਿਵੇਂ ਗੁਰੂ ਨਾਨਕ ਦੇਵ, ਕਬੀਰ, ਮਾਰਕਸ ਆਦਿ, ਪਰੰਤੂ ਇਨ੍ਹਾਂ ਸ਼ਬਦਾਂ ਤੋਂ ਵਿਉਤਪੰਨ ਸ਼ਬਦਾਂ ਨੂੰ ਕੋਸ਼ ਵਿਚ ਸੰਮਿਲਤ ਕਰ ਲਿਆ ਜਾਂਦਾ ਹੈ ਜਿਵੇਂ ਮਾਰਕਸਵਾਦ, ਨਾਨਕ ਪੰਥ/ਪੰਥੀ, ਕਬੀਰ ਪੰਥ/ਪੰਥੀ ਆਦਿ। ਵਿਸ਼ਵਕੋਸ਼ ਵਿਚ ਵਿਅਕਤੀਵਾਚਕ ਨਾਂਵਾਂ ਨੂੰ ਸ਼ਾਮਿਲ ਕਰਨ ਦੀ ਪੂਰੀ ਖੁਲ੍ਹ ਹੁੰਦੀ ਹੈ।

(8) ਪਰਿਵਰਣੀ ਸ਼ਬਦ ਅਤੇ ਸੰਖੇਪ ਸ਼ਬਦ : ਕੁਝ ਕੁ ਪਰਿਵਰਣੀ ਸ਼ਬਦ (acronyms) ਜਿਵੇਂ ਪੈਪਸੂ, ਨੇਫਾ (NEFA), ਯੂਨੈਸਕੋ ਅਤੇ ਸੰਖੇਪ ਸ਼ਬਦ ਜਿਵੇਂ ਪ੍ਰੋ., ਡਾ.; G.B. (Great Britain), Sept. (September), USA (United States of America) ਆਦਿ ਅਧਿਕ ਪ੍ਰਯੋਗ ਵਿਚ ਆਉਣ ਨਾਲ ਸੁਤੰਤਰ ਅਰਥ ਗ੍ਰਹਿਣ ਕਰ ਕੇ ਭਾਸ਼ਾ ਦਾ ਅਨਿਖੜ ਅੰਗ ਬਣ ਜਾਂਦੇ ਹਨ। ਇਸੇ ਲਈ ਇਨ੍ਹਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਪੈਂਦਾ ਹੈ। ਕਈ ਕੋਸ਼ਾਂ ਵਿਚ ਇਨ੍ਹਾਂ ਨੂੰ ਅੰਤਿਕਾਵਾਂ ਦੇ ਰੂਪ ਵਿਚ ਦਿੱਤਾ ਜਾਂਦਾ ਹੈ।

(9) ਨਵੇਂ ਸ਼ਬਦ : ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵਿਕਸਿਤ ਸੰਚਾਰ ਵਿਵਸਥਾ ਦੇ ਫਲਸਰੂਪ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ, ਨਵੇਂ ਸੰਕਲਪਾਂ ਅਤੇ ਪਦਾਰਥਾਂ ਨੂੰ ਵਿਅਕਤ ਕਰਨ ਲਈ ਅਕਸਰ ਨਵੇਂ ਸ਼ਬਦਾਂ ਦੀ ਲੋੜ ਪੈਂਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਕਈ ਵਾਰ ਨਵੇਂ ਸ਼ਬਦ ਜਾਂ ਉਕਤੀਆਂ ਘੜ ਲਈਆਂ ਜਾਂਦੀਆਂ ਹਨ, ਕਈ ਵਾਰ ਪ੍ਰਚਲਿਤ ਸ਼ਬਦਾਂ ਨੂੰ ਨਵੇਂ ਅਰਥਾਂ ਦਾ ਵਾਹਕ ਬਣਾਇਆ ਜਾਂਦਾ ਹੈ ਅਤੇ ਕਈ ਵਾਰ ਦੂਜੀਆਂ ਭਾਸ਼ਾਵਾਂ ਤੋਂ ਸ਼ਬਦ ਉਧਾਰ ਲੈਣ ਦੀ ਨੌਬਤ ਆ ਜਾਂਦੀ ਹੈ। ਨਵੇਂ ਘੜੇ ਸ਼ਬਦ ਤਾਂ ਅਸਥਾਈ ਸਮਾਜਕ-ਰਾਜਨੀਤਿਕ ਹਾਲਾਤ ਤੇ ਆਧਾਰਿਤ ਹੋਣ ਕਰਕੇ ਸਥਿਰ ਅਤੇ ਟਿਕਾਊ ਨਹੀਂ ਹੁੰਦੇ ਅਤੇ ਸਮਾਂ ਪਾ ਕੇ ਲੋਪ ਹੋ ਜਾਂਦੇ ਹਨ, ਪਰੰਤੂ ਕੁਝ ਸ਼ਬਦ ਥੋੜ੍ਹੇ-ਬਹੁਤੇ ਪਰਿਵਰਤਨ ਨਾਲ ਭਾਸ਼ਾ ਵਿਚ ਆਪਣੀ ਸਦੀਵੀ ਥਾਂ ਬਣਾ ਲੈਂਦੇ ਹਨ। ਪਿੱਛੇ ਜਿਹੇ ਪੰਜਾਬ ਦੀ ਸਥਿਤੀ ਵਿਚ ਕੁਝ ਅਜਿਹੇ ਅਣਹੋਣੇ ਪਰਿਵਰਤਨ ਆਏ ਕਿ ਲੋਕਾਂ ਨੇ ਕਾਰ ਸੇਵਾ ਦੀ ਥਾਂ ਸਰਕਾਰ ਸੇਵਾ ਦਾ ਇਕ ਨਵਾਂ ਸੰਕਲਪ ਪ੍ਰਸਤੁਤ ਕੀਤਾ। ਪਰ ਕੀ ਅਜਿਹੇ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ ? ਸੰਕ੍ਰਾਂਤੀ ਕਾਲ ਵਿਚ ਵਿਚਰਦੇ ਅਜਿਹੇ ਸ਼ਬਦਾਂ ਨੂੰ ਕੋਸ਼ ਵਿਚ ਅੱਵਲ

ਤਾਂ ਉੱਨਾ ਚਿਰ ਸ਼ਾਮਿਲ ਨਹੀਂ ਕਰਨਾ ਚਾਹੀਦਾ ਜਿੰਨਾ ਚਿਰ ਇਨ੍ਹਾਂ ਦਾ ਪ੍ਰਯੋਗ ਸਥਿਰ ਨਹੀਂ ਹੋ ਜਾਂਦਾ। ਜੇ ਇਨ੍ਹਾਂ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਪਵੇ ਤਾਂ ਇਨ੍ਹਾਂ ਨਾਲ ਇਨ੍ਹਾਂ ਦੇ ਪ੍ਰਯੋਗ ਦੇ ਸੂਚਕ (ਲੇਬਲ) ਜਿਵੇਂ ਅਕਸਰ, ਦੁਰਲੱਭ ਆਦਿ ਦੇ ਦੇਣੇ ਉਪਯੋਗੀ ਹੋਣਗੇ।

(10) **ਬਹੁ-ਸ਼ਬਦੀ ਕੋਸ਼ੀ ਇਕਾਈਆਂ ਜਾਂ ਸੁਨਿਸ਼ਚਿਤ ਉਕਤੀਆਂ :** ਸੁਨਿਸ਼ਚਿਤ ਉਕਤੀਆਂ ਦਾ ਵਾਕ ਵਿਚ ਉਹੀ ਕਾਰਜ ਹੁੰਦਾ ਹੈ ਜੋ ਕੋਸ਼ੀ ਇਕਾਈ ਨਿਭਾਉਂਦੀ ਹੈ। ਇਸੇ ਲਈ ਇਨ੍ਹਾਂ ਨੂੰ ਕੋਸ਼ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਨ੍ਹਾਂ ਕੋਸ਼ੀ ਇਕਾਈਆਂ ਦਾ ਅਰਥ ਇਸ ਦੇ ਰਚਨਾਕਾਰੀ ਸ਼ਬਦਾਂ ਦੇ ਅਰਥ ਨਾਲੋਂ ਭਿੰਨ ਹੁੰਦਾ ਹੈ ਜਿਵੇਂ ਕਿਨਾਰਾ ਕਰਨਾ, ਸਾਹੋਸਾਹ ਹੋਣਾ, ਅੱਖ ਮਾਰਨਾ, ਦੰਦ ਕਰੀਚਣਾ, ਹੱਥ ਕਟਾਉਣਾ, ਡੰਗ ਭੰਨਣਾ, ਰੋਟੀ-ਪਾਣੀ, ਮਿੱਠੀ ਛੁਰੀ ਆਦਿ; ਅੰਗ੍ਰੇਜ਼ੀ fall out, give in, cut no ice, bread and butter ਆਦਿ। ਇਨ੍ਹਾਂ ਉਕਤੀਆਂ ਨੂੰ ਅਰਥ ਦੇ ਮਨੋਰਥ ਤੋਂ ਇਕ ਇਕਾਈ ਮੰਨਿਆ ਜਾਂਦਾ ਹੈ, ਅਰਥ ਗ੍ਰਹਿਣ ਲਈ ਇਸ ਦੇ ਤੱਤਾਂ ਨੂੰ ਨਿਖੇੜਿਆ ਨਹੀਂ ਜਾਂਦਾ। ਪਰ ਸੁਨਿਸ਼ਚਿਤ ਉਕਤੀਆਂ ਨੂੰ ਸੰਯੁਕਤ ਸ਼ਬਦਾਂ ਨਾਲ ਖਲਤ-ਮਲਤ ਨਹੀਂ ਕਰਨਾ ਚਾਹੀਦਾ। ਸੰਯੁਕਤ ਸ਼ਬਦਾਂ ਦਾ ਪ੍ਰਯੋਗ ਨਿਸ਼ਚਿਤ ਨਹੀਂ ਹੁੰਦਾ, ਲਚਕਦਾਰ ਹੁੰਦਾ ਹੈ। ਇਕ ਤੱਤ ਨੂੰ ਦੂਜੇ ਤੱਤ ਨਾਲ ਜੋੜਿਆ ਜਾਂਦਾ ਹੈ ਜਿਵੇਂ ਠੰਢਾ ਪਾਣੀ, ਠੰਢਾ ਮੌਸਮ, ਗਰਮ ਹਵਾ, ਗਰਮ ਚਾਹ ਆਦਿ। ਪਰੰਤੂ ਸੁਨਿਸ਼ਚਿਤ ਉਕਤੀਆਂ ਸਥਿਰ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਤੋੜਿਆ-ਮਰੋੜਿਆ ਨਹੀਂ ਜਾ ਸਕਦਾ ਜਿਵੇਂ ਮਿੱਠੀ ਛੁਰੀ, ਰੋਟੀ-ਪਾਣੀ ਆਦਿ। ਸੰਯੁਕਤ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ ਜਦੋਂ ਕਿ ਸੁਨਿਸ਼ਚਿਤ ਉਕਤੀਆਂ ਹੋਰ ਕੋਸ਼ੀ ਇਕਾਈਆਂ ਵਾਂਗ ਕੋਸ਼ ਦਾ ਸਜੀਵ ਅੰਗ ਹੁੰਦੀਆਂ ਹਨ। ਸੁਨਿਸ਼ਚਿਤ ਉਕਤੀਆਂ ਦੀ ਅਖੰਡਤਾ ਕਾਰਣ ਇਨ੍ਹਾਂ ਵਿਚ ਕਿਸੇ ਤੱਤ ਨੂੰ ਜੋੜਿਆ ਜਾਂ ਹਿਲਾਇਆ ਨਹੀਂ ਜਾ ਸਕਦਾ ਜਿਵੇਂ ਨੀਮ ਹਕੀਮ, ਅੱਖ ਦਾ ਤਾਰਾ, ਕਿਤਾਬੀ ਕੀੜਾ, good morning, red tape ਆਦਿ। ਨਾਲੇ, ਇਨ੍ਹਾਂ ਉਕਤੀਆਂ ਵਿਚ ਪਰਿਆਇਵਾਚਕਤਾ ਦਾ ਗੁਣ ਵਿਦਮਾਨ ਹੁੰਦਾ ਹੈ ਜਿਵੇਂ ਅੱਖ ਦਾ ਤਾਰਾ : ਬਹੁਤ ਪਿਆਰਾ; ਚਲਦਾ ਪੁਰਜ਼ਾ: ਚਲਾਕ; ਦਿਹਾਂਤ ਹੋਣਾ : ਮਰਨਾ ਆਦਿ।

(11) **ਸੱਖਣੇ ਸ਼ਬਦ :** ਲਗਭਗ ਹਰੇਕ ਭਾਸ਼ਾ-ਪ੍ਰਬੰਧ ਵਿਚ ਕੁਝ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਆਪਣੀ ਸੁਤੰਤਰ ਹੋਂਦ ਨਹੀਂ ਹੁੰਦੀ। ਇਹ ਸ਼ਬਦ ਹੋਰਨਾਂ ਸ਼ਬਦਾਂ ਨਾਲ ਮਿਲ ਕੇ ਹੀ ਸਾਰਥਕਤਾ ਗ੍ਰਹਿਣ ਕਰਦੇ ਹਨ ਜਿਵੇਂ ਪਾਣੀ-ਧਾਣੀ, ਗ਼ਰੀਬ-ਗੁਰਬਾ, ਆਲੇ-ਦੁਆਲੇ, ਆਂਢ-ਗੁਆਂਢ ਆਦਿ। ਇਨ੍ਹਾਂ ਸ਼ਬਦਾਂ ਨੂੰ ਸੱਖਣੇ ਸ਼ਬਦ ਆਖਿਆ ਜਾਂਦਾ ਹੈ। ਸ਼ਬਦ-ਸੰਗਤ ਨੂੰ ਵੀ ਇਨ੍ਹਾਂ ਸ਼ਬਦਾਂ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਪੰਜਾਬੀ ਕੋਸ਼ ਵਿਚ ਅਜਿਹੇ ਸ਼ਬਦਾਂ ਦਾ ਅੰਦਰਾਜ ਕਰਨ ਸਮੇਂ ਇਨ੍ਹਾਂ ਨੂੰ ਤੋੜਿਆ ਨਹੀਂ ਜਾ ਸਕਦਾ, ਪਰੰਤੂ ਅੰਗ੍ਰੇਜ਼ੀ ਕੋਸ਼ਾਂ ਵਿਚ ਇਨ੍ਹਾਂ ਦਾ ਅੰਦਰਾਜ ਕਰਨ ਸਮੇਂ ਇਨ੍ਹਾਂ

ਸ਼ਬਦਾਂ ਦਾ ਪ੍ਰਤਿ-ਹਵਾਲਾ ਦਿੱਤਾ ਜਾਂਦਾ ਹੈ ਜਿਵੇਂ fro ਦੇਖੋ to and fro.

(12) ਅਖੌਤਾਂ ਅਤੇ ਮੁਹਾਵਰੇ : ਹਰੇਕ ਭਾਸ਼ਾ-ਪ੍ਰਬੰਧ ਵਿਚ ਅਖੌਤਾਂ ਅਤੇ ਮੁਹਾਵਰਿਆਂ ਦਾ ਪ੍ਰਯੋਗ ਸਥਿਰ ਅਤੇ ਨਿਸ਼ਚਿਤ ਹੁੰਦਾ ਹੈ। ਇਨ੍ਹਾਂ ਵਿਚ ਕਿਸੇ ਤੱਤ ਦਾ ਜੋੜ-ਤੋੜ ਸੰਭਵ ਨਹੀਂ ਹੁੰਦਾ ਜਿਵੇਂ ਲੱਲੂ ਕਰੇ ਕਵੱਲੀਆਂ ਰੱਬ ਸਿੱਧੀਆਂ ਪਾਵੇ, ਮਾਇਆ ਕੋ ਮਾਇਆ ਮਿਲੇ ਕਰ ਕਰ ਲੰਮੇ ਹਾਥ, ਸੰਤੋਖੀ ਸਦਾ ਸੁਖੀ, ਕਾਠ ਦੀ ਹਾਂਡੀ ਇੱਕੋ ਵਾਰ ਚੜ੍ਹਦੀ ਹੈ, ਅੱਗਾ ਤੱਗਾ ਲੈਣਾ, ਅੱਖ ਲੱਗ ਜਾਣਾ ਆਦਿ। ਪਰ ਅਖੌਤਾਂ ਅਤੇ ਮੁਹਾਵਰਿਆਂ ਦੇ ਕੋਸ਼ ਵਿਚ ਅੰਦਰਾਜ ਦੇਣ ਸਮੇਂ ਇਕ ਗੰਭੀਰ ਸਮੱਸਿਆ ਉਤਪੰਨ ਹੁੰਦੀ ਹੈ ਕਿ ਇਸ ਨੂੰ ਕਿਹੜੀ ਕੋਸ਼ੀ ਇਕਾਈ ਦੇ ਅੰਤਰਗਤ ਰੱਖਿਆ ਜਾਏ? ਅਖੌਤ ਅਤੇ ਮੁਹਾਵਰੇ ਦਾ ਅੰਦਰਾਜ ਕਰਨ ਸਮੇਂ ਕੋਸ਼ੀ ਇਕਾਈ ਦੇ ਪ੍ਰਭਾਵੀ ਅਰਥ ਨੂੰ ਮੁੱਖ ਰੱਖਣਾ ਚਾਹੀਦਾ ਹੈ ਜਿਵੇਂ 'ਮਾਇਆ ਕੋ ਮਾਇਆ ਮਿਲੇ ਕਰ ਕਰ ਲੰਮੇ ਹਾਥ' ਅਖੌਤ ਵਿਚ ਪ੍ਰਭਾਵੀ ਅਰਥ 'ਮਾਇਆ' ਕੋਸ਼ੀ ਇਕਾਈ ਦਾ ਹੈ। ਇਸੇ ਲਈ ਇਹ ਅਖੌਤ ਮਾਇਆ ਕੋਸ਼ੀ ਇਕਾਈ ਦੇ ਅੰਤਰਗਤ ਆਉਣੀ ਚਾਹੀਦੀ ਹੈ। ਜਦੋਂ ਕਦੇ ਸੁਤੰਤਰ ਰੂਪ ਵਿਚ ਮੁਹਾਵਰਾ ਤੇ ਅਖਾਣ ਕੋਸ਼ ਤਿਆਰ ਕਰਨ ਦੀ ਲੋੜ ਪੈ ਜਾਵੇ, ਉਥੇ ਇਹੀ ਮੁਹਾਵਰੇ ਅਤੇ ਅਖੌਤਾਂ ਮੁੱਖ ਕੋਸ਼ੀ ਇਕਾਈਆਂ ਦਾ ਰੂਪ ਧਾਰਣ ਕਰ ਲੈਂਦੇ ਹਨ।

(13) ਟੂਕਾਂ : ਟੂਕਾਂ ਲਿਖਿਤ ਸਾਹਿਤ ਵਿਚੋਂ ਇਕੱਤਰ ਕੀਤੀਆਂ ਜਾਂਦੀਆਂ ਹਨ। ਸਮਾਂ ਪਾ ਕੇ ਇਹ ਭਾਸ਼ਾ ਦਾ ਅਨਿਖੜ ਅੰਗ ਬਣ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਸ੍ਰੋਤ ਅੱਖੋਂ ਓਹਲੇ ਹੋ ਜਾਂਦਾ ਹੈ ਜਿਵੇਂ ਵਾਰਿਸ ਦੀ 'ਹੀਰ' ਵਿਚੋਂ ਇਸ ਸਾਹਿਤਕ ਟੂਕ 'ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ' ਜਾਂ ਸ਼ਾਹ ਮੁਹੰਮਦ ਦੀ ਇਸ ਟੂਕ 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ' ਨੇ ਭਾਸ਼ਾ ਦੇ ਵਿਸ਼ੇਸ਼ ਪ੍ਰਯੋਗ ਦਾ ਰੂਪ ਧਾਰਣ ਕਰ ਲਿਆ ਹੈ। ਸ਼ੇਕਸਪੀਅਰ ਦੇ ਇਹ ਸ਼ਬਦ 'to be or not to be' ਅੰਗ੍ਰੇਜ਼ੀ ਭਾਸ਼ਾ ਦਾ ਅਨਿਖੜ ਅੰਗ ਬਣ ਗਏ ਹਨ ਅਤੇ ਇਨ੍ਹਾਂ ਦੇ ਲੇਖਕ ਦਾ ਨਾਂ ਲੋਪ ਹੋ ਗਿਆ ਹੈ।

ਨਿਸ਼ਕਰਸ਼ ਇਹ ਕਿ ਸੰਕਲਿਤ ਸਾਮੱਗਰੀ ਵਿਚੋਂ ਅੰਦਰਾਜਾਂ ਦੀ ਚੋਣ ਕਰਨ ਸਮੇਂ ਸਾਨੂੰ ਮੁੱਖ ਰੂਪ ਵਿਚ ਉਪਰ-ਵਰਣਿਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਕੋਸ਼ੀ ਇਕਾਈਆਂ ਨੂੰ ਕੋਸ਼ ਵਿਚ ਸ਼ਾਮਿਲ ਕਰਨ ਜਾਂ ਨਾ ਕਰਨ ਦਾ ਪ੍ਰਸ਼ਨ ਮੁੱਖ ਰੂਪ ਵਿਚ ਕੋਸ਼ ਦੇ ਉਦੇਸ਼, ਆਕਾਰ ਅਤੇ ਪ੍ਰਕਾਰ ਤੇ ਨਿਰਭਰ ਕਰਦਾ ਹੈ। ਦੂਜੇ ਅਧਿਆਇ 'ਕੋਸ਼ਾਂ ਦਾ ਵਰਗੀਕਰਣ' ਵਿਚ ਅਸੀਂ ਕੋਸ਼ਾਂ ਦੀਆਂ ਵਿਭਿੰਨ ਕਿਸਮਾਂ ਦਾ ਉਲੇਖ ਕੀਤਾ ਹੈ। ਇਨ੍ਹਾਂ ਕੋਸ਼ਾਂ ਦੀ ਪ੍ਰਕਿਰਤੀ, ਸਰੂਪ, ਆਕਾਰ, ਪ੍ਰਕਾਰ, ਪ੍ਰਯੋਗਕਰਤਾ-ਵਰਗ, ਪ੍ਰਯੋਗ-ਖੇਤਰ ਆਦਿ ਦੇ ਆਧਾਰ ਤੇ ਹੀ ਕੋਸ਼ ਵਿਚ ਸ਼ਾਮਿਲ ਕੀਤੀ ਜਾਣ ਵਾਲੀ ਕੋਸ਼ੀ ਸਾਮੱਗਰੀ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ। ਭਾਸ਼ਾ ਦੇ ਉਪਭਾਸ਼ਾਈ ਰੂਪਾਂ, ਅਪਭਾਸ਼ਾਈ ਪ੍ਰਯੋਗਾਂ, ਵਰਜਿਤ ਭਾਸ਼ਾ, ਤਕਨੀਕੀ ਪਦਾਂ, ਵਿਭਿੰਨ ਸਮਾਜਕ ਸਮੂਹਾਂ ਅਤੇ ਸ਼ੈਲੀਆਂ ਨਾਲ

ਸੰਬੰਧਿਤ ਸ਼ਬਦਾਵਲੀ ਨੂੰ ਕਿਸ ਆਕਾਰ, ਮਿਕਦਾਰ, ਮਾਤਰਾ ਅਤੇ ਰੂਪ ਵਿਚ ਕੋਸ਼ ਵਿਚ ਦਰਜ ਕਰਨਾ ਹੈ, ਇਸ ਦਾ ਨਿਰਣਾ ਉਪਰ-ਵਰਣਿਤ ਤੱਥਾਂ ਤੇ ਆਧਾਰਿਤ ਹੋਵੇਗਾ। ਪਰੰਤੂ ਕੋਸ਼ੀ ਅੰਦਰਾਜ਼ ਦੀ ਚੋਣ ਅਤੇ ਵਿਉਂਤ ਕਰਨ ਸਮੇਂ ਕੋਸ਼ਕਾਰ ਨੂੰ ਅਰਥ ਦੀ ਸਪਸ਼ਟਤਾ, ਅਰਥ-ਨਿਖੇੜੇ, ਸੰਖੇਪਤਾ, ਸੰਜਮ, ਸੁਨਿਸ਼ਚਿਤਤਾ ਆਦਿ ਗੁਣਾਂ ਦੀ ਸੁਨਹਿਰੀ ਕੰਨੀ ਨੂੰ ਹੱਥੋਂ ਨਹੀਂ ਸਰਕਾਉਣਾ ਚਾਹੀਦਾ।

4.1.3 ਕੋਸ਼ ਦਾ ਸੰਪਾਦਨ : ਕੋਸ਼ ਲਈ ਵਿਭਿੰਨ ਸ੍ਰੋਤਾਂ ਅਤੇ ਵਿਧੀਆਂ ਰਾਹੀਂ ਸਾਮੱਗਰੀ ਸੰਕਲਿਤ ਕਰਨ ਪਿਛੋਂ ਕੋਸ਼ ਦੇ ਸੰਪਾਦਨ ਦਾ ਕਾਰਜ ਆਰੰਭ ਹੁੰਦਾ ਹੈ। ਸਾਮੱਗਰੀ ਸੰਕਲਨ ਸਮੇਂ ਵਿਸ਼ੇਸ਼ ਬਲ ਕੋਸ਼ੀ ਇਕਾਈ, ਇਸ ਦੇ ਅਰਥਾਂ, ਉਪ-ਅਰਥਾਂ, ਅਰਥਾਂ ਦੀ ਸਪਸ਼ਟਤਾ ਅਤੇ ਨਿਖੇੜੇ ਲਈ ਸੰਦਰਭ-ਉਕਤੀਆਂ ਇਕੱਤਰ ਕਰਨ ਤੇ ਹੁੰਦਾ ਹੈ। ਕੋਸ਼ ਦੇ ਸੰਪਾਦਨ ਸਮੇਂ ਸਾਰਾ ਧਿਆਨ ਕੋਸ਼ੀ ਇਕਾਈ ਦੇ ਅੰਦਰਾਜ ਅਤੇ ਇਸ ਦੇ ਵਿਭਿੰਨ ਪਸਾਰਾਂ ਤੇ ਕੇਂਦ੍ਰਿਤ ਕੀਤਾ ਜਾਂਦਾ ਹੈ। ਅਜਿਹਾ ਕਰਦਿਆਂ ਅਰਥ ਨੂੰ ਪ੍ਰਮੁਖਤਾ ਅਤੇ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ।

ਕੋਸ਼ ਨੂੰ ਆਮ ਕਰਕੇ ਸ਼ਬਦਾਂ ਦੀ ਸੂਚੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਅਤੇ ਇੰਜ ਸ਼ਬਦ ਅਤੇ ਕੋਸ਼ੀ ਇਕਾਈ ਨੂੰ ਇਕਸਮਾਨ ਮੰਨ ਲਿਆ ਜਾਂਦਾ ਹੈ। ਪਰੰਤੂ ਇਨ੍ਹਾਂ ਦੋਹਾਂ ਸ਼ਬਦਾਂ ਵਿਚ ਵਿਸ਼ੇਸ਼ ਅੰਤਰ ਹੈ। ਇਥੇ ਸ਼ਬਦ ਅਤੇ ਕੋਸ਼ੀ ਇਕਾਈ ਵਿਚ ਨਿਖੇੜਾ ਕਰਨਾ ਅਨੁਚਿਤ ਨਹੀਂ ਹੋਵੇਗਾ। ਸ਼ਬਦ ਦੀ ਪਰਿਭਾਸ਼ਾ ਸਾਰਥਕ ਧੁਨੀ-ਸਮੂਹ ਦੇ ਰੂਪ ਵਿਚ ਕੀਤੀ ਜਾਂਦੀ ਹੈ ਜਿਵੇਂ ਦਿਨ, ਰਾਤ, ਹੱਥ, ਪੈਰ ਆਦਿ, ਪਰੰਤੂ ਕੋਸ਼ੀ ਇਕਾਈ ਵਿਚ ਇਕ ਅੱਖਰ (ਕ, ਖ, ਗ ਆਦਿ) ਤੋਂ ਲੈ ਕੇ ਪ੍ਰਤੈ (ਕੁ, ਸੁ, anti-, mal-, para- ਆਦਿ), ਵਾਕਾਂਸ਼ (ਕੰਨ-ਸੰਘ ਨਾਲੀ, ਪੰਜ-ਹਜ਼ਾਰੀ ਆਦਿ), ਮੁਹਾਵਰੇ (ਹੱਥ ਵਧਾਉਣਾ, ਅੱਖਾਂ ਕੱਢਣਾ, ਦੰਦ ਖੱਟੇ ਕਰਨਾ ਆਦਿ), ਬਹੁ-ਸ਼ਬਦੀ ਸੁਨਿਸ਼ਚਿਤ ਉਕਤੀਆਂ ਜਾਂ ਵਾਕ (ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ, ਮਨ ਹਰਾਮੀ ਹੁੱਜਤਾਂ ਢੇਰ, ਮਨ ਫਿਟਦਿਆਂ ਦੇਰ ਨਹੀਂ ਲਗਦੀ, ਖਾਈਏ ਮਨ ਭਾਉਂਦਾ ਹੰਢਾਈਏ ਜਗ ਭਾਉਂਦਾ ਆਦਿ) ਤਕ ਸਭ ਕੁਝ ਸਮਾ ਸਕਦਾ ਹੈ। ਕਹਿਣ ਦਾ ਭਾਵ ਇਹ ਕਿ ਕੋਸ਼ੀ ਇਕਾਈ ਦਾ ਆਕਾਰ ਸ਼ਬਦ ਤੋਂ ਛੋਟਾ ਵੀ ਹੁੰਦਾ ਹੈ ਅਤੇ ਵੱਡਾ ਵੀ।

ਕੋਸ਼ ਨਿਰਮਾਣ ਸਮੇਂ ਕੋਸ਼ੀ ਇਕਾਈ ਦੇ ਵਿਭਿੰਨ ਪੱਖਾਂ ਦੇ ਨਾਲ ਨਾਲ ਬਹੁਤਾ ਧਿਆਨ 'ਕੋਸ਼ੀ ਸੂਚਨਾ' ਅਥਵਾ ਕੋਸ਼ੀ ਅਰਥ ਤੇ ਕੇਂਦ੍ਰਿਤ ਕੀਤਾ ਜਾਂਦਾ ਹੈ। "ਕੋਸ਼ੀ ਸੂਚਨਾ ਦਾ ਭਾਵ ਉਸ ਸੂਚਨਾ ਤੋਂ ਹੈ ਜਿਹੜੀ ਅਸੀਂ ਕੋਸ਼ ਵਿਚ ਮੌਜੂਦ ਹੋਣ ਦੀ ਆਸ ਰਖਦੇ ਹਾਂ। 'ਕੋਸ਼' ਦੀ ਪਰਿਭਾਸ਼ਾ ਸਾਧਾਰਣ ਰੂਪ ਵਿਚ ਇਕ ਅਜਿਹੀ ਪੁਸਤਕ ਦੇ ਰੂਪ ਵਿਚ ਦਿੱਤੀ ਜਾਂਦੀ ਹੈ ਜਿਸ ਵਿਚ 'ਸਥੂਲ ਸੰਰਚਨਾ' ਅਰਥਾਤ ਕੋਸ਼ੀ ਮੱਦਾਂ ਦੀ ਅੱਖਰ-ਕ੍ਰਮ ਅਨੁਸਾਰ ਤਰਤੀਬ, ਅੰਦਰਾਜ ਜਾਂ ਲੇਮਾ (ਸਾਧਾਰਣ ਸਿਧਾਂਤ ਅਕਸਰ ਅੱਖਰ-ਕ੍ਰਮ ਹੁੰਦਾ ਹੈ), ਅਤੇ 'ਸੂਖਮ ਸੰਰਚਨਾ' ਅਰਥਾਤ ਅੰਦਰਾਜ ਦੇ ਮਤਨ ਵਿਚ ਨਿਹਿਤ ਭਾਸ਼ਾਈ ਸੂਚਨਾ (ਅਰਥ)

ਦਿੱਤੀ ਜਾਂਦੀ ਹੈ। ਇਹ ਸੂਚਨਾ ਸਾਰੇ ਭਾਸ਼ਾਈ ਪੱਧਰਾਂ ਜਿਵੇਂ ਸ਼ਬਦ-ਜੋੜ, ਧੁਨੀ-ਵਿਗਿਆਨ, ਰੂਪ-ਵਿਗਿਆਨ ਜਾਂ ਵਾਕ-ਵਿਗਿਆਨ ਨਾਲ ਸੰਬੰਧਿਤ ਹੁੰਦੀ ਹੈ।"[7] ਕਹਿਣ ਦਾ ਭਾਵ ਇਹ ਕਿ ਕੋਸ਼ ਵਿਚ ਕਿਸੇ ਕੋਸ਼ੀ ਇਕਾਈ ਦਾ ਅੰਦਰਾਜ ਇਨ੍ਹਾਂ ਤਿੰਨ ਵਿਲੱਖਣਤਾਵਾਂ ਦਾ ਧਾਰਣੀ ਹੁੰਦਾ ਹੈ: "(1) ਰੂਪ-ਵਿਗਿਆਨਕ ਵਿਲੱਖਣਤਾ (ਅਗੇਤਰਾਂ ਪਿਛੇਤਰਾਂ ਸਹਿਤ ਅਤੇ ਇਨ੍ਹਾਂ ਤੋਂ ਬਗੈਰ ਸ਼ਬਦ ਨੂੰ ਲਿਖਤੀ ਰੂਪ ਦੇਣਾ); (2) ਵਾਕ-ਵਿਗਿਆਨਕ ਵਿਲੱਖਣਤਾ (ਵਾਕ ਵਿਚ ਇਸ ਦੀ ਵੰਡ ਸੰਭਾਵਨਾ ਨੂੰ ਧਿਆਨ ਵਿਚ ਰਖਦਿਆਂ ਸ਼ਬਦ ਦਾ ਵਰਗੀਕਰਣ); ਅਤੇ (3) ਅਰਥ-ਵਿਗਿਆਨਕ ਵਿਲੱਖਣਤਾ (ਜਾਂ ਪਰਿਭਾਸ਼ਾ)।"[8] ਇੰਜ, ਸੰਪਾਦਨ ਸਮੇਂ ਕੋਸ਼ੀ ਇਕਾਈ ਦੀ ਰੂਪਾਤਮਕ, ਵਿਆਕਰਣਕ, ਅਰਥਗਤ ਅਤੇ ਪ੍ਰਕਾਰਜੀ ਸੁਤੰਤਰਤਾ ਨੂੰ ਆਧਾਰ ਬਣਾਇਆ ਜਾਂਦਾ ਹੈ, ਕਿਉਂਕਿ ਜੇ ਕੋਈ ਕੋਸ਼ੀ ਇਕਾਈ ਅਰਥਗਤ ਅਤੇ ਵਿਆਕਰਣਕ ਤੌਰ ਤੇ ਸੁਤੰਤਰ ਨਹੀਂ ਤਾਂ ਇਸ ਦਾ ਅਦਰਾਜ ਉਸ ਮੁੱਖ ਸ਼ਬਦ ਦੇ ਅੰਤਰਗਤ ਹੀ ਕਰ ਦਿੱਤਾ ਜਾਂਦਾ ਹੈ ਜਿਵੇਂ **ਲੀੜਾ-ਲੱਤਾ** ਮੁੱਖ ਸ਼ਬਦ **ਲੀੜਾ** ਦੇ ਅੰਤਰਗਤ, **ਵਕਤੋਂ ਘੁੱਥਾ** ਮੁੱਖ ਸ਼ਬਦ **ਵਕਤ** ਦੇ ਅੰਤਰਗਤ, **ਵਾਸਤੇ ਪਾਉਣਾ** ਮੁੱਖ ਸ਼ਬਦ **ਵਾਸਤਾ** ਦੇ ਅੰਤਰਗਤ ਆਦਿ। ਅਜਿਹਾ ਕਰਦਿਆਂ ਕੋਸ਼ੀ ਇਕਾਈ ਦੇ ਰੂਪਾਤਮਕ ਲੱਛਣਾਂ, ਵਿਆਕਰਣਕ ਲੱਛਣਾਂ, ਅਰਥਗਤ ਲੱਛਣਾਂ, ਪ੍ਰਯੋਗ-ਖੇਤਰ ਆਦਿ ਦਾ ਪੂਰਣ ਵਿਸਤਾਰ ਦਿੱਤਾ ਜਾਂਦਾ ਹੈ।

ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਹਰੇਕ ਕਾਰਜ ਵੱਖਰਾ ਤੇ ਸੁਤੰਤਰ ਵੀ ਹੈ ਅਤੇ ਪਰਸਪਰ-ਵਿਆਪੀ ਤੇ ਪਰਸਪਰ-ਨਿਰਭਰ ਵੀ। ਹਰੇਕ ਕਾਰਜ ਨੂੰ ਵੱਖਰੇ ਤੌਰ ਤੇ ਮੁਕੰਮਲ ਕਰਨਾ ਕੋਸ਼ਕਾਰੀ ਦੇ ਸਿਧਾਂਤਾਂ ਦੀ ਵਾਸਤਵਿਕ ਅਤੇ ਵਿਵਹਾਰਕ ਮੰਗ ਹੈ। ਸੰਕਲਨ ਦੇ ਨਾਲ ਨਾਲ ਸੰਪਾਦਨ ਅਤੇ ਪ੍ਰਕਾਸ਼ਨ ਦਾ ਕੰਮ ਸੰਭਵ ਨਹੀਂ ਹੈ। ਸੰਕਲਨ ਕਾਰਜ ਮੁਕੰਮਲ ਕਰ ਲੈਣ ਪਿਛੋਂ ਹੀ ਕੋਸ਼ ਦੇ ਸੰਪਾਦਨ ਕਾਰਜ ਨੂੰ ਹੱਥ ਵਿਚ ਲੈਣਾ ਉਚਿਤ ਹੈ। ਜੋ ਕੋਸ਼ਕਾਰ ਕਾਹਲ ਜਾਂ ਕਿਸੇ ਮਜਬੂਰੀ ਵਸ ਸੰਕਲਨ ਕਾਰਜ ਦੇ ਨਾਲ ਨਾਲ ਸੰਪਾਦਨ ਅਤੇ ਪ੍ਰਕਾਸ਼ਨ ਦੇ ਕੰਮ ਨੂੰ ਜਾਰੀ ਰਖਦਾ ਹੈ ਤਾਂ ਉਸ ਦੇ ਕੋਸ਼ ਵਿਚ ਵਿਭਿੰਨ ਪ੍ਰਕਾਰ ਦੀਆਂ ਤਰੁੱਟੀਆਂ ਰਹਿ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇੰਜ ਕੋਸ਼ ਵਿਚ ਲੋੜੀਂਦੀ ਇਕਸਾਰਤਾ ਨਹੀਂ ਆ ਸਕੇਗੀ। ਨਾਲੇ, ਕਈ ਕੋਸ਼ੀ ਇਕਾਈਆਂ ਦਾ ਕੋਸ਼ ਦੀਆਂ ਅਗਲੀਆਂ ਪਿਛਲੀਆਂ ਕੋਸ਼ੀ ਇਕਾਈਆਂ ਨਾਲ ਸੰਬੰਧ ਦਰਸਾਉਣ ਲਈ ਪ੍ਰਤਿ-ਹਵਾਲਾ (ਕ੍ਰਾਸ ਰੇਫਰੇਂਸ) ਦੇਣਾ ਪੈਂਦਾ ਹੈ। ਇਸ ਪੱਖ ਤੋਂ ਵੀ ਕੋਸ਼ ਵਿਚ ਤਰੁੱਟੀਆਂ ਰਹਿ ਜਾਣ ਦੀ ਸੰਭਾਵਨਾ ਹੈ। ਇਸ ਦੇ ਇਲਾਵਾ ਇਨ੍ਹਾਂ ਤਿੰਨਾਂ ਕਾਰਜਾਂ ਸਮੇਂ ਕੋਸ਼ਕਾਰ ਦਾ ਬਲ ਕੋਸ਼ੀ ਅੰਦਰਾਜ ਦੇ ਵੱਖ ਵੱਖ ਪੱਖਾਂ ਤੇ ਹੁੰਦਾ ਹੈ। ਮਸਲਨ, ਸੰਪਾਦਨ ਸਮੇਂ ਸ਼ਬਦ ਦੇ ਅਰਥ ਨੂੰ ਪ੍ਰਮੁੱਖਤਾ ਅਤੇ ਪਰਿਆਇਆਂ ਨੂੰ ਦੁਜੈਲੀ ਥਾਂ ਪ੍ਰਦਾਨ ਕੀਤੀ ਜਾਂਦੀ ਹੈ। ਪ੍ਰਕਾਸ਼ਨ ਵਿਚ ਅਰਥ ਦੀ ਸਪਸ਼ਟਤਾ ਲਈ ਵਿਭਿੰਨ ਪ੍ਰਕਾਸ਼ਨ ਤਕਨੀਕਾਂ ਆਦਿ ਤੇ ਬਲ ਦਿੱਤਾ ਜਾਂਦਾ ਹੈ। ਇਸ ਪ੍ਰਕਾਰ, ਕੋਸ਼ ਨੂੰ ਇਕ ਸਮੁੱਚ

ਤਸਲੀਮ ਕਰਦਿਆਂ ਵਿਭਿੰਨ ਕਾਰਜ ਮੁਕੰਮਲ ਹੋਣ ਉਪਰੰਤ ਹੀ ਕੋਸ਼ ਨੂੰ ਪ੍ਰਕਾਸ਼ਿਤ ਕਰਨ ਦਾ ਵਿਚਾਰ ਮਨ ਵਿਚ ਆਉਣਾ ਚਾਹੀਦਾ ਹੈ। ਅੰਗ੍ਰੇਜ਼ੀ ਦੇ ਮਿਆਰੀ ਅਤੇ ਪ੍ਰਮਾਣਕ ਕੋਸ਼ਾਂ ਵਿਚ ਇਹੀ ਕਾਰਜ-ਵਿਧੀ ਅਪਣਾਈ ਗਈ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ. ਹਰਬੰਸ ਸਿੰਘ ਵੀ ਇਸੇ ਧਾਰਣਾ ਨੂੰ ਆਧਾਰ ਬਣਾ ਕੇ 'ਇਨਸਾਈਕਲੋ-ਪੀਡੀਆ ਆਫ ਸਿਖਿਜ਼ਮ' ਦੇ ਸੰਪਾਦਨ ਕਾਰਜ ਵਿਚ ਮਸਰੂਫ ਹਨ। ਪ੍ਰਮਾਣਕ ਅਤੇ ਮਿਆਰੀ ਕੋਸ਼ ਦੀ ਇਹੀ ਵਾਸਤਵਿਕ ਕਸੌਟੀ ਹੈ।

4.1.3.1 ਕੋਸ਼ੀ ਅੰਦਰਾਜ ਦੀ ਸੰਰਚਨਾ : ਕੋਸ਼ੀ ਅੰਦਰਾਜ ਦੀ ਸੰਰਚਨਾ ਨੂੰ ਵਿਚਾਰ ਦੀ ਸੁਖਨੈਤਾ ਨੂੰ ਮੁੱਖ ਰਖਦਿਆਂ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(ੳ) **ਲੈਮਾ (ਸ਼ੀਰਸ਼) :** ਇਸ ਦੇ ਅੰਤਰਗਤ ਇਹ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ :

(1) ਮੁੱਖ ਸ਼ਬਦ ;

(2) ਸ਼ਬਦ-ਜੋੜ ਅਤੇ ਉਚਾਰਣ ;

(3) ਵਿਆਕਰਣਕ ਸੂਚਨਾ (ਕੁਝ ਹਾਲਤਾਂ ਵਿਚ ਵਿਭਕਤੀ ਰੂਪ ਵੀ ਦਿੱਤੇ ਜਾਂਦੇ ਹਨ) ;

(4) ਭਾਸ਼ਾ ਜਾਂ ਕੋਸ਼ੀ ਇਕਾਈ ਦੇ ਸੂਚਕ-ਸ਼ਬਦ (ਲੇਬਲ)।

(ਅ) **ਅਰਥਗਤ ਸੰਰਚਨਾ :** ਕੋਸ਼ ਵਿਚ ਕੋਸ਼ੀ ਅੰਦਰਾਜ ਦੀ ਅਰਥਗਤ ਸੰਰਚਨਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿਉਂਕਿ ਕੋਸ਼ ਦਾ ਪ੍ਰਯੋਗਕਰਤਾ ਕੋਸ਼ ਦਾ ਪ੍ਰਯੋਗ ਮੁੱਖ ਰੂਪ ਵਿਚ ਅਰਥ ਦੀ ਦ੍ਰਿਸ਼ਟੀ ਤੋਂ ਹੀ ਕਰਦਾ ਹੈ। ਇਸ ਦੇ ਅੰਤਰਗਤ ਹੇਠ ਦਿੱਤੀ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ :

(1) ਅਰਥ (ਪਰਿਭਾਸ਼ਾ, ਵਰਣਨ ਜਾਂ ਸਮੀਕਰਣ) ;

(2) ਦ੍ਰਿਸ਼ਟਾਂਤੀ ਉਦਾਹਰਣ ਅਤੇ ਚਿੱਤਰ ਆਦਿ (ਅਰਥ ਦੀ ਸਪਸ਼ਟਤਾ ਦੇ ਮਨੋਰਥ ਤੋਂ) ;

(3) ਵਿਉਤਪੰਨ ਸ਼ਬਦ ;

(4) ਵਾਕਾਂਸ਼, ਮੁਹਾਵਰੇ ਅਤੇ ਅਖੌਤਾਂ ;

(5) ਨਿਰੁਕਤੀ ; ਅਤੇ

(6) ਪਰਿਆਇ ਅਤੇ ਵਿਪਰਿਆਇ।

ਕੋਸ਼ ਦੇ ਸੰਪਾਦਨ ਸਮੇਂ ਉਚਾਰਣ, ਸ਼ਬਦ-ਜੋੜ, ਨਿਰੁਕਤੀ, ਮੁਹਾਵਰਿਆਂ, ਤਕਨੀਕੀ ਸ਼ਬਦਾਵਲੀ ਆਦਿ ਵਿਚ ਸ਼ੁੱਧਤਾ ਅਤੇ ਪਰਿਸ਼ੁੱਧਤਾ ਨੂੰ ਵਧੇਰੇ ਯਕੀਨੀ ਬਣਾਉਣ ਲਈ ਇਨ੍ਹਾਂ ਵਿਸ਼ੇਸ਼ ਖੇਤਰਾਂ ਦੇ ਮਾਹਿਰਾਂ ਦਾ ਸਹਿਯੋਗ ਆਵੱਸ਼ਕ ਹੈ। ਸੰਬੰਧਿਤ ਖੇਤਰਾਂ ਦੇ ਮਾਹਿਰਾਂ ਦੇ ਯੋਗਦਾਨ ਨਾਲ ਕੋਸ਼ ਪ੍ਰਮਾਣਕਤਾ ਅਤੇ ਪ੍ਰੌੜਤਾ ਦੇ ਗੁਣਾਂ ਦਾ ਧਾਰਣੀ ਬਣਦਾ ਹੈ। ਪਰੰਤੂ ਹਰੇਕ ਕੋਸ਼ ਵਿਚ ਉਪਰ-ਵਰਣਿਤ ਸਾਰੀ ਸੂਚਨਾ ਪ੍ਰਦਾਨ ਕਰਨ ਦੀ ਲੋੜ ਨਹੀਂ ਹੁੰਦੀ। ਕੋਸ਼ ਵਿਚ ਪ੍ਰਦਾਨ ਕੀਤੀ ਜਾਣ ਵਾਲੀ ਸੂਚਨਾ ਦਾ

ਆਧਾਰ ਕੋਸ਼ ਦਾ ਉਦੇਸ਼, ਕੋਸ਼ ਦਾ ਪ੍ਰਯੋਗ-ਖੇਤਰ, ਕੋਸ਼ ਦਾ ਆਕਾਰ ਤੇ ਪ੍ਰਕਾਰ ਹੁੰਦਾ ਹੈ। ਉਦਾਹਰਣ ਵਜੋਂ, ਸ਼ਬਦ-ਜੋੜ ਕੋਸ਼ ਵਿਚ ਕੇਵਲ ਸ਼ਬਦ ਦੇ ਮਿਆਰੀ ਰੂਪ ਅਤੇ ਵਿਆਕਰਣਕ ਕੋਟੀ ਤੋਂ ਬਿਨਾਂ ਹੋਰ ਸੂਚਨਾ ਦੇਣੀ ਅਪ੍ਰਸੰਗਕ ਹੋਵੇਗੀ। ਪਰਿਆਇ ਅਤੇ ਵਿਪਰਿਆਇ ਕੋਸ਼ ਵਿਚ ਅਰਥਾਂ ਦੀ ਵਿਆਖਿਆ, ਦ੍ਰਿਸ਼ਟਾਂਤੀ ਉਦਾਹਰਣ, ਚਿੱਤਰ, ਨਿਰੁਕਤੀ ਆਦਿ ਦੀ ਆਵੱਸ਼ਕਤਾ ਨਹੀਂ ਹੈ। ਉਚਾਰਣ ਕੋਸ਼ ਵਿਚ ਕੋਸ਼ੀ ਇਕਾਈਆਂ ਦਾ ਕੇਵਲ ਉਚਾਰਣ ਹੀ ਪ੍ਰਮੁੱਖਤਾ ਗ੍ਰਹਿਣ ਕਰਦਾ ਹੈ। ਅਰਥ ਇਸ ਦੇ ਸੀਮਾ-ਖੇਤਰ ਵਿਚ ਨਹੀਂ ਸਮਾਉਂਦਾ।

(ੳ) **ਲੇਮਾ (ਸ਼ੀਰਸ਼) :** ਕੋਸ਼ੀ ਅੰਦਰਾਜ ਦੇ ਪਹਿਲੇ ਭਾਗ ਨੂੰ ਲੇਮਾ ਆਖਿਆ ਜਾਂਦਾ ਹੈ ਅਰਥਾਤ ਇਸ ਵਿਚ ਅਰਥ ਤੋਂ ਬਿਨਾਂ ਕੋਸ਼ੀ ਅੰਦਰਾਜ ਬਾਰੇ ਸਾਰੀ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ।

(1) **ਮੁੱਖ ਸ਼ਬਦ :** ਰੂਪਾਤਮਕ, ਵਿਆਕਰਣਕ ਅਤੇ ਅਰਥਗਤ ਤੌਰ ਤੇ ਸੁਤੰਤਰ ਸ਼ਬਦਾਂ ਨੂੰ ਮੁੱਖ ਸ਼ਬਦ ਆਖਿਆ ਜਾਂਦਾ ਹੈ। ਪਰੰਤੂ ਕੋਸ਼ ਵਿਚ ਮੁੱਖ ਸ਼ਬਦ ਦੀ ਚੋਣ ਦਾ ਆਧਾਰ ਕੀ ਹੋਵੇ ? ਇਸ ਸੰਬੰਧ ਵਿਚ ਇਕ ਗੱਲ ਤਾਂ ਪ੍ਰਤੱਖ ਹੈ ਕਿ ਕੋਸ਼ ਵਿਚ ਕਿਸੇ ਭਾਸ਼ਾ-ਪ੍ਰਬੰਧ ਦੀ ਸਮੁੱਚੀ ਸ਼ਬਦਾਵਲੀ ਅਰਥਾਤ ਸਾਰੇ ਸ਼ਬਦ-ਰੂਪਾਂ ਨੂੰ ਸ਼ਾਮਿਲ ਕਰਨਾ ਸੰਭਵ ਨਹੀਂ ਹੈ। ਫਲਸਰੂਪ, ਕੋਸ਼ ਵਿਚ ਮੁੱਖ ਸ਼ਬਦ ਨਿਸ਼ਚਿਤ ਕਰਨ ਦੇ ਸਿਧਾਂਤਕ ਨਿਖੇੜੇ ਲਈ ਕਿਸੇ ਨਿਯਮ ਨੂੰ ਆਧਾਰ ਬਣਾਉਣਾ ਜ਼ਰੂਰੀ ਹੈ। ਕੋਸ਼ਕਾਰ ਸ਼ਬਦ-ਰੂਪਾਵਲੀ ਵਿਚੋਂ ਪ੍ਰਭਾਵੀ ਅਰਥਾਂ ਵਾਲੇ ਕਿਸੇ ਕੇਂਦਰੀ ਜਾਂ ਪ੍ਰਮਾਣਕ ਸ਼ਬਦ-ਰੂਪ ਦੀ ਮੁੱਖ ਸ਼ਬਦ ਵਜੋਂ ਚੋਣ ਕਰਦਾ ਹੈ। ਸ਼ਬਦ ਦੇ ਪ੍ਰਮਾਣਕ ਰੂਪ ਨੂੰ ਅਪਣਾਉਣ ਦੇ ਕੁਝ ਬੁਨਿਆਦੀ ਨਿਯਮ ਹਨ :

"(ੳ) ਸਾਧਾਰਣ ਰੂਪ ਵਿਚ ਇਸ ਵਿਚ ਇਕੱਲੇ ਪ੍ਰਯੋਗ ਕੀਤੇ ਜਾਣ ਦੀ ਸਮਰਥਾ ਹੋਵੇ;

(ਅ) ਇਹ ਸ਼ਬਦ ਦੇ ਸਾਰੇ ਰੂਪਾਂ ਨਾਲੋਂ ਅਧਿਕ ਪ੍ਰਯੋਗ ਕੀਤਾ ਜਾਂਦਾ ਹੋਵੇ; ਅਤੇ

(ੲ) ਇਹ ਸਮੁੱਚੀ ਸ਼ਬਦ-ਰੂਪਾਵਲੀ ਦੀ ਪ੍ਰਤਿਨਿਧਤਾ ਕਰਦਾ ਹੋਵੇ। ਪਰੰਤੂ ਪ੍ਰਮਾਣਕ ਰੂਪ ਅਪਣਾਉਣ ਦਾ ਸਭ ਤੋਂ ਮਹੱਤਵਪੂਰਣ ਨਿਯਮ ਭਾਸ਼ਾ ਦੀ ਵਿਆਕਰਣਕ ਪਰੰਪਰਾ ਹੈ।"[9]

ਇਸ ਪ੍ਰਕਾਰ, ਹਰੇਕ ਭਾਸ਼ਾ-ਪ੍ਰਬੰਧ ਦੇ ਪ੍ਰਮਾਣਕ ਰੂਪਾਂ ਦੀ ਆਪਣੀ ਪਰੰਪਰਾ ਹੈ। ਉਦਾਹਰਣ ਵਜੋਂ, **ਕਰਨਾ, ਕੀਤਾ, ਕਰਿਆ,** ਕਰੇਗਾ ਵਿਚ ਕਰਨਾ ਪ੍ਰਮਾਣਕ ਰੂਪ ਹੈ; **ਮੁੱਕਾ, ਮੁਕੀ, ਮੁੱਕੀ-ਧੱਫਾ, ਮੁੱਕੋ-ਮੁੱਕੀ, ਮੁੱਕੇਬਾਜ਼, ਮੁੱਕੇਬਾਜ਼ੀ** ਵਿਚ ਸ਼ਬਦ ਦਾ ਪ੍ਰਮਾਣਕ ਰੂਪ ਮੁੱਕਾ ਹੈ। ਵਿਆਕਰਣ ਜਾਂ ਕੋਸ਼ਕਾਰੀ ਪਰੰਪਰਾ ਵਾਲੀਆਂ ਭਾਸ਼ਾਵਾਂ ਵਿਚ ਸ਼ਬਦਾਂ ਦੇ ਪ੍ਰਮਾਣਕ ਰੂਪਾਂ ਦੀ ਚੋਣ ਦਾ ਕਾਰਜ ਕਾਫ਼ੀ ਸੌਖਾ ਹੈ। ਨਹੀਂ ਤਾਂ ਕੋਸ਼ਕਾਰ ਨੂੰ ਭਾਸ਼ਾ ਦਾ ਸੰਪੂਰਣ ਵਿਸ਼ਲੇਸ਼ਣ ਕਰਨ ਉਪਰੰਤ ਸ਼ਬਦ ਦਾ ਪ੍ਰਮਾਣਕ ਰੂਪ ਨਿਰਧਾਰਿਤ ਕਰਨਾ ਪੈਂਦਾ ਹੈ। ਪ੍ਰਮਾਣਕ ਰੂਪ ਨੂੰ ਮੁੱਖ ਸ਼ਬਦ ਵਜੋਂ ਅਪਣਾ ਕੇ ਸ਼ਬਦ-ਰੂਪਾਵਲੀ ਦੇ ਦੂਜੇ ਰੂਪਾਂ ਨੂੰ ਵੀ ਗਹੁ ਅਤੇ ਗੰਭੀਰਤਾ ਨਾਲ ਵਾਚਣਾ ਜ਼ਰੂਰੀ ਹੈ। ਸ਼ਬਦ-ਰੂਪਾਵਲੀ ਵਿਚ ਕਈ ਅਨਿਯਮਿਤ ਰੂਪ ਵੀ ਅਵੱਸ਼ ਦ੍ਰਿਸ਼ਟੀਗੋਚਰ ਹੋਣਗੇ। ਇਨ੍ਹਾਂ ਦਾ ਕੋਸ਼ ਵਿਚ ਵਿਸ਼ੇਸ਼ ਵਰਣਨ

ਹੋਣਾ ਚਾਹੀਦਾ ਹੈ ਜਿਵੇਂ ਜਾਣਾ ਸ਼ਬਦ ਦਾ ਅਨਿਯਮਿਤ ਸ਼ਬਦ-ਰੂਪ ਗਿਆ ਹੈ। ਇੰਜ ਗਿਆ ਸ਼ਬਦ ਵੀ ਕੋਸ਼ਕਾਰ ਦੇ ਧਿਆਨ ਦੀ ਮੰਗ ਕਰਦਾ ਹੈ। ਇੰਜ ਹੀ ਅੰਗ੍ਰੇਜ਼ੀ goose, n. pl. geese ; sell, v. p.t. sold ; write, v. p.t. wrote, p.p. written ਆਦਿ ਕੋਸ਼ੀ ਇਕਾਈਆਂ ਨੂੰ ਉਦਾਹਰਣ ਵਜੋਂ ਪ੍ਰਸਤੁਤ ਕੀਤਾ ਜਾ ਸਕਦਾ ਹੈ। ਪਰੰਤੂ ਕੋਸ਼ ਵਿਚ ਅਨਿਯਮਿਤ ਰੂਪਾਂ ਦੇ ਅੰਦਰਾਜ ਇਸ ਪ੍ਰਕਾਰ ਦਿੱਤੇ ਜਾਣ ਕਿ ਇਨ੍ਹਾਂ ਦਾ ਪ੍ਰਮਾਣਕ ਰੂਪ ਨਾਲ ਸੰਬੰਧ ਅਵੱਸ਼ ਦ੍ਰਿਸ਼ਟੀਗੋਚਰ ਹੋਵੇ। ਅਨਿਯਮਿਤ ਰੂਪ ਨੂੰ ਅੱਖਰ-ਕ੍ਰਮ ਅਨੁਸਾਰ ਆਪਣੀ ਨਿਸ਼ਚਿਤ ਥਾਂ ਤੇ ਦਿੱਤਾ ਜਾਵੇ ਅਤੇ ਮੁੱਖ ਸ਼ਬਦ ਵਲ ਪ੍ਰਤਿ-ਹਵਾਲਾ (ਕ੍ਰਾਸ ਰੈਫਰੈਂਸ) ਦਿੱਤਾ ਜਾਵੇ, ਜਿਵੇਂ

ਜਾਣਾ, ਕ੍ਰਿਆ, ਭੂਤਕਾਲ ਗਿਆ।

ਗਿਆ, ਜਾਣਾ ਦਾ ਭੂਤਕਾਲ, ਜਾਂ ਦੇਖੋ ਜਾਣਾ।

ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦੀ ਕੋਈ ਰੂਪਾਵਲੀ ਨਹੀਂ ਹੁੰਦੀ। ਇਨ੍ਹਾਂ ਸ਼ਬਦਾਂ ਦੇ ਅੱਗੋਂ ਹੋਰ ਸ਼ਬਦ-ਰੂਪ ਨਹੀਂ ਹੁੰਦੇ। ਇਨ੍ਹਾਂ ਸ਼ਬਦਾਂ ਨੂੰ ਇਨ੍ਹਾਂ ਦੇ ਵਿਸ਼ੇਸ਼ ਲੱਛਣਾਂ ਦਾ ਸੰਕੇਤ ਕਰ ਕੇ ਦਰਜ ਕੀਤਾ ਜਾਂਦਾ ਹੈ। ਉਦਾਹਰਣ ਵਜੋਂ :

ਪੰਜਾਬੀ : ਹੁੱਲੜ, ਨਾਂ, ਪੁਲਿੰਗ (ਕੇਵਲ ਇਕਵਚਨ)।
ਜੀਵਨ, ਨਾਂ, ਪੁਲਿੰਗ (ਕੇਵਲ ਇਕਵਚਨ)

ਹਿੰਦੀ : ਗੇਹੂੰ, ਸੰ. (ਕੇਵਲ ਇਕਵਚਨ)

ਅੰਗ੍ਰੇਜ਼ੀ : trousers, n. only singular.

ਮੁੱਖ ਸ਼ਬਦ ਦੀ ਚੋਣ ਕਰਦਿਆਂ ਸ਼ਬਦ-ਰੂਪ ਦੇ ਨਾਲ ਨਾਲ ਅਰਥ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਜੇ ਸ਼ਬਦ-ਰੂਪਾਵਲੀ ਵਿਚ ਕਿਸੇ ਸ਼ਬਦ-ਰੂਪ ਦੀ ਪ੍ਰਮਾਣਕ ਰੂਪ ਨਾਲੋਂ ਅਰਥ-ਭਿੰਨਤਾ ਹੈ, ਤਾਂ ਇਹ ਰੂਪ ਕੋਸ਼ ਵਿਚ ਵਿਸ਼ੇਸ਼ ਵਿਵਹਾਰ ਦਾ ਹੱਕਦਾਰ ਹੈ। ਇਸ ਨੂੰ ਜਾਂ ਤਾਂ ਪ੍ਰਮਾਣਕ ਰੂਪ ਦੇ ਨਾਲ ਵਿਸ਼ੇਸ਼ ਸੰਕੇਤ ਦੇ ਕੇ ਦਿੱਤਾ ਜਾਂਦਾ ਹੈ ਜਾਂ ਵੱਖਰੇ ਅੰਦਰਾਜ ਦੇ ਰੂਪ ਵਿਚ ਜਿਵੇਂ ਮਰਿਆ ਅਤੇ ਮੋਇਆ ਦੋਵੇਂ ਸ਼ਬਦ-ਰੂਪ ਮਰਨਾ ਦੇ ਭੂਤਕਾਲਕ ਰੂਪ ਹਨ ਜਿਵੇਂ ਮਰਿਆ/ਮੋਇਆ ਬੰਦਾ। ਪਰੰਤੂ ਅੱਗੋਂ ਮਰਿਆ ਅਤੇ ਮੋਇਆ ਦੇ ਅਰਥ ਇਕਸਮਾਨ ਨਹੀਂ ਹਨ। ਇਸ ਅਰਥ-ਭਿੰਨਤਾ ਨੂੰ ਕੋਸ਼ ਵਿਚ ਕਿਸੇ ਨਾ ਕਿਸੇ ਤਰ੍ਹਾਂ ਸਪਸ਼ਟ ਕਰਨਾ ਚਾਹੀਦਾ ਹੈ, ਜਿਵੇਂ

ਮਰਿਆ (ਮਰਨਾ ਦਾ ਭੂਤਕਾਲ), ਮੋਇਆ, ਮਰਿਆ ਹੋਇਆ।

ਮੋਇਆ (ਮਰਨਾ ਦਾ ਭੂਤਕਾਲ) 1. ਮਰਿਆ ਹੋਇਆ ; 2. ਗੁਜ਼ਰਿਆ, ਲੰਘਿਆ, ਬੀਤਿਆ, ਜਿਵੇਂ

ਅੱਜ ਦਾ ਦਿਨ ਵੀ **ਮੋਇਆ** ਯਾਰਾ।
ਕੌਣ ਕਿਸੇ ਦਾ ਹੋਇਆ ਯਾਰਾ। (ਅਨੂਪ ਵਿਰਕ)

English : water n. (pl. only as in examples below)...cast (throw)

one's bread upon the waters 'do a gccd action with requiring reward, although later some unexpected return may come.'

ਇਸ ਤਰ੍ਹਾਂ, ਮੁੱਖ ਸ਼ਬਦ ਦੀ ਚੋਣ ਕਰਦਿਆਂ ਨਾਂਵੀਂ, ਪੜਨਾਂਵੀਂ, ਵਿਸ਼ੇਸ਼ਣੀ, ਕ੍ਰਿਆਵੀ ਆਦਿ ਅਨਿਯਮਿਤ ਸ਼ਬਦ-ਰੂਪ ਕੋਸ਼ਕਾਰ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਨ੍ਹਾਂ ਸ਼ਬਦਾਂ ਦੇ ਕੋਸ਼ ਵਿਚ ਦਰਜ ਕਰਨ ਦੀ ਪ੍ਰਮਾਣਿਤ ਵਿਧੀ ਕੇਵਲ ਇਹੀ ਹੈ ਕਿ ਇਨ੍ਹਾਂ ਅਨਿਯਮਿਤ ਰੂਪਾਂ ਨੂੰ ਅੱਖਰ-ਕ੍ਰਮ ਅਨੁਸਾਰ ਆਪਣੀ ਨਿਸ਼ਚਿਤ ਥਾਂ ਤੇ ਦੇ ਕੇ ਸ਼ਬਦ ਦੇ ਪ੍ਰਮਾਣਕ ਰੂਪ ਵਲ ਪ੍ਰਤਿ-ਹਵਾਲਾ ਦੇ ਦਿੱਤਾ ਜਾਵੇ ਅਤੇ ਅਰਥ ਵੀ ਕੇਵਲ ਸ਼ਬਦ ਦੇ ਪ੍ਰਮਾਣਕ ਰੂਪ ਦੇ ਹੀ ਦਿੱਤੇ ਜਾਣ ਜਿਵੇਂ **ਗਿਆ** ਦੇ ਵੱਖਰੇ ਅਰਥ ਦੇਣ ਦੀ ਲੋੜ ਨਹੀਂ ਹੈ, ਸਾਰੇ ਅਰਥ **ਜਾਣਾ** ਦੇ ਅੰਤਰਗਤ ਹੀ ਦੇਣੇ ਚਾਹੀਦੇ ਹਨ। ਪਰੰਤੂ ਜੇ ਮੁੱਖ ਸ਼ਬਦ ਦੇ ਅਨਿਯਮਿਤ ਰੂਪਾਂ ਵਿਚੋਂ ਕਿਸੇ ਰੂਪ ਨੇ ਵਿਸ਼ੇਸ਼ ਅਰਥ ਗ੍ਰਹਿਣ ਕਰ ਲਏ ਹਨ ਤਾਂ ਉਨ੍ਹਾਂ ਅਰਥਾਂ ਦਾ ਉਥੇ ਸੰਕੇਤ ਕਰਨਾ ਆਵੱਸ਼ਕ ਹੈ ਜਿਵੇਂ ਉਪਰ **ਮੋਇਆ** ਅਤੇ **ਮਰਿਆ** ਦੀ ਉਦਾਹਰਣ ਦਿੱਤੀ ਗਈ ਹੈ।

(2) **ਸ਼ਬਦ-ਜੋੜ ਅਤੇ ਉਚਾਰਣ :** ਸ਼ਬਦ-ਜੋੜਾਂ ਦੀ ਭਿੰਨਤਾ ਦਾ ਵਰਤਾਰਾ ਲਗਭਗ ਹਰੇਕ ਭਾਸ਼ਾ ਵਿਚ ਵਿਦਮਾਨ ਹੈ। ਪ੍ਰਯੋਗਕਰਤਾ ਦੀ ਸਹੀ ਅਗਵਾਈ ਲਈ ਕੋਸ਼ ਵਿਚ ਦਰਜ ਸ਼ਬਦ-ਜੋੜ ਸਹੀ, ਸ਼ੁੱਧ, ਪ੍ਰਮਾਣਕ ਅਤੇ ਮਿਆਰੀ ਹੋਣੇ ਚਾਹੀਦੇ ਹਨ। ਕਈ ਵਾਰੀ ਇਕ ਸ਼ਬਦ ਦੇ ਇਕ ਨਾਲੋਂ ਵੱਧ ਸ਼ਬਦ-ਜੋੜ ਪ੍ਰਚਲਿਤ ਹੋ ਜਾਂਦੇ ਹਨ ਜਿਵੇਂ ਪ੍ਰਵਾਰ, ਪਰਵਾਰ, ਪਰਿਵਾਰ, ਪਰੀਵਾਰ, ਪ੍ਰੀਵਾਰ ; ਪ੍ਰਮਾਤਮਾ, ਪਰਮਾਤਮਾ ; ਪਰੀਖਿਆ, ਪ੍ਰੀਖਿਆ ; ਵਲਟੋਹਾ, ਵਲਟੋਹਿਆ, ਵਲਟੋਹ ; ਬਾਦ, ਬਾਅਦ ; ਸ਼ਿਅਰ, ਸ਼ੇਅਰ ; colour, color ; ਦਿਵਾਰ, ਦੀਵਾਰ ; ਢਾਰਸ, ਢਾਢਸ (ਹਿੰਦੀ) ਆਦਿ। ਇਨ੍ਹਾਂ ਰੂਪ-ਭੇਦਾਂ ਨੂੰ ਅੱਖਰ-ਕ੍ਰਮ ਅਨੁਸਾਰ ਆਪਣੀ ਉਚਿਤ ਥਾਂ ਤੇ ਦਰਜ ਕੀਤਾ ਜਾਂਦਾ ਹੈ ਅਤੇ ਪ੍ਰਮਾਣਕ ਸ਼ਬਦ-ਜੋੜ ਵਾਲੇ ਸ਼ਬਦ-ਰੂਪ ਵਲ ਪ੍ਰਤਿ-ਹਵਾਲਾ ਦੇ ਦਿੱਤਾ ਜਾਂਦਾ ਹੈ, ਜਿਵੇਂ **ਪ੍ਰਮਾਤਮਾ**, ਦੇਖੋ ਪਰਮਾਤਮਾ ; **ਵਲਟੋਹ**, ਦੇਖੋ ਵਲਟੋਹਾ ; **ਪ੍ਰੀਖਿਆ**, ਦੇਖੋ ਪਰੀਖਿਆ ਆਦਿ। ਇੰਜ, ਮੁੱਖ ਅੰਦਰਾਜ ਨਿਸ਼ਚਿਤ ਕਰਨ ਸਮੇਂ ਸ਼ਬਦ-ਜੋੜਾਂ ਦੀ ਸ਼ੁੱਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ।

ਮੁੱਖ ਸ਼ਬਦ ਦਾ ਅੰਦਰਾਜ ਕਰਨ ਅਤੇ ਇਸ ਦੇ ਸ਼ਬਦ-ਜੋੜਾਂ ਦੀ ਪ੍ਰਮਾਣਕਤਾ ਨਿਸ਼ਚਿਤ ਕਰ ਲੈਣ ਪਿਛੋਂ ਮੁੱਖ ਸ਼ਬਦ ਦਾ ਉਚਾਰਣ ਦਿੱਤਾ ਜਾਂਦਾ ਹੈ। ਉਚਾਰਣ ਹਰੇਕ ਕੋਸ਼ ਦਾ ਅਨਿਖੜ ਅਤੇ ਅਭਿੰਨ ਅੰਗ ਨਹੀਂ ਹੁੰਦਾ। ਇਸ ਦਾ ਨਿਰਣਾ ਕੋਸ਼ ਦੇ ਉਦੇਸ਼ ਅਤੇ ਪ੍ਰਕਾਰ ਅਨੁਸਾਰ ਲਿਆ ਜਾਂਦਾ ਹੈ। ਜੇ ਅਸੀਂ 'ਪੰਜਾਬੀ ਕੋਸ਼' ਦਾ ਸੰਕਲਨ ਦੇਸੀ ਬੁਲਾਰਿਆਂ ਲਈ ਕਰ ਰਹੇ ਹਾਂ, ਤਾਂ ਉਚਾਰਣ ਦੇਣ ਦੀ ਲੋੜ ਨਹੀਂ ਹੈ, ਪਰੰਤੂ ਜੇ ਇਸ ਦਾ ਉਦੇਸ਼ ਵਿਦੇਸ਼ੀ ਪ੍ਰਯੋਗਕਰਤਾ ਅਤੇ ਬੁਲਾਰੇ ਦੀਆਂ ਲੋੜਾਂ ਦੀ ਪੂਰਤੀ ਕਰਨਾ

ਹੈ, ਤਾਂ ਉਚਾਰਣ ਅਵੱਸ਼ ਦੇਣਾ ਚਾਹੀਦਾ ਹੈ। ਕੁਝ ਭਾਸ਼ਾਵਾਂ ਵਿਚ ਲਿਪੀਗ੍ਰਾਮਾਂ (graphemes) ਅਤੇ ਧੁਨੀਗ੍ਰਾਮਾਂ (phonemes) ਵਿਚ ਕੋਈ ਅੰਤਰ ਨਹੀਂ ਹੈ ਜਿਵੇਂ ਪੰਜਾਬੀ ਅਤੇ ਹਿੰਦੀ ਵਿਚ। ਉਨ੍ਹਾਂ ਭਾਸ਼ਾਵਾਂ ਦੇ ਕੋਸ਼ਾਂ ਵਿਚ ਉਚਾਰਣ ਦੇਣ ਦੀ ਲੋੜ ਨਹੀਂ ਹੈ। ਪਰੰਤੂ ਜਿਨ੍ਹਾਂ ਭਾਸ਼ਾਵਾਂ ਵਿਚ ਇਹ ਦੋਵੇਂ ਪ੍ਰਬੰਧ ਭਿੰਨ ਹਨ ਜਿਵੇਂ ਅੰਗ੍ਰੇਜ਼ੀ ਵਿਚ, ਉਥੇ ਉਚਾਰਣ ਦੇਣਾ ਅਨਿਵਾਰੀ ਹੁੰਦਾ ਹੈ। ਪਰੰਤੂ ਜਿਹੜੇ ਚਿੰਨ੍ਹ ਉਚਾਰਣ ਦੇਣ ਲਈ ਅਪਣਾਏ ਜਾਣ, ਉਨ੍ਹਾਂ ਦਾ ਕੋਸ਼ ਦੀ ਭੂਮਿਕਾ ਵਿਚ ਉਚਾਰਣ-ਕੁੰਜੀ ਵਿਚ ਵਿਸਤ੍ਰਿਤ ਵਰਣਨ ਕਰਨਾ ਚਾਹੀਦਾ ਹੈ। ਅੰਤਰਰਾਸ਼ਟਰੀ ਉਚਾਰਣ-ਕੁੰਜੀ ਚਿੰਨ੍ਹਾਵਲੀ (IPA) ਅਪਣਾਉਣਾ ਵਧੇਰੇ ਉਚਿਤ ਰਹਿੰਦਾ ਹੈ। ਇਹ ਸਭ ਕਝ ਕੋਸ਼ਕਾਰ ਦੇ ਨਿਰਣੇ ਤੇ ਨਿਰ-ਭਰ ਹੈ। ਪਰ ਇਸ ਮਨੋਰਥ ਲਈ ਜਿਹੜੀ ਵਿਧੀ ਅਪਣਾਈ ਜਾਵੇ, ਉਸ ਦਾ ਭੂਮਿਕਾ ਵਿਚ ਵਿਸਤ੍ਰਿਤ ਉਲੇਖ ਕਰਨਾ ਆਵੱਸ਼ਕ ਹੈ।

ਕੁਝ ਕੋਸ਼ ਉਚਾਰਣ ਦੇ ਨਾਲ ਨਿਰੁਕਤੀ ਵੀ ਲੈਮਾ ਵਾਲੇ ਭਾਗ ਵਿਚ ਹੀ ਦਿੰਦੇ ਹਨ, ਪਰ ਕੁਝ ਕੋਸ਼ਾਂ ਵਿਚ ਨਿਰੁਕਤੀ ਕੋਸ਼ੀ ਅੰਦਰਾਜ ਦੇ ਅੰਤ ਵਿਚ ਦਿੱਤੀ ਜਾਂਦੀ ਹੈ।

(3) **ਵਿਆਕਰਣਕ ਸੂਚਨਾ :** ਵਿਆਕਰਣਕ ਸੂਚਨਾ ਮੁੱਖ ਅੰਦਰਾਜ ਦੇ ਭਾਸ਼ਾ-ਪ੍ਰਬੰਧ ਦੀ ਵਾਕ-ਰਚਨਾ ਵਿਚ ਪ੍ਰਕਾਰਜੀ ਮਹੱਤਵ ਨੂੰ ਉਜਾਗਰ ਕਰਦੀ ਹੈ। ਕੋਸ਼ ਵਿਆਕਰਣ ਨਹੀਂ ਹੈ ਜਿਸ ਕਰਕੇ ਇਸ ਵਿਚ ਵਿਸਤ੍ਰਿਤ ਵਿਆਕਰਣਕ ਸੂਚਨਾ ਦੇਣੀ ਸੰਭਵ ਨਹੀਂ ਹੈ. ਪਰੰਤੂ ਕੋਸ਼ ਵਿਚ ਸਾਰਥਕ ਰੂਪਾਤਮਕ ਅਤੇ ਵਾਕ-ਰਚਨਾਵੀ ਸੂਚਨਾ ਅਵੱਸ਼ ਦਿੱਤੀ ਜਾਂਦੀ ਹੈ। ਇਹ ਸੂਚਨਾ ਪ੍ਰਦਾਨ ਕਰਨ ਦੇ ਕਈ ਢੰਗ ਹਨ। ਸਾਧਾਰਣ ਵਿਧੀ ਮੁੱਖ ਸ਼ਬਦ ਨਾਲ ਵਿਆਕਰਣਕ ਸੂਚਕ (ਲੇਬਲ) ਦੇਣ ਦੀ ਹੈ, ਪਰੰਤੂ ਵਿਆਕਰਣਕ ਸੂਚਕ ਦਾ ਸੰਖੇਪ ਰੂਪ ਦਿੱਤਾ ਜਾਂਦਾ ਹੈ ਜਿਵੇਂ ਮੋਕਲਾ (ਵਿ. ਪੁ.); ਕੁਰਸੀ (ਨਾਂ, ਇ. ਲਿੰ.) ਆਦਿ। ਵਿਆਕਰਣਕ ਸੂਚਨਾ ਦੀ ਮਾਤਰਾ ਦਾ ਨਿਰਣਾ ਕੋਸ਼ ਦੇ ਪ੍ਰਕਾਰ ਤੇ ਨਿਰਭਰ ਕਰਦਾ ਹੈ। ਅਰਥ ਦੀ ਅਧਿਕ ਸਪਸ਼ਟਤਾ ਲਈ ਸਿਖਿਆਰਥੀ ਕੋਸ਼ਾਂ ਵਿਚ ਇਕ ਸਾਧਾ-ਰਣ ਕੋਸ਼ ਨਾਲੋਂ ਵੱਧ ਸੂਚਨਾ ਦੀ ਲੋੜ ਪੈਂਦੀ ਹੈ ਜਿਵੇਂ ਪ੍ਰਯੋਗਕਰਤਾ ਦੀ ਸੌਖ ਅਤੇ ਸੁਵਿਧਾ ਲਈ ਨਾਵਾਂ ਨਾਲ countable (c), uncountable (u), feminine (f), masculine (m) ਆਦਿ ਵਿਸ਼ੇਸ਼ੀਕ੍ਰਿਤ ਸੂਚਨਾ ਦਿੱਤੀ ਜਾਂਦੀ ਹੈ ਤੇ ਸਾਰੀ ਲੋੜੀਂਦੀ ਸੂਚਨਾ ਕੋਸ਼ੀ ਇਕਾਈ ਦੇ ਨਾਲ ਹੀ ਅੰਕਿਤ ਕਰ ਦਿੱਤੀ ਜਾਂਦੀ ਹੈ। ਕਈ ਵਾਰੀ ਵਿਆਕਰਣਕ ਸੂਚਨਾ ਨੂੰ ਭੂਮਿਕਾ ਵਿਚ ਵਿਸਤ੍ਰਿਤ ਰੂਪ ਵਿਚ ਪੇਸ਼ ਕਰਦਿਆਂ ਅੰਕ ਨਿਰਧਾਰਿਤ ਕੀਤੇ ਜਾਂਦੇ ਹਨ ਅਤੇ ਕੋਸ਼ ਦੇ ਮਤਨ ਵਿਚ ਵਿਆਕਰਣਕ ਸੂਚਨਾ ਦਿੰਦਿਆਂ ਇਨ੍ਹਾਂ ਅੰਕਾਂ ਦੇ ਸੰਕੇਤ ਦਿੱਤੇ ਜਾਂਦੇ ਹਨ ਜਿਵੇਂ 'ਆਕਸਫੋਰਡ ਅਡਵਾਂਸਡ ਲਰਨਰਜ਼ ਡਿਕਸ਼ਨਰੀ' ਵਿਚ ਕ੍ਰਿਆ ਦੇ 25 ਪੈਟਰਨ ਦਿੱਤੇ ਗਏ ਹਨ ਅਤੇ ਹਰੇਕ ਅੰਦਰਾਜ ਨੂੰ ਇਨ੍ਹਾਂ ਕ੍ਰਿਆ-ਪੈਟਰਨਾਂ ਅਨੁਸਾਰ ਅੰਕਿਤ ਕੀਤਾ ਗਿਆ ਹੈ ਜਿਵੇਂ **cut** v.t. & i (VPI, 7, 10, 18, 19) ਅਤੇ ਇਸੇ ਪ੍ਰਕਾਰ ਇਸ ਕੋਸ਼ ਵਿਚ ਹੋਰ

ਕ੍ਰਿਆ-ਰੂਪ ਵੇਖੇ ਜਾ ਸਕਦੇ ਹਨ । ਪੰਜਾਬੀ ਕੋਸ਼ਾਂ ਵਿਚ ਸੰਪੂਰਣ ਵਿਆਕਰਣਕ ਸੂਚਨਾ ਦਰਜ ਕਰਨ ਦੀ ਪਰਿਪਾਟੀ ਅਜੇ ਵਿਕਸਿਤ ਨਹੀਂ ਹੋਈ, ਕੇਵਲ ਇਹ ਸੂਚਨਾ ਸੰਕੇਤਕ ਢੰਗ ਨਾਲ ਹੀ ਪ੍ਰਦਾਨ ਕੀਤੀ ਜਾਂਦੀ ਹੈ ਜਿਵੇਂ ਨਾਂ, ਪੁ., ਵਿ., ਕ੍ਰਿ. (ਅਕ., ਸਕ., ਪ੍ਰੇਰ.) ਆਦਿ ।

ਕੋਸ਼ ਨਿਰਮਾਣ ਸਮੇਂ ਮੁੱਖ ਅੰਦਰਾਜ ਸੰਬੰਧੀ ਵਿਆਕਰਣਕ ਸੂਚਨਾ ਪ੍ਰਦਾਨ ਕਰਦਿਆਂ ਇਸ ਦੇ ਵਿਭਕਤੀ ਰੂਪਾਂ ਦਾ ਸੰਕੇਤ ਵੀ ਦਿੱਤਾ ਜਾਂਦਾ ਹੈ ਜਿਵੇਂ criterian (pl. criteria), dizzy, adj. (—ier, —iest), donkey (pl.—s) ਆਦਿ । ਪੰਜਾਬੀ ਕੋਸ਼ਾਂ ਵਿਚ ਇਸ ਪ੍ਰਕਾਰ ਦੀ ਵਿਸਤ੍ਰਿਤ ਵਿਆਕਰਣਕ ਸੂਚਨਾ ਦੇਣ ਦੀ ਅਜੇ ਪਿਰਤ ਨਹੀਂ ਹੈ । ਕੇਵਲ ਵਿਆਕਰਣਕ ਕੋਟੀ ਨਾਲ ਹੀ ਕੰਮ ਸਾਰ ਲਿਆ ਜਾਂਦਾ ਹੈ ।

(4) ਭਾਸ਼ਾਵਾਂ ਬਾਰੇ ਸ਼ਬਦ-ਸੂਚਕ (ਲੇਬਲ) : ਭਾਸ਼ਾ-ਪ੍ਰਬੰਧ ਵਿਚ ਨਿਰੋਲ ਸਮਭਾਸ਼ੀ ਸ਼ਬਦ ਹੀ ਸੰਮਿਲਿਤ ਨਹੀਂ ਹੁੰਦੇ । ਅੰਤਰਰਾਸ਼ਟਰੀ ਪੱਧਰ ਤੇ ਸੰਚਾਰ-ਵਿਵਸਥਾ ਦੇ ਵਿਕਸਿਤ ਹੋਣ ਕਾਰਣ ਅੰਤਰਰਾਸ਼ਟਰੀ ਭਾਸ਼ਾ ਹੋਂਦ ਵਿਚ ਆਉਣ ਨਾਲ ਕਿਸੇ ਭਾਸ਼ਾ ਵਿਚ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦਾਂ ਦਾ ਤਤਸਮ ਅਤੇ ਤਦਭਵ ਰੂਪ ਵਿਚ ਪ੍ਰਵੇਸ਼ ਸੁਭਾਵਕ ਵਰਤਾਰਾ ਹੈ । ਪੰਜਾਬੀ ਵਿਚ ਅਜਿਹੇ ਅਣਗਿਣਤ ਸ਼ਬਦ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਆਕਸੀਜਨ, ਹਾਈਡ੍ਰੋਜਨ, ਕੋਟ, ਪੈਂਟ, ਮਦਰਸਾ, ਵਜ਼ੀਰ, ਦਾਰੋਖ਼ਿਲਾਫ਼ਾ ਆਦਿ । ਅਜਿਹੇ ਸ਼ਬਦਾਂ ਦੀ ਸ੍ਰੋਤ ਭਾਸ਼ਾ ਦਰਸਾਉਣ ਲਈ ਮੁੱਖ ਸ਼ਬਦ ਦੇ ਅੰਦਰਾਜ ਵਿਚ ਲੈਮਾ ਵਾਲੇ ਭਾਗ ਵਿਚ ਭਾਸ਼ਾ ਦਾ ਸੰਖੇਪ ਰੂਪ ਵਿਚ ਸੰਕੇਤ ਦਿੱਤਾ ਜਾਂਦਾ ਹੈ ਜਿਵੇਂ F., L., G., ਫ਼ਾ., ਅਰ., ਲਹਿੰ., ਪੋਠੋ., ਸੰਸ. ਆਦਿ । ਇਸ ਨਾਲ ਮੁੱਖ ਸ਼ਬਦ ਦੀ ਸ੍ਰੋਤ ਭਾਸ਼ਾ ਦਾ ਸੰਕੇਤ ਮਿਲਦਾ ਹੈ । ਉਦਾਹਰਣ ਵਜੋਂ, ਖ਼ਾਨਾ (ਫ਼ਾ.), ਜਲੂਸ (ਅਰ.), ਕੋਟ (ਅੰ.), prima facie (L.), billet-doux (F.) ਆਦਿ ।

(ਅ) ਅਰਥਗਤ ਸੰਰਚਨਾ : ਕੋਸ਼ ਦਾ ਮੁੱਖ ਮਨੋਰਥ ਕੋਸ਼ ਦੇ ਉਦੇਸ਼ ਅਨੁਸਾਰ ਕੋਸ਼ੀ ਇਕਾਈਆਂ ਦੇ ਅਰਥ ਪ੍ਰਦਾਨ ਕਰਨਾ ਹੈ । ਕੋਸ਼ੀ ਅੰਦਰਾਜ ਦੇ ਦੂਜੇ ਭਾਗ ਅਰਥਾਤ 'ਅਰਥਗਤ ਸੰਰਚਨਾ' ਦੇ ਅੰਤਰਗਤ ਕੋਸ਼ੀ ਇਕਾਈ ਦਾ ਅਰਥ ਦਿੱਤਾ ਜਾਂਦਾ ਹੈ । ਕੋਸ਼ੀ ਅਰਥ ਦੇ ਵਿਭਿੰਨ ਪਸਾਰਾਂ ਬਾਰੇ ਤੀਜੇ ਅਧਿਆਇ ਵਿਚ ਵਿਸਤ੍ਰਿਤ ਵਿਚਾਰ ਕੀਤੀ ਗਈ ਹੈ । ਇਸ ਖੰਡ ਵਿਚ ਕੇਵਲ ਕੋਸ਼ੀ ਅੰਦਰਾਜ ਦੇ ਅਰਥ ਦੇਣ ਦੀਆਂ ਵਿਧੀਆਂ ਬਾਰੇ ਚਰਚਾ ਕਰਾਂਗੇ । ਇਹ ਵਿਧੀਆਂ ਇਸ ਪ੍ਰਕਾਰ ਹਨ :

(1) ਕੋਸ਼ੀ ਇਕਾਈ ਦਾ ਵਰਣਨ ਅਤੇ ਪਰਿਭਾਸ਼ਾ ;

(2) ਸਮੀਕਰਣ—ਇਕ ਕੋਸ਼ੀ ਇਕਾਈ ਨੂੰ ਸਮਾਨ ਅਰਥਾਂ ਵਾਲੀ ਦੂਜੀ ਕੋਸ਼ੀ ਇਕਾਈ ਦੇ ਬਰਾਬਰ ਰੱਖਿਆ ਜਾਂਦਾ ਹੈ ;

(3) ਦ੍ਰਿਸ਼ਟਾਂਤੀ ਉਦਾਹਰਣ ;
(4) ਦ੍ਰਿਸ਼ਟਾਂਤੀ ਚਿੱਤਰ ;
(5) ਭਾਸ਼ਾ-ਅੰਸ਼ (glosses) ;
(6) ਪ੍ਰਤਿ-ਹਵਾਲਾ ;
(7) ਨਿਰੁਕਤੀ ; ਅਤੇ
(8) ਸ਼ਬਦ-ਸੂਚਕ (ਲੇਬਲ)।

ਇਥੇ ਇਹ ਗੱਲ ਸਪਸ਼ਟ ਕਰ ਦੇਣੀ ਅਨੁਚਿਤ ਨਹੀਂ ਹੋਵੇਗੀ ਕਿ ਹਰੇਕ ਕੋਸ਼ੀ ਇਕਾਈ ਦੀ ਪਰਿਭਾਸ਼ਾ ਲਈ ਉਪਰ-ਵਰਣਿਤ ਸਾਰੀਆਂ ਵਿਧੀਆਂ ਦਾ ਪ੍ਰਯੋਗ ਜ਼ਰੂਰੀ ਨਹੀਂ ਹੈ, ਜਿਵੇਂ ਤਕਨੀਕੀ ਸ਼ਬਦਾਵਲੀ, ਪਰਿਆਇ ਅਤੇ ਵਿਪਰਿਆਇ ਕੋਸ਼ ਆਦਿ ਲਈ ਦ੍ਰਿਸ਼ਟਾਂਤੀ ਉਦਾਹਰਣ/ਚਿੱਤਰ ਤੇ ਨਿਰੁਕਤੀ ਦੇਣੀ ਜ਼ਰੂਰੀ ਨਹੀਂ ਹੈ। ਉੱਚਾਰਣ ਕੋਸ਼ ਲਈ ਵਿਆਕਰਣਕ ਕੋਟੀ ਅਤੇ ਉਚਾਰਣ ਤੋਂ ਬਿਨਾਂ ਹੋਰ ਕੋਈ ਕੋਸ਼ੀ ਸੂਚਨਾ ਸਾਰਥਕ ਨਹੀਂ ਹੁੰਦੀ। ਇਸ ਕਰਕੇ ਕੋਸ਼ ਦੀ ਪ੍ਰਕਿਰਤੀ ਅਨੁਸਾਰ ਕੋਸ਼ੀ ਇਕਾਈ ਦੀ ਪਰਿਭਾਸ਼ਾ ਲਈ ਵੱਖ ਵੱਖ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। "ਪਰੰਤੂ ਮਨੋਰਥ ਹਮੇਸ਼ਾ ਸ਼ਬਦ ਦੇ ਅਰਥ ਨੂੰ ਸਪਸ਼ਟ ਅਤੇ ਪਰਿਸ਼ੁੱਧ ਰੂਪ ਵਿਚ ਪਰਿਭਾਸ਼ਿਤ ਕਰਨ ਦਾ ਹੋਣਾ ਚਾਹੀਦਾ ਹੈ।"[10] ਪਰਿਭਾਸ਼ਾ ਦੇਣ ਸਮੇਂ ਕੋਸ਼ਕਾਰ ਦੀ ਨਿਜੀ ਪਸੰਦ ਜਾਂ ਨਾਪਸੰਦ ਦੀ ਗੁੰਜਾਇਸ਼ ਨਹੀਂ ਹੁੰਦੀ ਕਿਉਂਕਿ ਉਸ ਨੂੰ ਸ਼ਬਦ ਦੀ ਪਰਿਭਾਸ਼ਾ ਇਸ ਦੇ ਵਰਤਮਾਨ ਅਤੇ ਸਮਾਜਕ ਤੌਰ ਤੇ ਸਵੀਕ੍ਰਿਤ ਅਰਥਾਂ ਵਿਚ ਦੇਣੀ ਪੈਂਦੀ ਹੈ। ਇਸ ਲਈ "ਕੋਸ਼ ਲਿਖਣ ਦਾ ਭਾਵ ਸ਼ਬਦਾਂ ਦੇ ਅਰਥਾਂ ਬਾਰੇ ਕੋਈ ਪ੍ਰਮਾਣਕ ਕਥਨ ਸਥਾਪਿਤ ਕਰਨਾ ਨਹੀਂ ਹੈ, ਬਲਕਿ ਅਤੀਤ ਜਾਂ ਅਜੋਕੇ ਸੰਦਰਭ ਵਿਚ ਲੇਖਕਾਂ ਵਲੋਂ ਸ਼ਬਦਾਂ ਦੇ ਸਥਾਪਿਤ ਅਰਥਾਂ ਨੂੰ ਪੂਰੀ ਯੋਗਤਾ ਨਾਲ ਰਿਕਾਰਡ ਕਰਨਾ ਹੈ। ਕੋਸ਼-ਲੇਖਕ ਇਤਿਹਾਸਕਾਰ ਹੈ, ਕਾਨੂੰਨ ਸਥਾਪਕ ਨਹੀਂ।"[11]

(1) **ਕੋਸ਼ੀ ਇਕਾਈ ਦਾ ਵਰਣਨ ਅਤੇ ਪਰਿਭਾਸ਼ਾ :** ਕੋਸ਼ ਲਿਖਣ ਸਮੇਂ ਕੋਸ਼ਕਾਰ ਦਾ ਮੁੱਖ ਉਦੇਸ਼ ਕੋਸ਼ੀ ਇਕਾਈ ਦਾ ਸਰਲ, ਸਪਸ਼ਟ ਅਤੇ ਸਮਝਗੋਚਰੇ ਢੰਗ ਨਾਲ ਸਾਧਾਰਣ ਅਤੇ ਪਰਿਚਿਤ ਸ਼ਬਦਾਂ ਵਿਚ ਅਰਥ ਦੇਣਾ ਹੁੰਦਾ ਹੈ। ਅਰਥ ਦੇਣ ਲਈ ਪ੍ਰਯੁਕਤ ਵਿਧੀਆਂ ਵਿਚੋਂ ਸਭ ਤੋਂ ਮਹੱਤਵਪੂਰਣ ਵਿਧੀ ਕੋਸ਼ੀ ਇਕਾਈ ਦੇ ਵਰਣਨ ਅਤੇ ਪਰਿਭਾਸ਼ਾ ਦੀ ਹੈ। ਸੱਸਿਊਰ ਨੇ ਭਾਸ਼ਾ-ਪ੍ਰਬੰਧ ਨੂੰ ਚਿੰਨ੍ਹ-ਪ੍ਰਬੰਧ ਅਰਥਾਤ ਸ਼ਬਦ-ਚਿੰਨ੍ਹਾਂ ਦੇ ਸਮੂਹ ਦੀ ਸੰਗਿਆ ਪ੍ਰਦਾਨ ਕੀਤੀ ਹੈ। ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਕੋਸ਼ਕਾਰ ਇਕ ਸ਼ਬਦ-ਚਿੰਨ੍ਹ ਦੇ ਵਿਭਿੰਨ ਅਰਥਗਤ ਲੱਛਣਾਂ ਦਾ ਦੂਜੇ ਸ਼ਬਦ-ਚਿੰਨ੍ਹਾਂ ਰਾਹੀਂ ਵਰਣਨ ਅਤੇ ਪਰਿਭਾਸ਼ਾ ਦਿੰਦਾ ਹੈ, ਜਿਵੇਂ

ਖ਼ਰਗੋਸ਼ ਪੁ. 'ਬਿੱਲੀ ਦੇ ਕੱਦ ਦਾ ਲੰਮੇ ਕੰਨਾਂ ਵਾਲਾ ਇਕ ਜਾਨਵਰ, ਸਿਹਾ, ਸਹੀਅੜ, ਸਹਾ।'

ਗੁਰ ਪ੍ਰ. '1. ਉਹ ਸਾਧਨ ਜਾਂ ਕ੍ਰਿਆ ਜਿਸ ਦੇ ਕਰਦਿਆਂ ਹੀ ਕੋਈ ਕੰਮ ਤੁਰੰਤ ਹੋ ਜਾਵੇ, ਮੂਲਮੰਤ੍ਰ ; 2. ਸੰਖਿਪਤ ਨਿਯਮ ; 3. ਹਿਸਾਬ ਦਾ ਕਾਇਦਾ ਜਿਸ ਵਿਚ ਕੋਈ ਗ਼ਲਤੀ ਨਾ ਹੋਵੇ ; 4. ਢੰਗ, ਤਰੀਕਾ ।'

ਪਰੰਤੂ ਕਈ ਕੋਸ਼ੀ ਇਕਾਈਆਂ ਦੀ ਸਰਲ-ਸਪਾਟ ਵਿਆਖਿਆ ਲਈ ਕੇਵਲ ਭਾਸ਼ਾਈ ਪਰਿਭਾਸ਼ਾ ਹੀ ਕਾਫ਼ੀ ਨਹੀਂ ਹੁੰਦੀ । ਅਨੇਕਾਂ ਕੋਸ਼ੀ ਇਕਾਈਆਂ ਦੇ ਅਰਥ ਦੀ ਵਿਆਖਿਆ ਲਈ ਕੋਸ਼ਕਾਰ ਨੂੰ ਭਾਸ਼ਾ-ਵਿਸ਼ੇਸ਼ ਦੇ ਸਮਾਜ ਦੀਆਂ ਸਮਾਜਕ, ਸਭਿਆਚਾਰਕ, ਇਤਿਹਾਸਕ, ਮਿਥਿਆਸਕ, ਲੋਕਯਾਨਿਕ ਰੂੜੀਆਂ ਤੋਂ ਪਰਿਚਿਤ ਹੋਣਾ ਅਨਿਵਾਰੀ ਹੈ । ਸਮਾਜਕ ਵਿਕਾਸ ਪ੍ਰਕ੍ਰਿਆ ਵਿਚ ਅਜਿਹੀਆਂ ਕੋਸ਼ੀ ਇਕਾਈਆਂ ਵਿਸ਼ੇਸ਼ ਅਰਥਾਂ ਦੀਆਂ ਸੂਚਕ ਬਣ ਜਾਂਦੀਆਂ ਹਨ, ਜਿਵੇਂ **ਖ਼ਾਲਸਾ, ਪੰਜਾ ਸਾਹਿਬ, ਮੰਜੀ ਸਾਹਿਬ, ਸੀਤਲਾ ਮਾਤਾ, ਗੁੱਗਾ ਪੀਰ, ਕੰਨਿਆਦਾਨ** ਆਦਿ ਕੋਸ਼ੀ ਇਕਾਈਆਂ ਦਾ ਉਪਯੁਕਤ ਵਰਣਨ ਅਤੇ ਪਰਿਭਾਸ਼ਾ ਉੱਨਾ ਚਿਰ ਸੰਭਵ ਨਹੀਂ ਜਿੰਨਾ ਚਿਰ ਕੋਸ਼ਕਾਰ ਨੂੰ ਉਸ ਸਮਾਜਕ-ਸਭਿਆਚਾਰਕ ਅਮਲ ਦਾ ਗਿਆਨ ਨਾ ਹੋਵੇ ਜਿਸ ਵਿਚੋਂ ਲੰਘ ਕੇ ਇਨ੍ਹਾਂ ਕੋਸ਼ੀ ਇਕਾਈਆਂ ਨੇ ਵਿਸ਼ੇਸ਼ ਅਰਥ ਗ੍ਰਹਿਣ ਕੀਤਾ ਹੁੰਦਾ ਹੈ । ਦੁਭਾਸ਼ੀ ਕੋਸ਼ਕਾਰੀ ਵਿਚ ਇਸ ਮਨੋਰਥ ਲਈ ਦੋਹਾਂ ਭਾਸ਼ਾਵਾਂ ਦੇ ਸਭਿਆਚਾਰਕ ਸੰਕਲਪਾਂ ਦੀ ਸਮਾਨਤਾ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ ।

ਕੋਸ਼ ਵਿਚ ਕੋਸ਼ੀ ਇਕਾਈ ਦੀ ਪਰਿਭਾਸ਼ਾ ਤੇ ਵਰਣਨ ਸਮੇਂ ਕੋਸ਼ਕਾਰ ਨੂੰ ਇਨ੍ਹਾਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ :

(i) **ਸੁਨਿਸ਼ਚਿਤਤਾ, ਸੰਖੇਪਤਾ ਅਤੇ ਸਪਸ਼ਟਤਾ :** ਪਰਿਭਾਸ਼ਾ ਐਨ ਨਪੇ-ਤੁਲੇ ਸ਼ਬਦਾਂ ਵਿਚ ਹੋਣੀ ਚਾਹੀਦੀ ਹੈ ਅਤੇ ਸੁਨਿਸ਼ਚਿਤਤਾ, ਸੰਖੇਪਤਾ ਅਤੇ ਸਪਸ਼ਟਤਾ ਦੇ ਗੁਣਾਂ-ਲੱਛਣਾਂ ਦੀ ਧਾਰਣੀ ਹੋਣੀ ਜ਼ਰੂਰੀ ਹੈ । ਸ਼ਬਦਾਂ ਦੀ ਫ਼ਾਲਤੂ ਭਰਤੀ ਅਤੇ ਵਿਆਖਿਆ ਤੋਂ ਬਚਿਆ ਜਾਵੇ । ਉਦਾਹਰਣ ਵਜੋਂ :

ਸਰਨ : 'ਪਸ਼ੂਆਂ ਦੀ ਪਿਛਲੀ ਲੱਤ ਵਿਚ ਹੋਣ ਵਾਲੀ ਇਕ ਬੀਮਾਰੀ ।' ਪਰ ਇਸ ਅਰਥ ਵਿਚੋਂ ਪ੍ਰਯੋਗਕਾਰ ਰੋਗ ਦਾ ਸਪਸ਼ਟ ਬੋਧ ਪ੍ਰਾਪਤ ਨਹੀਂ ਕਰ ਸਕਦਾ । ਜੇ ਇਸ ਪਰਿਭਾਸ਼ਾ ਵਿਚ 'ਜਿਸ ਨਾਲ ਪਸ਼ੂ ਲੰਗੜਾ ਕੇ ਚਲਦਾ ਹੈ' ਸ਼ਬਦ ਜੋੜ ਦਿੱਤੇ ਜਾਂਦੇ ਤਾਂ ਅਰਥ ਦੀ ਅਸਪਸ਼ਟਤਾ ਤੋਂ ਬਚਿਆ ਜਾ ਸਕਦਾ ਸੀ ।

ਹੰਨਾ : 'ਘੋੜੇ ਜਾਂ ਊਠ ਦੀ ਕਾਠੀ ਦਾ ਮੂਹਰਲਾ ਉੱਚਾ ਹਿੱਸਾ ਜੋ ਅਕਸਰ ਸਵਾਰ ਦੀ ਧੁੰਨੀ ਤਕ ਆਉਂਦਾ ਹੈ ਅਤੇ ਕਿਸੇ ਹੱਦ ਤਕ ਸਵਾਰ ਨੂੰ ਅੱਗੇ ਵਲ ਨੂੰ ਉਲਟ ਕੇ ਡਿਗਣੋਂ ਬਚਾਉਂਦਾ ਹੈ ।'

ਇਸ ਪਰਿਭਾਸ਼ਾ ਵਿਚ 'ਅਕਸਰ ਸਵਾਰ ਦੀ ਧੁੰਨੀ ਤਕ ਆਉਂਦਾ ਹੈ ਅਤੇ ਕਿਸੇ ਹੱਦ ਤਕ' ਅਤੇ 'ਨੂੰ ਉਲਟ ਕੇ' ਸ਼ਬਦਾਂ ਦੀ ਫ਼ਾਲਤੂ ਭਰਤੀ ਕੀਤੀ ਗਈ ਹੈ ਜਿਸ ਨੇ ਪਰਿਭਾਸ਼ਾ

ਨੂੰ ਢਿੱਲਿਆਂ ਕਰ ਕੇ ਸੁਨਿਸ਼ਚਿਤਾ ਅਤੇ ਸੰਖੇਪਤਾ ਦੇ ਨਿਯਮ ਨੂੰ ਭੰਗ ਕੀਤਾ ਹੈ ।

(ii) **ਇਕ-ਅਰਥ ਸੂਚਕ ਪਰਿਭਾਸ਼ਾ :** ਪਰਿਭਾਸ਼ਾ ਐਨੇ ਸੁਨਿਸ਼ਚਿਤ ਅਤੇ ਪਰਿਸ਼ੁੱਧ ਰੂਪ ਵਿਚ ਸ਼ਬਦਬੱਧ ਹੋਣੀ ਚਾਹੀਦੀ ਹੈ ਜਿਸ ਤੋਂ ਕਿਸੇ ਹੋਰ ਅਰਥ ਦਾ ਮੁਗਾਲਤਾ ਲੱਗਣ ਦੀ ਰਤੀ ਭਰ ਵੀ ਸੰਭਾਵਨਾ ਨਾ ਹੋਵੇ । ਇਸ ਵਿਚ ਪਰਿਭਾਸ਼ਿਤ ਕੋਸ਼ੀ ਇਕਾਈ ਦੇ ਸਾਰੇ ਅਰਥਗਤ ਲੱਛਣ ਸੰਮਿਲਿਤ ਹੋਣੇ ਚਾਹੀਦੇ ਹਨ । ਮਸਲਨ, ਅਸੀਂ **ਕੁਰਸੀ** ਨੂੰ 'ਇਕ ਕਿਸਮ ਦੀ ਚੌਂਕੀ ਜੋ ਬੈਠਣ ਲਈ ਵਰਤੀ ਜਾਂਦੀ ਹੈ' ਦੇ ਰੂਪ ਵਿਚ ਪਰਿਭਾਸ਼ਿਤ ਕਰਦੇ ਹਾਂ, ਤਾਂ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਸਤੁਤ ਪਰਿਭਾਸ਼ਾ ਅਧੂਰੀ ਪ੍ਰਤੀਤ ਹੁੰਦੀ ਹੈ ਜਿਸ ਤੋਂ 'ਕੁਰਸੀ' ਦੀ ਧਾਰਣਾ ਸਪਸ਼ਟ ਨਹੀਂ ਹੁੰਦੀ । ਇਹ ਸਟੂਲ, ਪਟੜਾ ਜਾਂ ਪੀੜ੍ਹੀ ਹੋ ਸਕਦੀ ਹੈ । ਇਸ ਕੋਸ਼ੀ ਇਕਾਈ ਦੀ ਪਰਿਭਾਸ਼ਾ ਵਿਚ ਬਾਹਾਂ, ਢੋਅ ਦੇ ਅਰਥਗਤ ਲੱਛਣ ਵੀ ਸੰਮਿਲਿਤ ਹੋਣੇ ਚਾਹੀਦੇ ਸਨ ।

(iii) **ਸਰਬ-ਸਮਾਵੇਸ਼ੀ ਪਰਿਭਾਸ਼ਾ :** ਕੋਸ਼ੀ ਇਕਾਈ ਦੀ ਪਰਿਭਾਸ਼ਾ ਸਰਬ-ਸਮਾਵੇਸ਼ੀ ਹੋਣੀ ਜ਼ਰੂਰੀ ਹੈ । ਇਸ ਦਾ ਭਾਵ ਹੈ ਕਿ ਪਰਿਭਾਸ਼ਾ ਵਿਚ ਪ੍ਰਯੋਗ ਕੀਤੇ ਸਾਰੇ ਸ਼ਬਦਾਂ ਦੀ ਕੋਸ਼ ਵਿਚ ਪਰਿਭਾਸ਼ਾ ਸੰਮਿਲਿਤ ਹੋਣੀ ਚਾਹੀਦੀ ਹੈ ਤਾਂ ਕਿ ਸ਼ਬਦਾਂ ਦਾ ਅਰਥ-ਬੋਧ ਪ੍ਰਾਪਤ ਕਰਨ ਸਮੇਂ ਕਿਸੇ ਕਿਸਮ ਦੀ ਅਸਪਸ਼ਟਤਾ ਦੀ ਗੁੰਜਾਇਸ਼ ਨਾ ਰਹੇ । ਉਦਾਹਰਣ ਵਜੋਂ, 'ਪੰਜਾਬੀ ਕੋਸ਼' ਵਿਚ **ਕਰਾਂਤੀ** ਸ਼ਬਦ ਦੇ ਅਰਥ 'ਪ੍ਰੀਵਰਤਨ, ਇਨਕਲਾਬ' ਦਿੱਤੇ ਹੋਏ ਹਨ, ਪਰੰਤੂ ਇਸ ਕੋਸ਼ ਵਿਚ **ਇਨਕਲਾਬ** ਦਾ ਕੋਈ ਅੰਦਰਾਜ ਨਹੀਂ ਹੈ । **ਹਿੰਡ** ਦੇ ਅਰਥ 'ਆਕੜ, ਐਂਠ' ਦਿੱਤੇ ਹਨ, ਪਰੰਤੂ ਕੋਸ਼ ਵਿਚੋਂ **ਐਂਠ** ਦਾ ਅੰਦਰਾਜ ਗ਼ਾਇਬ ਹੈ । ਅਜਿਹੀਆਂ ਕੁਤਾਹੀਆਂ ਤੋਂ ਬਚਣ ਲਈ ਕੋਸ਼ਕਾਰ ਨੂੰ ਸਚੇਤ ਅਤੇ ਸਾਵਧਾਨ ਰਹਿਣਾ ਚਾਹੀਦਾ ਹੈ ।

(iv) **ਆਮਫਹਿਮ ਤੇ ਪਰਿਚਿਤ ਸ਼ਬਦਾਂ ਦਾ ਪ੍ਰਯੋਗ :** ਕੋਸ਼ੀ ਇਕਾਈ ਦੀ ਪਰਿਭਾਸ਼ਾ ਸਰਲ, ਸਾਧਾਰਣ ਅਤੇ ਸੌਖੇ ਸ਼ਬਦਾਂ ਵਿਚ ਦੇਣ ਨਾਲ ਅਰਥ ਦੀ ਅਸਪਸ਼ਟਤਾ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ, ਜਿਵੇਂ

ਪ੍ਰਕਿਰਤੀ, 'ਸੁਭਾਉ, ਮਿਜ਼ਾਜ ; ਕੁਦਰਤ' ।
ਮਿਰਤੂ, 'ਮਰਗ, ਮੌਤ' ।
ਰਤਾ, 'ਥੋੜ੍ਹਾ, ਮਾਮੂਲੀ, ਜ਼ਰਾ ਕੁ' ।
ਸ਼ੰਕਾ, 'ਸ਼ੱਕ, ਸੰਦੇਹ, ਭਰਮ' ।

(v) **ਪਰਿਭਾਸ਼ਾ ਦਾ ਚੱਕਰੀ ਦੋਸ਼ :** ਇਹ ਵਿਧੀ ਅੰਗ੍ਰੇਜ਼ੀ ਕੋਸ਼ਕਾਰੀ ਵਿਚ ਆਮ ਪ੍ਰਚਲਿਤ ਹੈ । ਇਸ ਵਿਧੀ ਅਨੁਸਾਰ ਕੋਸ਼ੀ ਇਕਾਈ ਦੀ ਪਰਿਭਾਸ਼ਾ ਕੋਸ਼ੀ ਇਕਾਈ ਦੇ ਕਿਸੇ ਹੋਰ ਸ਼ਬਦ-ਰੂਪ ਰਾਹੀਂ ਦਿੱਤੀ ਜਾਂਦੀ ਹੈ ਅਤੇ ਇੰਜ ਕੋਸ਼ੀ ਇਕਾਈ ਦੇ ਅਰਥ ਸਪਸ਼ਟ ਨਹੀਂ ਹੁੰਦੇ, ਜਿਵੇਂ

continuity 'quality or state of being continuous'.
continuous 'having continuity of parts'.
folly 'state of being foolish' or 'a foolish act or idea'.
foolish 'exhibiting folly ; proceeding from folly'.

ਪੰਜਾਬੀ ਵਿਚ ਵੀ ਇਸ ਪ੍ਰਵਿਰਤੀ ਦੇ ਕਿਤੇ ਕਿਤੇ ਦਰਸ਼ਨ ਹੁੰਦੇ ਹਨ, ਪਰੰਤੂ ਇਹ ਪ੍ਰਵਿਰਤੀ ਅੰਗ੍ਰੇਜ਼ੀ ਜਿੰਨੀ ਭਾਰੂ ਨਹੀਂ ਹੈ। ਜਿਵੇਂ

ਦਮ 'ਸਾਹ, ਸੁਆਸ, ਪ੍ਰਾਣ'।
ਸਾਹ 'ਸਾਸ, ਸੁਆਸ, ਦਮ'।
ਸੁਆਸ 'ਸਵਾਸ, ਸਾਹ, ਦਮ'।
ਪ੍ਰਾਣ 'ਸਾਹ, ਜਿੰਦ, ਜਾਨ'।
ਬੰਨ੍ਹ 'ਬੰਨ੍ਹਣ ਦੀ ਕਿਰਿਆ ਜਾਂ ਭਾਵ'।

ਜਿਥੋਂ ਤਕ ਹੋ ਸਕੇ, ਚੱਕਰੀ ਵਿਧੀ ਤੋਂ ਬਚਣਾ ਬਿਹਤਰ ਹੈ।

(vi) **ਅਨਿਸ਼ਚਿਤਤਾ :** ਪਰਿਭਾਸ਼ਾ ਅਨਿਸ਼ਚਿਤ ਨਹੀਂ ਹੋਣੀ ਚਾਹੀਦੀ। ਕੋਸ਼ੀ ਇਕਾਈ ਦੀ ਪਰਿਭਾਸ਼ਾ ਪੜ੍ਹ ਕੇ ਪਰਿਭਾਸ਼ਿਤ ਗੁਣ/ਪਦਾਰਥ ਦਾ ਸੰਪੂਰਣ ਤੇ ਸਪਸ਼ਟ ਚਿੱਤਰ ਅੱਖਾਂ ਸਾਮ੍ਹਣੇ ਉਘੜਨਾ ਚਾਹੀਦਾ ਹੈ। ਜਿਵੇਂ

bird 'feathered animal with two wings and two legs, usually able to fly.'

abstract 'existing in thought or as an idea but not having a physical or practical existence.'

ਪੈਰ 'ਸਰੀਰ ਦਾ ਉਹ ਅੰਗ ਜਿਸ ਨਾਲ ਪ੍ਰਾਣੀ ਚਲਦੇ ਫਿਰਦੇ ਹਨ'
ਭੋਡਾ 'ਜਿਸ ਦੇ ਸਿੰਗ ਨਾ ਹੋਣ'।
ਅੱਖ 'ਸਰੀਰ ਦਾ ਅੰਗ ਜਿਸ ਨਾਲ ਵੇਖੀਦਾ ਹੈ'।

ਇਹ ਪਰਿਭਾਸ਼ਾਵਾਂ ਪੜ੍ਹ ਕੇ ਅਰਥ ਤੁਰੰਤ ਸਪਸ਼ਟ ਹੋ ਜਾਂਦਾ ਹੈ। ਪਰੰਤੂ ਕੁਝ ਪਰਿਭਾਸ਼ਾਵਾਂ ਅਜਿਹੀਆਂ ਵੀ ਉਪਲਬਧ ਹਨ ਜਿਹੜੀਆਂ ਅਰਥ ਦੀ ਅਨਿਸ਼ਚਿਤਤਾ ਦਾ ਕਾਰਣ ਬਣਦੀਆਂ ਹਨ। ਜਿਵੇਂ

ਸਹੇੜ 'ਸਹੇੜਨ ਦਾ ਭਾਵ, ਸਹੇੜਿਆ ਹੋਇਆ ਪੁਰਸ਼ ਜਾਂ ਇਸਤਰੀ ਜਾਂ ਕੰਮ'।
ਕੰਬਣੀ 'ਕੰਬਣਾ ਦਾ ਭਾਵਾਚਕ, ਕੰਬਦੇ ਹੋਣ ਦੀ ਹਾਲਤ, ਕਾਂਬਾ'।

(vii) **ਬਨਸਪਤੀ ਅਤੇ ਪ੍ਰਾਣੀ ਜਗਤ :** ਬਨਸਪਤੀ ਅਤੇ ਪ੍ਰਾਣੀ ਜਗਤ ਨਾਲ ਸੰਬੰਧਿਤ ਕੋਸ਼ੀ ਇਕਾਈਆਂ ਦੀ ਪਰਿਭਾਸ਼ਾ ਵਿਚ ਲਗਭਗ ਸਮਾਨ ਅਨਿਸ਼ਚਿਤਤਾ ਪਾਈ ਜਾਂਦੀ ਹੈ। ਅਸੀਂ ਇਨ੍ਹਾਂ ਕੋਸ਼ੀ ਇਕਾਈਆਂ ਦੀ ਪਰਿਭਾਸ਼ਾ ਦੇਣ ਸਮੇਂ ਅਕਸਰ 'ਇਕ ਪ੍ਰਕਾਰ

ਦਾ ਫਲ, ਇਕ ਪ੍ਰਕਾਰ ਦਾ ਘਾਹ, ਇਕ ਕਿਸਮ ਦਾ ਪੌਦਾ, ਇਕ ਪ੍ਰਕਾਰ ਦਾ ਪੰਛੀ, ਇਕ ਕਿਸਮ ਦਾ ਜੀਵ, ਚੂਹੇ ਵਰਗਾ ਇਕ ਜਾਨਵਰ' ਆਦਿ ਵਾਕਾਂਸ਼ਾਂ ਦਾ ਪ੍ਰਯੋਗ ਕਰ ਕੇ ਖਹਿੜਾ ਛੁਡਾ ਲੈਂਦੇ ਹਾਂ । ਪਰ ਇਸ ਨਾਲ ਪਰਿਭਾਸ਼ਿਤ ਕੋਸ਼ੀ ਇਕਾਈ ਦੀ ਪੂਰੀ ਤਸਵੀਰ ਉੱਘੜ ਕੇ ਸਾਮ੍ਹਣੇ ਨਹੀਂ ਆਉਂਦੀ । ਅਜਿਹਾ ਕਰਨ ਨਾਲ ਪ੍ਰਯੋਗਕਰਤਾ ਦੇ ਪਿੜ-ਪੱਲੇ ਕੁਝ ਨਹੀਂ ਪੈਂਦਾ । ਇਸੇ ਕਰਕੇ ਇਹ ਸ਼ਬਦਾਵਲੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ । ਇਉਂ ਹੀ ਲਗਭਗ ਸਾਰੀਆਂ ਭਾਸ਼ਾਵਾਂ ਵਿਚ ਇਨ੍ਹਾਂ ਸ਼ਬਦਾਂ ਦੇ ਲਾਤੀਨੀ ਨਾਂ ਦੇਣ ਦੀ ਵੀ ਪਰਿਪਾਟੀ ਹੈ। ਪਰੰਤੂ ਇਸ ਨਾਲ ਵੀ ਅਰਥ ਸਪਸ਼ਟ ਨਹੀਂ ਹੁੰਦਾ । ਉਦਾਹਰਣ ਵਜੋਂ, ਨਿਮ 'ਇਕ ਪ੍ਰਸਿੱਧ ਰੁੱਖ ਜਿਸ ਦੇ ਸਮੂਹ ਅੰਗ ਕੌੜੇ ਹੁੰਦੇ ਹਨ' ।

ਨਿੰਬ 'ਨਿੰਮ, ਨੀਮ, Melia Azadirachta'.

ਨਿੰਮ/Nimm 'A tree (Azadirachta Indica Nat. ord. Mediaceae) commonly planted in the plains'.

ਅਸਪਸ਼ਟ ਅਤੇ ਅਨਿਸ਼ਚਿਤ ਵਿਆਖਿਆ ਤੋਂ ਬਚਣ ਲਈ ਬਨਸਪਤੀ ਅਤੇ ਪ੍ਰਾਣੀ ਜਗਤ ਨਾਲ ਸੰਬੰਧਿਤ ਕੋਸ਼ੀ ਇਕਾਈਆਂ ਨੂੰ ਉਪਰ ਖੰਡ 3.8 ਵਿਚ ਵਰਣਿਤ ਉਪਨਾਮਾਂ, ਪਰ-ਨਾਮਾਂ ਅਤੇ ਸਮ-ਉਪਨਾਮਾਂ ਦੀ ਸਹਾਇਤਾ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ । ਇਹ ਵਿਧੀ ਅਰਥ ਦੀ ਸਪਸ਼ਟਤਾ ਅਤੇ ਸੁਨਿਸ਼ਚਿਤਤਾ ਦੇ ਮਨੋਰਥ ਤੋਂ ਉਪਯੋਗੀ ਸਿੱਧ ਹੋ ਸਕਦੀ ਹੈ । ਜਿਵੇਂ

ਕੁੱਤਾ 'ਬਘਿਆੜ, ਗਿੱਦੜ ਜਾਂ ਲੂੰਬੜ ਦੀ ਜਾਤੀ ਦਾ ਇਕ ਜਾਨਵਰ ਜਿਸ ਨੂੰ ਸ਼ਿਕਾਰ ਜਾਂ ਰਾਖੀ ਲਈ ਪਾਲਦੇ ਹਨ' ।

ਇਥੇ **ਕੁੱਤਾ** ਕੋਸ਼ੀ ਇਕਾਈ (ਉਪਨਾਮ) ਦੀ ਦੂਜੇ ਵਿਸ਼ੇਸ਼ ਪਦਾਂ ਜਿਵੇਂ ਬਘਿਆੜ, ਗਿੱਦੜ, ਲੂੰਬੜ ਆਦਿ (ਸਮ-ਉਪਨਾਮਾਂ) ਅਤੇ ਜਾਤੀ (ਪਰ-ਨਾਮ) ਰਾਹੀਂ ਪਰਿਭਾਸ਼ਾ ਦਿੱਤੀ ਗਈ ਹੈ । ਇਹੀ ਗੱਲ ਬਨਸਪਤੀ ਜਗਤ ਤੇ ਢੁਕਦੀ ਹੈ, ਜਿਵੇਂ

ਕਾਹੀ 'ਘਾਹ ਕਾਨੇ ਦੀ ਇਕ ਕਿਸਮ ਜੋ ਬੇਲੇ ਵਿਚ ਜਾਂ ਦਰਿਆਵਾਂ ਦੇ ਕੰਢਿਆਂ ਤੇ ਪੈਦਾ ਹੁੰਦਾ ਹੈ, ਜਿਨ੍ਹਾਂ ਦੀਆਂ ਕਿਲਕਾਂ ਬਣਦੀਆਂ ਹਨ' ।

ਥੋਮ 'ਚਿੱਟੀਆਂ ਤੁਰੀਆਂ ਵਾਲਾ ਗੰਢੇ ਦੀ ਕਿਸਮ ਦਾ ਇਕ ਬੂਟਾ ਜਿਸ ਦੀ ਤਾਸੀਰ ਗਰਮ ਤੇ ਤੇਜ਼ ਹੁੰਦੀ ਹੈ ।'

ਇਸ ਦੇ ਇਲਾਵਾ, ਇਨ੍ਹਾਂ ਕੋਸ਼ੀ ਇਕਾਈਆਂ ਦੀ ਵਿਸ਼ਵਕੋਸ਼ੀ ਵਿਆਖਿਆ ਵੀ ਇਸ ਸਮੱਸਿਆ ਦਾ ਕਾਫ਼ੀ ਹੱਦ ਤਕ ਸਮਾਧਾਨ ਕਰ ਸਕਦੀ ਹੈ । 'ਮਹਾਨ ਕੋਸ਼' ਵਿਚ ਇਸ ਵਿਧੀ ਨੂੰ ਬਹੁਤ ਸਫਲਤਾਪੂਰਵਕ ਅਪਣਾਇਆ ਗਿਆ ਹੈ । ਉਦਾਹਰਣ ਵਜੋਂ :

ਸੌਂਫ 'ਸੌਂਫ ਪੋਹ ਮਾਘ ਵਿਚ ਬੀਜੀ ਅਤੇ ਵਸਾਖ ਵਿਚ ਕੱਟੀਦੀ ਹੈ । ਇਸ ਦਾ ਕੱਦ ਤਿੰਨ ਚਾਰ ਫੁੱਟ ਉੱਚਾ ਹੁੰਦਾ ਹੈ । ਇਸ ਦੀ ਤਾਸੀਰ ਗਰਮ ਖੁਸ਼ਕ ਅਤੇ ਦ੍ਰਾਵਕ ਹੈ ।

ਸੌਂਫ ਮੇਦੇ ਅਤੇ ਅੰਤੜੀ ਦੇ ਰੋਗ ਦੂਰ ਕਰਨ ਲਈ ਉੱਤਮ ਮੰਨੀ ਗਈ ਹੈ। ਨੇਤ੍ਰਾਂ ਦੀ ਜੋਤ ਨੂੰ ਵਧਾਉਂਦੀ ਹੈ, ਬਲਗਮ ਨੂੰ ਛਾਂਟਦੀ ਹੈ, ਪੇਸ਼ਾਬ ਲਿਆਉਂਦੀ ਹੈ ਅਤੇ ਮੈਲ ਖਾਰਿਜ ਕਰਦੀ ਹੈ। ਇਸ ਦਾ ਅਰਕ ਅਨੇਕਾਂ ਦਵਾਈਆਂ ਵਿਚ ਵਰਤੀਂਦਾ ਹੈ। L. Pimpinella anisum (ਅੰ. Aniseed)'।

ਗਿੱਧ 'ਗਿਰਝ, ਜੋ ਮਾਸ ਦਾ ਲੋਭੀ ਹੈ। ਇਸ ਦਾ ਸਿਰ ਲਾਲ, ਖੰਭ ਕਾਲੇ, ਚੁੰਜ ਮੁੜਵੀਂ ਨੋਕਦਾਰ ਅਤੇ ਬਹੁਤ ਤਿੱਖੀ ਹੁੰਦੀ ਹੈ। ਇਸ ਦੀ ਨਜ਼ਰ ਵਡੀ ਤੇਜ਼ ਹੈ, ਉਡਦਾ ਹੋਇਆ ਬਹੁਤ ਦੂਰੋਂ ਮੁਰਦਾਰ ਨੂੰ ਦੇਖ ਕੇ ਡਿਗਦਾ ਹੈ। ਗਿੱਧ ਆਪ ਸ਼ਿਕਾਰ ਨਹੀਂ ਕਰਦਾ ਕੇਵਲ ਮੁਰਦਾਰ ਤੇ ਗੁਜ਼ਾਰਾ ਕਰਦਾ ਹੈ, vulture'.

ਇਸ ਪ੍ਰਕਾਰ, ਬਨਸਪਤੀ ਅਤੇ ਪ੍ਰਾਣੀ ਜਗਤ ਨਾਲ ਸੰਬੰਧਿਤ ਕੋਸ਼ੀ ਇਕਾਈਆਂ ਦਾ ਅਰਥ ਦੇਣ ਲੱਗਿਆਂ ਇਨ੍ਹਾਂ ਦੇ ਰੂਪ, ਆਕਾਰ, ਰੰਗ, ਭੌਤਿਕ ਲੱਛਣਾਂ, ਸਮਾਨ ਪਦਾਰਥਾਂ ਨਾਲ ਤੁਲਨਾ, ਉਤਪੱਤੀ, ਜਾਤੀਆਂ ਦੇ ਆਕਾਰ, ਸਰੀਰਕ ਵਰਣਨ, ਸਭਿਆਚਾਰਕ ਮਹੱਤਵ ਅਤੇ ਉਪਯੋਗਤਾ ਆਦਿ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

(viii) **ਤਕਨੀਕੀ ਸ਼ਬਦਾਵਲੀ** : ਤਕਨੀਕੀ ਪਦਾਂ ਵਿਚ ਵੀ ਪਰਿਸ਼ੁੱਧਤਾ ਅਤੇ ਸਪਸ਼ਟਤਾ ਦੇ ਗੁਣ ਹੋਣੇ ਚਾਹੀਦੇ ਹਨ। ਇਹ ਪਦ ਕੇਵਲ ਤਕਨੀਕੀ ਸ਼ਬਦਾਵਲੀਆਂ ਦਾ ਹੀ ਅੰਗ ਨਹੀਂ ਹਨ ਬਲਕਿ ਸਾਧਾਰਣ ਕੋਸ਼ਾਂ ਵਿਚ ਵੀ ਇਨ੍ਹਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਨ੍ਹਾਂ ਦੀ ਪਰਿਭਾਸ਼ਾ ਵਿਸ਼ਵਕੋਸ਼ੀ ਢੰਗ ਨਾਲ ਇਸ ਪ੍ਰਕਾਰ ਦਿੱਤੀ ਜਾਵੇ ਕਿ ਸਾਧਾਰਣ ਪ੍ਰਯੋਗ-ਕਰਤਾ ਵੀ ਇਸ ਦੇ ਵਿਗਿਆਨਕ ਅਰਥ ਆਸਾਨੀ ਨਾਲ ਸਮਝ ਸਕੇ। ਉਦਾਹਰਣ ਵਜੋਂ :

coal n. 'Hard opaque black or blackish mineral or vegetable found in seams or strata below earth's surface and used as a fuel and in manufacture of gas, tar etc.

ਬਨਸਪਤੀ-ਵਿਗਿਆਨ 'ਉਹ ਵਿਗਿਆਨ ਜਿਸ ਵਿਚ ਪੇੜ-ਪੌਦਿਆਂ ਆਦਿ ਦੇ ਰੰਗ ਰੂਪਾਂ, ਜਾਤੀਆਂ ਅਤੇ ਭਿੰਨ-ਭਿੰਨ ਅੰਗਾਂ ਆਦਿ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ'।

ਪਰਮਾਣੂ 'ਕਿਸੇ ਤੱਤ ਦਾ ਉਹ ਸੂਖਮ ਭਾਗ ਜਿਸ ਦੇ ਕਿਸੇ ਰਸਾਇਣਕ ਵਿਧੀ ਤੋਂ ਬਿਨਾਂ ਟੁਕੜੇ ਨਾ ਹੋ ਸਕਣ'।

ਇਸ ਪ੍ਰਕਾਰ, ਤਕਨੀਕੀ ਪਦਾਂ ਦੇ ਅਰਥ ਜਾਂ ਪਰਿਭਾਸ਼ਾ ਵਿਗਿਆਨਕ ਤੌਰ ਤੇ ਸਪਸ਼ਟ ਅਤੇ ਸਮਝਗੋਚਰੀ ਹੋਣੀ ਚਾਹੀਦੀ ਹੈ।

(ix) **ਅਧਿਭਾਸ਼ਾ ਦੀ ਵਾਕ-ਰਚਨਾ** : ਕੋਸ਼ੀ ਇਕਾਈਆਂ ਦੀ ਪਰਿਭਾਸ਼ਾ ਦਿੰਦਿਆਂ ਕੋਸ਼ਕਾਰ ਨੂੰ ਅਧਿਭਾਸ਼ਾ (metalanguage) ਦੀ ਵਾਕ-ਰਚਨਾ ਵਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਮੂਲ ਕੋਸ਼ੀ ਇਕਾਈ ਦੀ ਜੋ ਵਿਆਕਰਣਕ ਕੋਟੀ ਹੈ, ਇਸ ਦੇ ਵਰਣਨ/ਪਰਿਭਾਸ਼ਾ ਦੀ ਵੀ ਉਹੀ ਵਿਆਕਰਣਕ ਵਾਕ-ਰਚਨਾ ਹੋਣੀ ਜ਼ਰੂਰੀ ਹੈ। ਉਦਾਹਰਣ ਵਜੋਂ, ਜੇ ਕੋਸ਼ੀ ਇਕਾਈ ਦੀ ਵਿਆਕਰਣਕ ਕੋਟੀ ਨਾਂਵ ਹੈ, ਤਾਂ ਪਰਿਭਾਸ਼ਾ

ਦੀ ਵਾਕ-ਰਚਨਾ ਵੀ ਨਾਂਵ-ਰੂਪ ਵਿਚ ਹੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ, ਵਿਸ਼ੇਸ਼ਣ ਦੀ ਥਾਂ ਵਿਸ਼ੇਸ਼ਣੀ ਵਾਕਾਂਸ਼, ਕ੍ਰਿਆ ਦੀ ਥਾਂ ਕ੍ਰਿਆਵੀ ਵਾਕਾਂਸ਼ ਆਦਿ, ਜਿਵੇਂ

ਮਾਲਕੌਂਸ ਪੁ. 'ਇਕ ਪ੍ਰਸਿੱਧ ਰਾਗ'।

ਉਨਾਬੀ ਵਿ. 'ਉਨਾਬ ਦੇ ਰੰਗ ਵਰਗਾ'।

ਕਰਨਾ ਕ੍ਰਿ. ਸਕ. 'ਕੰਮ ਸਿਰੇ ਚਾੜ੍ਹਨਾ, ਬਣਾਉਣਾ, ਅਮਲ ਵਿਚ ਲਿਆਉਣਾ...'।

ਪਰੰਤੂ ਪਰਿਭਾਸ਼ਾ ਦਿੰਦਿਆਂ ਕਦੇ ਕਦੇ ਇਸ ਸਿਧਾਂਤ ਤੋਂ ਵਿਚਲਨ ਵੀ ਹੋ ਜਾਂਦਾ ਹੈ ਅਤੇ ਪਰਿਭਾਸ਼ਾ/ਵਰਣਨ ਮਜਬੂਰਨ ਅਧਿਭਾਸ਼ਾ ਦੀ ਭਿੰਨ ਵਾਕ-ਰਚਨਾ ਵਿਚ ਦੇਣਾ ਪੈਂਦਾ ਹੈ, ਜਿਵੇਂ

ਤੋਂ ਪ੍ਰਤਯ. 'ਅਪਾਦਾਨ ਕਾਰਕ ਦਾ ਰੂਪ'।

ਦਾ ਅਵ. 'ਸੰਬੰਧ-ਵਾਚਕ ਪਦ'।

ਨੇ 'ਸਕਰਮਕ ਭੂਤਕਾਲਕ ਕ੍ਰਿਆ ਦੇ ਕਰਤਾ ਦਾ ਚਿੰਨ੍ਹ ਜੋ ਉਸ ਦੇ ਪਿਛੇ ਲਾਇਆ ਜਾਂਦਾ ਹੈ'।

Eng. at prep. '(place and direction) indicating the place in which something or somebody was, is or will be'.

(x) **ਪਰਿਭਾਸ਼ਾ ਵਿਚ ਦੁਹਰਾਉ :** ਸ਼ਬਦ-ਸੰਜਮ ਪਰਿਭਾਸ਼ਾ ਦਾ ਮੂਲ ਗੁਣ ਹੈ। ਪਰਿਭਾਸ਼ਾ ਵਿਚ ਸ਼ਬਦ-ਸੰਜਮ ਅਤੇ ਥਾਂ ਦੀ ਬੱਚਤ ਲਈ ਇਹ ਵਿਧੀ ਉਪਯੋਗੀ ਹੈ। ਕਈ ਵਾਰੀ ਪਰਿਭਾਸ਼ਿਤ ਕੋਸ਼ੀ ਇਕਾਈਆਂ ਦਾ ਪ੍ਰਯੋਗ ਨਵੀਆਂ ਜਾਂ ਵਿਉਤਪੰਨ ਕੋਸ਼ੀ ਇਕਾਈਆਂ ਨੂੰ ਪਰਿਭਾਸ਼ਿਤ ਕਰਨ ਲਈ ਕੀਤਾ ਜਾਂਦਾ ਹੈ, ਜਿਵੇਂ

ਜਾਦੂਗਰ 'ਜਾਦੂ ਕਰਨ ਵਾਲਾ।'

ਜਾਦੂਗਰੀ 'ਜਾਦੂ ਕਰਨ ਦਾ ਕੰਮ ਜਾਂ ਭਾਵ'।

ਪਰੰਤੂ ਕੋਸ਼ੀ ਇਕਾਈ ਦੀ ਪਰਿਭਾਸ਼ਾ ਦਿੰਦਿਆਂ ਇਸ ਨੂੰ ਬਹੁਤੇ ਚੱਕਰਾਂ ਵਿਚ ਨਹੀਂ ਪਾਉਣਾ ਚਾਹੀਦਾ ਅਰਥਾਤ ਪੁਨਰਮਾਰਗੀਕਰਣ (rerouting) ਦੀ ਪ੍ਰਵਿਰਤੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਹਿਣ ਦਾ ਭਾਵ ਇਹ ਕਿ ਪ੍ਰਯੋਗਕਰਤਾ ਸ਼ਬਦ ਦੇ ਅਰਥ ਵੇਖਣ ਲਈ ਇਸ ਦੀ ਪਰਿਭਾਸ਼ਾ ਦੀ ਸ਼ਬਦਾਵਲੀ ਦੇ ਕੁਚੱਕਰ ਵਿਚ ਹੀ ਨਾ ਫਸ ਜਾਵੇ, ਜਿਵੇਂ

ਬਰਸੀਣੀ 'ਮੁਸਲਮਾਨਾਂ ਵਿਚ ਵਰ੍ਹੇ ਪਿੱਛੋਂ ਮੋਏ ਪ੍ਰਾਣੀ ਦੇ ਨਾਂ ਤੇ ਦਿੱਤੀ ਜਾਣ ਵਾਲੀ ਨਿਆਜ਼।'

ਇਹ ਅਰਥ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੈ। ਇਥੇ **ਨਿਆਜ਼** ਦੇ ਅਰਥ ਵੇਖਣ ਲਈ ਪ੍ਰਯੋਗਕਰਤਾ ਨੂੰ ਕੋਸ਼ ਫਰੋਲਣਾ ਪਵੇਗਾ।

ਹਿੰਦੀ : ਪੇਸ਼ਾਬਖਾਨਾ 'ਵਹ ਸਥਾਨ ਜਹਾਂ ਲੋਗ **ਮੂਤ੍ਰਤਯਾਗ** ਕਰਤੇ ਹੈਂ।' ਇਥੇ **ਪੇਸ਼ਾਬਖਾਨਾ** ਸ਼ਬਦ ਦੇ ਅਰਥ ਸਮਝਣ ਲਈ ਸਾਨੂੰ ਕੋਸ਼ ਵਿਚ **ਮੂਤ੍ਰਤਯਾਗ** ਦੀ ਸ਼ਰਨ ਲੈਣੀ ਪਵੇਗੀ। ਯਤਨ ਹੋਣਾ ਚਾਹੀਦਾ ਹੈ ਕਿ ਕੋਸ਼ਕਾਰ ਆਪਣੇ ਕੋਸ਼ ਨੂੰ ਇਸ ਕਿਸਮ ਦੇ ਪੁਨਰ-ਮਾਰਗੀਕਰਣ ਤੋਂ ਮੁਕਤ ਰੱਖੇ। ਅਜਿਹੀ ਪਰਿਭਾਸ਼ਾ ਨੂੰ ਕੋਸ਼-ਵਿਗਿਆਨੀਆਂ ਨੇ ਖੰਡਿਤ ਪਰਿਭਾਸ਼ਾ ਆਖਿਆ ਹੈ।

(2) **ਸਮੀਕਰਣ ਜਾਂ ਪਰਿਭਾਸ਼ਾ ਲਈ ਸਮਾਨ ਅਰਥਾਂ ਵਾਲੇ ਸ਼ਬਦਾਂ ਦਾ ਪ੍ਰਯੋਗ :** ਕੋਸ਼ੀ ਇਕਾਈਆਂ ਦਾ ਵਰਣਨ ਕਰਨ ਜਾਂ ਪਰਿਭਾਸ਼ਾ ਦੇਣ ਨਾਲ ਮਿਲਦੀ-ਜੁਲਦੀ ਵਿਧੀ ਕੋਸ਼ੀ ਇਕਾਈਆਂ ਦਾ ਸਮੀਕਰਣ ਹੈ। ਸਮੀਕਰਣ ਦੀ ਵਿਧੀ ਦੇ ਅੰਤਰਗਤ ਜੋ ਵਿਆਕਰਣਕ ਕੋਟੀ ਮੂਲ ਕੋਸ਼ੀ ਇਕਾਈ ਦੀ ਹੁੰਦੀ ਹੈ, ਉਸ ਦਾ ਅਰਥ ਦੇਣ ਸਮੇਂ ਪ੍ਰਯੋਗ ਕੀਤੇ ਪਰਿਆਇਆਂ/ਸਮਤੁੱਲ ਸ਼ਬਦਾਂ ਜਾਂ ਪਰਿਭਾਸ਼ਾ-ਵਾਕਾਂ ਦੀ ਵੀ ਸਮਾਨ ਵਿਆਕਰਣਕ ਕੋਟੀ ਹੋਣੀ ਚਾਹੀਦੀ ਹੈ, ਜਿਵੇਂ

ਦਾਰੂ ਪੁ. 'ਦਵਾਈ; ਸ਼ਰਾਬ; ਇਲਾਜ; ਬਾਰੂਦ'।

ਪਾਜੀ ਵਿ. 'ਨੀਚ, ਕਮੀਨਾ, ਦੁਸ਼ਟ'।

ਬਹੁਤ ਵਿ. 'ਜ਼ਿਆਦਾ, ਕਾਫ਼ੀ, ਚੋਖਾ'।

ਬੁੱਝਣਾ ਕ੍ਰਿ. ਅਕ. 'ਸਮਝਣਾ, ਜਾਣਨਾ, ਪਛਾਣਨਾ'।

ਪਰ ਕਈ ਵਾਰੀ ਕੋਸ਼ਕਾਰ ਕੋਸ਼ੀ ਇਕਾਈ ਦੇ ਅਰਥ ਦੇਣ ਲਈ ਪਰਿਭਾਸ਼ਾ ਅਤੇ ਪਰਿਆਇ/ਸਮਤੁੱਲ ਸ਼ਬਦਾਂ ਦੋਹਾਂ ਵਿਧੀਆਂ ਦਾ ਪ੍ਰਯੋਗ ਕਰਦਾ ਹੈ। ਇਥੇ ਵੀ ਉਪਰੋਕਤ ਸਿਧਾਂਤ ਦਾ ਅਨੁਸਰਣ ਕਰਨਾ ਚਾਹੀਦਾ ਹੈ। ਜਿਵੇਂ

ਸਾਈ ਇ. 'ਉਹ ਰਕਮ ਜੋ ਕਿਸੇ ਚੀਜ਼ ਦੇ ਮੁੱਲ ਵਿਚੋਂ ਅਗਾਊਂ ਦਿੱਤੀ ਜਾਵੇ ਤੇ ਜੇ ਗਾਹਕ ਉਹ ਚੀਜ਼ ਨਾ ਲਵੇ ਤਾਂ ਇਹ ਪੇਸ਼ਗੀ ਦਿੱਤੀ ਰਕਮ ਜ਼ਬਤ ਹੋ ਜਾਂਦੀ ਹੈ, ਬਿਆਨਾ'।

ਕਿਲਾ ਪੁ. 'ਗੜ੍ਹ, ਦੁਰਗ, ਉਹ ਇਮਾਰਤ ਜਿਸ ਵਿਚ ਫੌਜ ਰਹਿੰਦੀ ਹੈ ਤੇ ਜਿਸ ਦੇ ਚੌਹੀਂ ਬੰਨੀਂ ਉੱਚੀ ਕੰਧ ਹੁੰਦੀ ਹੈ। ਇਸ ਵਿਚ ਥਾਂ ਥਾਂ ਮੋਰਚਿਆਂ ਲਈ ਬੁਰਜ ਬਣੇ ਹੁੰਦੇ ਹਨ।'

ਅਰਥ ਦੇਣ ਦੀ ਇਸ ਵਿਧੀ ਦੇ ਦੋ ਫ਼ਾਇਦੇ ਹਨ। ਇਕ ਤਾਂ ਕੋਸ਼ੀ ਇਕਾਈ ਦਾ ਅਰਥ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਅਤੇ ਦੂਜੇ ਪ੍ਰਯੋਗਕਾਰ ਨੂੰ ਸਮਾਨਾਰਥਕ ਸ਼ਬਦ ਉਪਲਬਧ ਹੋ ਜਾਂਦਾ ਹੈ। ਕੋਸ਼ੀ ਇਕਾਈ ਦੇ ਮੂਲ ਜਾਂ ਪ੍ਰਭਾਵੀ ਅਰਥ ਦੇਣ ਲਈ ਪ੍ਰਯੋਗ ਕੀਤੀ ਇਸੇ ਵਿਧੀ ਨੂੰ ਕੋਸ਼ ਵਿਚ ਕੋਸ਼ੀ ਇਕਾਈਆਂ ਦੇ ਉਪ-ਅਰਥ ਜਾਂ ਅਰਥ-ਭੇਦ ਦੇਣ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਪਰੰਤੂ ਪਰਿਆਇ ਦੇਣ ਸਮੇਂ ਸਚੇਤ ਅਤੇ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਸਮਾਨ ਅਰਥ-ਸਮੂਹ ਵਾਲੇ ਪਰਿਆਇ ਹੀ ਦਿੱਤੇ ਜਾਣ ਜਿਵੇਂ

'ਦਬੰਗ, ਨਿਧੜਕ, ਦਲੇਰ'। ਅਰਥ-ਸਮੂਹ ਤੋਂ ਬਾਹਰਾ ਪਰਿਆਇ ਦੇਣ ਨਾਲ ਅਰਥ ਦੇ ਅਸਪਸ਼ਟ ਰਹਿ ਜਾਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ ਜਿਵੇਂ 'ਦੇਸ਼, ਮੁਲਕ, ਇਲਾਕਾ'। ਇਥੇ ਇਲਾਕਾ ਸ਼ਬਦ ਦੇਸ਼ ਅਤੇ ਮੁਲਕ ਦਾ ਪਰਿਆਇ ਨਹੀਂ ਹੈ। ਇਹ ਭਿੰਨ ਅਰਥ ਦਾ ਧਾਰਣੀ ਹੈ। ਕੋਸ਼ ਨਿਰਮਾਣ ਸਮੇਂ ਅਜਿਹੀ ਕੁਤਾਹੀ ਤੋਂ ਬਚਣਾ ਚਾਹੀਦਾ ਹੈ। ਨਾਲੇ, ਅਸੀਂ ਉਪਰ ਸਪਸ਼ਟ ਕਰ ਆਏ ਹਾਂ ਕਿ ਕਿਸੇ ਵੀ ਭਾਸ਼ਾ-ਪ੍ਰਬੰਧ ਵਿਚ ਪੂਰਣ ਪਰਿਆਇ ਉਪਲਬਧ ਨਹੀਂ ਹੁੰਦੇ। ਕੋਸ਼ ਵਿਚ ਗ਼ਲਤ ਤੇ ਅਢੁਕਵੇਂ ਪਰਿਆਇ ਦੇਣ ਨਾਲੋਂ ਪਰਿਆਇਵਾਚਕਤਾ ਦਾ ਮੋਹ-ਭੰਗ ਹੋਣਾ ਬਿਹਤਰ ਹੈ।

ਕੋਸ਼ੀ ਇਕਾਈਆਂ ਦੇ ਅਰਥ ਦੇਣ ਸਮੇਂ ਪਰਿਭਾਸ਼ਾ ਤੋਂ ਬਿਨਾਂ ਪਰਿਆਇ ਦੇਣਾ ਕੋਸ਼ ਦੇ ਪ੍ਰਕਾਰ ਅਤੇ ਖੇਤਰ ਤੇ ਨਿਰਭਰ ਕਰਦਾ ਹੈ। ਪਰੰਤੂ ਕੋਸ਼ੀ ਇਕਾਈਆਂ ਦੇ ਪਰਿਆਇ ਦੇਣ ਸਮੇਂ ਸਾਧਾਰਣ, ਸਮਕਾਲੀ, ਮਿਆਰੀ ਅਤੇ ਆਮਫ਼ਹਿਮ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਵੇਂ ਪੁਰਾਤਨ : ਪੁਰਾਣਾ, ਜਲ : ਪਾਣੀ, ਉਪਭੋਗ : ਖਪਤ, ਘੋਗਲਕੰਨਾ : ਮਚਲਾ, ਘੰਚਲ (ਪੋਠੋ.) : ਨਘੋਚ, ਹਿੱਕ : ਇਕ, fraternal : brotherly, albiet : although ਆਦਿ। ਅਜਿਹਾ ਕਰਦਿਆਂ ਉਪਯੁਕਤ ਥਾਵਾਂ ਤੇ ਲੋੜ ਅਨੁਸਾਰ ਅਪਭਾਸ਼ਾ, ਅਪ੍ਰਚਲਿਤ, ਪੋਠੋਹਾਰੀ, ਅਸ਼ਿਸ਼ਟ ਆਦਿ ਸ਼ੈਲੀਗਤ ਸ਼ਬਦ-ਸੂਚਕਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਬਹੁਅਰਥਕ ਸ਼ਬਦਾਂ ਦੇ ਅਰਥਾਂ ਦਾ ਨਿਖੇੜਾ ਕਰਨ ਲਈ ਪਰਿਆਇਆਂ ਦੇ ਨਾਲ ਨਾਲ ਵਿਪਰਿਆਇਆਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ, ਜਿਵੇਂ

ਹਲਕਾ ਵਿ. '1. ਹੌਲਾ, ਘੱਟ ਬੋਝ ਵਾਲਾ ; 2. ਛੇਤੀ ਪਚਣ ਵਾਲਾ (ਪਦਾਰਥ); 3. ਅਦਨਾ, ਘਟੀਆ, ਘੱਟ ਮੁੱਲ ਦਾ ਜਿਸ ਨੂੰ ਮਾਲ ਵਧੀਆ ਨਾ ਲਗਾ ਹੋਵੇ ; 4. ਮੱਠਾ, ਥੋੜਾ; 5. ਰੌਲਾ (ਇਹ ਗੱਡਾ ਹਲਕਾ ਚਲਦਾ ਹੈ)।
ਵਿਪਰਿਆਇ : ਭਾਰਾ, ਗੂੜ੍ਹਾ, ਤੇਜ਼, ਬਹੁਮੁੱਲਾ।

ਅਰਥਾਂ ਦੇ ਸਮੀਕਰਣ ਸਮੇਂ ਉਪਰੋਕਤ ਸਮੱਸਿਆਵਾਂ ਦਾ ਧਿਆਨ ਰੱਖਣ ਦੀ ਲੋੜ ਹੈ।

(3) ਦ੍ਰਿਸ਼ਟਾਂਤੀ ਉਦਾਹਰਣ : ਕੋਸ਼ੀ ਇਕਾਈਆਂ ਦੇ ਅਰਥਾਂ, ਉਪ-ਅਰਥਾਂ ਅਤੇ ਅਰਥ-ਭੇਦਾਂ ਦੀ ਸਪਸ਼ਟਤਾ ਲਈ ਦ੍ਰਿਸ਼ਟਾਂਤੀ ਉਦਾਹਰਣਾਂ ਦੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਪਰ ਇਨ੍ਹਾਂ ਨੂੰ ਹਰੇਕ ਕੋਸ਼ ਵਿਚ ਦਰਜ ਕਰਨ ਦੀ ਪ੍ਰਥਾ ਨਹੀਂ ਹੈ। ਮਸਲਨ, ਉਚਾਰਣ ਕੋਸ਼, ਸ਼ਬਦ-ਜੋੜ ਕੋਸ਼, ਪਰਿਭਾਸ਼ਿਕ ਸ਼ਬਦਾਵਲੀ, ਪਰਿਆਇ ਅਤੇ ਵਿਪਰਿਆਇ ਕੋਸ਼ ਆਦਿ ਵਿਚ ਦ੍ਰਿਸ਼ਟਾਂਤੀ ਉਦਾਹਰਣਾਂ ਦੀ ਕੋਈ ਸਾਰਥਕਤਾ ਨਹੀਂ ਹੈ। ਦ੍ਰਿਸ਼ਟਾਂਤੀ ਉਦਾਹਰਣ ਬਹੁਅਰਥੇ ਸ਼ਬਦਾਂ ਦੇ ਅਰਥ-ਨਿਖੇੜੇ ਅਤੇ ਪਰਿਆਇਆਂ ਦਾ ਨਿਖੇੜਾ ਕਰਨ ਲਈ ਸਹਾਈ ਹੁੰਦੇ ਹਨ। ਸਾਧਾਰਣ ਕੋਸ਼ ਵਿਚ ਕੋਈ ਵੀ ਕੋਸ਼ੀ ਇਕਾਈ ਅਰਥ ਦੀ ਅਧਿਕ ਸਪਸ਼ਟਤਾ ਲਈ ਦ੍ਰਿਸ਼ਟਾਂਤੀ ਉਦਾਹਰਣਾਂ ਤੋਂ ਬਿਨਾਂ ਸ਼ਾਮਿਲ ਨਹੀਂ ਕੀਤੀ ਜਾਣੀ ਚਾਹੀਦੀ।

ਦ੍ਰਿਸ਼ਟਾਂਤੀ ਉਦਾਹਰਣ ਬਹੁਅਰਥਕ ਸ਼ਬਦਾਂ ਦੀ ਸਪਸ਼ਟਤਾਪੂਰਵਕ ਪਰਿਭਾਸ਼ਾ ਦੇਣ ਵਿਚ ਵੀ ਸਹਾਇਤਾ ਕਰਦੇ ਹਨ। ਅਸੀਂ ਉਪਰ ਹਲਕਾ ਸ਼ਬਦ ਦੀ ਉਦਾਹਰਣ ਦੇ ਆਏ ਹਾਂ। ਇਸ ਦੇ ਅਰਥਾਂ ਨੂੰ ਦ੍ਰਿਸ਼ਟਾਂਤੀ ਉਦਾਹਰਣਾਂ ਨਾਲ ਇਸ ਪ੍ਰਕਾਰ ਸਪਸ਼ਟ ਕੀਤਾ ਜਾ ਸਕਦਾ ਹੈ :

ਹਲਕਾ ਵਿ. '1. ਹੌਲਾ, ਘੱਟ ਬੋਝ ਵਾਲਾ (ਰਾਮ ਵਜ਼ਨ ਵਿਚ ਮੇਰੇ ਨਾਲੋਂ ਹਲਕਾ ਹੈ); 2. ਛੇਤੀ ਪਚਣ ਵਾਲਾ (ਹਲਕਾ ਭੋਜਨ); 3. ਅਦਨਾ, ਘਟੀਆ, ਘੱਟ ਮੁੱਲ ਦਾ (ਤੇਰਾ ਜੁੱਤਾ ਮੇਰੇ ਨਾਲੋਂ ਹਲਕਾ ਹੈ); 4. ਮੱਠਾ, ਥੋੜਾ (ਮੇਰੀ ਚਾਹ ਵਿਚ ਮਿੱਠਾ ਜ਼ਰਾ ਹਲਕਾ ਰੱਖਣਾ); 5. ਫਿੱਕਾ, ਘੱਟ ਗੂੜ੍ਹੇ ਰੰਗ ਵਾਲਾ (ਮੈਨੂੰ ਹਲਕਾ ਰੰਗ ਵਧੇਰੇ ਪਸੰਦ ਹੈ); 6. ਹੌਲਾ, ਘੱਟ ਜ਼ੋਰ ਨਾਲ ਚਲਣ ਵਾਲਾ (ਓਵਰਹਾਲ ਕਰਵਾਉਣ ਪਿਛੋਂ ਮੇਰਾ ਸਾਈਕਲ ਬਹੁਤ ਹਲਕਾ ਚੱਲਣ ਲੱਗ ਪਿਆ ਹੈ)।

ਇਸੇ ਤਰ੍ਹਾਂ ਦ੍ਰਿਸ਼ਟਾਂਤੀ ਉਦਾਹਰਣ ਕਿਸੇ ਪਰਿਆਇ-ਸਮੂਹ ਵਿਚ ਵਿਸ਼ੇਸ਼ ਪਰਿਆਇਆਂ ਦੇ ਅਰਥਗਤ ਲੱਛਣਾਂ ਨੂੰ ਸਪਸ਼ਟਤਾਪੂਰਵਕ ਦਰਸਾਉਂਦੇ ਹਨ। ਸ਼ਬਦਾਂ ਦੇ ਸੁਨਿਸ਼ਚਿਤ ਜੁੱਟਾਂ (ਸੁਨਿਸ਼ਚਿਤ ਉਕਤੀਆਂ, ਮੁਹਾਵਰੇ ਅਤੇ ਅਖੌਤਾਂ) ਦੀ ਸਪਸ਼ਟ ਵਿਆਖਿਆ ਲਈ ਵੀ ਦ੍ਰਿਸ਼ਟਾਂਤੀ ਉਦਾਹਰਣਾਂ ਦੀ ਲੋੜ ਪੈਂਦੀ ਹੈ। ਕਈ ਸੁਨਿਸ਼ਚਿਤ ਉਕਤੀਆਂ ਦੇ ਇਕ ਤੋਂ ਵੱਧ ਅਰਥ ਹੁੰਦੇ ਹਨ। ਇਨ੍ਹਾਂ ਨੂੰ ਸਪਸ਼ਟਤਾਪੂਰਵਕ ਨਿਖੇੜਨ ਲਈ ਦ੍ਰਿਸ਼ਟਾਂਤੀ ਉਦਾਹਰਣਾਂ ਦੀ ਸਹਾਇਤਾ ਬਹੁਤ ਜ਼ਰੂਰੀ ਹੈ। ਉਦਾਹਰਣ ਵਜੋਂ,

ਸੋਚ ਕਰਨਾ 1. ਸੋਚਣਾ, ਮਾਮਲੇ ਨੂੰ ਸਮਝਣਾ, ਅਕਲ ਤੋਂ ਕੰਮ ਲੈਣਾ; 2. ਫ਼ਿਕਰ ਕਰਨਾ, ਚਿੰਤਾ ਕਰਨਾ।

ਕਮਰ ਟੁੱਟ ਜਾਣਾ 1. ਲੱਕ ਟੁੱਟ ਜਾਣਾ; 2. ਸਹਾਰਾ ਨਾ ਰਹਿਣਾ, ਨਿਆਸਰਾ ਹੋ ਜਾਣਾ; 3. ਹਿੰਮਤ ਨਾ ਰਹਿਣਾ।

a bird's eye view 1. general view from a high position looking down; 2. general summary (of a subject)

set something aside 1. place something to one side; 2. save or keep for a particular purpose; 3. disregard or ignore something; 4. cancel or reject.

ਇਨ੍ਹਾਂ ਸੁਨਿਸ਼ਚਿਤ ਉਕਤੀਆਂ, ਮੁਹਾਵਰਿਆਂ ਆਦਿ ਦੇ ਵਿਭਿੰਨ ਅਰਥ-ਭੇਦਾਂ ਦੀ ਸਪਸ਼ਟਤਾ ਲਈ ਦ੍ਰਿਸ਼ਟਾਂਤੀ ਉਦਾਹਰਣ ਅਤਿਅੰਤ ਸਹਾਈ ਹੁੰਦੇ ਹਨ। ਪ੍ਰਕਾਰਜੀ ਸ਼ਬਦਾਂ ਦੇ ਵਾਚਾਰਥ ਨਾ ਹੋਣ ਕਰਕੇ ਇਨ੍ਹਾਂ ਦੀ ਪਰਿਭਾਸ਼ਾ ਤਾਂ ਦ੍ਰਿਸ਼ਟਾਂਤੀ ਉਦਾਹਰਣਾਂ ਤੋਂ ਬਿਨਾਂ ਸੰਭਵ ਹੀ ਨਹੀਂ ਹੈ। ਇਸੇ ਕਰਕੇ ਇਸ ਦਾ ਅਰਥ ਦੇਣਾ ਮੁਸ਼ਕਿਲ ਹੁੰਦਾ ਹੈ।

ਪਰੰਤੂ ਦ੍ਰਿਸ਼ਟਾਂਤੀ ਉਦਾਹਰਣ ਦੇਣ ਲੱਗਿਆਂ ਵੀ ਸ਼ਬਦ-ਸੰਜਮ ਦੇ ਸਿਧਾਂਤ ਦੀ

ਕੰਨੀ ਨੂੰ ਹੱਥੋਂ ਨਹੀਂ ਛੱਡਣਾ ਚਾਹੀਦਾ। ਦ੍ਰਿਸ਼ਟਾਂਤੀ ਉਦਾਹਰਣਾਂ ਲਈ ਕੋਸ਼ੀ ਇਕਾਈਆਂ ਦਾ ਲੰਮੇ ਵਾਕਾਂ ਵਿਚ ਪ੍ਰਯੋਗ ਦੇਣ ਨਾਲ ਕੋਸ਼ ਦਾ ਆਕਾਰ ਵਧ ਜਾਣ ਦਾ ਅੰਦੇਸ਼ਾ ਹੁੰਦਾ ਹੈ। ਇਸ ਲਈ ਦ੍ਰਿਸ਼ਟਾਂਤੀ ਉਦਾਹਰਣ ਬਹੁਤ ਸੰਖੇਪ ਹੋਣੇ ਚਾਹੀਦੇ ਹਨ, ਜਿਵੇਂ

ਗਰਮ ਵਿ. '1. ਤੱਤਾ (~ਪਾਣੀ) ; 2. ਗੁੱਸੇ ਵਾਲਾ (~ਮਿਜ਼ਾਜ) ; 3. ਜਿਸ ਦੀ ਤਾਸੀਰ ਤੇਜ਼ ਹੋਵੇ (~ਮਸਾਲਾ) ; 4. ਤਾਉ ਦੇਣ ਵਾਲਾ (~ਜੋਸ਼/ਜੋਸ਼ੀ) ; 5. ਰੌਣਕ ਵਾਲਾ (~ਬਾਜ਼ਾਰ)'।

handicap v. '~ped by ill health, ~ped children'.

ਸੰਖੇਪ ਉਕਤੀਆਂ ਛੋਟੇ ਕੋਸ਼ਾਂ ਦਾ ਸ਼ਿੰਗਾਰ ਬਣਦੀਆਂ ਹਨ, ਪਰੰਤੂ ਵੱਡੇ ਕੋਸ਼ਾਂ ਵਿਚ ਪੂਰੇ ਵਾਕ ਜਾਂ ਟੂਕਾਂ ਵੀ ਸਮਾ ਸਕਦੀਆਂ ਹਨ, ਜਿਵੇਂ

ਆਦਤ 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ'।

ਮਨ 'ਮਨ ਜੀਤੈ ਜਗ ਜੀਤ'।

ਇੰਜ, ਦ੍ਰਿਸ਼ਟਾਂਤੀ ਉਦਾਹਰਣ ਭਾਸ਼ਾ ਦੇ ਲਿਖਿਤ ਅਤੇ ਮੌਖਿਕ ਦੋਹਾਂ ਰੂਪਾਂ ਵਿਚੋਂ ਲਏ ਜਾ ਸਕਦੇ ਹਨ। ਇਤਿਹਾਸਕ ਕੋਸ਼ ਵਿਚ ਤਾਂ ਕੋਸ਼ੀ ਇਕਾਈ ਦੇ ਕਾਲਕ੍ਰਮਿਕ ਅਰਥਗਤ, ਰੂਪਾਤਮਕ ਅਤੇ ਵਿਆਕਰਣਕ ਵਿਕਾਸ ਦੇ ਨਾਲ ਨਾਲ ਵਾਸਤਵਿਕ ਸੰਦਰਭ, ਪੁਸਤਕ ਦਾ ਨਾਂ, ਪੰਨਾ, ਬੰਦ, ਸਤਰ ਆਦਿ ਦਿੱਤੇ ਜਾਂਦੇ ਹਨ। ਮੂਲ ਲੇਖਕਾਂ ਦੀਆਂ ਟੂਕਾਂ ਦ੍ਰਿਸ਼ਟਾਂਤੀ ਉਦਾਹਰਣਾਂ ਨੂੰ ਪ੍ਰਮਾਣਕਤਾ ਅਵੱਸ਼ ਪ੍ਰਦਾਨ ਕਰਦੀਆਂ ਹਨ, ਪਰੰਤੂ ਸਵੈ-ਸਿਰਜਿਤ ਦ੍ਰਿਸ਼ਟਾਂਤੀ ਉਦਾਹਰਣਾਂ ਦੇ ਕੁਝ ਲਾਭ ਵੀ ਹਨ, ਜਿਵੇਂ "(1) ਜੇ ਕੋਸ਼ਕਾਰ ਭਾਸ਼ਾ ਦਾ ਦੇਸੀ ਬੁਲਾਰਾ ਹੈ ਤਾਂ ਉਸ ਨੂੰ ਪੁਸਤਕਾਂ ਤੇ ਨਿਰਭਰ ਨਹੀਂ ਕਰਨਾ ਪੈਂਦਾ। ਉਹ ਖ਼ੁਦ ਅਜਿਹੀਆਂ ਉਦਾਹਰਣਾਂ ਘੜ ਸਕਦਾ ਹੈ ; (ਅ) ਸਵੈ-ਰਚਿਤ ਉਦਾਹਰਣਾਂ ਸੰਖੇਪ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਕੇਵਲ ਸ਼ਬਦ-ਸੰਗਤ ਲੱਛਣ ਹੀ ਦਿੱਤੇ ਜਾਂਦੇ ਹਨ। ਫਲਸਰੂਪ, ਲੰਮੀਆਂ ਟੂਕਾਂ ਤੋਂ ਬਚਾ ਹੋ ਸਕਦਾ ਹੈ ; (3) ਸਵੈ-ਰਚਿਤ ਉਦਾਹਰਣਾਂ ਵਿਚ ਭਿੰਨਤਾ ਦੀ ਸਦਾ ਗੁੰਜਾਇਸ਼ ਰਹਿੰਦੀ ਹੈ। ਲਿਖਤੀ ਟੂਕਾਂ ਵਿਚ ਕੋਸ਼ੀ ਇਕਾਈ ਦੀ ਸਿਰਜਣਾਤਮਕ ਸ਼ਕਤੀ ਦੀਆਂ ਸੰਭਾਵਨਾਵਾਂ ਖ਼ਤਮ ਹੋ ਜਾਂਦੀਆਂ ਹਨ ; (4) ਸਵੈ-ਰਚਿਤ ਉਦਾਹਰਣਾਂ ਦੀ ਪ੍ਰਮਾਣਕਤਾ ਬਾਰੇ ਵਿਭਿੰਨ ਬੁਲਾਰਿਆਂ ਤੋਂ ਪੜਤਾਲ ਕੀਤੀ ਜਾ ਸਕਦੀ ਹੈ। ਟੂਕਾਂ ਦੀ ਸੂਰਤ ਵਿਚ ਅਜਿਹਾ ਸੰਭਵ ਨਹੀਂ ਹੈ ; (5) ਅਰਥ ਦੇ ਨਵੇਂ ਸੂਖਮ ਭੇਦ ਪ੍ਰਾਪਤ ਕਰਨ ਦੀ ਸੰਭਾਵਨਾ ਸਵੈ-ਰਚਿਤ ਉਦਾਹਰਣਾਂ ਵਿਚ ਸਦਾ ਬਣੀ ਰਹਿੰਦੀ ਹੈ।"[12] ਸਪਸ਼ਟ ਹੈ ਕਿ ਦ੍ਰਿਸ਼ਟਾਂਤੀ ਉਦਾਹਰਣ ਦੇਣ ਦੀ ਗੁੰਜਾਇਸ਼ ਕੇਵਲ ਮੌਖਿਕ ਭਾਸ਼ਾਵਾਂ ਦੀ ਹਾਲਤ ਵਿਚ ਹੀ ਹੋ ਸਕਦੀ ਹੈ, ਲਿਖਿਤ ਭਾਸ਼ਾਵਾਂ ਦੀ ਹਾਲਤ ਵਿਚ ਤਾਂ ਘੜੀਆਂ-ਘੜਾਈਆਂ ਟੂਕਾਂ ਹੀ ਉਪਲਬਧ ਹੁੰਦੀਆਂ ਹਨ।

(4) **ਦ੍ਰਿਸ਼ਟਾਂਤੀ ਚਿੱਤਰ :** ਅਰਥ ਦੀ ਸਪਸ਼ਟਤਾ ਲਈ ਹੋਰਨਾਂ ਵਿਧੀਆਂ ਦੇ ਨਾਲ ਨਾਲ ਦ੍ਰਿਸ਼ਟਾਂਤੀ ਚਿੱਤਰ ਦੇਣ ਦੀ ਉਪਯੋਗੀ ਪ੍ਰਥਾ ਵੀ ਕੋਸ਼ਕਾਰੀ ਦੇ ਖੇਤਰ ਵਿਚ ਸਥਾਪਿਤ ਪ੍ਰਥਾ ਹੈ। ਚਿੱਤਰ ਨਾਲ ਅਰਥ ਜਾਂ ਸੰਕਲਪ ਪੂਰੀ ਤਰ੍ਹਾਂ ਉਘੜ ਕੇ ਸਾਮ੍ਹਣੇ ਆ ਜਾਂਦਾ ਹੈ ਅਤੇ ਪੱਕੀ ਤਰ੍ਹਾਂ ਮਨ ਤੇ ਉੱਕਰਿਆ ਜਾਂਦਾ ਹੈ। ਅੱਜ ਕੱਲ੍ਹ ਤਾਂ ਬੱਚਿਆਂ ਨੂੰ ਪੜ੍ਹਾਉਣ ਲਈ ਚਿੱਤਰ ਵਿਧੀ ਦਾ ਭਰਪੂਰ ਪ੍ਰਯੋਗ ਕੀਤਾ ਜਾਂਦਾ ਹੈ। ਹਰੇਕ ਕ੍ਰਿਆ ਦੇ ਅਰਥ ਨੂੰ ਚਿੱਤਰ ਨਾਲ ਇਸ ਤਰੀਕੇ ਨਾਲ ਸਮਝਾਇਆ ਜਾਂਦਾ ਹੈ ਕਿ ਬੱਚਾ ਇਸ ਦੇ ਅਰਥ ਨੂੰ ਤੁਰੰਤ ਪਕੜ ਲੈਂਦਾ ਹੈ। ਚਿੱਤਰ ਕੋਸ਼ ਦਾ ਅਭਿੰਨ ਅੰਗ ਹਨ। ਪਰ ਚਿੱਤਰਾਂ ਦੀ ਕੋਸ਼ ਵਿਚ ਸ਼ਮੂਲੀਅਤ ਵੀ ਕੋਸ਼ ਦੀ ਪ੍ਰਕਿਰਤੀ ਤੇ ਨਿਰਭਰ ਕਰਦੀ ਹੈ। ਮਸਲਨ, ਸ਼ਬਦ-ਜੋੜ ਕੋਸ਼, ਪਰਿਆਇ ਤੇ ਵਿਪਰਿਆਇ ਕੋਸ਼, ਉਚਾਰਣ ਕੋਸ਼, ਤਕਨੀਕੀ ਪਦਾਂ ਦੇ ਕੋਸ਼ ਆਦਿ ਵਿਚ ਚਿੱਤਰਾਂ ਦੀ ਉੱਕਾ ਹੀ ਸਾਰਥਕਤਾ ਨਹੀਂ ਹੈ ਜਦੋਂ ਕਿ ਵਿਵਹਾਰਕ ਤੇ ਸਾਧਾਰਣ ਕੋਸ਼ਾਂ ਵਿਚ ਚਿੱਤਰਾਂ ਦਾ ਭਰਪੂਰ ਪ੍ਰਯੋਗ ਕੀਤਾ ਜਾਂਦਾ ਹੈ। ਬਨਸਪਤੀ ਅਤੇ ਪ੍ਰਾਣੀ ਜਗਤ, ਅਪਰਿਚਿਤ ਸਭਿਆਚਾਰਕ ਪਦਾਰਥਾਂ, ਨਵ-ਨਿਰਮਿਤ ਜਾਂ ਅਪਣਾਈਆਂ ਕੋਸ਼ੀ ਮੱਦਾਂ ਦੇ ਅਰਥਾਂ ਦੀ ਸਪਸ਼ਟਤਾ ਲਈ ਚਿੱਤਰ ਅਤਿ ਆਵੱਸ਼ਕ ਹਨ। ਉਦਾਹਰਣ ਵਜੋਂ, ਦੱਖਣੀ ਭਾਰਤ ਵਿਚ ਊਠ ਦੀ ਤਸਵੀਰ ਨਾਲ ਹੀ ਉਥੋਂ ਦੇ ਲੋਕਾਂ ਵਿਚ ਇਸ ਦੇ ਸੰਕਲਪ ਦਾ ਸੰਚਾਰ ਕੀਤਾ ਜਾ ਸਕਦਾ ਹੈ। ਜਿਸ ਭਾਸ਼ਾਈ ਸਭਿਆਚਾਰ ਵਿਚ 'ਗੱਡੇ' ਦਾ ਸੰਕਲਪ ਨਹੀਂ ਹੈ, ਉਸ ਭਾਸ਼ਾ ਦੇ ਕੋਸ਼ ਵਿਚ ਗੱਡੇ ਦਾ ਸਰਲ ਅਤੇ ਸਾਦਾ ਚਿੱਤਰ ਬਣਾ ਕੇ ਵਿਸਤ੍ਰਿਤ ਜਾਣਕਾਰੀ ਦਿੱਤੀ ਜਾ ਸਕਦੀ ਹੈ। ਚਿੱਤਰਾਂ ਦੇ ਨਾਲ ਨਕਸ਼ਿਆਂ, ਖ਼ਾਕਿਆਂ, ਰੇਖਾਚਿੱਤਰਾਂ, ਤਸਵੀਰਾਂ ਆਦਿ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਪਰੰਤੂ ਚਿੱਤਰਾਂ ਰਾਹੀਂ ਜਾਣਕਾਰੀ ਦੇਣ ਦੇ ਵੀ ਵਿਭਿੰਨ ਢੰਗ ਹਨ ਜਿਵੇਂ ਤੀਰਾਂ ਤੇ ਅੰਕਾਂ ਦਾ ਪ੍ਰਯੋਗ ਆਦਿ। ਚਿਤ੍ਰਿਤ ਵਸਤੂ ਦੇ ਇਕ ਇਕ ਅੰਗ ਨੂੰ ਸੰਖਿਆਂਕਿਤ ਕੀਤਾ ਜਾਂਦਾ ਹੈ ਅਤੇ ਇਸ ਦੇ ਹੇਠਾਂ ਅੰਕਾਂ ਦੇ ਕ੍ਰਮ ਅਨੁਸਾਰ ਨਾਮ-ਸੂਚੀ ਦੇ ਦਿੱਤੀ ਜਾਂਦੀ ਹੈ। ਦੂਜਾ ਢੰਗ ਚਿੱਤਰ ਦੇ ਸੰਕੇਤਿਤ ਭਾਗ ਵਲ ਤੀਰ ਜਾਂ ਲਾਈਨ ਦਾ ਨਿਸ਼ਾਨ ਲਗਾ ਕੇ ਸਾਮ੍ਹਣੇ ਉਸ ਭਾਗ ਦਾ ਨਾਂ ਲਿਖ ਦੇਣ ਦਾ ਹੈ। ਜੇ ਵਿਸਤ੍ਰਿਤ ਵਰਣਨ ਨਾ ਕਰਨਾ ਹੋਵੇ ਤਾਂ ਚਿੱਤਰ ਹੇਠਾਂ ਕੇਵਲ ਉਸ ਦਾ ਨਾਂ ਹੀ ਦਿੱਤਾ ਜਾਂਦਾ ਹੈ। ਇਹ ਵਿਧੀ ਅੰਗ੍ਰੇਜ਼ੀ ਕੋਸ਼ਾਂ ਵਿਚ ਆਮ ਅਪਣਾਈ ਗਈ ਹੈ। ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਚਿੱਤਰ ਵਿਧੀ ਅਜੇ ਐਨੀ ਵਿਕਸਿਤ ਨਹੀਂ ਹੋਈ। 'ਮਹਾਨ ਕੋਸ਼' ਅਤੇ 'ਪੰਜਾਬੀ ਕੋਸ਼' ਵਿਚ ਇਸ ਵਿਧੀ ਦਾ ਪ੍ਰਯੋਗ ਤਾਂ ਕੀਤਾ ਗਿਆ ਹੈ ਪਰ ਪੂਰੇ ਚਿੱਤਰ ਹੇਠਾਂ ਕੇਵਲ ਉਸ ਵਿਅਕਤੀ, ਪਦਾਰਥ, ਜੀਵ ਆਦਿ ਦਾ ਨਾਂ ਹੀ ਦਿੱਤਾ ਗਿਆ ਹੈ। ਅੰਗ੍ਰੇਜ਼ੀ ਕੋਸ਼ਾਂ ਵਾਂਗ ਕਾਰ, ਘੋੜੇ ਆਦਿ ਕੋਸ਼ੀ ਇਕਾਈਆਂ ਦੇ ਇਕ ਇਕ ਅੰਗ ਦਾ ਵਿਸਤ੍ਰਿਤ ਚਿੱਤਰਾਤਮਕ ਵੇਰਵਾ ਪੰਜਾਬੀ ਦੇ ਕਿਸੇ ਕੋਸ਼ ਵਿਚ ਵੀ ਨਹੀਂ ਦਿੱਤਾ ਗਿਆ।

ਇਹ ਜ਼ਰੂਰੀ ਨਹੀਂ ਕਿ ਸਮਕਾਲੀ ਕੋਸ਼ਾਂ ਜਿਵੇਂ ਸਿਖਿਆਰਥੀ ਕੋਸ਼ਾਂ ਆਦਿ ਵਿਚ

ਹੀ ਚਿੱਤਰਾਂ ਆਦਿ ਦੀ ਲੋੜ ਹੁੰਦੀ ਹੈ, ਇਤਿਹਾਸਕ ਕੋਸ਼ਾਂ ਵਿਚ ਨਹੀਂ। ਇਤਿਹਾਸਕ ਕੋਸ਼ਾਂ ਵਿਚ ਵੀ ਦੁਰਲੱਭ, ਅਪ੍ਰਚਲਿਤ ਅਤੇ ਪ੍ਰਾਚੀਨ ਸਭਿਆਚਾਰਕ ਸਿਰਜਣਾਵਾਂ ਨੂੰ ਸਭਿਆਚਾਰਕ ਚਿੰਨ੍ਹ ਵਜੋਂ ਸੁਰੱਖਿਅਤ ਰੱਖਣ ਲਈ ਚਿੱਤਰ ਦਿੱਤੇ ਜਾ ਸਕਦੇ ਹਨ ਜਿਵੇਂ ਵਿਭਿੰਨ ਹਥਿਆਰਾਂ, ਨਿੱਤ ਵਰਤੋਂ ਦੀਆਂ ਘਰੇਗੀ ਵਸਤਾਂ, ਕਿਰਸਾਣੀ ਅਤੇ ਹੋਰ ਸੰਦਾਂ ਆਦਿ ਦੇ ਚਿੱਤਰ। ਇਂਜ, ਕੋਸ਼ ਵਿਚ ਚਿੱਤਰਾਂ ਦਾ ਭਰਪੂਰ ਪ੍ਰਯੋਗ ਕਿਸੇ ਭਾਸ਼ਾ-ਪ੍ਰਬੰਧ ਦੇ ਅਪਰਿਚਿਤ ਸਭਿਆਚਾਰਕ ਚਿੰਨ੍ਹਾਂ ਦੇ ਅਰਥ-ਬੋਧ ਲਈ ਅਤਿਅੰਤ ਆਵੱਸ਼ਕ ਹੈ।

(5) **ਭਾਸ਼ਾ-ਅੰਸ਼** (glosses) : ਕੋਸ਼ ਵਿਚ ਭਾਸ਼ਾ-ਅੰਸ਼ਾਂ ਦਾ ਪ੍ਰਯੋਗ ਥਾਂ ਦੀ ਬੱਚਤ ਦੇ ਮਨੋਰਥ ਤੋਂ ਕੀਤਾ ਜਾਂਦਾ ਹੈ। ਲੰਮੀਆਂ ਲੰਮੀਆਂ ਦ੍ਰਿਸ਼ਟਾਂਤੀ ਉਦਾਹਰਣਾਂ ਦੀ ਥਾਂ ਅਰਥ, ਉਪ-ਅਰਥ ਜਾਂ ਅਰਥ-ਭੇਦ ਦੀ ਸਪਸ਼ਟਤਾ ਲਈ ਇਸ ਦੇ ਨਾਲ ਹੀ ਅੱਗੇ-ਪਿਛੇ ਬ੍ਰੈਕਟ ਵਿਚ ਕੁਝ ਸੰਦਰਭੀ ਸਾਰਥਕ ਸ਼ਬਦ ਦੇ ਦਿੱਤੇ ਜਾਂਦੇ ਹਨ। ਇਨ੍ਹਾਂ ਨੂੰ ਭਾਸ਼ਾ-ਅੰਸ਼ ਆਖਦੇ ਹਨ। ਇਹ ਆਮ ਕਰਕੇ ਸੰਖੇਪ ਟਿੱਪਣੀਆਂ ਹੀ ਹੁੰਦੀਆਂ ਹਨ ਅਤੇ ਉਦਾਹਰਣਾਂ ਦੀ ਥਾਂ ਵਰਤੀਆਂ ਜਾਂਦੀਆਂ ਹਨ, ਜਿਵੇਂ

ਖਿੱਚਣਾ ਕ੍ਰਿ. '1. ਕੱਢਣਾ, ਕਸ਼ੀਦ ਕਰਨਾ (ਅਰਕ) ; 2. ਅੰਦਰ ਲੈ ਜਾਣਾ (ਸਾਹ) ; 3. ਮੋਹਣਾ ਦਿਲ) ; ਲਾਹੁਣਾ, ਉਤਾਰਨਾ (ਖੱਲ) ; ਖੋਹ ਲੈਣਾ (ਰੁਪਇਆ)'।

handsome adj. '1. (of men) good-looking ; (of women) having a fine figure and a strong dignified appearance...'

ਭਾਸ਼ਾ-ਅੰਸ਼ ਵੀ ਕਈ ਪ੍ਰਕਾਰ ਦੇ ਹਨ ਜਿਵੇਂ **ਅਰਥਗਤ ਭਾਸ਼ਾ-ਅੰਸ਼** ਜਿਹੜੇ ਕੋਸ਼ੀ ਇਕਾਈਆਂ ਦੇ ਅਰਥਗਤ ਲੱਛਣਾਂ ਨੂੰ ਦਰਸਾਉਂਦੇ ਹਨ, ਜਿਵੇਂ

ਹਲਕਾ ਵਿ. '1. (ਪਦਾਰਥ ਆਦਿ) ਹੌਲਾ ; 2. (ਭੋਜਨ ਆਦਿ) ਛੇਤੀ ਪਚਣ ਵਾਲਾ ; 3. (ਕਮੀਜ਼ ਆਦਿ) ਘਟੀਆ, ਘੱਟ ਮੁੱਲ ਦਾ ; 4. (ਸਾਈਕਲ ਆਦਿ) ਘੱਟ ਤੇਜ਼ ; 5. (ਰੰਗ ਆਦਿ) ਘੱਟ ਗੂੜ੍ਹਾ ; 6. (ਸਾਈਕਲ ਆਦਿ) ਰੇਲਾ।'

ਵਿਆਕਰਣਕ ਭਾਸ਼ਾ-ਅੰਸ਼ ਜਿਹੜੇ ਵਿਭਿੰਨ ਪ੍ਰਕਾਰ ਦੀ ਵਿਆਕਰਣਕ ਸੂਚਨਾ ਦੇ ਇਲਾਵਾ ਦਿੱਤੇ ਜਾਂਦੇ ਹਨ, ਜਿਵੇਂ

ਨੇ (ਕਰਤਾ ਕਾਰਕ) 'ਸਕਰਮਕ ਭੂਤਕਾਲਕ ਕ੍ਰਿਆ ਦੇ ਕਰਤਾ ਦਾ ਚਿੰਨ੍ਹ ਜੋ ਉਸ ਦੇ ਪਿਛੇ ਲਾਇਆ ਜਾਂਦਾ ਹੈ' ;

let v. 1. (followed by a (pro) noun and an infinite without to, rarely used in the passive in this sense) allow to...'

ਅਤੇ **ਵਿਸ਼ਵਕੋਸ਼ੀ ਭਾਸ਼ਾ-ਅੰਸ਼** ਜਿਹੜੇ ਕੋਸ਼ੀ ਇਕਾਈ ਸੰਬੰਧੀ ਵਿਸਤ੍ਰਿਤ ਸੂਚਨਾ ਪ੍ਰਦਾਨ ਕਰਦੇ ਹਨ, ਜਿਵੇਂ

ਖਾਤਾ ਪੁ. 'ਵਹੀ ਜਾਂ ਕਿਤਾਬ ਜਿਸ ਵਿਚ ਸਾਮੀਆਂ ਜਾਂ ਵਪਾਰੀਆਂ ਦਾ ਹਿਸਾਬ

ਮਿਤੀਵਾਰ ਅਤੇ ਵੇਰਵੇ ਨਾਲ ਲਿਖਿਆ ਜਾਂਦਾ ਹੈ।'

ਜੱਫਾ ਪੁ. 'ਗਲਾਈ ਦੇ ਕਾਰਖਾਨਿਆਂ ਵਿਚ ਵਰਤਿਆ ਜਾਣ ਵਾਲਾ ਇਕ ਵੱਡਾ ਸਾਰਾ ਜੰਬੂਰ ਵਰਗਾ ਸੰਦ ਜਿਸ ਦੇ ਨਾਲ ਭਾਰੀਆਂ ਗਰਾਰੀਆਂ ਨੂੰ ਭੱਠੀ ਵਿਚੋਂ ਕੱਢਦੇ ਹਨ।'

ਇੰਜ, ਭਾਸ਼ਾ-ਅੰਸ਼ ਵੀ ਕੋਸ਼ੀ ਇਕਾਈਆਂ ਦੇ ਅਰਥ-ਬੋਧ ਵਿਚ ਕੋਸ਼ ਦੇ ਪ੍ਰਯੋਗਕਰਤਾ ਦੀ ਸਹਾਇਤਾ ਕਰਦੇ ਹਨ।

(6) **ਪ੍ਰਤਿ-ਹਵਾਲਾ** : ਕੋਸ਼ ਵਿਚ ਪ੍ਰਤਿ-ਹਵਾਲਾ ਦਾ ਪ੍ਰਯੋਗ ਇਕ ਕੋਸ਼ੀ ਅੰਦਰਾਜ ਦਾ ਦੂਜੇ ਕੋਸ਼ੀ ਅੰਦਰਾਜ ਵਲ ਸੰਕੇਤ ਕਰਨ ਲਈ ਕੀਤਾ ਜਾਂਦਾ ਹੈ। ਇਹ ਸੰਕੇਤ ਇਸ ਲਈ ਕੀਤਾ ਜਾਂਦਾ ਹੈ ਕਿ (1) ਕਈ ਵਾਰੀ ਭਾਸ਼ਾ ਵਿਚ ਇਕ ਸ਼ਬਦ ਦੇ ਕਈ ਸ਼ਬਦ-ਰੂਪ ਪ੍ਰਚਲਿਤ ਹੁੰਦੇ ਹਨ ਅਤੇ ਕੇਵਲ ਸਹੀ ਅਤੇ ਸ਼ੁੱਧ ਸ਼ਬਦ ਵਲ ਪ੍ਰਤਿ-ਹਵਾਲਾ ਦੇ ਕੇ ਉਥੇ ਦਿੱਤੇ ਕੋਸ਼ੀ ਅਰਥ ਵਲ ਸੰਕੇਤ ਕੀਤਾ ਜਾਂਦਾ ਹੈ ਜਿਵੇਂ **ਪ੍ਰਵਾਰ**, ਦੇਖੋ **ਪਰਿਵਾਰ**; **ਖੰਵ** (ਪੋਠੋ.), ਦੇਖੋ **ਖੰਭ**; banyan=banian; alcoholise→alcoholize; alcahest, ਦੇਖੋ alkahest ਆਦਿ ; (2) ਕਈ ਵਾਰੀ ਭਿੰਨ ਸ਼ਬਦ-ਰੂਪ ਸਹੀ ਮੰਨੇ ਜਾਂਦੇ ਹਨ ਅਤੇ ਇਕ ਸ਼ਬਦ ਦਾ ਦੂਜੇ ਵਲ ਪ੍ਰਤਿ-ਹਵਾਲਾ ਦਿੱਤਾ ਜਾਂਦਾ ਹੈ ਜਿਵੇਂ ਗਰੰਥ, ਗ੍ਰੰਥ ; ਘੁਮਾਰ, ਘੁਮਿਆਰ ਅਤੇ ਕੁਮ੍ਹਾਰ ; ਸ਼ਿਅਰ ਤੇ ਸ਼ੇਅਰ ; ਅਜਿਹਾ ਤੇ ਅਜੇਹਾ ਆਦਿ। ਇਸ ਪ੍ਰਕਾਰ ਪ੍ਰਤਿ-ਹਵਾਲਾ 'ਵੇਖੋ', 'ਤੁਲਨਾ ਕਰੋ' ਆਦਿ ਸ਼ਬਦ-ਸੰਕੇਤ ਦੇ ਕੇ ਦਿੱਤਾ ਜਾਂਦਾ ਹੈ। ਸੋ, ਕੋਸ਼ੀ ਇਕਾਈਆਂ ਦੇ ਪ੍ਰਚਲਿਤ ਵਿਭਿੰਨ ਸ਼ਬਦ-ਰੂਪਾਂ, ਅਨਿਯਮਿਤ ਸ਼ਬਦ-ਰੂਪਾਂ, ਅਰਥਗਤ ਦ੍ਰਿਸ਼ਟੀ ਤੋਂ ਸੰਬੰਧਿਤ ਸ਼ਬਦਾਂ, ਉਪਭਾਸ਼ਾਈ ਰੂਪਾਂ, ਦੁਰਲੱਭ, ਪ੍ਰਾਚੀਨ ਅਤੇ ਅਪ੍ਰਚਲਿਤ ਸ਼ਬਦਾਂ ਦੇ ਸਾਧਾਰਣ ਤੇ ਪ੍ਰਚਲਿਤ ਸ਼ਬਦ ਵਲ ਸੰਕੇਤ ਕਰਨ ਲਈ ਪ੍ਰਤਿ-ਹਵਾਲੇ ਦੀ ਵਰਤੋਂ ਕੀਤੀ ਜਾਂਦੀ ਹੈ। ਕੋਸ਼ੀ ਇਕਾਈ ਦੇ ਕੇਵਲ ਮੁੱਖ, ਪ੍ਰਮਾਣਕ ਅਤੇ ਮਿਆਰੀ ਰੂਪ ਦਾ ਹੀ ਅਰਥ ਦਿੱਤਾ ਜਾਂਦਾ ਹੈ ਅਤੇ ਦੂਜੇ ਸ਼ਬਦ-ਰੂਪਾਂ ਨੂੰ ਉਚਿਤ ਅੱਖਰ-ਕ੍ਰਮ ਵਿਚ ਰੱਖ ਕੇ ਪ੍ਰਮਾਣਕ ਸ਼ਬਦ-ਰੂਪ ਵਲ ਪ੍ਰਤਿ-ਹਵਾਲਾ ਦਿੱਤਾ ਜਾਂਦਾ ਹੈ। ਇਹ ਥਾਂ ਬਚਾਉਣ ਦੀ ਬਹੁਤ ਵਧੀਆ ਵਿਧੀ ਹੈ।

(7) **ਨਿਰੁਕਤੀ** : ਨਿਰੁਕਤੀ ਕੋਸ਼ੀ ਇਕਾਈਆਂ ਦੇ ਪ੍ਰਚਲਿਤ ਵਰਤਮਾਨ ਰੂਪ ਤੋਂ ਇਨ੍ਹਾਂ ਦੇ ਪ੍ਰਾਚੀਨ ਰੂਪ ਦਾ ਪਤਾ ਲਗਾ ਕੇ ਸ਼ਬਦਾਂ ਦਾ ਮੂਲ ਰੂਪ ਪ੍ਰਸਤੁਤ ਕਰਦੀ ਹੈ। ਕਈ ਵਾਰੀ ਨਿਰੁਕਤੀ ਅਸਪਸ਼ਟ ਅਰਥਾਂ ਦਾ ਬੋਧ ਪ੍ਰਾਪਤ ਕਰਨ ਵਿਚ ਸਹਾਇਤਾ ਕਰਦੀ ਹੈ। ਨਿਰੁਕਤੀ ਹਰੇਕ ਕੋਸ਼ ਦਾ ਅੰਗ ਨਹੀਂ ਹੁੰਦੀ। ਇਤਿਹਾਸਕ ਕੋਸ਼ਾਂ ਵਿਚ ਕੋਸ਼ੀ ਇਕਾਈਆਂ ਦੇ ਕਾਲਕ੍ਰਮਿਕ ਅਰਥ-ਵਿਕਾਸ ਤੋਂ ਪਰਿਚਿਤ ਹੋਣ ਲਈ ਇਸ ਨੂੰ ਦਰਜ ਕਰਨਾ ਅਨਿਵਾਰੀ ਹੋ ਜਾਂਦਾ ਹੈ। ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਨਿਰੁਕਤੀ ਸੰਬੰਧੀ ਗੰਭੀਰ ਯਤਨ ਨਹੀਂ ਹੋਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਕੇਵਲ ਨਾਂ ਦਾ ਹੀ ਨਿਰੁਕਤ ਕੋਸ਼ ਹੈ। 'ਮਹਾਨ ਕੋਸ਼'

ਅਤੇ 'ਪੰਜਾਬੀ ਕੋਸ਼' ਵਿਚ ਵੀ ਕੇਵਲ ਸੰਕੇਤ-ਮਾਤਰ ਨਿਰੁਕਤੀ ਦੇ ਕੇ ਹੀ ਕੰਮ ਸਾਰ ਲਿਆ ਗਿਆ ਹੈ ਜਿਵੇਂ **ਜਮਨਾ** ਸੰਸ. ਯਮੁਨਾ ; **ਕਸ਼ੀਦਾ** ਫ਼ਾ. **ਕਸ਼ੀਦਹ** ; **ਕਰ** ਸੰਸ. **ਕਰ** ; **ਕੋਰਮ** ਲਾਤੀ. quorum ਆਦਿ । ਪੰਜਾਬੀ ਨਿਰੁਕਤੀ ਦਾ ਉਪੇਖਿਅਤ ਖੇਤਰ ਕੋਸ਼ਕਾਰਾਂ ਦੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ । ਇਕ ਪ੍ਰਮਾਣਕ 'ਨਿਰੁਕਤ ਕੋਸ਼' ਦੀ ਕਮੀ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ ।

(8) **ਸ਼ਬਦ-ਸੂਚਕ (ਲੇਬਲ)** : ਕੋਸ਼ ਵਿਚ ਸ਼ਬਦ-ਸੂਚਕਾਂ ਦਾ ਪ੍ਰਯੋਗ ਵੀ ਥਾਂ-ਬਚਾਉ ਵਿਧੀ ਹੈ । ਕੋਸ਼ ਕਾਰਜ ਆਰੰਭ ਕਰਨ ਤੋਂ ਪਹਿਲਾਂ ਸ਼ਬਦ-ਸੂਚਕ ਨਿਸ਼ਚਿਤ ਕਰ ਕੇ ਇਕ ਸੂਚੀ ਤਿਆਰ ਕਰ ਲਈ ਜਾਂਦੀ ਹੈ । ਕੋਸ਼ ਵਿਚ ਥਾਂ ਬਚਾਉਣ ਦੇ ਮਨੋਰਥ ਤੋਂ ਕੋਸ਼ੀ ਸੰਦਰਭ ਦੀ ਮੰਗ ਅਨੁਸਾਰ ਇਨ੍ਹਾਂ ਦਾ ਪ੍ਰਯੋਗ ਸੰਖੇਪ ਰੂਪਾਂ ਵਿਚ ਕੀਤਾ ਜਾਂਦਾ ਹੈ ਜਿਵੇਂ ਅਪ੍ਰ. (ਅਪ੍ਰਚਲਿਤ), ਫ਼ਾ. (ਫ਼ਾਰਸੀ), ਬਨ. (ਬਨਸਪਤੀ-ਵਿਗਿਆਨ), ਅਸ਼ਿ. (ਅਸ਼ਿਸ਼ਟ) ਆਦਿ । ਇਸ ਪ੍ਰਕਾਰ, ਵਿਸ਼ਿਆਂ, ਭਾਸ਼ਾਵਾਂ, ਸ਼ੈਲੀਗਤ ਭਿੰਨਤਾਵਾਂ, ਵਿਆਕਰਣਕ ਅਤੇ ਪ੍ਰਕਾਰਜੀ ਸੂਚਨਾ ਆਦਿ ਦੇਣ ਲਈ ਸ਼ਬਦ-ਸੂਚਕਾਂ ਦੇ ਸੰਖੇਪ-ਰੂਪਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਪ੍ਰਵੇਸ਼ੀ (close-ended) ਪ੍ਰਬੰਧ ਹੋਣ ਕਰਕੇ ਵਿਆਕਰਣ ਵਿਚ ਪਰਿਵਰਤਨ ਦੀ ਬਹੁਤ ਘੱਟ ਗੁੰਜਾਇਸ਼ ਹੁੰਦੀ ਹੈ, ਪਰੰਤੂ ਸ਼ਬਦ-ਸੂਚਕ ਸਥਾਈ ਨਹੀਂ ਹੁੰਦੇ । ਨਵੇਂ ਵਿਸ਼ਿਆਂ ਦੇ ਪ੍ਰਵੇਸ਼ ਕਾਰਣ, ਸ਼ਬਦਾਂ ਦੀ ਸਥਿਤੀ ਅਤੇ ਸ਼ੈਲੀ ਬਦਲਣ ਨਾਲ ਇਨ੍ਹਾਂ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ । ਕੋਸ਼ ਤਿਆਰ ਕਰਨ ਸਮੇਂ ਸ਼ਬਦ-ਸੂਚਕਾਂ ਦੀ ਵਰਤੋਂ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਹੈ । ਕਦੇ ਇਨ੍ਹਾਂ ਦਾ ਪ੍ਰਯੋਗ ਕੋਸ਼ੀ ਇਕਾਈ ਦੇ ਨਾਲ ਅਤੇ ਕਦੇ ਅਰਥ/ਅਰਥ-ਭੇਦ ਦੀ ਵਿਸ਼ੇਸ਼ਤਾ ਦਰਸਾਉਣ ਲਈ ਸੰਬੰਧਿਤ ਅਰਥ/ਅਰਥ-ਭੇਦ ਦੇ ਨਾਲ ਦਿੱਤਾ ਜਾਂਦਾ ਹੈ, ਜਿਵੇਂ

ਕਰਾਂਤੀ (ਸੰ.) ਇ. '... (ਖਗੋਲ) ਉਹ ਚੱਕਰ ਜਾਂ ਰੇਖਾ ਜਿਸ ਉਤੇ ਸੂਰਜ ਫਿਰਦਾ ਹੈ, ਕ੍ਰਾਂਤੀ ਵ੍ਰਿਤ, ਮਦਾਰੇ ਸ਼ਮਸੀ ।'

glottis, n. '(anatomy) opening between the vocal cords in the upper part of the windpipe.'

ਇਸ ਪ੍ਰਕਾਰ ਕੋਸ਼ੀ ਸੰਦਰਭ ਦੀ ਮੰਗ ਅਨੁਸਾਰ ਅਸੀਂ ਅਪ੍ਰਚਲਿਤ, ਪ੍ਰਾਚੀਨ, ਉਪਭਾਸ਼ਾ, ਅਪਭਾਸ਼ਾ, ਅਸ਼ਿਸ਼ਟ, ਵਿਭਿੰਨ ਵਿਸ਼ਿਆਂ ਜਿਵੇਂ ਗਣਿਤ, ਰਸਾਇਣ-ਵਿਗਿਆਨ, ਅਰਥਸ਼ਾਸਤਰ ਆਦਿ, ਭਾਸ਼ਾਈ, ਵਿਆਕਰਣਕ ਆਦਿ ਸ਼ਬਦ-ਸੂਚਕਾਂ ਦਾ ਪ੍ਰਯੋਗ ਭਰਪੂਰ ਮਾਤਰਾ ਵਿਚ ਕਰ ਸਕਦੇ ਹਾਂ । ਇਹ ਸੂਚੀ ਸਮੇਂ ਦੀ ਮੰਗ ਅਨੁਸਾਰ ਘਟਦੀ-ਵਧਦੀ ਰਹਿੰਦੀ ਹੈ ।

ਕੋਸ਼ੀ ਇਕਾਈ ਦੀਆਂ ਅਰਥਗਤ ਵਿਧੀਆਂ ਦਾ ਉਲੇਖ ਕਰਨ ਉਪਰੰਤ ਕੋਸ਼ੀ ਇਕਾਈ ਦੀ ਅਰਥਗਤ ਸੰਰਚਨਾ ਵਲ ਵਾਪਸ ਪਰਤਦਿਆਂ ਇਸ ਦੇ ਹੋਰ ਅੰਗ ਇਸ ਪ੍ਰਕਾਰ ਹਨ :

(1) **ਵਿਉਤਪੰਨ ਸ਼ਬਦ :** ਮੁੱਖ ਕੋਸ਼ੀ ਇਕਾਈ ਦੇ ਵਿਉਤਪੰਨ ਸ਼ਬਦਾਂ ਜਿਵੇਂ ਗ੍ਰਹਿਣ ਕੋਸ਼ੀ ਇਕਾਈ ਦੇ ਵਿਉਤਪੰਨ ਸ਼ਬਦ **ਗ੍ਰਹਿਣਸ਼ੀਲ, ਗ੍ਰਹਿਣਸ਼ੀਲਤਾ, ਗ੍ਰਹਿਣਯੋਗ** ਆਦਿ ਨੂੰ ਕੋਸ਼ੀ ਇਕਾਈ ਦੇ ਅਰਥ, ਅਰਥ-ਭੇਦ ਖ਼ਤਮ ਹੋ ਜਾਣ ਤੋਂ ਪਿਛੋਂ ਦੇਣ ਦੀ ਵਿਧੀ ਵਧੇਰੇ ਵਿਵੇਕਸ਼ੀਲ ਅਤੇ ਵਿਵਹਾਰਕ ਪ੍ਰਤੀਤ ਹੁੰਦੀ ਹੈ। ਪ੍ਰਯੋਗਕਾਰ ਨੂੰ ਕੋਸ਼ੀ ਇਕਾਈਆਂ ਦੇ ਅਰਥ ਵੇਖਣ ਦੀ ਸੁਵਿਧਾ ਦੀ ਦ੍ਰਿਸ਼ਟੀ ਤੋਂ ਇਹ ਵਿਧੀ ਅਧਿਕ ਉਪਯੋਗੀ ਹੈ।

(2) **ਵਾਕਾਂਸ਼, ਮੁਹਾਵਰੇ ਅਤੇ ਅਖੌਤਾਂ :** ਇਹ ਜਿਸ ਮੁੱਖ ਸ਼ਬਦ ਨਾਲ ਅਰਥਗਤ ਤੌਰ ਤੇ ਸੰਬੰਧਿਤ ਹਨ, ਇਨ੍ਹਾਂ ਨੂੰ ਉਸ ਦੇ ਅੰਤਰਗਤ ਹੀ ਦਿੱਤਾ ਜਾਂਦਾ ਹੈ। ਜੇ ਇਨ੍ਹਾਂ ਨੂੰ ਮੁੱਖ ਅੰਦਰਾਜ ਦੇ ਅਰਥਾਂ ਦੇ ਖ਼ਤਮ ਹੋਣ ਪਿਛੋਂ ਦਿੱਤਾ ਜਾਏ, ਤਾਂ ਵਧੇਰੇ ਉਪਯੋਗੀ ਅਤੇ ਸੁਵਿਧਾਜਨਕ ਰਹਿੰਦਾ ਹੈ। ਪਰੰਤੂ ਅੰਗ੍ਰੇਜ਼ੀ ਦੇ ਕੁਝ ਕੁ ਕੋਸ਼ਾਂ ਵਿਚ ਇਨ੍ਹਾਂ ਨੂੰ ਸੰਬੰਧਿਤ ਅਰਥ/ਅਰਥ-ਭੇਦ ਦੇ ਨਾਲ ਦੇਣ ਦੀ ਪ੍ਰਥਾ ਵੀ ਮੌਜੂਦ ਹੈ। ਪੰਜਾਬੀ ਕੋਸ਼ਾਂ ਵਿਚ ਇਸ ਸੂਚਨਾ ਨੂੰ ਮੁੱਖ ਅੰਦਰਾਜ ਦੇ ਖ਼ਤਮ ਹੋਣ ਤੋਂ ਪਿਛੋਂ ਹੀ ਦਿੱਤਾ ਜਾਂਦਾ ਹੈ। ਦੋਹਾਂ ਵਿਧੀਆਂ ਦੀ ਆਪੋ-ਆਪਣੀ ਸਾਰਥਕਤਾ ਅਤੇ ਮਹੱਤਵ ਹੈ। ਇਸ ਦਾ ਨਿਰਣਾ ਕੋਸ਼ਕਾਰ ਤੇ ਨਿਰਭਰ ਕਰਦਾ ਹੈ।

(3) **ਨਿਰੁਕਤੀ :** ਨਿਰੁਕਤੀ ਨੂੰ ਵੀ ਅਰਥਾਂ ਦੀ ਸਪਸ਼ਟਤਾ ਤੇ ਅਰਥ-ਬੋਧ ਦੇ ਮਨੋਰਥ ਤੋਂ ਕੋਸ਼ ਦਾ ਅੰਗ ਬਣਾਇਆ ਜਾਂਦਾ ਹੈ, ਪਰੰਤੂ ਇਸ ਦਾ ਵਿਵੇਚਨ ਅਰਥਗਤ ਸੰਰਚਨਾ ਦੇ ਅੰਤਰਗਤ ਹੀ ਕੀਤਾ ਜਾਂਦਾ ਹੈ। ਨਿਰੁਕਤੀ ਦੀ ਪੇਸ਼ਕਾਰੀ ਦੇ ਦੋ ਢੰਗ ਹਨ। ਪਹਿਲਾ, ਇਸ ਨੂੰ ਮੁੱਖ ਸ਼ਬਦ, ਉਚਾਰਣ ਅਤੇ ਵਿਆਕਰਣਕ ਸੂਚਨਾ ਤੋਂ ਪਿਛੋਂ ਦਿੱਤਾ ਜਾਂਦਾ ਹੈ। ਦੂਜਾ, ਇਸ ਨੂੰ ਮੁੱਖ ਅੰਦਰਾਜ ਦੇ ਅਰਥ/ਅਰਥ-ਭੇਦਾਂ ਦੇ ਖ਼ਤਮ ਹੋਣ ਪਿਛੋਂ ਦਿੱਤਾ ਜਾਂਦਾ ਹੈ। ਕੋਸ਼ਕਾਰਾਂ ਨੇ ਇਨ੍ਹਾਂ ਦੋਹਾਂ ਵਿਧੀਆਂ ਨੂੰ ਅਪਣਾਇਆ ਹੈ। ਪਰ ਇਹ ਜ਼ਰੂਰੀ ਨਹੀਂ ਕਿ ਨਿਰੁਕਤੀ ਹਰੇਕ ਕੋਸ਼ ਦਾ ਅੰਗ ਹੋਵੇ। ਇਸ ਦੀ ਸ਼ਮੂਲੀਅਤ ਕੋਸ਼ ਦੀ ਪ੍ਰਕਿਰਤੀ ਤੇ ਨਿਰਭਰ ਕਰਦੀ ਹੈ।

(4) **ਪਰਿਆਇ ਅਤੇ ਵਿਪਰਿਆਇ :** ਅਰਥ ਦੀ ਵਧੇਰੇ ਸਪਸ਼ਟਤਾ ਲਈ ਕਈ ਕੋਸ਼ਕਾਰਾਂ ਨੇ ਮੁੱਖ ਅੰਦਰਾਜ ਦੇ ਅਖ਼ੀਰ ਵਿਚ ਪਰਿਆਇਆਂ ਅਤੇ ਵਿਪਰਿਆਇਆਂ ਦੀ ਸੂਚੀ ਵੀ ਪ੍ਰਦਾਨ ਕੀਤੀ ਹੈ। ਇਹ ਵੀ ਹਰੇਕ ਕੋਸ਼ ਦਾ ਅਨਿਵਾਰੀ ਅੰਗ ਨਹੀਂ ਹਨ। ਇਸ ਬਾਰੇ ਵਿਸਤ੍ਰਿਤ ਵਿਵੇਚਨ ਪਹਿਲਾਂ ਕੀਤਾ ਜਾ ਚੁਕਾ ਹੈ।

4.1.4. ਕੋਸ਼ ਦੀ ਪ੍ਰੈਸ ਕਾਪੀ ਦੀ ਤਿਆਰੀ : ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਕੋਸ਼ ਦੇ ਸੰਪਾਦਨ ਤੋਂ ਪਿਛੋਂ ਕੋਸ਼ ਦੀ ਪ੍ਰੈਸ ਕਾਪੀ ਤਿਆਰ ਕਰਨ ਦਾ ਕਾਰਜ ਆਰੰਭ ਹੁੰਦਾ ਹੈ। ਪ੍ਰੈਸ ਦੀਆਂ ਵਿਸ਼ੇਸ਼ ਤਕਨੀਕੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਇਹ ਕੰਮ ਹੱਥ ਵਿਚ ਲਿਆ ਜਾਂਦਾ ਹੈ। ਕੋਸ਼ੀ ਇਕਾਈਆਂ ਦੇ ਕ੍ਰਮ, ਵਿਸ਼ੇਸ਼ ਕਰਕੇ ਸ਼ੈਲੀਗਤ ਅਤੇ ਅਰਥਗਤ ਇਕਸਾਰਤਾ ਦੇ ਮਨੋਰਥ ਤੋਂ ਇਹ ਕਾਰਜ ਬਹੁਤ ਮਹੱਤਵਪੂਰਣ ਹੈ। ਇਸ ਸਟੇਜ ਵਿਚੋਂ

ਲੰਘ ਕੇ ਕੋਸ਼ ਪ੍ਰਕਾਸ਼ਨ ਲਈ ਬਿਲਕੁਲ ਤਿਆਰ ਹੁੰਦਾ ਹੈ। ਕੋਸ਼-ਵਿਗਿਆਨੀਆਂ ਨੇ ਇਸ ਕਾਰਜ ਨੂੰ ਵੀ ਵਿਸਤ੍ਰਿਤ ਵਿਵੇਚਨ ਦਾ ਵਿਸ਼ਾ ਬਣਾਇਆ ਹੈ ਅਤੇ ਇਸ ਦੇ ਸਾਰੇ ਪਾਸਾਰਾਂ ਦਾ ਜਾਇਜ਼ਾ ਲਿਆ ਹੈ। ਇਹ ਕਾਰਜ ਪ੍ਰਯੋਗਕਾਰ-ਮੁਖੀ ਹੈ, ਕਿਉਂਕਿ ਕੋਸ਼ ਨੂੰ ਕੇਵਲ ਕੋਸ਼ੀ ਸੂਚਨਾ ਦਾ ਭੰਡਾਰ ਹੀ ਨਹੀਂ ਮੰਨਿਆ ਜਾਂਦਾ ਬਲਕਿ ਇਸ ਦਾ ਪਹਿਲਾ ਅਤੇ ਅੰਤਿਮ ਉਦੇਸ਼ ਪ੍ਰਯੋਗਕਾਰਾਂ ਦੀਆਂ ਅਕਾਦਮਿਕ ਲੋੜਾਂ ਦੀ ਤ੍ਰਿਪਤੀ ਕਰਨਾ ਹੈ। ਇਸ ਲਈ ਇਹ ਸੂਚਨਾ ਅਜਿਹੇ ਕ੍ਰਮਬੱਧ ਅਤੇ ਵਿਵਸਥਿਤ ਰੂਪ ਵਿਚ ਪ੍ਰਸਤੁਤ ਕੀਤੀ ਜਾਵੇ ਕਿ ਕੋਸ਼ ਦੇ ਪ੍ਰਯੋਗਕਾਰ ਦੀ ਸੁਖੈਨਤਾ ਅਤੇ ਸੁਵਿਧਾ ਨੂੰ ਪੂਰੀ ਤਰ੍ਹਾਂ ਮੁੱਖ ਰੱਖਿਆ ਜਾਵੇ। ਇਸ ਦਾ ਸਭ ਤੋਂ ਸਰਲ ਅਤੇ ਸੌਖਾ ਢੰਗ ਕੋਸ਼ੀ ਇਕਾਈਆਂ ਨੂੰ ਭਾਸ਼ਾ-ਵਿਸ਼ੇਸ਼ ਦੇ ਅੱਖਰ-ਕ੍ਰਮ ਅਨੁਸਾਰ ਕ੍ਰਮਬੱਧ ਕਰਨਾ ਹੈ। ਇਸ ਨਾਲ ਲੋੜੀਂਦੀਆਂ ਕੋਸ਼ੀ ਇਕਾਈਆਂ ਬਾਰੇ ਸੂਚਨਾ ਲੱਭਣ ਵਿਚ ਵਕਤ ਦੀ ਫ਼ਜ਼ੂਲਖ਼ਰਚੀ ਤੋਂ ਬਚਿਆ ਜਾ ਸਕਦਾ ਹੈ। ਅਜਿਹੀਆਂ ਸਮੱਸਿਆਵਾਂ ਤੋਂ ਬਚਣ ਲਈ ਕੋਸ਼ਕਾਰ ਨੂੰ ਕੋਸ਼ੀ ਸੂਚਨਾ ਨੂੰ ਨਿਖਾਰ ਕੇ ਅਤੇ ਨਿਖੇੜ ਕੇ ਪ੍ਰਸਤੁਤ ਕਰਨਾ ਚਾਹੀਦਾ ਹੈ। ਕੋਸ਼ੀ ਸੂਚਨਾ ਪ੍ਰਦਾਨ ਕਰਨ ਦੇ ਵਿਭਿੰਨ ਢੰਗ ਹਨ :

(1) ਅੱਖਰ-ਕ੍ਰਮ ਅਨੁਸਾਰ ਤਰਤੀਬ : ਕੋਸ਼ੀ ਇਕਾਈਆਂ ਨੂੰ ਕ੍ਰਮਬੱਧ ਕਰਨ ਦੀ ਪ੍ਰਚਲਿਤ ਅਤੇ ਮਾਨਤਾ-ਪ੍ਰਾਪਤ ਵਿਧੀ ਅੱਖਰ-ਕ੍ਰਮ ਅਨੁਸਾਰ ਤਰਤੀਬ ਦੇਣ ਦੀ ਹੈ। ਇਸ ਵਿਧੀ ਅਨੁਸਾਰ ਕੋਸ਼ੀ ਇਕਾਈਆਂ ਨੂੰ ਸੰਬੰਧਿਤ ਭਾਸ਼ਾ-ਪ੍ਰਬੰਧ ਦੇ ਅੱਖਰਾਂ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ। ਅੱਖਰਾਂ ਦੇ ਕ੍ਰਮ ਦਾ ਬੜੀ ਕਠੋਰਤਾ ਨਾਲ ਅਨੁਸਰਣ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਅੰਗ੍ਰੇਜ਼ੀ ਵਿਚ fame, familiarity, familiarize, family ਆਦਿ ; ਪੰਜਾਬੀ ਵਿਚ ਮਾਇਆ, ਮਾਇਕ, ਮਾਈ, ਮਾਤਾ ਆਦਿ। ਅੰਗ੍ਰੇਜ਼ੀ ਕੋਸ਼ਾਂ ਵਿਚ ਅੱਖਰ-ਕ੍ਰਮ ਦਾ ਕਠੋਰਤਾਪੂਰਵਕ ਅਨੁਸਰਣ ਕੀਤਾ ਜਾਂਦਾ ਹੈ, ਪਰੰਤੂ ਪੰਜਾਬੀ/ਹਿੰਦੀ ਕੋਸ਼ਾਂ ਵਿਚ ਅੱਖਰ-ਕ੍ਰਮ ਨੂੰ ਅਕਸਰ ਭੰਗ ਕੀਤਾ ਜਾਂਦਾ ਹੈ। ਕਹਿਣ ਦਾ ਭਾਵ ਇਹ ਕਿ ਗੁਰਮੁਖੀ/ਦੇਵਨਾਗਰੀ ਲਿਪੀ ਵਿਚ ਅੱਖਰਾਂ ਦਾ ਜੋ ਕ੍ਰਮ ਹੈ, ਇਨ੍ਹਾਂ ਭਾਸ਼ਾਵਾਂ ਦੇ ਕੋਸ਼ਾਂ ਦੀ ਤਰਤੀਬ ਦੇਣ ਸਮੇਂ ਇਸ ਕ੍ਰਮ ਨੂੰ ਹੂ-ਬਹੂ ਨਹੀਂ ਅਪਣਾਇਆ ਜਾਂਦਾ। ਅੰਗ੍ਰੇਜ਼ੀ ਭਾਸ਼ਾ ਵਿਚ ਧੁਨੀਆਂ/ਅੱਖਰਾਂ ਦੇ ਨਿਖੜਵੇਂ ਲੱਛਣ ਕਾਰਣ ਕੋਸ਼ੀ ਇਕਾਈਆਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬ ਦੇਣ ਵਿਚ ਕੋਈ ਮੁਗਾਲਤਾ ਲੱਗਣ ਦਾ ਖ਼ਦਸ਼ਾ ਨਹੀਂ ਹੈ, ਪਰੰਤੂ ਪੰਜਾਬੀ/ਹਿੰਦੀ ਵਿਚ ਧੁਨੀਆਂ ਨਿਖੜਵੀਆਂ ਨਾ ਹੋਣ ਕਰਕੇ, ਭਾਸ਼ਾਵਾਂ ਵਿਚ ਅੱਖਰ-ਕ੍ਰਮ ਨਿਸ਼ਚਿਤ ਹੋਣ ਦੇ ਬਾਵਜੂਦ ਵੀ ਸੰਯੁਕਤ ਅੱਖਰ (ਕ੍ਰਮ, ਸ੍ਵਰ), ਅਨੁਨਾਸਕ ਅੱਖਰ (ਕੰਮ, ਹੈਂ), ਦੁੱਤ ਅੱਖਰ (ਸੱਤ, ਸੱਚ) ਆਦਿ ਇਨ੍ਹਾਂ ਭਾਸ਼ਾਵਾਂ ਦਾ ਸਮੱਸਿਆਕਾਰੀ ਖੇਤਰ ਹਨ। ਇਸੇ ਤਰ੍ਹਾਂ ਨਵੀਆਂ ਧੁਨੀਆਂ ਨੂੰ ਪ੍ਰਗਟਾਉਣ ਲਈ ਅਪਣਾਏ ਨਵੇਂ ਚਿੰਨ੍ਹ ਵੀ ਇਹੋ ਜਿਹੀ ਸਮੱਸਿਆ ਖੜੀ ਕਰਦੇ ਹਨ ਜਿਵੇਂ ਪੰਜਾਬੀ ਭਾਸ਼ਾ ਵਿਚ ਮੂਲ਼ੀ, ਔਲ਼ ਆਦਿ ਸ਼ਬਦਾਂ ਵਿਚ ਲ਼ ਦੀ ਆਵਾਜ਼ ਪ੍ਰਗਟਾਉਣ ਲਈ ਲ਼ ਵਿਸ਼ੇਸ਼ ਚਿੰਨ੍ਹ ਅਪਣਾਇਆ

ਗਿਆ ਹੈ। ਇੰਜ ਹੀ ਫ਼ਾਰਸੀ ਦੀਆਂ ਕੁਝ ਧੁਨੀਆਂ ਨੂੰ ਵਿਅਕਤ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ। ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਕੋਸ਼ੀ ਇਕਾਈਆਂ ਦੀ ਤਰਤੀਬ ਵਿਚ ਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨੇ 'ਮਹਾਨ ਕੋਸ਼' ਵਿਚ ਕਾਫ਼ੀ ਹੱਦ ਤਕ ਦੇਵਨਾਗਰੀ ਅੱਖਰ-ਕ੍ਰਮ ਪਰੰਪਰਾ ਦਾ ਅਨੁਸਰਣ ਕਰਦਿਆਂ ਸੰਯੁਕਤ ਅੱਖਰਾਂ ਨੂੰ ਸਾਰੀਆਂ ਮਾਤਰਾਂ ਖ਼ਤਮ ਹੋ ਜਾਣ ਉਪਰੰਤ ਦਰਜ ਕੀਤਾ ਹੈ। 'ਪੰਜਾਬੀ ਕੋਸ਼' ਨੇ ਧੁਨੀ-ਸਮਾਨਤਾ ਦੇ ਸਿਧਾਂਤ ਨੂੰ ਆਧਾਰ ਬਣਾ ਕੇ ਇਸ ਸਮੱਸਿਆ ਦਾ ਹੱਲ ਕੀਤਾ ਹੈ। ਇਸ ਸਿਧਾਂਤ ਅਨੁਸਾਰ ਮਿਲਦੀ-ਜੁਲਦੀ ਧੁਨੀ ਤੋਂ ਪਿਛੋਂ ਹੀ ਅਨੁਨਾਸਕ, ਦੁੱਤ ਅਤੇ ਸੰਯੁਕਤ ਅੱਖਰਾਂ ਨੂੰ ਰੱਖ ਦਿੱਤਾ ਜਾਂਦਾ ਹੈ ਜਿਵੇਂ ਸੇਰ, ਸ਼ੇਰ; ਕਰਮ, ਕ੍ਰਮ; ਕਮ, ਕੰਮ; ਸਤ, ਸੱਤ, ਸਤਿ; ਹੈ, ਹੈਂ; ਪਰੋਸਣਾ, ਪ੍ਰੋਗਰਾਮ ਆਦਿ। ਪਰੰਤੂ ਇਸ ਕਾਰਜ ਦੀ ਸੰਪੰਨਤਾ ਲਈ ਜੋ ਸਿਧਾਂਤ ਅਪਣਾਇਆ ਜਾਏ, ਉਸ ਨੂੰ ਪੂਰੇ ਵੇਰਵੇ ਅਤੇ ਵਿਸਤਾਰ ਵਿਚ ਭੂਮਿਕਾ ਵਿਚ ਪ੍ਰਸਤੁਤ ਅੱਖਰ-ਕੁੰਜੀ ਵਿਚ ਸਪਸ਼ਟ ਕਰ ਦੇਣਾ ਜ਼ਰੂਰੀ ਹੈ।

(2) **ਅਰਥਗਤ ਤਰਤੀਬ :** ਅਰਥਗਤ ਤਰਤੀਬ ਦੀ ਨਿਰਭਰਤਾ ਕੋਸ਼ ਦੇ ਪ੍ਰਕਾਰ ਤੇ ਹੁੰਦੀ ਹੈ। ਜਿਵੇਂ ਪਹਿਲਾਂ ਵੀ ਸਪਸ਼ਟ ਕੀਤਾ ਗਿਆ ਹੈ, ਇਤਿਹਾਸਕ ਕੋਸ਼ਾਂ ਵਿਚ ਅਰਥਾਂ ਦੀ ਤਰਤੀਬ ਦੇਣ ਲੱਗਿਆਂ ਸ਼ਬਦਾਂ ਦੇ ਅਰਥਗਤ ਵਿਕਾਸ ਨੂੰ ਹੀ ਮੁੱਖ ਰੱਖਿਆ ਜਾਂਦਾ ਹੈ। ਕੋਸ਼ੀ ਇਕਾਈ ਦੇ ਸਭ ਤੋਂ ਪਹਿਲੇ ਅਰਥ ਪ੍ਰਯੋਗ ਨੂੰ ਅਰਥ ਦੇਣ ਸਮੇਂ ਪਹਿਲ ਦਿੱਤੀ ਜਾਂਦੀ ਹੈ। ਸਮੇਂ ਦੇ ਪਰਿਵਰਤਨ ਨਾਲ ਕੋਸ਼ੀ ਇਕਾਈ ਦੇ ਅਰਥਾਂ ਦੇ ਕ੍ਰਮਿਕ ਵਿਕਾਸ ਨੂੰ ਉਚਿਤ ਕ੍ਰਮ ਵਿਚ ਦਰਜ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, 'ਪੰਜਾਬੀ ਕੋਸ਼' ਵਿਚ **ਕਰਾਂਤੀ** ਸ਼ਬਦ ਦੇ ਇਹ ਅਰਥ ਦਿੱਤੇ ਗਏ ਹਨ : '(1) ਗਤੀ, ਚਾਲ ; (2) ਇਨਕਲਾਬ, ਪ੍ਰੀਵਰਤਨ ; (3) (ਖਗੋਲ) ਉਹ ਚੱਕਰ ਜਾਂ ਰੇਖਾ ਜਿਸ ਉਤੇ ਸੂਰਜ ਫਿਰਦਾ ਹੈ, ਕ੍ਰਾਂਤੀ-ਵ੍ਰਿਤ, ਮਦਾਰੇ ਸ਼ਮਸੀ।' ਇਥੇ ਸਭ ਤੋਂ ਪਹਿਲਾਂ ਨਿਰੁਕਤੀ ਤੇ ਆਧਾਰਿਤ ਇਤਿਹਾਸਕ ਕਾਲਕ੍ਰਮ ਅਨੁਸਾਰ ਪਹਿਲੇ ਅਰਥ ਦਿੱਤੇ ਗਏ ਹਨ ਅਤੇ ਅੱਗੋਂ ਇਸ ਸ਼ਬਦ ਦੇ ਅਰਥ-ਵਿਕਾਸ ਨੂੰ ਦਰਸਾਇਆ ਗਿਆ ਹੈ। ਅੰਤ ਵਿਚ ਵਿਸ਼ੇਸ਼ ਅਰਥ ਦਿੱਤੇ ਗਏ ਹਨ। ਪਰੰਤੂ ਸਿਖਿਆਰਥੀ ਜਾਂ ਵਿਵਹਾਰਕ ਕੋਸ਼ ਵਿਚ ਸ਼ਬਦਾਂ ਦੇ ਇਤਿਹਾਸਕ ਕ੍ਰਮ ਦੇ ਉਲਟ, ਅਰਥਾਂ ਦੇ ਪ੍ਰਚਲਨ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ। ਜੇ **ਕਰਾਂਤੀ** ਸ਼ਬਦ ਦਾ ਅੰਦਰਾਜ ਸਿਖਿਆਰਥੀ ਕੋਸ਼ ਲਈ ਕਰਨਾ ਹੋਵੇ ਤਾਂ ਦੂਜਾ ਅਰਥ-ਭੇਦ ਪਹਿਲੀ ਥਾਂ ਗ੍ਰਹਿਣ ਕਰ ਲਵੇਗਾ, ਜਿਵੇਂ **ਕਰਾਂਤੀ** '1. ਇਨਕਲਾਬ, ਪ੍ਰੀਵਰਤਨ; 2. ਗਤੀ, ਚਾਲ; 3. (ਖਗੋਲ)......।' ਇਉਂ ਹੀ **ਹਰੀਜਨ** ਦੇ ਇਤਿਹਾਸਕ ਕੋਸ਼ ਵਿਚ ਅਰਥ '(1) ਪਰਮੇਸਰ ਭਗਤ, ਸਾਈਂ ਲੋਕ; (2) ਅਛੂਤ ਜਾਂ ਦਲਤ ਜਾਤੀ ਦਾ ਬੰਦਾ' ਹੋਣਗੇ, ਪਰੰਤੂ ਸਿਖਿਆਰਥੀ ਕੋਸ਼ ਵਿਚ ਇਨ੍ਹਾਂ ਅਰਥਾਂ ਦਾ ਅਰਥ-ਕ੍ਰਮ ਬਦਲ ਜਾਏਗਾ। ਸਿਖਿਆਰਥੀ ਕੋਸ਼ਾਂ ਦੇ ਅਰਥ-ਕ੍ਰਮ ਨੂੰ ਅਰਥਾਂ ਦੀ ਆਵ੍ਰਿਤੀ ਅਨੁਸਾਰ ਦਿੱਤੀ ਤਰਤੀਬ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਇਥੇ ਵੀ ਅਧਿਕ ਪ੍ਰਚਲਿਤ ਅਰਥਾਂ ਨੂੰ ਪਹਿਲ

ਦਿੱਤੀ ਜਾਂਦੀ ਹੈ ਅਤੇ ਘੱਟ ਪ੍ਰਚਲਿਤ ਅਰਥ ਘਟਦੇ ਕ੍ਰਮ ਅਨੁਸਾਰ ਸੰਜੋਏ ਜਾਂਦੇ ਹਨ ।

(3) **ਸਮਨਾਮੀ ਸ਼ਬਦਾਂ ਦੀ ਤਰਤੀਬ** : ਸਮਨਾਮੀ ਸ਼ਬਦਾਂ ਨੂੰ ਸਿਧਾਂਤਕ ਤੌਰ ਤੇ ਨਿਰਧਾਰਿਤ ਕਰਨ ਦੀ ਸਮੱਸਿਆ ਦਾ ਅਸੀਂ ਉਪਰ ਖੰਡ 3.4 ਵਿਚ ਵਿਸਤ੍ਰਿਤ ਵਿਵੇਚਨ ਕਰ ਆਏ ਹਾਂ । ਇਥੇ ਕੇਵਲ ਇਨ੍ਹਾਂ ਨੂੰ ਕ੍ਰਮਬੱਧ ਕਰਨ ਦਾ ਹੀ ਉਲੇਖ ਕੀਤਾ ਜਾਏਗਾ । ਸਮਨਾਮੀ ਸ਼ਬਦਾਂ ਦਾ ਕ੍ਰਮ ਨਿਰਧਾਰਿਤ ਕਰਨ ਲਈ ਇਨ੍ਹਾਂ ਉਪਰ 1, 2, 3...ਅੰਕ ਲਗਾ ਦਿੱਤੇ ਜਾਂਦੇ ਹਨ ਜਿਵੇਂ ਕੋਟ^1, ਕੋਟ^2, ਕੋਟ^3... ; ਕਲੀ^{1}, ਕਲੀ^{2}, ਕਲੀ^{3}...ਆਦਿ । ਕੋਸ਼ੀ ਇਕਾਈ ਦੇ ਵੱਖ ਵੱਖ ਅੰਕ ਨਿਸ਼ਚਿਤ ਕਰਨ ਨਾਲ ਪ੍ਰਯੋਗਕਰਤਾ ਨੂੰ ਇਸ ਦੇ ਵਿਸ਼ੇਸ਼ ਤੇ ਅਸੰਬੰਧਿਤ ਅਰਥਾਂ ਦਾ ਧਾਰਣੀ ਹੋਣ ਦਾ ਵੀ ਅਹਿਸਾਸ ਹੁੰਦਾ ਹੈ ।

(4) **ਵਿਆਕਰਣਕ ਕੋਟੀਆਂ ਅਨੁਸਾਰ ਤਰਤੀਬ** : ਕੁਝ ਕੋਸ਼ਾਂ ਵਿਚ ਵਿਆਕਰਣਕ ਕੋਟੀਆਂ ਅਨੁਸਾਰ ਕੋਸ਼ੀ ਇਕਾਈਆਂ ਨੂੰ ਤਰਤੀਬ ਦੇਣ ਦੀ ਪ੍ਰਥਾ ਹੈ ਜਿਵੇਂ ਗਾਣਾ^{1} (ਨਾਂਵ), ਗਾਣਾ^{2} (ਕ੍ਰਿਆ) ; ਲਾਣਾ^{1} (ਨਾਂਵ), ਲਾਣਾ^{2} (ਕ੍ਰਿਆ) ; counsel^1 (n.), counsel^2 (v.) ; count^1 (n.), count^2 (v.) ਆਦਿ । ਇਹ ਵਿਧੀ ਬਾਹਰ-ਮੁਖੀ ਅਤੇ ਵਿਗਿਆਨਕ ਹੈ । ਪਰੰਤੂ ਕੁਝ ਕੋਸ਼ਾਂ ਵਿਚ ਮੁੱਖ ਅੰਦਰਾਜ ਦੇ ਅੰਤਰਗਤ ਹੀ ਦੂਜੀਆਂ ਵਿਆਕਰਣਕ ਕੋਟੀਆਂ ਦਾ ਅੰਦਰਾਜ ਕੀਤਾ ਜਾਂਦਾ ਹੈ, ਜਿਵੇਂ

ਸਿਮਟਣਾ ਕ੍ਰਿ. ਅ. 'ਫੈਲਾ ਦਾ ਘਟਣਾ, ਇਕੱਠਾ ਹੋਣਾ, ਸੁੰਗੜਨਾ, ਸੰਕੁਚਣਾ ;

ਸਿਮਟਾ, ਪੁ. ਸੁੰਗੜਨ ਜਾਂ ਇਕੱਠੇ ਹੋਣ ਦਾ ਭਾਵ ;
ਸਿਮਟਾਉ ਪੁ. ਸਿਮਟਾ, ਘਟਾ, ਸੰਗੋੜ, ਸੰਕੁਚਨ ;
ਸਿਮਟਾਉਣਾ ਕ੍ਰਿ. ਸ. 1. ਸਮੇਟਣਾ, ਇਕੱਠਾ ਕਰਨਾ, ਸੁੰਗੜਾਉਣਾ ;
2. ਕ੍ਰਿ. ਪ੍ਰੇਰ. ਦੂਜੇ ਪਾਸੇ ਇਕੱਠਾ ਕਰਵਾਉਣਾ ;
ਸਿਮਟੂ ਵਿ. ਸਿਮਟ ਜਾਣ ਵਾਲਾ ।'

ਇਹ ਵਿਧੀ ਥਾਂ ਦੀ ਬੱਚਤ ਲਈ ਤਾਂ ਉਪਯੋਗੀ ਹੈ, ਪਰੰਤੂ ਪ੍ਰਯੋਗਕਾਰ ਦੀ ਸੁਵਿਧਾ ਅਤੇ ਸੁਖੈਨਤਾ ਦੀ ਦ੍ਰਿਸ਼ਟੀ ਤੋਂ ਭੁਲੇਖਾਕਾਰੀ ਹੈ ।

(5) **ਬਹੁਅਰਥਕ ਸ਼ਬਦਾਂ ਦੇ ਅਰਥਾਂ ਦੀ ਤਰਤੀਬ** : ਬਹੁਅਰਥਕ ਸ਼ਬਦਾਂ ਦੇ ਅਰਥਾਂ ਦੀ ਤਰਤੀਬ ਦੇਣ ਲਈ ਹਰੇਕ ਅਰਥ ਲਈ ਸਮਨਾਮੀ ਸ਼ਬਦਾ ਵਾਂਗ ਵੱਖਰਾ ਅੰਦਰਾਜ ਦੇਣਾ ਅਨਿਵਾਰੀ ਨਹੀਂ, ਬਲਕਿ ਸਾਰੇ ਅਰਥਾਂ, ਉਪ-ਅਰਥਾਂ ਅਤੇ ਅਰਥ-ਭੇਦਾਂ ਨੂੰ ਇਕੋ ਅੰਦਰਾਜ ਦੇ ਅੰਤਰਗਤ ਸਮੇਟਣਾ ਹੀ ਪ੍ਰਮਾਣਕ ਢੰਗ ਮੰਨਿਆ ਜਾਂਦਾ ਹੈ । ਇਸ ਨਾਲ ਇਕ ਤਾਂ ਵਿਭਿੰਨ ਅਰਥਾਂ ਦੇ ਪਰਸਪਰ ਸੰਬੰਧ ਅਤੇ ਪਰਸਪਰ ਨਿਰਭਰਤਾ ਨੂੰ ਸਪਸ਼ਟਤਾ ਨਾਲ ਸਮਝਣ ਵਿਚ ਸਹਾਇਤਾ ਮਿਲਦੀ ਹੈ ਅਤੇ ਦੂਜੇ, ਵੱਖਰੇ ਅੰਦਰਾਜ, ਉਚਾਰਣ, ਵਿਆਕਰਣਕ ਕੋਟੀ ਆਦਿ ਦੀ ਆਵ੍ਰਿਤੀ ਦੇ ਫਲਸਰੂਪ ਮੱਲੀ ਫਾਲਤੂ ਥਾਂ ਦੀ ਬੱਚਤ ਹੋ ਸਕਦੀ ਹੈ । ਸੋ, ਇਹ ਵਿਧੀ ਕਿਫ਼ਾਇਤੀ ਤੇ ਸੰਜਮੀ ਹੈ । ਕੋਸ਼ਕਾਰਾਂ ਨੇ ਬਹੁਅਰਥਕ

ਸ਼ਬਦਾਂ ਦੇ ਅਰਥ ਆਪੋ-ਆਪਣੇ ਅੰਦਾਜ਼ ਵਿਚ ਦਿੱਤੇ ਹਨ। ਬਹੁਤੇ ਕੋਸ਼ ਮੁੱਖ ਅਰਥ ਦਾ ਨਿਖੇੜਾ 1, 2, 3...ਹਿੰਦਸਿਆਂ ਦੇ ਪ੍ਰਯੋਗ ਨਾਲ ਅਤੇ ਉਪਅਰਥਾਂ ਦਾ ਨਿਖੇੜਾ ੳ, ਅ, ੲ...ਅੱਖਰਾਂ ਨਾਲ ਕਰਦੇ ਹਨ। ਕਈ ਕੋਸ਼ਾਂ ਵਿਚ ਸੈਮੀਕੋਲਨ (;) ਅਤੇ ਕੋਮੇ (,) ਨਾਲ ਅਰਥਾਂ, ਉਪਅਰਥਾਂ ਤੇ ਅਰਥ-ਭੇਦਾਂ ਨੂੰ ਨਿਖੇੜਿਆ ਜਾਂਦਾ ਹੈ। ਕਈ ਕੋਸ਼ਾਂ ਵਿਚ ਹਿੰਦਸਿਆਂ ਦੇ ਨਾਲ ਨਾਲ ਸੂਖਮ ਅਰਥ-ਭੇਦਾਂ ਲਈ ਸੈਮੀਕੋਲਨ ਅਤੇ ਕੋਮੇ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਅਰਥਾਂ ਦੀ ਘਣਤਾ ਦੀ ਨਿਰਭਰਤਾ ਕੋਸ਼ਾਂ ਦੇ ਆਕਾਰ ਤੇ ਹੁੰਦੀ ਹੈ। ਤਕਨੀਕੀ ਸ਼ਬਦਾਵਲੀਆਂ ਵਿਚ ਤਕਨੀਕੀ ਪਦ ਦਾ ਕੇਵਲ ਵਿਸ਼ਿਸ਼ ਅਰਥ ਹੀ ਦਿੱਤਾ ਜਾਂਦਾ ਹੈ। ਕੋਸ਼ੀ ਇਕਾਈਆਂ ਵਾਂਗ ਅਰਥਾਂ ਦੀ ਨਿਰਭਰਤਾ ਵੀ ਕੋਸ਼ ਦੀ ਪ੍ਰਕਿਰਤੀ ਤੇ ਹੁੰਦੀ ਹੈ। ਇਤਿਹਾਸਕ ਕੋਸ਼ ਵਿਚ ਸਾਰੇ ਅਰਥ ਸਮਾ ਸਕਦੇ ਹਨ। ਹੋਰਨਾਂ ਕੋਸ਼ਾਂ ਵਿਚ ਅਰਥਾਂ ਦੀ ਚੋਣ ਕਰਨੀ ਪੈਂਦੀ ਹੈ। ਪਰੰਤੂ ਅਰਥਾਂ ਦੀ ਤਰਤੀਬ ਦੇਣ ਵਿਚ ਕਿਸੇ ਨਿਸ਼ਚਿਤ ਸਿਧਾਂਤ ਦਾ ਅਨੁਸਰਣ ਨਹੀਂ ਕੀਤਾ ਜਾਂਦਾ। ਇਤਿਹਾਸਕ ਕੋਸ਼ ਵਿਚ ਸ਼ਬਦਾਂ ਦੇ ਕਾਲਕ੍ਰਮਿਕ ਵਿਕਾਸ ਅਨੁਸਾਰ ਅਤੇ ਵਿਵਹਾਰਕ ਤੇ ਸਿਖਿਆਰਥੀ ਕੋਸ਼ਾਂ ਵਿਚ ਕੋਸ਼ੀ ਇਕਾਈਆਂ ਦੀ ਆਵ੍ਰਿਤੀ ਅਨੁਸਾਰ ਅਰਥ ਦਰਜ ਕੀਤੇ ਜਾਂਦੇ ਹਨ। ਜੇ ਕਿਸੇ ਅਰਥ ਦੀ ਤਰਤੀਬ ਬਾਰੇ ਸੰਦੇਹ ਹੋਵੇ, ਤਾਂ ਵਿਵੇਕ ਅਨੁਸਾਰ ਸਹੀ ਅਰਥ-ਕ੍ਰਮ ਨੂੰ ਅਪਣਾ ਲੈਣਾ ਚਾਹੀਦਾ ਹੈ। ਅਜਿਹਾ ਕਰਦਿਆਂ ਅਰਥਾਂ ਦੇ ਤਾਰਕਿਕ ਪਰਸਪਰ ਸੰਬੰਧ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਕਈ ਵਾਰੀ ਕੋਸ਼ ਵਿਚ ਇਸ ਪੱਖ ਤੋਂ ਉਪਰ-ਵਰਣਿਤ ਸਾਰੇ ਸਿਧਾਂਤਾਂ ਦਾ ਮਿਸ਼ਣ ਦ੍ਰਿਸ਼ਟੀਗੋਚਰ ਹੁੰਦਾ ਹੈ। ਅੱਜ ਕੱਲ ਅਧਿਕ ਪ੍ਰਚਲਿਤ ਅਤੇ ਮਾਨਤਾ-ਪ੍ਰਾਪਤ ਸਿਧਾਂਤ ਕੋਸ਼ੀ ਇਕਾਈ ਦੀ ਅਰਥ-ਆਵ੍ਰਿਤੀ ਦਾ ਸਿਧਾਂਤ ਹੈ ਅਰਥਾਤ ਸ਼ਬਦ ਦਾ ਜਿਹੜਾ ਅਰਥ ਅਧਿਕ ਪ੍ਰਚਲਿਤ ਤੇ ਪ੍ਰਭਾਵੀ ਹੈ, ਉਸ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ ਅਤੇ ਦੂਜੇ ਅਰਥਾਂ ਨੂੰ ਪ੍ਰਚਲਨ ਦੇ ਘਟਦੇ ਮਹੱਤਵ ਅਨੁਸਾਰ ਤਰਤੀਬਿਆ ਜਾਂਦਾ ਹੈ। ਸਭ ਤੋਂ ਘੱਟ ਪ੍ਰਚਲਿਤ ਅਰਥ ਅੰਤ ਵਿਚ ਦਿੱਤਾ ਜਾਂਦਾ ਹੈ, ਅਰਥਾਤ 'ਸ਼ਾਬਦਿਕ ਪ੍ਰਯੋਗ ਅਲੰਕਾਰਕ ਪ੍ਰਯੋਗ ਤੋਂ ਪਹਿਲਾਂ, ਸਾਧਾਰਣ ਪ੍ਰਯੋਗ ਵਿਸ਼ਿਸ਼ ਪ੍ਰਯੋਗ ਤੋਂ ਪਹਿਲਾਂ, ਆਮ ਪ੍ਰਯੋਗ ਦੁਰਲੱਭ ਪ੍ਰਯੋਗ ਤੋਂ ਪਹਿਲਾਂ ਅਤੇ ਸੌਖੀ ਤਰ੍ਹਾਂ ਸਮਝੇ ਜਾਂਦੇ ਪ੍ਰਯੋਗ ਮੁਸ਼ਕਿਲ ਪ੍ਰਯੋਗ ਤੋਂ ਪਹਿਲਾਂ ਆਉਣੇ ਚਾਹੀਦੇ ਹਨ। ਸਾਰਾਂਸ਼ ਇਹ ਕਿ ਉਹੀ ਤਰਤੀਬ ਸਰਬੋਤਮ ਹੈ ਜਿਹੜੀ ਸਿਖਿਆਰਥੀ ਲਈ ਸਭ ਤੋਂ ਵੱਧ ਸਹਾਈ ਹੋਵੇ।'

(6) ਸਿਮਟਾਅ (nesting) : ਇਸ ਵਿਧੀ ਦਾ ਉਦੇਸ਼ ਵੀ ਥਾਂ ਦੀ ਬੱਚਤ ਕਰਨਾ ਹੈ। ਇਸ ਅਨੁਸਾਰ ਕੋਸ਼ੀ ਇਕਾਈ ਦੀ ਅਰਥਗਤ ਸੰਰਚਨਾ ਦੇ ਅੰਤਰਗਤ ਪ੍ਰਦਾਨ ਕੀਤੀ ਜਾਣ ਵਾਲੀ ਸੂਚਨਾ ਨੂੰ ਸਿਮਟਾ ਕੇ ਸਵੰਗ ਡੈਸ਼ (~) ਦੀ ਵਰਤੋਂ ਨਾਲ ਸੁੰਗੇੜ ਲਿਆ ਜਾਂਦਾ ਹੈ ਅਤੇ ਮੂਲ ਸ਼ਬਦ ਤੋਂ ਵਿਉਤਪੰਨ ਜਾਂ ਇਸ ਨਾਲ ਸੰਬੰਧਿਤ ਕੋਸ਼ੀ ਇਕਾਈਆਂ ਨੂੰ ਮੁੱਖ ਅੰਦਰਾਜ ਦੇ ਅੰਤਰਗਤ ਸਮੇਟ ਲਿਆ ਜਾਂਦਾ ਹੈ। ਉਦਾਹਰਣ ਵਜੋਂ,

ਤਬਾਹ ਵਿ. 'ਬਰਬਾਦ, ਉਜੜਿਆ ਹੋਇਆ; **~ਹਾਲ** ਵਿ. ਉਜੜਿਆ ਪੁਜੜਿਆ, ਬਰਬਾਦ; **~ਹਾਲੀ**, ਇ. ਬਰਬਾਦੀ; **~ਕਾਰੀ** ਇ. ਤਬਾਹ ਕਰਨ ਦੀ ਕਿਰਿਆ,
ਤਬਾਹੀ ਇ. 1. ਖ਼ਰਾਬੀ; ਬਰਬਾਦੀ, ਸਤਿਆਨਾਸ ; ਆਫਤ, ਮੁਸੀਬਤ, ਬਲਾ ; **~ਚੁੱਕਣਾ** ਮੁਹਾ. ਬਰਬਾਦੀ ਕਰਨਾ ; **~ਮੱਚਣਾ**, ਮੁਹਾ. ਬਰਬਾਦੀ ਫੈਲਣਾ, **~ਮਚਾਉਣਾ**, ਮੁਹਾ. 1. ਬਰਬਾਦੀ ਕਰਨਾ; 2. ਉਪੱਦਰ ਖੜਾ ਕਰਨਾ।'

ਇਸ ਵਿਧੀ ਅਨੁਸਾਰ ਮੁੱਖ ਅੰਦਰਾਜ ਦੇ ਵਿਉਤਪੰਨ ਸ਼ਬਦਾਂ, ਵਾਕਾਂਸ਼ਾਂ, ਸਮਾਸਾਂ, ਸੁਨਿਸ਼ਚਿਤ ਉਕਤੀਆਂ, ਮੁਹਾਵਰਿਆਂ, ਅਖੌਤਾਂ ਆਦਿ ਨੂੰ ਮੁੱਖ ਸ਼ਬਦ ਦੇ ਅੰਤਰਗਤ ਸੰਜੋਇਆ ਤੇ ਸਿਮਟਾਇਆ ਅਰਥਾਤ ਨੈਸਟਿੰਗ ਕੀਤਾ ਜਾਂਦਾ ਹੈ। ਬਹੁਅਰਥਕ ਸ਼ਬਦਾਂ ਦੀ ਸੂਰਤ ਵਿਚ ਨੈਸਟਿੰਗ ਦਾ ਪ੍ਰਯੋਗ ਹਰੇਕ ਅਰਥ-ਭੇਦ ਦੇ ਨਾਲ ਹੀ ਕਰਨਾ ਚਾਹੀਦਾ ਹੈ, ਮੁੱਖ ਅੰਦਰਾਜ ਦੇ ਅੰਤ ਵਿਚ ਨਹੀਂ। ਅੰਗ੍ਰੇਜ਼ੀ ਕੋਸ਼ਾਂ ਵਿਚ ਇਸ ਨਿਯਮ ਦੀ ਪਾਲਣਾ ਕੀਤੀ ਗਈ ਹੈ, ਜਿਵੇਂ

length, n. 1. measurement from end to end. **a~,** for a long time' ; **at full~,** 'with the body stretched out and flat ; 2. degree of thoroughness in action. **go to the ~ of saying.....'**

(7) **ਉਪ-ਅੰਦਰਾਜ :** ਉਪ-ਅੰਦਰਾਜ ਨੂੰ ਭਾਵੇਂ ਮੁੱਖ ਅੰਦਰਾਜ ਦੇ ਅੰਤਰਗਤ ਦਿੱਤਾ ਜਾਂਦਾ ਹੈ, ਪਰੰਤੂ ਇਸ ਦੇ ਅਰਥ, ਉਦਾਹਰਣ, ਸੂਚਕ-ਸ਼ਬਦ ਆਦਿ ਸਾਧਾਰਣ ਕੋਸ਼ੀ ਇਕਾਈ ਵਾਂਗ ਹੀ ਦਿੱਤੇ ਜਾਂਦੇ ਹਨ। ਪਰ ਫ਼ਰਕ ਸਿਰਫ਼ ਇਹ ਹੈ ਕਿ ਮੁੱਖ ਅੰਦਰਾਜ ਸੁਤੰਤਰ ਹੋਂਦ ਰਖਦਾ ਹੈ ਅਤੇ ਉਪ-ਅੰਦਰਾਜ ਇਸ ਦੇ ਅੰਤਰਗਤ ਗੌਣ ਦਰਜਾ ਗ੍ਰਹਿਣ ਕਰਦਾ ਹੈ। ਇਸ ਨੂੰ ਸਵੰਗ ਡੈਸ਼ (~) ਦੀ ਵਰਤੋਂ ਨਾਲ ਮੁੱਖ ਅੰਦਰਾਜ ਵਿਚ ਹੀ ਸੰਜੋਇਆ ਜਾਂਦਾ ਹੈ ਜਿਵੇਂ ਉਪਰ **ਤਬਾਹ** ਦੀ ਉਦਾਹਰਣ ਦਿੱਤੀ ਗਈ ਹੈ। ਉਪ-ਅੰਦਰਾਜ ਦੀ ਵਰਤੋਂ ਅਧਿਕਤਰ ਵਾਕਾਂਸ਼ਾਂ, ਮੁਹਾਵਰਿਆਂ ਅਤੇ ਅਖੌਤਾਂ ਦੇ ਰੂਪ ਵਿਚ ਹੀ ਕੀਤੀ ਜਾਂਦੀ ਹੈ।

ਕੋਸ਼ ਨਿਰਮਾਣ ਦੇ ਉਪਰੋਕਤ ਸਿਧਾਂਤਾਂ ਨੂੰ ਆਧਾਰ ਬਣਾ ਕੇ ਅਸੀਂ ਕਿਸੇ ਵੀ ਆਕਾਰ, ਪ੍ਰਕਾਰ ਅਤੇ ਉਦੇਸ਼ ਵਾਲੇ ਕੋਸ਼ ਦੀ ਯੋਜਨਾ ਉਲੀਕ ਸਕਦੇ ਹਾਂ।

4.1.5 ਕੋਸ਼ ਦਾ ਪ੍ਰਕਾਸ਼ਨ : ਪ੍ਰਕਾਸ਼ਨ ਕਾਰਜ ਨਿਰੋਲ ਤਕਨੀਕੀ ਕਾਰਜ ਹੈ। ਪ੍ਰਕਾਸ਼ਨ ਦੇ ਤਕਨੀਕੀ ਪੱਖਾਂ ਤੇ ਵਿਸਤ੍ਰਿਤ ਚਰਚਾ ਲਈ ਅਗਲਾ ਅਧਿਆਇ ਸਮਰਪਿਤ ਹੈ। ਇਥੇ ਕੇਵਲ ਇਹ ਸੰਕੇਤ ਕਰ ਦੇਣਾ ਹੀ ਕਾਫ਼ੀ ਹੈ ਕਿ ਕੋਸ਼ ਦੀ ਯੋਜਨਾ, ਸੰਕਲਨ ਅਤੇ ਸੰਪਾਦਨ ਸਮੇਂ ਕੋਸ਼ਕਾਰ ਦਾ ਨਿਰੰਤਰ ਧਿਆਨ ਮੁਕੰਮਲ ਕੋਸ਼ੀ ਇਕਾਈ ਪ੍ਰਸਤੁਤ ਕਰਨ ਤੇ ਕੇਂਦ੍ਰਿਤ ਹੁੰਦਾ ਹੈ, ਪਰੰਤੂ ਪ੍ਰਕਾਸ਼ਨ ਸਮੇਂ ਉਸ ਦਾ ਉਦੇਸ਼ ਕੋਸ਼ ਦੇ ਰੂਪ ਵਿਚ ਇਕ ਮੁਕੰਮਲ ਸਮੁੱਚ ਨੂੰ ਬੜੇ ਆਕਰਸ਼ਕ, ਉਪਯੋਗੀ ਅਤੇ ਨਿਹਕਲੰਕ ਰੂਪ ਵਿਚ ਪ੍ਰਸਤੁਤ ਕਰਨਾ ਹੁੰਦਾ ਹੈ। ਕੋਸ਼ ਨਿਰਮਾਣ ਦੇ ਵਿਭਿੰਨ ਅਮਲਾਂ ਥਾਣੀਂ ਲੰਘ ਕੇ ਇਹ ਸੂਚਨਾ

ਆਪਣਾ ਪਰਿਪੱਕ ਅਤੇ ਪ੍ਰੌੜ ਰੂਪ ਧਾਰਣ ਕਰਦੀ ਹੈ। ਪ੍ਰਕਾਸ਼ਨ ਕਾਰਜ ਵੀ ਕੋਸ਼ ਨਿਰਮਾਣ ਦੇ ਉਪਰ-ਵਰਣਿਤ ਕਾਰਜਾਂ ਵਾਂਗ ਨਿਰੰਤਰ ਗੰਭੀਰਤਾ ਅਤੇ ਇਕਾਗਰਤਾ ਦੀ ਮੰਗ ਕਰਦਾ ਹੈ। ਅਜਿਹੀ ਗੰਭੀਰਤਾ, ਇਕਾਗਰਤਾ ਅਤੇ ਨਿਪੁੰਨਤਾ ਦੀ ਘਾਟ ਕਰਕੇ ਕੋਸ਼ ਵਿਚ ਅਣਗਿਣਤ ਤਰੁੱਟੀਆਂ ਰਹਿ ਜਾਂਦੀਆਂ ਹਨ ਅਤੇ ਸੰਪਾਦਕਾਂ ਦੀ ਕੀਤੀ-ਕੱਤਰੀ ਤੇ ਪਾਣੀ ਫਿਰ ਜਾਂਦਾ ਹੈ। ਸੋ ਇਸ ਪੱਖ ਤੋਂ ਅਤਿਅਧਿਕ ਸਚੇਤ ਅਤੇ ਸਾਵਧਾਨ ਰਹਿਣ ਦੀ ਲੋੜ ਹੈ। ਭਾਰਤ ਵਿਚ ਪ੍ਰਕਾਸ਼ਨ ਕਾਰਜ ਵੀ ਆਮ ਕਰਕੇ ਸੰਪਾਦਕੀ ਅਮਲੇ ਨੂੰ ਹੀ ਨਿਭਾਉਣਾ ਪੈਂਦਾ ਹੈ ਜਦੋਂ ਕਿ ਇਹ ਨਿਰੋਲ ਤਕਨੀਕੀ ਕੰਮ ਹੋਣ ਕਰਕੇ ਵਿਸ਼ੇਸ਼ ਤਕਨੀਕੀ ਗਿਆਨ ਅਤੇ ਵੱਖਰੇ ਨਿਪੁੰਨ ਤੇ ਮਾਹਿਰ ਪ੍ਰਕਾਸ਼ਨ ਅਮਲੇ ਦੀ ਮੰਗ ਕਰਦਾ ਹੈ। ਪ੍ਰਕਾਸ਼ਨ ਅਮਲੇ ਦਾ ਸੰਪਾਦਕੀ ਅਮਲੇ ਨਾਲ ਪੂਰਣ ਤਾਲਮੇਲ ਹੋਣਾ ਜ਼ਰੂਰੀ ਹੈ ਅਤੇ ਜੇ ਪ੍ਰਕਾਸ਼ਨ ਅਮਲਾ ਵੀ ਮੁੱਖ ਸੰਪਾਦਕ ਦੀ ਸਿੱਧੀ ਨਿਗਰਾਨੀ ਅਧੀਨ ਕੰਮ ਕਰੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਨਿਬੜਦੀ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੋਸ਼ ਦੇ ਪ੍ਰਕਾਸ਼ਨ ਕਾਰਜ ਦੀ ਨਿਗਰਾਨੀ ਲਈ ਇਕ ਵੱਖਰਾ ਪ੍ਰਕਾਸ਼ਨ ਸੈੱਲ/ਵਿਭਾਗ ਕਾਇਮ ਕੀਤਾ ਜਾਵੇ।

ਕੋਸ਼ ਦੇ ਪ੍ਰਕਾਸ਼ਨ ਲਈ ਅੱਜ ਕੱਲ੍ਹ ਕੰਪਿਊਟਰਾਂ ਦਾ ਪ੍ਰਯੋਗ ਵੀ ਹੋਣ ਲੱਗ ਪਿਆ ਹੈ। ਕੰਪਿਊਟਰ ਕੋਸ਼-ਸਾਮੱਗਰੀ ਨੂੰ ਵਿਵਸਥਿਤ ਰੂਪ ਪ੍ਰਦਾਨ ਕਰਨ ਵਿਚ ਕਾਫ਼ੀ ਸਹਾਈ ਹੁੰਦੇ ਹਨ ਅਤੇ ਇਨ੍ਹਾਂ ਨਾਲ ਸਮੇਂ ਦੀ ਵੀ ਕਾਫ਼ੀ ਬੱਚਤ ਹੋ ਜਾਂਦੀ ਹੈ। ਕੋਸ਼ੀ ਇਕਾਈਆਂ ਦੀ ਤਰਤੀਬ, ਸ਼ਬਦ-ਜੋੜਾਂ ਦੀ ਇਕਸਾਰਤਾ, ਸ਼ਬਦਾਵਲੀ ਅਤੇ ਅਰਥਾਂ ਨੂੰ ਦਿੱਤੀਆਂ ਹਿਦਾਇਤਾਂ ਅਨੁਸਾਰ ਉਲਟਾਉਣ-ਪੁਲਟਾਉਣ ਦੇ ਤਕਨੀਕੀ ਕਾਰਜ ਦੀ ਸੰਪੰਨਤਾ ਲਈ ਕੰਪਿਊਟਰ ਦੀ ਲੋੜ ਤੋਂ ਮੁਨਕਿਰ ਨਹੀਂ ਹੋਇਆ ਜਾ ਸਕਦਾ, ਪਰੰਤੂ ਕੰਪਿਊਟਰ ਸਿਸਟਮ ਅਜੇ ਐਨਾ ਵਿਕਸਿਤ ਨਹੀਂ ਹੋ ਸ਼ਕਿਆ ਕਿ ਇਹ ਅਸਲੋਂ ਹੀ ਮਨੁੱਖ ਦੀ ਥਾਂ ਲੈ ਸਕੇ। ਅਜੇਕੀ ਸਥਿਤੀ ਵਿਚ ਕੰਪਿਊਟਰ ਕੋਸ਼ਕਾਰ ਦੇ ਅੰਤਿਮ ਨਿਰਣਿਆਂ ਦਾ ਬਦਲ ਨਹੀਂ ਹੋ ਸਕਦਾ। ਕੋਸ਼ੀ ਇਕਾਈਆਂ ਦਾ ਕੀ ਅਤੇ ਕਿਵੇਂ ਅਰਥ ਦੇਣਾ ਹੈ, ਇਸ ਦੀਆਂ ਬਾਰੀਕੀਆਂ ਅਤੇ ਸੂਖਮਤਾਵਾਂ ਕੰਪਿਊਟਰ ਦੇ ਵਸ ਤੋਂ ਪਰੇ ਹਨ।

ਨਿਸ਼ਕਰਸ਼ ਇਹ ਕਿ ਕੋਸ਼ ਦੀ ਯੋਜਨਾ, ਕੋਸ਼ ਸਾਮੱਗਰੀ ਦਾ ਸੰਕਲਨ ਤੇ ਸੰਪਾਦਨ ਅਤੇ ਕੋਸ਼ ਦੇ ਪ੍ਰਕਾਸ਼ਨ ਕਾਰਜ ਅਰਥਾਤ ਸੰਪਾਦਕੀ ਅਮਲੇ ਅਤੇ ਪ੍ਰਕਾਸ਼ਨ ਅਮਲੇ ਦੇ ਪੂਰਣ ਤਾਲਮੇਲ ਦੇ ਫਲਸਰੂਪ ਹੀ ਆਦਰਸ਼, ਉਪਯੋਗੀ ਅਤੇ ਨਿਹਕਲੰਕ ਕੋਸ਼ ਦੀ ਸਿਰਜਣਾ ਸੰਭਵ ਹੈ।

ਫੁਟਨੋਟ

1. Ram Adhar Singh, *An Introduction to Lexicography*, p. 79.
2. R.R.K. Hartmann, *Lexicography : Principles and Practice*, p. vii.
3. Quoted by R.N. Srivastava & R.S. Gupta in B.G. Misra (Ed.), *Lexicography in India*, p. 176.
4. R.A. Singh, *op. cit.*, p. 85.
5. *Ibid.*, pp. 91-92.
6. N. Sanjeevi, 'Some Suggestions For The Making of New Dictionaries' in B.G. Misra (Ed.), *op. cit.*, pp. 126-27.
7. W.J.R. Martin, E.P.F. Al & P.J G. van Sterkenburg, 'On the processing of a text corpus' in R.R.K. Hartmann (Ed.), *op. cit.*, p. 78.
8. G.N. Leech, *Semantics*, p. 206.
9. R.A. Singh, *op. cit.*, p. 111.
10. Urdang, 'Review of Problem in Lexicography' *Language* 39, p. 587.
11. Hayakawa, *Language in Thought and Action*, p. 55.
12. R.A. Singh, *op. cit.*, pp. 142-43.

ਪੰਜਵਾਂ ਅਧਿਆਇ

ਤਕਨੀਕੀ ਜੁਗਤਾਂ

5.0 ਹੁਣ ਤਕ ਅਸੀਂ ਕੋਸ਼ ਦੀ ਆਂਤਰਿਕ ਸੰਰਚਨਾ ਅਰਥਾਤ ਕੋਸ਼ੀ ਇਕਾਈ, ਇਸ ਦੀ ਅਰਥਗਤ ਸੰਰਚਨਾ ਅਤੇ ਕੋਸ਼ੀ ਇਕਾਈ ਦੇ ਵਿਭਿੰਨ ਪਾਸਾਰਾਂ ਦਾ ਸਰਬਪੱਖੀ ਵਿਵੇਚਨ ਕੀਤਾ ਹੈ। ਇਸ ਅਧਿਆਇ ਵਿਚ ਕੋਸ਼ ਦੀ ਬਾਹਰੀ ਸੰਰਚਨਾ ਅਰਥਾਤ ਸੰਕਲਿਤ, ਸੰਪਾਦਿਤ ਅਤੇ ਸੁਵਿਵਸਥਿਤ ਕੋਸ਼ੀ ਸਾਮੱਗਰੀ ਨੂੰ ਅਤਿ ਸੁੱਘੜ ਅਤੇ ਸੁਚੱਜੇ ਢੰਗ ਨਾਲ ਪ੍ਰਸਤੁਤ ਕਰਨ ਵਿਚ ਪ੍ਰਯੁਕਤ ਤਕਨੀਕੀ ਜੁਗਤਾਂ ਤੇ ਵਿਸਤ੍ਰਿਤ ਵਿਚਾਰ ਕਰਾਂਗੇ, ਕਿਉਂਕਿ ਕੋਸ਼ੀ ਅਰਥ ਦੀ ਪ੍ਰਮਾਣਕਤਾ, ਸੁਨਿਸ਼ਚਿਤਤਾ ਅਤੇ ਸਪਸ਼ਟਤਾ ਲਈ ਜਿਥੇ ਕੋਸ਼ ਦੀ ਆਂਤਰਿਕ ਸੰਰਚਨਾ ਦਾ ਮਹੱਤਵਪੂਰਣ ਯੋਗਦਾਨ ਅਤੇ ਸਾਰਥਕਤਾ ਹੈ, ਉਥੇ ਇਸ ਦੇ ਆਕਰਸ਼ਕ ਅਤੇ ਸੁਹਜ-ਭਰਪੂਰ ਰੂਪ ਅਤੇ ਆਕਾਰ ਦੀ ਰਚਨਾ ਵਿਚ ਕੋਸ਼ ਦੀ ਬਾਹਰੀ ਸੰਰਚਨਾ ਦੇ ਮਹੱਤਵਪੂਰਣ ਯੋਗਦਾਨ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੋਹਾਂ ਸੰਰਚਨਾਵਾਂ ਦਾ ਉਪਯੁਕਤ ਸੁਮੇਲ ਹੀ ਆਦਰਸ਼ ਕੋਸ਼ ਦੀ ਸਿਰਜਣਾਤਮਕ ਰਚਨਾ ਵਿਚ ਸਹਾਈ ਹੁੰਦਾ ਹੈ। ਪ੍ਰਯੋਗਕਰਤਾ ਦੀ ਖਿੱਚ ਅਤੇ ਆਕਰਸ਼ਣ ਦਾ ਕਾਰਣ ਕੋਸ਼ ਦੀ ਸਿਰਜਣਾਤਮਕ ਅਤੇ ਮੌਲਿਕ ਰਚਨਾ ਹੀ ਹੈ।

ਇਹ ਤੱਥ ਸਰਵ-ਵਿਦਿਤ ਹੈ ਕਿ ਕੋਸ਼ ਦਾ ਨਿਰਮਾਣ ਪ੍ਰਯੋਗਕਰਤਾ ਦੀਆਂ ਅਕਾਦਮਿਕ ਅਤੇ ਬੌਧਿਕ ਲੋੜਾਂ ਦੀ ਤ੍ਰਿਪਤੀ ਲਈ ਕੀਤਾ ਜਾਂਦਾ ਹੈ। ਪ੍ਰਯੋਗਕਰਤਾ ਕੋਸ਼ ਦਾ ਅਧਿਐਨ ਇਕ ਮੌਲਿਕ ਸਾਹਿਤਕ ਕਿਰਤ ਵਾਂਗ ਇਕੋ-ਸਾਹੇ ਸ਼ੁਰੂ ਤੋਂ ਅਖ਼ੀਰ ਤਕ ਨਹੀਂ ਕਰਦਾ, ਸਗੋਂ ਕਿਸੇ ਵਿਸ਼ੇਸ਼ ਕੋਸ਼ੀ ਇਕਾਈ ਦੇ ਸ਼ੁੱਧ ਸ਼ਬਦ-ਜੋੜ, ਉਚਾਰਣ, ਵਿਆਕਰਣਕ ਰੂਪ, ਅਰਥ, ਪਰਿਆਇ, ਨਿਰੁਕਤੀ ਆਦਿ ਦੀ ਦ੍ਰਿਸ਼ਟੀ ਤੋਂ ਕੋਸ਼ ਨੂੰ ਵਾਚਦਾ ਹੈ। ਇਸ ਕਰਕੇ ਕੋਸ਼ਕਾਰ ਨੂੰ ਆਪਣੇ ਕੋਸ਼ ਦੇ ਨਿਸ਼ਚਿਤ ਉਦੇਸ਼ ਅਨੁਸਾਰ ਹਰੇਕ ਕੋਸ਼ੀ ਇਕਾਈ ਬਾਰੇ ਮੁਕੰਮਲ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਰੂਪਾਤਮਕ, ਵਿਆਕਰਣਕ, ਅਰਥਗਤ ਅਤੇ ਤਕਨੀਕੀ ਜਾਣਕਾਰੀ ਦੇਣ ਸਮੇਂ ਕੋਸ਼ਕਾਰ ਦਾ ਪੂਰਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਉਹ ਇਸ ਸੂਚਨਾ ਨੂੰ ਵਧੇਰੇ ਸਪਸ਼ਟਤਾ, ਸੰਜਮ ਅਤੇ ਸੰਖੇਪਤਾ ਨਾਲ ਦੇਵੇ। ਕੋਸ਼ ਵਿਚੋਂ ਲੋੜੀਂਦੀ ਸੂਚਨਾ ਪ੍ਰਾਪਤ ਕਰਨ ਸਮੇਂ ਪ੍ਰਯੋਗਕਾਰ ਦੇ ਮਨ ਵਿਚ ਕਿਸੇ ਅਸਪਸ਼ਟਤਾ ਅਤੇ ਸੰਦੇਹ ਦੀ ਗੁੰਜਾਇਸ਼ ਨਾ ਰਹੇ। ਵਾਸਤਵ ਵਿਚ, ਅਰਥਗਤ ਅਤੇ ਤਕਨੀਕੀ ਅਸਪਸ਼ਟਤਾ ਤੋਂ ਬਚਣਾ ਹੀ ਸਿਆਣੇ ਕੋਸ਼ਕਾਰ ਅਤੇ ਉੱਤਮ

ਕੋਸ਼ ਦੀ ਖ਼ੂਬੀ ਹੈ। ਕੋਸ਼ ਦੀ ਸੁਵਿਵਸਥਿਤ ਅਤੇ ਸੁਨਿਯੋਜਿਤ ਤਕਨੀਕ ਜਿਥੇ ਅਰਥ ਦੀ ਸਪਸ਼ਟਤਾ ਵਿਚ ਅਤਿਅੰਤ ਸਹਾਈ ਹੁੰਦੀ ਹੈ, ਉਥੇ ਸੰਬੰਧਿਤ ਕੋਸ਼ੀ ਇਕਾਈ ਨੂੰ ਸੁਨਿਸ਼ਚਿਤ, ਸਪਸ਼ਟ, ਸੰਖੇਪ ਅਤੇ ਸੰਜਮ-ਭਰਪੂਰ ਰੂਪ ਪ੍ਰਦਾਨ ਕਰਨ ਲਈ ਵੀ ਅਤਿਅੰਤ ਆਵੱਸ਼ਕ ਹੈ। ਕਹਿਣ ਦਾ ਭਾਵ ਇਹ ਕਿ ਤਕਨੀਕੀ ਜੁਗਤਾਂ ਦਾ ਪ੍ਰਯੋਗ ਅਰਥ ਦੀ ਵਧੇਰੇ ਸਪਸ਼ਟਤਾ ਅਤੇ ਕੋਸ਼ ਦੀ ਦਿੱਖ ਨੂੰ ਆਕਰਸ਼ਕ ਅਤੇ ਪ੍ਰਭਾਵੀ ਬਣਾਉਣ ਲਈ ਕੀਤਾ ਜਾਂਦਾ ਹੈ।

ਕੋਸ਼ ਦੀਆਂ ਤਕਨੀਕੀ ਜੁਗਤਾਂ ਤੇ ਵਿਚਾਰ ਕਰਨ ਸਮੇਂ ਅਧਿਐਨ ਦੀ ਸੁਵਿਧਾ ਅਤੇ ਸੁਖੈਨਤਾ ਲਈ ਅਸੀਂ ਇਨ੍ਹਾਂ ਨੂੰ ਹੇਠ ਲਿਖੇ ਮੁੱਖ ਭਾਗਾਂ ਵਿਚ ਵੰਡ ਸਕਦੇ ਹਾਂ :

1. ਪੂਰਵ-ਭੂਮਿਕਾ ਭਾਗ ;
2. ਭੂਮਿਕਾ ;
3. ਕੋਸ਼ ਦਾ ਮਤਨ/ਪਾਠ ; ਅਤੇ
4. ਅੰਤਿਕਾਵਾਂ।

ਤਕਨੀਕੀ ਜੁਗਤਾਂ ਤੇ ਵਿਸਤਾਰ ਵਿਚ ਵਿਚਾਰ ਕਰਨ ਤੋਂ ਪਹਿਲਾਂ ਇਕ ਤੱਥ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨਾ ਆਵੱਸ਼ਕ ਹੈ ਕਿ ਕੋਸ਼ ਦੇ ਪਹਿਲੇ ਦੋ ਖੰਡਾਂ ਦਾ ਉਦੇਸ਼ ਸੰਬੰਧਿਤ ਕੋਸ਼ ਦੀ ਮੁਕੰਮਲ ਤਫ਼ਸੀਲ ਅਤੇ ਨਿੱਕੇ ਨਿੱਕੇ ਵੇਰਵੇ ਸਹਿਤ ਪਾਠਕਾਂ ਨਾਲ ਤੁਆਰਫ਼ ਕਰਵਾਉਣਾ ਹੈ ਤਾਂ ਕਿ ਕੋਸ਼ ਦਾ ਪ੍ਰਯੋਗ ਕਰਨ ਸਮੇਂ ਪ੍ਰਯੋਗਕਰਤਾ ਸੰਬੰਧਿਤ ਸ਼ਬਦ ਨੂੰ ਤੁਰੰਤ ਅਤੇ ਬੇਲੋੜੇ ਤਰੱਦਦ ਦੇ ਲੱਭ ਸਕੇ ਅਰਥਾਤ ਘੱਟ ਤੋਂ ਘੱਟ ਸਮੇਂ ਵਿਚ ਕੋਸ਼ ਵਿਚੋਂ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਸਕੇ।

5.1 ਪੂਰਵ-ਭੂਮਿਕਾ ਭਾਗ : ਕੋਸ਼ ਦੀ ਭੂਮਿਕਾ ਤੋਂ ਪਹਿਲੇ ਖੰਡ ਨੂੰ ਕੋਸ਼ ਦਾ ਪੂਰਵ-ਭੂਮਿਕਾ ਭਾਗ ਆਖਿਆ ਜਾਂਦਾ ਹੈ। ਕੋਸ਼ ਦੇ ਇਸ ਖੰਡ ਨੂੰ ਅਸੀਂ ਪ੍ਰਗਟਾਅ ਜਾਂ ਅਭਿਵਿਅਕਤੀ ਦਾ ਰੂਪ ਪੱਖ ਵੀ ਕਹਿ ਸਕਦੇ ਹਾਂ। ਇਸ ਦਾ ਸੰਬੰਧ ਕੋਸ਼ ਦੇ ਰੂਪ ਅਤੇ ਦਿੱਖ ਨਾਲ ਹੈ। ਇਥੇ ਇਹ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਕੋਸ਼ਕਾਰ ਦਾ ਅਸਲੀ ਕਾਰਜ ਕੋਸ਼ ਦੀ ਪ੍ਰੈਸ ਕਾਪੀ ਤਿਆਰ ਕਰਨ ਤਕ ਹੀ ਸੀਮਿਤ ਹੁੰਦਾ ਹੈ। ਉਸ ਤੋਂ ਪਿਛੋਂ ਛਾਪਕ ਦਾ ਕੰਮ ਆਰੰਭ ਹੁੰਦਾ ਹੈ। ਕੋਸ਼ ਦਾ ਪੂਰਵ-ਭੂਮਿਕਾ ਭਾਗ ਅਸਲ ਵਿਚ ਛਾਪਕ ਨਾਲ ਹੀ ਸੰਬੰਧਿਤ ਹੁੰਦਾ ਹੈ। ਕੋਸ਼ ਦੇ ਰੂਪ ਅਤੇ ਸੁਹਜ ਨਾਲ ਜੁੜਿਆ ਹੋਣ ਕਰਕੇ ਇਹ ਖੰਡ ਛਾਪਕ ਦੀ ਦ੍ਰਿਸ਼ਟੀ ਤੋਂ ਅਤਿਅਧਿਕ ਮਹੱਤਵ ਗ੍ਰਹਿਣ ਕਰਦਾ ਹੈ। ਇਸ ਵਿਚ ਕੋਸ਼ ਦੇ ਹੇਠ ਲਿਖੇ ਅੰਗ ਸ਼ਾਮਿਲ ਹੁੰਦੇ ਹਨ :

(1) ਉਪ-ਸਿਰਲੇਖ (ਸਬ-ਟਾਈਟਲ) ਪੰਨਾ : ਹਰੇਕ ਕੋਸ਼ ਵਿਚ ਇਹ ਪੰਨਾ ਨਹੀਂ ਦਿੱਤਾ ਜਾਂਦਾ। ਜਿਨ੍ਹਾਂ ਕੋਸ਼ਾਂ ਵਿਚ ਇਹ ਪੰਨਾ ਦਿੱਤਾ ਜਾਂਦਾ ਹੈ, ਉਥੇ ਇਸ ਪੰਨੇ ਦੇ ਉਪਰਲੇ ਪਾਸੇ ਸੱਜੇ ਹੱਥ ਕੇਵਲ ਕੋਸ਼ ਦਾ ਨਾਂ ਹੀ ਦਿੱਤਾ ਜਾਂਦਾ ਹੈ ਜਿਵੇਂ 'ਅੰਗ੍ਰੇਜ਼ੀ-ਪੰਜਾਬੀ

ਕੋਸ਼', 'ਗੁਰਸ਼ਬਦ ਰਤਨਾਕਰ ਮਹਾਨ ਕੋਸ਼', 'The Punjabi Dictionary', 'ਬ੍ਰਿਹਤ ਹਿੰਦੀ ਕੋਸ਼', 'Collins Cobuild English Language Dictionary' ਆਦਿ। ਇਸ ਪੰਨੇ ਤੇ ਇਸ ਉਪ-ਸਿਰਲੇਖ ਦੇ ਇਲਾਵਾ ਉਪਰ ਥੱਲੇ, ਖੱਬੇ ਸੱਜੇ ਕੋਈ ਹੋਰ ਸੂਚਨਾ ਦਰਜ ਨਹੀਂ ਕੀਤੀ ਜਾਂਦੀ।

(2) ਸਿਰਲੇਖ (ਟਾਈਟਲ) ਪੰਨਾ : ਕੋਸ਼ ਦੇ ਸਿਰਲੇਖ ਵਾਲੇ ਪੰਨੇ ਤੇ ਕੋਸ਼ ਦਾ ਪੂਰਾ ਨਾਂ, ਸੰਪਾਦਕ ਦਾ ਨਾਂ (ਪੂਰਾ ਪਤਾ ਨਹੀਂ), ਪ੍ਰਕਾਸ਼ਕ ਦਾ ਨਾਂ (ਪੂਰਾ ਪਤਾ ਨਹੀਂ) ਤੇ ਪ੍ਰਕਾਸ਼ਨ ਸਾਲ (ਹਰੇਕ ਕੋਸ਼ ਵਿਚ ਨਹੀਂ) ਦਿੱਤਾ ਜਾਂਦਾ ਹੈ। ਕੁਝ ਕੋਸ਼ਕਾਰ ਇਸ ਪੰਨੇ ਤੇ ਕੋਸ਼ ਵਿਚ ਨਿਹਿਤ ਕੋਸ਼ੀ ਸਾਮੱਗਰੀ ਦੀ ਪ੍ਰਕਿਰਤੀ, ਕੋਸ਼ੀ ਇਕਾਈਆਂ ਦੀ ਗਿਣਤੀ ਆਦਿ ਬਾਰੇ ਵੀ ਸੰਕੇਤ ਕਰ ਦਿੰਦੇ ਹਨ।

ਕੋਸ਼ ਦਾ ਸਿਰਲੇਖ ਸਪਸ਼ਟ ਅਤੇ ਸੰਖੇਪ ਹੋਣਾ ਚਾਹੀਦਾ ਹੈ। ਇਸ ਤੋਂ ਕੋਸ਼ ਦੀ ਪ੍ਰਕਿਰਤੀ ਅਤੇ ਉਦੇਸ਼ ਬਾਰੇ ਤੁਰੰਤ ਜਾਣਕਾਰੀ ਪ੍ਰਾਪਤ ਹੋਣੀ ਚਾਹੀਦੀ ਹੈ ਕਿ ਕੋਸ਼ ਸਮਭਾਸ਼ੀ, ਦੁਭਾਸ਼ੀ, ਇਤਿਹਾਸਕ, ਨਿਰੁਕਤ, ਤਕਨੀਕੀ ਆਦਿ ਕਿਸ ਵਰਗ ਦੇ ਅੰਤਰਗਤ ਆਉਂਦਾ ਹੈ। ਇਹ ਕੋਸ਼ ਦੇ ਕਿਸੇ ਨਾ ਕਿਸੇ ਤੱਤ ਵਲ ਸੰਕੇਤ ਕਰਕੇ ਇਸ ਦੇ ਉਦੇਸ਼ ਅਤੇ ਆਕਾਰ ਬਾਰੇ ਜਾਣਕਾਰੀ ਦਿੰਦਾ ਹੈ ਜਿਵੇਂ ਸਿਖਿਆਰਥੀ ਕੋਸ਼, ਸੰਖਿਪਤ ਕੋਸ਼, ਮਾਨਕ ਕੋਸ਼, ਬ੍ਰਿਹਤ ਕੋਸ਼, ਵਿਸ਼ਵਕੋਸ਼, ਅਕਾਦਮਿਕ ਕੋਸ਼, ਸ਼ਬਦ-ਜੋੜ ਕੋਸ਼, ਉਚਾਰਣ ਕੋਸ਼ ਆਦਿ। ਕੋਸ਼ ਵਿਚ ਸੰਮਿਲਿਤ ਭਾਸ਼ਾਵਾਂ ਦਾ ਸਪਸ਼ਟ ਬੋਧ ਵੀ ਸਿਰਲੇਖ ਤੋਂ ਹੀ ਹੁੰਦਾ ਹੈ। ਸਿਰਲੇਖ ਵਿਚ ਕੋਲਨ (:) ਦੇ ਇਲਾਵਾ ਹੋਰ ਕਿਸੇ ਵਿਰਾਮ-ਚਿੰਨ੍ਹ ਦਾ ਪ੍ਰਯੋਗ ਕਰਨ ਨਾਲ ਕੋਸ਼ ਦੇ ਰੂਪ ਤੇ ਧੱਬਾ ਲੱਗ ਸਕਦਾ ਹੈ।

(3) 'ਸਭ ਹੱਕ ਰਾਖਵੇਂ ਹਨ' (ਕਾਪੀਰਾਈਟ) ਪੰਨਾ : ਸਿਰਲੇਖੀ ਪੰਨੇ ਦੀ ਪਿੱਠ ਵਾਲੇ ਪੰਨੇ ਨੂੰ ਕਾਪੀਰਾਈਟ ਪੰਨਾ ਆਖਿਆ ਜਾਂਦਾ ਹੈ। ਇਸ ਪੰਨੇ ਤੇ (ਕੇਵਲ ਕੁਝ ਹਾਲਤਾਂ ਵਿਚ) ਕੋਸ਼ ਦਾ ਨਾਂ ਮੁੜ ਦੁਹਰਾਇਆ ਜਾਂਦਾ ਹੈ। ਇਸ ਦੇ ਨਾਲ ਹੀ ਪ੍ਰਕਾਸ਼ਕ ਅਤੇ ਛਾਪਕ ਦਾ ਨਾਂ ਅਤੇ ਪੂਰਾ ਪਤਾ, ਕਾਪੀਰਾਈਟ ਧਾਰਕ (ਸੰਪਾਦਕ ਜਾਂ ਪ੍ਰਕਾਸ਼ਕ) ਦਾ ਨਾਂ ਅਤੇ ਪੂਰਾ ਪਤਾ, ਪ੍ਰਕਾਸ਼ਨ ਸਾਲ, ਕੋਸ਼ ਦਾ ਸੰਸਕਰਣ, ਛਾਪੀਆਂ ਕਾਪੀਆਂ ਦੀ ਸੰਖਿਆ, ਕੋਸ਼ ਦੀ ਕੀਮਤ, ਕੋਸ਼ ਪ੍ਰਾਪਤ ਕਰਨ ਦਾ ਪੂਰਾ ਪਤਾ, ਕੋਸ਼ ਦੀ ਪਾਠ-ਸਾਮੱਗਰੀ ਦੇ ਕਿਸੇ ਹੋਰ ਵਿਅਕਤੀ ਵਲੋਂ ਕਿਸੇ ਹੋਰ ਥਾਂ ਪ੍ਰਯੋਗ ਨਾ ਕਰਨ ਸੰਬੰਧੀ ਹਿਦਾਇਤਾਂ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਅੰਗ੍ਰੇਜ਼ੀ ਕੋਸ਼ਾਂ ਵਿਚ ਕੋਸ਼ ਦੀ ਵਿੱਕਰੀ ਲਈ ਪ੍ਰਕਾਸ਼ਨ ਸੰਸਥਾਵਾਂ ਨੂੰ ਪ੍ਰਾਪਤ ਲਾਇਬ੍ਰੇਰੀ ਅੰਕ ਜਿਵੇਂ I S B N 019 — 4311678 ਆਦਿ ਦਾ ਉਲੇਖ ਵੀ ਇਸੇ ਪੰਨੇ ਤੇ ਕੀਤਾ ਜਾਂਦਾ ਹੈ। ਇਸ ਸਾਰੀ ਜਾਣਕਾਰੀ ਕਰਕੇ ਇਹ ਪੰਨਾ ਕਾਫ਼ੀ ਮਹੱਤਵ ਗ੍ਰਹਿਣ ਕਰ ਲੈਂਦਾ ਹੈ।

(4) ਵਿਸ਼ੇ-ਸੂਚੀ ਪੰਨਾ : ਇਸ ਪੰਨੇ ਤੇ 'ਕੀ ਕਿਥੇ ਹੈ' ਦਾ ਪੰਨੇ-ਵਾਰ ਵਿਵਰਣ ਦਿੱਤਾ

ਜਾਂਦਾ ਹੈ ਅਰਥਾਤ ਕੋਸ਼ ਦੀ ਭੂਮਿਕਾ, ਕੋਸ਼ ਦੇ ਮਤਨ, ਅੰਤਿਕਾਵਾਂ ਆਦਿ ਦੀ ਪੰਨੇ-ਵਾਰ ਤਫਸੀਲ ਦਿੱਤੀ ਜਾਂਦੀ ਹੈ। ਇਹ ਪੰਨਾ ਕੋਸ਼ ਦੇ ਪ੍ਰਯੋਗਕਰਤਾਂ ਦੀ ਸੁਵਿਧਾ ਲਈ ਹੁੰਦਾ ਹੈ ਤਾਂ ਜੋ ਲੋੜੀਂਦੀ ਸੂਚਨਾ ਲੱਭਣ ਵਿਚ ਉਸ ਦਾ ਵਕਤ ਜ਼ਾਇਆ ਨਾ ਹੋਵੇ ਜਿਵੇਂ ਉਚਾਰਣ-ਕੁੰਜੀ (ਪੰਨਾ —), ਸੰਕੇਤ-ਸੂਚੀ (ਪੰਨਾ—), ਕ੍ਰਿਆ ਪੈਟਰਨ (ਪੰਨਾ -), ਸੰਪਾਦਕ-ਮੰਡਲ (ਪੰਨਾ—), ਕੋਸ਼ ਦਾ ਮਤਨ (ਪੰਨਾ—), ਅੰਤਿਕਾਵਾਂ : (1) ਚਿੱਤਰ (ਪੰਨਾ—), (2) ਸੰਖਿਆ-ਚਿੰਨ੍ਹ (ਪੰਨਾ—), (3) ਭੂਗੋਲਕ ਨਾਂ (ਪੰਨਾ—), (4) ਸੈਨਿਕ ਪਦ (ਪੰਨਾ —), (5) ਰਸਾਇਣਕ ਤੱਤ (ਪੰਨਾ—), (6) ਖ਼ਾਸ ਨਾਂ (ਪੰਨਾ —) ਆਦਿ। ਇਨ੍ਹਾਂ ਪੰਨਿਆਂ ਦੇ ਅੰਕ ਆਮ ਕਰਕੇ ਰੋਮਨ ਹਿੰਦਸਿਆਂ (ਜਿਵੇਂ i, ii, iii...ਆਦਿ) ਵਿਚ ਲਗਾਏ ਜਾਂਦੇ ਹਨ।

5.2. ਭੂਮਿਕਾ : ਕੋਸ਼ ਦੀ ਭੂਮਿਕਾ ਲਿਖਣ ਦਾ ਵਿਸ਼ੇਸ਼ ਅਧਿਕਾਰ ਕੇਵਲ ਮੁੱਖ ਸੰਪਾਦਕ ਜਾਂ ਸੰਪਾਦਕ-ਮੰਡਲ ਨੂੰ ਹੁੰਦਾ ਹੈ, ਕਿਉਂਕਿ ਕੇਵਲ ਇਹੀ ਵਿਅਕਤੀ ਕੋਸ਼ ਵਿਚ ਅਪਣਾਈਆਂ ਵਿਭਿੰਨ ਸੰਪਾਦਕੀ ਤੇ ਤਕਨੀਕੀ ਜੁਗਤਾਂ, ਸੰਪਾਦਕੀ ਨੀਤੀ ਆਦਿ ਤੋਂ ਪਰਿਚਿਤ ਹੁੰਦੇ ਹਨ। ਹੋਰ ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀ ਜਾਂ ਸਿਆਸੀ ਨੇਤਾ ਦਾ ਇਸ ਗੰਭੀਰ ਅਕਾਦਮਿਕ ਕੰਮ ਵਿਚ ਉੱਕਾ ਹੀ ਦਖ਼ਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੇ ਬੇਲੋੜੇ ਦਖ਼ਲ ਨਾਲ ਕੋਸ਼ ਦੇ ਰੂਪ ਨੂੰ ਝੱਜ ਲਗਦੀ ਹੈ ਅਤੇ ਇਸ ਦਾ ਮੁੱਲ ਘਟਦਾ ਹੈ। ਡਾਇਰੈਕਟਰਾਂ, ਵਾਈਸ-ਚਾਂਸਲਰਾਂ ਜਾਂ ਹੋਰ ਉੱਚੇ ਸਰਕਾਰੀ ਅਧਿਕਾਰੀਆਂ ਤੋਂ ਕੋਸ਼ ਦੀ ਭੂਮਿਕਾ ਲਿਖਵਾਉਣ ਦਾ ਰਿਵਾਜ ਅਪ੍ਰਚਲਿਤ ਹੋ ਗਿਆ ਹੈ। PSUTB English-Punjabi Dictionary ਦੀ ਭੂਮਿਕਾ ਵਾਲੇ ਖੰਡ ਵਿਚ ਮੁੱਖ ਮੰਤਰੀ ਦਰਬਾਰਾ ਸਿੰਘ ਵਲੋਂ ਲਿਖੇ Foreword ਦੀ ਕੋਸ਼ ਵਿਚ ਕੋਈ ਸਾਰਥਕਤਾ ਨਹੀਂ ਹੈ। ਇੰਜ ਹੀ 'ਪੰਜਾਬੀ ਕੋਸ਼' ਵਿਚ ਡਾਇਰੈਕਟਰ ਵਲੋਂ ਅਤੇ 'ਪੰਜਾਬੀ ਯੂਨੀਵਰਸਿਟੀ ਅੰਗ੍ਰੇਜ਼ੀ-ਪੰਜਾਬੀ ਕੋਸ਼' ਵਿਚ ਵਾਈਸ-ਚਾਂਸਲਰ ਦੇ 'ਮੁੱਖ ਬੰਧ' ਦੇਣ ਦੀ ਕੋਈ ਤੁਕ ਨਹੀਂ ਹੈ। ਇਹੋ ਜਿਹੀ ਘਟੀਆ ਚਾਲ ਵਿਚ ਫਸਣਾ ਕੋਸ਼ਕਾਰ ਨੂੰ ਸ਼ੋਭਾ ਨਹੀਂ ਦਿੰਦਾ। ਅੰਗ੍ਰੇਜ਼ੀ ਕੋਸ਼ ਇਸ ਪੱਖ ਤੋਂ ਨਿਪੁੰਨ ਅਤੇ ਸੰਪੂਰਣ ਹਨ।

ਭੂਮਿਕਾ ਵਿਚ ਕੋਸ਼ ਦੇ ਸਰੂਪ, ਉਦੇਸ਼, ਨਿਰਮਾਣ-ਪ੍ਰਕ੍ਰਿਆ, ਕੋਸ਼ ਵੇਖਣ ਦੀ ਵਿਧੀ ਅਤੇ ਨਿਰਦੇਸ਼ (ਗਾਈਡ) ਆਦਿ ਦਿੱਤਾ ਜਾਂਦਾ ਹੈ। ਸਹੀ ਉਚਾਰਣ ਵੇਖਣ ਲਈ ਉਪਯੁਕਤ ਉਚਾਰਣ-ਕੁੰਜੀ ਦੀ ਵਿਵਸਥਾ ਵੀ ਕੀਤੀ ਜਾਂਦੀ ਹੈ। ਕੋਸ਼ ਦੇ ਮਤਨ ਵਿਚ ਪ੍ਰਯੁਕਤ ਸੰਖੇਪ-ਪਦਾਂ, ਸੰਕੇਤਾਂ ਅਤੇ ਹੋਰ ਅਣਗਿਣਤ ਚਿੰਨ੍ਹਾਂ ਦਾ ਨਿੱਕਾ ਨਿੱਕਾ ਵੇਰਵਾ ਵੀ ਇਸ ਭਾਗ ਵਿਚ ਦਿੱਤਾ ਜਾਂਦਾ ਹੈ। ਕੋਸ਼ਕਾਰੀ ਦੇ ਖੇਤਰ ਵਿਚ ਪਹਿਲਾਂ ਕੀਤੇ ਕੰਮ, ਅਤੇ ਪਹਿਲੇ ਕੰਮ ਨਾਲੋਂ ਹਥਲੇ ਕੰਮ ਦੀ ਵਿਲੱਖਣਤਾ ਅਤੇ ਮਹੱਤਵ ਦਾ ਉਲੇਖ ਵੀ ਇਸੇ ਭਾਗ ਵਿਚ ਕੀਤਾ ਜਾਂਦਾ ਹੈ। ਭੂਮਿਕਾ ਕੋਸ਼ ਦੇ ਪ੍ਰਕਾਰ ਅਨੁਸਾਰ ਭਿੰਨ ਭਿੰਨ ਹੁੰਦੀ ਹੈ, ਪਰ ਫਿਰ ਵੀ ਕਝ ਤੱਤ ਅਜਿਹੇ ਹਨ ਜਿਹੜੇ ਸਾਰੇ ਕੋਸ਼ਾਂ ਦਾ ਅੰਗ ਹੁੰਦੇ ਹਨ।

(1) ਕੋਸ਼ ਦਾ ਉਦੇਸ਼ ਅਤੇ ਖੇਤਰ : ਇਸ ਵਿਚ ਕੋਸ਼ ਤਿਆਰ ਕਰਨ ਦਾ ਪਿਛੋਕੜ, ਇਸ ਦੇ ਉਦੇਸ਼ ਅਤੇ ਕੋਸ਼ ਦੀ ਲੋੜ ਅਤੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੋਸ਼ ਦੇ ਉਦੇਸ਼ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕੋਸ਼ ਦੀ ਰਚਨਾ ਕੀਹਦੇ ਲਈ ਕੀਤੀ ਹੈ ? ਦੇਸੀ ਬੁਲਾਰਿਆਂ ਲਈ ਜਾਂ ਵਿਦੇਸ਼ੀ ਜਾਂ ਦੂਜੀਆਂ ਭਾਸ਼ਾਵਾਂ ਦੇ ਬੁਲਾਰਿਆਂ ਲਈ ? ਕੋਸ਼ ਸਕੂਲੀ ਜਾਂ ਕਾਲਿਜ ਵਿਦਿਆਰਥੀਆਂ ਤਕ ਹੀ ਸੀਮਿਤ ਹੈ ਜਾਂ ਜਨਸਾਧਾਰਣ ਲਈ ਹੈ ? ਕੋਸ਼ ਸਾਧਾਰਣ ਪਾਠਕਾਂ ਲਈ ਹੈ ਜਾਂ ਵਿਸ਼ੇਸ਼ ਪਾਠਕਾਂ ਲਈ ਹੈ ? ਜੇ ਵਿਸ਼ੇਸ਼ ਪਾਠਕਾਂ ਲਈ ਹੈ ਤਾਂ ਇਸ ਦੀ ਕਿਸਮ (ਨਿਰੁਕਤ ਕੋਸ਼ ਆਦਿ) ਕੀ ਹੈ ? ਕੋਸ਼ ਸਾਧਾਰਣ ਕੋਸ਼ ਹੈ ਜਾਂ ਮਾਨਕ ਕੋਸ਼ ? ਕੋਸ਼ ਦੀਆਂ ਕੋਸ਼ੀ ਇਕਾਈਆਂ ਦੀ ਗਿਣਤੀ ਕਿੰਨੀ ਹੈ ਅਤੇ ਕਿਸ ਆਧਾਰ ਤੇ ਨਿਸ਼ਚਿਤ ਕੀਤੀ ਗਈ ਹੈ ?

ਕੋਸ਼ ਦੇ ਖੇਤਰ ਬਾਰੇ ਇਹ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ ਕਿ ਕੋਸ਼ ਵਿਚ ਸਮਕਾਲੀ ਭਾਸ਼ਾ ਦੀ ਸ਼ਬਦਾਵਲੀ ਸੰਮਿਲਿਤ ਕੀਤੀ ਗਈ ਹੈ ਜਾਂ ਅਪ੍ਰਚਲਿਤ ਅਤੇ ਪ੍ਰਾਚੀਨ ਸ਼ਬਦਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ? ਕੋਸ਼ ਵਿਚ ਕੇਵਲ ਮਿਆਰੀ ਜਾਂ ਪ੍ਰਮਾਣਕ ਸ਼ਬਦਾਵਲੀ ਦਰਜ ਕੀਤੀ ਗਈ ਹੈ ਜਾਂ ਉਪਭਾਸ਼ਾਵਾਂ, ਵਰਗ-ਬੋਲੀਆਂ, ਅਪਭਾਸ਼ਾ ਅਤੇ ਵਿਭਿੰਨ ਸਮਾਜਕ ਸ਼ੈਲੀਆਂ ਦੀ ਸ਼ਬਦਾਵਲੀ ਵੀ ? ਜੇ ਅਜਿਹੀ ਸ਼ਬਦਾਵਲੀ ਸੰਮਿਲਿਤ ਕੀਤੀ ਗਈ ਹੈ ਤਾਂ ਇਸ ਦੀ ਮਾਤਰਾ ਕਿੰਨੀ ਹੈ ਅਤੇ ਪ੍ਰਕਿਰਤੀ ਕੀ ਹੈ ? ਮੰਗਵੇਂ ਸ਼ਬਦਾਂ ਦੀ ਮਾਤਰਾ ਨੂੰ ਵੀ ਸਪਸ਼ਟ ਕੀਤਾ ਜਾਂਦਾ ਹੈ। ਨਵੇਂ ਘੜੇ ਸ਼ਬਦਾਂ/ਪਦਾਂ, ਵਿਸ਼ੇਸ਼ ਕਰਕੇ ਹਾਲ ਹੀ ਵਿਚ ਵਿਕਸਿਤ ਸਭਿਆਚਾਰਕ ਸ਼ਬਦਾਵਲੀ ਵਲ ਵੀ ਸੰਕੇਤ ਕੀਤਾ ਜਾਂਦਾ ਹੈ।

(2) ਕੋਸ਼ ਦਾ ਸ੍ਰੋਤ : ਇਸ ਖੰਡ ਵਿਚ ਸਮੁੱਚੀ ਕੋਸ਼-ਸਾਮੱਗਰੀ ਸੰਕਲਿਤ ਕਰਨ ਦੇ ਆਧਾਰ-ਭੂਤ ਸ੍ਰੋਤਾਂ ਜਿਵੇਂ ਸਾਹਿਤਕ ਤੇ ਵਿਗਿਆਨਕ ਪੁਸਤਕਾਂ, ਅਖ਼ਬਾਰਾਂ, ਖਰੜਿਆਂ, ਰਸਾਲਿਆਂ, ਖੋਜ-ਪਤ੍ਰਿਕਾਵਾਂ ਆਦਿ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ। ਜਿਨ੍ਹਾਂ ਕੋਸ਼ਾਂ ਨੂੰ ਕੋਸ਼ੀ ਇਕਾਈਆਂ ਦੇ ਸੰਕਲਨ ਲਈ ਆਧਾਰ ਬਣਾਇਆ ਗਿਆ ਹੁੰਦਾ ਹੈ, ਉਨ੍ਹਾਂ ਦੇ ਨਾਵਾਂ ਦੀ ਸੂਚੀ ਵੀ ਦਿੱਤੀ ਜਾਂਦੀ ਹੈ। ਇਤਿਹਾਸਕ ਕੋਸ਼ਾਂ ਲਈ ਇਹ ਖੰਡ ਹੋਰ ਵੀ ਮਹੱਤਵਪੂਰਣ ਹੁੰਦਾ ਹੈ ਕਿਉਂਕਿ ਇਨ੍ਹਾਂ ਕੋਸ਼ਾਂ ਵਿਚ ਸ੍ਰੋਤਾਂ ਦੀ ਪ੍ਰਕਿਰਤੀ ਅਤੇ ਖੇਤਰ, ਪੁਸਤਕਾਂ ਦੀ ਗਿਣਤੀ ਆਦਿ ਤੇ ਵਿਸਤ੍ਰਿਤ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਦੀ ਵਿਸ਼ੇ ਅਨੁਸਾਰ ਵਰਗੀਕ੍ਰਿਤ ਅਤੇ ਮਿਤੀ-ਸਹਿਤ ਸੂਚੀ ਦਿੱਤੀ ਜਾਂਦੀ ਹੈ।

ਜੇ ਕੋਸ਼ ਅਲਿਖਿਤ/ਮੌਖਿਕ ਭਾਸ਼ਾ ਦਾ ਹੈ ਤਾਂ ਉਸ ਵਿਚ ਸਾਮੱਗਰੀ ਸੰਕਲਨ ਦੀ ਵਿਧੀ ਦਾ ਵਰਣਨ ਕੀਤਾ ਜਾਂਦਾ ਹੈ। ਸੂਚਕਾਂ ਦੀ ਸੂਚੀ, ਉਨ੍ਹਾਂ ਦੀ ਉਮਰ, ਸਿਖਿਆ, ਲਿੰਗ, ਆਰਥਿਕ ਤੇ ਸਮਾਜਕ ਅਵਸਥਾ ਸਹਿਤ ਦਿੱਤੀ ਜਾਂਦੀ ਹੈ। ਲੋਕ ਕਹਾਣੀਆਂ, ਲੋਕ ਗੀਤਾਂ, ਲੋਰੀਆਂ, ਸੰਵਾਦਾਂ ਆਦਿ ਦਾ ਉਲੇਖ ਵੀ ਕੀਤਾ ਜਾਂਦਾ ਹੈ।

ਕੁਝ ਕੋਸ਼ਾਂ ਵਿਚ ਉਪਲਬਧ ਕੋਸ਼-ਪਰੰਪਰਾ ਦਾ ਆਲੋਚਨਾਤਮਕ ਮੁੱਲਾਂਕਣ ਵੀ ਕੀਤਾ ਜਾਂਦਾ ਹੈ। ਕਈ ਵਾਰ ਭਾਸ਼ਾ ਦਾ ਸੰਖੇਪ ਇਤਿਹਾਸ ਵੀ ਦਿੱਤਾ ਜਾਂਦਾ ਹੈ। ਨਿਰੁਕਤ ਕੋਸ਼ਾਂ

ਵਿਚ ਸਜਾਤੀ ਭਾਸ਼ਾਵਾਂ ਬਾਰੇ ਨੋਟ ਵੀ ਦਿੱਤਾ ਜਾਂਦਾ ਹੈ।

(3) **ਕੋਸ਼ ਸੰਕਲਨ ਵਿਧੀ :** ਇਸ ਖੰਡ ਦੇ ਅੰਤਰਗਤ ਕੋਸ਼ ਦੀ ਸੰਪਾਦਕੀ ਨੀਤੀ ਨੂੰ ਵਿਵਹਾਰਕ ਰੂਪ ਪ੍ਰਦਾਨ ਕਰਨ ਦੇ ਵਿਭਿੰਨ ਪੱਖਾਂ ਅਤੇ ਕੋਸ਼ ਨਿਰਮਾਣ ਦੇ ਵਿਭਿੰਨ ਕਾਰਜਾਂ ਦਾ ਸੰਖੇਪ ਵਿਵਰਣ ਦਿੱਤਾ ਜਾਂਦਾ ਹੈ। ਸਾਮੱਗਰੀ ਸੰਕਲਨ ਤੋਂ ਸ਼ੁਰੂ ਕਰ ਕੇ ਕੋਸ਼ੀ ਇਕਾਈਆਂ ਦੇ ਕ੍ਰਮ ਨਿਰਧਾਰਣ ਤਕ ਦੇ ਸਭ ਕਾਰਜਾਂ ਤੇ ਸੰਖਿਪਤ ਚਰਚਾ ਕੀਤੀ ਜਾਂਦੀ ਹੈ ਅਰਥਾਤ ਮੁੱਖ ਅੰਦਰਾਜ ਨਿਰਧਾਰਣ, ਵਿਆਕਰਣਕ ਕੋਟੀਆਂ ਦਾ ਨਿਰਣਾ, ਸ਼ਬਦ-ਚੋਣ ਤੇ ਉਚਾਰਣ ਨਿਸ਼ਚਿਤ ਕਰਨ, ਅਰਥ ਅਤੇ ਪਰਿਭਾਸ਼ਾ ਨਿਰਧਾਰਿਤ ਕਰਨ ਅਰਥਾਤ ਸਮਨਾਮਤਾ, ਸਮਾਨਾਰਥਕਤਾ, ਬਹੁਅਰਥਕਤਾ ਆਦਿ ਦੀਆਂ ਸਮੱਸਿਆਵਾਂ ਤੇ ਵਿਚਾਰ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਉਸ ਵਿਧੀ ਨੂੰ ਵੀ ਅੰਕਿਤ ਕੀਤਾ ਜਾਂਦਾ ਹੈ ਜਿਸ ਅਨੁਸਾਰ ਉਪਰੋਕਤ ਸੂਚਨਾ ਨੂੰ ਨਿਭਾਇਆ ਗਿਆ ਹੁੰਦਾ ਹੈ। ਵਿਆਕਰਣ ਦੇ ਵਿਸ਼ੇਸ਼ ਲੱਛਣਾਂ, ਵਿਸ਼ੇਸ਼ ਕਰਕੇ ਅਨਿਯਮਿਤਤਾਵਾਂ ਦਾ ਵਰਣਨ ਵੀ ਕੀਤਾ ਜਾਂਦਾ ਹੈ। ਸ਼ਬਦਾਂ ਨੂੰ ਪਰਿਭਾਸ਼ਿਤ ਕਰਨ ਦੇ ਸਾਧਾਰਣ ਸਿਧਾਂਤਾਂ, ਗਿਣਤੀ ਅਤੇ ਅਰਥਾਂ ਦੇ ਕ੍ਰਮ ਬਾਰੇ ਵੀ ਸਪਸ਼ਟ ਕੀਤਾ ਜਾਂਦਾ ਹੈ। ਦ੍ਰਿਸ਼ਟਾਂਤੀ ਉਦਾਹਰਣਾਂ, ਟੂਕਾਂ ਦੀ ਚੋਣ ਦੀ ਕਸੌਟੀ, ਪ੍ਰਸਤੁਤ ਕਰਨ ਦੀ ਵਿਧੀ ਅਤੇ ਸੰਦਰਭ-ਵਿਧੀ ਦਾ ਵੀ ਉਲੇਖ ਕੀਤਾ ਜਾਂਦਾ ਹੈ। ਕੁਝ ਕੋਸ਼ਾਂ ਵਿਚ ਵਿਆਖਿਆਤਮਕ ਚਾਰਟ ਵੀ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਕੋਸ਼ ਦੇ ਵਿਭਿੰਨ ਤੱਤਾਂ ਅਰਥਾਤ ਸੰਕੇਤਾਂ, ਪ੍ਰਤਿ-ਹਵਾਲਿਆਂ ਆਦਿ ਦੀ ਜਾਣਕਾਰੀ ਮਿਲਦੀ ਹੈ। ਉਪਭਾਸ਼ਾ ਕੋਸ਼ਾਂ ਵਿਚ ਸ਼ਬਦ ਸੰਕਲਨ ਪ੍ਰਕ੍ਰਿਆ ਦੇ ਉਲੇਖ ਦੇ ਨਾਲ ਨਾਲ ਉਪਭਾਸ਼ਾਈ ਨਕਸ਼ੇ ਵੀ ਦਿੱਤੇ ਜਾ ਸਕਦੇ ਹਨ।

(4) **ਪਾਠਕ-ਗਾਈਡ :** ਇਹ ਖੰਡ ਇਸ ਕਰਕੇ ਅਤਿਅਧਿਕ ਮਹੱਤਵ ਗ੍ਰਹਿਣ ਕਰ ਲੈਂਦਾ ਹੈ ਕਿ ਇਸ ਦੇ ਅੰਤਰਗਤ ਪ੍ਰਯੋਗਕਰਤਾ ਲਈ ਕੋਸ਼ੀ ਇਕਾਈ ਦਾ ਪ੍ਰਯੋਗ ਕਰਨ ਸੰਬੰਧੀ ਸਾਰੇ ਵਿਵਹਾਰਕ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਲ ਵਿਚ ਪਾਠਕ-ਕੁੰਜੀ ਹੀ ਕੋਸ਼ ਦਾ ਪਾਠਕ ਨਾਲ ਪਰਿਚੈ ਕਰਵਾਉਂਦੀ ਹੈ। ਇਸ ਦੀ ਸਹਾਇਤਾ ਨਾਲ ਪ੍ਰਯੋਗਕਾਰ ਕੋਸ਼ ਦਾ ਸਹੀ ਪ੍ਰਯੋਗ ਕਰਦਾ ਹੈ ਅਤੇ ਸਮੇਂ ਦੀ ਬੱਚਤ ਵੀ ਕਰਦਾ ਹੈ। ਪਾਠਕ-ਗਾਈਡ ਦੇ ਮੁੱਖ ਤੱਤ ਇਸ ਪ੍ਰਕਾਰ ਹਨ :

(i) **ਮੁੱਖ-ਸ਼ਬਦ :** ਕੋਸ਼ ਦਾ ਮੂਲ ਸੰਰਚਨਾਤਮਕ ਅੰਗ ਮੁੱਖ ਅੰਦਰਾਜ ਹੈ ਜੋ ਮੋਟੇ ਤੇ ਗੂੜ੍ਹੇ ਟਾਈਪ ਵਿਚ ਪੰਨੇ ਦੇ ਖੱਬੇ ਹੱਥ ਸਭ ਤੋਂ ਪਹਿਲਾਂ ਦਿੱਤਾ ਜਾਂਦਾ ਹੈ। ਜੇ ਇਕ ਪੰਨਾ ਕਈ ਕਾਲਮਾਂ ਵਿਚ ਵੰਡਿਆ ਹੋਵੇ ਤਾਂ ਮੁੱਖ ਸ਼ਬਦ ਹਰੇਕ ਕਾਲਮ ਦੇ ਖੱਬੇ ਹੱਥ ਦਿੱਤਾ ਜਾਂਦਾ ਹੈ। ਫਿਰ ਇਸ ਬਾਰੇ ਉਚਾਰਣਾਤਮਕ, ਵਿਆਕਰਣਕ, ਅਰਥਗਤ, ਸ਼ੈਲੀਗਤ, ਨਿਰੁਕਤੀਮੂਲਕ ਆਦਿ ਸੂਚਨਾ ਇਕ ਪੈਰੇ ਦੇ ਰੂਪ ਵਿਚ ਪ੍ਰਦਾਨ ਕੀਤੀ ਜਾਂਦੀ ਹੈ। ਮੁੱਖ ਸ਼ਬਦ ਬਾਰੇ ਪੂਰੀ ਸੂਚਨਾ ਦੇਣ ਪਿਛੋਂ ਵਿਉਤਪੰਨ ਸ਼ਬਦਾਂ ਦੇ ਉਪ-ਅੰਦਰਾਜ ਆਪਣੇ ਅੱਖਰ-ਕ੍ਰਮ ਅਨੁਸਾਰ ਦਿੱਤੇ ਜਾਂਦੇ ਹਨ ਅਤੇ ਹਰੇਕ ਉਪ-ਅੰਦਰਾਜ ਮੋਟੇ ਤੇ ਗੂੜ੍ਹੇ ਟਾਈਪ

ਵਿਚ ਦਿੱਤਾ ਜਾਂਦਾ ਹੈ। ਵਿਉਤਪੰਨ ਸ਼ਬਦਾਂ ਪਿਛੋਂ ਸਮਾਸ, ਫਿਰ ਸੁਨਿਸ਼ਚਿਤ ਉਕਤੀਆਂ ਅਤੇ ਮੁਹਾਵਰੇ ਆਦਿ ਦਿੱਤੇ ਜਾਂਦੇ ਹਨ। ਜੇ ਕੋਸ਼ ਵਿਚ ਥਾਂ ਕਾਫ਼ੀ ਹੋਵੇ ਤਾਂ ਵਿਸ਼ੇਸ਼ ਉਕਤੀਆਂ ਨੂੰ ਨਵੀਂ ਸਤਰ ਤੋਂ ਆਰੰਭ ਕਰਨਾ ਬਿਹਤਰ ਰਹਿੰਦਾ ਹੈ।

(ii) **ਲਿਪੀ, ਸ਼ਬਦ-ਜੋੜ ਅਤੇ ਉਚਾਰਣ :** ਕੋਸ਼ ਵਿਚ ਲਿਪੀ ਅਤੇ ਉਚਾਰਣ ਬਾਰੇ ਸੰਬੰਧਿਤ ਖੇਤਰ ਦੇ ਕਿਸੇ ਵਿਸ਼ੇਸ਼ੱਗ ਵਲੋਂ ਵਿਸਤ੍ਰਿਤ ਸੂਚਨਾ ਆਮ ਕਰਕੇ ਇਕ ਵੱਖਰੇ ਨਿਬੰਧ ਦੇ ਰੂਪ ਵਿਚ ਦਿੱਤੀ ਜਾਂਦੀ ਹੈ। ਅੰਗ੍ਰੇਜ਼ੀ ਵਰਗੀਆਂ ਭਾਸ਼ਾਵਾਂ ਦੇ ਪ੍ਰਸੰਗ ਵਿਚ ਇਸ ਦੀ ਸਾਰਥਕਤਾ ਹੋਰ ਵੀ ਵਧ ਜਾਂਦੀ ਹੈ ਜਿਨ੍ਹਾਂ ਵਿਚ ਸ਼ਬਦ-ਜੋੜਾਂ ਅਤੇ ਉਚਾਰਣ ਵਿਚ ਅਸੰਗਤੀ ਪਾਈ ਜਾਂਦੀ ਹੈ। ਜਿਨ੍ਹਾਂ ਭਾਸ਼ਾਵਾਂ ਵਿਚ ਲਿਪੀਗ੍ਰਾਮਾਂ ਅਤੇ ਧੁਨੀਗ੍ਰਾਮਾਂ ਵਿਚ ਉੱਘੜਵੀਂ ਅਸੰਗਤੀ ਨਹੀਂ ਹੈ, ਉਨ੍ਹਾਂ ਦੇ ਕੋਸ਼ਾਂ ਵਿਚ ਇਸ ਨੂੰ ਉਭਾਰ ਕੇ ਪੇਸ਼ ਕਰਨ ਦੀ ਲੋੜ ਨਹੀਂ ਹੈ। ਅਧਿਕ ਸਪਸ਼ਟਤਾ ਪ੍ਰਦਾਨ ਕਰਨ ਲਈ ਉਚਾਰਣ-ਚਾਰਟ ਵੀ ਦਿੱਤਾ ਜਾਂਦਾ ਹੈ। ਵਿਦੇਸ਼ੀ ਧੁਨੀਆਂ ਨੂੰ ਸੰਬੰਧਿਤ ਭਾਸ਼ਾ ਵਿਚ ਹੂ-ਬਹੂ ਪ੍ਰਗਟਾਉਣ ਲਈ ਨਵੇਂ ਅੱਖਰ-ਚਿੰਨ੍ਹਾਂ ਦਾ ਬਿਓਰਾ ਦੇਣਾ ਵੀ ਜ਼ਰੂਰੀ ਹੈ।

ਕੋਸ਼ਕਾਰ ਨੂੰ ਸ਼ਬਦ-ਜੋੜਾਂ ਵਿਚ ਯਕਲਖ਼ਤ ਪਰਿਵਰਤਨ ਕਰਨ ਦੀ ਖੁਲ੍ਹ ਨਹੀਂ ਹੈ, ਅਤੇ ਨਾ ਹੀ ਉਸ ਨੂੰ ਕੋਈ ਅਜਿਹੀ ਤਬਦੀਲੀ ਕਰਨੀ ਚਾਹੀਦੀ ਹੈ ਜਿਹੜੀ ਸ਼ਬਦ-ਜੋੜਾਂ ਦੇ ਸਥਾਪਿਤ ਸਿਧਾਂਤਾਂ ਦੀ ਉਲੰਘਣਾ ਕਰਦੀ ਹੋਵੇ, ਅਤਿਅਧਿਕ ਅਸੁਵਿਧਾ ਪੇਸ਼ ਕਰੇ ਅਤੇ ਸਿਧਾਂਤ ਤੇ ਵਿਵਹਾਰ ਵਿਚ ਅਧਿਕ ਪਾੜ ਖੜ੍ਹਾ ਕਰਦੀ ਹੋਵੇ, ਜਿਵੇਂ ਕਿਸੇ ਵੇਲੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪੰਜਾਬੀ ਸ਼ਬਦ-ਜੋੜਾਂ ਦਾ ਪ੍ਰਮਾਣੀਕਰਣ ਕਰਦਿਆਂ ਭਾਸ਼ਾ ਦੇ ਬੁਨਿਆਦੀ ਸਰੂਪ ਨੂੰ ਹੀ ਬਦਲ ਕੇ ਰੱਖ ਦਿੱਤਾ ਗਿਆ ਸੀ, ਜਿਵੇਂ **ਕਹਿਣ** ਨੂੰ **ਕਹਣ, ਕਹਿੰਦਾ** ਨੂੰ **ਕਹੰਦਾ, ਗਿਆ** ਨੂੰ **ਗਇਆ** ਆਦਿ।

(iii) **ਵਿਆਕਰਣਕ ਸੂਚਨਾ :** ਇਸ ਦੇ ਅੰਤਰਗਤ ਵਿਆਕਰਣਕ ਸੂਚਨਾ ਪ੍ਰਦਾਨ ਕਰਨ ਦੀ ਵਿਧੀ ਦਾ ਉਲੇਖ ਕੀਤਾ ਜਾਂਦਾ ਹੈ। ਵਿਆਕਰਣਕ ਅਨਿਯਮਿਤਤਾਵਾਂ ਅਤੇ ਅਸੰਗਤੀਆਂ ਨੂੰ ਅੰਕਿਤ ਕੀਤਾ ਜਾਂਦਾ ਹੈ। ਕਿਸੇ ਵਿਆਕਰਣਕ ਕੋਟੀ ਨੂੰ ਪ੍ਰਸਤੁਤ ਕਰਨ ਵਿਚ ਜੇ ਕਿਸੇ ਵਿਸ਼ੇਸ਼ਤਾ ਦਾ ਅਨੁਭਵ ਹੋਵੇ, ਤਾਂ ਉਸ ਦਾ ਵਿਸਤ੍ਰਿਤ ਵਿਵਰਣ ਦਿੱਤਾ ਜਾਂਦਾ ਹੈ ਜਿਵੇਂ 'ਆਕਸਫੋਰਡ ਅਡਵਾਂਸਡ ਲਰਨਰਜ਼ ਡਿਕਸ਼ਨਰੀ' ਵਿਚ ਕ੍ਰਿਆਵਾਂ ਦੇ ਵਿਸਤ੍ਰਿਤ ਪੈਟਰਨ ਨੂੰ ਦਰਜ ਕੀਤਾ ਗਿਆ ਹੈ।

(iv) **ਸਮਨਾਮਤਾ :** ਸਮਨਾਮੀ ਸ਼ਬਦ ਦੇਣ ਦੀਆਂ ਵਿਭਿੰਨ ਵਿਧੀਆਂ ਵਿਚੋਂ ਕਿਹੜੀ ਵਿਧੀ ਅਪਣਾਈ ਗਈ ਹੈ ? ਸਮਨਾਮੀ ਸ਼ਬਦਾਂ ਦੇ ਅਰਥ ਕੀ ਇਕੋ ਕੋਸ਼ੀ ਇਕਾਈ ਦੇ ਅੰਤਰਗਤ ਦਿੱਤੇ ਗਏ ਹਨ ਜਾਂ ਵੱਖਰੇ ਅੰਦਰਾਜਾਂ ਦੇ ਰੂਪ ਵਿਚ। ਜੇ ਵੱਖਰੇ ਅੰਦਰਾਜਾਂ ਵਜੋਂ ਦਿੱਤੇ ਗਏ ਹਨ ਤਾਂ ਇਨ੍ਹਾਂ ਦੇ ਵਖਰਿਆਉਣ ਦਾ ਸਿਧਾਂਤਕ ਆਧਾਰ ਕੀ ਹੈ ? ਇਨ੍ਹਾਂ ਦਾ ਕ੍ਰਮ-ਨਿਰਧਾਰਣ ਕਿਸ ਆਧਾਰ ਤੇ ਕੀਤਾ ਗਿਆ ਹੈ ? ਕੀ ਇਨ੍ਹਾਂ ਨੂੰ ਭਿੰਨ ਅੰਕਾਂ ਨਾਲ ਵਖਰਿਆਇਆ ਗਿਆ ਹੈ ਜਿਵੇਂ

ਜੱਫਾ[1], ਪੁ. 'ਕਿਸੇ ਔਜ਼ਾਰ ਦਾ ਨਾਂ...।'
ਜੱਫਾ[2], ਪੁ. 'ਕਲਾਵਾ, ਵੱਡੀ ਜੱਫੀ...।'

(v) ਬਹੁਅਰਥਕਤਾ : ਇਸ ਦੇ ਅੰਤਰਗਤ ਮੁੱਖ ਸ਼ਬਦ ਦੇ ਅਰਥਾਂ, ਉਪ-ਅਰਥਾਂ ਅਤੇ ਅਰਥ-ਭੇਦਾਂ ਨੂੰ ਪ੍ਰਸਤੁਤ ਕਰਨ ਦੀ ਵਿਧੀ ਦਾ ਉਲੇਖ ਕੀਤਾ ਜਾਂਦਾ ਹੈ ਜਿਵੇਂ ਬਹੁਤੇ ਕੋਸ਼ਾਂ ਵਿਚ ਕੋਸ਼ੀ ਇਕਾਈ ਦੇ ਇਕ ਨਾਲੋਂ ਵੱਧ ਅਰਥਾਂ ਨੂੰ 1, 2, 3...ਆਦਿ ਹਿੰਦਸਿਆਂ ਨਾਲ ਨਿਖੇੜਿਆ ਜਾਂਦਾ ਹੈ। ਉਪ-ਅਰਥਾਂ ਨੂੰ ਨਿਖੇੜਨ ਲਈ ਸੈਮੀਕੋਲਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਕ ਅਰਥ-ਭੇਦ ਦੇ ਪਰਿਆਇਆਂ ਨੂੰ ਨਿਖੇੜਨ ਲਈ ਕੌਮੇ ਦੀ ਵਰਤੋਂ ਕੀਤੀ ਜਾਂਦੀ ਹੈ। ਕੁਝ ਕੋਸ਼ਾਂ ਵਿਚ ਅਰਥਾਂ ਨੂੰ I, II, III...ਰੋਮਨ ਅੰਕਾਂ ਅਤੇ A, B, C,...ਆਦਿ ਨਾਲ ਵੀ ਨਿਖੇੜਿਆ ਜਾਂਦਾ ਹੈ।

(vi) **ਸ਼ਬਦ-ਸੂਚਕ (ਲੇਬਲ) :** ਕੋਸ਼ ਵਿਚ ਕਿੰਨੇ ਪ੍ਰਕਾਰ ਦੇ ਸੂਚਕ ਦਿੱਤੇ ਗਏ ਹਨ ? ਇਨ੍ਹਾਂ ਦਾ ਉਦੇਸ਼ ਕੀ ਹੈ ? ਇਨ੍ਹਾਂ ਨੂੰ ਸੂਚੀ ਦੀ ਸ਼ਕਲ ਵਿਚ ਦਿੱਤਾ ਜਾਂਦਾ ਹੈ। ਇਨ੍ਹਾਂ ਦੀਆਂ ਵਿਭਿੰਨ ਕਿਸਮਾਂ ਦੀ ਸੰਬੰਧਿਤ ਖੰਡ ਵਿਚ ਚਰਚਾ ਕੀਤੀ ਗਈ ਹੈ।

(vii) **ਪ੍ਰਤਿ-ਹਵਾਲਾ :** ਪ੍ਰਤਿ-ਹਵਾਲੇ ਦੀ ਵਰਤੋਂ ਕਰਨ ਦੀ ਵਿਧੀ ਅਤੇ ਉਦੇਸ਼ ਨੂੰ ਸਪਸ਼ਟ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਵਿਭਿੰਨ ਸ਼ਬਦ-ਜੋੜ ਜਾਂ ਸ਼ਬਦ ਦੀ ਭਿੰਨ ਧੁਨੀ, ਖੇਤਰੀ ਭਿੰਨਤਾਵਾਂ ਆਦਿ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ।

(viii) **ਨਿਰੁਕਤੀ :** ਨਿਰੁਕਤੀ ਦੇਣ ਦੀ ਵਿਧੀ ਨੂੰ ਪੂਰੀ ਤਰ੍ਹਾਂ ਸਮਝਾਇਆ ਜਾਂਦਾ ਹੈ। ਇਸ ਦੇ ਸਰੂਪ ਅਤੇ ਆਧਾਰ ਬਾਰੇ ਸੂਚਨਾ ਦਿੱਤੀ ਜਾਂਦੀ ਹੈ। ਇਸ ਨੂੰ ਚੌਰਸ ਬ੍ਰੈਕਟਾਂ ਵਿਚ ਵਿਆਕਰਣਕ ਕੋਟੀ ਤੋਂ ਪਿਛੋਂ ਜਾਂ ਕੋਸ਼ੀ ਇਕਾਈ ਦੇ ਅਰਥ ਖ਼ਤਮ ਹੋਣ ਪਿਛੋਂ ਦਰਜ ਕੀਤਾ ਜਾਂਦਾ ਹੈ।

(ix) **ਦ੍ਰਿਸ਼ਟਾਂਤੀ ਉਦਾਹਰਣ/ਚਿੱਤਰ ਆਦਿ :** ਦ੍ਰਿਸ਼ਟਾਂਤੀ ਉਦਾਹਰਣਾਂ, ਸੰਦਰਭ,-ਉਕਤੀਆਂ ਬਾਰੇ ਵਿਸਤਾਰ ਵਿਚ ਚਰਚਾ ਕੀਤੀ ਜਾਂਦੀ ਹੈ। ਟੁਕਾਂ ਜਾਂ ਦ੍ਰਿਸ਼ਟਾਂਤੀ ਉਦਾਹਰਣਾਂ ਨੂੰ ਕਿਸ ਤਰਤੀਬ ਵਿਚ ਦਿੱਤਾ ਜਾਵੇ, ਇਸ ਦਾ ਨਿਰਣਾ ਵੀ ਕੀਤਾ ਜਾਂਦਾ ਹੈ। ਇਉਂ ਹੀ, ਦ੍ਰਿਸ਼ਟਾਂਤੀ ਚਿੱਤਰਾਂ ਬਾਰੇ ਫ਼ੈਸਲਾ ਲਿਆ ਜਾਂਦਾ ਹੈ ਕਿ ਕਿਸ ਕ੍ਰਿਆ, ਅਮਲ ਅਤੇ ਵਸਤਾਂ ਲਈ ਚਿੱਤਰ ਦੇਣੇ ਹਨ ਅਤੇ ਇਨ੍ਹਾਂ ਦੀ ਗਿਣਤੀ ਕਿੰਨੀ ਕੁ ਹੋਵੇ ?

(x) **ਭਾਸ਼ਾ-ਅੰਸ਼ :** ਭਾਸ਼ਾ-ਅੰਸ਼ਾਂ ਦੀ ਵਰਤੋਂ ਵੀ ਅਰਥਾਂ ਦੀ ਸਪਸ਼ਟਤਾ ਲਈ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਅਰਥਾਂ ਦੇ ਨਾਲ ਹੀ ਬ੍ਰੈਕਟ ਵਿਚ ਦਿੱਤਾ ਜਾਂਦਾ ਹੈ, ਜਿਵੇਂ

ਹਿੱਲਣਾ, ਕ੍ਰਿ. ਅਕ. '1. ਥਾਂ ਤੇ ਨਾ ਰਹਿਣਾ, ਸਰਕਣਾ, ਖਿਸਕਣਾ, ਥਿੜਕਣਾ, ਚਲਾਇਮਾਨ ਹੋਣਾ, ਇਧਰ ਉਧਰ ਹੋਣਾ (ਪੌੜੀ—); 2. ਹਰਕਤ ਕਰਨਾ, ਖੜੇ ਜਾਂ ਟਿਕੇ ਨਾ ਰਹਿਣਾ (ਪੱਤਰ, ਟਾਹਣੀ); 3. ਕੰਬਣਾ (ਸਿਰ—); 4. ਡੋਲਣਾ, ਲਹਿਰਨਾ (ਪਾਣੀ—); 5. ਕਿਸੇ ਕੰਮ ਲਈ ਆਮਾਦਾ ਹੋਣਾ;

6. ਤੇਜ਼ ਚਲਣਾ (ਜ਼ਰਾ ਹਿਲ ਕੇ ਆ)' ।

(xi) **ਉਚਾਰਣ-ਕੁੰਜੀ :** ਇਸ ਖੰਡ ਵਿਚ ਕੋਸ਼ੀ ਇਕਾਈਆਂ ਦੀ ਵਿਸਤ੍ਰਿਤ ਉਚਾਰਣ ਵਿਧੀ ਦਾ ਉਲੇਖ ਕੀਤਾ ਜਾਂਦਾ ਹੈ। ਉਚਾਰਣ ਨੂੰ ਵਾਸਤਵਿਕ ਸ਼ਬਦ ਪ੍ਰਯੋਗ ਦੀਆਂ ਉਦਾਹਰਣਾਂ ਦੇ ਕੇ ਸਮਝਾਇਆ ਜਾਂਦਾ ਹੈ। ਸਾਧਾਰਣ ਰੂਪ ਵਿਚ ਹਰੇਕ ਧੁਨੀ-ਚਿੰਨ੍ਹ ਦੇ ਧੁਨੀ-ਮੁੱਲ ਨੂੰ ਉਚਾਰਣ ਚਾਰਟ ਰਾਹੀਂ ਦਿਖਾਇਆ ਜਾਂਦਾ ਹੈ। ਦੁਭਾਸ਼ੀ ਕੋਸ਼ ਦੀ ਸੂਰਤ ਵਿਚ ਦੋਹਾਂ ਭਾਸ਼ਾਵਾਂ ਦੇ ਧੁਨੀ-ਪ੍ਰਬੰਧ ਦਾ ਵਿਵਰਣ ਦਿੱਤਾ ਜਾਂਦਾ ਹੈ ਅਤੇ ਦੋਹਾਂ ਭਾਸ਼ਾਵਾਂ ਦੇ ਚਿੰਨ੍ਹਾਂ ਨੂੰ ਅਨੁਰੂਪ ਜੋੜਿਆਂ ਦੇ ਰੂਪ ਵਿਚ ਦਿੱਤਾ ਜਾਂਦਾ ਹੈ। ਕੋਸ਼ ਵਿਚ ਅੱਖਰਾਂ ਦੇ ਕ੍ਰਮ ਨੂੰ ਦਰਸਾਉਣ ਲਈ ਚਾਰਟ ਵੀ ਦਿੱਤਾ ਜਾਂਦਾ ਹੈ। ਕੁਝ ਕੋਸ਼ਾਂ ਵਿਚ ਵਧੇਰੇ ਮੁਸ਼ਕਿਲ ਅਤੇ ਵਿਸ਼ੇਸ਼ ਧੁਨੀਆਂ ਨੂੰ ਹਰੇਕ ਪੰਨੇ ਦੇ ਥੱਲੇ ਕਰਕੇ ਇਕ ਲਾਈਨ ਵਿਚ ਦਿੱਤਾ ਜਾਂਦਾ ਹੈ।

(xii) **ਸੰਕੇਤ-ਸ਼ਬਦ** (catchword) : ਕੋਸ਼ ਵਿਚ ਪੰਨੇ ਦੇ ਸਿਰੇ ਤੇ ਖੱਬੇ ਹੱਥ ਅਤੇ ਸੱਜੇ ਹੱਥ ਸੰਕੇਤ-ਸ਼ਬਦ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਪੰਨੇ ਦੇ ਪਹਿਲੇ ਤੇ ਅਖੀਰਲੇ ਸ਼ਬਦ ਦਾ ਸੰਕੇਤ ਮਿਲਦਾ ਹੈ। ਇਸ ਵਿਧੀ ਦਾ ਪ੍ਰਯੋਗ ਪਾਠਕਾਂ ਦੀ ਸੁਵਿਧਾ ਲਈ ਕੀਤਾ ਜਾਂਦਾ ਹੈ ਕਿਉਂਕਿ ਇਸ ਤੋਂ ਸ਼ਬਦ ਲੱਭਣ ਲਈ ਕਾਫੀ 'ਸਹਾਇਤਾ ਮਿਲਦੀ ਹੈ।

(xiii) **ਸੰਪਾਦਕ-ਮੰਡਲ :** ਭੂਮਿਕਾ ਵਿਚ ਸੰਪਾਦਕ-ਮੰਡਲ, ਸਟਾਫ ਮੈਂਬਰਾਂ, ਸਹਿ-ਯੋਗੀਆਂ, ਸਲਾਹਕਾਰਾਂ, ਵਿਸ਼ੇਸ਼ੱਗਾਂ ਆਦਿ ਦੀ ਸੂਚੀ ਦਿੱਤੀ ਜਾਂਦੀ ਹੈ।

(xiv) **ਸੰਖੇਪ-ਰੂਪ :** ਕੋਸ਼ੀ ਸਾਮੱਗਰੀ ਨੂੰ ਸੰਖੇਪ ਅਤੇ ਸੰਘਣੇ ਰੂਪ ਵਿਚ ਦੇਣ ਲਈ ਲਗਭਗ ਹਰੇਕ ਕੋਸ਼ ਵਿਚ ਸ਼ਬਦਾਂ/ਪਦਾਂ ਦੇ ਸੰਖੇਪ-ਰੂਪਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸੰਖੇਪ-ਰੂਪ ਹੇਠ ਲਿਖੇ ਅਨੁਸਾਰ ਹਨ :

(ੳ) ਵਿਆਕਰਣ, ਵਿਸ਼ੇ ਅਤੇ ਸ਼ੈਲੀਗਤ ਸ਼ਬਦ-ਸੂਚਕ।

(ਅ) ਭਾਸ਼ਾਵਾਂ, ਉਪ-ਭਾਸ਼ਾਵਾਂ ਦੇ ਨਾਂ, ਸਜਾਤੀ ਤੇ ਵਿਜਾਤੀ ਭਾਸ਼ਾਵਾਂ ਜਿਨ੍ਹਾਂ ਦਾ ਪ੍ਰਯੋਗ ਨਿਰੁਕਤ ਅਤੇ ਇਤਿਹਾਸਕ ਕੋਸ਼ਾਂ ਵਿਚ ਕੀਤਾ ਜਾਂਦਾ ਹੈ।

(ੲ) ਕੋਸ਼ ਵਿਚ ਅਕਸਰ ਅਤੇ ਵਧੇਰੇ ਆਮ ਪ੍ਰਯੋਗ ਕੀਤੇ ਜਾਣ ਵਾਲੇ ਆਮ ਸ਼ਬਦ ਜਿਵੇਂ esp (especially), sb (somebody), sth (something), ਕ. (ਕਰਨਾ), ਹੋ. (ਹੋਣਾ) ਆਦਿ।

(ਸ) ਉੱਧਰਿਤ ਗ੍ਰੰਥ ਜਿਵੇਂ ALD (Oxford Advanced Learner's Dictionary), COD (Concise Oxford Dictionary), ਮ. ਕੋ. (ਮਹਾਨ ਕੋਸ਼), ਜਪੁ. (ਜਪੁਜੀ ਸਾਹਿਬ), ਚੰਡੀ. (ਚੰਡੀ ਦੀ ਵਾਰ) ਆਦਿ।

(ਹ) ਲੇਖਕ ਤੇ ਸਲਾਹਕਾਰ ਜਿਨ੍ਹਾਂ ਨੂੰ ਉੱਧਰਿਤ ਕੀਤਾ ਗਿਆ ਹੈ ਜਿਵੇਂ

ਚਾ. (ਧਨੀ ਰਾਮ ਚਾਤ੍ਰਿਕ), ਮ. (ਮੱਯਾ ਸਿੰਘ), ਕਾਲੀ. (ਕਾਲੀ ਦਾਸ), ਕਾ. (ਭਾਈ ਕਾਨ੍ਹ ਸਿੰਘ), ਵਾ. (ਵਾਰਿਸ ਸ਼ਾਹ) ਆਦਿ ।

(ਕ) ਹੋਰ ਸੰਖੇਪ-ਰੂਪ ਜਿਨ੍ਹਾਂ ਦੀ ਕੋਸ਼ਕਾਰ ਵਰਤੋਂ ਕਰਦਾ ਹੈ ।

(xv) **ਵਿਰਾਮ-ਚਿੰਨ੍ਹ ਅਤੇ ਹੋਰ ਸੰਕੇਤ :** ਕੋਸ਼ ਵਿਚ ਸੰਜਮ ਦੇ ਮਨੋਰਥ ਤੋਂ ਇਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ । ਇਨ੍ਹਾਂ ਦਾ ਸਹੀ ਅਤੇ ਉਪਯੁਕਤ ਪ੍ਰਯੋਗ ਕੋਸ਼ਕਾਰ ਦੇ ਗੰਭੀਰ ਧਿਆਨ ਦੀ ਮੰਗ ਕਰਦਾ ਹੈ ਕਿਉਂਕਿ ਇਹ ਚਿੰਨ੍ਹ ਅਤੇ ਸੰਕੇਤ ਅਰਥ ਦੀ ਸਪਸ਼ਟਤਾ ਵਿਚ ਮਹੱਤਵਪੂਰਣ ਰੋਲ ਅਦਾ ਕਰਦੇ ਹਨ । ਇਹ ਥਾਂ ਅਤੇ ਪੈਸੇ ਦੀ ਕਿਫ਼ਾਇਤ ਕਰਨ ਵਿਚ ਵੀ ਕਾਫ਼ੀ ਸਹਾਇਕ ਹਨ । ਇਨ੍ਹਾਂ ਸੰਕੇਤਾਂ ਤੇ ਚਿੰਨ੍ਹਾਂ ਦੇ ਪ੍ਰਯੋਗ ਦੀ ਇਕਸਾਰਤਾ ਵਲ ਕੋਸ਼ਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ । ਕੋਸ਼ ਵਿਚ ਪ੍ਰਯੁਕਤ ਕੁਝ ਕੁ ਵਿਰਾਮ-ਚਿੰਨ੍ਹ ਇਸ ਪ੍ਰਕਾਰ ਹਨ :

ਕੋਮਾ (,) : ਇਸ ਦੀ ਵਰਤੋਂ ਆਮ ਕਰਕੇ ਮੁੱਖ ਸ਼ਬਦ ਦੇ ਅਰਥਾਂ ਦੇ ਪਰਿਆਇਆਂ ਨੂੰ ਨਿਖੇੜਨ ਲਈ ਕੀਤੀ ਜਾਂਦੀ ਹੈ, ਜਿਵੇਂ **ਸਖ਼ੀ** ਵਿ. 'ਦਾਤਾ, ਦਾਤਾਰ, ਦਾਨ ਕਰਨ ਵਾਲਾ ।'

ਸੈਮੀਕੋਲਨ (;) : ਇਸ ਦਾ ਪ੍ਰਯੋਗ ਮੁੱਖ ਅਰਥ ਨੂੰ ਨਿਖੇੜਨ ਲਈ ਕੀਤਾ ਜਾਂਦਾ ਹੈ, ਜਿਵੇਂ **ਸ਼ੋਖ਼** ਵਿ. 'ਚੰਚਲ, ਅੱਥਰਾ; ਗੁਸਤਾਖ਼, ਸ਼ਰਾਰਤੀ ; ਉਘੜਵਾਂ, ਗੂੜ੍ਹਾ, ਤੇਜ਼, ਭੜਕੀਲਾ (ਰੰਗ) ।'

ਪੂਰਣ ਵਿਰਾਮ ਜਾਂ ਡੰਡੀ (. , ।) : ਬਹੁਤੇ ਕੋਸ਼ਾਂ ਵਿਚ ਪੂਰਣ ਵਿਰਾਮ ਦੀ ਅਢੁਕਵੀਂ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਅੰਗ੍ਰੇਜ਼ੀ ਕੋਸ਼ਾਂ ਵਿਚ ਹਰੇਕ ਅੰਦਰਾਜ ਖ਼ਤਮ ਹੋਣ ਤੇ ਪੂਰਣ ਵਿਰਾਮ ਲਗਾ ਦਿੱਤਾ ਜਾਂਦਾ ਹੈ । ਇਥੇ ਇਹ ਫਾਲਤੂ ਪ੍ਰਤੀਤ ਹੁੰਦਾ ਹੈ । ਪਰੰਤੂ ਇਸ ਦੀ ਵਰਤੋਂ ਹਰੇਕ ਸੰਖੇਪ-ਰੂਪ ਅਤੇ ਸੰਦਰਭ-ਉਕਤੀ ਨਾਲ ਅਵੱਸ਼ ਹੋਣੀ ਚਾਹੀਦੀ ਹੈ ਜਿਵੇਂ F., L., ਫ਼ਾ., ਸੰ., ਅਰ. ਆਦਿ ।

ਐੱਮ ਡੈਸ਼ (—) : ਇਸ ਦੀ ਵਰਤੋਂ ਕੁਝ ਕੋਸ਼ਾਂ ਵਿਚ ਕੋਸ਼ੀ ਇਕਾਈ ਦੀ ਪੁਨਰਾਵ੍ਰਿਤੀ ਬਚਾਉਣ ਲਈ ਅਥਵਾ ਨੈਸਟਿੰਗ ਦੇ ਮਨੋਰਥ ਤੋਂ ਕੀਤੀ ਜਾਂਦੀ ਹੈ ਜਿਵੇਂ **ਕਮ** (—ਉਮਰ, —ਅਕਲ, —ਬਖ਼ਤ) ।

ਸਵੰਗ ਡੈਸ਼ (~) : ਇਸ ਦੀ ਵਰਤੋਂ ਵੀ ਮੂਲ ਕੋਸ਼ੀ ਇਕਾਈ ਦੀ ਪੁਨਰਾਵ੍ਰਿਤੀ ਤੋਂ ਬਚਣ ਲਈ ਕੀਤੀ ਜਾਂਦੀ ਹੈ । ਇਹ ਥਾਂ ਦੀ ਸਭ ਤੋਂ ਵੱਧ ਬਚਤ ਕਰਨ ਵਿਚ ਸਹਾਈ ਹੁੰਦੀ ਹੈ ਜਿਵੇਂ **ਕਬਰ** (~ ਵਿਚ ਲੱਤਾਂ ਹੋਣਾ ; ~ ਵਿਚ ਸਭ ਇਕੋ ਜੇਹੇ) ।

ਇਨ੍ਹਾਂ ਦੇ ਇਲਾਵਾ ਹੋਰ ਵੀ ਅਨੇਕਾਂ ਚਿੰਨ੍ਹ ਅਤੇ ਸੰਕੇਤ ਹਨ ਜਿਨ੍ਹਾਂ ਦੀ ਵਰਤੋਂ ਕੋਸ਼ਕਾਰ ਵਿਭਿੰਨ ਮਨੋਰਥਾਂ ਲਈ ਕਰਦਾ ਹੈ । ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਕਰਨ ਸਮੇਂ ਇਕਸਾਰਤਾ

ਦਾ ਧਿਆਨ ਰੱਖਣਾ ਚਾਹੀਦਾ ਹੈ। ਕੋਸ਼ ਵਿਚ ਵਰਤੇ ਜਾਣ ਵਾਲੇ ਕੁਝ ਹੋਰ ਚਿੰਨ੍ਹ ਇਸ ਪ੍ਰਕਾਰ ਹਨ :

ਕੋਲਨ (:), ਪ੍ਰਸ਼ਨਸੂਚਕ ਚਿੰਨ੍ਹ (?), ਵਿਸਮਾਦ ਚਿੰਨ੍ਹ (!), ਛੋਟੀ ਬ੍ਰੈਕਟ ( ), ਵੱਡੀ ਬ੍ਰੈਕਟ [ ], ਉਲਟੇ ਕੌਮੇ (" "), ਤਾਰਾ-ਚਿੰਨ੍ਹ (*), ਭਾਗ ਚਿੰਨ੍ਹ, ਸਮਾਨਾਂਤਰ ਰੇਖਾਵਾਂ =, ਡੈਗਰ, ਪੈਰਾ ਚਿੰਨ੍ਹ, ਤਿਰਛੀ ਰੇਖਾ (/), ਤੀਰ-ਚਿੰਨ੍ਹ (→) ਆਦਿ। ਅੰਗ੍ਰੇਜ਼ੀ ਕੋਸ਼ਾਂ ਵਿਚ ਉਚਾਰਣ ਸਮੇਂ ਅੱਖਰਾਂ ਤੇ ਬਲ ਦੇਣ ਲਈ ਡਾਇਆਕ੍ਰਿਟਿਕ ਚਿੰਨ੍ਹਾਂ (') ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਦੇ ਇਲਾਵਾ ਕੋਸ਼ ਵਿਚ ਹਿੰਦਸਿਆਂ ਤੇ ਅੱਖਰਾਂ ਦੀ ਵੀ ਚਿੰਨ੍ਹਾਂ ਵਜੋਂ ਵਰਤੋਂ ਕੀਤੀ ਜਾਂਦੀ ਹੈ। ਅਰਬੀ ਹਿੰਦਸਿਆਂ ਦੀ ਵਰਤੋਂ ਸਮਨਾਮੀ ਸ਼ਬਦਾਂ ਨੂੰ ਨਿਖੇੜਨ ਜਾਂ ਬਹੁਅਰਥੀ ਸ਼ਬਦਾਂ ਦੇ ਮੁੱਖ ਅਰਥਾਂ ਨੂੰ ਵਖਰਿਆਉਣ ਲਈ ਕੀਤੀ ਜਾਂਦੀ ਹੈ। ਕੁਝ ਕੋਸ਼ਾਂ ਵਿਚ ਰੋਮਨ ਹਿੰਦਸਿਆਂ ਦਾ ਪ੍ਰਯੋਗ ਅਰਥਾਂ ਦੇ ਸੂਖਮ ਅਰਥ-ਭੇਦਾਂ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ। ਅੱਖਰਾਂ ਦੀ ਵਰਤੋਂ ਉਪ-ਅਰਥਾਂ ਜਾਂ ਉਪਅਰਥ-ਭੇਦਾਂ ਨੂੰ ਨਿਖੇੜਨ ਲਈ ਕੀਤੀ ਜਾਂਦੀ ਹੈ। ਇਨ੍ਹਾਂ ਦਾ ਪ੍ਰਯੋਗ ਕੋਸ਼ਕਾਰ ਦੀ ਤਕਨੀਕੀ ਜੁਗਤਾਂ ਦੇ ਪ੍ਰਯੋਗ ਲਈ ਅਪਣਾਈ ਵਿਧੀ ਤੇ ਨਿਰਭਰ ਕਰਦਾ ਹੈ।

(xvi) **ਸਪੇਸ :** ਮੁੱਖ ਅੰਦਰਾਜ ਦੀਆਂ ਵਿਭਿੰਨ ਮੱਦਾਂ ਨੂੰ ਖਲਤ-ਮਲਤ ਹੋਣ ਤੋਂ ਬਚਾਉਣ ਲਈ ਉਚਿਤ ਵਿੱਥ ਦੀ ਵਿਵਸਥਾ ਕੀਤੀ ਜਾਂਦੀ ਹੈ ਅਤੇ ਸ਼ਬਦਾਂ ਨੂੰ ਇਕ ਦੂਜੇ ਤੋਂ ਨਿਖੇੜਨ ਲਈ ਇਕ ਜਾਂ ਦੋ ਸਪੇਸਾਂ ਦੀ ਵਰਤੋਂ ਕੀਤੀ ਜਾਂਦੀ ਹੈ।

(xvii) **ਟਾਈਪ :** ਮੁੱਖ ਅੰਦਰਾਜ ਦੇ ਵਿਭਿੰਨ ਅੰਗਾਂ ਨੂੰ ਸਪਸ਼ਟਤਾ ਅਤੇ ਵਿਲੱਖਣਤਾ ਪ੍ਰਦਾਨ ਕਰਨ ਲਈ ਵੱਖ ਵੱਖ ਟਾਈਪ-ਫੇਸਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਮੁੱਖ ਅੰਦਰਾਜ ਤੇ ਉਪ-ਅੰਦਰਾਜ ਨੂੰ ਗੂੜ੍ਹੇ ਟਾਈਪ ਵਿਚ ਦਿੱਤਾ ਜਾਂਦਾ ਹੈ। ਮੁੱਖ ਸ਼ਬਦ ਦੇ ਸ਼ਬਦ-ਰੂਪਾਂ ਨੂੰ ਵੀ ਗੂੜ੍ਹੇ ਟਾਈਪ ਵਿਚ ਦਿੱਤਾ ਜਾਂਦਾ ਹੈ। ਅਰਥ ਅਤੇ ਹੋਰ ਸੂਚਨਾ ਛੋਟੇ ਟਾਈਪ ਵਿਚ ਦਿੱਤੀ ਜਾਂਦੀ ਹੈ। ਟੇਢੇ ਅੱਖਰਾਂ ਦਾ ਪ੍ਰਯੋਗ ਸ਼ਬਦ-ਸੂਚਕਾਂ ਜਾਂ ਦ੍ਰਿਸ਼ਟਾਂਤੀ ਉਦਾਹਰਣਾਂ, ਟੂਕਾਂ ਆਦਿ ਲਈ ਕੀਤਾ ਜਾਂਦਾ ਹੈ। ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਲਈ ਵੀ ਟੇਢੇ ਅੱਖਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ dharma ਦਾ ਅੰਦਰਾਜ ਜਦੋਂ ਅੰਗ੍ਰੇਜ਼ੀ ਕੋਸ਼ ਵਿਚ ਕੀਤਾ ਜਾਏਗਾ ਤਾਂ ਇਸ ਨੂੰ ਟੇਢੇ ਅੱਖਰਾਂ ਅਰਥਾਤ *dharma* ਦੇ ਰੂਪ ਵਿਚ ਦਿੱਤਾ ਜਾਏਗਾ।

ਵੱਡੇ ਅੱਖਰਾਂ ਦਾ ਪ੍ਰਯੋਗ ਹਰੇਕ ਭਾਸ਼ਾ ਵਿਚ ਨਹੀਂ ਕੀਤਾ ਜਾਂਦਾ। ਪਰੰਤੂ ਜਿਨ੍ਹਾਂ ਭਾਸ਼ਾਵਾਂ ਵਿਚ ਇਹ ਪ੍ਰਥਾ ਮੌਜੂਦ ਹੈ, ਉਥੇ ਇਨ੍ਹਾਂ ਦੇ ਪ੍ਰਯੋਗ ਬਾਰੇ ਸਚੇਤ ਰਹਿਣ ਦੀ ਲੋੜ ਹੈ ਅਤੇ ਇਨ੍ਹਾਂ ਦੀ ਵਰਤੋਂ ਇਸ ਪ੍ਰਕਾਰ ਹੋਣੀ ਚਾਹੀਦੀ ਹੈ :

(ੳ) ਵਿਅਕਤੀਆਂ ਅਤੇ ਥਾਵਾਂ ਦੇ ਨਾਵਾਂ ਵਿਚ;

(ਅ) ਵਿਅਕਤੀਆਂ, ਵਿਸ਼ਿਆਂ, ਭਾਸ਼ਾਵਾਂ ਆਦਿ ਦੇ ਸੰਖੇਪ-ਰੂਪਾਂ ਵਿਚ;

(ੲ) ਸਭ ਸੰਖੇਪ-ਰੂਪਾਂ ਦੇ ਪਹਿਲੇ ਅੱਖਰਾਂ ਵਿਚ;

(ਸ) ਪੌਦਿਆਂ ਦੇ ਮੂਲ ਨਾਵਾਂ ਵਿਚ; ਅਤੇ

(ਹ) ਅਰਥ-ਭੇਦ ਨੂੰ ਨਿਖੇੜਨ ਲਈ A B C ਵਜੋਂ।

ਉਪਰ-ਵਰਣਿਤ ਤਕਨੀਕੀ ਜੁਗਤਾਂ ਦੀ ਇਕਸਾਰਤਾ ਦਾ ਕੋਸ਼ ਦੇ ਮਤਨ ਵਿਚ ਉਚੇਚਾ ਧਿਆਨ ਰੱਖਣ ਦੀ ਲੋੜ ਹੈ।

5.3 ਕੋਸ਼ ਦਾ ਮਤਨ/ਪਾਠ : ਭੂਮਿਕਾ ਵਾਲੇ ਭਾਗ ਤੋਂ ਪਿਛੋਂ ਕੋਸ਼ ਦਾ ਅਸਲੀ ਤੇ ਮੁੱਖ ਭਾਗ ਅਰਥਾਤ ਕੋਸ਼ ਦਾ ਮਤਨ/ਪਾਠ ਦਿੱਤਾ ਜਾਂਦਾ ਹੈ ਜਿਸ ਵਿਚ ਕੋਸ਼ੀ ਇਕਾਈਆਂ ਨੂੰ ਸੰਬੰਧਿਤ ਭਾਸ਼ਾ ਦੇ ਸਥਾਪਿਤ ਅਤੇ ਨਿਸ਼ਚਿਤ ਅੱਖਰ-ਕ੍ਰਮ ਅਨੁਸਾਰ ਦਰਜ ਕੀਤਾ ਜਾਂਦਾ ਹੈ ਤਾਂ ਕਿ ਪ੍ਰਯੋਗਕਰਤਾ ਸੰਬੰਧਿਤ ਸ਼ਬਦ ਨੂੰ ਤੁਰੰਤ ਅਤੇ ਬੇਲੋੜੀ ਮੁਸ਼ਕਿਲ ਦੇ ਲੱਭ ਸਕੇ। ਹਰੇਕ ਕੋਸ਼ੀ ਇਕਾਈ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਂਦੀ ਹੈ। ਕੋਸ਼ਕਾਰ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਭੂਮਿਕਾ ਵਿਚ ਨਿੱਕੇ ਨਿੱਕੇ ਵੇਰਵਿਆਂ ਦੇ ਰੂਪ ਵਿਚ ਦਿੱਤੀ ਸਾਰੀ ਸਿਧਾਂਤਕ ਜਾਣਕਾਰੀ ਦਾ ਕੋਸ਼ ਦੇ ਮਤਨ ਵਿਚ ਵਿਵਹਾਰਕ ਅਤੇ ਇਕਸਾਰ ਪ੍ਰਯੋਗ ਕਰੇ। ਕੋਸ਼ ਦੇ ਮਤਨ ਵਿਚ ਇਕਸਾਰਤਾ ਦਾ ਹੋਣਾ ਅਤਿ ਆਵੱਸ਼ਕ ਹੈ।

5.4 ਅੰਤਿਕਾਵਾਂ : ਅੰਤਿਕਾਵਾਂ ਹਰੇਕ ਕੋਸ਼ ਦਾ ਅੰਗ ਨਹੀਂ ਹੁੰਦੀਆਂ। ਨਾਲੇ, ਵੱਖ ਵੱਖ ਕੋਸ਼ਾਂ ਵਿਚ ਵੱਖ ਵੱਖ ਅੰਤਿਕਾਵਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਭਾਰ ਅਤੇ ਮਾਪ, ਭੂਗੋਲਕ ਨਾਂ ਅਤੇ ਹੋਰ ਨਾਵਾਂ ਦੀ ਸੂਚੀ, ਚਿੱਤਰ-ਸੂਚੀ, ਗਿਣਤੀ-ਚਿੰਨ੍ਹ, ਸੈਨਿਕ ਪਦ, ਵਿਅਕਤੀਆਂ ਅਤੇ ਥਾਵਾਂ ਦੀ ਸੂਚੀ, ਮਹੀਨਿਆਂ ਤੇ ਦਿਨਾਂ ਦੇ ਨਾਂ, ਫਲਾਂ ਤੇ ਸਬਜ਼ੀਆਂ ਦੇ ਨਾਂ, ਮਨੁੱਖੀ ਸਰੀਰ ਦੇ ਅੰਗਾਂ ਦੇ ਨਾਂ ਆਦਿ ਅੰਤਿਕਾਵਾਂ ਵਿਚ ਦਿੱਤੇ ਜਾਂਦੇ ਹਨ। ਕਈ ਵਾਰ ਵਿਸ਼ਵ ਦੇ ਵਿਭਿੰਨ ਖਿੱਤਿਆਂ ਦੇ ਨਕਸ਼ੇ ਵੀ ਅੰਤਿਕਾ ਵਾਲੇ ਭਾਗ ਦੇ ਅੰਤਰਗਤ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ, ਕੁਝ ਕੋਸ਼ਾਂ ਵਿਚ ਵਿਆਕਰਣਕ ਅਨਿਯਮਿਤਤਾਵਾਂ ਤੇ ਅਸੰਗਤੀਆਂ ਆਦਿ ਦੀ ਸੂਚੀ ਵੀ ਦਰਜ ਕੀਤੀ ਜਾਂਦੀ ਹੈ। ਵਿਵਹਾਰਕ ਦ੍ਰਿਸ਼ਟੀ ਤੋਂ ਅੰਤਿਕਾਵਾਂ ਵਿਚ ਦਿੱਤੀ ਸੂਚਨਾ ਅਤਿਅੰਤ ਉਪਯੋਗੀ ਹੁੰਦੀ ਹੈ।

5.5 ਕੋਸ਼ ਦਾ ਰੂਪ ਅਤੇ ਆਕਾਰ : ਇਸ ਅਧਿਆਇ ਦੇ ਆਰੰਭ ਵਿਚ ਹੀ ਸਪਸ਼ਟ ਕੀਤਾ ਗਿਆ ਹੈ ਕਿ ਕੋਸ਼ ਵਿਚ ਵਰਤੀਆਂ ਜਾਂਦੀਆਂ ਤਕਨੀਕੀ ਜੁਗਤਾਂ ਦਾ ਮੁੱਖ ਉਦੇਸ਼ ਕੋਸ਼ ਨੂੰ ਅਤਿ ਆਕਰਸ਼ਕ ਅਤੇ ਸੁਹਜਾਤਮਕ ਰੂਪ ਵਿਚ ਪ੍ਰਸਤੁਤ ਕਰਨਾ ਹੈ। ਟਾਈਟਲ ਵਿਚ ਪ੍ਰਯੋਗ ਕੀਤੇ ਟਾਈਪ ਦੀ ਚੋਣ ਅਤੇ ਵਿਓਂਤਬੰਦੀ ਉਪਯੁਕਤ ਅਤੇ ਅਨੁਪਾਤਕ ਢੰਗ ਨਾਲ ਕਰਨੀ ਚਾਹੀਦੀ ਹੈ। ਟਾਈਪ ਮੋਟਾ, ਗੂੜ੍ਹਾ, ਬਾਰੀਕ, ਟੇਢਾ ਆਦਿ ਵਰਤਿਆ ਜਾ ਸਕਦਾ ਹੈ। ਕੋਸ਼ ਵਿਚ ਟਾਈਪ ਦੀ ਇਕਸਾਰਤਾ ਦਾ ਹੋਣਾ ਬਹੁਤ ਜ਼ਰੂਰੀ ਹੈ।

ਛਪਾਈ ਦੀਆਂ ਗ਼ਲਤੀਆਂ ਤੋਂ ਕੋਸ਼ ਲਗਭਗ ਮੁਕਤ ਹੋਣਾ ਚਾਹੀਦਾ ਹੈ। ਕੋਸ਼ ਦੀ ਜਿਲਦ ਬਹੁਤੀ ਭਾਰੀ ਨਾ ਹੋਵੇ। ਜੇ ਕੋਸ਼ ਦਾ ਆਕਾਰ ਵੱਡਾ ਹੋਣ ਦੀ ਸੰਭਾਵਨਾ ਹੋਵੇ ਤਾਂ ਕੋਸ਼ ਦੀਆਂ ਇਕ ਤੋਂ ਵੱਧ ਜਿਲਦਾਂ ਬਣਾਈਆਂ ਜਾ ਸਕਦੀਆਂ ਹਨ। ਕੋਸ਼ ਦਾ ਕਾਗ਼ਜ਼ ਵਧੀਆ ਅਤੇ ਪਾਇਦਾਰ ਹੋਵੇ ਅਤੇ ਇਕ ਕਿਸਮ ਦਾ ਕਾਗ਼ਜ਼ ਸਾਰੇ ਕੋਸ਼ ਵਿਚ ਵਰਤਿਆ ਜਾਵੇ। ਕੋਸ਼ ਦੀ ਛਪਾਈ ਬਹੁਤ ਹੀ ਸੁੰਦਰ ਹੋਵੇ।

ਕੋਸ਼ਕਾਰ ਨੂੰ ਕੋਸ਼ ਨਿਰਮਾਣ ਸਮੇਂ ਉਪਰ-ਵਰਣਿਤ ਵਿਭਿੰਨ ਤਕਨੀਕੀ ਜੁਗਤਾਂ ਦੀ ਭਰਪੂਰ ਵਰਤੋਂ ਕਰਨੀ ਚਾਹੀਦੀ ਹੈ। ਇਹ ਸਾਰੀਆਂ ਜੁਗਤਾਂ ਸੰਜਮ ਦੇ ਸਿਧਾਂਤ ਤੇ ਆਧਾਰਿਤ ਹਨ। ਕੋਸ਼ੀ ਸਾਮੱਗਰੀ ਨੂੰ ਸੰਖੇਪ ਅਤੇ ਸਿਮਟਵੇਂ ਰੂਪ ਵਿਚ ਪ੍ਰਸਤੁਤ ਕਰਨ ਲਈ ਸੰਜਮ ਦੇ ਸਿਧਾਂਤ ਦੀ ਵਰਤੋਂ ਲਾਜ਼ਮੀ ਹੈ। ਪਰੰਤੂ ਇਸ ਪ੍ਰਸੰਗ ਵਿਚ ਇਹ ਯਕੀਨੀ ਬਣਾਉਣਾ ਆਵੱਸ਼ਕ ਹੈ ਕਿ ਸੰਜਮ ਦੇ ਸਿਧਾਂਤ ਨਾਲ ਅਰਥ ਦੀ ਸਪਸ਼ਟਤਾ ਦਾ ਸਿਧਾਂਤ ਕਿਸੇ ਵੀ ਪੱਧਰ ਤੇ ਭੰਗ ਨਾ ਹੋਵੇ।

ਛੇਵਾਂ ਅਧਿਆਇ

ਦੁਭਾਸ਼ੀ ਕੋਸ਼

6.0 ਦੁਭਾਸ਼ੀ ਕੋਸ਼ਾਂ ਦਾ ਮਹੱਤਵ : ਅੰਤਰਰਾਸ਼ਟਰੀ ਸੰਚਾਰ ਵਿਵਸਥਾ ਦੇ ਵਿਕਸਿਤ ਹੋਣ, ਕੌਮਾਂਤਰੀ ਪਰਸਪਰ ਪ੍ਰਭਾਵ ਅਤੇ ਸਹਿਯੋਗ ਵਧਣ ਦੇ ਫਲਸਰੂਪ ਵਿਚਾਰਾਂ ਦੇ ਪਰਸਪਰ ਆਦਾਨ-ਪ੍ਰਦਾਨ, ਗਿਆਨ ਦੀ ਤ੍ਰਿਪਤੀ ਅਤੇ ਰੋਜ਼ ਮੱਰਾ ਦੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਲਈ ਦੁਭਾਸ਼ੀ ਕੋਸ਼ ਸਾਡੀਆਂ ਵਿਦਿਅਕ, ਬੌਧਿਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਅਟੁੱਟ ਅੰਗ ਬਣ ਗਏ ਹਨ। ਸੰਸਾਰ ਦੇ ਸਿਮਟ ਕੇ ਇਕ ਕ੍ਰਿਆਸ਼ੀਲ ਇਕਾਈ ਬਣ ਜਾਣ ਨਾਲ ਇਨ੍ਹਾਂ ਕੋਸ਼ਾਂ ਦਾ ਮਹੱਤਵ ਅਤੇ ਸਾਰਥਕਤਾ ਹੋਰ ਵੀ ਵਧ ਗਈ ਹੈ। ਨਾਲੇ, ਵਰਤਮਾਨ ਸੰਦਰਭ ਵਿਚ ਤਕਨੀਕੀ ਅਤੇ ਵਿਗਿਆਨਕ ਗਿਆਨ ਦੇ ਤੇਜ਼ ਵਿਕਾਸ ਨੇ ਪਰਸਪਰ ਵਿਚਾਰ-ਵਟਾਂਦਰੇ ਦੀ ਲੋੜ ਨੂੰ ਤਿੱਖਾ ਕੀਤਾ ਹੈ। ਗਿਆਨ-ਜਿਗਿਆਸਾ ਦੀ ਸੰਤੁਸ਼ਟੀ ਲਈ ਵਿਸ਼ੇਸ਼ ਭਾਸ਼ਾਈ ਅਤੇ ਸਭਿਆਚਾਰਕ ਪ੍ਰਬੰਧ ਦੇ ਲੋਕਾਂ ਦਾ ਭਿੰਨ ਭਾਸ਼ਾਈ ਅਤੇ ਸਭਿਆਚਾਰਕ ਪ੍ਰਬੰਧ ਤੋਂ ਪਰਿਚਿਤ ਹੋਣਾ ਕੋਈ ਗੈਰਕੁਦਰਤੀ ਵਰਤਾਰਾ ਨਹੀਂ ਹੈ। ਦੁਭਾਸ਼ੀ ਕੋਸ਼ਾਂ ਦੀ ਅਹਿਮੀਅਤ ਦਾ ਇਹ ਮੁੱਖ ਵਿਵਹਾਰਕ ਆਧਾਰ ਹੈ। ਵਿਦਿਅਕ, ਬੌਧਿਕ ਅਤੇ ਵਿਵਹਾਰਕ ਲੋੜਾਂ ਦੀ ਪੂਰਤੀ ਲਈ ਸਭ ਤੋਂ ਪਹਿਲਾਂ "ਪ੍ਰਾਚੀਨਤਮ ਉਪਲਬਧ ਕੋਸ਼ ਇਰਾਕ ਵਿਚ ਤਿਆਰ ਕੀਤੇ ਗਏ। ਅਸੀਰੀਅਨ ਲਗਭਗ ਤਿੰਨ ਹਜ਼ਾਰ ਸਾਲ ਪਹਿਲਾਂ ਬੇਬੀਲੋਨੀਆ ਆਏ। ਉਨ੍ਹਾਂ ਨੂੰ ਸੁਮੇਰੀਅਨ ਚਿੰਨ੍ਹਾਂ ਨੂੰ ਸਮਝਣ ਵਿਚ ਦਿੱਕਤ ਮਹਿਸੂਸ ਹੋਈ ਅਤੇ ਉਨ੍ਹਾਂ ਦੇ ਸਕੂਲੀ ਵਿਦਿਆਰਥੀਆਂ ਨੇ 'ਅੱਖਰਮਾਲਾਵਾਂ' (syllabaries) ਤਿਆਰ ਕਰਨੀਆਂ ਉਪਯੋਗੀ ਸਮਝੀਆਂ ਜਿਨ੍ਹਾਂ ਵਿਚ ਸੁਮੇਰੀਅਨ ਚਿੰਨ੍ਹਾਂ ਦੇ ਨਾਲ ਨਾਲ ਇਨ੍ਹਾਂ ਦਾ ਅਨੁਵਾਦ ਵੀ ਦਿੱਤਾ ਗਿਆ। ਅਰਬੀ ਕੋਸ਼ਕਾਰੀ ਮਜ਼ਹਬੀ ਕਾਰਣਾਂ ਕਰਕੇ ਸੱਤਵੀਂ ਸਦੀ ਵਿਚ ਆਰੰਭ ਹੋਈ। ਪਹਿਲਾਂ ਕੋਸ਼ਾਂ ਨੂੰ ਕੁਰਾਨ ਅਤੇ ਹਦੀਸ ਵਿਚ ਆਏ ਦੁਰਲੱਭ ਸ਼ਬਦਾਂ ਦੀ ਵਿਆਖਿਆ ਲਈ ਲਿਖਿਆ ਗਿਆ। ਮੁਢਲੀਆਂ ਅੰਗ੍ਰੇਜ਼ੀ ਦੁਭਾਸ਼ੀ ਗਲਾਸਰੀਆਂ ਵਿਦਿਅਕ ਲੋੜਾਂ ਦੀ ਪੂਰਤੀ ਲਈ ਵਿਕਸਿਤ ਹੋਈਆਂ। ਸਕੂਲ ਮਾਸਟਰਾਂ ਨੇ ਲਾਤੀਨੀ-ਅੰਗ੍ਰੇਜ਼ੀ ਗਲਾਸਰੀਆਂ ਤਿਆਰ ਕੀਤੀਆਂ ਤਾਂ ਕਿ ਉਨ੍ਹਾਂ ਦੇ ਵਿਦਿਆਰਥੀ ਲਾਤੀਨੀ ਵਿਚ ਲਿਖੀਆਂ ਪਾਠ-ਪੁਸਤਕਾਂ ਨੂੰ ਸਮਝ ਸਕਣ।"[1] ਕਹਿਣ ਦਾ ਭਾਵ ਇਹ ਕਿ ਦੁਭਾਸ਼ੀ ਕੋਸ਼ਾਂ ਦੇ ਮੁਢਲੇ ਰੂਪ ਸ਼ਬਦ-ਸੂਚੀਆਂ' (ਗਲਾਸਰੀਆਂ)ਨੇ ਸਾਡੀਆਂ ਵਿਦਿਅਕ, ਵਿਵਹਾਰਕ ਅਤੇ ਸਭਿਆਚਾਰਕ ਲੋੜਾਂ ਦੀ ਪੂਰਤੀ ਲਈ ਅਸਤਿੱਤਵ ਗ੍ਰਹਿਣ ਕੀਤਾ ਅਤੇ ਹੌਲੀ ਹੌਲੀ ਇਨ੍ਹਾਂ ਨੇ ਵਿਗਿਆਨਕ

ਆਧਾਰਾਂ ਤੇ ਤਿਆਰ ਕੀਤੇ ਜਾਣ ਵਾਲੇ ਦੁਭਾਸ਼ੀ ਕੋਸ਼ਾਂ ਦਾ ਰੂਪ ਧਾਰਣ ਕਰ ਲਿਆ। ਅੱਜ ਇਹ ਕੋਸ਼ ਹਰੇਕ ਸਭਿਆਚਾਰਕ ਪ੍ਰਬੰਧ ਦੀ ਬੁਨਿਆਦੀ ਲੋੜ ਬਣ ਗਏ ਹਨ।

6.1 ਦੁਭਾਸ਼ੀ ਕੋਸ਼ ਦਾ ਸਰੂਪ : ਦੁਭਾਸ਼ੀ ਕੋਸ਼ ਦਾ ਸਰੂਪ ਇਸ ਦੇ ਨਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿਚ ਦੋ ਭਾਸ਼ਾਵਾਂ ਦੇ ਰੂਪਾਤਮਕ, ਵਿਆਕਰਣਕ, ਅਰਥਗਤ ਅਤੇ ਸਭਿਆਚਾਰਕ ਪ੍ਰਬੰਧਾਂ ਦੀ ਤੁਲਨਾ ਕੀਤੀ ਜਾਂਦੀ ਹੈ ਅਰਥਾਤ ਦੁਭਾਸ਼ੀ ਕੋਸ਼ ਵਿਚ ਦੋ ਭਾਸ਼ਾਵਾਂ ਸੰਮਿਲਿਤ ਹੁੰਦੀਆਂ ਹਨ : ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ। ਸ੍ਰੋਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੀ ਟੀਚਾ ਭਾਸ਼ਾ ਵਿਚ ਪਰਿਭਾਸ਼ਾ ਜਾਂ ਵਿਆਖਿਆ ਕੀਤੀ ਜਾਂਦੀ ਹੈ। ਜਿਸ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਪਰਿਭਾਸ਼ਿਤ ਕੀਤੀਆਂ ਜਾਂਦੀਆਂ ਹਨ ਉਸ ਨੂੰ ਸ੍ਰੋਤ ਭਾਸ਼ਾ ਅਤੇ ਇਨ੍ਹਾਂ ਕੋਸ਼ੀ ਇਕਾਈਆਂ ਦੇ ਅਰਥ ਅਤੇ ਪਰਿਭਾਸ਼ਾ ਵਿਚ ਪ੍ਰਯੋਗ ਕੀਤੀ ਭਾਸ਼ਾ ਨੂੰ ਟੀਚਾ ਭਾਸ਼ਾ ਆਖਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ, ਸ੍ਰੋਤ ਭਾਸ਼ਾ ਮੁੱਖ ਅੰਦਰਾਜ ਦੀ ਭਾਸ਼ਾ ਹੁੰਦੀ ਹੈ ਅਤੇ ਟੀਚਾ ਭਾਸ਼ਾ ਅੰਦਰਾਜ ਸ਼ਬਦ ਦੇ ਅਨੁਵਾਦ, ਸਮਤੁੱਲ ਸ਼ਬਦਾਂ ਜਾਂ ਅਰਥਾਂ ਦੀ ਭਾਸ਼ਾ ਹੁੰਦੀ ਹੈ। ਇਨ੍ਹਾਂ ਕੋਸ਼ਾਂ ਦੇ ਟਾਈਟਲ ਤੋਂ ਇਨ੍ਹਾਂ ਕੋਸ਼ਾਂ ਦਾ ਸਰੂਪ ਸਪਸ਼ਟ ਹੋ ਜਾਂਦਾ ਹੈ ਜਿਵੇਂ 'ਅੰਗ੍ਰੇਜ਼ੀ-ਪੰਜਾਬੀ ਕੋਸ਼' ਵਿਚ ਅੰਗ੍ਰੇਜ਼ੀ ਸ੍ਰੋਤ ਭਾਸ਼ਾ ਹੈ ਅਤੇ ਪੰਜਾਬੀ ਟੀਚਾ ਭਾਸ਼ਾ ਅਰਥਾਤ ਮੁੱਖ ਅੰਦਰਾਜਾਂ ਵਿਚ ਰੋਮਨ ਲਿਪੀ ਅਤੇ ਅਰਥ ਦੇਣ ਲਈ ਗੁਰਮੁਖੀ ਲਿਪੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਇਲਾਵਾ ਕੋਸ਼ੀ ਇਕਾਈਆਂ ਦਾ ਕ੍ਰਮ ਵੀ ਸ੍ਰੋਤ ਭਾਸ਼ਾ ਦੇ ਅੱਖਰ-ਕ੍ਰਮ ਅਨੁਸਾਰ ਹੀ ਹੁੰਦਾ ਹੈ। ਕਦੇ ਕਦੇ ਟੀਚਾ ਭਾਸ਼ਾ ਦੀ ਵਰਣਮਾਲਾ ਦਾ ਪ੍ਰਯੋਗ ਵੀ ਸ੍ਰੋਤ ਭਾਸ਼ਾ ਦੇ ਮੁੱਖ ਅੰਦਰਾਜ ਦੇਣ ਲਈ ਕੀਤਾ ਜਾਂਦਾ ਹੈ। ਇਹੀ ਵਿਧੀ ਮੱਯਾ ਸਿੰਘ ਦੀ 'ਦ ਪੰਜਾਬੀ ਡਿਕਸ਼ਨਰੀ' ਅਤੇ ਇਹੋ ਜਿਹੇ ਕਈ ਹੋਰ ਕੋਸ਼ਾਂ ਵਿਚ ਅਪਣਾਈ ਗਈ ਹੈ। ਅਜਿਹਾ ਸਾਧਾਰਣ ਪ੍ਰਯੋਗਕਰਤੇ ਦੀ ਸੁਵਿਧਾ ਅਤੇ ਹਿਤ ਲਈ ਕੀਤਾ ਜਾਂਦਾ ਹੈ ਕਿ ਟੀਚਾ ਭਾਸ਼ਾ ਦੇ ਵਿਅਕਤੀ ਨੂੰ ਸ੍ਰੋਤ ਭਾਸ਼ਾ ਦੀ ਲਿਪੀ ਵਿਚ ਦਿੱਤੇ ਅੰਦਰਾਜ ਲੱਭਣ ਵਿਚ ਕੋਈ ਪਰੇਸ਼ਾਨੀ ਨਾ ਹੋਵੇ। ਇਹੀ ਕਾਰਣ ਹੈ ਕਿ ਉਨ੍ਹੀਵੀਂ ਸਦੀ ਦੇ ਕਈ ਹਿੰਦੁਸਤਾਨੀ-ਅੰਗ੍ਰੇਜ਼ੀ ਦੁਭਾਸ਼ੀ ਕੋਸ਼ਾਂ ਵਿਚ ਹਿੰਦੀ-ਉਰਦੂ ਦੇ ਅੰਦਰਾਜ ਅੰਗ੍ਰੇਜ਼ੀ ਵਿਚ ਦਿੱਤੇ ਗਏ ਹਨ ਅਤੇ ਇਸੇ ਕਰਕੇ ਇਨ੍ਹਾਂ ਕੋਸ਼ਾਂ ਵਿਚ ਇਨ੍ਹਾਂ ਅੰਦਰਾਜਾਂ ਦਾ ਕ੍ਰਮ ਵੀ ਰੋਮਨ ਵਰਣਮਾਲਾ ਵਾਲਾ ਹੀ ਹੈ। ਕਦੇ ਕਦੇ ਅਜਿਹਾ ਵੀ ਵੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਦੋ ਭਾਸ਼ਾਵਾਂ ਦਾ ਕੋਸ਼ ਤਿਆਰ ਕੀਤਾ ਜਾ ਰਿਹਾ ਹੈ, ਉਨ੍ਹਾਂ ਦੋਹਾਂ ਭਾਸ਼ਾਵਾਂ ਦੀਆਂ ਲਿਪੀਆਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ, ਸਗੋਂ ਕਿਸੇ ਤੀਜੀ ਭਾਸ਼ਾ ਦੀ ਲਿਪੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਉਸੇ ਭਾਸ਼ਾ ਦੀ ਲਿਪੀ ਅਨੁਸਾਰ ਹੀ ਅੰਦਰਾਜਾਂ ਦਾ ਕ੍ਰਮ ਹੁੰਦਾ ਹੈ। ਅਜਿਹਾ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਸ੍ਰੋਤ ਅਤੇ ਟੀਚਾ ਭਾਸ਼ਾਵਾਂ ਦੀ ਤੁਲਨਾ ਵਿਚ ਤੀਜੀ ਭਾਸ਼ਾ ਦਾ ਮਹੱਤਵ ਅਧਿਕ ਹੋਵੇ। ਉਦਾਹਰਣ ਵਜੋਂ, ਉਨ੍ਹੀਵੀਂ ਸਦੀ ਦੇ ਇਕ ਹਿੰਦੀ-ਤਮਿਲ ਕੋਸ਼ ਵਿਚ ਮੁੱਖ ਅੰਦਰਾਜ ਅਤੇ ਸਮਤੁੱਲ ਸ਼ਬਦ ਦੋਵੇਂ ਅੰਗ੍ਰੇਜ਼ੀ ਵਿਚ ਹਨ। ਪਰ ਮੁੱਖ ਤੌਰ ਤੇ ਦੁਭਾਸ਼ੀ ਕੋਸ਼ਾਂ ਦਾ ਸਮੁੱਚਾ ਕਾਰਜ ਇਕ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦਾ ਦੂਜੀ ਭਾਸ਼ਾ

ਦੀਆਂ ਕੋਸ਼ੀ ਇਕਾਈਆਂ ਦੇ ਸਮਤੁੱਲ ਸ਼ਬਦ ਪ੍ਰਦਾਨ ਕਰਨਾ ਹੁੰਦਾ ਹੈ ਅਰਥਾਤ "ਇਕ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੇ ਤੁੱਲ ਦੂਜੀ ਭਾਸ਼ਾ ਦੀਆ ਉਹ ਕੋਸ਼ੀ ਇਕਾਈਆਂ ਪ੍ਰਦਾਨ ਕਰਨਾ ਜਿਹੜੀਆਂ ਕੋਸ਼ੀ ਅਰਥਾਂ ਵਿਚ ਸਮਤੁੱਲ ਹੋਣ।"[2] ਇਹ "ਅੰਤਰਰਾਸ਼ਟਰੀ ਅਨੁਵਾਦ ਜਾਂ ਵਾਸਤਵਿਕ ਅਨੁਵਾਦ ਦਾ ਖੇਤਰ ਹੈ... ਭਾਸ਼ਾਈ ਚਿੰਨ੍ਹਾਂ ਦੀ ਕਿਸੇ ਹੋਰ ਭਾਸ਼ਾ ਦੁਆਰਾ ਵਿਆਖਿਆ।"[3] ਪਰੰਤੂ ਦੁਭਾਸ਼ੀ ਕੋਸ਼ ਤਿਆਰ ਕਰਨ ਸਮੇਂ ਸਭ ਤੋਂ ਵੱਡੀ ਸਮੱਸਿਆ ਉਦੋਂ ਆਉਂਦੀ ਹੈ ਜਦੋਂ ਕਿਸੇ ਸ਼ਬਦ ਲਈ ਟੀਚਾ ਭਾਸ਼ਾ ਵਿਚ ਉਚਿਤ ਸ਼ਬਦ ਉਪਲਬਧ ਨਹੀਂ ਹੁੰਦਾ। ਅਜਿਹੀ ਸਮੱਸਿਆ ਦੇ ਸਮਾਧਾਨ ਲਈ ਕੋਸ਼-ਵਿਗਿਆਨੀਆਂ ਨੇ ਸਮਤੁੱਲ ਸ਼ਬਦ ਦੇਣ ਸਮੇਂ ਕੋਸ਼ਕਾਰ ਨੂੰ ਭਾਸ਼ਾ ਦੀ ਸ਼ਬਦਾਵਲੀ ਵਿਸਤ੍ਰਿਤ ਕਰਨ ਦੇ ਉਪਲਬਧ ਸਾਧਨਾਂ ਬਾਰੇ ਸਚੇਤ ਰਹਿਣ ਦਾ ਸੁਝਾਅ ਦਿੱਤਾ ਹੈ ਜਿਵੇਂ "(1) ਸ਼ਬਦ ਉਧਾਰ ਲੈਣੇ; (2) ਨਵੇਂ ਸ਼ਬਦ ਘੜਨੇ; (3) ਪ੍ਰਚਲਿਤ ਸ਼ਬਦਾਂ ਨੂੰ ਨਵੇਂ ਅਰਥ ਪ੍ਰਦਾਨ ਕਰਨਾ; (4) ਪ੍ਰਚਲਿਤ ਸ਼ਬਦਾਂ ਦਾ ਅਰਥ ਵਿਸਤਾਰ ਕਰਨਾ, ਅਤੇ (5) ਭਾਸ਼ਾ ਦੇ ਨਿਹਿਤ ਤੱਤਾਂ ਤੋਂ ਨਵੇਂ ਸ਼ਬਦ ਤਿਆਰ ਕਰਨਾ।"[4]

6.2 ਦੁਭਾਸ਼ੀ ਕੋਸ਼ ਦੀ ਯੋਜਨਾ : ਦੁਭਾਸ਼ੀ ਕੋਸ਼ ਦੇ ਵਾਸਤਵਿਕ ਸੰਕਲਨ ਤੋਂ ਪਹਿਲਾਂ ਕੋਸ਼ਕਾਰ ਲਈ ਦੋ ਮਹੱਤਵਪੂਰਣ ਪ੍ਰਸ਼ਨਾਂ ਦਾ ਉੱਤਰ ਦੇਣਾ ਜ਼ਰੂਰੀ ਹੈ: (1) ਕੋਸ਼ ਦਾ ਉਦੇਸ਼ ਕੀ ਹੈ ਅਤੇ ਕਿਹੜੇ ਪ੍ਰਯੋਗਕਰਤੇ ਲਈ ਲਿਖਿਆ ਜਾ ਰਿਹਾ ਹੈ ? ਕੀ ਕੋਸ਼ ਸ੍ਰੋਤ ਅਤੇ ਟੀਚਾ ਦੋਹਾਂ ਭਾਸ਼ਾਵਾਂ ਦੇ ਬੁਲਾਰਿਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਹਿਤ ਤਿਆਰ ਕੀਤਾ ਜਾ ਰਿਹਾ ਹੈ ਜਾਂ ਕੇਵਲ ਸ੍ਰੋਤ ਭਾਸ਼ਾ ਦੇ ਬੁਲਾਰਿਆਂ ਦੀ ਜਾਂ ਕੇਵਲ ਟੀਚਾ ਭਾਸ਼ਾ ਦੇ ਬੁਲਾਰਿਆਂ ਦੀ ਮੰਗ ਦੀ ਪੂਰਤੀ ਕਰਨ ਲਈ ਕ੍ਰਿਆਸ਼ੀਲ ਹੈ ? ਅਤੇ (2) ਕੋਸ਼ ਕਿਹੜੇ ਪ੍ਰਯੋਗਕਰਤਾ ਦੀ ਕਿਹੜੀ ਲੋੜ ਦੀ ਪੂਰਤੀ ਕਰਦਾ ਹੈ ? ਕੀ ਇਹ ਪ੍ਰਯੋਗਕਰਤਾ ਦੀ ਵਿਦੇਸ਼ੀ ਭਾਸ਼ਾ ਦਾ ਬੋਧ ਪ੍ਰਾਪਤ ਕਰਨ ਵਿਚ ਸਹਾਇਤਾ ਕਰਦਾ ਹੈ ਜਾਂ ਵਿਦੇਸ਼ੀ ਭਾਸ਼ਾ ਵਿਚ ਰਚਨਾ ਕਾਰਜ ਨੂੰ ਸੰਭਵ ਬਣਾਉਂਦਾ ਹੈ ? ਦੋਹਾਂ ਉਦੇਸ਼ਾਂ ਦੀ ਇਕ ਹੀ ਕੋਸ਼ ਤੋਂ ਇਸ ਕਰਕੇ ਪੂਰਤੀ ਨਹੀਂ ਹੋ ਸਕਦੀ ਕਿਉਂਕਿ ਸਮਾਜਕ ਪਰਿਵੇਸ਼ ਦੀ ਭਿੰਨਤਾ ਕਰਕੇ ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ ਦੇ ਰੂਪਾਤਮਕ, ਵਿਆਕਰਣਕ, ਅਰਥਗਤ ਅਤੇ ਸਭਿਆਚਾਰਕ ਪ੍ਰਬੰਧਾਂ ਵਿਚ ਮੁਕਾਬਲਤਨ ਭਿੰਨਤਾ ਹੁੰਦੀ ਹੈ। ਫਲਸਰੂਪ, ਦੁਭਾਸ਼ੀ ਕੋਸ਼ ਵਿਚ ਸੰਮਿਲਿਤ ਦੋਹਾਂ ਭਾਸ਼ਾਵਾਂ ਦੇ ਸਭਿਆਚਾਰਾਂ ਵਿਚ ਜਿੰਨੀ ਅਧਿਕ ਤਿੱਖੀ ਭਿੰਨਤਾ ਹੋਵੇਗੀ, ਉੱਨੀ ਹੀ ਅਧਿਕ ਮਾਤਰਾ ਵਿਚ ਇਕ ਅਜਿਹਾ ਕੋਸ਼ ਦੋਹਾਂ ਭਾਸ਼ਾਵਾਂ ਦੇ ਬੁਲਾਰਿਆਂ ਲਈ ਇਕੋ ਜਿੰਨਾ ਉਪਯੁਕਤ ਨਹੀਂ ਹੋਵੇਗਾ। ਅੰਗ੍ਰੇਜ਼ੀ ਅਤੇ ਪੰਜਾਬੀ ਸਭਿਆਚਾਰ ਵਿਚ ਕਾਫ਼ੀ ਭਿੰਨਤਾ ਹੈ, ਇਸੇ ਕਰਕੇ ਅਨੇਕਾਂ ਸ਼ਬਦ, ਵਸਤਾਂ, ਭਾਵਨਾਵਾਂ ਅਤੇ ਸਭਿਆਚਾਰਕ ਸੰਰਚਨਾਵਾਂ ਹਨ ਜੋ ਇਕ ਸਭਿਆਚਾਰ ਵਿਚ ਵਿਦਮਾਨ ਹਨ ਅਤੇ ਦੂਜੇ ਵਿਚੋਂ ਗ਼ਾਇਬ ਹਨ। ਫਲਸਰੂਪ, ਰਸਮੋ ਰਿਵਾਜ, ਨਾਤੇਦਾਰੀ ਪ੍ਰਬੰਧ, ਸਮਾਜਕ, ਰਾਜਨੀਤਿਕ ਅਤੇ ਹੋਰ ਅਣਗਿਣਤ ਸਭਿਆਚਾਰਕ ਵਰਤਾਰਿਆਂ ਵਿਚ ਪ੍ਰਤੱਖ ਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ।

6 2.1 ਉਦੇਸ਼ : ਕੋਸ਼ ਦੀ ਯੋਜਨਾ ਦਾ ਸੰਬੰਧ ਪ੍ਰਤੱਖ ਰੂਪ ਵਿਚ ਕੋਸ਼ ਦੇ ਉਦੇਸ਼ ਨਾਲ ਜੁੜਿਆ ਹੋਇਆ ਹੈ। ਕੋਸ਼ਕਾਰ ਨੂੰ ਕੋਸ਼ ਦੀ ਵਿਸਤ੍ਰਿਤ ਰੂਪਰੇਖਾ ਤਿਆਰ ਕਰਦਿਆਂ ਇਸ ਦੇ ਉਦੇਸ਼ ਦੇ ਸਾਰੇ ਸੰਭਵ ਪਸਾਰਾਂ ਨੂੰ ਜ਼ਿਹਨ ਵਿਚ ਰੱਖਣਾ ਚਾਹੀਦਾ ਹੈ। ਉਪਰ ਪਾਠਕ-ਵਰਗ ਦੀ ਗੱਲ ਕੀਤੀ ਗਈ ਹੈ; ਪਰੰਤੂ ਉਸ ਦਾ ਪਾਠਕ-ਵਰਗ ਕਿਹੜਾ ਹੋਵੇਗਾ (ਵਿਦਵਾਨ, ਸੁਸਿਖਿਅਤ, ਸਾਧਾਰਣ ?) ਅਤੇ ਇਹ ਕੋਸ਼ ਦੀ ਵਰਤੋਂ ਕਿਵੇਂ ਕਰੇਗਾ (ਸਾਹਿਤਕ ਅਨੁਵਾਦ ਲਈ, ਵਪਾਰਕ ਪ੍ਰਯੋਗ ਲਈ, ਆਮ ਪ੍ਰਯੋਗ ਲਈ ?) ? ਉਦੇਸ਼ ਨਿਸ਼ਚਿਤ ਕਰਨ ਲਈ ਇਨ੍ਹਾਂ ਪ੍ਰਸ਼ਨਾਂ ਬਾਰੇ ਨਿਰਣਾ ਲੈਣਾ ਕੋਸ਼ਕਾਰ ਦੀ ਬੁਨਿਆਦੀ ਅਤੇ ਮਹੱਤਵਪੂਰਣ ਸਮੱਸਿਆ ਹੈ।

ਕਿਸੇ ਮਹੱਤਵਪੂਰਣ ਉਦੇਸ਼ ਨੂੰ ਕੇਂਦਰ ਬਣਾ ਕੇ ਤਿੰਨ ਪ੍ਰਕਾਰ ਦੇ ਕੋਸ਼[5] ਲਿਖੇ ਜਾਂਦੇ ਹਨ :

(1) **ਭਾਸ਼ਾ-ਸ਼ਾਸਤਰੀ ਦੁਭਾਸ਼ੀ ਕੋਸ਼ :** ਇਨ੍ਹਾਂ ਕੋਸ਼ਾਂ ਦਾ ਸੰਕਲਨ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਸ੍ਰੋਤ ਭਾਸ਼ਾ ਖ਼ਤਮ ਹੋ ਗਈ ਹੁੰਦੀ ਹੈ। ਉਦਾਹਰਣ ਵਜੋਂ, ਵੱਡਾ ਲਾਤੀਨੀ ਕੋਸ਼ ਅਤੇ Thesaurus Linguae Latinae ਸਮਭਾਸ਼ੀ ਕੋਸ਼ ਹਨ। ਪਰ ਦੂਜੇ ਪਾਸੇ ਇਹ ਸਮਭਾਸ਼ੀ ਕੋਸ਼ ਯੂਨਾਨੀ, ਸੰਸਕ੍ਰਿਤ, ਅਕਾਡੀਅਨ ਆਦਿ ਕੋਸ਼ ਤਿਆਰ ਕਰਨ ਲਈ ਉਪਯੋਗੀ ਨਹੀਂ ਹੋਣਗੇ। ਇਸ ਲਈ ਇਨ੍ਹਾਂ ਭਾਸ਼ਾਵਾਂ ਨੂੰ ਸੰਬੰਧਿਤ ਕੋਸ਼ਾਂ ਵਿਚ ਸ੍ਰੋਤ ਭਾਸ਼ਾ ਵਜੋਂ ਲਿਆ ਜਾਏਗਾ ਜਿਨ੍ਹਾਂ ਦੀ ਟੀਚਾ ਭਾਸ਼ਾ ਦੇ ਮਾਧਿਅਮ ਰਾਹੀਂ ਵਿਆਖਿਆ ਕੀਤੀ ਜਾਵੇਗੀ।

(2) **ਨਸਲੀ ਭਾਸ਼ਾ ਦੇ ਦੁਭਾਸ਼ੀ ਕੋਸ਼ :** ਇਹ ਕੋਸ਼ ਵੀ ਉਪਰੋਕਤ ਕੋਸ਼ ਦਾ ਹੀ ਲਘੂ ਰੂਪ ਹੈ। ਇਹ ਉਨ੍ਹਾਂ ਭਾਸ਼ਾਵਾਂ ਦਾ ਕੋਸ਼ ਹੁੰਦਾ ਹੈ ਜਿਨ੍ਹਾਂ ਦਾ ਲਿਖਿਤ ਸਾਹਿਤ ਐਵੇਂ ਨਾਮ-ਮਾਤਰ ਹੁੰਦਾ ਹੈ ਅਤੇ ਇਹ ਭਾਸ਼ਾਵਾਂ ਉਨ੍ਹਾਂ ਸਮਾਜਕ ਭਾਈਚਾਰਿਆਂ ਵਿਚ ਪ੍ਰਚਲਿਤ ਹੁੰਦੀਆਂ ਹਨ ਜਿਨ੍ਹਾਂ ਦੇ ਸਭਿਆਚਾਰ ਕੋਸ਼ੀ ਸਾਮੱਗਰੀ ਦੇ ਕੇਂਦਰਾਂ ਦੇ ਸਭਿਆਚਾਰ ਤੋਂ ਬਹੁਤ ਭਿੰਨ ਹੁੰਦੇ ਹਨ। ਉਦਾਹਰਣ ਵਜੋਂ, M. Mathiot ਦੀ Papago Dictionary ਅਜਿਹੇ ਕੋਸ਼ਾਂ ਦੇ ਅੰਤਰਗਤ ਆਉਂਦੀ ਹੈ।

(3) **ਘੱਟ-ਸਥਾਪਿਤ ਮਿਆਰੀ ਰਾਸ਼ਟਰੀ ਭਾਸ਼ਾ ਦੇ ਅਰਧ-ਮਾਨਕ** (quasi-normaitve) **ਕੋਸ਼ :** ਪੂਰੀ ਤਰ੍ਹਾਂ ਸਥਾਪਿਤ ਨਾ ਹੋਈ ਜਾਂ ਹੁਣੇ ਹੁਣੇ ਵਿਕਸਿਤ ਮਿਆਰੀ ਰਾਸ਼ਟਰੀ ਭਾਸ਼ਾ ਵਿਚ ਆਮ ਕਰਕੇ ਅਜੇ ਬਹੁਤ ਸਾਰੀਆਂ ਲੱਖਣਾਰਥੀ ਕੋਸ਼ੀ ਇਕਾਈਆਂ ਦੀ ਘਾਟ ਹੁੰਦੀ ਹੈ ਜਿਹੜੀਆਂ ਅੰਗ੍ਰੇਜ਼ੀ, ਫ਼੍ਰਾਂਸੀਸੀ ਜਾਂ ਰੂਸੀ ਵਰਗੀਆਂ ਵਿਕਸਿਤ ਭਾਸ਼ਾਵਾਂ ਵਿਚ ਵਿਦਮਾਨ ਹਨ। ਅਜਿਹੀ ਸਥਿਤੀ ਵਿਚ ਤੁਰੰਤ ਸਮਭਾਸ਼ੀ ਕੋਸ਼ ਦਾ ਸੰਕਲਨ ਉਪਯੋਗੀ ਨਹੀਂ ਹੁੰਦਾ, ਪਰੰਤੂ ਦੁਭਾਸ਼ੀ ਕੋਸ਼ ਲਾਹੇਵੰਦਾ ਰਹਿੰਦਾ ਹੈ ਜਿਸ ਦੀ ਟੀਚਾ ਭਾਸ਼ਾ ਨੇ ਹੁਣੇ ਹੁਣੇ ਸਥਾਪਿਤ ਮਿਆਰੀ ਰਾਸ਼ਟਰੀ ਭਾਸ਼ਾ ਦਾ ਰੂਪ ਧਾਰਣ ਕੀਤਾ ਹੁੰਦਾ ਹੈ। ਸ੍ਰੋਤ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ ਜਿਸ ਦੇ ਮਾਧਿਅਮ ਰਾਹੀਂ ਸੰਬੰਧਿਤ ਸਥਾਨਕ ਜਨ-ਸਮੂਹ

ਆਧੁਨਿਕ, ਵਿਗਿਆਨਕ ਅਤੇ ਤਕਨੀਕੀ ਗਤੀਵਿਧੀਆਂ ਬਾਰੇ ਸੂਚਨਾ ਪ੍ਰਾਪਤ ਕਰ ਸਕੇ। ਅਜਿਹੇ ਕਈ ਕੋਸ਼ ਟੀਚਾ ਭਾਸ਼ਾਵਾਂ ਲਈ ਰੂਸ ਵਿਚ ਵੀਹਵਿਆਂ ਅਤੇ ਤੀਹਵਿਆਂ ਵਿਚ ਤਿਆਰ ਕੀਤੇ ਗਏ ਅਤੇ ਉਨ੍ਹਾਂ ਦੀ ਸ੍ਰੋਤ ਭਾਸ਼ਾ ਰੂਸੀ ਭਾਸ਼ਾ ਸੀ।

6.2.2 ਪ੍ਰਯੋਗਕਰਤਾ-ਵਰਗ : ਭਾਰਤੀ ਭਾਸ਼ਾਵਾਂ ਦੇ ਅਧਿਕਤਰ ਕੋਸ਼ ਆਪਣੇ ਉਦੇਸ਼ ਅਤੇ ਪਾਠਕ-ਵਰਗ ਨੂੰ ਪਰਿਭਾਸ਼ਿਤ ਨਹੀਂ ਕਰਦੇ। ਬਹੁਤੀ ਵਾਰ ਇਕੋ ਦੁਭਾਸ਼ੀ ਕੋਸ਼ ਦੁਆਰਾ ਦੋਹਾਂ ਭਾਸ਼ਾਵਾਂ ਦੇ ਬੁਲਾਰਿਆਂ ਦੇ ਉਦੇਸ਼ਾਂ ਦੀ ਪੂਰਤੀ ਕਰਨ ਦੇ ਲੰਮੇ ਦਾਈਏ ਨਿਸ਼ਚਿਤ ਕੀਤੇ ਜਾਂਦੇ ਹਨ। ਹੋਰਲ ਠੀਕ ਹੀ ਕਹਿੰਦਾ ਹੈ ਕਿ "ਦੁਭਾਸ਼ੀ ਕੋਸ਼ ਤਿਆਰ ਕਰਨ ਲੱਗਿਆਂ ਮੁੱਖ ਸਮੱਸਿਆ ਇਹ ਨਿਰਣਾ ਲੈਣਾ ਹੈ ਕਿ ਕੋਸ਼ 'ੳ'-ਭਾਸ਼ੀ ਬੁਲਾਰਿਆਂ ਲਈ ਲਿਖਿਆ ਜਾ ਰਿਹਾ ਹੈ ਜਾਂ 'ਅ'-ਭਾਸ਼ੀ ਬੁਲਾਰਿਆਂ ਲਈ। ਇਕੋ ਰਚਨਾ ਵਿਚ ਇਕੋ ਵਕਤ ਦੋਹਾਂ ਭਾਸ਼ਾਵਾਂ ਦੇ ਬੁਲਾਰਿਆਂ ਨਾਲ ਇਨਸਾਫ਼ ਕਰਨਾ ਬਿਲਕੁਲ ਹੀ ਸੰਭਵ ਨਹੀਂ ਹੈ।"[6] ਇੰਨਾ ਹੀ ਮਹੱਤਵਪੂਰਣ ਕਥਨ ਹਾਸ ਦਾ ਹੈ, "ਇਹ ਸੋਚ ਕੇ ਕਿ ਦੋਹਾਂ ਭਾਸ਼ਾਵਾਂ ਦੇ ਬੁਲਾਰਿਆਂ ਲਈ ਕੋਸ਼ ਤਿਆਰ ਕਰ ਰਹੇ ਹਨ, ਉਹ ਅਜਿਹਾ ਕੋਸ਼ ਤਿਆਰ ਕਰ ਬੈਠਦੇ ਹਨ ਜਿਹੜਾ, ਜਿਵੇਂ ਅਕਸਰ ਹੁੰਦਾ ਹੈ, ਕਿਸੇ ਵੀ ਭਾਸ਼ਾ ਦੇ ਬੁਲਾਰਿਆਂ ਲਈ ਉਪਯੋਗੀ ਨਹੀਂ ਹੁੰਦਾ।"[7]

ਇਹ ਤੈ ਕਰ ਲੈਣ ਪਿਛੋਂ ਕਿ ਦੁਭਾਸ਼ੀ ਕੋਸ਼ ਕਿਹੜੀ ਭਾਸ਼ਾ ਦੇ ਬੁਲਾਰਿਆਂ ਲਈ ਬਣਾਉਣਾ ਹੈ, ਇਹ ਫ਼ੈਸਲਾ ਕਰਨਾ ਜ਼ਰੂਰੀ ਹੈ ਕਿ ਕੋਸ਼ ਕਿਸ ਪ੍ਰਕਾਰ ਦੇ ਪ੍ਰਯੋਗਕਰਤਿਆਂ ਲਈ ਬਣਾਉਣਾ ਹੈ। ਸ਼ਬਦਾਵਲੀ ਦੀ ਵਿਵਿਧਤਾ ਅਤੇ ਭਰਪੂਰਤਾ ਹੋਣ ਕਰਕੇ ਕੋਈ ਵੀ ਕੋਸ਼ ਸਮੁੱਚੀ ਸ਼ਬਦਾਵਲੀ ਨੂੰ ਆਪਣੇ ਕਲੇਵਰ ਵਿਚ ਨਹੀਂ ਸਮੇਟ ਸਕਦਾ। ਆਕਾਰ ਦੀਆਂ ਸੀਮਾਵਾਂ ਕਰਕੇ ਸ਼ਬਦਾਵਲੀ ਦੇ ਕੁਝ ਅੰਸ਼ ਨੂੰ ਹੀ ਕੋਸ਼ ਵਿਚ ਸੰਮਿਲਿਤ ਕੀਤਾ ਜਾ ਸਕਦਾ ਹੈ। ਸ਼ਬਦਾਵਲੀ ਦੀ ਚੋਣ ਦਾ ਆਧਾਰ ਪ੍ਰਯੋਗਕਰਤਿਆਂ ਦੀ ਲੋੜ ਹੁੰਦੀ ਹੈ। ਇੰਜ ਦੁਭਾਸ਼ੀ ਕੋਸ਼ ਦੀ ਤਿਆਰੀ ਤੋਂ ਪਹਿਲਾਂ ਇਹ ਗੱਲਾਂ ਤੈ ਕਰਨੀਆਂ ਜ਼ਰੂਰੀ ਹਨ :

"(1) ਕੋਸ਼ ਕਿਸ ਭਾਸ਼ਾ ਦੇ ਬੁਲਾਰੇ ਪ੍ਰਯੋਗ ਵਿਚ ਲਿਆਉਣਗੇ—ਸ੍ਰੋਤ ਭਾਸ਼ਾ ਦੇ ਜਾਂ ਟੀਚਾ ਭਾਸ਼ਾ ਦੇ ;

(2) ਪ੍ਰਯੋਗਕਾਰਾਂ ਦਾ ਕਿਹੜਾ ਵਰਗ ਕਿਸ ਪ੍ਰਯੋਜਨ ਲਈ ਕੋਸ਼ ਦਾ ਪ੍ਰਯੋਗ ਕਰੇਗਾ— ਭਾਸ਼ਣ ਲਈ, ਅਨੁਵਾਦ ਲਈ, ਸਾਹਿਤਕ ਅਨੁਵਾਦ ਲਈ, ਵਿਗਿਆਨਕ, ਤਕਨੀਕੀ ਜਾਂ ਵਿਵਸਾਇਕ ਅਨੁਵਾਦ ਲਈ ;

(3) ਇਨ੍ਹਾਂ ਖੇਤਰਾਂ ਵਿਚ ਕਿੰਨੀ ਡੂੰਘਾਈ ਵਿਚ ਸ਼ਬਦ-ਚੋਣ ਕੀਤੀ ਜਾਏਗੀ ਅਰਥਾਤ ਕੋਸ਼ ਦਾ ਆਕਾਰ ਕਿੰਨਾ ਵੱਡਾ ਹੋਵੇਗਾ ? ਅਤੇ

(4) ਭਾਸ਼ਾ ਦੇ ਕਿਸ ਸਰੂਪ ਨੂੰ ਪ੍ਰਯੋਗ ਵਿਚ ਲਿਆਂਦਾ ਜਾਏਗਾ।"[8]

ਸਚੇਰਬਾ ਦੋ ਭਾਸ਼ਾਵਾਂ ਲਈ ਚਾਰ ਦੁਭਾਸ਼ੀ ਕੋਸ਼ਾਂ ਦਾ ਪੱਖ ਪੂਰਦਾ ਹੈ। ਰੂਸੀਆਂ

ਲਈ ਅੰਗ੍ਰੇਜ਼ੀ-ਰੂਸੀ ਕੋਸ਼, ਅੰਗ੍ਰੇਜ਼ਾਂ ਜਾਂ ਅਮਰੀਕਨਾਂ ਲਈ ਅੰਗ੍ਰੇਜ਼ੀ-ਰੂਸੀ ਕੋਸ਼ ਨਾਲੋਂ ਭਿੰਨ ਹੋਵੇਗਾ। ਪਹਿਲੇ ਦਾ ਪ੍ਰਯੋਗ ਮੁੱਖ ਰੂਪ ਵਿਚ ਲਿਖਿਤ ਜਾਂ ਅਲਿਖਿਤ ਅੰਗ੍ਰੇਜ਼ੀ ਤੋਂ ਰੂਸੀ ਵਿਚ ਅਨੁਵਾਦ ਕਰਨ ਲਈ ਕੀਤਾ ਜਾਏਗਾ ਜਿਹੜੀ ਪਾਠਕ ਦੀ ਸੁਦੇਸ਼ੀ ਭਾਸ਼ਾ ਹੈ। ਉਹੀ ਪੁਸਤਕ ਉਸ ਪਾਠਕ ਲਈ ਨਹੀਂ ਵਰਤੀ ਜਾ ਸਕਦੀ ਜਾਂ ਘੱਟੋ ਘੱਟ ਨਾਕਾਫ਼ੀ ਹੋਣ ਦੀ ਸੰਭਾਵਨਾ ਹੈ ਜਿਸ ਦਾ ਸੰਬੰਧ ਮੁੱਖ ਤੌਰ ਤੇ ਵਿਦੇਸ਼ੀ ਪੁਸਤਕਾਂ ਦਾ ਬੋਧ ਪ੍ਰਾਪਤ ਕਰਨ ਅਤੇ ਆਪਣੇ ਵਿਚਾਰਾਂ ਨੂੰ ਵਿਦੇਸ਼ੀ ਭਾਸ਼ਾਵਾਂ ਵਿਚ ਅਭਿਵਿਅਕਤ ਕਰਨ ਨਾਲ ਹੈ।"[9]

ਪ੍ਰਯੋਗਕਰਤਾ-ਵਰਗ ਬਾਰੇ ਕੋਸ਼ਕਾਰ ਨੂੰ ਇਕ ਹੋਰ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਕੀ ਇਹ ਕੋਸ਼ ਵਿਦਵਾਨਾਂ, ਵਿਦਿਆਰਥੀਆਂ, ਅਨੁਵਾਦਕਾਂ ਜਾਂ ਸਾਧਾਰਣ ਵਿਅਕਤੀ ਲਈ ਤਿਆਰ ਕੀਤਾ ਜਾ ਰਿਹਾ ਹੈ? ਕੋਈ ਵੀ ਕੋਸ਼ ਇਤਿਹਾਸਕ, ਸਾਧਾਰਣ, ਸਿਖਿਆਰਥੀ, ਉਪਭਾਸ਼ਾਈ ਆਦਿ ਦੁਭਾਸ਼ੀ ਕੋਸ਼ ਹੋ ਸਕਦਾ ਹੈ। ਅਜਿਹੇ ਕੋਸ਼ ਜ਼ਿਆਦਾਤਰ ਵਿਦਵਾਨਾਂ ਦੀ ਵਰਤੋਂ ਲਈ ਲਿਖੇ ਜਾਂਦੇ ਹਨ। ਭਾਵੇਂ ਦੁਭਾਸ਼ੀ ਕੋਸ਼ਾਂ ਦਾ ਸੰਕਲਨ ਕੋਸ਼ ਦੇ ਉਦੇਸ਼ ਅਤੇ ਪ੍ਰਯੋਗਕਰਤਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ, ਪਰ "ਸਾਧਾਰਣ ਸਥਿਤੀ ਇਹ ਬਣ ਜਾਂਦੀ ਹੈ ਕਿ ਕੋਸ਼ ਯੋਜਨਾ ਇੰਜ ਤਿਆਰ ਕੀਤੀ ਜਾਂਦੀ ਹੈ ਕਿ ਇਹ ਇਕ ਤੋਂ ਵੱਧ ਪ੍ਰਸੰਗਾਂ ਵਿਚ ਸਾਰਥਕ ਬਣ ਜਾਂਦਾ ਹੈ।"[10] ਇਹੀ ਦੋ ਗੱਲਾਂ ਕੋਸ਼ ਵਿਚ ਸ਼ਾਮਿਲ ਕੀਤੀ ਜਾਣ ਵਾਲੀ ਸ਼ਬਦਾਵਲੀ ਅਤੇ ਹਰੇਕ ਵੱਖਰੇ ਅੰਦਰਾਜ ਨੂੰ ਪ੍ਰਸਤੁਤ ਕਰਨ ਦੀ ਵਿਧੀ ਨੂੰ ਪ੍ਰਭਾਵਿਤ ਕਰਦੀਆਂ ਹਨ। 'ਹਿੰਦੀ-ਪੰਜਾਬੀ ਕੋਸ਼' ਵਿਚ, ਜਿਸ ਦਾ ਉਦੇਸ਼ ਹਿੰਦੀ ਬੁਲਾਰਿਆਂ ਨੂੰ ਪੰਜਾਬੀ ਵਿਚ ਸਾਹਿਤ ਸਿਰਜਣਾ ਵਿਚ ਸਹਾਇਤਾ ਕਰਨਾ ਹੈ, ਸ਼ਬਦ ਦੂਧਪਿਲਾਈ ਦੀ ਵਿਸਤਾਰ ਵਿਚ ਵਿਆਖਿਆ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਹਿੰਦੀ ਬੁਲਾਰਾ ਇਸ ਸ਼ਬਦ ਤੋਂ ਭਲੀਭਾਂਤ ਪਰਿਚਿਤ ਹੁੰਦਾ ਹੈ ਅਤੇ ਇਹ ਸਭਿਆਚਾਰਕ ਵਰਤਾਰਾ ਪੰਜਾਬੀ ਵਿਚ ਅਪਰਿਚਿਤ ਹੈ। ਪਰੰਤੂ ਜੇ ਇਹ ਕੋਸ਼ ਪੰਜਾਬੀ ਬੁਲਾਰਿਆਂ ਲਈ ਹੈ ਤਾਂ ਇਸ ਸ਼ਬਦ ਦੀ ਵਿਸਤ੍ਰਿਤ ਪੰਜਾਬੀ ਭਾਸ਼ਾ-ਅੰਸ਼ਾਂ ਵਿਚ ਵਿਆਖਿਆ ਕਰਨੀ ਬਣਦੀ ਹੈ, ਜਿਵੇਂ

ਦੂਧਪਿਲਾਈ — 'ਵਿਆਹ ਦੀ ਇਕ ਰਸਮ ਜਿਸ ਵਿਚ ਬਰਾਤ ਦੀ ਰਵਾਨਗੀ ਤੋਂ ਪਹਿਲਾਂ ਲਾੜੇ ਦੇ ਘੋੜੀ ਆਦਿ ਤੇ ਚੜ੍ਹਦੇ ਸਮੇਂ ਉਸ ਦੀ ਮਾਂ ਉਸ ਨੂੰ ਦੁੱਧ ਪਿਲਾਉਣ ਦੀ ਮੁਦਰਾ ਕਰਦੀ ਹੈ।'

6.2.3 ਸਭਿਆਚਾਰਕ ਪਰਿਵੇਸ਼ : ਦੁਭਾਸ਼ੀ ਕੋਸ਼ ਤਿਆਰ ਕਰਨ ਸਮੇਂ ਸੰਬੰਧਿਤ ਭਾਸ਼ਾਵਾਂ ਦੇ ਭੂਗੋਲਕ ਚੁਗਿਰਦੇ, ਸਭਿਆਚਾਰਕ ਪਰਿਵੇਸ਼ ਅਤੇ ਸਮਾਜਕ ਸੰਸਥਾਵਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। 'ਪੰਜਾਬੀ ਵਿਚ ਰੇਤ ਲਈ 83 ਸ਼ਬਦ ਹਨ ਅਤੇ ਊਠ ਲਈ 123, ਪਰ ਤਮਿਲ ਸਿੱਖਣ ਵਾਲੇ ਪੰਜਾਬੀ ਪਾਠਕਾਂ ਲਈ 'ਪੰਜਾਬੀ-ਤਮਿਲ ਕੋਸ਼' ਵਿਚ ਰੇਤ ਅਤੇ ਊਠ ਲਈ ਸ਼ਬਦਾਂ ਦੇ ਸਭ ਅਰਥਗਤ ਨਿਖੇੜੇ ਦੇਣ ਦੀ ਲੋੜ ਨਹੀਂ ਹੈ।

ਜੇ ਇਹ ਕੋਸ਼ ਤਮਿਲ ਬੁਲਾਰੇ ਲਈ ਹੈ ਤਾਂ ਪੰਜਾਬੀ ਪਾਠ ਨੂੰ ਸਮਝਣ ਲਈ ਇਨ੍ਹਾਂ ਨੂੰ ਸੰਮਿਲਿਤ ਕਰਨਾ ਆਵੱਸ਼ਕ ਹੈ।"[11]

6.2.4 ਸੰਖੇਪ-ਰੂਪਾਂ ਦਾ ਪ੍ਰਯੋਗ : ਇਥੇ ਇਹ ਨਿਰਣਾ ਕਰਨਾ ਵੀ ਜ਼ਰੂਰੀ ਹੈ ਕਿ ਦੁਭਾਸ਼ੀ ਕੋਸ਼ ਵਿਚ ਸੰਖੇਪ-ਰੂਪ, ਸੰਕੇਤ-ਚਿੰਨ੍ਹ, ਸ਼ਬਦ-ਸੂਚਕ ਆਦਿ ਕਿਹੜੀ ਭਾਸ਼ਾ ਵਿਚ ਦਿੱਤੇ ਜਾਣ ? ਇਸ ਸੰਬੰਧੀ ਧਿਆਨ ਰੱਖਣਾ ਚਾਹੀਦਾ ਹੈ ਕਿ ਜੇ ਕੋਸ਼ ਸ੍ਰੋਤ ਭਾਸ਼ਾ ਦੇ ਬੁਲਾਰੇ ਲਈ ਹੈ, ਤਾਂ ਭੂਮਿਕਾ ਅਤੇ ਮੁੱਖ ਅੰਦਰਾਜ ਦੇ ਮਤਨ ਵਿਚ ਇਹ ਸੰਕੇਤ-ਚਿੰਨ੍ਹ ਤੇ ਸ਼ਬਦ-ਸੂਚਕ ਸ੍ਰੋਤ ਭਾਸ਼ਾ ਵਿਚ ਹੋਣਗੇ, ਪਰ ਜੇ ਕੋਸ਼ ਟੀਚਾ ਭਾਸ਼ਾ ਦੇ ਬੁਲਾਰੇ ਲਈ ਹੈ ਤਾਂ ਇਹ ਸੰਕੇਤ-ਚਿੰਨ੍ਹ ਟੀਚਾ ਭਾਸ਼ਾ ਵਿਚ ਦੇਣੇ ਪੈਣਗੇ। ਉਦਾਹਰਣ ਵਜੋਂ, ਪੰਜਾਬੀ ਬੁਲਾਰਿਆਂ ਲਈ ਤਿਆਰ ਕੀਤੇ 'ਅੰਗ੍ਰੇਜ਼ੀ-ਪੰਜਾਬੀ ਕੋਸ਼' ਵਿਚ ਇਹ ਸੰਕੇਤ ਪੰਜਾਬੀ ਵਿਚ ਹੋਣਗੇ ਅਤੇ ਅੰਗ੍ਰੇਜ਼ੀ ਬੁਲਾਰੇ ਲਈ ਤਿਆਰ ਕੀਤੇ ਪੰਜਾਬੀ-ਅੰਗ੍ਰੇਜ਼ੀ ਕੋਸ਼ ਵਿਚ ਇਹ ਸੰਕੇਤ-ਚਿੰਨ੍ਹ ਅੰਗ੍ਰੇਜ਼ੀ ਵਿਚ ਹੋਣਗੇ। ਪਰੰਤੂ ਜੇ ਇਹੋ ਕੋਸ਼ ਸ੍ਰੋਤ ਭਾਸ਼ਾ ਦੇ ਬੁਲਾਰਿਆਂ ਲਈ ਹੋਣਗੇ ਤਾਂ ਸੰਕੇਤ-ਚਿੰਨ੍ਹ ਸ੍ਰੋਤ ਭਾਸ਼ਾ ਵਿਚ ਦਿੱਤੇ ਜਾਣਗੇ। ਉਦਾਹਰਣ ਵਜੋਂ, ਪੰਜਾਬੀ ਬੁਲਾਰਿਆਂ ਲਈ 'ਪੰਜਾਬੀ-ਰੂਸੀ ਕੋਸ਼' ਪੰਜਾਬੀ ਵਿਚ ਸੰਕੇਤ-ਚਿੰਨ੍ਹ ਦੇਵੇਗਾ ਅਤੇ ਪੰਜਾਬੀ ਸਿੱਖਣ ਵਾਲੇ ਰੂਸੀ ਬੁਲਾਰਿਆਂ ਲਈ ਬਣਾਏ 'ਰੂਸੀ-ਪੰਜਾਬੀ ਕੋਸ਼' ਵਿਚ ਇਹ ਸੰਕੇਤ-ਚਿੰਨ੍ਹ ਰੂਸੀ ਵਿਚ ਹੋਣਗੇ।

ਕੋਸ਼ ਦੀ ਯੋਜਨਾ ਤਿਆਰ ਕਰਨ ਲਈ ਜੇ ਕੋਸ਼ ਵਿਚ ਸੰਮਿਲਿਤ ਭਾਸ਼ਾਵਾਂ ਦੇ ਮਾਹਰਾਂ ਦੀ ਇਕ ਸੰਪਾਦਕੀ ਸਲਾਹਕਾਰ ਕਮੇਟੀ ਗਠਿਤ ਕਰ ਲਈ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਇਸ ਪ੍ਰਕਾਰ ਦੁਭਾਸ਼ੀ ਕੋਸ਼ ਦੀ ਯੋਜਨਾ ਤਿਆਰ ਕਰਦਿਆਂ ਸੰਬੰਧਿਤ ਕੋਸ਼ ਦੀਆਂ ਭਾਸ਼ਾਵਾਂ, ਉਦੇਸ਼, ਪ੍ਰਯੋਗਕਰਤਾ-ਵਰਗ ਅਤੇ ਆਕਾਰ ਬਾਰੇ ਨਿਸ਼ਚਿਤ ਨਿਰਣੇ ਲੈਣ ਉਪਰੰਤ ਕੋਸ਼ ਦੇ ਸੰਕਲਨ ਦਾ ਕਾਰਜ ਆਰੰਭਣਾ ਚਾਹੀਦਾ ਹੈ। ਇਨ੍ਹਾਂ ਨਿਰਣਿਆਂ ਦੀ ਪਾਲਣਾ ਵਿਚ ਇਕਸਾਰਤਾ ਦੀ ਜ਼ਿੰਮੇਵਾਰੀ ਸੰਪਾਦਕੀ ਅਮਲਾ ਨਿਭਾਉਂਦਾ ਹੈ।

6.3 ਦੁਭਾਸ਼ੀ ਕੋਸ਼ਾਂ ਦਾ ਵਰਗੀਕਰਣ : ਸਮਭਾਸ਼ੀ ਕੋਸ਼ਾਂ ਦੇ ਵਰਗੀਕਰਣ ਦੇ ਆਧਾਰ ਤੇ ਦੁਭਾਸ਼ੀ ਕੋਸ਼ਾਂ ਦਾ ਵਰਗੀਕਰਣ ਵੀ ਕੀਤਾ ਜਾ ਸਕਦਾ ਹੈ। ਜੇਬੀ ਕੋਸ਼ ਤੋਂ ਲੈ ਕੇ ਵੱਡ-ਆਕਾਰੀ ਕੋਸ਼ਾਂ ਤਕ ਦੁਭਾਸ਼ੀ ਕੋਸ਼ ਵੀ ਵਿਭਿੰਨ ਆਕਾਰ ਅਤੇ ਪ੍ਰਕਾਰ ਦੇ ਉਪਲਬਧ ਹਨ। ਇਹ ਕੋਸ਼ ਆਮ ਕਰਕੇ ਸਮਭਾਸ਼ੀ ਕੋਸ਼ਾਂ ਨਾਲੋਂ ਛੋਟੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਸ੍ਰੋਤ ਭਾਸ਼ਾ ਦੇ ਘੱਟ ਪ੍ਰਚਲਿਤ, ਅਪ੍ਰਚਲਿਤ, ਪ੍ਰਾਚੀਨ, ਅਤਿ ਤਕਨੀਕੀ ਅਰਥਾਂ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ। ਕੇਵਲ ਉਹੀ ਸ਼ਬਦ ਲਏ ਜਾਂਦੇ ਹਨ ਜਿਹੜੇ ਟੀਚਾ ਭਾਸ਼ਾ ਦੇ ਬੁਲਾਰੇ ਦੀਆਂ ਸਮਕਾਲੀ ਵਿਵਹਾਰਕ ਲੋੜਾਂ ਦੀ ਪੂਰਤੀ ਕਰਦੇ ਹੋਣ। ਕੋਸ਼ਾਂ ਦੇ ਵਰਗੀਕਰਣ ਬਾਰੇ ਦੂਜੇ ਅਧਿਆਇ ਵਿਚ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਇਥੇ

ਕੇਵਲ ਦੁਭਾਸ਼ੀ ਕੋਸ਼ਾਂ ਦੀਆਂ ਕਿਸਮਾਂ ਦਾ ਸੰਕੇਤ-ਮਾਤਰ ਉਲੇਖ ਹੀ ਕੀਤਾ ਜਾਏਗਾ। ਪ੍ਰਯੋਗਕਰਤਾ-ਵਰਗ ਅਤੇ ਉਦੇਸ਼ ਨੂੰ ਮੁੱਖ ਰਖਦਿਆਂ ਦੁਭਾਸ਼ੀ ਕੋਸ਼ ਹੇਠ ਲਿਖੀ ਕਿਸਮ[12] ਦੇ ਹੋ ਸਕਦੇ ਹਨ :

(1) ਸ੍ਰੋਤ ਭਾਸ਼ਾ ਦੇ ਬੁਲਾਰਿਆਂ ਲਈ ਕੋਸ਼ ਬਨਾਮ ਟੀਚਾ ਭਾਸ਼ਾ ਦੇ ਬੁਲਾਰਿਆਂ ਲਈ ਕੋਸ਼;
(2) ਸਾਹਿਤਕ ਭਾਸ਼ਾ ਦੇ ਕੋਸ਼ ਬਨਾਮ ਬੋਲਚਾਲ ਦੀ ਬੋਲੀ ਦੇ ਕੋਸ਼;
(3) ਸਾਹਿਤਕ ਰਚਨਾ ਲਈ ਕੋਸ਼ ਬਨਾਮ ਅਰਥ-ਬੋਧ ਲਈ ਕੋਸ਼;
(4) ਮਨੁੱਖੀ ਪ੍ਰਯੋਗਕਾਰ ਲਈ ਕੋਸ਼ ਬਨਾਮ ਮਸ਼ੀਨੀ ਅਨੁਵਾਦ ਲਈ ਕੋਸ਼;
(5) ਇਤਿਹਾਸਕ ਕੋਸ਼ ਬਨਾਮ ਵਰਣਨਾਤਮਕ ਕੋਸ਼;
(6) ਭਾਸ਼ਾਈ ਕੋਸ਼ ਬਨਾਮ ਵਿਸ਼ਵਕੋਸ਼ੀ ਕੋਸ਼;
(7) ਸਾਧਾਰਣ ਕੋਸ਼ ਬਨਾਮ ਵਿਸ਼ਵਕੋਸ਼।

ਉਪਰੋਕਤ ਵਰਗੀਕਰਣ ਵਿਚੋਂ ਪਹਿਲੀਆਂ ਚਾਰ ਕਿਸਮਾਂ ਦਾ ਸੰਬੰਧ ਦੁਭਾਸ਼ੀ ਕੋਸ਼ਾਂ ਨਾਲ ਹੈ ਅਤੇ ਆਖ਼ਰੀ ਤਿੰਨ ਕਿਸਮਾਂ ਦਾ ਸੰਬੰਧ ਸਮਭਾਸ਼ੀ ਅਤੇ ਦੁਭਾਸ਼ੀ ਦੋਵੇਂ ਪ੍ਰਕਾਰ ਦੇ ਕੋਸ਼ਾਂ ਨਾਲ ਹੈ। ਇਸ ਵਰਗੀਕਰਣ ਦੇ ਆਧਾਰ ਤੇ ਇਕ ਭਾਸ਼ਾ ਨੂੰ ਸ੍ਰੋਤ ਭਾਸ਼ਾ ਮੰਨ ਕੇ ਦੋ ਕੋਸ਼ ਤਿਆਰ ਕੀਤੇ ਜਾ ਸਕਦੇ ਹਨ ਜਿਵੇਂ ਪੰਜਾਬੀ-ਅੰਗ੍ਰੇਜ਼ੀ ਕੋਸ਼ ਅਤੇ ਅੰਗ੍ਰੇਜ਼ੀ-ਪੰਜਾਬੀ ਕੋਸ਼। ਸ੍ਰੋਤ ਭਾਸ਼ਾ ਦੇ ਬੁਲਾਰੇ ਲਈ ਟੀਚਾ ਭਾਸ਼ਾ ਵਿਚ ਸਾਹਿਤ ਰਚਨਾ ਕਰਨ ਲਈ ਕੋਸ਼ ਤਿਆਰ ਕੀਤਾ ਜਾ ਸਕਦਾ ਹੈ ਜਿਵੇਂ ਪੰਜਾਬੀ-ਅੰਗ੍ਰੇਜ਼ੀ ਕੋਸ਼। ਇਉਂ ਹੀ ਟੀਚਾ ਭਾਸ਼ਾ ਦੇ ਬੁਲਾਰੇ ਲਈ ਸ੍ਰੋਤ ਭਾਸ਼ਾ ਦੇ ਸਾਹਿਤ ਨੂੰ ਸਮਝਣ ਜਾਂ ਅਨੁਵਾਦ ਕਰਨ ਲਈ ਕੋਸ਼ ਤਿਆਰ ਕੀਤਾ ਜਾ ਸਕਦਾ ਹੈ, ਜਿਵੇਂ ਪੰਜਾਬੀ ਬੁਲਾਰੇ ਲਈ ਅੰਗ੍ਰੇਜ਼ੀ-ਪੰਜਾਬੀ ਕੋਸ਼। ਇਉਂ ਹੀ ਅੰਗ੍ਰੇਜ਼ੀ ਪ੍ਰਯੋਗਕਰਤਾ/ਬੁਲਾਰੇ ਨੂੰ ਧਿਆਨ ਵਿਚ ਰੱਖ ਕੇ ਅੰਗ੍ਰੇਜ਼ੀ-ਪੰਜਾਬੀ ਕੋਸ਼ ਅਤੇ ਪੰਜਾਬੀ-ਅੰਗ੍ਰੇਜ਼ੀ ਕੋਸ਼ ਤਿਆਰ ਕੀਤੇ ਜਾ ਸਕਦੇ ਹਨ।

ਉਦੇਸ਼, ਆਕਾਰ ਅਤੇ ਪ੍ਰਕਾਰ ਦੀ ਦ੍ਰਿਸ਼ਟੀ ਤੋਂ ਦੁਭਾਸ਼ੀ ਕੋਸ਼ ਛੋਟੇ ਵੱਡੇ ਹੋ ਸਕਦੇ ਹਨ। ਪਰੰਤੂ ਅਧਿਕਤਰ ਦਰਮਿਆਨੇ ਸਾਧਾਰਣ ਦੁਭਾਸ਼ੀ ਕੋਸ਼ ਹੀ ਪ੍ਰਚਲਿਤ ਹਨ। ਇਨ੍ਹਾਂ ਕੋਸ਼ਾਂ ਦਾ ਉਦੇਸ਼ ਸਾਹਿਤਕ ਰਚਨਾਵਾਂ ਦੇ ਅਰਥ-ਬੋਧ ਲਈ ਸ੍ਰੋਤ ਭਾਸ਼ਾ ਵਿਚ ਰਚੇ ਸਾਹਿਤ ਦਾ ਗਿਆਨ ਪ੍ਰਾਪਤ ਕਰਨਾ ਹੈ। ਇਸ ਕੋਸ਼ ਦੇ ਅੰਦਰਾਜਾਂ ਦੀ ਘਣਤਾ ਅਧਿਕ ਹੁੰਦੀ ਹੈ ਕਿਉਂਕਿ ਇਸ ਵਿਚ ਕੇਵਲ ਸਾਧਾਰਣ ਪ੍ਰਯੋਗ ਵਾਲੇ ਸ਼ਬਦ ਹੀ ਸੰਮਿਲਿਤ ਨਹੀਂ ਹੁੰਦੇ ਬਲਕਿ ਪ੍ਰਾਚੀਨ ਸ਼ਬਦ, ਵਰਗ-ਬੋਲੀ, ਵਿਸ਼ੇਸ਼ ਪਦ, ਨਵ-ਨਿਰਮਿਤ ਸ਼ਬਦ ਆਦਿ ਵੀ ਸ਼ਾਮਿਲ ਹੁੰਦੇ ਹਨ। ਹਰੇਕ ਸ਼ਬਦ ਦੇ ਸੰਭਵ ਅਰਥ ਦਿੱਤੇ ਜਾਂਦੇ ਹਨ। ਅੰਦਰਾਜ ਦਾ ਵਿਵਰਣ ਬਹੁਤ ਸੰਖੇਪ ਹੁੰਦਾ ਹੈ ਅਤੇ ਇਸ ਦਾ ਮੁੱਖ ਮੰਤਵ ਸ੍ਰੋਤ ਭਾਸ਼ਾ ਦੇ ਸ਼ਬਦਾਂ ਦੇ ਅਰਥ ਪ੍ਰਦਾਨ ਕਰਨਾ ਹੁੰਦਾ ਹੈ। ਸ਼ਬਦ-ਸੰਗਤ ਅਤੇ ਦ੍ਰਿਸ਼ਟਾਂਤੀ ਉਦਾਹਰਣ ਨਹੀਂ ਦਿੱਤੇ ਜਾਂਦੇ। ਟੀਚਾ ਭਾਸ਼ਾ ਵਿਚ ਕੇਵਲ ਸਮਤੁੱਲ ਸ਼ਬਦ ਦਿੱਤੇ ਜਾਂਦੇ ਹਨ ਜਾਂ ਲੋੜ ਅਨੁਸਾਰ ਅਰਥ ਦੀ

ਵਿਆਖਿਆ ਕੀਤੀ ਜਾਂਦੀ ਹੈ । ਇਸ ਦੇ ਉਲਟ, ਰਚਨਾਤਮਕਤਾ ਦੀ ਦ੍ਰਿਸ਼ਟੀ ਤੋਂ ਤਿਆਰ ਕੀਤੇ ਕੋਸ਼ ਵਿਚ ਭਾਵੇਂ ਸ਼ਬਦਾਵਲੀ ਘੱਟ ਸੰਮਿਲਿਤ ਕੀਤੀ ਜਾਂਦੀ ਹੈ, ਪਰ ਅੰਦਰਾਜ਼ਾਂ ਦਾ ਵਿਸਤ੍ਰਿਤ ਵਿਵਰਣ ਦਿੱਤਾ ਜਾਂਦਾ ਹੈ। ਪ੍ਰਯੋਗਕਰਤਾ ਨੂੰ ਪ੍ਰਯੋਗਾਂ ਅਤੇ ਸ਼ਬਦ-ਸੰਗਤ ਦੇ ਅਧਿਕ ਵਿਸਤਾਰ ਪ੍ਰਸਤੁਤ ਕੀਤੇ ਜਾਂਦੇ ਹਨ । ਮਯਾ ਸਿੰਘ ਦੀ 'ਦ ਪੰਜਾਬੀ ਡਿਕਸ਼ਨਰੀ' ਦਾ ਹੇਠ ਲਿਖਿਆ ਅੰਦਰਾਜ ਇਸ ਨੁਕਤੇ ਨੂੰ ਸਪਸ਼ਟ ਕਰ ਦੇਵੇਗਾ :

Khabar ਖ਼ਬਰ s.f. Report, news, intelligence, care, head, notice ; knowledge; inquiry after one's health or circumstances ; —**be khabar**, insensible, ignorant ; innocent, senseless ; — **khabardar**, cautious, careful ; Beware ! take care ! — **khabardar hona**, to take care ; — **khabardar karna**, to forewarn, to give the alarm ; — **khabardari**, taking care, taking in charge ; — **khabar dassni**, to give information ; — **khabar deni, karni**, to inform, to give an information ; — **khabar honi**, to be informed ; — **khabar laini**, to watch, to inquire into, to take care of ; to support ; to take revenge ; to serve one out ; — **khabar laggni**, to come to know, to come to one's senses ; — **khabar sar**, Information, news ; care, notice ; **khabar liauna**, to bring information ; — **ronda jae moian di khabar liae**, He went whining and come back crying as for the dead.'

6.4 ਕੋਸ਼-ਸਾਮੱਗਰੀ ਸੰਕਲਨ : ਸਮਭਾਸ਼ੀ ਕੋਸ਼ਾਂ ਲਈ ਸਾਮੱਗਰੀ ਸੰਕਲਨ ਵਿਧੀਆਂ ਦਾ ਚੌਥੇ ਅਧਿਆਇ ਵਿਚ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ । ਕੁਝ ਇਕ ਸ੍ਰੋਤੀ ਸਾਧਨਾਂ ਨੂੰ ਛੱਡ ਕੇ ਦੁਭਾਸ਼ੀ ਕੋਸ਼ ਦੇ ਸੰਕਲਨ ਵਿਚ ਵੀ ਲਗਭਗ ਉਨ੍ਹਾਂ ਵਿਧੀਆਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ । ਇਕ ਅਰਥ ਵਿਚ ਦੁਭਾਸ਼ੀ ਕੋਸ਼ ਲਈ ਸਾਮੱਗਰੀ ਸੰਕਲਨ ਦਾ ਕੰਮ ਆਸਾਨ ਹੈ ਕਿਉਂਕਿ ਇਸ ਕੋਸ਼ ਲਈ ਸਾਮੱਗਰੀ ਇਕੱਤਰ ਕਰਨ ਲਈ ਪ੍ਰਾਚੀਨ ਗ੍ਰੰਥਾਂ, ਹੱਥਲਿਖਤਾਂ, ਸਾਹਿਤਕ ਰਚਨਾਵਾਂ ਦਾ ਵਿਸਤ੍ਰਿਤ ਵਿਵੇਚਨ ਨਹੀਂ ਕਰਨਾ ਪੈਂਦਾ । ਇਹ ਸਾਰਾ ਕੰਮ ਸ੍ਰੋਤ ਭਾਸ਼ਾ ਦੇ ਕੋਸ਼ਕਾਰਾਂ ਨੇ ਕੀਤਾ ਹੁੰਦਾ ਹੈ ਜਿਸ ਨੂੰ ਦੁਭਾਸ਼ੀ ਕੋਸ਼ ਦਾ ਆਧਾਰ ਬਣਾਇਆ ਜਾਂਦਾ ਹੈ। ਆਮ ਕਰਕੇ ਸ੍ਰੋਤ ਭਾਸ਼ਾ ਦੇ ਕਿਸੇ ਮਿਆਰੀ ਤੇ ਪ੍ਰਮਾਣਕ ਸਮਭਾਸ਼ੀ ਕੋਸ਼ ਨੂੰ ਆਧਾਰ ਬਣਾ ਲਿਆ ਜਾਂਦਾ ਹੈ । ਆਦਰਸ਼ ਸਥਿਤੀ ਤਾਂ ਇਹ ਹੈ ਕਿ ਇਨ੍ਹਾਂ ਕੋਸ਼ਾਂ ਵਿਚ ਟੀਚਾ ਭਾਸ਼ਾ ਦੇ ਪ੍ਰਯੋਗਕਰਤਿਆਂ ਦੀਆਂ ਵਾਸਤਵਿਕ ਅਤੇ ਵਿਵ-ਹਾਰਕ ਲੋੜਾਂ ਅਨੁਸਾਰ ਸਾਮੱਗਰੀ ਇਕੱਤਰ ਕੀਤੀ ਜਾਵੇ । ਪਰੰਤੂ ਭਾਰਤੀ ਕੋਸ਼ਕਾਰਾਂ ਦੀ ਦੁਭਾਸ਼ੀ ਕੋਸ਼-ਕਲਾ ਵਿਚ ਇਹ ਘਾਟ ਹਮੇਸ਼ਾ ਖਟਕਦੀ ਰਹੀ ਹੈ ਕਿ ਅਸੀਂ ਕਦੇ ਵੀ ਟੀਚਾ ਭਾਸ਼ਾ ਦੇ ਪ੍ਰਯੋਗਕਰਤਿਆਂ ਦੀਆਂ ਲੋੜਾਂ ਦਾ ਜਾਇਜ਼ਾ ਲੈ ਕੇ ਉਨ੍ਹਾਂ ਦੀ ਦ੍ਰਿਸ਼ਟੀ

ਤੋਂ ਸ੍ਰੋਤ ਭਾਸ਼ਾ ਦੇ ਸ਼ਬਦਾਂ ਦੀ ਸੂਚੀ ਨਹੀਂ ਬਣਾਈ। ਮੁੱਖ ਸੰਪਾਦਕ ਜਾਂ ਸੰਪਾਦਕੀ ਅਮਲਾ ਆਪਣੀ ਸਮਝ ਅਤੇ ਸੁਵਿਧਾ ਅਨੁਸਾਰ ਕਿਸੇ ਇਕ ਮਿਆਰੀ ਸਮਭਾਸ਼ੀ ਕੋਸ਼ ਨੂੰ ਆਧਾਰ ਬਣਾ ਕੇ ਸੰਕਲਨ ਕਾਰਜ ਆਰੰਭ ਦਿੰਦਾ ਹੈ। ਇਹੀ ਕਾਰਣ ਹੈ ਕਿ ਇਕ ਕੋਸ਼ ਤੇ ਆਧਾਰਿਤ ਭਾਰਤੀ ਭਾਸ਼ਾਵਾਂ ਦੇ ਦੁਭਾਸ਼ੀ ਕੋਸ਼ਾਂ ਵਿਚ ਸ਼ਬਦ ਸੰਕਲਨ ਅਤੇ ਅਰਥਾਂ ਵਿਚ ਕਾਫ਼ੀ ਅੰਤਰ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਕੋਸ਼ ਨਿਰਮਾਣ ਲਈ ਤਿਆਰ ਕੀਤੀ ਯੋਜਨਾ ਵਿਚ ਬੜਾ ਵੱਡਾ ਨੁਕਸ ਹੈ।

(1) ਇਕਸਾਰਤਾ ਦੀ ਘਾਟ : 'ਕਨਸਾਈਜ਼ ਆਕਸਫੋਰਡ ਡਿਕਸ਼ਨਰੀ' ਨੂੰ ਆਧਾਰ ਬਣਾ ਕੇ ਤਿਆਰ ਕੀਤੇ ਇਨ੍ਹਾਂ ਦੁਭਾਸ਼ੀ ਕੋਸ਼ਾਂ ਦੇ ਕੁਝ ਕੁ ਹੇਠਾਂ ਦਿੱਤੇ ਅੰਦਰਾਜ ਮਨਮਾਨੇ ਸ਼ਬਦ ਸੰਕਲਨ ਦਾ ਬੜਾ ਰੋਚਕ ਚਿੱਤਰ ਪੇਸ਼ ਕਰਦੇ ਹਨ :[13]

1 ਕਨਸਾਈਜ਼ ਆਕਸਫੋਰਡ ਡਿਕਸ਼ਨਰੀ	2 ਇੰਗਲਿਸ਼-ਕੰਨੜ ਡਿਕਸ਼ਨਰੀ	3 ਇੰਗਲਿਸ਼-ਤਮਿਲ ਡਿਕਸ਼ਨਰੀ	4 ਪੀ ਐਸ ਯੂ ਟੀ ਬੀ ਇੰਗਲਿਸ਼-ਪੰਜਾਬੀ ਡਿਕਸ਼ਨਰੀ
(ੳ) baboo/babu	√	√	√
badmash	√	√	√
baksheesh	√	√	√
bandicoot	√	√	√
cabob(s)	×	√	√
canarese	√	√	√
chela	√	√	√
cooly/coolie	√	√	√
Koran	√	√	√
(ਅ) albeit-	×	√	√
cat-, catah-, cath-	√	×	√
cheilo-/chilo-	×	×	×
ecto-	√	×	√
pre-	√	×	√
pro-	√	×	√
(ੲ) -cy	×	×	×
-ery	√	×	×
-ful	√	×	√

	1	2	3	4
	-fy	✓	×	✓
	-ry	✓	×	×
(ਸ)	Abderite	✓	×	✓
	Abernethy	×	✓	✓
	abigail	×	×	✓
	absquatulate	×	✓	✓
	accidie/acedia	×	✓	✓
	Aceldama	✓	×	✓
	ack emma	×	×	✓
	Agnus Dei	×	×	✓
	alb	✓	×	✓
	Baedeker	✓	×	×
	braise v.t.	✓	×	✓
	caber	✓	✓	✓
	calando	×	✓	✓
	camerlingo	×	✓	✓
	chop-suey	×	✓	✓
	chin-chin	×	✓	✓
	Christy minstrels	✓	✓	✓
	crouton	×	✓	✓
	cruller	×	×	✓

ਭਾਰਤੀ ਕੋਸ਼ਕਾਰਾਂ ਦੁਆਰਾ ਸੰਪਾਦਿਤ ਉਪਰੋਕਤ ਕੋਸ਼ਾਂ ਵਿਚ ਸ਼ਬਦ ਸੰਕਲਨ ਦੀ ਅਜਿਹੀ ਵਿਵਿਧਤਾ ਨਿਸ਼ਚਿਤ ਕੋਸ਼ੀ ਨੀਤੀ ਨਿਰਧਾਰਿਤ ਨਾ ਕਰਨ ਅਤੇ ਸੰਪਾਦਕੀ ਅਮਲੇ ਦੇ ਮਨਮਾਨੇ ਵਿਵਹਾਰ ਤੋਂ ਉਤਪੰਨ ਹੁੰਦੀ ਹੈ। ਸ਼ਬਦ ਸੰਕਲਨ ਸੰਬੰਧੀ ਸੰਪਾਦਕੀ ਨੀਤੀ ਦੀ ਕੋਸ਼ ਸੰਕਲਨ ਕਾਰਜ ਹੱਥ ਵਿਚ ਲੈਣ ਤੋਂ ਪਹਿਲਾਂ ਹੀ ਵਿਸਤ੍ਰਿਤ ਰੂਪਰੇਖਾ ਤਿਆਰ ਕਰ ਲੈਣੀ ਉਚਿਤ ਰਹਿੰਦੀ ਹੈ।

(2) ਆਧਾਰ ਕੋਸ਼ ਅਤੇ ਇਸ ਦੇ ਸ਼ਬਦ-ਰੂਪ ਤੇ ਅਰਥ : ਦੁਭਾਸ਼ੀ ਕੋਸ਼ ਸੰਕਲਨ ਸਮੇਂ ਆਮ ਕਰਕੇ ਸ੍ਰੋਤ ਭਾਸ਼ਾ ਦੇ ਕਿਸੇ ਮਿਆਰੀ ਸਮਭਾਸ਼ੀ ਕੋਸ਼ ਜਿਵੇਂ ਅੰਗ੍ਰੇਜ਼ੀ ਤੋਂ ਕੋਈ ਦੁਭਾਸ਼ੀ ਕੋਸ਼ ਤਿਆਰ ਕਰਨ ਲਈ 'ਕਨਸਾਈਜ਼ ਆਕਸਫੋਰਡ ਡਿਕਸ਼ਨਰੀ' ਜਾਂ 'ਆਕਸਫੋਰਡ ਅਡਵਾਂਸਡ ਲਰਨਰਜ਼ ਡਿਕਸ਼ਨਰੀ' ਆਦਿ ਨੂੰ ਸ਼ਬਦ-ਸੰਕਲਨ ਲਈ ਆਧਾਰ ਬਣਾ ਲਿਆ ਜਾਂਦਾ ਹੈ। ਪਰੰਤੂ ਆਧਾਰ-ਕੋਸ਼ ਵਿਚੋਂ ਵੀ ਸ਼ਬਦ ਸੰਕਲਨ ਕਰਦਿਆਂ ਕੋਸ਼ੀ ਇਕਾਈਆਂ ਦੇ ਸ਼ਬਦ-ਰੂਪਾਂ ਅਤੇ ਅਰਥਾਂ ਵਲ ਅਤਿਅਧਿਕ ਧਿਆਨ

ਕੇਂਦ੍ਰਿਤ ਕਰਨ ਦੀ ਲੋੜ ਹੈ। ਕਈ ਸ਼ਬਦਾਂ ਦੇ ਇਕ ਤੋਂ ਵੱਧ ਸ਼ਬਦ-ਰੂਪ ਪ੍ਰਚਲਿਤ ਹੁੰਦੇ ਹਨ ਜਿਵੇਂ cottar, cotter; specialization, specialisation; caravel, carvel; ਪਰੀਖਿਆ, ਪ੍ਰੀਖਿਆ; ਕਮੱਕਲੀ, ਕਮ-ਅਕਲੀ; ਸੌਹਜ, ਸੁਹਜ; ਘਚੋਲਣਾ, ਘਚੋਲਣਾ ਆਦਿ। ਸ਼ਬਦ ਸੰਕਲਨ ਸਮੇਂ ਸ੍ਰੋਤ ਭਾਸ਼ਾ ਦੇ ਦੂਜੇ ਸਮਭਾਸ਼ੀ ਕੋਸ਼ਾਂ ਦੇ ਸ਼ਬਦ-ਰੂਪਾਂ ਨਾਲ ਤੁਲਨਾ ਕਰਨ ਉਪਰੰਤ ਸਹੀ ਅਤੇ ਪ੍ਰਮਾਣਕ ਸ਼ਬਦ-ਰੂਪ ਨੂੰ ਕੋਸ਼ ਵਿਚ ਦਰਜ ਕੀਤਾ ਜਾਵੇ। ਇਉਂ ਹੀ, ਮੂਲ ਕੋਸ਼ੀ ਇਕਾਈ ਦੇ ਅਰਥ ਕਈ ਵਾਰੀ ਆਧਾਰ-ਕੋਸ਼ ਤੋਂ ਸਪਸ਼ਟ ਨਹੀਂ ਹੁੰਦੇ। ਇਨ੍ਹਾਂ ਅਰਥਾਂ, ਉਪ-ਅਰਥਾਂ, ਅਰਥ-ਭੇਦਾਂ ਆਦਿ ਦੀ ਸਪਸ਼ਟਤਾ ਲਈ ਉਸ ਭਾਸ਼ਾ ਦੇ ਦੂਜੇ ਪ੍ਰਮਾਣਕ ਸਮਭਾਸ਼ੀ ਕੋਸ਼ਾਂ ਦੀ ਮਦਦ ਲਈ ਜਾ ਸਕਦੀ ਹੈ।ਮਸਲਨ, ਜੇ ਅਸੀਂ 'ਕਨਸਾਈਜ਼ ਆਕਸਫ਼ੋਰਡ ਡਿਕਸ਼ਨਰੀ' ਨੂੰ ਆਧਾਰ ਬਣਾ ਕੇ ਅੰਗ੍ਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਨਾ ਚਾਹੁੰਦੇ ਹਾਂ, ਤਾਂ ਅੰਗ੍ਰੇਜ਼ੀ ਭਾਸ਼ਾ ਦੇ ਸਮਭਾਸ਼ੀ ਕੋਸ਼ਾਂ ਜਿਵੇਂ ਵੈਬਸਟਰ ਅਤੇ ਰੈਂਡਮਹਾਊਸ ਅੰਗ੍ਰੇਜ਼ੀ ਕੋਸ਼ਾਂ ਦੀ ਅਰਥ ਦੀ ਸਮਝਗੋਚਰਤਾ ਅਤੇ ਸਪਸ਼ਟਤਾ ਲਈ ਸਹਾਇਤਾ ਲਈ ਜਾ ਸਕਦੀ ਹੈ। ਜੇ ਇਸ ਸਿਧਾਂਤ ਦੀ ਪਾਲਣਾ ਨਹੀਂ ਕਰਾਂਗੇ ਤਾਂ ਅਸੀਂ ਮੂਲ ਅਰਥ ਦੇ ਪੰਜਾਬੀ ਵਿਚ ਸਮਤੁੱਲ ਸ਼ਬਦ ਅਰਥਾਤ ਪਰਿਭਾਸ਼ਾ ਦੇਣ ਸਮੇਂ ਬੱਜਰ ਭੁੱਲ ਕਰ ਸਕਦੇ ਹਾਂ, ਜਿਵੇਂ ਕਿ ਇਸ ਪ੍ਰਵਿਰਤੀ ਦੇ ਕੁਝ ਕੁ ਅੰਗ੍ਰੇਜ਼ੀ-ਪੰਜਾਬੀ, ਅੰਗ੍ਰੇਜ਼ੀ-ਹਿੰਦੀ ਅਤੇ ਅੰਗ੍ਰੇਜ਼ੀ-ਉਰਦੂ ਕੋਸ਼ਾਂ ਵਿਚ ਦਰਸ਼ਨ ਹੁੰਦੇ ਹਨ। ਆਪਣੇ ਇਸ ਨੁਕਤੇ ਦੀ ਸਪਸ਼ਟਤਾ ਲਈ ਇਨ੍ਹਾਂ ਪ੍ਰਮਾਣਕ ਕੋਸ਼ਾਂ ਵਿਚੋਂ ਕੁਝ ਕੁ ਉਦਾਹਰਣ ਪ੍ਰਸਤੁਤ ਕਰਨਾ ਅਨੁਚਿਤ ਨਹੀਂ ਹੋਵੇਗਾ।

(i) bagasse 'residue after extracting juice from sugar-cane or sugar-beet' (C.O.D.)

ਇਸ ਦਾ ਪੰਜਾਬੀ ਅਤੇ ਹਿੰਦੀ ਕੋਸ਼ਾਂ ਵਿਚ ਅਰਥ ਇਸ ਪ੍ਰਕਾਰ ਦਿੱਤਾ ਗਿਆ ਹੈ:

'ਗੁੜ ਜਾਂ ਖੰਡ ਬਣਾਉਂਦਿਆਂ ਜੋ ਮੈਲ ਲਥਦੀ ਹੈ, ਰਾਬ।'

('ਦ ਸਟੈਂਡਰਡ ਇੰਗਲਿਸ਼-ਪੰਜਾਬੀ ਡਿਕਸ਼ਨਰੀ'
—ਪ੍ਰਿੰ. ਤੇਜਾ ਸਿੰਘ)

'ਨਿਰਮਾਣ ਵਿਧੀ ਮੇਂ ਸ਼ੱਕਰ ਕੀ ਅਵਸ਼ਿਸ਼ਟੀ, ਰਾਬ, ਤਲਛਟ'

('ਬ੍ਰਿਹਤ ਅੰਗ੍ਰੇਜ਼ੀ-ਹਿੰਦੀ ਕੋਸ਼'—ਡਾ. ਹਰਦੇਵ ਬਾਹਰੀ)

ਉਪਰੋਕਤ ਦੋਵੇਂ ਅਰਥ ਗ਼ਲਤ ਹਨ। ਪੰਜਾਬੀ ਵਿਚ ਇਸ ਦਾ ਅਰਥ 'ਤੱਬਾ' ਬਣਦਾ ਹੈ, ਕਿਉਂਕਿ 'ਮੈਲ, ਤਲਛਟ, ਰਾਬ, ਅਵਸ਼ਿਸ਼ਟੀ' ਆਦਿ ਨਾਲ ਇਸ ਅਰਥ ਦਾ ਕੋਈ ਸੰਬੰਧ ਨਹੀਂ ਹੈ।

(ii) barbecue 'large wooden or iron framework for smoking or brailing.' (C.O.D.)

'ਦੇਗ, ਕੜਾਹਿਆ' (ਪ੍ਰਿੰ. ਤੇਜਾ ਸਿੰਘ)

'ਡੇਗ, ਕੜਾਹ, ਕੜਾਹੀ; ਮਾਸ ਸੇਂਕਨੇ ਕਾ ਲਕੜੀ ਯਾ ਲੋਹੇ ਕਾ ਢਾਂਚਾ।'
(ਡਾ. ਹਰਦੇਵ ਬਾਹਰੀ)

ਇਸ ਸ਼ਬਦ ਦਾ 'ਦੇਗ, ਕੜਾਹੀ' ਅਰਥ ਗ਼ਲਤ ਹੈ। ਇਸ ਦਾ ਠੀਕ ਅਰਥ 'ਮਾਸ ਭੁੰਨਣ ਜਾਂ ਖੁਸ਼ਕ ਕਰਨ ਵਾਲਾ ਲੱਕੜੀ ਜਾਂ ਲੋਹੇ ਦਾ ਢਾਂਚਾ' ਹੈ।

(iii) billboard 'hoarding' (C.O.D.)

'ਰਾਸ਼ੀ, ਸੰਗ੍ਰਹਿ, ਖ਼ਜ਼ਾਨਾ' (ਡਾ. ਹਰਦੇਵ ਬਾਹਰੀ)

ਡਾ. ਬਾਹਰੀ ਵਲੋਂ ਦਿੱਤੇ ਉਪਰੋਕਤ ਅਰਥ ਗ਼ਲਤ ਹਨ ਕਿਉਂਕਿ hoarding ਦਾ ਇਸ ਪ੍ਰਸੰਗ ਵਿਚ ਅਰਥ 'fence of boards round building during erection or repairs often used for posting bills' (C.O.D.) ਹੈ। ਇਸ ਵਿਆਖਿਆ ਤੋਂ ਡਾ. ਹਰਦੇਵ ਬਾਹਰੀ ਦੇ ਅਰਥਾਂ ਦੇ ਗ਼ਲਤ ਹੋਣ ਸੰਬੰਧੀ ਕੋਈ ਭੁਲੇਖਾ ਨਹੀਂ ਰਹਿੰਦਾ।

(iv) brassard 'badge worn on arm' (C.O.D.)

'(ਬਾਂਹ ਤੇ ਲਾਉਣ ਵਾਲਾ) ਪਿੱਤਲ ਦਾ ਬਿੱਲਾ' (ਪ੍ਰਿੰ. ਤੇਜਾ ਸਿੰਘ)

ਇਸ ਸ਼ਬਦ ਦਾ 'ਪਿੱਤਲ' ਨਾਲ ਕੋਈ ਸੰਬੰਧ ਨਹੀਂ ਹੈ। ਇਸ ਅਰਥ ਦੀ ਸਪਸ਼ਟਤਾ ਲਈ ਵੈਬਸਟਰ ਦੇ ਕੋਸ਼ ਨੂੰ ਵੇਖਿਆ ਜਾ ਸਕਦਾ ਸੀ 'a cloth band worn around the upper arm usu. to designate its wearer as a member of a special group or service and often bearing some identifying mark' (Webster)

(v) billycock 'round-crowned hard felt hat, bowler' (C.O.D.)

'(ਕ੍ਰਿਕੇਟ ਕੇ ਖੇਲ ਮੇਂ) ਗੇਂਦ ਫੇਂਕਨੇ ਵਾਲਾ, ਬੌਲਰ' (ਡਾ. ਹਰਦੇਵ ਬਾਹਰੀ)

ਪਰੰਤੂ bowler ਦਾ ਅਰਥ 'a derby hat' (Webster) ਹੈ ਜਿਸ ਦਾ ਅਰਥ 'ਟੋਪੀ' ਨਿਕਲਦਾ ਹੈ, ਕ੍ਰਿਕਟ ਦੀ ਖੇਡ ਨਾਲ ਇਸ ਸ਼ਬਦ ਦਾ ਉੱਕਾ ਹੀ ਕੋਈ ਵਾਸਤਾ ਨਹੀਂ ਹੈ।

(vi) dress improver 'bustle' (C.O.D.)

'ਭੀੜ-ਭੜੱਕਾ' (ਪ੍ਰਿੰ. ਤੇਜਾ ਸਿੰਘ)

ਇਥੇ bustle ਦਾ ਅਰਥ ਗ਼ਲਤੀ ਨਾਲ 'ਭੀੜ-ਭੜੱਕਾ' ਕੀਤਾ ਗਿਆ ਹੈ ਜਦੋਂ ਕਿ ਇਸ ਦਾ ਅਰਥ 'pad or frame puffing out top of woman's skirt behind' (C.O.D.) ਅਰਥਾਤ 'ਸਕਰਟ ਦੇ ਘੇਰੇ ਨੂੰ ਫੁਲਾ ਰੱਖਣ ਵਾਲੀ ਕਮਾਨੀ ਜਾਂ ਗੱਦੀ' ਬਣਦਾ ਹੈ।

(vii) **borrowed light** 'internal window' (C.O.D.)
'reflected light, specif : light entering an interior and otherwise dark room or passage from an adjoining space having windows or sky-lights' (Webster)
'ਅੰਦਰਲੀ ਬਾਰੀ' (ਪ੍ਰਿੰ. ਤੇਜਾ ਸਿੰਘ)

ਇਸ ਸ਼ਬਦ ਦੇ ਪੰਜਾਬੀ ਵਿਚ ਅਰਥ ਗ਼ਲਤ ਹਨ ਜਿਸ ਨੂੰ ਹੋਰ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੈ।

(viii) ਕਈ ਵਾਰੀ ਸ਼ਬਦਾਂ ਦੇ ਅਨੁਪ੍ਰਾਸ-ਮੋਹ ਤੋਂ ਪ੍ਰਭਾਵਿਤ ਹੋ ਕੇ ਕੋਸ਼ਕਾਰ ਬੱਜਰ ਭੁੱਲ ਕਰ ਬੈਠਦਾ ਹੈ ਜਿਵੇਂ ਪ੍ਰਿੰ. ਤੇਜਾ ਸਿੰਘ ਨੇ baryta 'barium oxide' ਦਾ ਅਰਥ 'ਬਰੇਤਾ' ਕਰ ਦਿੱਤਾ ਹੈ ਜਿਹੜਾ ਕਿਸੇ ਵੀ ਅਰਥ-ਵਿਗਿਆਨਕ ਕਸੌਟੀ ਤੇ ਪੂਰਾ ਨਹੀਂ ਉਤਰਦਾ। ਇਉਂ ਹੀ 'daunt' ਦਾ ਅਰਥ ਇਸੇ ਮੋਹ-ਵਸ 'ਡਾਂਟਣਾ' ਕੀਤਾ ਗਿਆ ਹੈ।

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਸ੍ਰੋਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੇ ਅਰਥਾਂ ਦੀ ਦੂਜੇ ਸਮਭਾਸ਼ੀ ਕੋਸ਼ਾਂ ਤੋਂ ਪੁਸ਼ਟੀ ਕਰਨ ਉਪਰੰਤ ਹੀ ਟੀਚਾ ਭਾਸ਼ਾ ਵਿਚ ਇਸ ਦੇ ਸਮਤੁੱਲ ਸ਼ਬਦ ਜਾਂ ਪਰਿਭਾਸ਼ਾ ਦੇਣੀ ਚਾਹੀਦੀ ਹੈ।

(3) **ਟੀਚਾ ਭਾਸ਼ਾ ਜਾਂ ਇਸ ਨਾਲ ਸੰਬੰਧਿਤ ਭਾਸ਼ਾਵਾਂ ਦੇ ਹੋਰ ਦੁਭਾਸ਼ੀ ਕੋਸ਼ਾਂ ਦੀ ਸਹਾਇਤਾ :** ਦੁਭਾਸ਼ੀ ਕੋਸ਼ਕਾਰ ਨੂੰ ਟੀਚਾ ਭਾਸ਼ਾ ਦੇ ਦੁਭਾਸ਼ੀ ਕੋਸ਼ਾਂ ਅਤੇ ਟੀਚਾ ਭਾਸ਼ਾ ਨਾਲ ਸੰਬੰਧਿਤ ਸਮਕਾਲੀ ਭਾਸ਼ਾਵਾਂ ਦੇ ਦੁਭਾਸ਼ੀ ਕੋਸ਼ਾਂ ਦੀ ਵਾਸਤਵਿਕ ਸਾਮੱਗਰੀ ਸੰਕਲਨ ਸਮੇਂ ਸਹਾਇਤਾ ਲੈਣੀ ਚਾਹੀਦੀ ਹੈ, ਜਿਵੇਂ ਅੰਗ੍ਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਨ ਲਈ ਅੰਗ੍ਰੇਜ਼ੀ-ਹਿੰਦੀ ਕੋਸ਼, ਅੰਗ੍ਰੇਜ਼ੀ-ਉਰਦੂ ਕੋਸ਼ ਆਦਿ ਨੂੰ ਸਾਮ੍ਹਣੇ ਰੱਖਿਆ ਜਾ ਸਕਦਾ ਹੈ। ਪਰੰਤੂ ਇਨ੍ਹਾਂ ਕੋਸ਼ਾਂ ਦਾ ਪ੍ਰਯੋਗ ਵੀ ਬਹੁਤ ਸਾਵਧਾਨੀ, ਸਜੱਗਤਾ ਤੇ ਸਤਰਕਤਾ ਦੀ ਮੰਗ ਕਰਦਾ ਹੈ। ਕੋਸ਼ਕਾਰ ਨੂੰ ਸਹੀ ਅਤੇ ਗ਼ਲਤ ਅਰਥ-ਨਿਖੇੜੇ ਦੀ ਸੂਝ ਹੋਣੀ ਚਾਹੀਦੀ ਹੈ। ਨਹੀਂ ਤਾਂ ਇਕ ਕੋਸ਼ਕਾਰ ਵਲੋਂ ਕੀਤੀ ਗ਼ਲਤੀ ਸੀਨਾ-ਬਸੀਨਾ ਚਲਦੀ ਰਹਿੰਦੀ ਹੈ। ਅਸੀਂ ਸ਼ਬਦ **arduous** ਦੀ ਮਿਸਾਲ ਲੈਂਦੇ ਹਾਂ :

arduous 'steep, hard to climb ; hard to achieve, laborious ; strenuous, energetic' (C.O.D.)

ਇਸ ਦੇ ਅਰਥ ਦੇਣ ਵਿਚ ਇਕ ਕੋਸ਼ਕਾਰ ਵਲੋਂ ਕੀਤੀ ਗ਼ਲਤੀ ਨੂੰ ਆਗਾਮੀ ਕੋਸ਼ਕਾਰਾਂ ਨੇ ਵੀ ਦੁਹਰਾਇਆ ਹੈ। ਉਦਾਹਰਣ ਵਜੋਂ :

(ੳ) 'ਜੋਸ਼ੀਲਾ, ਮਿਹਨਤੀ, ਜ਼ਾਂਫ਼ਸ਼ਾਨੀ ਔਰ ਤਨਦਹੀ ਸੇ ਕਾਮ ਕਰਨੇ ਵਾਲਾ, ਮਿਹਨਤੇ ਸ਼ਾਕਾ ਉਠਾਨੇ ਵਾਲਾ (ਅਬਦੁਲ ਹੱਕ)

(ਅ) 'ਜੋਸ਼ੀਲਾ, ਤੇਜ਼, ਹਿੰਮਤੀ' (ਡਾ. ਹਰਦੇਵ ਬਾਹਰੀ)

(ੲ) 'ਜੋਸ਼ੀਲਾ, ਉੱਦਮੀ, ਮਿਹਨਤੀ' (ਪ੍ਰਿੰ. ਤੇਜਾ ਸਿੰਘ)।

ਇਸ ਸ਼ਬਦ ਦਾ ਅਰਥ 'ਮਿਹਨਤੀ, ਜੋਸ਼ੀਲਾ, ਹਿੰਮਤੀ' ਬੰਦਾ ਨਹੀਂ ਬਲਕਿ ਅਜਿਹਾ ਦੁਸ਼ਵਾਰ, ਦੁਰਗਮ ਤੇ ਬਿਖੜਾ ਕਾਰਜ ਹੈ ਜਿਸ ਵਾਸਤੇ ਹਿੰਮਤ, ਉੱਦਮ ਅਤੇ ਸਖ਼ਤ ਮਿਹਨਤ ਦੀ ਲੋੜ ਪੈਂਦੀ ਹੈ ਜਿਵੇਂ **arduous task** (A.L.D.) । ਅਰਥ ਦਾ ਅਨਰਥ ਸਵੈ-ਸਿੱਧ ਹੈ। ਅਜਿਹੇ ਅਨਰਥਾਂ ਤੋਂ ਬਹੁਤ ਹੀ ਸਚੇਤ ਤੇ ਸਾਵਧਾਨ ਰਹਿਣ ਦੀ ਲੋੜ ਹੈ।

(4) **ਸ੍ਰੋਤ-ਭਾਸ਼ੀ ਆਧਾਰ-ਕੋਸ਼ ਦੇ ਅਰਥਾਂ ਦੀ ਪੁਸ਼ਟੀ** : ਆਧਾਰ-ਕੋਸ਼ ਤੋਂ ਟੀਚਾ ਭਾਸ਼ਾ ਵਿਚ ਅਰਥ ਦੀ ਪਰਿਭਾਸ਼ਾ ਤੋਂ ਤਾਂ ਸਚੇਤ ਤੇ ਖ਼ਬਰਦਾਰ ਰਹਿਣਾ ਚਾਹੀਦਾ ਹੀ ਹੈ, ਪਰੰਤੂ ਆਧਾਰ-ਕੋਸ਼ ਵਿਚ ਦਰਜ ਅਰਥਾਂ ਦੀ ਪੁਸ਼ਟੀ ਵੀ ਉਸ ਭਾਸ਼ਾ ਦੇ ਕਿਸੇ ਹੋਰ ਸਮਭਾਸ਼ੀ ਕੋਸ਼ ਤੋਂ ਕਰ ਲੈਣੀ ਚਾਹੀਦੀ ਹੈ। ਕਈ ਵਾਰੀ ਸ੍ਰੋਤ-ਭਾਸ਼ੀ ਕੋਸ਼ ਵਿਚ ਵੀ ਅਰਥ ਦਰਜ ਕਰਨ ਵਿਚ ਗ਼ਲਤੀ ਹੋ ਸਕਦੀ ਹੈ। ਕੋਸ਼ਕਾਰ ਦਾ ਮੁੱਖ ਗੁਣ ਹਰੇਕ ਸ਼ਬਦ ਅਤੇ ਉਸ ਦੇ ਅਰਥ ਨੂੰ ਸੰਦੇਹ ਦੀ ਨਿਗਾਹ ਨਾਲ ਵੇਖਣਾ ਹੈ।

ਹੁਣ ਤਕ ਅਸੀਂ ਅੰਗ੍ਰੇਜ਼ੀ ਕੋਸ਼ਾਂ ਨੂੰ ਬਾਈਬਲ ਦਾ ਦਰਜਾ ਦੇ ਰੱਖਿਆ ਹੈ। ਇਨ੍ਹਾਂ ਕੋਸ਼ਾਂ ਵਿਚ ਦਰਜ ਅਰਥਾਂ ਤੇ ਕਦੇ ਕਿਸੇ ਨੇ ਘੱਟ ਹੀ ਕਿੰਤੂ ਕੀਤਾ ਹੈ। ਪਰੰਤੂ ਕੋਈ ਵੀ ਸਾਂਸਕ੍ਰਿਤਿਕ ਸੰਰਚਨਾ ਸੰਪੂਰਣ ਨਹੀਂ ਹੋ ਸਕਦੀ। ਇਨ੍ਹਾਂ ਵਿਚ ਕੋਈ ਭੁੱਲ ਹੋਣ ਦੀ ਸਦਾ ਗੁੰਜਾਇਸ਼ ਰਹਿ ਸਕਦੀ ਹੈ। 'ਆਕਸਫੋਰਡ ਅਡਵਾਂਸਡ ਲਰਨਰਜ਼ ਡਿਕਸ਼ਨਰੀ' (1985 ਦਾ ਸੰਸਕਰਣ) ਵਿਚ **nifty** ਸ਼ਬਦ ਦੇ ਇਹ ਅਰਥ ਦਿੱਤੇ ਹੋਏ ਹਨ :

1. smart; stylish; 2. **having an unpleasant smell;** 3. quick, efficient.

ਕੋਸ਼ ਨਿਰਮਾਣ ਪ੍ਰਕ੍ਰਿਆ ਸਮੇਂ ਜਦੋਂ ਮੈਂ ਅੰਗ੍ਰੇਜ਼ੀ ਦੇ ਹੋਰ ਸਮਭਾਸ਼ੀ ਕੋਸ਼ਾਂ ਵਲ ਨਿਗਾਹ ਮਾਰੀ ਤਾਂ ਉਪਰੋਕਤ ਸ਼ਬਦ ਦੇ ਦੂਜੇ ਅਰਥ-ਭੇਦ 'having an unpleasant smell' ਦੀ ਕਿਤੋਂ ਵੀ ਪੁਸ਼ਟੀ ਨਾ ਹੋਈ। ਕੁਝ ਪਰਿਭਾਸ਼ਾਵਾਂ ਇਸ ਪ੍ਰਕਾਰ ਦਿੱਤੀਆਂ ਹੋਈਆਂ ਮਿਲੀਆਂ :

nifty adj. 'very good : very attractive : smart, stylish; well executed : splendid : handy : clever, adept' (Webster)

nifty adj. '1. smart, stylish; fine, clever'
(Random House Dictionary)

nifty a. '(sl.) spruce, smart, stylish, excellent; clever.'
(C. O. D.)

nifty 'something that is nifty is neat and pleasing or cleverly done' (Collins Cobuild Dictionary)

ਸੋ, ਆਧਾਰ-ਕੋਸ਼ ਦੇ ਸ਼ਬਦ-ਰੂਪਾਂ ਅਤੇ ਅਰਥਾਂ ਦਾ ਵੀ ਅੰਨ੍ਹੇਵਾਹ ਅਨੁਕਰਣ ਨਹੀਂ ਕਰਨਾ ਚਾਹੀਦਾ। ਕੋਸ਼ਕਾਰ ਨੂੰ ਆਪਣੇ ਵਿਵੇਕ ਅਤੇ ਚੇਤਨਾ ਤੋਂ ਕੰਮ ਲੈਣਾ ਚਾਹੀਦਾ ਹੈ।

(5) ਉਚਿਤ ਅਰਥਾਂ ਤੇ ਅਰਥ-ਭੇਦਾਂ ਦਾ ਸੰਕਲਨ : ਦੁਭਾਸ਼ੀ ਕੋਸ਼ ਵਿਚ ਨਾ ਤਾਂ ਸ੍ਰੋਤ ਭਾਸ਼ਾ ਦੇ ਕੋਸ਼ ਦੀ ਸਮੁੱਚੀ ਸ਼ਬਦਾਵਲੀ ਦਰਜ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਸਾਰੇ ਅਰਥ ਸੰਮਿਲਿਤ ਕੀਤੇ ਜਾਣੇ ਸੰਭਵ ਹਨ। ਦੁਭਾਸ਼ੀ ਕੋਸ਼ ਦਾ ਉਦੇਸ਼ ਕਿਉਂਕਿ ਸ੍ਰੋਤ-ਭਾਸ਼ੀ ਸਭਿਆਚਾਰ ਦੀ ਟੀਚਾ-ਭਾਸ਼ੀ ਬੁਲਾਰਿਆਂ ਨਾਲ ਵਾਕਫ਼ੀਅਤ ਕਰਵਾਉਣਾ ਅਤੇ ਉਨ੍ਹਾਂ ਦੀਆਂ ਵਿਸ਼ੇਸ਼ ਲੋੜਾਂ ਦੀ ਪੂਰਤੀ ਕਰਨਾ ਹੁੰਦਾ ਹੈ, ਇਸ ਕਰਕੇ ਸੰਭਵ ਅਤੇ ਉਚਿਤ ਸ਼ਬਦਾਵਲੀ ਅਤੇ ਅਰਥ-ਭੇਦ ਦਰਜ ਕਰਨੇ ਜ਼ਰੂਰੀ ਹਨ ਤਾਂ ਕਿ ਨਵੇਂ ਸਭਿਆਚਾਰ ਦਾ ਪਰਿਚੈ ਪ੍ਰਾਪਤ ਕੀਤਾ ਜਾ ਸਕੇ ਅਤੇ ਟੀਚਾ ਭਾਸ਼ਾ ਦੇ ਬੁਲਾਰੇ ਭਾਵ-ਅਭਿਵਿਅਕਤੀ ਲਈ ਸ੍ਰੋਤ ਭਾਸ਼ਾ ਨੂੰ ਮਾਧਿਅਮ ਬਣਾ ਸਕਣ। ਇਸ ਪ੍ਰਕਾਰ, ਸ਼ਬਦਾਂ ਦੇ ਅਰਥ ਨਾ ਬਹੁਤੇ ਘੱਟ ਅਤੇ ਨਾ ਹੀ ਬਹੁਤ ਜ਼ਿਆਦਾ ਦੇਣੇ ਚਾਹੀਦੇ ਹਨ ਜਿਵੇਂ ਕਿ abortion ਸ਼ਬਦ ਦੇ ਹੇਠ ਦਿੱਤੇ ਅਰਥਾਂ ਤੋਂ ਸਪਸ਼ਟ ਹੈ :

ਤੇਜਾ ਸਿੰਘ ਦਾ ਕੋਸ਼	**ਪੰਜਾਬੀ ਯੂਨੀਵਰਸਿਟੀ ਅੰਗ੍ਰੇਜ਼ੀ-ਪੰਜਾਬੀ ਕੋਸ਼**	**ਸੰਭਵ ਅਰਥ**
'ਗਰਭਪਾਤ, ਤੂਣ'	'ਪਸ਼ੂਆਂ ਦੇ ਤੂਣ ਦੀ ਕ੍ਰਿਆ, ਹਮਲ ਗਿਰਨ ਦੀ ਕ੍ਰਿਆ, ਗਰਭਪਾਤ, ਕੱਚਾ ਤੇ ਵਿਗੜਿਆ ਹੋਇਆ ਜੀਵ; ਵਿਫਲਤਾ'	'1. (ਇਸਤਰੀ ਦਾ) ਗਰਭਪਾਤ; (ਪਸ਼ੂਆਂ ਦਾ) ਤੂਣ, ਤਰੂਣ; 2. ਕੱਚਾ, ਅੱਧਕਚਰਾ, ਅਵਿਕ-ਸਿਤ ਭਰੂਣ; 3. (ਯੋਜਨਾ ਦੀ) ਵਿਫਲਤਾ; ਨਾਕਾਮਯਾਬੀ; ਅਪੂਰਣਤਾ; 4. (ਬੀਮਾਰੀ ਦੀ) ਰੋਕਥਾਮ; 5. (ਜੀਵ.) ਅਵਿਕਾਸ (ਕਿਸੇ ਅਗ ਦਾ); 6. ਵਿਕ੍ਰਿਤ ਜੀਵ; ਵਿਰੂਪ ਵਸਤ।'

ਪਹਿਲੇ ਦੋਹਾਂ ਕੋਸ਼ਾਂ ਵਿਚ ਅਰਥ-ਭੇਦ ਘੱਟ ਹਨ। ਇਸ ਲਈ ਪੰਜਾਬੀ ਬੁਲਾਰਿਆਂ ਲਈ ਅੰਗ੍ਰੇਜ਼ੀ-ਪੰਜਾਬੀ ਕੋਸ਼ ਦਾ ਸੰਕਲਨ ਕਰਨ ਸਮੇਂ ਤੀਜੇ ਕਾਲਮ ਅਧੀਨ ਦਿੱਤੇ ਸੰਭਵ ਅਰਥ ਸੰਮਿਲਿਤ ਕਰ ਲੈਣੇ ਉਚਿਤ ਹੋਣਗੇ।

(6) ਸਮਾਨਾਂਤਰ ਵਿਆਕਰਣਕ ਰੂਪ : ਦੁਭਾਸ਼ੀ ਕੋਸ਼ ਦੇ ਸੰਕਲਨ ਸਮੇਂ ਮੂਲ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੇ ਵਿਆਕਰਣਕ ਰੂਪਾਂ ਦੇ ਸਮਾਨਾਂਤਰ ਹੀ ਟੀਚਾ ਭਾਸ਼ਾ ਵਿਚ ਵਿਆਕਰਣਕ ਰੂਪ ਦੇਣੇ ਉਚਿਤ ਹਨ ਜਿਵੇਂ ਨਾਂਵ ਦੇ ਬਰਾਬਰ ਨਾਂਵ, ਕ੍ਰਿਆ ਦੇ ਬਰਾਬਰ

ਕ੍ਰਿਆ ਆਦਿ। ਪਰੰਤੂ ਕੁਝ ਹਾਲਤਾਂ ਵਿਚ ਤਾਂ ਭਾਸ਼ਾ ਦੀ ਪ੍ਰਕਿਰਤੀ ਅਤੇ ਸੰਰਚਨਾ ਅਨੁਸਾਰ ਹੂ-ਬਹੂ ਵਿਆਕਰਣਕ ਰੂਪ ਦੇਣੇ ਸੰਭਵ ਨਹੀਂ ਹੁੰਦੇ, ਪਰ ਕਈ ਥਾਈਂ ਕੋਸ਼ਕਾਰ ਜਾਣ ਬੱਝ ਕੇ ਅਸਮਾਨ ਵਿਆਕਰਣਕ ਰੂਪ ਦੇਣ ਦੀ ਕੁਤਾਹੀ ਕਰਦਾ ਹੈ, ਜਿਵੇਂ

confrontation, n. 'ਆਹਮੋ-ਸਾਹਮਣੇ ਹੋਣਾ' (ਤੇਜਾ ਸਿੰਘ)।

conglomeration, n. 'ਢੇਰ ਹੋਣਾ' (ਤੇਜਾ ਸਿੰਘ)

abstention, n. 'ਬਚਿਆ ਰਹਿਣਾ, ਬਚਣਾ' (ਤੇਜਾ ਸਿੰਘ)

ਇਸ ਵਿਆਕਰਣਕ ਦੋਸ਼ ਤੋਂ ਬਚਿਆ ਜਾ ਸਕਦਾ ਸੀ। ਅਰਥਗਤ ਸਮਾਨਤਾ ਦੇ ਨਾਲ ਨਾਲ ਰੂਪਾਤਮਕ ਤੇ ਵਿਆਕਰਣਕ ਸਮਾਨਤਾ ਕਾਇਮ ਰੱਖਣਾ ਦੁਭਾਸ਼ੀ ਕੋਸ਼ ਦਾ ਬੜਾ ਵੱਡਾ ਗੁਣ ਹੈ।

(7) ਦੁਭਾਸ਼ੀ ਕੋਸ਼ ਦੀ ਆਧੁਨਿਕਤਾ ਅਤੇ ਉਪਯੁਕਤਤਾ : ਦੁਭਾਸ਼ੀ ਕੋਸ਼ ਨੂੰ ਸ੍ਰੋਤ ਭਾਸ਼ਾ ਦੇ ਕੋਸ਼ ਨਾਲੋਂ ਅਧਿਕ ਆਧੁਨਿਕ ਅਤੇ ਉਪਯੁਕਤ ਹੋਣਾ ਚਾਹੀਦਾ ਹੈ। ਸ੍ਰੋਤ ਭਾਸ਼ਾ ਦੇ ਕੋਸ਼ ਦੇ ਪ੍ਰਕਾਸ਼ਨ ਅਤੇ ਦੁਭਾਸ਼ੀ ਕੋਸ਼ ਦੇ ਪ੍ਰਕਾਸ਼ਨ ਵਿਚ ਸਮੇਂ ਦੇ ਖੱਪੇ ਕਾਰਣ ਸ੍ਰੋਤ ਭਾਸ਼ਾ ਵਿਚ ਵਿਕਸਿਤ ਨਵੀਂ ਸ਼ਬਦਾਵਲੀ ਨੂੰ ਵੀ ਦੁਭਾਸ਼ੀ ਕੋਸ਼ ਵਿਚ ਸੰਮਿਲਿਤ ਕਰਨਾ ਜ਼ਰੂਰੀ ਹੈ, ਪਰੰਤੂ ਦੁਭਾਸ਼ੀ ਕੋਸ਼ ਸ੍ਰੋਤ ਭਾਸ਼ਾ ਦੇ ਕੋਸ਼ ਜਿੰਨਾ ਵਿਆਖਿਆਕਾਰੀ ਅਤੇ ਵਿਸਤ੍ਰਿਤ ਨਹੀਂ ਹੋ ਸਕਦਾ। ਇਸੇ ਕਰਕੇ ਸਚੇਰਬਾ ਕਹਿੰਦਾ ਹੈ ਕਿ ਦੁਭਾਸ਼ੀ ਕੋਸ਼ ਦੂਜੀ ਭਾਸ਼ਾ ਦੇ ਪੂਰਣ ਬੋਧ ਦੇ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦਾ। ਇਹ ਕੇਵਲ ਭਾਸ਼ਾ ਦੇ ਸਿਖਾਂਦਰੂਆਂ ਲਈ ਹੀ ਉਪਯੋਗੀ ਹੈ। ਉਹ ਲਿਖਦਾ ਹੈ, "ਵਿਵਹਾਰਕ ਔਕੜਾਂ ਕਾਰਣ ਦੁਭਾਸ਼ੀ ਕੋਸ਼ ਦੂਜੀ ਭਾਸ਼ਾ ਦੇ ਵਾਸਤਵਿਕ ਅਰਥ ਅਤੇ ਸ਼ਬਦਾਂ ਦਾ ਅਰਥਗਤ ਖੇਤਰ ਪ੍ਰਸਤੁਤ ਨਹੀਂ ਕਰ ਸਕਦਾ। ਸੋ, ਇਹ ਕੇਵਲ ਦਿੱਤੇ ਸੰਦਰਭ ਵਿਚ ਸੰਭਵ ਅਰਥਾਂ ਬਾਰੇ ਕਿਆਸ-ਅਰਾਈਆਂ ਵਿਚ ਹੀ ਮਦਦ ਕਰ ਸਕਦਾ ਹੈ।"[14] ਸ੍ਰੋਤ ਭਾਸ਼ਾ ਦੇ ਉਪਲਬਧ ਮਿਆਰੀ ਸਮਕਾਲੀ ਕੋਸ਼ ਦੀ ਸਾਮੱਗਰੀ ਨੂੰ ਹੋਰਨਾਂ ਸ੍ਰੋਤਾਂ ਜਿਵੇਂ ਅਨੁਵਾਦਿਤ ਸਾਹਿਤ, ਅਖ਼ਬਾਰਾਂ, ਮੈਗਜ਼ੀਨਾਂ, ਗੋਸ਼ਟੀਆਂ, ਰੇਡੀਓ, ਟੈਲੀਵਿਜ਼ਨ, ਨਾਟਕਾਂ, ਸਿਨਮਿਆਂ ਆਦਿ ਦੁਆਰਾ ਸਾਮੱਗਰੀ ਇਕੱਤਰ ਕਰ ਕੇ ਸਮ੍ਰਿਧ ਅਤੇ ਆਧੁਨਿਕ ਬਣਾਇਆ ਜਾ ਸਕਦਾ ਹੈ, ਕਿਉਂਕਿ ਦੁਭਾਸ਼ੀ ਕੋਸ਼ ਨੇ ਰੋਜ਼ ਮੱਰਾ ਦੇ ਰਚਨਾਤਮਕ ਸਾਹਿਤ, ਪ੍ਰਬੰਧਕੀ ਤੇ ਤਕਨੀਕੀ ਪੁਸਤਕਾਂ ਦੀ ਰਚਨਾ ਅਤੇ ਗਿਆਨ-ਵਿਗਿਆਨ ਸਾਹਿਤ ਦਾ ਅਰਥ-ਬੋਧ ਪ੍ਰਾਪਤ ਕਰਨ ਲਈ ਉਪਯੋਗੀ ਹੋਣਾ ਹੁੰਦਾ ਹੈ। ਇਸ ਪ੍ਰਕਾਰ ਦੁਭਾਸ਼ੀ ਕੋਸ਼ ਨੂੰ ਕੋਸ਼ੀ ਇਕਾਈਆਂ ਅਤੇ ਅਰਥਾਂ ਦੀ ਦ੍ਰਿਸ਼ਟੀ ਤੋਂ ਸਮ੍ਰਿਧ, ਆਧੁਨਿਕ ਅਤੇ ਉਪਯੁਕਤ ਹੋਣਾ ਚਾਹੀਦਾ ਹੈ।

(8) ਸੰਕਲਨ ਵਿਧੀ : ਦੁਭਾਸ਼ੀ ਕੋਸ਼ ਲਈ ਸੰਕਲਨ ਸਮੇਂ ਕੋਸ਼-ਆਧਾਰ ਸਾਮੱਗਰੀ ਨਿਰਧਾਰਿਤ ਕਰ ਲੈਣ ਪਿਛੋਂ ਵਾਸਤਵਿਕ ਸੰਕਲਨ ਦਾ ਕਾਰਜ ਆਰੰਭ ਕੀਤਾ ਜਾਂਦਾ ਹੈ। ਇਸ ਮਨੋਰਥ ਲਈ ਸਭ ਤੋਂ ਉੱਤਮ ਵਿਧੀ ਕਾਰਡ-ਸਿਸਟਮ ਹੈ। ਕੋਸ਼ ਵਿਚ ਸੰਮਿਲਿਤ

ਕੀਤੀਆਂ ਜਾਣ ਵਾਲੀਆਂ ਕੋਸ਼ੀ ਇਕਾਈਆਂ ਨੂੰ ਕਾਰਡ ਤੇ ਉਤਾਰ ਲਿਆ ਜਾਂਦਾ ਹੈ ਅਤੇ ਫਿਰ ਇਨ੍ਹਾਂ ਦੀ ਸ਼ਬਦ-ਸੂਚੀ/ਅਨੁਕ੍ਰਮਣਿਕਾ ਤਿਆਰ ਕੀਤੀ ਜਾਂਦੀ ਹੈ। ਸ਼ਬਦ-ਅਨੁਕ੍ਰਮਣਿਕਾ ਤਿਆਰ ਕਰਨ ਸਮੇਂ ਸ਼ਬਦ ਦੀ ਆਵ੍ਰਿਤੀ ਦਾ ਧਿਆਨ ਰੱਖਿਆ ਜਾਂਦਾ ਹੈ। ਇੰਜ ਸਭ ਤੋਂ ਵੱਧ ਪ੍ਰਚਲਿਤ ਸ਼ਬਦ ਚੁਣ ਲਏ ਜਾਂਦੇ ਹਨ। ਇਸ ਤੋਂ ਪਿਛੋਂ ਟੀਚਾ ਭਾਸ਼ਾ ਵਿਚ ਇਸ ਦੇ ਸਮਤੁੱਲ ਸ਼ਬਦ ਲੱਭੇ ਜਾਂਦੇ ਹਨ। ਇਸ ਕਾਰਜ ਵਿਚ ਵਿਭਿੰਨ ਖੇਤਰਾਂ ਦੇ ਵਿਸ਼ੇਸ਼ੱਗਾਂ ਦੀ ਸਹਾਇਤਾ ਲਈ ਜਾ ਸਕਦੀ ਹੈ। ਟੀਚਾ ਭਾਸ਼ਾ ਦੇ ਸਮਭਾਸ਼ੀ ਕੋਸ਼ ਵੀ ਇਸ ਕਾਰਜ ਵਿਚ ਕਾਫ਼ੀ ਮਹੱਤਵਪੂਰਣ ਰੋਲ ਅਦਾ ਕਰਦੇ ਹਨ। ਜੇ ਟੀਚਾ ਭਾਸ਼ਾ ਵਿਚ ਪਰਿਆਇ/ਵਿਪਰਿਆਇ ਕੋਸ਼ ਉਪਲਬਧ ਹੋਣ ਤਾਂ ਇਹ ਕੰਮ ਹੋਰ ਵੀ ਸੁਖੈਨ ਬਣ ਜਾਂਦਾ ਹੈ। ਦੋਹਾਂ ਭਾਸ਼ਾਵਾਂ ਦੀਆਂ ਕੋਸ਼ੀ ਇਕਾਈਆਂ ਦੀ ਅਰਥ-ਸਮਾਨਤਾ ਦੇਖ ਕੇ ਹੀ ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ ਦੇ ਪ੍ਰਯੋਗਾਂ ਦਾ ਸਹਿਸੰਬੰਧ ਸਥਾਪਿਤ ਕੀਤਾ ਜਾਂਦਾ ਹੈ। ਇਹ ਕੋਸ਼ ਸੰਕਲਨ ਦੀ ਸਰਬੋਤਮ ਅਤੇ ਵਿਗਿ-ਆਨਕ ਵਿਧੀ ਹੈ।

6.5 ਅੰਦਰਾਜਾਂ ਦੀ ਚੋਣ : ਸਮਭਾਸ਼ੀ ਕੋਸ਼ਾਂ ਵਾਂਗ ਦੁਭਾਸ਼ੀ ਕੋਸ਼ ਲਈ ਅੰਦਰਾਜਾਂ ਦੀ ਚੋਣ ਵੀ ਕੋਸ਼ ਦੇ ਆਕਾਰ, ਪ੍ਰਕਾਰ, ਉਦੇਸ਼ ਅਤੇ ਪ੍ਰਯੋਗਕਰਤਾ ਵਰਗ ਤੇ ਨਿਰਭਰ ਕਰਦੀ ਹੈ, ਜਿਸ ਦਾ ਅਰਥ ਹੈ ਕਿ ਸ੍ਰੋਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਅਤੇ ਅਨੇਕ ਅਰਥਾਂ ਨੂੰ ਕੋਸ਼ ਦੀ ਪ੍ਰਕਿਰਤੀ ਅਤੇ ਸਰੂਪ ਅਨੁਸਾਰ ਢਾਲਣਾ। ਇਹੀ ਕਾਰਣ ਹੈ ਕਿ ਦੁਭਾਸ਼ੀ ਕੋਸ਼ ਵੀ ਸਮਭਾਸ਼ੀ ਕੋਸ਼ਾਂ ਵਾਂਗ ਲਘੂ, ਦਰਮਿਆਨੇ ਅਤੇ ਦੀਰਘ ਆਕਾਰ ਵਿਚ ਉਪਲਬਧ ਹਨ। ਕਹਿਣ ਦਾ ਭਾਵ ਇਹ ਕਿ ਕੋਸ਼ ਦੇ ਆਕਾਰ ਦੀ ਨਿਰਭਰਤਾ ਪ੍ਰਯੋਗਕਰਤਿਆਂ ਦੀਆਂ ਵਿਵਹਾਰਕ ਲੋੜਾਂ ਤੇ ਹੁੰਦੀ ਹੈ। ਪਰੰਤੂ ਸਮਭਾਸ਼ੀ ਕੋਸ਼ਾਂ ਵਾਂਗ ਹੀ ਦੁਭਾਸ਼ੀ ਕੋਸ਼ ਕਦੇ ਵੀ ਇਕ ਨਿਸ਼ਚਿਤ ਉਦੇਸ਼ ਦੀ ਪੂਰਤੀ ਨਹੀਂ ਕਰਦੇ। ਆਮ ਵੇਖਣ ਵਿਚ ਆਇਆ ਹੈ ਕਿ ਨਿਰੋਲ ਇਕ ਹੀ ਉਦੇਸ਼ ਨੂੰ ਲੈ ਕੇ ਤਿਆਰ ਕੀਤਾ ਕੋਸ਼ ਘੱਟ ਹੀ ਉਪਲਬਧ ਹੈ।

ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ ਦੇ ਬੁਲਾਰਿਆਂ ਲਈ ਇਕ ਹੀ ਦੁਭਾਸ਼ੀ ਕੋਸ਼ ਉਨ੍ਹਾਂ ਦੇ ਉਦੇਸ਼ਾਂ ਅਤੇ ਲੋੜਾਂ ਦੀ ਪੂਰਤੀ ਨਹੀਂ ਕਰਦਾ। ਮਸਲਨ, ਅੰਗ੍ਰੇਜ਼ੀ ਅਤੇ ਪੰਜਾਬੀ ਬੁਲਾਰਿਆਂ ਲਈ ਅੰਗ੍ਰੇਜ਼ੀ-ਪੰਜਾਬੀ ਕੋਸ਼ ਭਿੰਨ ਹੋਣਗੇ, ਕਿਉਂਕਿ ਅੰਗ੍ਰੇਜ਼ੀ ਬੁਲਾਰਿਆਂ ਨੂੰ ਇਹ ਕੋਸ਼ ਟੀਚਾ ਭਾਸ਼ਾ ਵਿਚ ਭਾਵ-ਅਭਿਵਿਅਕਤੀ ਦੇ ਕੰਮ ਆਏਗਾ ਅਤੇ ਪੰਜਾਬੀ ਬੁਲਾਰਿਆਂ ਲਈ ਇਹ ਕੋਸ਼ ਅਨੁਵਾਦ ਕਾਰਜ ਜਾਂ ਰਚਨਾਤਮਕ ਸਾਹਿਤ ਦਾ ਅਰਥ-ਬੋਧ ਪ੍ਰਾਪਤ ਕਰਨ ਲਈ ਪ੍ਰਯੋਗ ਕੀਤਾ ਜਾਵੇਗਾ। ਫਲਸਰੂਪ, ਅੰਦਰਾਜਾਂ ਦੀ ਚੋਣ ਕਰਨ ਲੱਗਿਆਂ ਵੀ ਦੋਹਾਂ ਭਾਸ਼ਾਵਾਂ ਦੇ ਬੁਲਾਰਿਆਂ ਦੀਆਂ ਸ਼ਬਦਾਵਲੀ ਦੀਆਂ ਲੋੜਾਂ ਭਿੰਨ ਹੋਣਗੀਆਂ। ਸ੍ਰੋਤ ਭਾਸ਼ਾ ਦੇ ਬੁਲਾਰਿਆਂ ਲਈ ਸ੍ਰੋਤ-ਭਾਸ਼ੀ ਸਭਿਆਚਾਰ ਦੇ ਬਹੁਤੇ ਸ਼ਬਦ ਸੰਮਿਲਿਤ ਕਰਨ ਦੀ ਆਵੱਸ਼ਕਤਾ ਨਹੀਂ ਹੋਵੇਗੀ ਕਿਉਂਕਿ ਉਹ ਪਹਿਲਾਂ ਹੀ ਸਭਿਆਚਾਰ-ਸਾਪੇਖ ਸ਼ਬਦਾਵਲੀ ਤੋਂ ਪਰਿਚਿਤ ਹੁੰਦੇ ਹਨ। ਟੀਚਾ ਭਾਸ਼ਾ ਦੇ ਬੁਲਾਰਿਆਂ ਲਈ ਤਿਆਰ

ਕੀਤੇ ਦੁਭਾਸ਼ੀ ਕੋਸ਼ ਵਿਚ ਸ਼ਬਦਾਂ ਅਤੇ ਅਰਥਾਂ ਨੂੰ ਭਰਪੂਰ ਮਾਤਰਾ ਵਿਚ ਸ਼ਾਮਿਲ ਕਰਨਾ ਪੈਂਦਾ ਹੈ, ਕਿਉਂਕਿ ਸ੍ਰੋਤ ਭਾਸ਼ਾ ਵਿਚ ਰਚੇ ਪ੍ਰਵਚਨਾਂ ਨੂੰ ਸਮਝਣ ਲਈ ਅਧਿਕ ਮਾਤਰਾ ਵਿਚ ਸ਼ਬਦ ਤੇ ਅਰਥ ਉਸ ਦੀ ਵਾਸਤਵਿਕ ਤੇ ਵਿਵਹਾਰਕ ਲੋੜ ਹੁੰਦੇ ਹਨ। ਪਰ ਲਘੂ, ਦਰਮਿਆਨੇ ਅਤੇ ਦੀਰਘ ਆਕਾਰ ਕੋਸ਼ਾਂ ਲਈ ਸ਼ਬਦਾਂ ਤੇ ਅਰਥਾਂ ਦੀ ਚੋਣ ਕੋਸ਼ ਦੀ ਪ੍ਰਕਿਰਤੀ ਅਨੁਸਾਰ ਘੱਟ-ਵੱਧ ਹੋ ਸਕਦੀ ਹੈ। ਲਘੂ ਕੋਸ਼ਾਂ ਵਿਚ ਸ਼ਬਦਾਂ ਅਤੇ ਅਰਥਾਂ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਜਾਂਦਾ ਹੈ। ਦਰਮਿਆਨੇ ਆਕਾਰ ਦੇ ਕੋਸ਼ਾਂ ਵਿਚ ਤਕਨੀਕੀ ਸ਼ਬਦਾਵਲੀ, ਪ੍ਰਾਚੀਨ, ਅਪ੍ਰਚਲਿਤ, ਅਪਭਾਸ਼ਾਈ ਅਤੇ ਬੋਲਚਾਲੀ ਸ਼ਬਦਾਂ ਤੇ ਅਰਥਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਮੁਹਾਵਰਿਆਂ, ਅਖੌਤਾਂ, ਸ਼ਬਦ-ਸੰਗਤ ਆਦਿ ਦੀ ਵੀ ਲੋੜ ਅਨੁਸਾਰ ਛਾਂਟੀ ਕਰ ਦਿੱਤੀ ਜਾਂਦੀ ਹੈ। ਸੋ, ਦੁਭਾਸ਼ੀ ਕੋਸ਼ ਦਾ ਆਕਾਰ ਪ੍ਰਯੋਗਕਰਤਾ ਵਰਗ ਦੀਆਂ ਵਿਵਹਾਰਕ ਲੋੜਾਂ ਅਨੁਸਾਰ ਨਿਰਧਾਰਿਤ ਕੀਤਾ ਜਾਂਦਾ ਹੈ। ਭਾਰਤੀ ਸਭਿਆਚਾਰ ਤੋਂ ਪਰਿਚਿਤ ਹਿੰਦੀ ਬੁਲਾਰਿਆਂ ਲਈ ਬਣਾਏ 'ਦ ਆਕਸਫੋਰਡ ਪ੍ਰੋਗ੍ਰੈਸਿਵ ਇੰਗਲਿਸ਼ ਹਿੰਦੀ ਡਿਕਸ਼ਨਰੀ' ਵਿਚ sampan, sausage, stile ਆਦਿ ਸ਼ਬਦ ਸੰਮਿਲਤ ਨਹੀਂ ਕੀਤੇ ਕਿਉਂਕਿ ਇਹ ਸ਼ਬਦ ਉਨ੍ਹਾਂ ਅਖ਼ਬਾਰਾਂ, ਰਸਾਲਿਆਂ ਆਦਿ ਵਿਚ ਆਮ ਪ੍ਰਯੋਗ ਨਹੀਂ ਕੀਤੇ ਜਾਂਦੇ ਜਿਨ੍ਹਾਂ ਨੂੰ ਭਾਰਤੀ ਪਾਠਕ ਅਕਸਰ ਪੜ੍ਹਦੇ ਹਨ। ਜੇ ਕਿਸੇ ਅੰਗ੍ਰੇਜ਼ੀ-ਪੰਜਾਬੀ ਕੋਸ਼ ਵਿਚ **to sail around** ਅੰਦਰਾਜ ਹੈ ਤਾਂ **to circum-navigate** ਕੋਸ਼ੀ ਇਕਾਈ ਨੂੰ ਛੱਡਿਆ ਜਾ ਸਕਦਾ ਹੈ। ਲਘੂ ਕੋਸ਼ਾਂ ਵਿਚ ਤਾਂ ਅਜਿਹੇ ਅੰਦਰਾਜਾਂ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਵੱਡੇ ਕੋਸ਼ਾਂ ਵਿਚ ਇਨ੍ਹਾਂ ਨੂੰ ਸ਼ਾਮਿਲ ਕਰਨ ਲੱਗਿਆਂ ਸਚੇਤ ਰਹਿਣ ਦੀ ਲੋੜ ਹੈ। ਅੰਦਰਾਜਾਂ ਦੀ ਚੋਣ ਕਰਦਿਆਂ ਹੇਠ ਲਿਖੀਆਂ ਗੱਲਾਂ ਨੂੰ ਮੁੱਖ ਰੱਖਿਆ ਜਾ ਸਕਦਾ ਹੈ :

(1) ਭਿੰਨ ਸਭਿਆਚਾਰ ਵਾਲੀਆਂ ਭਾਸ਼ਾਵਾਂ : ਦੁਭਾਸ਼ੀ ਕੋਸ਼ ਕਹਿਣ ਨੂੰ ਹੀ ਦੋ ਭਾਸ਼ਾਵਾਂ ਨਾਲ ਸੰਬੰਧਿਤ ਕੋਸ਼ ਹੈ, ਪਰ ਵਾਸਤਵ ਵਿਚ ਇਸ ਨੂੰ ਜੇ ਦੁ-ਸਭਿਆਚਾਰਕ ਕੋਸ਼ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਬਹੁਤ ਹੀ ਭਿੰਨ ਸਭਿਆਚਾਰਕ ਅਤੇ ਸਮਾਜਕ ਪਰਿਵੇਸ਼ ਵਾਲੀਆਂ ਭਾਸ਼ਾਵਾਂ ਲਈ ਕੋਸ਼ਕਾਰ ਨੂੰ ਟੀਚਾ ਭਾਸ਼ਾ ਦੇ ਸਭਿਆਚਾਰ ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ। ਉਦਾਹਰਣ ਵਜੋਂ, "ਪੰਜਾਬੀ-ਅੰਗਾਮੀ ਕੋਸ਼ ਲਈ ਪੰਜਾਬੀ ਦੇ ਉਨ੍ਹਾਂ ਤਮਾਮ ਸ਼ਬਦਾਂ ਨੂੰ ਦੇਣਾ ਜ਼ਰੂਰੀ ਹੈ ਜਿਨ੍ਹਾਂ ਦਾ ਪ੍ਰਯੋਗ 'ਬਾਲੂ' ਲਈ ਕੀਤਾ ਜਾਂਦਾ ਹੈ ਕਿਉਂਕਿ ਅੰਗਾਮੀ ਭਾਸ਼ੀ ਇਸ ਦੁਆਰਾ ਉਨ੍ਹਾਂ ਅਰਥਾਂ ਨੂੰ ਸਮਝ ਸਕਦਾ ਹੈ ਅਤੇ ਪੰਜਾਬੀ ਦੀਆਂ ਰਚਨਾਵਾਂ ਨੂੰ ਵੀ ਠੀਕ ਤਰ੍ਹਾਂ ਸਮਝ ਸਕਦਾ ਹੈ। ਇਸ ਦੇ ਇਲਾਵਾ ਉਹ ਸੰਸਕ੍ਰਿਤੀ ਦੇ ਉਪਾਦਾਨਾਂ ਤੋਂ ਵੀ ਪਰਿਚਿਤ ਹੋ ਸਕਦਾ ਹੈ। ਇਸੇ ਪ੍ਰਕਾਰ ਮਿਸ਼ਮੀ-ਹਿੰਦੀ ਕੋਸ਼ ਵਿਚ ਜਿਸ ਦਾ ਉਦੇਸ਼ ਹਿੰਦੀ ਭਾਸ਼ੀ ਨੂੰ ਮਿਸ਼ਮੀ ਸਿਖਾਉਣਾ ਹੈ, ਕੁਕੁਰਮੁੱਤਾ ਲਈ ਪ੍ਰਯੋਗ ਕੀਤੇ ਜਾਂਦੇ 20 ਤੋਂ ਵੱਧ ਸ਼ਬਦਾਂ ਨੂੰ ਦੇਣਾ ਆਵੱਸ਼ਕ ਹੈ।"[15]

ਇਉਂ ਹੀ ਪੰਜਾਬੀ-ਅੰਗ੍ਰੇਜ਼ੀ ਕੋਸ਼ ਵਿਚ ਅੰਗ੍ਰੇਜ਼ੀ ਸਭਿਆਚਾਰ ਦੇ ਬੁਲਾਰਿਆਂ ਲਈ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਸੰਰਚਨਾਵਾਂ ਜਿਵੇਂ **ਬਰਾਸ੍ਹਹੀ, ਸੁਹਾਗਣ, ਬਟਣਾ, ਲੰਗੋਟ, ਲੁੰਗੀ, ਚੌਂਕਾ, ਭੱਦਣ, ਖ਼ਾਲਸਾ, ਨਿਰਵਾਣ** ਆਦਿ ਨੂੰ ਸ਼ਾਮਿਲ ਕਰਨਾ ਅਤਿ ਆਵੱਸ਼ਕ ਹੈ ।

(2) **ਪਰਸਪਰ ਸੰਬੰਧਿਤ ਭਾਸ਼ਾਵਾਂ :** ਪਰਸਪਰ ਸੰਬੰਧਿਤ ਭਾਸ਼ਾਵਾਂ ਅਥਵਾ ਇਕੋ ਸ੍ਰੋਤ ਤੋਂ ਉਤਪੰਨ ਭਾਸ਼ਾਵਾਂ ਜਿਵੇਂ ਹਿੰਦੀ-ਪੰਜਾਬੀ, ਬੰਗਾਲੀ-ਹਿੰਦੀ ਆਦਿ ਦੀ ਬਹੁਤੀ ਸ਼ਬਦਾਵਲੀ ਤਾਂ ਸਾਂਝੀ ਹੁੰਦੀ ਹੈ, ਪਰੰਤੂ ਫਿਰ ਵੀ ਬਹੁਤ ਸਾਰੀਆਂ ਕੋਸ਼ੀ ਇਕਾਈਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਸਮਤੁੱਲ ਸ਼ਬਦ ਉਪਲਬਧ ਨਹੀਂ ਹੁੰਦੇ । ਅਜਿਹੀਆਂ ਭਾਸ਼ਾਵਾਂ ਦੀ ਹਾਲਤ ਵਿਚ ਕੋਸ਼-ਵਿਗਿਆਨੀਆਂ ਨੇ ਵਿਭੇਦਕ ਕੋਸ਼ (differential dictionaries) ਬਣਾਉਣ ਦਾ ਸੁਝਾਅ ਦਿੱਤਾ ਹੈ । ਵਿਭੇਦਕ ਕੋਸ਼ਾਂ ਵਿਚ ਕੇਵਲ ਉਨ੍ਹਾਂ ਅਸਾਧਾਰਣ ਤੇ ਭਿੰਨ ਕੋਸ਼ੀ ਇਕਾਈਆਂ ਨੂੰ ਹੀ ਦਰਜ ਕੀਤਾ ਜਾਂਦਾ ਹੈ ਜਿਹੜੀਆਂ ਦੋ ਭਾਸ਼ਾਵਾਂ ਵਿਚ ਸਾਂਝੀਆਂ ਨਹੀਂ ਹਨ ਜਿਵੇਂ ਬੰਗਾਲੀ-ਹਿੰਦੀ ਕੋਸ਼ ਵਿਚ **ਕਸ਼ਟ** ਵਰਗੇ ਸ਼ਬਦ ਜਾਂ ਇਸ ਦੇ ਵਿਉਤਪੰਨ ਸ਼ਬਦ **ਕਸ਼ਟਕਾਰ, ਕਸ਼ਟਦਾਇਕ, ਕਸ਼ਟ ਸਾਧਣਾ** ਆਦਿ ਨੂੰ ਸੰਮਿਲਿਤ ਨਹੀਂ ਕਰਨਾ ਚਾਹੀਦਾ, ਪਰੰਤੂ ਵਿਉਤਪੰਨ ਸ਼ਬਦ **ਕਸ਼ਟੇ ਸ੍ਰਸ਼ਟੇ** ਅਵੱਸ਼ ਲੈ ਲੈਣਾ ਚਾਹੀਦਾ ਹੈ ਕਿਉਂਕਿ ਇਹ ਸ਼ਬਦ-ਰੂਪ ਹਿੰਦੀ ਭਾਸ਼ਾ ਵਿਚ ਪ੍ਰਚਲਿਤ ਨਹੀਂ ਹੈ । ਇਉਂ ਹੀ, ਪੰਜਾਬੀ-ਹਿੰਦੀ ਕੋਸ਼ ਵਿਚ ਸ਼ਬਦ **ਪੁੱਤਰ** ਅਤੇ ਇਸ ਦੇ ਕਈ ਵਿਉਤਪੰਨ ਸ਼ਬਦ ਸਾਂਝੇ ਹਨ ਜਿਨ੍ਹਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨ ਦੀ ਲੋੜ ਨਹੀਂ ਹੈ । ਪਰੰਤੂ ਪੰਜਾਬੀ ਵਿਚ ਇਸ ਸ਼ਬਦ ਦੇ ਵਿਉਤਪੰਨ ਸ਼ਬਦ **ਪੁੱਤਰਵਾਨ, ਪੁਤਰੇਲਾ, ਪੁਤਰੇਲੀ, ਧੀਆਂ ਵਰਗਾ ਪੁੱਤਰ** ਆਦਿ ਲੈ ਲੈਣੇ ਚਾਹੀਦੇ ਹਨ, ਕਿਉਂਕਿ ਇਹ ਸ਼ਬਦ-ਰੂਪ ਅਤੇ ਸ਼ਬਦ-ਪ੍ਰਯੋਗ ਹਿੰਦੀ ਵਿਚ ਉਪਲਬਧ ਨਹੀਂ ਹਨ ।

ਸਮ-ਸ੍ਰੋਤੀ ਭਾਸ਼ਾਵਾਂ ਜਿਹੜੀਆਂ ਕੋਸ਼ੀ ਇਕਾਈਆਂ ਦਾ ਆਦਾਨ-ਪ੍ਰਦਾਨ ਕਰਦੀਆਂ ਰਹਿੰਦੀਆਂ ਹਨ, ਉਨ੍ਹਾਂ ਦੇ ਕੋਸ਼ਾਂ ਵਿਚ ਇਨ੍ਹਾਂ ਸ਼ਬਦਾਂ ਨੂੰ ਪਰਿਭਾਸ਼ਿਤ ਕਰਨ ਲਈ ਬਹੁਤ ਧਿਆਨ ਰੱਖਣ ਦੀ ਲੋੜ ਹੈ । ਅਜਿਹੇ ਸ਼ਬਦਾਂ ਦਾ ਰੂਪ ਅਤੇ ਉਚਾਰਣ ਲਗਭਗ ਸਮਾਨ ਹੁੰਦਾ ਹੈ, ਪਰੰਤੂ ਅਰਥ ਭਿੰਨ ਹੁੰਦੇ ਹਨ । ਇਨ੍ਹਾਂ ਸ਼ਬਦਾਂ ਨੂੰ 'ਜਾਅਲੀ ਦੋਸਤ' ਆਖਿਆ ਜਾਂਦਾ ਹੈ । ਜੇ ਭਾਸ਼ਾਵਾਂ ਇਕੋ ਪਰਿਵਾਰ ਨਾਲ ਸੰਬੰਧਿਤ ਹਨ ਤਾਂ ਕੋਸ਼ਕਾਰ ਗ਼ਲਤੀ ਨਾਲ ਅਜਿਹੇ ਸ਼ਬਦਾਂ ਦਾ ਇਕੋ ਅਰਥ ਦੇ ਸਕਦਾ ਹੈ । ਪਰੰਤੂ ਅਰਥਗਤ ਪਰਿਵਰਤਨਾਂ ਕਾਰਣ ਸ਼ਬਦ ਭਿੰਨ ਅਰਥ ਗ੍ਰਹਿਣ ਕਰ ਸਕਦਾ ਹੈ, ਜਿਵੇਂ

ਪੰਜਾਬੀ **ਪਾਣੀ** 'ਜਲ' : ਹਿੰਦੀ 'ਹੱਥ'
ਪੰਜਾਬੀ **ਹਾਥ** 'ਡੂੰਘਾਈ' : ਹਿੰਦੀ 'ਹੱਥ'
ਹਿੰਦੀ **ਸਥਾਈ** 'ਪੱਕਾ' : ਕੰਨੜ 'ਅਡ-ਹਾਕ'
ਹਿੰਦੀ **ਉਪਨਯਾਸ** 'ਨਾਵਲ' : ਕੰਨੜ 'ਭਾਸ਼ਣ'

ਹਿੰਦੀ ਆਲੋਚਨਾ 'ਸਮੀਖਿਆ' : ਕੰਨੜ 'ਵਿਚਾਰ'
ਪੰਜਾਬੀ ਆਮ 'ਸਾਧਾਰਣ' : ਹਿੰਦੀ 'ਅੰਬ'
ਹਿੰਦੀ ਆਨ 'ਇੱਜ਼ਤ' : ਮਲਿਆਲਮ 'ਹਾਥੀ'।

(3) **ਵਿਅਕਤੀਵਾਚਕ ਨਾਂਵ :** ਉਂਜ ਤਾਂ ਵਿਅਕਤੀਵਾਚਕ ਨਾਂਵ ਵਿਸ਼ਵਕੋਸ਼ ਦੇ ਵਿਸ਼ੇ-ਖੇਤਰ ਦੇ ਅੰਤਰਗਤ ਆਉਂਦੇ ਹਨ, ਪਰੰਤੂ ਫਿਰ ਵੀ ਕੁਝ ਵਿਅਕਤੀਵਾਚਕ ਨਾਂਵ ਅਜਿਹੇ ਹੁੰਦੇ ਹਨ ਜਿਨ੍ਹਾਂ ਨੇ ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਗ੍ਰਹਿਣ ਕਰ ਲਿਆ ਹੁੰਦਾ ਹੈ ਜਿਸ ਦੇ ਫਲਸਰੂਪ ਇਨ੍ਹਾਂ ਨੂੰ ਕੋਸ਼ ਦਾ ਅੰਗ ਬਣਾਉਣਾ ਅਨਿਵਾਰੀ ਹੋ ਜਾਂਦਾ ਹੈ। ਜਿਹੜੇ ਵਿਅਕਤੀਵਾਚਕ ਨਾਵਾਂ ਨੇ ਆਮ ਨਾਵਾਂ ਦਾ ਦਰਜਾ ਅਖ਼ਤਿਆਰ ਕਰ ਲਿਆ ਹੈ, ਉਨ੍ਹਾਂ ਨੂੰ ਕੋਸ਼ ਵਿਚ ਸੰਮਿਲਿਤ ਕਰ ਲੈਣਾ ਚਾਹੀਦਾ ਹੈ ਜਿਵੇਂ ਪੰਜਾਬੀ-ਅੰਗ੍ਰੇਜ਼ੀ ਕੋਸ਼ ਵਿਚ ਹੀਰ, ਰਾਂਝਾ, ਮਿਰਜ਼ਾ, ਖ਼ਾਲਸਾ, ਹਰਿਮੰਦਰ ਸਾਹਿਬ, ਕੈਦੋ ਆਦਿ ਵਿਅਕਤੀਵਾਚਕ ਨਾਵਾਂ ਨੂੰ ਸ਼ਾਮਿਲ ਕਰ ਲੈਣਾ ਬਣਦਾ ਹੈ ਕਿਉਂਕਿ ਇਨ੍ਹਾਂ ਨੇ ਹੁਣ ਆਮ ਨਾਵਾਂ ਦਾ ਦਰਜਾ ਗ੍ਰਹਿਣ ਕਰ ਲਿਆ ਹੈ। ਕੁਝ ਨਾਂ ਅਜਿਹੇ ਹਨ ਜਿਨ੍ਹਾਂ ਦੀ ਜੇ ਵਿਆਖਿਆ ਨਾ ਕੀਤੀ ਜਾਵੇ ਤਾਂ ਦੂਜੀ ਭਾਸ਼ਾ ਦੇ ਬੁਲਾਰੇ ਲਈ ਅਬੋਧ ਰਹਿ ਜਾਂਦੇ ਹਨ। ਰੂਸੀ ਛੋਟੇ ਨਾਵਾਂ Shasha (ਅਲੈਗਜ਼ੈਂਡਰ ਲਈ), Natasha (ਨਤਾਲਿਆਂ ਲਈ), Misa (ਮਿਖਾਈਲ ਲਈ) ਦੀ ਜੇ ਵਿਆਖਿਆ ਨਾ ਕੀਤੀ ਜਾਏ ਤਾਂ ਇਨ੍ਹਾਂ ਨੂੰ ਸਮਝਿਆ ਨਹੀਂ ਜਾ ਸਕਦਾ। ਜੇ ਮੂਲ ਮਤਨ ਵਿਚ ਨਹੀਂ ਤਾਂ ਇਹ ਨਾਂ ਕੋਸ਼ ਦੀ ਅੰਤਿਕਾ ਵਿਚ ਦਿੱਤੇ ਜਾ ਸਕਦੇ ਹਨ।

ਇਕੋ ਸ੍ਰੋਤ ਤੋਂ ਵਿਉਤਪੰਨ ਅਤੇ ਵਿਭਿੰਨ ਭਾਸ਼ਾਵਾਂ ਵਿਚ ਵੱਖ ਵੱਖ ਢੰਗ ਨਾਲ ਪ੍ਰਗਟਾਏ ਵਿਅਕਤੀਵਾਚਕ ਨਾਂ ਇਨ੍ਹਾਂ ਭਾਸ਼ਾਵਾਂ ਦੇ ਕੋਸ਼ਾਂ ਵਿਚ ਲੈ ਲੈਣੇ ਚਾਹੀਦੇ ਹਨ, ਜਿਵੇਂ

ਅੰਗ੍ਰੇਜ਼ੀ	**Aristotle**	:	ਪੰਜਾਬੀ	ਅਰਸਤੂ
ਅੰਗ੍ਰੇਜ਼ੀ	**Plato**	:	ਪੰਜਾਬੀ	ਅਫਲਾਤੂਨ
ਅੰਗ੍ਰੇਜ਼ੀ	**Eve**	:	ਪੰਜਾਬੀ	ਹੱਵਾ
ਅੰਗ੍ਰੇਜ਼ੀ	**Christ**	:	ਪੰਜਾਬੀ	ਈਸਾ
ਬੰਗਾਲੀ	ਕੇਸ਼ਟੋ	:	ਹਿੰਦੀ	ਕ੍ਰਿਸ਼ਣ
ਅਰਬੀ	ਸੁਲੇਮਾਨ	:	ਅੰਗ੍ਰੇਜ਼ੀ	**Solomon**
ਅਰਬੀ	ਮਰੀਅਮ	:	ਅੰਗ੍ਰੇਜ਼ੀ	**Mary**
ਅਰਬੀ	ਮੂਸਾ	:	ਅੰਗ੍ਰੇਜ਼ੀ	**Moses**

(4) **ਅਗੇਤਰ ਪਿਛੇਤਰ :** ਸ੍ਰੋਤ ਭਾਸ਼ਾ ਦੇ ਲਗਭਗ ਸਾਰੇ ਅਗੇਤਰਾਂ ਅਤੇ ਪਿਛੇਤਰਾਂ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ, ਵਿਸ਼ੇਸ਼ ਕਰਕੇ ਉਸ ਸਮੇਂ ਜਦੋਂ ਇਨ੍ਹਾਂ ਦੇ ਪ੍ਰਯੋਗ ਨਾਲ ਬਣੀਆਂ ਕੋਸ਼ੀ ਇਕਾਈਆਂ ਨੂੰ ਕੋਸ਼ ਵਿਚ ਦਰਜ ਕੀਤਾ ਗਿਆ ਹੋਵੇ। ਮਸਲਨ, ਅੰਗ੍ਰੇਜ਼ੀ-ਪੰਜਾਬੀ ਕੋਸ਼ ਵਿਚ ਜੇ **pre-condition, problem, unpleasant,**

greenery, slavery ਆਦਿ ਕੋਸ਼ੀ ਇਕਾਈਆਂ ਨੂੰ ਸ਼ਾਮਿਲ ਕੀਤਾ ਗਿਆ ਹੈ ਤਾਂ ਇਨ੍ਹਾਂ ਦੇ **pre-, pro-, un-, -ery, -ry** ਅਗੇਤਰਾਂ ਅਤੇ ਪਿਛੇਤਰਾਂ ਨੂੰ ਅਰਥਾਂ ਅਤੇ ਉਦਾ-ਹਰਣਾਂ ਸਹਿਤ ਸ਼ਾਮਿਲ ਕਰਨਾ ਚਾਹੀਦਾ ਹੈ, ਜਿਵੇਂ

> **un-**, pref. ਨਕਾਰਾਤਮਕ ਬਣਾਉਣ ਲਈ ਅ-, ਅਣ-, ਅਨ-, ਨਿਰ-,
> ਬੇ- (unpleasant, unable, unabashed unextended etc.)

ਜੇ ਕੋਸ਼ ਲਘੂ ਆਕਾਰ ਦਾ ਹੈ ਤਾਂ ਇਨ੍ਹਾਂ ਦਾ ਬਹੁਤਾ ਖਿਲਾਰਾ ਪਾਉਣ ਦੀ ਲੋੜ ਨਹੀਂ ਹੈ।

(5) **ਸ੍ਰੋਤ ਭਾਸ਼ਾ ਵਿਚ ਟੀਚਾ ਭਾਸ਼ਾ ਦੇ ਸ਼ਬਦਾਂ ਦਾ ਪ੍ਰਚਲਨ** : ਦੋ ਸਜੀਵ ਅਤੇ ਪਰਸਪਰ ਪ੍ਰਭਾਵੀ ਭਾਸ਼ਾਵਾਂ ਵਿਚ ਇਕ ਭਾਸ਼ਾ ਦੀ ਸ਼ਬਦਾਵਲੀ ਦਾ ਦੂਜੀ ਭਾਸ਼ਾ ਵਿਚ ਪ੍ਰਵੇਸ਼ ਕੁਦ-ਰਤੀ ਵਰਤਾਰਾ ਹੈ। ਜੇ ਅਸੀਂ ਅੰਗ੍ਰੇਜ਼ੀ ਅਤੇ ਹਿੰਦੀ/ਪੰਜਾਬੀ ਪਰਸਪਰ ਪ੍ਰਭਾਵੀ ਭਾਸ਼ਾਵਾਂ ਦੀ ਗੱਲ ਕਰੀਏ ਤਾਂ ਪੰਜਾਬੀ/ਹਿੰਦੀ ਵਿਚ ਅਣਗਿਣਤ ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਅਪਣਾ ਲਏ ਗਏ ਹਨ ਅਤੇ ਅੰਗ੍ਰੇਜ਼ੀ ਭਾਸ਼ਾ ਨੇ ਵੀ ਬਹੁਤ ਸਾਰੇ ਸ਼ਬਦ ਵਿਦੇਸ਼ੀ ਭਾਸ਼ਾਵਾਂ ਦੇ ਖਪਾਏ ਹਨ। ਹੁਣ ਸਵਾਲ ਇਹ ਉਠਦਾ ਹੈ ਕਿ ਪੰਜਾਬੀ-ਅੰਗ੍ਰੇਜ਼ੀ ਕੋਸ਼ ਤਿਆਰ ਕਰਨ ਸਮੇਂ ਕੀ ਸਾਨੂੰ ਅੰਗ੍ਰੇਜ਼ੀ ਭਾਸ਼ਾ ਦੀ ਉਸ ਸ਼ਬਦਾਵਲੀ ਨੂੰ ਕੋਸ਼ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ ਜਿਹੜੀ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਅੰਗ ਬਣ ਗਈ ਹੈ, ਜਿਵੇਂ **ਪੈੱਨ, ਸਾਈਕਲ, ਰੇਡੀਓ, ਟੈਲੀਵਿਜ਼ਨ, ਸਟੇਸ਼ਨ, ਸਕੂਲ, ਕਾਪੀ, ਪੈਨਸਿਲ, ਕੱਪ, ਪਲੇਟ** ਆਦਿ ? ਇਸ ਬਾਰੇ ਮੇਰਾ ਸੁਝਾਅ ਇਹ ਹੈ ਕਿ ਇਹ ਸਾਰੀ ਸ਼ਬਦਾਵਲੀ ਪੰਜਾਬੀ-ਅੰਗ੍ਰੇਜ਼ੀ ਕੋਸ਼ ਵਿਚ ਸੰਮਿਲਿਤ ਕਰਨੀ ਚਾਹੀਦੀ ਹੈ। ਇਸ ਦਾ ਟੀਚਾ ਭਾਸ਼ਾ (ਅੰਗ੍ਰੇਜ਼ੀ) ਦੇ ਬੁਲਾਰੇ ਨੂੰ ਤਾਂ ਕੋਈ ਫ਼ਾਇਦਾ ਨਹੀਂ ਹੋ ਸਕਦਾ ਕਿਉਂਕਿ ਉਹ ਇਨ੍ਹਾਂ ਸ਼ਬਦਾਂ ਅਤੇ ਅਰਥਾਂ ਤੋਂ ਪਹਿਲਾਂ ਹੀ ਪਰਿਚਿਤ ਹੁੰਦਾ ਹੈ। ਪਰੰਤੂ ਖੋਜ ਦੀ ਦ੍ਰਿਸ਼ਟੀ ਤੋਂ ਇਹ ਸ਼ਬਦਾਵਲੀ ਸ਼ਾਮਿਲ ਕਰਨੀ ਲਾਹੇਵੰਦ ਹੋ ਸਕਦੀ ਹੈ। ਸੋ, ਅਜਿਹੀਆਂ ਕੋਸ਼ੀ ਇਕਾਈਆਂ ਨੂੰ ਅੰਦਰਾਜਾਂ ਦੀ ਚੋਣ ਕਰਦਿਆਂ, ਅਪਣਾ ਲੈਣਾ ਚਾਹੀਦਾ ਹੈ।

6 6 ਕੋਸ਼ੀ ਅੰਦਰਾਜ : ਜਿਵੇਂ ਉਪਰ ਵੀ ਸਪਸ਼ਟ ਕੀਤਾ ਗਿਆ ਹੈ ਕਿ ਕੋਸ਼ੀ ਅੰਦਰਾਜ ਵਿਚ ਇਕ ਅੱਖਰ ਤੋਂ ਲੈ ਕੇ ਇਕ ਵਾਕ ਤਕ ਦੀਆਂ ਕੋਸ਼ੀ ਇਕਾਈਆਂ ਸਮਾ ਸਕਦੀਆਂ ਹਨ। ਦੁਭਾਸ਼ੀ ਕੋਸ਼ ਦੇ ਅੰਦਰਾਜ ਵਿਚ ਆਮ ਕਰਕੇ ਇਹ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ :

(1) ਮੁੱਖ ਸ਼ਬਦ ;
(2) ਸ਼ਬਦ-ਜੋੜ ਅਤੇ ਉਚਾਰਣ ;
(3) ਵਿਆਕਰਣਕ ਕੋਟੀ;
(4) ਟੀਚਾ ਭਾਸ਼ਾ ਵਿਚ ਅਰਥ/ਵਿਆਖਿਆ ਜਾਂ ਸਮਤੁੱਲ ਸ਼ਬਦ;
(5) ਵਿਭਿੰਨ ਸੰਦਰਭਾਂ ਵਿਚ ਸ਼ਬਦ ਦਾ ਪ੍ਰਯੋਗ ਅਰਥਾਤ ਸ਼ਬਦ ਸਮਰਥਾ ਦੀਆਂ ਉਦਾਹਰਣਾਂ।

ਦੁਭਾਸ਼ੀ ਕੋਸ਼ ਲਈ ਵੀ ਮੁੱਖ ਸ਼ਬਦ ਦੀ ਚੋਣ ਲਈ ਉਹੀ ਕਸੌਟੀ ਅਪਣਾਉਣੀ ਚਾਹੀਦੀ ਹੈ ਜਿਹੜੀ ਸਮਭਾਸ਼ੀ ਕੋਸ਼ ਲਈ ਨਿਰਧਾਰਿਤ ਹੈ। ਮੁੱਖ ਸ਼ਬਦ ਦਾ ਨਿਰ-ਧਾਰਣ ਭਾਸ਼ਾਈ ਅਤੇ ਸਭਿਆਚਾਰਕ ਕਸੌਟੀਆਂ ਦੁਆਰਾ ਕੀਤਾ ਜਾਂਦਾ ਹੈ।

ਭਾਸ਼ਾਈ ਕਸੌਟੀ : ਭਾਸ਼ਾਈ ਕਸੌਟੀ ਦਾ ਪ੍ਰਯੋਗ ਕਰਨ ਸਮੇਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ :

(1) ਜਿੰਨਾ ਸੰਭਵ ਹੋਵੇ ਸਰਲ ਰੂਪ ਦੀ ਚੋਣ ਕੀਤੀ ਜਾਵੇ;
(2) ਜਿਥੋਂ ਤਕ ਹੋ ਸਕੇ ਸੰਖੇਪ ਰੂਪ ਦੀ ਚੋਣ ਕੀਤੀ ਜਾਵੇ;
(3) ਅਤਿ ਪ੍ਰਚਲਿਤ ਰੂਪ ਦੀ ਚੋਣ ਕੀਤੀ ਜਾਵੇ;
(4) ਅਜਿਹੇ ਰੂਪ ਦੀ ਚੋਣ ਕੀਤੀ ਜਾਵੇ ਜਿਸ ਤੋਂ ਵੱਧ ਤੋਂ ਵੱਧ ਉਪ-ਅੰਦਰਾਜਾਂ ਦੀ ਰਚਨਾ ਹੋ ਸਕੇ।

ਸਭਿਆਚਾਰਕ ਕਸੌਟੀ : ਇਸ ਦੇ ਅੰਤਰਗਤ ਇਹ ਵਿਚਾਰ ਕੀਤੀ ਜਾਂਦੀ ਹੈ :

(1) ਉਸ ਰੂਪ ਦੀ ਚੋਣ ਕੀਤੀ ਜਾਵੇ ਜਿਸ ਨੂੰ ਸਥਾਨਕ ਭਾਸ਼ਾ ਦੇ ਬੁਲਾਰੇ ਉਸ ਸ਼ਬਦ ਦੇ ਅਰਥ ਜਾਣਨ ਲਈ ਉਸ ਨੂੰ ਵੇਖਣਾ ਚਾਹੁਣ;
(2) ਉਸ ਰੂਪ ਦੀ ਚੋਣ ਕੀਤੀ ਜਾਵੇ ਜਿਸ ਨੂੰ ਸਥਾਨਕ ਭਾਸ਼ਾ ਦੇ ਬੁਲਾਰੇ ਸੌਖੀ ਤਰ੍ਹਾਂ ਸਮਝ ਸਕਣ।[16]

6.7 ਸ਼ਬਦ-ਜੋੜ ਅਤੇ ਉਚਾਰਣ : ਲਗਭਗ ਸਭ ਭਾਸ਼ਾਵਾਂ ਵਿਚ **ਸ਼ਬਦ-ਜੋੜਾਂ** ਵਿਚ ਇਕਸਾਰਤਾ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਸਮਭਾਸ਼ੀ ਕੋਸ਼ ਵਿਚ ਤਾਂ ਕੋਸ਼ਕਾਰ ਦੇ ਜ਼ਿੰਮੇ ਕੇਵਲ ਇਕ ਭਾਸ਼ਾ ਦੇ ਸ਼ਬਦ-ਜੋੜਾਂ ਦੀ ਇਕਸਾਰਤਾ ਦਾ ਕਾਰਜ ਹੁੰਦਾ ਹੈ, ਪਰੰਤੂ ਦੁਭਾਸ਼ੀ ਕੋਸ਼ ਤਿਆਰ ਕਰਨ ਸਮੇਂ ਉਸ ਨੂੰ ਦੂਹਰੀ ਜ਼ਿੰਮੇਵਾਰੀ ਨੂੰ ਝੱਲਣਾ ਪੈਂਦਾ ਹੈ। ਮੁੱਖ ਸ਼ਬਦ ਦੇ ਕੇਵਲ ਮਿਆਰੀ ਅਤੇ ਪ੍ਰਮਾਣਕ ਸ਼ਬਦ-ਜੋੜ ਹੀ ਅਪਣਾਏ ਜਾਣ ਜਿਵੇਂ ਅੰਗ੍ਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਨ ਸਮੇਂ acclimatize, acclimatise; accompanist, accompanyist ਵਿਚੋਂ ਪ੍ਰਮਾਣਕ ਸ਼ਬਦ-ਜੋੜ acclimatize ਅਤੇ accompanist ਹੀ ਅਪਣਾਉਣੇ ਚਾਹੀਦੇ ਹਨ। ਇਸੇ ਪ੍ਰਕਾਰ ਪੰਜਾਬੀ-ਅੰਗ੍ਰੇਜ਼ੀ ਕੋਸ਼ ਤਿਆਰ ਕਰਨ ਸਮੇਂ **ਪ੍ਰਵਾਰ, ਪਰਿਵਾਰ, ਪਰਵਾਰ** ਵਿਚੋਂ **ਪਰਿਵਾਰ; ਪਰੀਖਿਆ, ਪ੍ਰੀਖਿਆ** ਵਿਚੋਂ **ਪਰੀਖਿਆ; ਘਚੋਲਣਾ, ਘਚੋਲਣਾ** ਵਿਚੋਂ **ਘਚੋਲਣਾ** ਨੂੰ ਮਿਆਰੀ ਸ਼ਬਦ-ਜੋੜ ਮੰਨ ਕੇ ਮੁੱਖ ਸ਼ਬਦ ਨਿਰਧਾਰਿਤ ਕਰਨਾ ਚਾਹੀਦਾ ਹੈ। ਭਿੰਨ ਸ਼ਬਦ-ਰੂਪਾਂ ਨੂੰ ਆਪਣੇ ਅੱਖਰ-ਕ੍ਰਮ ਵਿਚ ਦੇ ਕੇ ਮਿਆਰੀ ਸ਼ਬਦ-ਰੂਪ ਵਲ ਸੰਕੇਤ ਕਰ ਦੇਣਾ ਚਾਹੀਦਾ ਹੈ ਜਿਵੇਂ **ਪ੍ਰਵਾਰ**, ਦੇਖੋ ਪਰਿਵਾਰ; **ਪ੍ਰਮਾਤਮਾ**, ਦੇਖੋ **ਪਰਮਾਤਮਾ** ਆਦਿ, ਪਰੰਤੂ ਇਨ੍ਹਾਂ ਸ਼ਬਦਾਂ ਦੇ ਅਰਥ ਅਤੇ ਵਿਉਤਪੰਨ ਸ਼ਬਦ ਕੇਵਲ ਮਿਆਰੀ ਮੁੱਖ ਸ਼ਬਦ ਦੇ ਅੰਤਰਗਤ ਹੀ ਦੇਣੇ ਚਾਹੀਦੇ ਹਨ।। ਇਸ ਕਾਰਜ ਵਿਚ ਸਹਾਇਤਾ ਲਈ ਸੰਬੰਧਿਤ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਸ਼ਬਦ-ਜੋੜ ਕੋਸ਼ ਉਪਯੋਗੀ ਰਹਿਦੇ ਹਨ।

ਕੋਸ਼ੀ ਇਕਾਈਆਂ ਦੇ ਉਚਾਰਣ ਸੰਬੰਧੀ ਦਰਪੇਸ਼ ਸਾਧਾਰਣ ਸਮੱਸਿਆਵਾਂ ਦਾ ਅਸੀਂ ਸਮਭਾਸ਼ੀ ਕੋਸ਼ ਤੇ ਵਿਚਾਰ ਕਰਦਿਆਂ ਵਿਸਤਾਰ ਵਿਚ ਜਾਇਜ਼ਾ ਲੈ ਚੁਕੇ ਹਾਂ। ਦੁਭਾਸ਼ੀ ਕੋਸ਼ ਵਿਚ ਉਚਾਰਣ ਸ੍ਰੋਤ ਭਾਸ਼ਾ ਅਤੇ ਟੀਚਾ ਭਾਸ਼ਾ ਦੋਹਾਂ ਵਿਚ ਹੀ ਦਿੱਤਾ ਜਾ ਸਕਦਾ ਹੈ, ਪਰੰਤੂ ਜੇ ਉਚਾਰਣ ਟੀਚਾ ਭਾਸ਼ਾ ਵਿਚ ਦਿੱਤਾ ਜਾਵੇ ਤਾਂ ਟੀਚਾ ਭਾਸ਼ਾ ਦੇ ਪ੍ਰਯੋਗਕਰਤਿਆਂ ਲਈ ਅਧਿਕ ਉਪਯੋਗੀ ਹੁੰਦਾ ਹੈ ਅਤੇ ਇਸ ਨਾਲ ਕੋਸ਼ ਦਾ ਮੁੱਲ, ਮਹੱਤਵ ਅਤੇ ਸਾਰਥਕਤਾ ਵਧ ਜਾਂਦੀ ਹੈ। ਪੰਜਾਬੀ ਯੂਨੀਵਰਸਿਟੀ ਅਤੇ ਪੀ. ਐਸ. ਯੂ. ਟੀ. ਬੀ. ਅੰਗ੍ਰੇਜ਼ੀ-ਪੰਜਾਬੀ ਕੋਸ਼ਾਂ ਵਿਚ ਉਚਾਰਣ ਗੁਰਮੁਖੀ ਲਿਪੀ ਵਿਚ ਦਿੱਤਾ ਗਿਆ ਹੈ। ਫਾਦਰ ਕਾਮਿਲ ਬੁਲਕੇ ਅਤੇ ਡਾ. ਹਰਦੇਵ ਬਾਹਰੀ ਦੇ ਅੰਗ੍ਰੇਜ਼ੀ-ਹਿੰਦੀ ਕੋਸ਼ਾਂ ਵਿਚ ਉਚਾਰਣ ਦੇਵਨਾਗਰੀ ਲਿਪੀ ਵਿਚ ਦਿੱਤਾ ਗਿਆ ਹੈ। ਮਹੇਂਦਰ ਚਤੁਰਵੇਦੀ ਤੇ ਭੋਲਾ ਨਾਥ ਤਿਵਾਰੀ ਅਤੇ ਮੀਨਾਕਸ਼ੀ ਹਿੰਦੀ-ਅੰਗ੍ਰੇਜ਼ੀ ਕੋਸ਼ਾਂ ਵਿਚ ਉਚਾਰਣ ਰੋਮਨ ਲਿਪੀ ਵਿਚ ਦਰਜ ਕੀਤਾ ਗਿਆ ਹੈ।

ਦੁਭਾਸ਼ੀ ਕੋਸ਼ ਦਾ ਮੂਲ ਮਕਸਦ ਦੋ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਕਰਨਾ ਹੈ। ਸ੍ਰੋਤ ਭਾਸ਼ਾ ਦੇ ਸਾਰੇ ਧੁਨੀਗ੍ਰਾਮਾਂ, ਇਨ੍ਹਾਂ ਦੇ ਉਪਧੁਨੀ ਰੂਪ-ਭੇਦਾਂ (allophonic variations) ਨੂੰ ਟੀਚਾ ਭਾਸ਼ਾ ਦੇ ਧੁਨੀਗ੍ਰਾਮਾਂ ਸਹਿਤ ਵਿਸਤਾਰਪੂਰਵਕ ਦੇਣਾ ਚਾਹੀਦਾ ਹੈ। ਜੇ ਲੋੜ ਪੜੇ ਤਾ ਨਵੇਂ ਚਿੰਨ੍ਹ ਵੀ ਅਪਣਾਏ ਜਾ ਸਕਦੇ ਹਨ ਜਿਵੇਂ ਅੰਗ੍ਰੇਜ਼ੀ V ਅਤੇ W ਦੀਆਂ ਧੁਨੀਆਂ ਨੂੰ ਵਖਰਿਆਉਣ ਲਈ ਅਸੀਂ ਕ੍ਰਮਵਾਰ ਵ ਅਤੇ ਵ ਹੇਠ ਬਿੰਦੀ ਵਾਲਾ ਚਿੰਨ੍ਹ ਅਪਣਾ ਸਕਦੇ ਹਾਂ। ਭਾਈ ਕਾਨ੍ਹ ਸਿੰਘ ਨੇ ਉੱਚਾਰਣ ਦੇ ਲਿਪੀ-ਅੰਤਰਣ ਦੀ ਸਮੱਸਿਆ ਨੂੰ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਅਤਿ ਵਿਗਿਆਨਕ ਢੰਗ ਨਾਲ ਸੁਲਝਾਇਆ ਹੈ ਅਤੇ ਅਰਬੀ, ਫ਼ਾਰਸੀ, ਅੰਗ੍ਰੇਜ਼ੀ, ਸੰਸਕ੍ਰਿਤ ਆਦਿ ਧੁਨੀਆਂ ਦੇ ਸਮਾਨਾਂਤਰ ਵਿਸ਼ੇਸ਼ ਨਵੇਂ ਚਿੰਨ੍ਹ ਅਪਣਾਏ ਹਨ। ਪਰੰਤੂ ਉਚਾਰਣ ਸੰਬੰਧੀ ਇਨ੍ਹਾਂ ਸਾਰੀਆਂ ਗੱਲਾਂ ਨੂੰ ਭੂਮਿਕਾ ਵਿਚ ਸਪਸ਼ਟ ਕਰ ਦੇਣਾ ਜ਼ਰੂਰੀ ਹੈ। ਪ੍ਰਯੋਗਕਰਤੇ ਦੀ ਸੁਵਿਧਾ ਅਤੇ ਸੁਖੈਨਤਾ ਲਈ ਭੂਮਿਕਾ ਵਿਚ ਉਚਾਰਣ-ਕੁੰਜੀ ਦੇਣੀ ਬਹੁਤ ਉਪਯੋਗੀ ਰਹਿੰਦੀ ਹੈ। ਉਚਾਰਣ ਦੇਣ ਲਈ ਸ੍ਰੋਤ ਭਾਸ਼ਾ ਦੇ ਕਿਸੇ ਪ੍ਰਮਾਣਕ ਉਚਾਰਣ-ਕੋਸ਼ ਨੂੰ ਆਧਾਰ ਬਣਾਉਣਾ ਚਾਹੀਦਾ ਹੈ। ਜੇ ਕਿਸੇ ਭਾਸ਼ਾ ਵਿਚ ਕੋਈ ਪ੍ਰਮਾਣਕ ਉਚਾਰਣ-ਕੋਸ਼ ਉਪਲਬਧ ਨਾ ਹੋਵੇ, ਉਥੇ ਮਾਹਰਾਂ ਤੇ ਭਾਸ਼ਾ-ਵਿਗਿਆਨੀਆਂ ਦੀ ਸਹਾਇਤਾ ਲਈ ਜਾ ਸਕਦੀ ਹੈ।

6.8 ਵਿਆਕਰਣ: ਦੋ ਭਾਸ਼ਾਵਾਂ ਦੇ ਵਿਆਕਰਣ-ਪ੍ਰਬੰਧਾਂ ਦੀ ਪੂਰਣ ਅਤੇ ਸੂਖਮ ਤੁਲਨਾ ਕਰ ਕੇ ਇਨ੍ਹਾਂ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਬਹੁਤਾ ਕਰਕੇ ਦੋ ਭਾਸ਼ਾਵਾਂ ਦੀਆਂ ਵਿਆਕਰਣਕ ਕੋਟੀਆਂ ਵਿਚ ਸਹਿਸੰਬੰਧ ਨਹੀਂ ਹੁੰਦਾ, ਜਿਵੇਂ ਸੰਸਕ੍ਰਿਤ ਭਾਸ਼ਾ ਵਿਚ ਤਿੰਨ ਲਿੰਗ ਅਤੇ ਤਿੰਨ ਵਚਨ ਹਨ, ਪਰੰਤੂ ਹਿੰਦੀ ਅਤੇ ਪੰਜਾਬੀ ਵਿਚ ਦੋ ਲਿੰਗ ਅਤੇ ਦੋ ਵਚਨ ਹਨ। ਲਿੰਗ ਅਤੇ ਵਚਨ ਦੀ ਸਹੀ ਸਮਝ ਨਾ ਹੋਣ ਕਾਰਣ ਉਟਪਟਾਂਗ ਸ਼ਬਦ-ਪ੍ਰਯੋਗ ਹੋ ਸਕਦੇ ਹਨ ਜਿਵੇਂ ਪੰਜਾਬੀ ਵਿਚ ਮੇਰੀ

ਸਾਈਕਲ, ਮੇਰੀ ਮੇਜ਼ ਆਦਿ । ਕੁਝ ਕੋਸ਼ਾਂ ਵਿਚ ਲਿੰਗ ਅਤੇ ਵਚਨ ਦੀ ਸਮੱਸਿਆ ਦਾ ਹੱਲ ਸਮਤੁੱਲ ਸ਼ਬਦਾਂ ਤੇ F (feminine), C (countable) ਅਤੇ U (uncountable) ਚਿੰਨ੍ਹਾਂ ਦੀ ਵਰਤੋਂ ਕਰ ਕੇ ਕੀਤਾ ਗਿਆ ਹੈ ।

ਵਿਆਕਰਣਕ ਕੋਟੀ ਆਮ ਕਰਕੇ ਸ੍ਰੋਤ ਭਾਸ਼ਾ ਦੀ ਲਿਪੀ ਵਿਚ ਹੀ ਦਿੱਤੀ ਜਾਂਦੀ ਹੈ । ਦੁਭਾਸ਼ੀ ਕੋਸ਼ ਵਿਚ ਵਿਆਕਰਣਕ ਸੂਚਨਾ ਦੇਣ ਸਮੇਂ ਸ੍ਰੋਤ ਭਾਸ਼ਾ ਦੀ ਵਿਆਕਰਣਕ ਕੋਟੀ ਦੇ ਸਮਾਨ ਹੀ ਟੀਚਾ ਭਾਸ਼ਾ ਵਿਚ ਵਿਆਕਰਣਕ ਕੋਟੀ ਦਿੱਤੀ ਜਾਵੇ ਜਿਵੇਂ ਨਾਂਵ ਲਈ ਨਾਂਵ ਰੂਪ, ਕ੍ਰਿਆ ਲਈ ਕ੍ਰਿਆ ਰੂਪ, ਵਿਸ਼ੇਸ਼ਣ ਲਈ ਵਿਸ਼ੇਸ਼ਣ ਰੂਪ ਆਦਿ, ਜਿਵੇਂ

price, n. 'ਕੀਮਤ, ਮੁੱਲ, ਭਾਅ ।'

price, v.t. 'ਮੁੱਲ ਨਿਸ਼ਚਿਤ ਕਰਨਾ ।'

6.9 ਸਮਤੁੱਲ ਸ਼ਬਦ ਜਾਂ ਅਰਥ : ਕੋਸ਼ ਦਾ ਮੁੱਖ ਕਾਰਜ ਅਰਥਾਂ ਦੀ ਸਪਸ਼ਟਤਾ ਅਤੇ ਸੁਨਿਸ਼ਚਿਤਤਾ ਹੈ । ਦੁਭਾਸ਼ੀ ਕੋਸ਼ ਵਿਚ ਇਸ ਉਦੇਸ਼ ਦੀ ਪ੍ਰਾਪਤੀ ਸ੍ਰੋਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੇ ਟੀਚਾ ਭਾਸ਼ਾ ਵਿਚ ਉਚਿਤ ਸਮਤੁੱਲ ਸ਼ਬਦ ਪ੍ਰਦਾਨ ਕਰ ਕੇ ਕੀਤੀ ਜਾਂਦੀ ਹੈ । ਸਮਤੁੱਲ ਸ਼ਬਦ ਅਜਿਹੀ ਕੋਸ਼ੀ ਇਕਾਈ ਨੂੰ ਆਖਿਆ ਜਾਂਦਾ ਹੈ ਜਿਸ ਦੇ ਸ੍ਰੋਤ ਭਾਸ਼ਾ ਦੀ ਸੰਬੰਧਿਤ ਕੋਸ਼ੀ ਇਕਾਈ ਦੇ ਅਰਥਾਂ ਦੇ ਸਮਾਨ ਕੋਸ਼ੀ ਅਰਥ ਹਨ । ਸਮਤੁੱਲ ਸ਼ਬਦ ਦੋ ਕਿਸਮ ਦੇ ਹਨ :

(1) **ਅਨੁਵਾਦਾਤਮਕ** ਜਿਵੇਂ dictionary : ਕੋਸ਼, book : ਪੁਸਤਕ, editor : ਸੰਪਾਦਕ, eye : ਅੱਖ ਆਦਿ ।

(2) **ਵਿਆਖਿਆਤਮਕ** ਜਿਵੇਂ

bee orchis, n. 'ਇਕ ਕਿਸਮ ਦਾ ਪੌਦਾ ਜਿਸ ਦੇ ਫੁੱਲ ਮੱਖੀਆਂ ਦੀ ਸ਼ਕਲ ਦੇ ਹੁੰਦੇ ਹਨ ।'

bedstraw, n. 'ਗੱਦੇ ਵਿਚ ਭਰਿਆ ਜਾਣ ਵਾਲਾ ਘਾਹਫੂਸ ।'

ਪੰਜੋਤਰਾ 'five percent revenue given to the headman of a village.'

ਦੁਭਾਸ਼ੀ ਕੋਸ਼ ਵਿਚ ਜ਼ਿਆਦਾਤਰ ਕੋਸ਼ੀ ਇਕਾਈਆਂ ਦੀ ਸਮਤੁੱਲਤਾ ਅਤੇ ਅਨੁਵਾਦ ਕਾਰਜ ਤੇ ਨਿਰਭਰ ਹੋਣਾ ਪੈਂਦਾ ਹੈ। ਜੇਕਬਸਨ[17] ਨੇ ਅਨੁਵਾਦ ਤਿੰਨ ਕਿਸਮ ਦਾ ਮੰਨਿਆ ਹੈ :

(1) **ਅੰਤਰਾ-ਭਾਸ਼ਾਈ (intralingual) ਅਨੁਵਾਦ :** ਇਸ ਵਿਚ ਇਕ ਭਾਸ਼ਾ ਦੇ ਚਿੰਨ੍ਹ ਦੀ ਉਸੇ ਭਾਸ਼ਾ ਦੇ ਦੂਜੇ ਚਿੰਨ੍ਹਾਂ ਨਾਲ ਵਿਆਖਿਆ ਕੀਤੀ ਜਾਂਦੀ ਹੈ, ਜਿਵੇਂ

burglar n. 'person who enters a building illegally, esp. by force, in order to steel.'

ਸੰਏ ਪੁ. 'ਇਕ ਬੂਟੀ ਜੋ ਦਵਾਈ, ਸਬਜ਼ੀ ਅਤੇ ਚਾਰੇ ਦੇ ਤੌਰ ਤੇ ਵਰਤੀ ਜਾਂਦੀ ਹੈ, ਕੌੜੀ ਸੌਂਫ' ।

(2) **ਅੰਤਰ-ਭਾਸ਼ਾਈ (interlingual) ਅਨੁਵਾਦ** : ਇਸ ਵਿਚ ਇਕ ਭਾਸ਼ਾ ਦੇ ਚਿੰਨ੍ਹਾਂ ਦੀ ਦੂਜੀ ਭਾਸ਼ਾ ਦੇ ਚਿੰਨ੍ਹਾਂ ਰਾਹੀਂ ਅਰਥ ਪ੍ਰਦਾਨ ਕੀਤੇ ਜਾਂਦੇ ਹਨ, ਜਿਵੇਂ

serious, adj. 'ਗੰਭੀਰ, ਸੰਜੀਦਾ, ਸੋਚਵਾਨ, ਵਿਚਾਰਸ਼ੀਲ' ।

ਪੂਰਤੀ n. 'fulfilment, completion, satisfaction; supply'.

(3) **ਅੰਤਰ-ਚਿੰਨ੍ਹਾਤਮਕ (intersemiotic) ਅਨੁਵਾਦ ਜਾਂ ਰੂਪਾਂਤਰਣ** । ਇਸ ਵਿਚ ਭਾਸ਼ਾਈ ਚਿੰਨ੍ਹਾਂ ਦੀ ਵਿਆਖਿਆ ਗੈਰ-ਭਾਸ਼ਾਈ ਚਿੰਨ੍ਹ-ਪ੍ਰਣਾਲੀ ਦੁਆਰਾ ਕੀਤੀ ਜਾਂਦੀ ਹੈ, ਜਿਵੇਂ ਗੁੰਗੇ-ਬੋਲਿਆਂ ਲਈ ਸੰਕੇਤ-ਲਿਪੀ ਦਾ ਪ੍ਰਯੋਗ ।

ਦੁਭਾਸ਼ੀ ਕੋਸ਼ਕਾਰੀ ਅੰਤਰ-ਭਾਸ਼ਾਈ ਅਨੁਵਾਦ ਨਾਲ ਸੰਬੰਧਿਤ ਹੈ । ਅਨੁਵਾਦਾਤਮਕ ਸਮਤੁੱਲ ਸ਼ਬਦ ਸ੍ਰੋਤ ਭਾਸ਼ਾ ਦੇ ਟੀਚਾ ਭਾਸ਼ਾ ਵਿਚ ਅਨੁਵਾਦ ਦੇ ਪ੍ਰਸੰਗ ਵਿਚ ਰੱਖੇ ਜਾ ਸਕਦੇ ਹਨ ਜਿਵੇਂ ਅੰਗ੍ਰੇਜ਼ੀ **dog** : ਪੰਜਾਬੀ **ਕੁੱਤਾ** । ਇਸ ਮੰਤਵ ਲਈ ਸ੍ਰੋਤ ਭਾਸ਼ਾ ਦੀਆਂ ਸੰਦਰਭ-ਉਕਤੀਆਂ ਇਕੱਤਰ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਟੀਚਾ ਭਾਸ਼ਾ ਵਿਚ ਅਨੁਵਾਦ ਕੀਤਾ ਜਾਂਦਾ ਹੈ । ਜੇ ਟੀਚਾ ਭਾਸ਼ਾ ਦਾ ਕੋਈ ਸ਼ਬਦ ਅਨੁਵਾਦਿਤ ਸੰਦਰਭਾਂ ਵਿਚ ਠੀਕ ਢੁਕਦਾ ਹੈ ਤਾਂ ਇਸ ਨੂੰ ਪੂਰਣ ਅਨੁਵਾਦਾਤਮਕ ਸਮਤੁੱਲ ਸ਼ਬਦ ਆਖਦੇ ਹਨ । ਪੂਰਣ ਅਨੁਵਾਦਾਤਮਕ ਸਮਤੁੱਲ ਸ਼ਬਦ ਦਾ ਭਾਵ ਹੈ ਕਿ ਦੋਹਾਂ ਕੋਸ਼ੀ ਇਕਾਈਆਂ ਦਾ ਅਰਥ ਸਭ ਅੰਗਾਂ ਵਿਚ ਸਮਾਨ ਹੋਵੇ । ਪਰੰਤੂ ਅਜਿਹਾ ਕਦੇ-ਕਦਾਈਂ ਕੇਵਲ ਵਾਚਾਰਥੀ ਸ਼ਬਦਾਂ ਦੀ ਹਾਲਤ ਵਿਚ ਹੀ ਵਾਪਰਦਾ ਹੈ । ਉਦਾਹਰਣ ਵਜੋਂ, ਪੰਜਾਬੀ **ਤੰਗ**, ਸ਼ਬਦ ਨੂੰ ਵਿਭਿੰਨ ਸੰਦਰਭਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ :

ਤੰਗ ਕਮੀਜ਼ 'tight shirt'.
ਤੰਗ **ਗਲੀ** 'narrow street'.
ਤੰਗ **ਦਿਲ** 'small hearted'.
ਤੰਗ **ਹਾਲ** 'tight'.
ਤੰਗਦਸਤ 'short of money'.

ਇਸੇ ਪ੍ਰਕਾਰ ਹਿੰਦੀ **ਪਤਲੀ** ਸ਼ਬਦ ਦਾ ਵੀ ਵਿਭਿੰਨ ਸੰਦਰਭਾਂ ਵਿਚ ਪ੍ਰਯੋਗ ਉਪਲਬਧ ਹੈ, ਜਿਵੇਂ

ਪਤਲੀ ਕਿਤਾਬ 'thin book'.
ਪਤਲੀ ਗਲੀ 'narrow street'.

ਪਤਲੀ ਕਮਰ 'slim or slender waist'.

ਪਤਲੀ ਰਜ਼ਾਈ 'light quilt'.

ਪਤਲੀ ਧੋਤੀ 'fine *dhoti*'.

ਉਪਰੋਕਤ ਉਦਾਹਰਣਾਂ ਵਿਚ ਪੰਜਾਬੀ ਤੰਗ ਅਤੇ ਹਿੰਦੀ **ਪਤਲੀ** ਕੋਸ਼ੀ ਇਕਾਈਆਂ ਦੇ ਅੰਗ੍ਰੇਜ਼ੀ ਵਿਚ ਇਕ ਨਾਲੋਂ ਵੱਧ ਸਮਤੁੱਲ ਸ਼ਬਦ ਹਨ, ਪਰੰਤੂ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਤੰਗ ਜਾਂ ਪਤਲੀ ਦਾ ਪੂਰਣ ਸਮਤੁੱਲ ਸ਼ਬਦ ਨਹੀਂ ਕਿਹਾ ਜਾ ਸਕਦਾ। ਦੋ ਭਾਸ਼ਾਵਾਂ ਵਿਚ ਪੂਰਣ ਸਮਤੁੱਲ ਸ਼ਬਦਾਂ ਦੇ ਅਭਾਵ ਦਾ ਕਾਰਣ ਦੋਹਾਂ ਭਾਸ਼ਾਵਾਂ ਦੀ ਅਸਮ-ਰੂਪਤਾ ਹੈ ਅਰਥਾਤ ਹਰੇਕ ਭਾਸ਼ਾ ਵਿਚ ਸ਼ਬਦਾਂ ਦੇ ਰੂਪ, ਵਿਆਕਰਣ, ਅਰਥ ਅਤੇ ਹੋਰ ਅਨੇਕਾਂ ਭਿੰਨਤਾਵਾਂ ਵਿਦਮਾਨ ਹੁੰਦੀਆਂ ਹਨ।

ਪਰੰਤੂ ਇਨ੍ਹਾਂ ਸਾਰੀਆਂ ਭਿੰਨਤਾਵਾਂ ਵਿਚੋਂ ਸਭ ਤੋਂ ਮਹੱਤਵਪੂਰਣ ਸਭਿਆਚਾਰ-ਸਾਪੇਖ ਸ਼ਬਦ ਹਨ। ਜੇ ਅਸੀਂ ਇਹ ਕਹਿੰਦੇ ਹਾਂ ਕਿ ਕੇਵਲ ਸ੍ਰੋਤ ਭਾਸ਼ਾ ਦੇ ਖੇਤਰ ਵਿਚ ਕੁਝ ਪੌਦੇ ਹੋਂਦਮਾਨ ਹਨ ਜਾਂ ਕੁਝ ਵਸਤਾਂ ਅਸਤਿੱਤਵਮਾਨ ਹਨ ਅਤੇ ਇਹ ਸਭ ਟੀਚਾ ਭਾਸ਼ਾ ਵਿਚ ਮੌਜੂਦ ਨਹੀਂ ਹਨ, ਇਸ ਦਾ ਭਾਵ ਇਹ ਹੈ ਕਿ ਟੀਚਾ ਭਾਸ਼ਾ ਵਿਚ ਤਿਆਰ ਵਾਸਤਵਿਕ ਸਮਤੁੱਲ ਕੋਸ਼ੀ ਇਕਾਈਆਂ ਨਹੀਂ ਹਨ ਜਿਵੇਂ ਪੰਜਾਬੀ ਦੇ **ਉਠ** ਸ਼ਬਦ ਦਾ ਤਮਿਲ ਵਿਚ ਕੋਈ ਸਮਤੁੱਲ ਸ਼ਬਦ ਨਹੀਂ ਹੈ; ਅੰਗ੍ਰੇਜ਼ੀ **cerastium** (ਇਕ ਚਿੱਟ-ਪੱਤਰੀ ਬੂਟੀ) ਦਾ ਪੰਜਾਬੀ ਵਿਚ ਕੋਈ ਸਮਤੁੱਲ ਸ਼ਬਦ ਨਹੀਂ ਹੈ। ਇਹ ਸੋਚਣਾ ਵੀ ਗ਼ਲਤ ਹੈ ਕਿ ਦੂਰ-ਸਥਿਤ ਭਿੰਨ ਸਭਿਆਚਾਰਾਂ ਦੀ ਸਥਿਤੀ ਵਿਚ ਅਜਿਹਾ ਵਾਪਰਦਾ ਹੈ। ਬਲਕਿ ਇਹ ਸਥਿਤੀ ਕਿਸੇ ਵੀ ਦੋ ਭਾਸ਼ਾਵਾਂ ਦੀ ਸੂਰਤ ਵਿਚ ਮਿਲ ਸਕਦੀ ਹੈ ਜਿਵੇਂ ਪੰਜਾਬੀ ਦੇ ਨਾਲ ਲਗਦੀ ਹਰਿਆਣੇ ਦੀ ਬੋਲੀ ਦੇ ਸ਼ਬਦਾਂ **ਅੰਗਾਕੜਾ** (ਅੰਗਾਰੇ ਤੇ ਸੇਕੀ ਗਈ ਜੌਂ, ਚਣੇ ਆਦਿ ਦੀ ਰੋਟੀ); **ਅਕਾਸੀਬਿਰਤੀ** (ਅਜਿਹੀ ਆਮਦਨੀ ਜੋ ਬੰਨ੍ਹੀ ਨਾ ਹੋਵੇ —ਆਮ ਕਰਕੇ ਦਾਨ ਦੱਛਣਾ ਦੀ ਸਥਿਤੀ ਵਿਚ) ਦਾ ਪੰਜਾਬੀ ਵਿਚ ਕੋਈ ਸਮਤੁੱਲ ਸ਼ਬਦ ਉਪਲਬਧ ਨਹੀਂ ਹੈ।

ਟੀਚਾ ਭਾਸ਼ਾ ਵਿਚ ਪੂਰਣ ਸਮਤੁੱਲ ਸ਼ਬਦ ਉਪਲਬਧ ਨਾ ਹੋਣ ਦੀ ਸੂਰਤ ਵਿਚ ਕੋਸ਼ ਵਿਚ ਆਂਸ਼ਿਕ ਜਾਂ ਤੁਲਨਾਤਮਕ ਜਾਂ ਨਿਕਟ ਸਮਤੁੱਲ ਦਿੱਤੇ ਜਾਂਦੇ ਹਨ, ਜਿਵੇਂ

ਦੇਸੀ '1. country made (thing); 2. native (not foreign);
3. pure (*ghee*); 4. indigenous (medicine);
5. rural'.

god 'ਦੇਵਤਾ'।

ਉਪਰੋਕਤ ਭਾਂਤ ਦੇ ਸਮਤੁੱਲ ਸ਼ਬਦ ਅਨੁਵਾਦਾਤਮਕ ਹਨ ਅਤੇ ਇਨ੍ਹਾਂ ਨੂੰ ਟੀਚਾ ਭਾਸ਼ਾ ਦੇ ਅਨੁਵਾਦਿਤ ਸੰਦਰਭਾਂ ਵਿਚ ਸੰਜੋਇਆ ਜਾ ਸਕਦਾ ਹੈ। ਪਰੰਤੂ ਬਹੁਤ ਸਾਰੀਆਂ

ਕੋਸ਼ੀ ਇਕਾਈਆਂ ਦੀ ਹਾਲਤ ਵਿਚ ਟੀਚਾ ਭਾਸ਼ਾ ਵਿਚ ਅਨੁਵਾਦਾਤਮਕ ਸਮਤੁੱਲ ਸ਼ਬਦ ਉਪਲਬਧ ਨਹੀ ਹੁੰਦੇ। ਉਥੇ ਦੁਭਾਸ਼ੀ ਕੋਸ਼ਕਾਰ ਨੂੰ ਹੋਰ ਸਾਧਨਾਂ ਦੀ ਵਰਤੋਂ ਕਰਨੀ ਪੈਂਦੀ ਹੈ। ਅਜਿਹੀ ਇਕ ਆਮ ਵਿਧੀ ਸ੍ਰੋਤ ਭਾਸ਼ਾ ਦੀ ਸੰਬੰਧਿਤ ਕੋਸ਼ੀ ਇਕਾਈ ਦੀ ਵਿਆਖਿਆ ਕਰਨ ਦੀ ਹੈ ਜਿਹੜੀ ਸਮਭਾਸ਼ੀ ਕੋਸ਼ ਦੀ ਪਰਿਭਾਸ਼ਾ ਤੋਂ ਬਹੁਤੀ ਭਿੰਨ ਨਹੀਂ ਹੁੰਦੀ ਪਰੰਤੂ ਇਹ ਟੀਚਾ ਭਾਸ਼ਾ ਵਿਚ ਕੀਤੀ ਜਾਂਦੀ ਹੈ, ਜਿਵੇਂ

ਬਰਾਸੂਹੀ 'the clothes given to the bride by the bridegroom's father on the day of the wedding'.

ਵਾਰਨਾ 'to devote an article (usually money) by passing it at weddings round the head of a friend or relative in token of attachment and devotion to him after which it is given to the poor'.

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਅਨੁਵਾਦਾਤਮਕ ਸਮਤੁੱਲ ਸ਼ਬਦ ਜਾਂ ਤਾਂ ਪੂਰਣ ਹੁੰਦਾ ਹੈ (ਅਰਥਾਤ ਇਹ ਸ੍ਰੋਤ ਸ਼ਬਦ ਦੇ ਸਮੁੱਚੇ ਵਿਆਕਰਣਕ ਅਤੇ ਅਰਥਗਤ ਖੇਤਰ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ) ਜਾਂ ਅੰਸ਼ਿਕ। ਪੂਰਣ ਸਮਤੁੱਲ ਸ਼ਬਦ ਦੁਰਲੱਭ ਹਨ। ਇਸ ਦੇ ਕਈ ਕਾਰਣ ਹਨ ਜਿਨ੍ਹਾਂ ਵਿਚੋਂ ਮਹੱਤਵਪੂਰਣ ਇਹ ਹਨ :

(1) ਵਿਭਿੰਨ ਭਾਸ਼ਾਵਾਂ ਦੇ ਸੰਕਲਪੀ ਪ੍ਰਬੰਧ ਸਮਾਨ ਨਹੀਂ ਹੁੰਦੇ।

(2) ਪਰਿਕਲਪਿਤ ਸਮਤੁੱਲ ਸ਼ਬਦਾਂ ਦੇ ਅਰਥਗਤ ਖੇਤਰ ਵਿਭਿੰਨ ਭਾਸ਼ਾਵਾਂ ਵਿਚ ਸਦਾ ਸਮਾਨ ਨਹੀਂ ਹੁੰਦੇ।

(3) ਸਭਿਆਚਾਰ-ਸਾਪੇਖ ਸ਼ਬਦ ਜਿਹੜੇ ਸ੍ਰੋਤ ਭਾਸ਼ਾ ਵਿਚ ਵਿਸ਼ੇਸ਼ ਅਰਥਾਂ ਦੇ ਸੰਕੇਤਕ ਹੁੰਦੇ ਹਨ, ਟੀਚਾ ਭਾਸ਼ਾ ਵਿਚ ਇਨ੍ਹਾਂ ਦੇ ਸਮਾਨ ਸਮਤੁੱਲ ਸ਼ਬਦ ਉਪਲਬਧ ਨਹੀਂ ਹੁੰਦੇ।

(4) ਕਿਸੇ ਇਕ ਭਾਸ਼ਾ ਵਿਚ ਵਿਗਿਆਨਕ ਅਤੇ ਤਕਨੀਕੀ ਸ਼ਬਦਾਵਲੀ ਨਹੀਂ ਹੁੰਦੀ ਜਿਵੇਂ ਵਿਕਾਸਸ਼ੀਲ ਦੇਸ਼ਾਂ ਦੀਆਂ ਸਥਾਨਕ ਭਾਸ਼ਾਵਾਂ ਵਿਚ।

(5) ਸ਼ਬਦਾਂ ਦੇ ਅਰਥਾਂ ਦੀ ਪ੍ਰਕਿਰਤੀ ਲਚਕਦਾਰ ਅਤੇ ਅਸਥਿਰ ਹੁੰਦੀ ਹੈ।[18]

ਇਸ ਵਰਤਾਰੇ ਨੂੰ ਨੀਡਾ[19] ਨੇ ਆਪਣੀਆਂ ਤਿੰਨ ਮੂਲ ਅਰਥਗਤ ਧਾਰਣਾਵਾਂ ਵਿਚ ਸਮੇਟਿਆ ਹੈ :

(1) ਕਿਸੇ ਵੀ ਸ਼ਬਦ (ਜਾਂ ਅਰਥਗਤ ਇਕਾਈ) ਦੇ ਕਿਸੇ ਦੋ ਭਿੰਨ ਭਾਸ਼ਾਵਾਂ ਵਿਚ ਬਿਲਕੁਲ ਸਮਾਨ ਅਰਥ ਨਹੀਂ ਹੁੰਦੇ।

(2) ਇਕ ਭਾਸ਼ਾ ਵਿਚ ਵੀ ਪੂਰਣ ਪਰਿਆਇ ਉਪਲਬਧ ਨਹੀਂ ਹੁੰਦੇ।'

(3) ਵਿਭਿੰਨ ਭਾਸ਼ਾਵਾਂ ਵਿਚ ਸੰਬੰਧਿਤ ਸ਼ਬਦਾਂ ਵਿਚਕਾਰ ਸਹੀ ਸਮਾਨਤਾ ਨਹੀਂ ਹੁੰਦੀ ।

6.9.1 ਸਮਤੁੱਲ ਸ਼ਬਦਾਂ ਦੀ ਸਮੱਸਿਆ : ਉਪਰਲੇ ਪੈਰੇ ਵਿਚ ਸਪਸ਼ਟ ਕੀਤਾ ਗਿਆ ਗਿਆ ਹੈ ਕਿ ਦੋ ਭਾਸ਼ਾ-ਪ੍ਰਬੰਧਾਂ ਵਿਚ ਕੋਸ਼ੀ ਇਕਾਈਆਂ ਦੇ ਰੂਪ, ਵਿਆਕਰਣ ਅਤੇ ਅਰਥ ਦੀ ਪੂਰਣ ਸਮਾਨਤਾ ਦਾ ਅਭਾਵ ਹੁੰਦਾ ਹੈ । ਦੋਹਾਂ ਭਾਸ਼ਾਵਾਂ ਵਿਚ ਬਿਲਕੁਲ ਸਮਾਨ ਅਰਥਗਤ ਅਤੇ ਵਿਆਕਰਣਕ ਕਾਰਜ ਵਾਲੇ ਪੂਰਣ ਸਮਤੁੱਲ ਸ਼ਬਦ ਦੁਰਲੱਭ ਹਨ ਜਿਵੇਂ ਸਮਭਾਸ਼ੀ ਕੋਸ਼ ਤਿਆਰ ਕਰਨ ਸਮੇਂ ਪੂਰਣ ਪਰਿਆਇ ਉਪਲਬਧ ਨਹੀਂ ਹੁੰਦੇ । ਦੋ ਭਾਸ਼ਾਵਾਂ ਵਿਚ ਸੰਬੰਧਿਤ ਕੋਸ਼ੀ ਇਕਾਈਆਂ ਵਿਚ ਭਿੰਨਤਾ ਕਿਉਂ ਹੁੰਦੀ ਹੈ, ਇਸ ਦੇ ਕੁਝ ਮੁੱਖ ਕਾਰਣ ਇਹ ਹਨ :

(1) ਭਾਸ਼ਾਵਾਂ ਦੀਆਂ ਆਪਣੀਆਂ ਸੰਬੰਧਿਤ ਵਿਆਕਰਣਕ ਕੋਟੀਆਂ ਹੁੰਦੀਆਂ ਹਨ ।

(2) ਇਨ੍ਹਾਂ ਦੇ ਸ਼ਬਦ-ਭੇਦ ਭਿੰਨ ਹੁੰਦੇ ਹਨ ।

(3) ਇਕ ਭਾਸ਼ਾ ਦੀ ਕੋਸ਼ੀ ਇਕਾਈ ਦੂਜੀ ਭਾਸ਼ਾ ਦੀ ਕੋਸ਼ੀ ਇਕਾਈ ਦੇ ਸਮਾਨ ਨਹੀਂ ਹੋ ਸਕਦੀ ।

(4) ਵਿਭਿੰਨ ਭਾਸ਼ਾਵਾਂ ਦੇ ਵਿਭਿੰਨ ਵਿਆਕਰਣਕ ਪੈਟਰਨ ਹੁੰਦੇ ਹਨ ।

(5) ਕੋਸ਼ੀ ਇਕਾਈ ਇਕ ਭਾਸ਼ਾ ਵਿਚ ਵਾਚਾਰਥੀ ਹੋ ਸਕਦੀ ਹੈ, ਪਰੰਤੂ ਦੂਜੀ ਭਾਸ਼ਾ ਵਿਚ ਸਮਾਨ ਕੋਸ਼ੀ ਇਕਾਈ ਦੇ ਅਨੇਕ ਲੱਖਣਾਰਥ ਹੋ ਸਕਦੇ ਹਨ ।

(6) ਇਕ ਭਾਸ਼ਾ ਵਿਚ ਕੋਸ਼ੀ ਇਕਾਈ ਦੇ ਦੋ ਤੱਤ ਹੋ ਸਕਦੇ ਹਨ, ਪਰੰਤੂ ਦੂਜੀ ਭਾਸ਼ਾ ਵਿਚ ਇਸ ਦੇ ਸਮਾਨ ਕੋਸ਼ੀ ਇਕਾਈ ਦਾ ਇਕ ਤੱਤ ਹੋ ਸਕਦਾ ਹੈ ।

(7) ਦੋਹਾਂ ਭਾਸ਼ਾਵਾਂ ਵਿਚ ਦੋਹਾਂ ਸੰਬੰਧਿਤ ਮੱਦਾਂ ਦਾ ਸਮਾਨ ਅਰਥਗਤ ਖੇਤਰ ਨਹੀਂ ਹੋ ਸਕਦਾ ।

ਉਪਰੋਕਤ ਕਾਰਣਾਂ ਕਰਕੇ ਪੂਰਣ ਸਮਤੁੱਲ ਸ਼ਬਦਾਂ ਦੀ ਘਾਟ ਹਮੇਸ਼ਾ ਰੜਕਦੀ ਰਹਿੰਦੀ ਹੈ । ਪੂਰਣ ਸਮਤੁੱਲ ਸ਼ਬਦਾਂ ਦੀ ਅਣਹੋਂਦ ਵਿਚ ਕੋਸ਼ਕਾਰ ਲਗਭਗ-ਸਮਤੁੱਲ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ । ਇਸ ਸਥਿਤੀ ਨਾਲ ਨਿਜਿੱਠਣ ਲਈ ਕੋਸ਼ਕਾਰ ਹੇਠ ਲਿਖੀਆਂ ਵਿਧੀਆਂ ਦਾ ਪ੍ਰਯੋਗ ਕਰਦਾ ਹੈ :

(1) **ਮੂਲ ਸ਼ਬਦ ਦੀ ਵਿਆਖਿਆ ਕਰਨਾ, ਜਿਵੇਂ**

ਲੰਗੋਟ 'a strip of cloth between the legs attached to a string about the loins'.

nirvana '(in Buddhism and Hinduism) state of perfect bliss in which the individual becomes absorbed into the supreme spirit.'

(2) ਵਿਆਖਿਆ ਦੇ ਨਾਲ ਨਾਲ ਮੂਲ ਸ਼ਬਦ ਨੂੰ ਟੀਚਾ ਭਾਸ਼ਾ ਦੀ ਲਿਪੀ ਵਿਚ ਦੇਣਾ, ਜਿਵੇਂ

oxygen, 'ਇਕ ਪ੍ਰਕਾਰ ਦੀ ਗੈਸ, ਆਕਸੀਜਨ ।'

Marxism 'ਮਾਰਕਸਿਜ਼ਮ, ਮਾਰਕਸਵਾਦ, ਕਾਰਲ ਮਾਰਕਸ ਦੁਆਰਾ ਦਸਿਆ ਦਵੰਦਾਤਮਕ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਦਾ ਸਿਧਾਂਤ।'

ਡੋਸਾ 'dosa, a South Indian dish'.

(3) ਵਿਆਖਿਆ ਦੇ ਨਾਲ ਨਾਲ ਨਵਾਂ ਸ਼ਬਦ ਘੜਨਾ, ਜਿਵੇਂ

ਪਨਿਹਾਰ 'a water drawer, a person who carries water in pots on the head'.

ਤੜਕਾ 'seasoning' (heated oil or ghee in which spice and onions are well stirred and browned to be administered as a relish to pulses etc.)

phoneme 'ਧੁਨੀਗ੍ਰਾਮ, ਭਾਸ਼ਾ ਦੇ ਧੁਨੀ-ਪ੍ਰਬੰਧ ਵਿਚਲੀ ਮਹੱਤਵਪੂਰਣ ਧੁਨੀ' ।

(4) ਕੇਵਲ ਮੂਲ ਸ਼ਬਦ ਨੂੰ ਟੀਚਾ ਭਾਸ਼ਾ ਦੀ ਲਿਪੀ ਵਿਚ ਲਿਖਣਾ, ਜਿਵੇਂ

station 'ਸਟੇਸ਼ਨ'

television 'ਟੈਲੀਵਿਜ਼ਨ'

ਕਮਿਸ਼ਨਰ 'commissioner'

(5) ਟੀਚਾ ਭਾਸ਼ਾ ਵਿਚ ਮੂਲ ਸ਼ਬਦ ਦੇਣ ਦੇ ਨਾਲ ਨਾਲ ਸਮਤੁੱਲ ਸ਼ਬਦ ਦੇਣਾ, ਜਿਵੇਂ

cadre 'ਵਰਗ, ਸ਼੍ਰੇਣੀ, ਕਾਡਰ'

microscope 'ਮਾਈਕ੍ਰੋਸਕੋਪ, ਖ਼ੁਰਦਬੀਨ, ਸੂਖਮਦਰਸ਼ੀ'

(6) ਟੀਚਾ ਭਾਸ਼ਾ ਦੇ ਧੁਨੀ-ਪ੍ਰਬੰਧ ਅਨੁਸਾਰ ਧੁਨੀਆਂ ਦਾ ਸਰਲੀਕਰਣ ਕਰਨਾ, ਜਿਵੇਂ

academy 'ਅਕਾਦਮੀ'

comedy 'ਕਾਮਦੀ'

tragedy 'ਤ੍ਰਾਸਦੀ'

intonation 'ਅਨੁਤਾਨ'

ਦੁਭਾਸ਼ੀ ਕੋਸ਼ ਦਾ ਨਿਰਮਾਣ ਕਰਦਿਆਂ ਕੋਸ਼ਕਾਰ ਨੂੰ ਉਪਰੋਕਤ ਗੱਲਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ।

6.9.2 ਸਭਿਆਚਾਰ-ਸਾਪੇਖ ਸ਼ਬਦ : ਜਿਵੇਂ ਕਿ ਉਪਰ ਵਿਚਾਰ ਕੀਤੀ ਗਈ ਹੈ, ਦੁਭਾਸ਼ੀ ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਸਮਤੁੱਲਤਾ ਦੀ ਜਟਿਲ ਸਮੱਸਿਆ ਸਭਿਆਚਾਰ-ਸਾਪੇਖ ਸ਼ਬਦ ਉਤਪੰਨ ਕਰਦੇ ਹਨ । ਇਨ੍ਹਾਂ ਸ਼ਬਦਾਂ ਦੀਆਂ ਸਮੱਸਿਆਵਾਂ ਨੂੰ ਅਸੀਂ ਇਸ ਪ੍ਰਕਾਰ ਵਿਅਕਤ ਕਰ ਸਕਦੇ ਹਾਂ :

(1) **ਪ੍ਰਾਕ੍ਰਿਤਿਕ ਪਰਿਵੇਸ਼** : ਪ੍ਰਾਕ੍ਰਿਤਿਕ ਵਰਤਾਰੇ, ਪ੍ਰਾਣੀ ਅਤੇ ਬਨਸਪਤੀ ਜਗਤ, ਭੂਗੋਲਕ ਵਿਸ਼ੇਸ਼ਤਾਵਾਂ ਹਰ ਖਿੱਤੇ ਵਿਚ ਭਿੰਨ ਅਤੇ ਪਰਿਵਰਤਨਸ਼ੀਲ ਹਨ। ਹਜ਼ਾਰਾਂ ਕਿਸਮ ਦੇ ਪੰਛੀ, ਜੀਵ-ਜੰਤੂ, ਮੱਛੀਆਂ, ਘਾਹ, ਦਰਖਤ, ਝਾੜੀਆਂ ਹਨ ਜਿਹੜੀਆਂ ਵੱਖ ਵੱਖ ਪ੍ਰਦੇਸ਼ਾਂ ਵਿਚ ਭਿੰਨ ਭਿੰਨ ਹਨ। ਉਨ੍ਹਾਂ ਦੀ ਦੂਜੇ ਪ੍ਰਦੇਸ਼ ਵਿਚ ਅਣਹੋਂਦ ਹੋਣ ਕਾਰਣ ਦੂਜੀ ਭਾਸ਼ਾ ਵਿਚ ਸਮਤੁੱਲ ਸ਼ਬਦ ਦੇਣਾ ਸੰਭਵ ਨਹੀਂ ਹੈ। ਇਸੇ ਕਰਕੇ ਇਨ੍ਹਾਂ ਕੋਸ਼ੀ ਇਕਾਈਆਂ ਦੀ ਵਿਆਖਿਆ ਕਰਨੀ ਪੈਂਦੀ ਹੈ, ਜਿਵੇਂ

ਬੁਕਿਲ 'a kind of plant, growing in light sandy soil, it springs up with the crop, and chokes it'.

ਤੇਲਾ 'a species of very small green coloured insect which spoils vines. A disease of crops. It is said to attack all crops ..'

lime 'ਲਾਈਮ ਦਾ ਰੁੱਖ, ਪਾਨ ਦੇ ਪੱਤਿਆਂ ਵਰਗੇ ਪੱਤਿਆਂ ਅਤੇ ਖੁਸ਼ਬੂਦਾਰ ਪੀਲੀਆਂ ਕਲੀਆਂ ਵਾਲਾ ਇਕ ਰੁੱਖ'।

ਇਨ੍ਹਾਂ ਕੋਸ਼ੀ ਇਕਾਈਆਂ ਦੇ ਅਰਥ ਦੇਣ ਦੀ ਨਿਰਭਰਤਾ ਕੋਸ਼ ਦੇ ਉਦੇਸ਼ ਤੇ ਵੀ ਹੁੰਦੀ ਹੈ। ਜੇ ਕੋਸ਼ ਦਾ ਉਦੇਸ਼ ਸ੍ਰੋਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੀ ਵਿਆਖਿਆ ਕਰਨਾ ਹੈ ਤਾਂ ਵਿਵਰਣ ਦੇਣਾ ਚਾਹੀਦਾ ਹੈ। ਜੇ ਇਸ ਦਾ ਉਦੇਸ਼ ਟੀਚਾ ਭਾਸ਼ਾ ਸਿੱਖਣਾ ਹੈ ਤਾਂ ਭਾਵੇਂ ਅਰਥਗਤ ਤੌਰ ਤੇ ਸਮਾਨ ਨਾ ਵੀ ਹੋਣ, ਸਮਤੁੱਲ ਸ਼ਬਦ ਦੇਣੇ ਜ਼ਰੂਰੀ ਹਨ ਜਿਵੇਂ ਇਕ ਪ੍ਰਕਾਰ ਦਾ ਘਾਹ, ਇਕ ਪ੍ਰਕਾਰ ਦਾ ਪੰਛੀ, ਜਾਂ ਕਿਸੇ ਕਿਸਮ ਦੇ ਪੰਛੀ ਨੂੰ 'ਚਿੜੀ' ਕਹਿਣਾ ਆਦਿ।

(2) **ਪਦਾਰਥਕ ਪਰਿਵੇਸ਼** : ਪਦਾਰਥਕ ਜਗਤ, ਭੋਜਨ ਪਦਾਰਥ, ਪਹਿਰਾਵਾ, ਮਕਾਨ, ਘਰ ਦੀ ਵਰਤੋਂ ਦਾ ਸਾਮਾਨ ਆਦਿ ਸਭਿਆਚਾਰ-ਸਾਪੇਖ ਕੋਸ਼ੀ ਇਕਾਈਆਂ ਹਨ। ਪੰਜਾਬੀ **ਲੰਗੋਟ, ਲੂੰਗੀ, ਤੰਗਲੀ, ਵਲਟੋਹਾ, ਥਾਪੀ, ਛੱਜ, ਖੀਰ, ਕੜਾਹ** ਆਦਿ ਸ਼ਬਦਾਂ ਦੇ ਅੰਗ੍ਰੇਜ਼ੀ ਭਾਸ਼ਾ ਵਿਚ ਸਮਤੁੱਲ ਸ਼ਬਦ ਉਪਲਬਧ ਨਹੀਂ ਹਨ। ਇਉਂ ਹੀ ਅੰਗ੍ਰੇਜ਼ੀ **ਰੇਡੀਓ, ਟੈਲੀਵਿਜ਼ਨ, ਕੋਟ, ਪੈਂਟ, ਪਲੇਟ, ਕੱਪ, ਸਕੂਟਰ, ਕਾਰ** ਆਦਿ ਦੇ ਪੰਜਾਬੀ ਭਾਸ਼ਾ ਵਿਚ ਸਮਤੁੱਲ ਸ਼ਬਦ ਨਹੀਂ ਹਨ। ਸ੍ਰੋਤ ਭਾਸ਼ਾ ਦੀਆਂ ਇਨ੍ਹਾਂ ਕੋਸ਼ੀ ਇਕਾਈਆਂ ਦੀ ਟੀਚਾ ਭਾਸ਼ਾ ਵਿਚ ਵਿਆਖਿਆ ਕਰਨ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ, ਜਿਵੇਂ

ਛੱਜ 'a winnowing basket or instrument, tray made of **kanna** or **til** used in winnowing, sifting grain, and carrying things'.

television 'ਇਕ ਤਰ੍ਹਾਂ ਦਾ ਯੰਤਰ ਜਿਸ ਵਿਚ ਆਵਾਜ਼ ਤੋਂ ਬਿਨਾਂ ਬੋਲਣ ਜਾਂ ਗਾਉਣ ਵਾਲੇ ਦੀ ਤਸਵੀਰ ਵੀ ਸਾਮ੍ਹਣੇ ਆਉਂਦੀ ਹੈ।'

ਇਸੇ ਤਰ੍ਹਾਂ ਜਾਲਾਂ ਅਤੇ ਟੋਕਰੀਆਂ, ਢੋਲਾਂ ਅਤੇ ਬੰਸਰੀਆਂ, ਕੰਨਾਂ ਦੀਆਂ ਵਾਲੀਆਂ

ਅਤੇ ਗਜਰਿਆਂ, ਘਰ ਦੇ ਬਰਤਨਾਂ ਦੀਆਂ ਅਨੇਕਾਂ ਕਿਸਮਾਂ ਹਨ । ਇਨ੍ਹਾਂ ਲਈ ਸਮਤੁੱਲ ਸ਼ਬਦ ਲੱਭਣੇ ਅਸੰਭਵ ਹਨ ।

(3) **ਸਮਾਜਕ ਪਰਿਵੇਸ਼** : ਹਰੇਕ ਸਭਿਆਚਾਰ ਦਾ ਆਪਣਾ ਸਮਾਜਕ ਪ੍ਰਬੰਧ, ਰਿਵਾਜ ਅਤੇ ਰੀਤਾਂ ਹਨ ਅਤੇ ਇਨ੍ਹਾਂ ਸਭ ਵਰਤਾਰਿਆਂ ਲਈ ਉਸ ਵਿਚ ਸ਼ਬਦ ਵੀ ਮੌਜੂਦ ਹੁੰਦੇ ਹਨ, ਪਰ ਦੂਜੀ ਭਾਸ਼ਾ ਵਿਚ ਇਨ੍ਹਾਂ ਦੇ ਸਮਤੁੱਲ ਸ਼ਬਦ ਉਪਲਬਧ ਨਹੀਂ ਹੁੰਦੇ, ਜਿਵੇਂ

ਸੁਹਾਗਣ 'a lady whose husband is alive and who can participate in some auspicious functions'.

ਭੱਦਣ 'shaving of the head at the death of one's relative (a Hindu custom), of a child at certain age considered as a necessary Hindu religious ceremony'.

Euchrist 'Holy Communion; the bread and wine taken at this'.

ਇਸੇ ਪ੍ਰਕਾਰ ਨਾਤੇਦਾਰੀ ਪ੍ਰਬੰਧ, ਰੰਗ, ਸਮੇਂ, ਵੱਟਿਆਂ ਅਤੇ ਨਾਵਾਂ ਆਦਿ ਦੇ ਅਰਥਗਤ ਖੇਤਰ ਨਾਲ ਸੰਬੰਧਿਤ ਕੋਸ਼ੀ ਇਕਾਈਆਂ ਆਦਿ ਕੁਝ ਅਜਿਹੀਆਂ ਮੱਦਾਂ ਹਨ ਜਿਨ੍ਹਾਂ ਦੇ ਸਮਤੁੱਲ ਸ਼ਬਦ ਆਸਾਨੀ ਨਾਲ ਨਹੀਂ ਮਿਲਦੇ ।

(4) **ਧਰਮ** : ਹਰੇਕ ਸਭਿਆਚਾਰ ਵਿਚ ਧਰਮ ਦੀ ਗਰਿਫ਼ਤ ਲੋਕ-ਮਨ ਤੇ ਬਹੁਤ ਮਜ਼ਬੂਤ ਹੁੰਦੀ ਹੈ । ਫਲਸਰੂਪ ਧਾਰਮਿਕ ਪ੍ਰਣਾਲੀਆਂ ਅਤੇ ਧਾਰਮਿਕ ਸੰਕਲਪਾਂ ਵਿਚ ਵੀ ਫ਼ਰਕ ਹੁੰਦਾ ਹੈ ਜਿਸ ਕਰਕੇ ਇਨ੍ਹਾਂ ਨਾਲ ਸੰਬੰਧਿਤ ਸ਼ਬਦ ਵੀ ਭਿੰਨ ਹੁੰਦੇ ਹਨ । ਪੰਜਾਬੀ **ਅਰਦਾਸ** ਅੰਗ੍ਰੇਜ਼ੀ **prayer** ਤੇ ਸਮਤੁੱਲ ਨਹੀਂ ਹੈ । **religion** ਅਤੇ **ਧਰਮ** ਦੇ ਗੁਣ-ਲੱਛਣ ਵੀ ਭਿੰਨ ਭਿੰਨ ਹਨ । **ਖ਼ਾਲਸਾ, ਗੁਰਮੁਖ, ਅਕਾਲੀ** ਸ਼ਬਦਾਂ ਦੇ ਸਮਤੁੱਲ ਸ਼ਬਦ ਅੰਗ੍ਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਵਿਚ ਉਪਲਬਧ ਨਹੀਂ ਹਨ । ਇਨ੍ਹਾਂ ਕੋਸ਼ੀ ਇਕਾਈਆਂ ਦੀ ਵੀ ਵਿਆਖਿਆ ਕਰਨੀ ਪੈਂਦੀ ਹੈ, ਜਿਵੇਂ

Shinto 'ਇਕ ਜਪਾਨੀ ਧਰਮ ਜੋ ਪੂਰਵਜਾਂ ਅਤੇ ਪ੍ਰਾਕ੍ਰਿਤਿਕ ਸ਼ਕਤੀਆਂ ਵਿਚ ਸ਼ਰਧਾ ਰਖਦਾ ਹੈ ।'

Docentism 'ਈਸਾਈਆਂ ਦਾ ਇਕ ਮਤ ਜਿਸ ਅਨੁਸਾਰ ਈਸਾ ਦੀ ਦੇਹ ਨੂੰ ਨੂਰੀ ਮੰਨਿਆ ਜਾਂਦਾ ਹੈ (ਖ਼ਾਕੀ ਨਹੀਂ)' ।

neck-verse 'ਲਾਤੀਨੀ ਭਜਨ ਦੀਆਂ ਪਹਿਲੀਆਂ ਸਤਰਾਂ ਦਾ ਪਦ ਜਿਸ ਦਾ ਉਚਾਰਣ ਕਰ ਕੇ ਦੋਸ਼ੀ ਦੀ ਜਾਨ-ਬਖ਼ਸ਼ੀ ਹੋ ਸਕਦੀ ਹੈ' ।

ਅਖੰਡ ਪਾਠ 'the reading of the whole Granth (Sikh Scripture) uninterruptedly and unceasingly'.

ਅਕਾਲੀ 'the name of a class of Sikh devotees, who wear blue dress and iron weapons over their persons'.

6.9.3 ਸਭਿਆਚਾਰ-ਸਾਪੇਖ ਸ਼ਬਦਾਂ ਦੇ ਇਲਾਵਾ ਕੁਝ ਹੋਰ ਵੀ ਤੱਤ ਹਨ ਜਿਹੜੇ ਦੋ ਭਾਸ਼ਾਵਾਂ ਵਿਚ ਸਮਤੁੱਲ ਸ਼ਬਦਾਂ ਦੀ ਦੁਰਲੱਭਤਾ ਦਾ ਕਾਰਣ ਬਣਦੇ ਹਨ :

(1) **ਵਿਆਕਰਣਕ ਕੋਟੀਆਂ :** ਦੋ ਭਾਸ਼ਾਵਾਂ ਦੀਆਂ ਵਿਆਕਰਣਕ ਕੋਟੀਆਂ ਵਿਚ ਅੰਤਰ ਹੁੰਦਾ ਹੈ। ਸੰਸਕ੍ਰਿਤ ਦੇ ਦੋਵਚਨ ਨੂੰ ਬਹੁਵਚਨ ਵਿਚ ਅਨੁਵਾਦ ਕਰਨਾ ਪੈਂਦਾ ਹੈ ਜਿਵੇਂ ਅਸ਼ਵੌ 'ਦੋ ਘੋੜੇ'। ਇਕ ਭਾਸ਼ਾ ਦਾ ਇਕਵਚਨ ਦੂਜੀ ਭਾਸ਼ਾ ਵਿਚ ਬਹੁਵਚਨ ਬਣ ਜਾਂਦਾ ਹੈ :

ਕੈਂਚੀ ਇਕਵਚਨ : Eng. scissors **pl.**

Eng. **trousers** pl. : ਪੰਜਾਬੀ **ਪਜਾਮਾ** ਇਕਵਚਨ।

(2) **ਭਿੰਨ ਲਿੰਗ ਪ੍ਰਬੰਧ :** ਭਾਸ਼ਾਵਾਂ ਦੇ ਲਿੰਗ-ਪ੍ਰਬੰਧ ਵੀ ਭਿੰਨ ਹੁੰਦੇ ਹਨ, ਭਾਵੇਂ ਸਮਤੁੱਲ ਸ਼ਬਦਾਂ ਦੀਆਂ ਸਮੱਸਿਆਵਾਂ ਪੈਦਾ ਨਹੀਂ ਕਰਦੇ। ਪਰੰਤੂ ਕੋਸ਼ਕਾਰ ਨੂੰ ਇਨ੍ਹਾਂ ਦਾ ਖ਼ਿਆਲ ਰੱਖਣਾ ਪੈਂਦਾ ਹੈ, ਜਿਵੇਂ

ਪੰਜਾਬੀ **ਸਾਈਕਲ** ਪੁ. : ਹਿੰਦੀ **ਸਾਈਕਲ** ਇ. ਲਿੰ.

ਪੰਜਾਬੀ **ਮੇਜ਼** ਪੁ. : ਹਿੰਦੀ **ਮੇਜ਼** ਇ. ਲਿੰ.

ਪੰਜਾਬੀ **ਕਮੀਜ਼** ਪੁ. : ਹਿੰਦੀ **ਕਮੀਜ਼** ਇ. ਲਿੰ.

(3) **ਵਾਕ-ਰਚਨਾਵੀ ਜੁਗਤਾਂ ਵਿਚ ਭਿੰਨਤਾ :** ਦੋ ਭਾਸ਼ਾਵਾਂ ਦੀਆਂ ਵਾਕ-ਰਚਨਾਵੀ ਵਿਧੀਆਂ ਭਿੰਨ ਹੁੰਦੀਆਂ ਹਨ। ਦੋ ਭਾਸ਼ਾਵਾਂ ਇਕੋ ਗੱਲ ਨੂੰ ਸੰਬੰਧਿਤ ਵਾਕ-ਰਚਨਾ ਦੇ ਨਿਯਮਾਂ ਅਨੁਸਾਰ ਵੱਖ ਵੱਖ ਤਰ੍ਹਾਂ ਵਿਅਕਤ ਕਰਨਗੀਆਂ, ਜਿਵੇਂ

ਅੰਗ੍ਰੇਜ਼ੀ : I have a cycle.
ਪੰਜਾਬੀ : ਮੇਰੇ ਕੋਲ ਇਕ ਸਾਈਕਲ ਹੈ।
ਅੰਗ੍ਰੇਜ਼ੀ : I have three brothers.
ਪੰਜਾਬੀ : ਮੇਰੇ ਤਿੰਨ ਭਾਈ ਹਨ।
ਹਿੰਦੀ : ਲੜਕੀਆਂ ਮੈਦਾਨ ਮੇਂ ਹਾਕੀ ਖ਼ੇਲਤੀ ਹੈਂ।
ਪੰਜਾਬੀ : ਲੜਕੀਆਂ ਮੈਦਾਨ ਵਿਚ ਹਾਕੀ ਖੇਲਦੀਆਂ ਹਨ।

(4) **ਸੰਜੋਗਾਤਮਕਤਾ ਤੇ ਵਿਜੋਗਾਤਮਕਤਾ :** ਜੇ ਸ੍ਰੋਤ ਭਾਸ਼ਾ ਸੰਜੋਗਾਤਮਕ ਹੈ ਅਤੇ ਟੀਚਾ ਭਾਸ਼ਾ ਵਿਜੋਗਾਤਮਕ ਪ੍ਰਕਿਰਤੀ ਦੀ ਹੈ, ਤਾਂ ਅਰਥ ਦੇਣ ਸਮੇਂ ਕਾਫ਼ੀ ਸੂਝ ਤੋਂ ਕੰਮ ਲੈਣਾ ਪੈਂਦਾ ਹੈ। ਅੰਗ੍ਰੇਜ਼ੀ **to take a chance** ਜਾਂ **to take one's chance** ਦਾ ਭਾਵ ਕੋਸ਼ਕਾਰਾਂ ਨੇ 'ਕਿਸਮਤ ਆਜ਼ਮਾਨਾ (ਅਬਦੁਲ ਹੱਕ) ਅਤੇ 'ਭਾਗਯ ਪਰਖਨਾ' (ਡਾ. ਹਰਦੇਵ ਬਾਹਰੀ) ਵਾਕਾਂਸ਼ਾਂ ਰਾਹੀਂ ਪ੍ਰਗਟਾਇਆ ਹੈ ਜਿਹੜਾ ਸ੍ਰੋਤ ਭਾਸ਼ਾ ਦੇ ਅਰਥ

ਦੀ ਠੀਕ ਅਭਿਵਿਅਕਤੀ ਪ੍ਰਤੀਤ ਨਹੀਂ ਹੁੰਦੀ, ਕਿਉਂਕਿ **You should not take chances when driving a car** ਵਾਕ ਵਿਚ ਜੋਖਮ ਉਠਾਉਣਾ ਦੇ ਅਰਥ ਨਿਕਲਦੇ ਹਨ, ਕਿਸਮਤ ਆਜ਼ਮਾਨਾ ਜਾਂ ਭਾਗਯ ਪਰਖਨਾ ਦੇ ਨਹੀਂ।

(5) **ਧੁਨੀ-ਅਨੁਕਰਣੀ ਸ਼ਬਦ :** ਧੁਨੀ-ਅਨੁਕਰਣਾਤਮਕ ਸ਼ਬਦ ਅਤੇ ਵਿਸਮਿਕ ਵੀ ਸਮਤੁੱਲ ਸ਼ਬਦਾਂ ਦੀਆਂ ਸਮੱਸਿਆਵਾਂ ਖੜੀਆਂ ਕਰਦੇ ਹਨ। ਇਨ੍ਹਾਂ ਦਾ ਹੱਲ ਇਹ ਹੈ ਕਿ ਇਨ੍ਹਾਂ ਦੇ ਪ੍ਰਕਾਰਜਾਂ ਦਾ ਵਰਣਨ ਕੀਤਾ ਜਾਣਾ ਚਾਹੀਦਾ ਹੈ, ਜਿਵੇਂ

ਕਰੀਚਣਾ 'to grind teeth'.
ਖੜਕਾਉਣਾ 'to knock'.

(6) **ਬਹੁ-ਸ਼ਬਦੀ ਅਨੁਵਾਦ :** ਕੁਝ ਭਾਸ਼ਾਵਾਂ ਦੇ ਕੁਝ ਸ਼ਬਦਾਂ ਨੂੰ ਇਕ ਸਮਤੁੱਲ ਸ਼ਬਦ ਵਿਚ ਵਿਅਕਤ ਨਹੀਂ ਕੀਤਾ ਜਾ ਸਕਦਾ। ਸ੍ਰੋਤ ਭਾਸ਼ਾ ਦੇ ਇਕ ਸ਼ਬਦ ਲਈ ਟੀਚਾ ਭਾਸ਼ਾ ਦੇ ਇਕ ਤੋਂ ਵੱਧ ਸ਼ਬਦਾਂ ਦਾ ਪ੍ਰਯੋਗ ਕਰਨਾ ਪੈਂਦਾ ਹੈ, ਜਿਵੇਂ

ਚਲਾਵਾਂ 'fit for temporary use'.
cheer 'ਆਨੰਦ ਮਾਣਨਾ, ਖ਼ੁਸ਼ ਹੋਣਾ'।
'**bet** 'ਸ਼ਰਤ ਲਾਉਣਾ'।

(7) **ਇਕ ਤੋਂ ਵੱਧ ਸਮਤੁੱਲ ਸ਼ਬਦਾਂ ਦੀ ਉਪਲਬਧੀ :** ਕਿਸੇ ਭਾਸ਼ਾ ਵਿਚ ਸ੍ਰੋਤ ਭਾਸ਼ਾ ਦੇ ਸ਼ਬਦ ਲਈ ਇਕ ਤੋਂ ਵੱਧ ਸਮਤੁੱਲ ਸ਼ਬਦ ਉਪਲਬਧ ਹੁੰਦੇ ਹਨ। ਇਨ੍ਹਾਂ ਦੇ ਅਰਥਾਂ ਨੂੰ ਵਖਰਿਆਉਣ ਲਈ ਸ਼ਬਦ-ਸੂਚਕਾਂ ਦਾ ਪ੍ਰਯੋਗ ਕਰਨਾ ਅਨਿਵਾਰੀ ਹੋ ਜਾਂਦਾ ਹੈ, ਜਿਵੇਂ

ਪੰਜਾਬੀ **ਪੀਣਾ** : ਅੰਗ੍ਰੇਜ਼ੀ drink, smoke.
ਪੰਜਾਬੀ **ਲਿੰਗ** : ਅੰਗ੍ਰੇਜ਼ੀ sex, gender.
ਬੰਗਲਾ **ਖਾ** : ਹਿੰਦੀ ਪੀਨਾ, ਖਾਨਾ, ਅੰਗ੍ਰੇਜ਼ੀ **eat, drink, smoke.**
ਪੰਜਾਬੀ **ਘੜੀ** : ਅੰਗ੍ਰੇਜ਼ੀ **clock, watch.**
ਅੰਗ੍ਰੇਜ਼ੀ **book** : ਪੰਜਾਬੀ ਪੁਸਤਕ, ਕਿਤਾਬ, ਗ੍ਰੰਥ।

(8) **ਪ੍ਰਕਾਰਜੀ ਸ਼ਬਦ :** ਇਕ ਭਾਸ਼ਾ ਦੇ ਪ੍ਰਕਾਰਜੀ ਸ਼ਬਦਾਂ ਦਾ ਦੂਜੀ ਭਾਸ਼ਾ ਵਿਚ ਹੂ-ਬਹੂ ਅਨੁਵਾਦ ਕਰਨਾ ਮੁਸ਼ਕਿਲ ਹੈ। ਇਨ੍ਹਾਂ ਦਾ ਅਰਥ ਕੇਵਲ ਪ੍ਰਯੋਗ ਉਕਤੀਆਂ ਜਾਂ ਵਾਕ-ਰਚਨਾ ਰਾਹੀਂ ਹੀ ਵਿਅਕਤ ਕੀਤਾ ਜਾ ਸਕਦਾ ਹੈ। ਮਸਲਨ, ਅੰਗ੍ਰੇਜ਼ੀ **to** ਦੇ ਕਾਮਿਲ ਬੁਲਕੇ ਦੇ ਅੰਗ੍ਰੇਜ਼ੀ-ਹਿੰਦੀ ਕੋਸ਼ ਵਿਚ 'ਕੋ, ਕੀ ਓਰ, ਦੀ ਦਿਸ਼ਾ ਮੇਂ, ਕੇ ਪਾਸ, ਕੇ ਲਿਏ, ਕੇ ਅਨੁਸਾਰ, ਤਕ' ਆਦਿ ਅਰਥ ਦਿੱਤੇ ਹਨ, ਪਰੰਤੂ **He wants to go/come** ਵਾਕ ਦਾ ਅਰਥ ਵਿਅਕਤ ਕਰਨ ਲਈ ਇਨ੍ਹਾਂ ਸਮਤੁੱਲ ਸ਼ਬਦਾਂ/ਅਰਥਾਂ ਵਿਚੋਂ ਕਿਸੇ ਸ਼ਬਦ ਦਾ ਵੀ ਪ੍ਰਯੋਗ ਉਪਯੁਕਤ ਨਹੀਂ ਹੋਵੇਗਾ।

6.9.4 ਬਹੁਅਰਥਕ ਸ਼ਬਦ : ਬਹੁਅਰਥਕ ਸ਼ਬਦਾਂ ਦੇ ਸਮਤੁੱਲ ਸ਼ਬਦ ਨਿਰਧਾਰਣ ਦੀ

ਸਮੱਸਿਆ ਦੁਭਾਸ਼ੀ ਕੋਸ਼ਕਾਰ ਲਈ ਅਸਾਧ ਸਮੱਸਿਆ ਬਣ ਜਾਂਦੀ ਹੈ। ਸ੍ਰੋਤ ਭਾਸ਼ਾ ਦੇ ਬਹੁਅਰਥਕ ਸ਼ਬਦਾਂ ਦੇ ਅਰਥ ਜਾਂ ਸਮਤੁੱਲ ਸ਼ਬਦ ਵੀ ਅੱਗੋਂ ਬਹੁਅਰਥਕ ਹੁੰਦੇ ਹਨ। ਇਨ੍ਹਾਂ ਨਾਲ ਸਮੱਸਿਆ ਹੋਰ ਵੀ ਜਟਿਲ ਤੇ ਗੁੰਝਲਦਾਰ ਬਣ ਜਾਂਦੀ ਹੈ । ਪੰਜਾਬੀ ਤੰਗ ਅਤੇ ਹਿੰਦੀ ਪਤਲੀ ਦੀਆਂ ਉਦਾਹਰਣਾਂ ਉਪਰ ਦਿੱਤੀਆਂ ਜਾ ਚੁਕੀਆਂ ਹਨ। ਹਿੰਦੀ ਪਤਲੀ ਸ਼ਬਦ ਦੇ ਅਗ੍ਰੇਜ਼ੀ ਸਮਤੁੱਲ ਸ਼ਬਦਾਂ ਦੇ ਅਰਥ ਵੀ ਅੱਗੋਂ ਬਹੁਅਰਥਕ ਹਨ, ਜਿਵੇਂ

ਪਤਲੀ (1) narrow : (1) measuring little across a comparison with length.
(2) small, limited.
(3) with a small margin etc.

(2) thin (1) lacking density.
(2) opposite of fat.
(3) of liquids (**thin** curd) etc.

(3) slim (1) small.
(2) slender.
(3) cunning.

(4) light (1) not heavy.
(2) not dark.
(3) gentle.
(4) not serious.
(5) thoughtless.
(6) cheerful.

(5) fine (1) (of weather) bright.
(2) enjoyable.
(3) delicate.
(4) of very small particles.
(5) slender, thin, sharp.
(6) refined, pure.

ਇਸੇ ਤਰ੍ਹਾਂ ਤੇਜ਼ ਸ਼ਬਦ ਦੇ ਸਮਤੁੱਲ ਸ਼ਬਦਾਂ ਨੂੰ ਵਾਚਿਆ ਜਾ ਸਕਦਾ ਹੈ :

ਤੇਜ਼ ਚਾਕੂ : sharp knife.
ਤੇਜ਼ ਧਾਰ : swift current.
ਤੇਜ਼ ਘੋੜਾ : fast or quick horse.
ਤੇਜ਼ ਧੁੱਪ : strong/scortching sunlight.
ਤੇਜ਼ ਕੀਮਤ : high price.

ਤੇਜ਼ ਸਬਜ਼ੀ : pungent vegetable curry.

ਤੇਜ਼ ਦਿਮਾਗ : sharp brain.

ਤੇਜ਼ ਅੱਖ : penetrating eye.

ਤੇਜ਼ ਬਾਰਿਸ਼ : heavy rain.

ਇਥੇ ਅੰਗ੍ਰੇਜ਼ੀ ਵਿਚ ਦਿੱਤੇ ਗਏ ਲਗਭਗ ਸਾਰੇ ਸਮਤੁੱਲ ਸ਼ਬਦ ਬਹੁਅਰਥਕ ਹਨ। ਉਦਾਹਰਣ ਲਈ, **heavy** ਦੇ ਅੱਗੋਂ ਅਰਥ ਵੇਖੋ : (1) of great weight; (2) fierce; (3) broad, thick; (4) of larger sizes; (5) serious; (6) cloudy; (7) not easily digested.

ਇਸ ਪ੍ਰਕਾਰ, ਸ੍ਰੋਤ ਭਾਸ਼ਾ ਦੀਆਂ ਕੋਸ਼ੀ ਇਕਾਈਆਂ ਦੇ ਅਰਥਾਂ ਦੀ ਬਹੁਲਤਾ ਨੂੰ ਸਪਸ਼ਟ ਕਰਨ ਲਈ ਕੋਸ਼ਕਾਰ ਨੂੰ ਸ਼ਬਦ ਦੇ ਵਿਭਿੰਨ ਅਰਥਾਂ ਵਿਚਕਾਰ ਨਿਖੇੜਾ ਕਰਨ ਦੀ ਕੋਈ ਵਿਧੀ ਅਪਣਾਉਣੀ ਚਾਹੀਦੀ ਹੈ । ਅਰਥ-ਨਿਖੇੜਾ ਪ੍ਰਯੋਗਕਰਤਾ ਅਤੇ ਕੋਸ਼ ਦੇ ਪ੍ਰਯੋਗ ਤੇ ਨਿਰਭਰ ਕਰਦਾ ਹੈ ਅਰਥਾਤ ਇਸ ਗੱਲ ਤੇ ਕਿ ਕੀ ਕੋਸ਼ ਦੇਸੀ ਤੋਂ ਵਿਦੇਸ਼ੀ ਪ੍ਰਯੋਗ ਲਈ ਹੈ ਜਾਂ ਵਿਦੇਸ਼ੀ ਤੋਂ ਦੇਸੀ ਪ੍ਰਯੋਗ ਲਈ। ਪਰ ਦੋਹਾਂ ਹਾਲਤਾਂ ਵਿਚ ਅਰਥ ਦਾ ਨਿਖੇੜਾ ਕਰਨ ਦੀ ਲੋੜ ਨਹੀਂ ਹੈ ਜੇ ਸ੍ਰੋਤ ਭਾਸ਼ਾ ਦੇ ਸ਼ਬਦ ਦਾ ਟੀਚਾ ਭਾਸ਼ਾ ਵਿਚ ਇਕ ਹੀ ਸਮਤੁੱਲ ਸ਼ਬਦ ਹੋਵੇ, ਜਿਵੇਂ

ਅੰਗ੍ਰੇਜ਼ੀ **dog** : ਪੰਜਾਬੀ ਕੁੱਤਾ

ਅੰਗ੍ਰੇਜ਼ੀ **dictionary** : ਪੰਜਾਬੀ ਕੋਸ਼

ਜੇ ਕੋਸ਼ ਦੇਸੀ ਤੋਂ ਵਿਦੇਸ਼ੀ ਪ੍ਰਯੋਗ ਲਈ ਹੈ ਤਾਂ ਅਰਥ ਦਾ ਨਿਖੇੜਾ ਕਰਨ ਦੀ ਆਵੱਸ਼ਕਤਾ ਹੈ, ਵਿਸ਼ੇਸ਼ ਕਰਕੇ ਉਸ ਹਾਲਤ ਵਿਚ ਜਦੋਂ ਸ੍ਰੋਤ ਸ਼ਬਦ ਦਾ ਇਕ ਅਰਥ ਹੋਵੇ ਅਤੇ ਉਸ ਦਾ ਸਮਤੁੱਲ ਟੀਚਾ ਭਾਸ਼ਾ ਵਿਚ ਬਹੁਅਰਥਾਂ ਦਾ ਧਾਰਣੀ ਹੋਵੇ, ਜਿਵੇਂ

ਕਸ਼ਮੀਰੀ ਨਾਲ 'ਕਾਲਰ' : ਹਿੰਦੀ 'ਗਲਾ'

1. collar (of the garment);
2. throat:
3. neck;
4. gullet of person;
5. voice.

ਇਥੇ ਕਸ਼ਮੀਰੀ ਬੁਲਾਰੇ ਲਈ ਟੀਚਾ ਭਾਸ਼ਾ ਵਿਚ ਰਚਨਾ ਕਰਨ ਲਈ ਪੰਜ ਅਰਥਾਂ ਦੇ ਅਰਥ-ਨਿਖੇੜੇ ਨੂੰ ਜਾਣਨਾ ਜ਼ਰੂਰੀ ਹੈ। ਪਰ ਜੇ ਇਹ ਕੋਸ਼ ਵਿਦੇਸ਼ੀ ਤੋਂ ਦੇਸੀ ਪ੍ਰਯੋਗ ਲਈ ਹੈ ਅਰਥਾਤ ਹਿੰਦੀ ਬੁਲਾਰੇ ਲਈ ਕਸ਼ਮੀਰੀ ਰਚਨਾ ਸਮਝਣ ਲਈ, ਤਾਂ ਕੋਈ ਅਰਥ-ਨਿਖੇੜਾ ਦੇਣ ਦੀ ਲੋੜ ਨਹੀਂ ਹੈ।

ਇੰਜ ਹੀ ਵਿਦੇਸ਼ੀ ਤੋਂ ਦੇਸੀ ਪ੍ਰਯੋਗ ਲਈ ਤਿਆਰ ਕੀਤੇ ਕੋਸ਼ ਵਿਚ ਅਰਥ-ਨਿਖੇੜੇ

ਦੀ ਲੋੜ ਤਾਂ ਪੈਂਦੀ ਹੈ ਜੇ ਸ੍ਰੋਤ ਭਾਸ਼ਾ ਦਾ ਸ਼ਬਦ ਬਹੁਅਰਥਕ ਹੋਵੇ ਅਤੇ ਇਸ ਦੇ ਹਰੇਕ ਅਰਥ ਲਈ ਟੀਚਾ ਭਾਸ਼ਾ ਵਿਚ ਵੀ ਬਹੁਅਰਥਕ ਸ਼ਬਦ ਹੋਣ, ਜਿਵੇਂ

ਅੰਗ੍ਰੇਜ਼ੀ **light** : ਪੰਜਾਬੀ 1. ਹਲਕਾ

(1) not heavy;
(2) little;
(3) mean;
(4) dim.

2. ਰੋਸ਼ਨੀ, ਪ੍ਰਕਾਸ਼

(1) light;
(2) expression;
(3) sunlight.

6.9.5 ਅਰਥ-ਨਿਖੇੜੇ ਲਈ ਵਿਭਿੰਨ ਵਿਧੀਆਂ : (1) ਪਰਿਭਾਸ਼ਾ : ਕੋਸ਼ ਵਿਚ ਅਰਥ-ਨਿਖੇੜੇ ਨੂੰ ਸਪਸ਼ਟ ਕਰਨ ਲਈ ਪੂਰੀ ਪਰਿਭਾਸ਼ਾ ਜਾਂ ਵਿਆਖਿਆ ਦਿੱਤੀ ਜਾ ਸਕਦੀ ਹੈ। ਉਦਾਹਰਣ ਲਈ, ਹਲਕਾ ਸ਼ਬਦ ਦੀਆਂ ਪਰਿਭਾਸ਼ਾਵਾਂ ਇਸ ਕੋਸ਼ੀ ਮੱਦ ਦੇ ਨਿਸ਼ਚਿਤ ਉਪ-ਅਰਥਾਂ ਨੂੰ ਸਪਸ਼ਟ ਕਰਨਗੀਆਂ। ਉਦਾਹਰਣ ਵਜੋਂ,

ਹਲਕਾ : 'ਜੋ ਭਾਰਾ ਨਹੀਂ' ਹਲਕਾ ਸ਼ਬਦ ਦਾ ਪਹਿਲਾ ਅਰਥ **'not heavy'** ਇਸ ਪਰਿਭਾਸ਼ਾ ਰਾਹੀਂ ਸਪਸ਼ਟ ਹੋ ਗਿਆ।

'ਜੋ ਤੇਜ਼ ਜਾਂ ਚਮਕੀਲਾ ਹੋਵੇ' (that which is not light)। ਦੂਜਾ ਅਰਥ dim ਉਪਰੋਕਤ ਪਰਿਭਾਸ਼ਾ ਤੋਂ ਸਪਸ਼ਟ ਹੋ ਗਿਆ ਹੈ।

ਪਰੰਤੂ ਥਾਂ ਦੀ ਵਿਵਹਾਰਕ ਸਮੱਸਿਆ ਕਾਰਣ ਇਹ ਵਿਧੀ ਬਹੁਤੀ ਉਪਯੋਗੀ ਨਹੀਂ ਹੋ ਸਕਦੀ।

(2) ਪਰਿਆਇ : ਬਹੁਅਰਥਕ ਸ਼ਬਦ ਦੇ ਹਰੇਕ ਅਰਥ ਨਾਲ ਉਨ੍ਹਾਂ ਦਾ ਪਰਿਆਇ ਦੇਣ ਨਾਲ ਅਰਥ ਠੀਕ ਤਰ੍ਹਾਂ ਸਪਸ਼ਟ ਅਤੇ ਸਮਝਗੋਚਰਾ ਹੋ ਜਾਂਦਾ ਹੈ, ਜਿਵੇਂ

ਜੋੜ '1. sum, total; 2. match, peer, compeer; 3. pair, set'.

ਪਰਦਾ '1. screen, curtain; 2. veil, purdah'.

(3) ਵਿਪਰਿਆਇ : ਵਿਪਰਿਆਇਆਂ ਦੀ ਵਰਤੋਂ ਵੀ ਅਰਥ ਦੇ ਨਿਖੇੜੇ ਅਤੇ ਸਪਸ਼ਟਤਾ ਵਿਚ ਸਹਾਈ ਹੁੰਦੀ ਹੈ, ਜਿਵੇਂ

light, 'ਹਲਕਾ' (ਭਾਰੀ ਦਾ ਉਲਟਾ)

ਤੇਜ਼, 'sharp' (opposite of blunt).

(4) ਦ੍ਰਿਸ਼ਟਾਂਤੀ ਉਦਾਹਰਣ : ਕੋਸ਼ੀ ਇਕਾਈ ਦੇ ਪ੍ਰਸੰਗਕ ਜਾਂ ਵਾਸਤਵਿਕ ਪ੍ਰਯੋਗ

ਨੂੰ ਦਰਸਾਉਣ ਲਈ ਦ੍ਰਿਸ਼ਟਾਂਤੀ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ, ਜਿਵੇਂ

ਧੁਨ 1. 'craze'—ਟਿਕਟ ਇਕੱਠੇ ਕਰਨ ਦੀ ਧੁਨ : craze for collecting stamps;

2. 'tune'—ਕਈ ਧੁਨਾਂ ਵਿਚ ਗਾਉਣਾ : to sing in a number of tunes.

ਇਸ ਵਿਧੀ ਰਾਹੀਂ ਹਰੇਕ ਅਰਥ ਨੂੰ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ। ਪਰੰਤੂ ਇਹ ਵਿਧੀ ਵੀ ਐਨੀ ਵਿਵਹਾਰਕ ਨਹੀਂ ਕਿਉਂਕਿ ਹਰੇਕ ਕੋਸ਼ ਵਿਚ ਥਾਂ ਦੀ ਕਿੱਲਤ ਕਰਕੇ ਦ੍ਰਿਸ਼ਟਾਂਤੀ ਉਦਾਹਰਣ ਦੇਣ ਦੀ ਗੁੰਜਾਇਸ਼ ਨਹੀਂ ਹੁੰਦੀ।

(5) **ਸ਼ਬਦ-ਸੂਚਕ ਅਤੇ ਭਾਸ਼ਾ-ਅੰਸ਼** : ਸ਼ਬਦ-ਸੂਚਕ ਅਤੇ ਭਾਸ਼ਾ-ਅੰਸ਼ਾਂ ਦੀ ਟੀਚਾ ਭਾਸ਼ਾ ਵਿਚ ਸਮਤੁੱਲ ਸ਼ਬਦਾਂ ਦੇ ਅਨੇਕ ਅਰਥਾਂ ਦੇ ਵਿਸ਼ੇ-ਖੇਤਰ ਅਤੇ ਅਰਥਗਤ ਵਿਸ਼ੇਸ਼-ਤਾਵਾਂ ਨੂੰ ਦਰਸਾਉਣ ਲਈ ਵਰਤੋਂ ਕੀਤੀ ਜਾਂਦੀ ਹੈ। ਇਹ ਇਸ ਦੇ ਅਨੇਕ ਅਰਥਾਂ ਨੂੰ ਸਪਸ਼ਟਤਾ ਵੀ ਪ੍ਰਦਾਨ ਕਰਦੇ ਹਨ, ਜਿਵੇਂ

lexicology, n. '(ਭਾਸ਼ਾ.) ਕੋਸ਼-ਵਿਗਿਆਨ'।

consumption, n. '1. (ਅਰਥ.) ਖਪਤ, ਉਪਭੋਗ; 2. (ਚਿਕਿ.) ਤਪਦਿਕ, ਖਈ ਰੋਗ'।

ਧੁਨੀਗ੍ਰਾਮ n. 'phoneme' (linguistics).

(6) **ਨਿਰੁਕਤੀ** : ਦੁਭਾਸ਼ੀ ਕੋਸ਼ਾਂ ਵਿਚ ਨਿਰੁਕਤੀ ਦੇਣ ਦੀ ਆਮ ਪ੍ਰਥਾ ਤਾਂ ਨਹੀਂ ਹੈ, ਪਰ ਪ੍ਰਯੋਗਕਰਤਿਆਂ ਦੀ ਲੋੜ ਨੂੰ ਮੁੱਖ ਰਖਦਿਆਂ ਨਿਰੁਕਤੀ ਨੂੰ ਕੋਸ਼ ਦਾ ਅੰਗ ਬਣਾਇਆ ਜਾ ਸਕਦਾ ਹੈ।

(7) **ਵਿਸ਼ਰਾਮ ਚਿੰਨ੍ਹ** : ਵਿਭਿੰਨ ਚਿੰਨ੍ਹ ਜਿਵੇਂ ਕੌਮਾ, ਕੋਲਨ, ਸੈਮੀਕੋਲਨ, ਹਿੰਦਸਿਆਂ, ਅੱਖਰਾਂ ਆਦਿ ਦੀ ਵਰਤੋਂ ਵੀ ਅਰਥਾਂ ਦੇ ਨਿਖੇੜੇ ਅਤੇ ਸਪਸ਼ਟਤਾ ਲਈ ਕੀਤੀ ਜਾਂਦੀ ਹੈ।

6.9.6 ਚਿੱਤਰ : ਦੁਭਾਸ਼ੀ ਕੋਸ਼ ਵਾਸਤਵ ਵਿਚ ਦੁ-ਸਭਿਆਚਾਰਕ ਕੋਸ਼ ਹੁੰਦਾ ਹੈ। ਭਿੰਨ ਸਭਿਆਚਾਰ ਦੀ ਸ੍ਰੋਤ ਭਾਸ਼ਾ ਦੇ ਸੰਕਲਪਾਂ, ਕ੍ਰਿਆਵਾਂ, ਭਾਵਨਾਵਾਂ, ਪਦਾਰਥਾਂ ਆਦਿ ਨੂੰ, ਜਿਹੜੇ ਟੀਚਾ ਭਾਸ਼ਾ ਦੇ ਬੁਲਾਰਿਆਂ ਲਈ ਅਪਰਿਚਿਤ ਹੁੰਦੇ ਹਨ, ਸਪਸ਼ਟ ਕਰਨ ਲਈ ਚਿੱਤਰਾਂ ਦਾ ਪ੍ਰਯੋਗ ਉਪਯੁਕਤ, ਵਿਵਸਥਿਤ ਅਤੇ ਭਰਪੂਰ ਮਾਤਰਾ ਵਿਚ ਕਰਨਾ ਚਾਹੀਦਾ ਹੈ।

6.10 ਕੋਸ਼ ਦੀ ਤਰਤੀਬ : ਦੁਭਾਸ਼ੀ ਕੋਸ਼ ਵਿਚ ਮੁੱਖ ਸ਼ਬਦ ਆਮ ਤੌਰ ਤੇ ਸ੍ਰੋਤ ਭਾਸ਼ਾ ਦੀ ਲਿਪੀ ਵਿਚ ਦਿੱਤੇ ਜਾਂਦੇ ਹਨ। ਪਰ ਕਦੇ ਕਦੇ ਇਨ੍ਹਾਂ ਲਈ ਟੀਚਾ ਭਾਸ਼ਾ ਦੀ ਲਿਪੀ ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ। ਜਿਹੋ ਜਿਹੀ ਵੀ ਸਥਿਤੀ ਹੋਵੇ, ਸੰਬਧਿਤ

ਸ੍ਰੋਤ ਭਾਸ਼ਾ ਦੇ ਅੱਖਰ-ਕ੍ਰਮ ਅਨੁਸਾਰ ਹੀ ਤਰਤੀਬ ਦਿੱਤੀ ਜਾਵੇਗੀ। ਕੋਸ਼ੀ ਇਕਾਈਆਂ ਦੇ ਅਨਿਯਮਿਤ ਤੇ ਪੂਰਕ ਰੂਪ ਇਨ੍ਹਾਂ ਦੇ ਅੱਖਰ-ਕ੍ਰਮ ਵਾਲੀ ਥਾਂ ਤੇ ਦਿੱਤੇ ਜਾਣ ਅਤੇ ਕੋਸ਼ੀ ਇਕਾਈ ਦੇ ਪ੍ਰਮਾਣਕ ਰੂਪ ਵਲ ਪ੍ਰਤਿ-ਹਵਾਲਾ ਦੇ ਦਿੱਤਾ ਜਾਵੇ। ਹਰ ਪੱਖ ਤੋਂ ਕੋਸ਼ ਦੇ ਪ੍ਰਯੋਗਕਰਤਾ ਦੀ ਸੁਵਿਧਾ ਅਤੇ ਸੁਖੈਨਤਾ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ।

ਦੁਭਾਸ਼ੀ ਕੋਸ਼ ਵਿਚ ਦੋ ਭਿੰਨ ਭਾਸ਼ਾ-ਪ੍ਰਬੰਧਾਂ ਦੀ ਰੂਪਾਤਮਕ, ਵਿਆਕਰਣਕ ਅਤੇ ਅਰਥਗਤ ਤੁਲਨਾ ਅਤੇ ਸਮਾਨਤਾ ਲਈ ਕੋਸ਼ਕਾਰ ਨੂੰ ਦੋਹਾਂ ਭਾਸ਼ਾਵਾਂ ਦੇ ਇਨ੍ਹਾਂ ਪਹਿਲੂਆਂ ਦਾ ਭਰਪੂਰ ਗਿਆਨ ਹੋਣਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਕਾਰਜ ਨਾਲ ਪੂਰਾ ਇਨਸਾਫ਼ ਕਰ ਸਕੇਗਾ। ਦੁਭਾਸ਼ੀ ਕੋਸ਼ ਕਿਉਂਕਿ ਦੁ-ਸਭਿਆਚਾਰਕ ਕੋਸ਼ ਵੀ ਹੁੰਦਾ ਹੈ, ਇਸ ਲਈ ਦੋਹਾਂ ਭਾਸ਼ਾਵਾਂ ਅਤੇ ਸਭਿਆਚਾਰਾਂ ਦਾ ਗਹਿਰ-ਗੰਭੀਰ ਅਧਿਐਨ ਦੁਭਾਸ਼ੀ ਕੋਸ਼ ਦੀ ਕੁਸ਼ਲਤਾ ਅਤੇ ਉਪਯੋਗਤਾ ਵਿਚ ਵਾਧਾ ਕਰਦਾ ਹੈ। ਵਿਭਿੰਨ ਸਭਿਆਚਾਰਾਂ ਅਤੇ ਭਾਸ਼ਾਵਾਂ ਦੇ ਅੰਤਰ-ਸੰਚਾਰ ਦੇ ਵਿਕਸਿਤ ਤੇ ਪ੍ਰਫੁੱਲਤ ਹੋਣ ਨਾਲ ਦੁਭਾਸ਼ੀ ਕੋਸ਼ ਦੀ ਮਹੱਤਾ ਅਤੇ ਸਾਰਥਕਤਾ ਹੋਰ ਵੀ ਵਧ ਰਹੀ ਹੈ। ਹਰ ਰੋਜ਼ ਨਵੇਂ ਸ਼ਬਦਾਂ ਦੇ ਅਸਤਿੱਤਵ ਗ੍ਰਹਿਣ ਕਰਨ ਕਾਰਣ ਦੁਭਾਸ਼ੀ ਕੋਸ਼ ਨੂੰ ਨਵੀਨ, ਆਧੁਨਿਕ ਅਤੇ ਵਿਵਹਾਰਕ ਲੋੜਾਂ ਦਾ ਹਾਣੀ ਬਣਾਉਣ ਲਈ ਦੁਭਾਸ਼ੀ ਕੋਸ਼ ਦੇ ਸੰਸ਼ੋਧਨ ਕਾਰਜ ਦੀ ਨਿਰੰਤਰਤਾ ਭੰਗ ਨਹੀਂ ਹੋਣੀ ਚਾਹੀਦੀ।

ਫੁਟਨੋਟ

1. Ali M. Al-Kasimi, *Linguistics and Bilingual Dictionaries*, pp. 1-2.
2. Ladislav Zgusta, *Manual of Lexicography*, p. 274.
3. Roman Jakobson, 'On Linguistic aspects of Translation' in Reuben A. Brower (Ed.), *On Translation*, p. 233.
4. A. M. Al-Kasimi, 'The Interlingual/Translation Dictionary' in R. R. K. Hartmann (Ed.), *Lexicography : Principles and Practice*, p. 160.
5, L. Zgusta, *op. cit.*, pp. 304-7.
6. Ali M. Al-Kasimi, *op. cit.*, p. 21.
7. Mary R. Haas, 'What belongs in a Bilingual Dictionary' in Householder and Saporta, *Problems in Lexicography*, p. 47.

8. ਰਮਾਨਾਥ ਸਹਾਯ, 'ਦ੍ਵਿਭਾਸ਼ੀ ਕੋਸ਼ੋਂ' ਕੀ ਸਮਸਿਆਏ'', ਸੁਰੇਸ਼ ਕੁਮਾਰ (ਸੰਪਾ.), ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ, ਪੰਨੇ 141-42.
9. I. V. Arnold, *The English Word*, pp. 265-67.
10. L. Zgusta, *op. cit.*, p. 304.
11. Ram Adhar Singh, *An Introduction to Lexicography*, p. 192.
12. Ali M. Al-Kasimi, *op. cit.*, p. 20.
13. G. N. Reddy, 'Some Problems in Compiling Bilingual Dictionaries' in B. G. Misra (Ed.), *Lexicography in India*, pp. 163-64.
14. R. N. Srivastava & R. S. Gupta, 'Principles and Problems in Lexicography as developed in the Soviet Union,' *Indian Linguistics* Vol. 29, p. 125.
15. ਰਾਮ ਆਧਾਰ ਸਿੰਘ, ਕੋਸ਼ ਵਿਗਿਆਨ : ਸਿਧਾਂਤ ਏਵੰ ਪ੍ਰਯੋਗ, ਪੰਨਾ 155.
16. Robinson, *Manual for Bilingual Dictionaries*, pp. 19-26.
17. Ali M. Al-Kasimi, *op. cit.*, p. 58.
18. Ali M. Al-Kasimi, 'The Interlingual/Translation Dictionary' in R. R. K. Hartmann, *op. cit.*, pp. 159-60.
19. Nida, 'Analysis of Meaning and Dictionary Making', IJAL 24, p. 281.
20. Ram Adhar Singh, *op. cit.*, pp. 201-3.

ਪੰਜਾਬੀ ਕੋਸ਼ਕਾਰੀ

ਚਾਣਕ ਨੀਤਿ

ਸੱਤਵਾਂ ਅਧਿਆਇ

ਪੰਜਾਬੀ ਕੋਸ਼ਕਾਰੀ : ਇਕ ਸਰਵੇਖਣ

7.0 ਇਸ ਪੁਸਤਕ ਦੇ ਪਹਿਲੇ ਭਾਗ 'ਕੋਸ਼-ਵਿਗਿਆਨ' ਦੇ ਅੰਤਰਗਤ ਅਸੀਂ ਕੋਸ਼-ਵਿਗਿਆਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਅਰਥਾਤ ਵਾਸਤਵਿਕ ਕੋਸ਼ ਨਿਰਮਾਣ ਪ੍ਰਕ੍ਰਿਆ ਤੇ ਵਿਸਤ੍ਰਿਤ ਵਿਚਾਰ ਕੀਤੀ ਹੈ। ਇਸੇ ਭਾਗ ਦੇ ਅੰਤਲੇ ਅਧਿਆਇ ਵਿਚ ਦੁਭਾਸ਼ੀ ਕੋਸ਼ ਤਿਆਰ ਕਰਨ ਦੀ ਕਾਰਜ-ਵਿਧੀ ਦਾ ਵੀ ਵਿਸਤਾਰਪੂਰਵਕ ਉਲੇਖ ਕੀਤਾ ਹੈ। ਇਸ ਪੁਸਤਕ ਦੇ ਦੂਜੇ ਭਾਗ 'ਪੰਜਾਬੀ ਕੋਸ਼ਕਾਰੀ' ਦੇ ਅੰਤਰਗਤ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਹੁਣ ਤਕ ਦੇ ਸਿਧਾਂਤਕ ਅਤੇ ਵਿਵਹਾਰਕ ਕਾਰਜ ਦਾ ਕੇਵਲ ਸਰਵੇਖਣ ਮਾਤਰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਪੰਜਾਬੀ ਕੋਸ਼ਕਾਰੀ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰਨਾ ਇਸ ਅਧਿਆਇ ਦੀ ਵਿਸ਼ੇ-ਸੀਮਾ ਨੂੰ ਉਲੰਘਣਾ ਹੋਵੇਗਾ। ਪੰਜਾਬੀ ਕੋਸ਼ਾਂ ਦੇ ਕੋਸ਼-ਵਿਗਿਆਨਕ ਵਿਸ਼ਲੇਸ਼ਣ ਅਤੇ ਲੇਖੇ-ਜੋਖੇ ਲਈ ਅਣਗਿਣਤ ਯੋਜਨਾਵਾਂ ਉਲੀਕੀਆਂ ਜਾ ਸਕਦੀਆਂ ਹਨ। ਕੁਝ ਖੋਜਾਰਥੀ ਇਸ ਪਾਸੇ ਕਾਰਜਸ਼ੀਲ ਵੀ ਹਨ। ਇਥੇ ਕੇਵਲ ਕੋਸ਼ ਅਤੇ ਕੋਸ਼ਕਾਰੀ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਦੀ ਜਾਣਕਾਰੀ ਹਿਤ ਪੰਜਾਬੀ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੇ ਖੇਤਰ ਵਿਚ ਹੋਏ ਸਿਧਾਂਤਕ ਅਤੇ ਵਿਵਹਾਰਕ ਕਾਰਜ ਨੂੰ ਸੂਚੀਬੱਧ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦਾ ਇਹ ਭਾਵ ਕਦਾਚਿਤ ਨਹੀਂ ਲੈਣਾ ਚਾਹੀਦਾ ਕਿ ਇਸ ਪ੍ਰਸੰਗ ਵਿਚ ਇਹ ਮੁਢਲਾ ਯਤਨ ਹੈ। ਇਸ ਖੇਤਰ ਵਿਚ ਵਿਅਸਤ ਅਤੇ ਕਾਰਜਸ਼ੀਲ ਕੋਸ਼ਕਾਰਾਂ, ਕੋਸ਼-ਵਿਗਿਆਨੀਆਂ ਅਤੇ ਖੋਜਾਰਥੀਆਂ ਨੇ ਕੋਸ਼ਾਂ ਦੇ ਸਰਵੇਖਣ ਅਤੇ ਵਿਸ਼ਲੇਸ਼ਣ ਦੇ ਕੁਝ ਮੁਢਲੇ ਅਤੇ ਆਂਸ਼ਿਕ ਯਤਨ ਅਵੱਸ਼ ਕੀਤੇ ਹਨ ਜਿਨ੍ਹਾਂ ਦਾ ਉਲੇਖ ਉਚਿਤ ਪ੍ਰਸੰਗ ਵਿਚ ਕੀਤਾ ਜਾਵੇਗਾ। ਪਰੰਤੂ ਮੈਂ ਆਪਣੇ ਢੰਗ ਅਤੇ ਸੂਝ ਅਨੁਸਾਰ ਇਸ ਸਮੁੱਚੀ ਸਾਮੱਗਰੀ ਨੂੰ ਭਾਵੀ ਕੋਸ਼-ਵਿਗਿਆਨਕ ਖੋਜ ਲਈ ਆਧਾਰ-ਰੂਪ ਸਾਮੱਗਰੀ ਵਜੋਂ ਸੰਗਠਿਤ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

7.1 ਪੰਜਾਬੀ ਕੋਸ਼ਕਾਰੀ ਦਾ ਵਾਸਤਵਿਕ ਉਲੇਖ ਕਰਨ ਤੋਂ ਪਹਿਲਾਂ ਭਾਰਤ ਵਿਚ ਸੰਸਕ੍ਰਿਤ ਕੋਸ਼ਾਂ ਦੀ ਪ੍ਰਕਿਰਤੀ ਤੇ ਸਰਸਰੀ ਜਿਹੀ ਝਾਤ ਮਾਰਨੀ ਅਨੁਚਿਤ ਨਹੀਂ ਹੋਵੇਗੀ। ਇਹ ਨਿਰਵਿਵਾਦ ਤੱਥ ਹੈ ਕਿ ਕੋਸ਼ ਸਦਾ ਸਮਕਾਲੀ ਪ੍ਰਯੋਗਕਰਤਿਆਂ ਦੀਆਂ ਵਿਵਹਾਰਕ ਅਤੇ ਵਾਸਤਵਿਕ ਲੋੜਾਂ ਦੇ ਪ੍ਰਤਿਉੱਤਰ ਵਜੋਂ ਹੋਂਦ ਵਿਚ ਆਉਂਦੇ ਹਨ। ਇਹ ਤੱਥ ਸਭ ਭਾਸ਼ਾਵਾਂ ਦੀਆਂ ਕੋਸ਼ ਪਰੰਪਰਾਵਾਂ ਬਾਰੇ ਪ੍ਰਮਾਣਕ ਅਤੇ ਸਹੀ ਹੈ। ਭਾਰਤ ਵਿਚ ਵੇਦਾਂ ਦੀ

ਭਾਸ਼ਾ ਨੂੰ ਸੁਰੱਖਿਅਤ ਰੱਖਣ, ਔਖੇ ਤੇ ਗੂੜ੍ਹ ਸ਼ਬਦਾਂ ਦੇ ਅਰਥ-ਬੋਧ ਲਈ ਸਭ ਤੋਂ ਪਹਿਲਾਂ ਸਮਾਨਾਰਥਕ ਸ਼ਬਦ-ਸੂਚੀਆਂ ਤਿਆਰ ਕੀਤੀਆਂ ਗਈਆਂ। ਇਹ ਸੰਸਕ੍ਰਿਤ ਭਾਸ਼ਾ ਦੇ ਪਹਿਲੇ ਕੋਸ਼ ਸਨ ਅਤੇ ਇਨ੍ਹਾਂ ਕੋਸ਼ਾਂ ਨੂੰ ਨਿਘੰਟੂ ਆਖਿਆ ਗਿਆ। ਨਿਘੰਟੂ ਵੈਦਿਕ ਪਰੰਪਰਾ ਦੀ ਸਹਾਇਕ ਸ਼ਾਖ਼ਾ ਵੇਦਾਂਗ ਦੇ ਰੂਪ ਵਿਚ ਸੰਕਲਿਤ ਕੀਤੇ ਗਏ। ਇਨ੍ਹਾਂ ਵਿਚ ਕੁਝ ਮੁੱਖ ਵਿਚਾਰ-ਖੇਤਰਾਂ ਵਿਚ ਆਧਾਰਿਤ ਸ਼ਬਦਾਵਲੀਆਂ ਸਨ। ਇਨ੍ਹਾਂ ਵਿਚ ਪਦਾਰਥਕ ਅਤੇ ਪ੍ਰਾਕ੍ਰਿਤਿਕ ਵਸਤਾਂ ਅਤੇ ਵਰਤਾਰਿਆਂ ਜਿਵੇਂ ਭੂਮੀ, ਵਾਯੂ, ਜਲ, ਦਿਨ, ਰਾਤ, ਸਵੇਰ, ਸ਼ਾਮ ਆਦਿ ਦੇ ਸਮਾਨਾਰਥਕ ਸ਼ਬਦਾਂ, ਮਨੁੱਖਾਂ ਦੇ ਗੁਣਾਂ ਔਗੁਣਾਂ ਅਤੇ ਸਰੀਰ ਦੇ ਅੰਗਾਂ ਆਦਿ ਦੇ ਸਮਾਨਾਰਥਕ ਸ਼ਬਦਾਂ, ਮਨੁੱਖ ਦੇ ਸੂਖਮ ਗੁਣਾਂ ਦੇ ਸਮਾਨਾਰਥਕ ਸ਼ਬਦਾਂ ਅਤੇ ਮਨੁੱਖੀ ਕ੍ਰਿਆਵਾਂ ਨਾਲ ਸੰਬੰਧਿਤ ਸ਼ਬਦਾਂ ਦੇ ਸਮਾਨਾਰਥਕ ਸ਼ਬਦਾਂ ਨੂੰ ਸੂਚੀਬੱਧ ਕੀਤਾ ਗਿਆ ਹੈ। ਇਹ ਪਾਠ ਮੌਖਿਕ ਪਰੰਪਰਾ ਰਾਹੀਂ ਨਿਯਮਿਤ ਰੂਪ ਵਿਚ ਵੈਦਿਕ ਸ਼ਾਖ਼ਾਵਾਂ ਵਿਚ ਸੀਨਾ ਬਸੀਨਾ ਅੱਗੇ ਵਧਦੇ ਗਏ ਅਤੇ ਯਾਸਕ ਦੇ 'ਨਿਰੁਕਤ' ਦਾ ਆਧਾਰ ਬਣੇ। ਵੇਖਣ ਵਿਚ ਆਇਆ ਹੈ ਕਿ ਨਿਘੰਟੂਆਂ ਵਿਚ ਭੂਮੀ ਲਈ 21, ਜਲ ਲਈ 101, ਵਾਯੂ ਲਈ 16 ਅਤੇ ਗਮ ਧਾਤੂ ਲਈ 122 ਕ੍ਰਿਆਵਾਂ ਦੀ ਸੂਚੀ ਪ੍ਰਦਾਨ ਕੀਤੀ ਗਈ ਹੈ। ਜੇ ਨਿਘੰਟੂਆਂ ਨੂੰ ਪ੍ਰਾਚੀਨ ਪਰਿਆਇ ਕੋਸ਼ ਕਹਿ ਦਿੱਤਾ ਜਾਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਨਿਘੰਟੂਆਂ ਨੂੰ ਬਾਅਦ ਵਿਚ ਨਾਮ-ਮਾਲਾ, ਨਾਮ-ਸੰਗ੍ਰਹਿ, ਨਾਮ-ਨਿਧਾਨ, ਅਭਿਧਾਨ ਕੋਸ਼ ਵੀ ਆਖਿਆ ਜਾਣ ਲੱਗਾ। ਇੰਜ ਸੰਸਕ੍ਰਿਤ ਵਿਚ ਯਾਸਕ ਦੇ 'ਨਿਰੁਕਤ', ਅਮਰ ਸਿੰਘ ਦੇ 'ਅਮਰ ਕੋਸ਼' ਨੂੰ ਸੰਸਕ੍ਰਿਤ ਦੇ ਮਹੱਤਵਪੂਰਣ ਪਰਿਆਇ ਕੋਸ਼ ਆਖਿਆ ਜਾਂਦਾ ਹੈ ਜਿਹੜੇ ਭਾਰਤ ਵਿਚ ਅਨੇਕਾਂ ਸੰਸਕ੍ਰਿਤ ਅਤੇ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਪ੍ਰਾਚੀਨ ਅਤੇ ਆਧੁਨਿਕ ਕੋਸ਼ਾਂ ਦੇ ਨਿਰਮਾਣ ਲਈ ਆਧਾਰਸ਼ਿਲਾ ਬਣੇ। ਇਨ੍ਹਾਂ ਮੁਢਲੇ ਕੋਸ਼ਾਂ ਨੂੰ ਸਹੀ ਮਾਅਨਿਆਂ ਵਿਚ ਕੋਸ਼-ਵਿਗਿਆਨਕ ਸਿਧਾਂਤਾਂ ਤੇ ਆਧਾਰਿਤ ਕੋਸ਼ ਤਾਂ ਨਹੀਂ ਕਿਹਾ ਜਾ ਸਕਦਾ, ਪਰ ਫਿਰ ਵੀ ਆਧੁਨਿਕ ਕਾਲ ਵਿਚ ਕੋਸ਼-ਵਿਗਿਆਨਕ ਸਿਧਾਂਤਾਂ ਦੇ ਆਧਾਰ ਤੇ ਸੰਕਲਿਤ ਸਮਭਾਸ਼ੀ, ਦੁਭਾਸ਼ੀ, ਪਰਿਆਇ ਅਤੇ ਬਹੁਅਰਥਕ ਕੋਸ਼ਾਂ ਦੇ ਗੁਣ-ਲੱਛਣ ਬੀਜ ਰੂਪ ਵਿਚ ਸੰਸਕ੍ਰਿਤ ਪਰੰਪਰਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਪਟਕਰ ਨੇ ਆਪਣੀ ਪੁਸਤਕ 'ਹਿਸਟਰੀ ਆਫ਼ ਸੰਸਕ੍ਰਿਤ ਲੈਕਸਿਕੋਗ੍ਰਾਫ਼ੀ' (1980) ਵਿਚ ਸੰਸਕ੍ਰਿਤ ਕੋਸ਼ ਪਰੰਪਰਾ ਵਿਚ ਉਪਲਬਧ ਲਗਭਗ ਹਰੇਕ ਕੋਸ਼ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਹੈ। ਇਸ ਪੁਸਤਕ ਦੇ ਆਧਾਰ ਤੇ ਨਿਸ਼ਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੰਸਕ੍ਰਿਤ ਵਿਚ ਨਿਘੰਟੂ ਅਤੇ ਨਿਘੰਟੂ ਦੇ ਟੀਕੇ, 'ਨਿਰੁਕਤ' ਅਤੇ 'ਨਿਰੁਕਤ' ਦੇ ਟੀਕੇ, ਔਸ਼ਧ-ਸ਼ਾਸਤਰ ਨਾਲ ਸੰਬੰਧਿਤ ਵਿਸ਼ੇਸ਼ ਕੋਸ਼, 'ਅਮਰ ਕੋਸ਼' ਅਤੇ 'ਅਮਰ ਕੋਸ਼' ਦੇ ਟੀਕੇ, ਬਹੁਅਰਥਕ ਕੋਸ਼, ਦੁਭਾਸ਼ੀ ਕੋਸ਼ ਆਦਿ ਮਹੱਤਵਪੂਰਣ ਕੋਸ਼ ਭਰਪੂਰ ਮਾਤਰਾ ਵਿਚ ਉਪਲਬਧ ਸਨ। ਇਨ੍ਹਾਂ ਕੋਸ਼ਾਂ ਦੇ ਆਧਾਰ ਤੇ ਸੰਸਕ੍ਰਿਤ ਕੋਸ਼ਾਂ ਦਾ ਵਰਗੀਕਰਣ ਕਰਦਿਆਂ ਆਖਿਆ ਜਾ ਸਕਦਾ ਹੈ ਕਿ ਸੰਸਕ੍ਰਿਤ ਵਿਚ ਸਮਭਾਸ਼ੀ ਕੋਸ਼,

ਦੁਭਾਸ਼ੀ ਕੋਸ਼, ਪਰਿਆਇ ਕੋਸ਼, ਵਿਸ਼ੇਸ਼ ਕੋਸ਼ ਆਦਿ ਉਪਲਬਧ ਸਨ। ਆਰੰਭ ਵਿਚ ਭਾਵੇਂ ਇਨ੍ਹਾਂ ਕੋਸ਼ਾਂ ਦਾ ਆਕਾਰ ਲਘੂ ਅਤੇ ਸੰਖੇਪ ਸੀ, ਪਰ ਹੌਲੀ ਹੌਲੀ ਇਹ ਕੋਸ਼ ਦੀਰਘ ਆਕਾਰ ਗ੍ਰਹਿਣ ਕਰਦੇ ਗਏ।

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਸੰਸਕ੍ਰਿਤ ਦੇ ਇਨ੍ਹਾਂ ਕੋਸ਼ਾਂ ਦੀ ਰਚਨਾ ਕਰਨ ਸਮੇਂ ਆਧੁਨਿਕ ਕੋਸ਼-ਵਿਗਿਆਨਕ ਸਿਧਾਂਤਾਂ ਨੂੰ ਆਧਾਰ ਨਹੀਂ ਬਣਾਇਆ ਗਿਆ। ਇਨ੍ਹਾਂ ਕੋਸ਼ਾਂ ਦੇ ਅੰਦਰਾਜਾਂ ਦੀ ਤਰਤੀਬ ਅੱਖਰ-ਕ੍ਰਮ ਅਨੁਸਾਰ ਨਹੀਂ ਹੈ। ਸੰਸਕ੍ਰਿਤ ਭਾਸ਼ਾ ਦੀ ਸਮੁੱਚੀ ਸ਼ਬਦਾਵਲੀ ਵੀ ਇਨ੍ਹਾਂ ਕੋਸ਼ਾਂ ਵਿਚ ਸੰਕਲਿਤ ਨਹੀਂ ਕੀਤੀ ਗਈ। ਕੋਸ਼ੀ ਇਕਾਈਆਂ ਨੂੰ ਅਰਥਾਂ ਦੇ ਆਧਾਰ ਤੇ ਵਿਭਿੰਨ ਵਰਗਾਂ ਵਿਚ ਵੰਡਿਆ ਗਿਆ ਹੈ। ਬਹੁਤਾ ਜ਼ੋਰ ਮੁੱਖ ਸ਼ਬਦਾਂ ਦੇ ਪਰਿਆਇ ਦੇਣ ਤੇ ਹੈ। ਪੰਜਾਬੀ ਕੋਸ਼ਕਾਰਾਂ ਸਾਮ੍ਹਣੇ ਸੰਸਕ੍ਰਿਤ ਕੋਸ਼ਾਂ ਦਾ ਉਪਰੋਕਤ ਮਾਡਲ ਮੌਜੂਦ ਸੀ। ਫਲਸਰੂਪ, ਉਨ੍ਹਾਂ ਨੇ ਇਨ੍ਹਾਂ ਕੋਸ਼ਾਂ ਨੂੰ ਆਧਾਰ ਬਣਾ ਕੇ ਪੰਜਾਬੀ ਵਿਚ ਇਸ ਪ੍ਰਕਾਰ ਦੇ ਅਨੇਕਾਂ ਕੋਸ਼ ਤਿਆਰ ਕੀਤੇ ਜਿਨ੍ਹਾਂ ਦਾ ਉਲੇਖ ਅੱਗੇ ਉਚਿਤ ਸੰਦਰਭ ਵਿਚ ਕੀਤਾ ਜਾਵੇਗਾ।

7.2 ਸੰਸਕ੍ਰਿਤ ਕੋਸ਼ ਪਰੰਪਰਾ ਸੁਗਮਤਾ ਅਤੇ ਸੁਖੈਨਤਾ ਨਾਲ ਪ੍ਰਵਾਹਮਾਨ ਅਤੇ ਗਤੀ-ਸ਼ੀਲ ਰਹੀ। ਪਰ ਸਮਾਂ ਪਾ ਕੇ ਭਾਰਤ ਤੇ ਮੁਸਲਮਾਨਾਂ ਦਾ ਕਬਜ਼ਾ ਹੋ ਜਾਣ ਕਾਰਣ ਰਾਜਸੱਤਾ ਮੁਸਲਮਾਨਾਂ ਦੇ ਹੱਥ ਆ ਗਈ ਅਤੇ ਪ੍ਰਬੰਧਕੀ, ਸਰਕਾਰੀ ਅਤੇ ਰਾਜਸੀ ਕੰਮ-ਕਾਜ ਵਿਚ ਫ਼ਾਰਸੀ ਭਾਸ਼ਾ ਦੀ ਵਰਤੋਂ ਹੋਣ ਲੱਗੀ। ਦੋ ਸਭਿਆਚਾਰਾਂ ਦੇ ਪਰਸਪਰ ਮੇਲ-ਜੋਲ ਨਾਲ ਸੁਭਾਵਕ ਤੌਰ ਤੇ ਸਭਿਆਚਾਰਕ ਆਦਾਨ-ਪ੍ਰਦਾਨ ਦੀ ਪ੍ਰਕ੍ਰਿਆ ਆਰੰਭ ਹੋਈ। ਦੋ ਵਿਭਿੰਨ ਸਭਿਆਚਾਰਾਂ ਦੇ ਸਭਿਆਚਾਰਕ ਵਰਤਾਰਿਆਂ ਨੂੰ ਸਮਝਣ-ਸਮਝਾਉਣ ਲਈ ਕੇਵਲ ਕੋਸ਼ ਹੀ ਅਹਿਮ ਰੋਲ ਅਦਾ ਕਰਦੇ ਹਨ। ਫਲਸਰੂਪ ਦੁਭਾਸ਼ੀ ਕੋਸ਼ਾਂ ਨੇ ਅਸਤਿੱਤਵ ਗ੍ਰਹਿਣ ਕੀਤਾ। ਸਭਿਆਚਾਰਕ ਅਰਥ-ਬੋਧ ਦੀ ਇਸ ਪ੍ਰਕ੍ਰਿਆ ਦੇ ਅੰਤਰਗਤ ਵਿਹਾਰੀ ਕ੍ਰਿਸ਼ਨ ਦਾਸ ਦਾ 'ਪਾਰਸੀ ਪ੍ਰਕਾਸ਼' ਅਤੇ ਵੇਦਨਗਰਾਇਆ ਦਾ 'ਪਾਰਸੀ ਪ੍ਰਕਾਸ਼' ਹੋਂਦ ਵਿਚ ਆਏ। ਇਸੇ ਪ੍ਰਕ੍ਰਿਆ ਦੇ ਅੰਤਰਗਤ ਫ਼ਾਰਸੀ ਦੇ ਹਿੰਦਵੀ ਅਰਥ ਦੇਣ ਵਾਲੇ ਅਤੇ ਫ਼ਾਰਸੀ ਲਿਪੀ ਵਿਚ ਲਿਖੇ ਗਏ ਖਾਲਕ ਬਾਰੀ ਆਦਿ ਕੋਸ਼ ਨਸਾਬ ਅਖਵਾਏ। ਹਿੰਦੀ ਕੋਸ਼ਕਾਰ ਫ਼ਾਰਸੀ-ਹਿੰਦਵੀ ਦੇ ਨਸਾਬ ਖਾਲਕ ਬਾਰੀ ਨੂੰ ਹਿੰਦੀ ਦਾ ਪਹਿਲਾ ਦੁਭਾਸ਼ੀ ਕੋਸ਼ ਮੰਨਦੇ ਹਨ ਜਿਸ ਨੂੰ ਅਮੀਰ ਖੁਸਰੋ ਦੀ ਰਚਨਾ ਮੰਨਿਆ ਜਾਂਦਾ ਹੈ। ਪੰਜਾਬੀ ਦੇ ਵੀ ਕਈ ਨਸਾਬ ਉਪਲਬਧ ਹਨ ਜਿਵੇਂ ਸ਼ੇਰ-ਮਨੁੱਖ ਇਕ ਤਿੱਬੀ ਰਸਾਲਾ ਹੈ। ਇਸ ਦਾ ਕੁਝ ਹਿੱਸਾ ਕੋਸ਼ ਦੀ ਸ਼ਕਲ ਵਿਚ ਹੈ ਜਿਸ ਵਿਚ ਦਵਾਈਆਂ ਦੇ ਫ਼ਾਰਸੀ ਨਾਂ ਦੇ ਕੇ ਇਨ੍ਹਾਂ ਦੇ ਪੰਜਾਬੀ ਨਾਂ ਦਿੱਤੇ ਗਏ ਹਨ। ਸ੍ਰੀ ਬਨਾਰਸੀ ਦਾਸ ਜੈਨ ਨੇ 'ਪੰਜਾਬੀ ਕੋਸ਼' (1955) ਦੀ ਭੂਮਿਕਾ (ਪੰਨਾ 8) ਵਿਚ ਸਪਸ਼ਟ ਕੀਤਾ ਹੈ ਕਿ ਖਾਲਕ ਬਾਰੀ ਦੀ ਸ਼ੈਲੀ ਤੇ ਪੰਜਾਬੀ ਭਾਸ਼ਾ ਵਿਚ ਵੀ ਅਜਿਹੇ ਨਸਾਬ ਤਿਆਰ ਕੀਤੇ ਗਏ ਅਤੇ ਖਾਲਕ ਬਾਰੀ ਦੇ ਢੰਗ ਉਤੇ ਹੀ ਇਨ੍ਹਾਂ ਦੇ ਨਾਂ ਰੱਖੇ ਗਏ। ਇਹ ਨਸਾਬ ਹਨ :

1. ਵਾਹਦ ਬਾਰੀ, ਰਚਨਾ ਕਾਲ ਸੰਮਤ 1676 ਜਾਂ ਸੰਮਤ 1683.
2. ਰਾਜ਼ਕ ਬਾਰੀ, ਕ੍ਰਿਤ ਇਸਮਾਈਲ, 1071 ਹਿ.
3. ਇਜ਼ੀਦ ਬਾਰੀ, ਕ੍ਰਿਤ ਕਿਹਰ ਮਲ ਪੁਤਰ ਸਾਈਂ ਦਾਸ ਸੁਨਾਮ ਦਾ, ਸੰ. 1105 ਹਿ.
4. ਸਨਅਤ ਬਾਰੀ, ਕ੍ਰਿਤ ਗਨੇਸ਼ ਦਾਸ ਬਡਹਿਰਾ, ਕਾਨੂੰਨਗੋ, 1220 ਹਿ.
5. ਵਾਸੇ ਬਾਰੀ, ਕ੍ਰਿਤ ਯਕ ਦਿਲ, ਸੰ. 1231 ਹਿ.
6. ਅਲ੍ਹਾ ਬਾਰੀ
7. ਨਾਸਰ ਬਾਰੀ
8. ਆਹਜ਼ਮ ਬਾਰੀ
9. ਸਾਦਕ ਬਾਰੀ ।

ਇਨ੍ਹਾਂ ਨਸਾਬਾਂ ਦਾ ਮੁੱਖ ਮਨੋਰਥ ਸਭਿਆਚਾਰਕ ਆਦਾਨ-ਪ੍ਰਦਾਨ ਦੇ ਅੰਤਰਗਤ ਪੰਜਾਬੀ ਵਿਦਿਆਰਥੀਆਂ ਨੂੰ ਪਰੰਪਰਾਗਤ ਢੰਗ ਨਾਲ ਫ਼ਾਰਸੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨ ਵਿਚ ਸਹਾਇਤਾ ਦੇਣਾ ਹੀ ਪ੍ਰਤੀਤ ਹੁੰਦਾ ਹੈ। ਸੰਸਕ੍ਰਿਤ ਕੋਸ਼ਾਂ ਵਾਂਗ ਇਨ੍ਹਾਂ ਨੂੰ ਵੀ ਸਹੀ ਅਰਥਾਂ ਵਿਚ ਕੋਸ਼ ਆਖਣਾ ਉਚਿਤ ਨਹੀਂ ਹੈ। ਕੋਸ਼ ਨਿਰਮਾਣ ਦੇ ਮੁਢਲੇ ਯਤਨਾਂ ਕਰਕੇ ਇਨ੍ਹਾਂ ਨੂੰ ਨਿਘੰਟੂ, ਨਾਮ-ਮਾਲਾ, ਫਰਹੰਗ, ਨਸਾਬ ਆਖਣਾ ਹੀ ਵਧੇਰੇ ਉਚਿਤ ਹੈ।

ਉਪਰੋਕਤ ਚਰਚਾ ਤੋਂ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚਦੇ ਹਾਂ ਕਿ ਪੰਜਾਬੀ ਕੋਸ਼ਕਾਰਾਂ ਸਾਮ੍ਹਣੇ ਕੋਸ਼ਕਾਰੀ ਦੇ ਖੇਤਰ ਵਿਚ ਵਿਵਹਾਰਕ ਕਾਰਜ ਵਿੱਢਣ ਤੋਂ ਪਹਿਲਾਂ ਸਮਭਾਸ਼ੀ ਕੋਸ਼ਾਂ ਅਰਥਾਤ ਪਰਿਆਇ ਕੋਸ਼ਾਂ ਜਿਵੇਂ ਨਿਘੰਟੂ, ਅਮਰ ਕੋਸ਼, ਨਿਰੁਕਤ ਆਦਿ ਅਤੇ ਦੁਭਾਸ਼ੀ ਕੋਸ਼ ਜਿਵੇਂ ਫ਼ਾਰਸੀ-ਸੰਸਕ੍ਰਿਤ, ਫ਼ਾਰਸੀ-ਪੰਜਾਬੀ ਆਦਿ ਕੋਸ਼ਾਂ ਦਾ ਮਾਡਲ ਪਹਿਲਾਂ ਹੀ ਮੌਜੂਦ ਸੀ। ਸੰਸਕ੍ਰਿਤ ਅਤੇ ਫ਼ਾਰਸੀ ਦੇ ਇਨ੍ਹਾਂ ਮਾਡਲਾਂ ਨੂੰ ਆਧਾਰ ਬਣਾ ਕੇ ਪੰਜਾਬੀ ਕੋਸ਼ਕਾਰਾਂ ਨੇ ਕੋਸ਼ ਰਚਨਾ ਦਾ ਕੰਮ ਆਰੰਭਿਆ। ਕੋਸ਼ ਦੀਆਂ ਲਗਭਗ ਪਰੰਪਰਾਗਤ ਕਿਸਮਾਂ ਹੀ ਉਭਰ ਕੇ ਸਾਮ੍ਹਣੇ ਆਈਆਂ ਜਿਵੇਂ ਸਮਭਾਸ਼ੀ ਕੋਸ਼, ਪਰਿਆਇ ਕੋਸ਼, ਦੁਭਾਸ਼ੀ ਕੋਸ਼, ਬਹੁਭਾਸ਼ੀ ਕੋਸ਼ ਆਦਿ। ਪੰਜਾਬੀ ਪ੍ਰਯੋਗਕਰਤਿਆਂ ਦੀਆਂ ਸਮੇਂ ਸਮੇਂ ਉਪੰਜੀਆਂ ਵਿਵਹਾਰਕ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਕੋਸ਼ਾਂ ਵਿਚ ਗੁਣਾਤਮਕ ਅਤੇ ਮਾਤਰਾਤਮਕ ਦ੍ਰਿਸ਼ਟੀ ਤੋਂ ਵ੍ਰਿਧੀ ਹੁੰਦੀ ਗਈ। ਮੁਢਲੇ ਕੋਸ਼ ਭਾਵੇਂ ਕੋਸ਼-ਵਿਗਿਆਨਕ ਸਿਧਾਂਤਾਂ ਦੇ ਕਚੇਰੇ ਤੇ ਅਧੂਰੇ ਗਿਆਨ ਦੇ ਲਖਾਇਕ ਹਨ, ਪਰੰਤੂ ਹੌਲੀ ਹੌਲੀ ਕੋਸ਼-ਵਿਗਿਆਨ ਦੇ ਭਾਸ਼ਾ-ਵਿਗਿਆਨ ਦੇ ਅੰਤਰਗਤ ਇਕ ਵੱਖਰੇ ਤੇ ਸੁਤੰਤਰ ਵਿਗਿਆਨ ਵਜੋਂ ਵਿਕਸਿਤ ਹੋਣ ਨਾਲ ਅਤੇ ਕੋਸ਼ਕਾਰਾਂ ਦੇ ਕੋਸ਼ਕਾਰੀ ਦੇ ਸਿਧਾਂਤਕ ਗਿਆਨ ਅਤੇ ਵਿਵਹਾਰਕ ਅਨੁਭਵ ਗ੍ਰਹਿਣ ਕਰਨ ਨਾਲ ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਪਰਿਪੱਕਤਾ ਅਤੇ ਪ੍ਰਖ਼ਤਗੀ ਆਉਂਦੀ ਗਈ। ਅੱਜ ਕੱਲ੍ਹ ਕੋਸ਼-ਵਿਗਿਆਨ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਹੋਣ ਕਰਕੇ ਕੋਸ਼ਕਾਰੀ ਦਾ ਕਾਰਜ ਅਧਿਕ ਬਾਹਰਮੁਖੀ ਅਤੇ ਵਿਗਿਆਨਕ ਢੰਗ ਨਾਲ ਹੋਣ ਲੱਗਾ ਹੈ।

7.3 ਅੰਗ੍ਰੇਜ਼ਾਂ ਦੇ ਪੰਜਾਬ ਦੀ ਰਾਜਸੱਤਾ ਹਥਿਆਉਣ ਉਪਰੰਤ ਕੋਸ਼ਕਾਰੀ ਦੇ ਖੇਤਰ ਵਿਚ ਇਕ ਕ੍ਰਾਂਤੀਕਾਰੀ ਪਰਿਵਰਤਨ ਆਇਆ। ਜਿਵੇਂ ਕਿ ਉਪਰ ਵੀ ਸੰਕੇਤ ਕੀਤਾ ਗਿਆ ਹੈ, ਕੋਸ਼ ਸਾਡੀਆਂ ਸਮਕਾਲੀ ਵਿਵਹਾਰਕ ਲੋੜਾਂ ਦੇ ਪ੍ਰਤਿਉੱਤਰ ਵਜੋਂ ਹੋਂਦ ਵਿਚ ਆਏ ਹਨ। ਅੰਗ੍ਰੇਜ਼ਾਂ ਦੇ ਪੰਜਾਬ ਵਿਚ ਆਗਮਨ ਨਾਲ ਈਸਾਈ ਮਿਸ਼ਨਰੀਆਂ ਦੇ ਆਪਣੇ ਧਰਮ ਅਤੇ ਸਭਿਆਚਾਰ ਦੇ ਪੰਜਾਬੀ ਬੋਲੀ ਵਿਚ ਪ੍ਰਚਾਰ ਅਤੇ ਪ੍ਰਸਾਰ ਨੇ ਪੰਜਾਬ ਦੇ ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਜੀਵਨ ਵਿਚ ਹਲਚਲ ਮਚਾ ਦਿੱਤੀ। ਈਸਾਈ ਮਤ ਅਤੇ ਪੱਛਮੀ ਸਭਿਆਚਾਰ ਦੇ ਪ੍ਰਚਾਰ ਨੇ ਪੰਜਾਬ ਦੇ ਸਭ ਧਰਮਾਂ ਦੇ ਆਗੂਆਂ ਲਈ ਇਕ ਵੰਗਾਰ ਪੇਸ਼ ਕੀਤੀ। ਇਸ ਦੇ ਫਲਸਰੂਪ, ਪੰਜਾਬ ਦੇ ਕੁਝ ਲੋਕਾਂ ਨੇ ਈਸਾਈ ਮਤ ਕਬੂਲ ਕਰਨ ਦੀ ਆਪਣੀ ਇੱਛਾ ਪ੍ਰਗਟ ਕੀਤੀ। ਈਸਾਈ ਮਿਸ਼ਨਰੀਆਂ ਦੀਆਂ ਸਭਿਆਚਾਰਕ ਸਰ-ਗਰਮੀਆਂ ਦਾ ਇਹ ਖ਼ਤਰਾ ਸਭ ਧਰਮਾਂ ਲਈ ਸਾਂਝਾ ਸੀ ਜਿਸ ਕਰਕੇ ਸਭ ਧਰਮਾਂ ਦੇ ਪ੍ਰਚਾਰਕ ਇਸ ਪ੍ਰਤਿ ਸਚੇਤ ਅਤੇ ਜਾਗਰੂਕ ਹੋ ਗਏ। ਇਸ ਜਾਗਰਤੀ ਦੇ ਫਲਸਰੂਪ ਪੰਜਾਬ ਦੇ ਲੋਕਾਂ ਨੇ ਪੱਛਮੀ ਸਭਿਆਚਾਰ ਦੇ ਪ੍ਰਭਾਵ ਨੂੰ ਠੱਲ੍ਹ ਪਾਉਣ ਲਈ ਵਿਦਿਅਕ ਪ੍ਰਚਾਰ ਅਤੇ ਧਾਰਮਿਕ ਸੁਧਾਰ ਨੂੰ ਮਹੱਤਾ ਦਿੱਤੀ। ਈਸਾਈ ਮਿਸ਼ਨਰੀਆਂ ਦੇ ਪ੍ਰਤਿਕਰਮ ਵਜੋਂ ਪੈਦਾ ਹੋਏ ਸਭਿਆਚਾਰਕ ਧਰਮ-ਸੰਕਟ ਨਾਲ ਨਜਿੱਠਣ ਲਈ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਵਿਚ ਸਿੰਘ ਸਭਾ, ਆਰੀਆ ਸਮਾਜ, ਬ੍ਰਹਮੋ ਸਮਾਜ ਅਤੇ ਅਹਿਮਦੀਆ ਲਹਿਰਾਂ ਪੈਦਾ ਹੋਈਆਂ। ਇੰਜ ਪੰਜਾਬ ਵਿਚ ਧਾਰਮਿਕ, ਵਿਦਿਅਕ ਅਤੇ ਸਭਿਆਚਾਰਕ ਜਾਗਰਤੀ ਪੈਦਾ ਕਰਨ ਲਈ ਈਸਾਈ ਮਿਸ਼ਨਰੀਆਂ ਦਾ ਮਹੱਤਵਪੂਰਣ ਯੋਗਦਾਨ ਹੈ।

ਦੋ ਸਭਿਆਚਾਰਾਂ ਦੇ ਟਕਰਾਅ ਦੇ ਸਿੱਟੇ ਵਜੋਂ ਪਰਸਪਰ ਆਦਾਨ-ਪ੍ਰਦਾਨ ਲਈ ਈਸਾਈ ਮਿਸ਼ਨਰੀਆਂ ਅਤੇ ਅੰਗ੍ਰੇਜ਼ ਸ਼ਾਸਕਾਂ ਸਾਮ੍ਹਣੇ ਇਹ ਮੁੱਖ ਉਦੇਸ਼ ਸਨ :

1. ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਅਤੇ ਪੰਜਾਬੀ ਸਭਿਆਚਾਰ ਨੂੰ ਸਮਝਣਾ ;
2. ਈਸਾਈ ਧਰਮ ਅਤੇ ਪੱਛਮੀ ਸਭਿਆਚਾਰ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ;
3. ਪੰਜਾਬ ਵਿਚ ਪ੍ਰਬੰਧਕੀ ਕੰਮ-ਕਾਜ ਵਿਚ ਅੰਗ੍ਰੇਜ਼ ਅਫ਼ਸਰਾਂ, ਪ੍ਰਬੰਧਕਾਂ, ਸੈਨਿਕਾਂ, ਕਰਮਚਾਰੀਆਂ ਅਤੇ ਈਸਾਈ ਧਰਮ ਦੇ ਪ੍ਰਚਾਰ ਲਈ ਈਸਾਈ ਮਿਸ਼ਨਰੀਆਂ ਦੀ ਸਹਾਇਤਾ ਕਰਨਾ ;
4. ਯੂਰਪੀਨ ਅਫ਼ਸਰਾਂ ਨੂੰ ਦੇਸੀ ਕਰਮਚਾਰੀਆਂ ਅਤੇ ਆਮ ਲੋਕਾਂ ਨਾਲ ਸੰਵਾਦ ਰਚਾਉਣ ਦੇ ਯੋਗ ਬਣਾਉਣਾ ;
5. ਅੰਗ੍ਰੇਜ਼ੀ ਸਭਿਆਚਾਰ ਦੇ ਸੂਖਮ ਢੰਗ ਨਾਲ ਕੀਤੇ ਪ੍ਰਚਾਰ ਰਾਹੀਂ ਪੰਜਾਬ ਵਿਚ ਆਪਣੀਆਂ ਜੜ੍ਹਾਂ ਪੱਕੀਆਂ ਕਰਨਾ।

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਉਨ੍ਹਾਂ ਵਿਆਕਰਣ, ਕੋਸ਼ਕਾਰੀ ਅਤੇ ਅਨੁਵਾਦ ਦੇ ਖੇਤਰਾਂ ਵਿਚ ਪਹਿਲਕਦਮੀ ਕੀਤੀ। ਕਿਸੇ ਸਭਿਆਚਾਰ ਨੂੰ ਸਮਝਣ-ਸਮਝਾਉਣ ਅਤੇ ਪਰਸਪਰ ਵਿਚਾਰ-ਵਟਾਂਦਰੇ ਲਈ ਇਹ ਤਿੰਨ ਮੁੱਖ ਆਧਾਰ-ਸਤੰਭ ਹਨ। ਇਸ ਦੇ

ਇਲਾਵਾ, ਇਨ੍ਹਾਂ ਮੰਤਵਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਸਾਹਿਤਕ ਭਾਸ਼ਾ ਦੀ ਥਾਂ ਆਮ ਲੋਕਾਂ ਦੀ ਬੋਲਚਾਲੀ ਬੋਲੀ ਨੂੰ ਚੁਣਿਆ। ਆਪਣੇ ਇਨ੍ਹਾਂ ਮਨੋਰਥਾਂ ਨੂੰ ਉਨ੍ਹਾਂ ਨੇ ਉਸ ਸਮੇਂ ਰਚੀਆਂ ਪੁਸਤਕਾਂ, ਕੋਸ਼ਾਂ ਆਦਿ ਵਿਚ ਭਲੀ-ਭਾਂਤ ਸਪਸ਼ਟ ਕੀਤਾ ਹੈ। ਇਥੇ ਇਹ ਸਪਸ਼ਟ ਕਰ ਦੇਣਾ ਅਨੁਚਿਤ ਨਹੀਂ ਹੋਵੇਗਾ ਕਿ ਈਸਾਈ ਧਰਮ ਦੇ ਪ੍ਰਚਾਰ ਆਦਿ ਬਾਰੇ ਨਿਰਣੇ ਅੰਗ੍ਰੇਜ਼ਾਂ ਦੀ ਤਤਕਾਲੀ ਸੋਚ ਦਾ ਸਿੱਟਾ ਨਹੀਂ ਸਨ। ਬਲਕਿ ਇਹ ਸਾਜ਼ਸ਼ ਤਾਂ ਉਹ ਬਹੁਤ ਸਮਾਂ ਪਹਿਲਾਂ ਘੜ ਚੁਕੇ ਸਨ। 1811 ਈਸਵੀ ਵਿਚ ਆਕਸਫੋਰਡ ਯੂਨੀਵਰਸਿਟੀ ਵਿਚ 'ਬੋਡਨ ਚੇਅਰ' ਕਾਇਮ ਕੀਤੀ ਗਈ ਸੀ। ਇਸ ਦੀ ਸਥਾਪਨਾ ਸਮੇਂ ਕਰਨਲ ਬੋਡਨ ਨੇ ਆਪਣੇ ਦੇਸ਼ ਦੇ ਵਿਦਵਾਨਾਂ ਅਤੇ ਪਾਦਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਸਕ੍ਰਿਤ ਗ੍ਰੰਥਾਂ ਦਾ ਸਤਿਕਾਰ ਭਾਰਤਵਾਸੀਆਂ ਦੇ ਮਨਾਂ ਵਿਚ ਬਹੁਤ ਹੈ। ਇਸੇ ਲਈ ਇਸ ਚੇਅਰ ਦੀ ਸਥਾਪਨਾ ਈਸਾਈ ਗ੍ਰੰਥਾਂ ਨੂੰ ਸੰਸਕ੍ਰਿਤ ਵਿਚ ਉਲਥਾਉਣ ਹਿਤ ਕੀਤੀ ਗਈ ਹੈ ਤਾਂ ਜੋ ਭਾਰਤਵਾਸੀਆਂ ਨੂੰ ਈਸਾਈ ਧਰਮ ਧਾਰਣ ਕਰਨ ਲਈ ਸੰਸਕ੍ਰਿਤ ਗ੍ਰੰਥ ਮਾਧਿਅਮ ਬਣ ਸਕਣ; ਅਤੇ ਜਿਨ੍ਹਾਂ ਦਾ ਸੰਪਰਕ ਭਾਰਤੀਆਂ ਨਾਲ ਹੋਵੇ ਉਹ ਇਸ ਭਾਸ਼ਾ ਦਾ ਸਹਾਰਾ ਲੈ ਸਕਣ। ਇਸ ਚੇਅਰ ਤੇ ਸੁਸ਼ੋਭਿਤ ਹੋਣ ਵਾਲੇ ਵਿਦਵਾਨ ਸੰਸਕ੍ਰਿਤ ਦੇ ਉੱਘੇ ਕੋਸ਼ਕਾਰ ਮੋਨੀਅਰ ਵਿਲੀਅਮਜ਼ ਸਨ। ਮੋਨੀਅਰ ਵਿਲੀਅਮਜ਼ ਦਾ ਅੰਗ੍ਰੇਜ਼ੀ-ਸੰਸਕ੍ਰਿਤ ਕੋਸ਼ 5 ਨਵੰਬਰ, 1851 ਨੂੰ ਛਪ ਕੇ ਤਿਆਰ ਹੋ ਗਿਆ। ਇਸ ਦੀ ਭੂਮਿਕਾ ਵਿਚ ਉਸ ਨੇ ਲਿਖਿਆ ਹੈ ਕਿ ਸਾਡੇ ਅਫ਼ਸਰ ਜੋ ਭਾਰਤ ਵਿਚ ਸਾਡੇ ਰਾਜ ਨੂੰ ਚਲਾਉਣਗੇ, ਉਨ੍ਹਾਂ ਦੀ ਸਿਖਲਾਈ ਦਾ ਇਕ ਵਿਸ਼ੇਸ਼ ਕਾਰਜ ਸੰਸਕ੍ਰਿਤ ਦਾ ਅਧਿਐਨ ਵੀ ਹੋਣਾ ਚਾਹੀਦਾ ਹੈ। ਇਉਂ ਹੀ, ਐਸ. ਡਬਲਿਊ. ਫਾਲਨ ਨੇ ਆਪਣੀ ਨਿਊ ਹਿੰਦੁਸਤਾਨੀ ਡਿਕਸ਼ਨਰੀ' (1879) ਵਿਚ ਆਮ ਬੋਲਚਾਲ ਦੇ ਲਫ਼ਜ਼ਾਂ ਨੂੰ ਸ਼ਾਮਿਲ ਕਰਨ ਪਿਛੋਂ ਆਪਣੇ ਮਨੋਰਥ ਦਾ ਭੂਮਿਕਾ ਵਿਚ ਜ਼ਿਕਰ ਕਰਦਿਆਂ ਕਿਹਾ ਕਿ ਇਸ ਡਿਕਸ਼ਨਰੀ ਵਿਚ ਸ਼ਾਮਿਲ ਕੀਤੀ ਬੋਲਚਾਲ ਦੀ ਸ਼ਬਦਾਵਲੀ ਯੂਰਪੀਨ ਅਫ਼ਸਰਾਂ ਨੂੰ ਸਾਧਾਰਣ ਪੇਂਡੂ ਲੋਕਾਂ ਵਿਚ ਵਿਚਰਨ ਵਿਚ ਸਹਾਈ ਹੋਵੇਗੀ। ਜੇ. ਜਿਉਕਸ ਲਿਖਦਾ ਹੈ ਕਿ ਇਸ ਕੋਸ਼ ਦੀ ਰਚਨਾ ਦਾ ਮਕਸਦ ਲੋਕਾਂ ਦੀ ਬੋਲੀ ਤੋਂ ਜਾਣੂ ਹੋਣਾ ਹੈ ਤਾਂ ਜੋ ਈਸਾਈ ਪੁਸਤਕਾਂ ਦਾ ਸਹੀ ਅਨੁਵਾਦ ਕੀਤਾ ਜਾ ਸਕੇ ਜੋ ਸਾਧਾਰਣ ਲੋਕਾਂ ਦੇ ਕੰਮ ਆ ਸਕਣ। ਇਉਂ ਹੀ, ਟੀ. ਗ੍ਰਾਹਮ ਬੇਲੀ ਲਿਖਦਾ ਹੈ ਕਿ ਇਹ ਕੋਸ਼ ਮੂਲ ਰੂਪ ਵਿਚ ਉਨ੍ਹਾਂ ਯੂਰਪੀਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿਆਰ ਕੀਤਾ ਗਿਆ ਸੀ ਜਿਹੜੇ ਇਸ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਲਈ ਪੰਜਾਬੀ ਬੋਲੀ ਵਰਤਦੇ ਸਨ। ਸੋ, ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਅੰਗ੍ਰੇਜ਼ ਅਫ਼ਸਰਾਂ ਦੇ ਯਤਨਾਂ ਨਾਲ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਸਮਭਾਸ਼ੀ, ਦੁਭਾਸ਼ੀ, ਮੁਹਾਵਰਾ ਅਤੇ ਅਖਾਣ, ਬਹੁਭਾਸ਼ੀ ਕੋਸ਼ ਆਦਿ ਹੋਂਦ ਵਿਚ ਆਏ।

7.4 ਪੰਜਾਬੀ ਕੋਸ਼ਕਾਰੀ : ਪੰਜਾਬੀ ਕੋਸ਼ਕਾਰਾਂ ਦੇ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਪੈਰ ਧਰਨ ਸਮੇਂ ਸੰਸਕ੍ਰਿਤ, ਫ਼ਾਰਸੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦੇ ਕੋਸ਼ ਮੌਜੂਦ ਸਨ। ਸੰਸਕ੍ਰਿਤ

ਕੋਸ਼ ਪਰੰਪਰਾ ਅਤੇ ਮੁਸਲਮਾਨਾਂ ਤੇ ਅੰਗ੍ਰੇਜ਼ਾਂ ਦੇ ਪ੍ਰਵੇਸ਼ ਨਾਲ ਪੈਦਾ ਹੋਏ ਮਿਸ਼੍ਰਿਤ ਸਮਾਜਕ ਅਤੇ ਸਭਿਆਚਾਰਕ ਅਮਲ ਵਿਚੋਂ ਪੰਜਾਬੀ ਕੋਸ਼ਕਾਰੀ ਦਾ ਜੋ ਚਿੱਤਰ ਉੱਘੜ ਕੇ ਸਾਮ੍ਹਣੇ ਆਇਆ ਹੈ, ਉਸ ਨੂੰ ਅਗਲੇ ਪੰਨਿਆਂ ਵਿਚ ਸੰਖੇਪ ਵਿਚ ਚਿਤ੍ਰਿਤ ਕਰਨ ਦਾ ਯਤਨ ਕੀਤਾ ਗਿਆ ਹੈ।

7.4.1 ਸਮਭਾਸ਼ੀ ਕੋਸ਼ : ਅੰਗ੍ਰੇਜ਼ਾਂ ਦੇ ਪੰਜਾਬ ਵਿਚ ਪ੍ਰਵੇਸ਼ ਕਰਨ ਨਾਲ ਈਸਾਈ ਮਿਸ਼ਨਰੀਆਂ ਨੇ ਪੰਜਾਬੀ ਬੋਲੀ ਵਿਚ ਈਸਾਈ ਮਤ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਸ ਧਰਮ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਪੰਜਾਬ ਵਿਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਵਿਚ ਆਪਣੇ ਆਪਣੇ ਵਿਰਸੇ ਅਤੇ ਧਰਮਾਂ ਦੀ ਸੁਰੱਖਿਆ ਅਤੇ ਪੁਨਰਉਥਾਨ ਦੀਆਂ ਲਹਿਰਾਂ ਨੇ ਜਨਮ ਲਿਆ। ਇਨ੍ਹਾਂ ਲਹਿਰਾਂ ਨੇ ਵਿਦਿਆ ਅਤੇ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਤੇ ਅਧਿਕ ਬਲ ਦਿੱਤਾ। ਇਕ ਪਾਸੇ ਮਹੱਤਵਪੂਰਣ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਅਤੇ ਦੂਜੇ ਪਾਸੇ ਅੰਗ੍ਰੇਜ਼ ਹਾਕਮਾਂ ਦੀ ਸੋਚੀ-ਸਮਝੀ ਸੂਖਮ ਚਾਲ ਦਾ ਟਾਕਰਾ ਕਰਨ ਲਈ ਆਪਣੇ ਵਿਰਸੇ ਨੂੰ ਵਿਦੇਸ਼ੀ ਪ੍ਰਭਾਵਾਂ ਤੋਂ ਸੁਰੱਖਿਅਤ ਰੱਖਣ ਦੇ ਯਤਨ ਆਰੰਭੇ ਗਏ। ਇਕ ਪਾਸੇ ਆਪਣੇ ਧਰਮ ਦਾ ਤਿਆਗ ਕਰ ਕੇ ਈਸਾਈ ਧਰਮ ਧਾਰਣ ਕਰਨ ਦੀ ਕੋਹਜੀ ਪ੍ਰਵਿਰਤੀ ਨੂੰ ਠੱਲ੍ਹ ਪੈ ਗਈ ਅਤੇ ਦੂਜੇ ਪਾਸੇ ਆਪਣੇ ਅਨਮੋਲ ਅਤੇ ਸੁਨਹਿਰੀ ਸਭਿਆ-ਚਾਰਕ ਵਿਰਸੇ ਨੂੰ ਕੋਸ਼ਬੱਧ ਕਰਨ ਦੀ ਪ੍ਰਵਿਰਤੀ ਵੀ ਧਾਰਮਿਕ ਪੁਨਰਜਾਗਰਤੀ ਦੇ ਮਾਹੌਲ ਵਿਚੋਂ ਹੀ ਪੈਦਾ ਹੋਈ। ਸਿੱਟੇ ਵਜੋਂ, ਕੋਸ਼ ਨਿਰਮਾਣ ਲਈ ਸਾਡੇ ਮੋਢੀ ਕੋਸ਼ਕਾਰਾਂ ਨੇ ਪਰੰਪਰਾਗਤ ਪਰਿਪੇਖ ਵਿਚ ਉਪਲਬਧ ਸੰਸਕ੍ਰਿਤ ਤੇ ਫ਼ਾਰਸੀ ਕੋਸ਼ਕਾਰਾਂ ਵਲੋਂ ਅਪਣਾਈਆਂ ਕੋਸ਼-ਵਿਧਾਵਾਂ ਦਾ ਅਨੁਸਰਣ ਕੀਤਾ। ਸੰਸਕ੍ਰਿਤ ਕੋਸ਼ਾਂ ਵਾਂਗ ਸਮਭਾਸ਼ੀ ਕੋਸ਼ ਰਚਨਾ ਪ੍ਰਕ੍ਰਿਆ ਆਰੰਭ ਹੋਈ ਅਤੇ ਇਸ ਮੰਤਵ ਲਈ ਮੁੱਖ ਤੌਰ ਤੇ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚ ਸੰਕਲਿਤ ਸ਼ਬਦ-ਸਾਮੱਗਰੀ ਨੂੰ ਆਧਾਰ ਬਣਾਇਆ ਗਿਆ।

(ੳ) **ਗੁਰਬਾਣੀ ਤੇ ਆਧਾਰਿਤ ਕੋਸ਼ :** ਗੁਰਬਾਣੀ ਨਾਲ ਸੰਬੰਧਿਤ ਪ੍ਰਕਾਸ਼ਿਤ ਕੋਸ਼ਾਂ ਦੀ ਇਹ ਸੂਚੀ ਉਪਲਬਧ ਹੋਈ ਹੈ :

1. ਹਜ਼ਾਰਾ ਸਿੰਘ (ਗਿਆਨੀ), **ਸ੍ਰੀ ਗੁਰੂ ਗ੍ਰੰਥ ਕੋਸ਼**, ਖਾਲਸਾ ਟ੍ਰੈਕਟ ਸੁਸਾਇਟੀ, ਅਮ੍ਰਿਤਸਰ, 1899; ਸੋਧਿਆ ਸੰਸਕਰਣ (ਭਾਈ ਵੀਰ ਸਿੰਘ), ਰਾਜਿੰਦਰ ਪ੍ਰੈਸ, ਪਟਿਆਲਾ, 1927.
2. ਕਾਨ੍ਹ ਸਿੰਘ (ਭਾਈ), **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, 1930; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981.
3. ਗੁਰਮੁਖ ਸਿੰਘ ਨਿਰਮਲਾ, **ਸ੍ਰੀ ਗੁਰੂ ਗ੍ਰੰਥ ਕੋਸ਼**, ਜਵਾਹਰ ਸਿੰਘ ਕਿਰਪਾਲ ਸਿੰਘ, ਅਮ੍ਰਿਤਸਰ, ਮਿਤੀਹੀਣ।
4. ਤਾਰਾ ਸਿੰਘ ਨਰੋਤਮ (ਪੰਡਿਤ), **ਸ੍ਰੀ ਗੁਰੂ ਗਿਰਾਰਥ ਕੋਸ਼**, ਰਾਜਿੰਦਰ ਪ੍ਰੈਸ, ਪਟਿਆਲਾ, 1895.

5. ਤੇਜਾ ਸਿੰਘ (ਸੋਢੀ), **ਸ੍ਰੀ ਗੁਰੂ ਬਾਣੀ ਪਰਕਾਸ਼ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਫੇਵਾਰ ਕੋਸ਼**, 1932, 1953.
6. ਪਿਆਰਾ ਸਿੰਘ ਪਦਮ, **ਗੁਰਬਾਣੀ ਕੋਸ਼**, ਸਿੰਘ ਬ੍ਰਦਰਜ਼, ਅਮ੍ਰਿਤਸਰ, 1960.
7. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.
8. ਪਿਆਰਾ ਸਿੰਘ ਪਦਮ, ਗੁਰੂ **ਗ੍ਰੰਥ ਵਿਚਾਰ** ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.
9. ਬਲਬੀਰ ਸਿੰਘ, **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.
10. ਬਿਸ਼ਨ ਸਿੰਘ (ਗਿਆਨੀ), **ਗੁਰੂ ਗ੍ਰੰਥ ਕੋਸ਼**
11. ਬਿਸ਼ਨ ਦਾਸ ਉਦਾਸੀ, **ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, 1898.
12. ਰਾਮ ਸਿੰਘ ਭੁੰਡਾਲਾ, **ਗੁਰਬਾਣੀ ਅਦੁੱਤੀ ਕੋਸ਼**, ਪ੍ਰਤਾਪ ਸਿੰਘ ਸੁੰਦਰ ਸਿੰਘ, ਅਮ੍ਰਿਤਸਰ, 1922.
13. ਲਾਲ ਸਿੰਘ (ਗਿਆਨੀ), **ਕੋਸ਼ ਸ੍ਰੀ ਦਸਮ ਗ੍ਰੰਥ**, ਜਨਕ ਪੁਸਤਕ ਭੰਡਾਰ, ਸੰਗਰੂਰ, 1949
14. ਲਾਲ ਸਿੰਘ (ਗਿਆਨੀ), **ਗੁਰਮਤ ਮਾਰਤੰਡ** (ਭਾਗ ਦੂਜਾ), ਜਨਕ ਪੁਸਤਕ ਭੰਡਾਰ, ਸੰਗਰੂਰ, 1949.
15. ਵੀਰ ਸਿੰਘ (ਭਾਈ), **ਸ੍ਰੀ ਗੁਰੂ ਗ੍ਰੰਥ ਕੋਸ਼**, ਖਾਲਸਾ ਸਮਾਚਾਰ, ਅਮ੍ਰਿਤਸਰ, 1939.

ਗੁਰਬਾਣੀ ਨਾਲ ਸੰਬੰਧਿਤ ਇਨ੍ਹਾਂ ਕੋਸ਼ਾਂ ਵਿਚ ਵੀ ਸੰਸਕ੍ਰਿਤ ਕੋਸ਼ਾਂ ਵਾਂਗ ਗੂੜ੍ਹ ਅਤੇ ਔਖੇ ਸ਼ਬਦਾਂ ਅਤੇ ਵਾਕਾਂਸ਼ਾਂ ਦੇ ਅਰਥ ਸਪਸ਼ਟ ਕੀਤੇ ਗਏ ਹਨ। ਪਰੰਤੂ ਇਹ ਕੋਸ਼ ਤਿਆਰ ਕਰਦਿਆਂ ਕੋਸ਼ਕਾਰੀ ਦੇ ਸਾਧਾਰਣ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ। ਕੋਸ਼ੀ ਇਕਾਈਆਂ ਦੀ ਤਰਤੀਬ ਅੱਖਰ-ਮਾਤਰਾ ਕ੍ਰਮ ਅਨੁਸਾਰ ਨਹੀਂ ਹੈ। ਗਿਆਨੀ ਹਜ਼ਾਰਾ ਸਿੰਘ ਦੇ ਕੋਸ਼ ਵਿਚ ਪੰਜਾਬੀ ਸ਼ਬਦਾਂ ਦੀ ਵਿਉਤਪੱਤੀ ਦੇਣ ਦਾ ਯਤਨ ਵੀ ਕੀਤਾ ਗਿਆ ਹੈ। ਇਸ ਕੋਸ਼ ਵਿਚ ਗੁਰਬਾਣੀ ਸੰਬੰਧੀ ਸਮੁੱਚੀ ਸੂਚਨਾ ਦਰਜ ਨਹੀਂ ਕੀਤੀ ਗਈ। ਕੇਵਲ 'ਕਠਿਨ ਜਾਂ ਨਿਰਣਯੋਗ' ਪੰਗਤੀਆਂ ਦੀ ਵਿਆਖਿਆ ਕੀਤੀ ਗਈ ਹੈ। ਸ਼ਬਦਾਂ ਦੀ ਤਰਤੀਬ ਸ਼ਬਦਾਂ ਦੇ ਮੁਢਲੇ ਅਤੇ ਅਖੀਰਲੇ ਅੱਖਰਾਂ ਅਨੁਸਾਰ ਦਿੱਤੀ ਗਈ ਹੈ। ਕੁਝ ਕੋਸ਼ਾਂ ਵਿਚ ਤਰਤੀਬ ਕੇਵਲ ਅੱਖਰਾਂ ਅਨੁਸਾਰ ਹੀ ਦਿੱਤੀ ਗਈ ਹੈ, ਮਾਤਰਾਵਾਂ ਦਾ ਖ਼ਿਆਲ ਨਹੀਂ ਰੱਖਿਆ ਗਿਆ। ਭਾਵੇਂ ਇਸ ਸੂਚੀ ਵਿਚ ਦਰਜ ਸਾਰੇ ਕੋਸ਼ ਗੁਰਬਾਣੀ ਨਾਲ ਸੰਬੰਧਿਤ ਹਨ, ਪਰ ਇਨ੍ਹਾਂ ਵਿਚੋਂ ਭਾਈ ਕਾਨ੍ਹ ਸਿੰਘ ਦਾ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਅਤੇ ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ 'ਗੁਰੂ ਗ੍ਰੰਥ ਵਿਚਾਰ ਕੋਸ਼' ਅਤੇ 'ਗੁਰੂ ਗ੍ਰੰਥ

ਸੰਕੇਤ ਕੋਸ਼' ਦੂਜੇ ਕੋਸ਼ਾਂ ਨਾਲੋਂ ਵਿਲੱਖਣ, ਵਿਸ਼ੇਸ਼ ਤੇ ਭਿੰਨ ਹਨ। 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਤੇ ਚਰਚਾ ਅਸੀਂ ਉਚਿਤ ਪ੍ਰਸੰਗ ਵਿਚ ਕਰਾਂਗੇ।

ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਉਪਰ-ਵਰਣਿਤ ਦੋਹਾਂ ਕੋਸ਼ਾਂ ਦੀ ਵਿਲੱਖਣਤਾ ਅਤੇ ਵਿਸ਼ਿਸ਼ਟਤਾ ਇਸ ਤੱਥ ਵਿਚ ਹੈ ਕਿ ਇਨ੍ਹਾਂ ਵਿਚ ਉਪਰੋਕਤ ਸੂਚੀ ਵਿਚ ਦਰਜ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਤੇ ਆਧਾਰਿਤ ਕੋਸ਼ਾਂ ਵਾਂਗ ਗੂੜ੍ਹ ਅਤੇ ਔਖੇ ਸ਼ਬਦਾਂ ਦੀ ਵਿਆਖਿਆ ਨਹੀਂ ਕੀਤੀ ਗਈ ਅਤੇ ਨਾ ਹੀ ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਸ਼ਬਦਾਵਲੀ ਸ਼ਾਮਿਲ ਕੀਤੀ ਗਈ ਹੈ। 'ਗੁਰੂ ਗ੍ਰੰਥ ਵਿਚਾਰ ਕੋਸ਼' ਵਿਚ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਤੇ ਪ੍ਰਭਾਵੀ ਸੰਕਲਪਾਂ ਜਿਵੇਂ ਅਹੰਕਾਰ, ਆਤਮਾ, ਸਚ, ਸਤਿਸੰਗਤਿ, ਸਤਿਗੁਰੂ, ਸਿਮਰਨ, ਮਨਮੁਖ, ਗੁਰਮੁਖ, ਮਾਇਆ, ਮੁਕਤੀ ਆਦਿ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਢੁਕਵੀਆਂ ਤੁਕਾਂ ਦੀ ਸਹਾਇਤਾ ਨਾਲ ਸਪਸ਼ਟ ਕੀਤਾ ਗਿਆ ਹੈ। ਇਉਂ ਹੀ, 'ਗੁਰੂ ਗ੍ਰੰਥ ਸੰਕੇਤ ਕੋਸ਼' ਵਿਚ ਗੁਰੂ ਸਾਹਿਬਾਨ ਦੁਆਰਾ ਆਪਣੇ ਵਿਚਾਰਾਂ ਦੇ ਸਮਰਥਨ ਅਤੇ ਸਪਸ਼ਟਤਾ ਲਈ ਵਰਤੇ ਪ੍ਰਾਚੀਨ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਤੇ ਸੰਕੇਤਾਂ ਨੂੰ ਕੋਸ਼ਬੱਧ ਕੀਤਾ ਹੈ। ਇਹ ਕੋਸ਼ ਵੀ ਇਨ੍ਹਾਂ ਸੰਕੇਤਾਂ ਜਿਵੇਂ ਉਗ੍ਰਸੈਨ, ਅਹਲਿਆ, ਆਈ ਪੰਥੀ, ਗੰਧ੍ਰਬ, ਪ੍ਰਹਲਾਦ ਆਦਿ ਨੂੰ ਸਮਝਣ ਲਈ ਪਾਠਕਾਂ ਦੀ ਸਹਾਇਤਾ ਕਰਦੇ ਹਨ। ਇੰਜ ਇਹ ਦੋਵੇਂ ਕੋਸ਼ ਪੰਜਾਬੀ ਪਾਠਕਾਂ ਲਈ ਗੁਰਬਾਣੀ ਦੇ ਅਰਥ ਗ੍ਰਹਿਣ ਕਰਨ ਲਈ ਬਹੁਤ ਉਪਯੋਗੀ ਹੋ ਨਿਬੜੇ ਹਨ।

ਇਉਂ ਧਾਰਮਿਕ ਗ੍ਰੰਥਾਂ ਦੇ ਸ਼ਬਦ-ਭੰਡਾਰ ਨੂੰ ਸੁਰੱਖਿਅਤ ਰੱਖਣ ਲਈ ਗੁਰਬਾਣੀ ਨਾਲ ਸੰਬੰਧਿਤ ਇਨ੍ਹਾਂ ਕੋਸ਼ਾਂ ਦਾ ਇਤਿਹਾਸਕ ਮਹੱਤਵ ਅਤੇ ਅਹਿਮ ਰੋਲ ਹੈ।

(ਅ) ਪਰਿਆਇ ਕੋਸ਼ : ਹੁਣ ਤਕ ਉਪਲਬਧ ਪਰਿਆਇ ਕੋਸ਼ ਹੇਠ ਲਿਖੇ ਅਨੁਸਾਰ ਹਨ :

1. ਸੰਤ ਪ੍ਰਕਾਸ਼, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਯ, ਮਿਤੀਹੀਣ।
2. ਸ਼ਾਮ ਸਿੰਘ, ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਾਰਾਇਣ ਸਿੰਘ, ਅਮ੍ਰਿਤਸਰ, 1936.
3. ਸੁਤੇ ਪ੍ਰਕਾਸ਼, ਪ੍ਰਯਾਇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਵਜ਼ੀਰ-ਇ-ਹਿੰਦ ਪ੍ਰੈਸ, ਅਮ੍ਰਿਤਸਰ, 1898.
4. ਸੂਰਤ ਸਿੰਘ, ਨਿਘੰਟੂ ਯੂਨਾਨੀ ਕੋਸ਼, ਸ਼ਾਹੀ ਪ੍ਰੈਸ, ਲੁਧਿਆਣਾ, ਮਿਤੀਹੀਣ।
5. ਸੇਵਾ ਸਿੰਘ ਗਰੇਵਰ, ਨਿਘੰਟੂ (ਆਯੁਰਵੈਦਿਕ ਸ਼ਬਦਾਵਲੀ ਕੋਸ਼), ਮਿਤੀਹੀਣ।
6. ਕ੍ਰਿਪਾਲ ਸਿੰਘ (ਗਿਆਨੀ), ਸਮ ਅਰਥ ਕੋਸ਼, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਐਂਡ ਕੋ., ਅਮ੍ਰਿਤਸਰ, 1961.
7. ਗੋਬਿੰਦ ਦਾਸ, ਪ੍ਰਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਤ ਸਿੰਘ, ਅਮ੍ਰਿਤਸਰ 1929.

8. ਚੰਦਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪ੍ਰਿਯਾਇ, ਯੰਤ੍ਰਲਯ ਅਮਰ ਪ੍ਰੈਸ, ਅਮ੍ਰਿਤਸਰ, 1888.
9. ਚੰਦਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਮੱਧ ਸੇ ਪ੍ਰਿਯਾਇ ਫਾਰਸੀ ਪਦੋਂ ਕੇ, ਯੰਤ੍ਰਾਲਯ ਅਮਰ ਪ੍ਰੈਸ, ਅਮ੍ਰਿਤਸਰ, 1897.
10. ਚੰਦਾ ਸਿੰਘ, ਪ੍ਰਿਯਾਇ ਆਦਿ ਸ੍ਰੀ ਗ੍ਰੰਥ ਸਾਹਿਬ ਜੀ, ਹਰੀ ਸਿੰਘ ਦਿੱਤ ਸਿੰਘ, ਅਮ੍ਰਿਤਸਰ, 1907
11. ਠਾਕੁਰ ਸਿੰਘ ਬਾਵਾ, ਪ੍ਰਯਾਯ ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਵਜ਼ੀਰ-ਇ-ਹਿੰਦ ਪ੍ਰੈਸ, ਅਮ੍ਰਿਤਸਰ, ਮਿਤੀਹੀਣ
12. ਮੇਲਾ ਸਿੰਘ, ਪ੍ਰਿਯਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ (ਅਪੂਰਣ), ਅਮ੍ਰਿਤਸਰ, 1888.
13. ਰਣ ਸਿੰਘ ਬੇਦੀ, ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 1872.
14. ਲਕਖਮਣ ਸਵਰੂਪ, ਨਿਘੰਟੂ- ਨਿਗਮ ਨਿਰੁਕਤ ਕੋਸ਼, ਇੰਡੀਯਨ ਪ੍ਰੈਸ, ਅਲਾਹਾਬਾਦ, 1929.
15. ਲਾਲ ਹਰੀ, ਏਕ ਨਾਮ ਅਨੇਕ ਨਾਮਾਵਲੀ, ਵਜ਼ੀਰ-ਇ-ਹਿੰਦ ਪ੍ਰੈਸ, ਅਮ੍ਰਿਤਸਰ, ਮਿਤੀਹੀਣ ।

ਸੰਸਕ੍ਰਿਤ ਕੋਸ਼ ਪਰੰਪਰਾ ਵਿਚ ਉਪਲਬਧ ਨਿਘੰਟੂਆਂ, ਪਰਿਆਇ ਕੋਸ਼ਾਂ, ਨਾਮ-ਮਾਲਾ ਕੋਸ਼ਾਂ ਦੇ ਸਮਾਨਾਂਤਰ ਪੰਜਾਬੀ ਕੋਸ਼ਕਾਰਾਂ ਨੇ ਪਰਿਆਇ ਕੋਸ਼ਾਂ ਦੇ ਸੰਕਲਨ ਲਈ ਅਧਿਕਤਰ ਗੁਰੂ ਗ੍ਰੰਥ ਸਾਹਿਬ ਦੀ ਸ਼ਬਦ-ਸਾਮੱਗਰੀ ਨੂੰ ਆਧਾਰ ਬਣਾਇਆ । ਇਨ੍ਹਾਂ ਕੋਸ਼ਾਂ ਵਿਚ ਮੂਲ ਕੋਸ਼ੀ ਇਕਾਈ ਦੇ ਸੰਭਵ ਸਮਾਨਾਰਥਕ ਸ਼ਬਦ ਦੇਣ ਦਾ ਯਤਨ ਕੀਤਾ ਗਿਆ ਹੈ ।

(ਏ) **ਸਾਧਾਰਣ ਕੋਸ਼ :** ਸਾਧਾਰਣ ਕੋਸ਼ਾਂ ਦੇ ਸੰਕਲਨ ਵਲ ਨਿੱਜੀ ਪੱਧਰ ਤੇ ਕੰਮ ਘੱਟ ਹੀ ਹੋਇਆ ਹੈ । ਇਸ ਪਾਸੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ । ਕੇਵਲ ਚਾਰ ਸਾਧਾਰਣ ਕੋਸ਼ ਹੀ ਉਪਲਬਧ ਹਨ :

1. ਸਰਲ ਪੰਜਾਬੀ ਕੋਸ਼, ਆਜ਼ਾਦ ਬੁਕ ਡਿਪੋ, ਅਮ੍ਰਿਤਸਰ, ਮਿਤੀਹੀਣ ।
2. ਕਰਤਾਰ ਸਿੰਘ, ਪਰਮਾਣੀਕ ਪੰਜਾਬੀ-ਪੰਜਾਬੀ ਕੋਸ਼ (ਪਹਿਲੀ ਜਿਲਦ : ੳ-ਹ), ਲਾਹੌਰ ਬੁਕ ਸ਼ਾਪ, ਲੁਧਿਆਣਾ, 1963
3. ਬਿਸ਼ਨ ਦਾਸ ਪੁਰੀ, ਪੰਜਾਬੀ ਸ਼ਬਦ ਭੰਡਾਰ (ਪੰਜਾਬੀ ਪਦਾਂ ਦੇ ਅਰਥ ਪੰਜਾਬੀ ਵਿਚ), ਪੰਜਾਬ ਟੈਕਸਟ ਬੁਕ ਕਮੇਟੀ, ਲਾਹੌਰ, 1922.
4. ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਕੋਸ਼ (ਛੇ ਜਿਲਦਾਂ : 1955-1983), ਪਟਿਆਲਾ ।

ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਅੰਗ੍ਰੇਜ਼ਾਂ ਦਾ ਪੰਜਾਬ ਵਿਚ ਪ੍ਰਵੇਸ਼ ਅਤੇ 1947 ਵਿਚ ਸੁਤੰਤਰਤਾ ਪ੍ਰਾਪਤੀ ਦੋ ਮਹੱਤਵਪੂਰਣ ਮੋੜ ਹਨ ਜਿਨ੍ਹਾਂ ਨੇ ਇਸ ਦੀ ਨੁਹਾਰ ਨੂੰ ਨਵੀਂ

ਦਿਸ਼ਾ ਪ੍ਰਦਾਨ ਕੀਤੀ । ਅੰਗ੍ਰੇਜ਼ਾਂ ਦੇ ਇਸ ਖਿੱਤੇ ਵਿਚ ਆਪਣੀਆਂ ਜੜਾਂ ਪੱਕੀਆਂ ਕਰਨ ਲਈ ਈਸਾਈ ਧਰਮ ਅਤੇ ਪੱਛਮੀ ਵਿਚਾਰਾਂ ਦੇ ਪ੍ਰਤਿਕਰਮ ਵਜੋਂ ਜਿਥੇ ਆਪਣੇ ਵਿਰਸੇ ਦੀ ਸਾਂਭ-ਸੰਭਾਲ ਲਈ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਤੇ ਆਧਾਰਿਤ ਗੁਰਬਾਣੀ ਕੋਸ਼ਾਂ, ਪਰਿਆਇ ਕੋਸ਼ਾਂ ਅਤੇ ਨਿਘੰਟੂਆਂ ਦੀ ਰਚਨਾ ਹੋਈ, ਉਥੇ ਸੁਤੰਤਰਤਾ ਪ੍ਰਾਪਤੀ ਪਿਛੋਂ "ਭਾਸ਼ਾ ਨੂੰ ਸਿਖਿਆ, ਰਾਜਪ੍ਰਬੰਧ ਤੇ ਅਦਾਲਤੀ ਕੰਮਕਾਜ ਦੇ ਖੇਤਰਾਂ ਵਿਚ ਜੋ ਸਥਾਨ ਮਿਲਿਆ, ਨਾਲੇ ਪੰਜਾਬੀ ਲੇਖਣ, ਵਿਸ਼ੇਸ਼ ਕਰਕੇ ਪੱਤਰਕਾਰੀ ਦੇ ਕੰਮ ਵਿਚ ਜੋ ਫੈਲਾਉ ਆਇਆ, ਉਸ ਨੇ ਪੰਜਾਬੀ ਕੋਸ਼ਕਾਰੀ ਦੀਆਂ ਬੁਨਿਆਦੀ ਲੋੜਾਂ, ਮਨੋਰਥਾਂ ਤੇ ਪ੍ਰਯੋਜਨਾਂ ਵਿਚ ਪਰਿਵਰਤਨ ਲਿਆ ਦਿੱਤਾ । ਇਕ ਪਾਸੇ ਤਾਂ ਪੰਜਾਬੀ ਭਾਸ਼ਾ ਧਾਰਮਿਕ ਵਲਗਣਾਂ ਵਿਚੋਂ ਨਿਕਲ ਕੇ ਪੰਜਾਬੀ ਲੋਕਾਂ ਦੇ ਇਸ-ਲੌਕਿਕ ਜੀਵਨ ਦੇ ਵਿਸ਼ਾਲ ਪਾਸਾਰਾਂ ਵਿਚ ਪਸਰਨ ਲੱਗੀ । ਰਾਜਨੀਤੀ, ਰਾਜਪ੍ਰਬੰਧ, ਸਕੂਲ ਤੇ ਉਸ ਤੋਂ ਉਚੇਰੀ ਪੱਧਰ ਦੀ ਸਿਖਿਆ, ਭਿੰਨ ਭਿੰਨ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਦੀ ਤਿਆਰੀ, ਅਦਾਲਤੀ ਕੰਮਕਾਜ, ਪੱਤਰਕਾਰੀ ਆਦਿ ਦੇ ਖੇਤਰਾਂ ਵਿਚ ਪੰਜਾਬੀ ਭਾਸ਼ਾ ਦੇ ਵਧਦੇ ਪ੍ਰਯੋਗ ਨੇ ਪੰਜਾਬੀ ਲਿਖਤਾਂ ਵਿਚ ਸ਼ਬਦ ਨੂੰ ਸਪਸ਼ਟ, ਪਾਰਦਰਸ਼ੀ, ਨਿਸ਼ਚਿਤ ਅਰਥਾਂ ਵਿਚ ਵਰਤਣ ਦੀ ਲੋੜ ਪੈਦਾ ਕੀਤੀ । ਦੂਜੇ ਪਾਸੇ ਦੂਜੀਆਂ ਭਾਸ਼ਾਵਾਂ, ਵਿਸ਼ੇਸ਼ ਕਰਕੇ ਅੰਗ੍ਰੇਜ਼ੀ ਤੋਂ ਆਧੁਨਿਕ ਚਿੰਤਨ, ਪੱਛਮੀ ਸਾਹਿਤ, ਸ਼ੁੱਧ ਤੇ ਸਮਾਜਕ ਵਿਗਿਆਨਾਂ, ਤਕਨਾਲੋਜੀ ਆਦਿ ਦੇ ਭਿੰਨ ਭਿੰਨ ਵਿਸ਼ਿਆਂ ਦੇ ਪੰਜਾਬੀ ਵਿਚ ਉਲਥਾਉਣ ਦੀ ਆਵੱਸ਼ਕਤਾ ਸਾਹਮਣੇ ਆਈ । ਤੀਜੇ ਪਾਸੇ ਪੰਜਾਬੀ ਭਾਸ਼ਾ ਦੇ ਆਪਣੇ ਸਾਹਿਤ ਤੇ ਸਭਿਆਚਾਰ ਨੂੰ ਬਾਕੀ ਸੰਸਾਰ ਵਿਚ ਉਜਾਗਰ ਕਰਨ ਲਈ ਪੰਜਾਬੀ ਵਿਚੋਂ ਦੂਜੀਆਂ ਭਾਰਤੀ ਤੇ ਬਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀ ਪ੍ਰੇਰਨਾ ਉਤਪੰਨ ਹੋਈ । ਫਿਰ ਲੱਖਾਂ ਵਿਚ ਭਾਰਤ ਦੇ ਦੂਜੇ ਪ੍ਰਦੇਸ਼ਾਂ ਅਤੇ ਬਦੇਸ਼ਾਂ ਵਿਚ ਗਏ ਪੰਜਾਬੀਆਂ ਦੀ ਉਥੋਂ ਦੇ ਲੋਕਾਂ ਨਾਲ ਲੇਵੇ ਦੇਵੇ ਲਈ ਦੁਭਾਸ਼ੀ ਕੋਸ਼ਾਂ ਦੀ ਅਣਹੋਂਦ ਦਾ ਅਹਿਸਾਸ ਹੋਇਆ" (ਅਤਰ ਸਿੰਘ, 'ਖੋਜ ਦਰਪਣ', 1975) । 1948 ਵਿਚ ਭਾਸ਼ਾ ਵਿਭਾਗ, ਪੰਜਾਬ ਸਥਾਪਿਤ ਹੋਣ ਅਤੇ ਪੰਜਾਬੀ ਦੇ ਪੈਪਸੂ ਸਰਕਾਰ ਦੀ ਰਾਜ ਭਾਸ਼ਾ ਦੀ ਪਦਵੀ ਗ੍ਰਹਿਣ ਕਰਨ ਨਾਲ ਸਿਖਿਆ, ਪ੍ਰਬੰਧ ਅਤੇ ਅਦਾਲਤੀ ਕਾਰਗੁਜ਼ਾਰੀ ਲਈ ਮਾਧਿਅਮ ਬਣਨ ਨਾਲ ਇਸ ਵਿਚ ਇਤਿਹਾਸਕ ਮੋੜ ਅਤੇ ਮਹੱਤਵਪੂਰਣ ਪਰਿਵਰਤਨ ਆਇਆ । ਸਾਧਾਰਣ ਪਾਠਕਾਂ ਦੀਆਂ ਪੰਜਾਬੀ ਲਿਖਤਾਂ ਵਿਚ ਵਰਤੇ ਜਾਂਦੇ ਸੰਸਕ੍ਰਿਤ ਤੇ ਫ਼ਾਰਸੀ ਸ੍ਰੋਤ ਦੇ ਕਠਿਨ ਸ਼ਬਦਾਂ ਦਾ ਅਰਥ ਗ੍ਰਹਿਣ ਕਰਨ ਲਈ ਸਾਧਾਰਣ ਪੰਜਾਬੀ ਕੋਸ਼ ਦੀ ਅਣਹੋਂਦ ਦਾ ਅਹਿਸਾਸ ਹੋਇਆ । ਪੰਜਾਬੀ ਕੋਸ਼ਕਾਰਾਂ ਵਿਚ ਅਜਿਹੀ ਚੇਤਨਤਾ ਉਪਰੋਕਤ ਸਥਿਤੀਆਂ ਦੇ ਵਿਕਸਿਤ ਹੋਣ ਨਾਲ ਪੈਦਾ ਹੋਈ । ਕੋਸ਼ਕਾਰੀ ਦੇ ਖੇਤਰ ਵਿਚ ਇਸ ਘਾਟ ਨੂੰ ਮਹਿਸੂਸ ਕਰਦਿਆਂ ਭਾਸ਼ਾ ਵਿਭਾਗ ਨੇ ਇਸ ਪਾਸੇ ਪਹਿਲਕਦਮੀ ਕਰਦਿਆਂ 1948 ਵਿਚ ਸਾਧਾਰਣ ਪੰਜਾਬੀ ਕੋਸ਼ ਦੇ ਸੰਕਲਨ ਦੀ ਯੋਜਨਾ ਬਣਾਈ ਅਤੇ ਇਸ ਵਿਭਾਗ ਦੇ ਨਿਰੰਤਰ, ਸੁਹਿਰਦ ਅਤੇ ਸਿਰਤੋੜ ਯਤਨਾਂ ਨਾਲ 1948 ਵਿਚ ਉਲੀਕੀ ਯੋਜਨਾ ਕਿਤੇ 1983 ਵਿਚ ਜਾ ਕੇ ਸੰਪੰਨ ਹੋਈ । ਇਸ ਕੋਸ਼ ਦਾ ਵਿਸ਼ੇ-ਖੇਤਰ ਵਿਸਤ੍ਰਿਤ ਕੀਤਾ ਗਿਆ ਅਤੇ ਇਸ ਵਿਚ ਪ੍ਰਾਚੀਨ

ਅਤੇ ਨਵੇਂ ਪੰਜਾਬੀ ਸਾਹਿਤ ਦੀ ਸ਼ਬਦਾਵਲੀ ਸੰਮਿਲਤ ਕੀਤੀ ਗਈ। ਹਿੰਦੀ, ਹਿੰਦੁਸਤਾਨੀ ਅਤੇ ਉਰਦੂ ਸਾਹਿਤ ਦੇ ਪੰਜਾਬੀ ਵਿਚ ਪ੍ਰਚਲਿਤ ਸ਼ਬਦਾ ਨੂੰ ਇਸ ਦਾ ਅੰਗ ਬਣਾਇਆ ਗਿਆ। ਬਹੁਤ ਸਾਰੇ ਉਪਭਾਸ਼ਾਈ ਸ਼ਬਦਾਂ ਅਤੇ ਅਰਥਾਂ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸ ਦੇ ਇਲਾਵਾ, ਪ੍ਰਸਿੱਧ ਨਾਵਾਂ ਤੇ ਥਾਵਾਂ ਦੇ ਸ਼ਬਦ, ਪੰਜਾਬੀ ਸੰਕੇਤ, ਮੁਹਾਵਰੇ, ਸਮਾਸ, ਸਮਾਨਾਰਥਕ, ਵਿਪਰੀਤਾਰਥਕ ਸ਼ਬਦ, ਬਹੁਰੂਪੇ ਸ਼ਬਦ, ਅਨੇਕਾਰਥੀ ਸ਼ਬਦ, ਸਮਨਾਮੀ ਸ਼ਬਦ ਆਦਿ ਇਸ ਕੋਸ਼ ਵਿਚ ਸੰਜੋਏ ਗਏ। ਕੋਸ਼ੀ ਇਕਾਈਆਂ ਦੀ ਤਰਤੀਬ ਅੱਖਰ-ਮਾਤਰਾ ਕ੍ਰਮ ਅਨੁਸਾਰ ਰੱਖੀ ਗਈ, ਭਾਵੇਂ ਇਸ ਵਿਚ ਕਈ ਥਾਈਂ ਇਕਸਾਰਤਾ-ਭੰਗ ਦ੍ਰਿਸ਼ਟੀਗੋਚਰ ਹੁੰਦੀ ਹੈ। ਪੰਜਾਬੀ ਵਿਚ ਇਕ ਸ਼ਬਦ ਦੇ ਪ੍ਰਚਲਿਤ ਵਿਭਿੰਨ ਸ਼ਬਦ-ਰੂਪਾਂ ਦਾ ਪ੍ਰਮਾਣਕ ਰੂਪ ਨਿਸ਼ਚਿਤ ਕਰਨ ਦਾ ਵੀ ਕੁਝ ਹੱਦ ਤਕ ਉਪਰਾਲਾ ਕੀਤਾ ਗਿਆ ਹੈ। ਇਸ ਕੋਸ਼ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਭੂਮਿਕਾ ਵਿਚ ਪੰਜਾਬੀ ਕੋਸ਼ਕਾਰੀ, ਯੂਰਪ ਦੀ ਕੋਸ਼ਕਾਰੀ, ਚੀਨੀ ਕੋਸ਼ਕਾਰੀ ਤੇ ਅਰਬੀ ਕੋਸ਼ਕਾਰੀ ਦੇ ਸੰਖੇਪ ਇਤਿਹਾਸ ਦੇ ਨਾਲ ਨਾਲ ਹਥਲੇ ਕੋਸ਼ ਨੂੰ ਤਿਆਰ ਕਰਨ ਦੀ ਵਿਧੀ ਅਤੇ ਤਕਨੀਕ ਨੂੰ ਵਿਸਤ੍ਰਿਤ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਹ ਭੂਮਿਕਾ ਕੋਸ਼ਕਾਰੀ ਦੇ ਖੇਤਰ ਵਿਚ ਇਕ ਮੀਲ ਪੱਥਰ ਹੈ।

ਸੰਸਥਾਗਤ ਤੌਰ ਤੇ ਤਿਆਰ ਕੀਤੇ ਇਸ ਕੋਸ਼ ਦੇ ਇਲਾਵਾ, ਇਸ ਪਾਸੇ ਕੁਝ ਵਿਅਕਤੀਗਤ ਯਤਨ ਵੀ ਕੀਤੇ ਗਏ ਹਨ। ਬਿਸ਼ਨ ਦਾਸ ਪੁਰੀ ਦੇ 'ਪੰਜਾਬੀ ਸ਼ਬਦ ਭੰਡਾਰ' ਦੀ ਵੀ ਇਤਿਹਾਸਕ ਮਹੱਤਾ ਹੈ ਅਤੇ ਇਹ ਗੁਰਬਾਣੀ ਤੋਂ ਹਟ ਕੇ ਪੰਜਾਬੀ ਭਾਸ਼ਾ ਦਾ ਪਹਿਲਾ ਸਾਧਾਰਣ ਕੋਸ਼ ਹੈ। ਪਰੰਤੂ ਇਹ ਕੋਸ਼ ਮੱਯਾ ਸਿੰਘ ਦੀ 'ਦ ਪੰਜਾਬੀ ਡਿਕਸ਼ਨਰੀ' ਦਾ ਉਲਥਾ ਪ੍ਰਤੀਤ ਹੁੰਦਾ ਹੈ। ਜੜੀ ਬੂਟੀਆਂ ਤੇ ਉਪਭਾਸ਼ਾਈ ਸ਼ਬਦਾਂ ਦੀ ਲੰਬੀ ਤਫ਼ਸੀਲ ਛੱਡ ਦਿੱਤੀ ਗਈ ਹੈ ਅਤੇ ਅਸ਼ਲੀਲ ਸ਼ਬਦਾਂ ਦੀ ਇਸ ਵਿਚੋਂ ਛਾਂਟੀ ਕਰ ਦਿੱਤੀ ਗਈ ਹੈ। ਸਕੂਲੀ ਸਿਖਿਆ ਕਾਰਣ ਪ੍ਰਚਲਿਤ ਕੁਝ ਅੰਗ੍ਰੇਜ਼ੀ ਦੇ ਸ਼ਬਦ ਸ਼ਾਮਿਲ ਕਰ ਲਏ ਗਏ ਹਨ। ਸਾਹਿਤਕ ਸ਼ਬਦਾਵਲੀ ਸ਼ਾਮਿਲ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ ਜਿਸ ਕਰਕੇ ਸਾਹਿਤ ਪੜ੍ਹਨ-ਪੜ੍ਹਾਉਣ ਵਿਚ ਇਹ ਕੋਸ਼ ਮਦਦ ਨਹੀਂ ਕਰ ਸਕਦਾ। ਇੰਜ, ਸਾਡੇ ਕੋਲ ਲਾ ਪਾ ਕੇ ਭਾਸ਼ਾ ਵਿਭਾਗ, ਪੰਜਾਬ ਵਲੋਂ ਸੰਪਾਦਿਤ ਇਕੋ ਇਕ ਪ੍ਰਮਾਣਕ ਪੰਜਾਬੀ ਕੋਸ਼ ਉਪਲਬਧ ਹੈ।

(ਸ) ਉਪਭਾਸ਼ਾ ਕੋਸ਼ : ਦੁਭਾਸ਼ੀ ਉਪਭਾਸ਼ਾਈ ਗਲਾਸਰੀਆਂ ਦੀ ਪ੍ਰਥਾ ਵੀ ਅੰਗ੍ਰੇਜ਼ ਸ਼ਾਸਕਾਂ ਨੇ ਹੀ ਆਰੰਭ ਕੀਤੀ ਜਿਸ ਦਾ ਉਲੇਖ ਉਚਿਤ ਪ੍ਰਸੰਗ ਵਿਚ ਕੀਤਾ ਜਾਏਗਾ। ਇਨ੍ਹਾਂ ਕੋਸ਼ਾਂ ਦੇ ਆਧਾਰ ਤੇ ਭਾਸ਼ਾ ਵਿਭਾਗ, ਪੰਜਾਬ ਨੇ ਪੰਜਾਬੀ ਦੇ ਵਿਕਾਸ ਪ੍ਰਤਿ ਜ਼ਿੰਮੇਵਾਰੀ ਨੂੰ ਪਛਾਣਦਿਆਂ ਸਾਧਾਰਣ ਪੰਜਾਬੀ ਕੋਸ਼ ਦੇ ਨਾਲ ਨਾਲ ਉਪਭਾਸ਼ਾਈ ਕੋਸ਼ਾਂ ਦੇ ਨਿਰਮਾਣ ਵਲ ਵੀ ਧਿਆਨ ਦਿੱਤਾ। ਇਸ ਪ੍ਰਵਿਰਤੀ ਦੇ ਸੰਕੇਤ ਵਜੋਂ ਸਾਨੂੰ ਕੇਵਲ ਦੋ ਉਪਭਾਸ਼ਾ ਕੋਸ਼ ਹੀ ਉਪਲਬਧ ਹੋਏ ਹਨ :

1. **ਪੁਆਧੀ ਸ਼ਬਦ ਕੋਸ਼**, 1960.
2. **ਪੋਠੋਹਾਰੀ ਸ਼ਬਦ ਕੋਸ਼**, 1960.

ਇਨ੍ਹਾਂ ਕੋਸ਼ਾਂ ਦਾ ਮੁੱਖ ਮੰਤਵ ਪੰਜਾਬ ਦੇ ਇਨ੍ਹਾਂ ਖਿੱਤਿਆਂ ਵਿਚੋਂ ਵਿਸ਼ੇਸ਼ ਰੂਪ ਵਿਚ ਅਜਿਹੀ ਸ਼ਬਦਾਵਲੀ ਇਕੱਤਰ ਕਰਨਾ ਸੀ ਜਿਸ ਦਾ ਸਿਰਜਣਾਤਮਕ ਸਾਹਿਤ ਵਿਚ ਪ੍ਰਯੋਗ ਹੋ ਰਿਹਾ ਸੀ। ਭਾਸ਼ਾ ਵਿਭਾਗ ਨੇ ਇਨ੍ਹਾਂ ਦੇ ਇਲਾਵਾ ਕੋਈ ਹੋਰ ਉਪਭਾਸ਼ਾ ਕੋਸ਼ ਤਿਆਰ ਕਰਨ ਦਾ ਉਪਰਾਲਾ ਨਹੀਂ ਕੀਤਾ।

(ਹ) **ਮੁਹਾਵਰਾ ਤੇ ਅਖਾਣ ਕੋਸ਼ :** ਮੁਹਾਵਰੇ ਅਤੇ ਅਖਾਣ ਕਿਸੇ ਭਾਸ਼ਾ ਦੇ ਬੋਲਣਹਾਰਿਆਂ ਦੀ ਮਾਨਸਿਕ ਪ੍ਰਵਿਰਤੀ, ਜੀਵਨ ਦਰਸ਼ਨ, ਰਹਿਣ-ਸਹਿਣ, ਚੱਜ-ਆਚਾਰ ਅਤੇ ਸਿਆਣਪ-ਦਾਨਸ਼ਮੰਦੀ ਦੇ ਲਖਾਇਕ ਹਨ। ਇਨ੍ਹਾਂ ਨੂੰ ਗਿਆਨ ਦਾ ਭੰਡਾਰ ਮੰਨਿਆ ਜਾਂਦਾ ਹੈ। ਅਭਿਵਿਅਕਤੀ ਨੂੰ ਜ਼ੋਰਦਾਰ ਅਤੇ ਪ੍ਰਭਾਵਪੂਰਣ ਬਣਾਉਣ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮੁਹਾਵਰੇ ਅਤੇ ਅਖਾਣਾਂ ਦਾ ਸੰਕਲਨ ਵੀ ਦੋ ਮਨੋਰਥਾਂ ਦੀ ਪੂਰਤੀ ਲਈ ਕੀਤਾ ਗਿਆ। ਇਕ ਬੰਨੇ, ਅੰਗ੍ਰੇਜ਼ਾਂ ਨੇ ਲੋਕਾਂ ਨੂੰ ਸਮਝਣ ਅਤੇ ਸੰਵਾਦ ਰਚਾਉਣ ਦੇ ਸਮਰੱਥ ਹੋਣ ਲਈ ਇਨ੍ਹਾਂ ਨੂੰ ਸੰਕਲਿਤ ਕੀਤਾ, ਦੂਜੇ ਬੰਨੇ ਵਿਅਕਤੀਗਤ ਅਤੇ ਸੰਸਥਾਗਤ ਤੌਰ ਤੇ ਪੰਜਾਬੀ ਬੋਲੀ ਦੇ ਇਸ ਗਿਆਨ-ਭੰਡਾਰ ਨੂੰ ਸੰਭਾਲਣ ਦੇ ਉਪਰਾਲੇ ਕੀਤੇ ਗਏ। ਇਨ੍ਹਾਂ ਨੂੰ ਇਕੱਤਰ ਕਰਨ ਲਈ ਮੌਖਿਕ ਅਤੇ ਲਿਖਤੀ ਸਾਹਿਤ ਨੂੰ ਗਾਹਿਆ ਗਿਆ। ਅੰਗ੍ਰੇਜ਼ਾਂ ਰਾਹੀਂ ਅੰਗ੍ਰੇਜ਼ੀ ਭਾਸ਼ਾ ਦੇ ਸੰਪਰਕ ਵਿਚ ਆਉਣ ਉਪਰੰਤ ਅੰਗ੍ਰੇਜ਼ੀ ਵਿਚ ਉਪਲਬਧ ਮੁਹਾਵਰਾ ਤੇ ਅਖਾਣ ਕੋਸ਼ਾਂ ਨੇ ਵੀ ਇਸ ਪ੍ਰਸੰਗ ਵਿਚ ਪ੍ਰੇਰਣਾ-ਸ੍ਰੋਤ ਦਾ ਕੰਮ ਕੀਤਾ। ਦੇਸੀ ਅਤੇ ਵਿਦੇਸ਼ੀ, ਨਿਜੀ ਅਤੇ ਸੰਸਥਾਗਤ ਪੱਧਰ ਤੇ ਮੁਹਾਵਰਾ ਅਤੇ ਅਖਾਣ ਕੋਸ਼ ਤਿਆਰ ਕਰਨ ਦੇ ਜੋ ਯਤਨ ਹੁਣ ਤਕ ਹੋਏ ਹਨ, ਉਨ੍ਹਾਂ ਦੇ ਫਲਸਰੂਪ ਸਾਨੂੰ ਇਹ ਕੋਸ਼ ਪ੍ਰਾਪਤ ਹੋਏ ਹਨ :

1. ਇੰਦਰ ਸਿੰਘ ਗਿੱਲ, **ਪੰਜਾਬੀ ਅਖਾਣ ਭੰਡਾਰ**, ਲਾਹੌਰ ਬੁਕ ਸ਼ਾਪ, ਲਾਹੌਰ, 1944.
2. ਸ਼ਰਧਾ ਰਾਮ ਫਿਲੌਰੀ (ਪੰਡਿਤ), **ਪੰਜਾਬੀ ਬਾਤਚੀਤ**, 1884.
3. ਸਾਹਿਬ ਸਿੰਘ, ਮਹਿਤਾਬ ਸਿੰਘ, **ਪੰਜਾਬੀ ਸੋਹਜ ਪ੍ਰਕਾਸ਼**, ਲਾਹੌਰ ਬੁਕ ਸ਼ਾਪ, ਲਾਹੌਰ, 1941.
4. ਜੀਵਨ ਸਿੰਘ, **ਪੰਜਾਬੀ ਅਖੌਤਾਂ**, ਵਜ਼ੀਰ-ਇ-ਹਿੰਦ ਪ੍ਰੈਸ, ਅਮ੍ਰਿਤਸਰ, 1925.
5. ਤਾਰਨ ਸਿੰਘ, ਸਾਹਿਬ ਸਿੰਘ, **ਪੰਜਾਬੀ ਮੁਹਾਵਰਾ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1964.
6. ਤਾਰਨ ਸਿੰਘ, ਦਰਸ਼ਨ ਸਿੰਘ ਅਵਾਰਾ, **ਮੁਹਾਵਰਾ ਤੇ ਅਖਾਣ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.
7. ਦੇਵੀ ਦਾਸ ਹਿੰਦੀ, **ਅਖਾਣਾਂ ਦੀ ਖਾਣ**, ਕਿਰਪਾਲ ਸਿੰਘ ਬਲਬੀਰ ਸਿੰਘ, ਅਮ੍ਰਿਤਸਰ, ਮਿਤੀਹੀਣ।

8. ਭਾਨੂ ਦੱਤ (ਪੰਡਿਤ), **ਪੰਜਾਬੀ ਅਖੌਤਾਂ**, 1891.
9. ਮਹਿਤਾਬ ਸਿੰਘ, **ਪੰਜਾਬੀ ਅਖਾਣ ਕੋਸ਼**, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਮਿਤੀਹੀਣ।
10. ਲਾਲ ਸਿੰਘ (ਗਿਆਨੀ), **ਅੰਮ੍ਰਿਤ ਅਖਾਣ**, ਸੰਗਰੂਰ, 1953.

(ਕ) **ਸ਼ਬਦ-ਜੋੜ ਕੋਸ਼ :** ਸੰਸਾਰ ਦੀਆਂ ਲਗਭਗ ਸਭ ਭਾਸ਼ਾਵਾਂ ਵਿਚ ਕੋਸ਼ੀ ਇਕਾਈਆਂ ਦੇ ਵਿਭਿੰਨ ਵਿਕ੍ਰਿਤ ਸ਼ਬਦ-ਰੂਪ ਪ੍ਰਚਲਿਤ ਹੋਣ ਕਰਕੇ ਸ਼ਬਦ-ਜੋੜਾਂ ਵਿਚ ਇਕਸਾਰਤਾ ਦਾ ਅਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਇਥੋਂ ਤਕ ਕਿ ਅੰਗ੍ਰੇਜ਼ੀ ਵਰਗੀ ਪੂਰਣ ਵਿਕਸਿਤ ਅੰਤਰਰਾਸ਼ਟਰੀ ਭਾਸ਼ਾ ਅਤੇ ਹਿੰਦੀ ਵਰਗੀ ਰਾਸ਼ਟਰੀ ਭਾਸ਼ਾ ਇਸ ਪ੍ਰਵਿਰਤੀ ਤੋਂ ਮੁਕਤ ਨਹੀਂ ਹੈ। ਇਸ ਦਾ ਮੁੱਖ ਕਾਰਣ ਵਿਭਿੰਨ ਲੋਕਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਦਾ ਪਰਸਪਰ ਮੇਲ-ਜੋਲ ਅਤੇ ਆਦਾਨ-ਪ੍ਰਦਾਨ ਹੈ। ਪੰਜਾਬੀ ਲੇਖਕਾਂ ਤੇ ਵਿਦਵਾਨਾਂ ਨੂੰ ਪੰਜਾਬੀ ਭਾਸ਼ਾ ਵਿਚ ਸ਼ਬਦ-ਜੋੜਾਂ ਵਿਚ ਇਕਸਾਰਤਾ ਦਾ ਅਭਾਵ ਸੱਠਵਿਆਂ ਵਿਚ ਬੜੀ ਗੰਭੀਰਤਾ ਨਾਲ ਅੱਖਰਨ ਲੱਗਾ। ਉਸ ਸਮੇਂ ਤੋਂ ਹੁਣ ਤਕ ਪੰਜਾਬੀ ਸ਼ਬਦ-ਜੋੜਾਂ ਦੀ ਇਕਸਾਰਤਾ ਲਈ ਨਿਰੰਤਰ ਨਿਜੀ ਅਤੇ ਸੰਸਥਾਗਤ ਪੱਧਰ ਤੇ ਯਤਨ ਹੋ ਰਹੇ ਹਨ ਅਤੇ ਇਸ ਸੰਬੰਧ ਵਿਚ ਸਾਰਥਕ ਅਤੇ ਨਿਸ਼ਚਿਤ ਕਾਰਜ ਸੰਪੰਨ ਹੋਇਆ ਵੀ ਹੈ। ਇਸ ਪ੍ਰਸੰਗ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਯੋਗਦਾਨ ਸ਼ਲਾਘਾਯੋਗ ਹੈ ਅਤੇ 1988 ਵਿਚ ਇਕ ਜਿਲਦ ਵਿਚ ਮੁਕੰਮਲ 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਪ੍ਰਕਾਸ਼ਿਤ ਕੀਤਾ ਗਿਆ। ਇਸ ਪਾਸੇ ਹੁਣ ਤਕ ਹੋਏ ਯਤਨ ਇਸ ਪ੍ਰਕਾਰ ਹਨ :

1. ਹਰਕੀਰਤ ਸਿੰਘ, **ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
2. ਪਿਆਰ ਸਿੰਘ, **ਪੰਜਾਬੀ ਸ਼ਬਦ-ਜੋੜ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.
3. ਪ੍ਰੀਤਮ ਸਿੰਘ, ਕੁਲਬੀਰ ਸਿੰਘ ਕਾਂਗ, **ਪੰਜਾਬੀ ਸ਼ਬਦ-ਜੋੜ ਕੋਸ਼**, ਧਨਪਤ ਰਾਏ ਐਂਡ ਸਨਜ਼, ਜਲੰਧਰ, ਮਿਤੀਹੀਣ।

(ਖ) **ਵਿਸ਼ਵਕੋਸ਼ :** ਸਭਿਆਚਾਰਕ ਵਿਰਸੇ ਦੀਆਂ ਵਿਭਿੰਨ ਪਰਤਾਂ ਅਤੇ ਪਾਸਾਰਾਂ ਨੂੰ ਉਜਾਗਰ ਕਰਨ ਦੇ ਯਤਨਾਂ ਵਿਚ ਵਿਸ਼ਵਕੋਸ਼ ਅਹਿਮ ਰੋਲ ਅਦਾ ਕਰਦੇ ਹਨ। ਸਾਧਾਰਣ ਕੋਸ਼ ਵਿਚ ਵਿਸ਼ਵਕੋਸ਼ੀ ਸਾਮੱਗਰੀ ਸੰਜੋਏ ਜਾਣ ਦੀ ਅਸਮਰਥਾ ਕਰਕੇ ਵਿਸ਼ਵਕੋਸ਼ੀ ਵਿਧਾ ਹੋਂਦ ਵਿਚ ਆਈ ਹੈ। ਗੁਰਬਾਣੀ ਤੇ ਆਧਾਰਿਤ ਕੋਸ਼ਾਂ ਦੇ ਅੰਤਰਗਤ ਅਸੀਂ ਭਾਈ ਕਾਨ੍ਹ ਸਿੰਘ ਦੇ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਦਾ ਵਰਣਨ ਉਪਰ ਕਰ ਆਏ ਹਾਂ ਜਿਸ ਵਿਚ ਪ੍ਰਾਚੀਨਤਾ ਅਤੇ ਆਧੁਨਿਕਤਾ ਦਾ ਸੰਗਮ ਦ੍ਰਿਸ਼ਟੀਗੋਚਰ ਹੁੰਦਾ ਹੈ ਅਰਥਾਤ ਇਸ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਹੀ ਸੰਕਲਿਤ ਨਹੀਂ ਕੀਤੀ ਬਲਕਿ ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਸਿੱਖ ਧਰਮ ਸੰਬੰਧੀ ਸਮੁੱਚੀ

ਸ਼ਬਦਾਵਲੀ ਨੂੰ ਇਸ ਵਿਚ ਸੰਮਿਲਿਤ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਵਲੋਂ ਇਸ ਨੂੰ ਮਹਾਨ ਕੋਸ਼ ਕਹਿਣ ਕਰਕੇ ਅਸੀਂ ਇਸ ਕੋਸ਼ ਨੂੰ ਵਿਸ਼ਵਕੋਸ਼ ਦੇ ਅੰਤਰਗਤ ਵੀ ਰੱਖਿਆ ਹੈ। ਇਸ ਤੋਂ ਬਿਨਾਂ ਨਿਜੀ ਪੱਧਰ ਤੇ ਵਣਜਾਰਾ ਬੇਦੀ ਦੇ ਗੰਭੀਰ ਤੇ ਅਦੁੱਤੀ ਯੋਗਦਾਨ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਥੋੜ੍ਹੀ ਹੈ। ਭਾਸ਼ਾ ਵਿਭਾਗ, ਪੰਜਾਬ ਨੇ ਵੀ ਪਿਛਲੇ ਕੁਝ ਸਾਲਾਂ ਤੋਂ ਇਸ ਪਾਸੇ ਪੂਰੀ ਸੰਜੀਦਗੀ ਨਾਲ ਯਤਨ ਆਰੰਭੇ ਹਨ। ਪੰਜਾਬੀ ਬੋਲੀ, ਸਾਹਿਤ, ਸਭਿਆਚਾਰ, ਲੋਕਯਾਨ, ਲੋਕ-ਵਿਸ਼ਵਾਸਾਂ, ਰੀਤਾਂ, ਰਸਮਾਂ, ਰਿਵਾਜਾਂ, ਰੂੜ੍ਹੀਆਂ ਆਦਿ ਸਮਸਤ ਵਰਤਾਰੇ ਵਿਸ਼ਵਕੋਸ਼ ਦੇ ਕਲੇਵਰ ਵਿਚ ਸਮਾ ਜਾਂਦੇ ਹਨ। ਸੰਸਥਾਗਤ ਤੌਰ ਤੇ ਇਸ ਦਿਸ਼ਾ ਵਿਚ ਅਜੇ ਸਾਰਥਕ ਅਤੇ ਸ਼ਲਾਘਾਯੋਗ ਕੰਮ ਦੀ ਸੰਭਾਵਨਾ ਬਣੀ ਹੋਈ ਹੈ। ਕੁਝ ਕੁ ਉਪਲਬਧ ਵਿਸ਼ਵਕੋਸ਼ ਇਸ ਪ੍ਰਕਾਰ ਹਨ :

1. ਸੋਹਿੰਦਰ ਸਿੰਘ ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵ ਕੋਸ਼**, ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1978.
2. ਕਾਨ੍ਹ ਸਿੰਘ (ਭਾਈ), **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, 1930, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981.
3. ਪਿਆਰਾ ਸਿੰਘ ਸਹਿਰਾਈ, **ਵਿਸ਼ਵ ਕੋਸ਼**, (ਪੁਲਾੜ ਵਿਗਿਆਨ) ਨਵਯੁਗ ਪਬਲਿਸ਼ਰਜ਼, ਦਿੱਲੀ, ਮਿਤੀਹੀਣ।
4. ਭਾਸ਼ਾ ਵਿਭਾਗ, ਪੰਜਾਬ, **ਪੰਜਾਬੀ ਵਿਸ਼ਵ ਕੋਸ਼** (ਅਪੂਰਣ), ਪਟਿਆਲਾ।

(ਗ) **ਵਿਸ਼ਵਕੋਸ਼ੀ ਕੋਸ਼ :** ਭਾਈ ਕਾਨ੍ਹ ਸਿੰਘ ਦਾ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਇਸ ਵਰਗ ਦੇ ਅੰਤਰਗਤ ਆਉਂਦਾ ਹੈ। ਭਾਵੇਂ ਭਾਈ ਕਾਨ੍ਹ ਸਿੰਘ ਨੇ ਖ਼ੁਦ ਇਸ ਕੋਸ਼ ਨੂੰ 'ਮਹਾਨ ਕੋਸ਼' ਅਰਥਾਤ ਵਿਸ਼ਵਕੋਸ਼ ਆਖਿਆ ਹੈ, ਪਰੰਤੂ ਇਹ ਕੋਸ਼ ਵਿਸ਼ਵਕੋਸ਼ ਦੀ ਕਸੌਟੀ ਤੇ ਪੂਰਾ ਨਾ ਉਤਰਨ ਕਰਕੇ ਅਸੀਂ ਇਸ ਨੂੰ ਵਿਸ਼ਵਕੋਸ਼ੀ ਕੋਸ਼ ਦੇ ਅੰਤਰਗਤ ਰੱਖਿਆ ਹੈ। ਵਿਸ਼ਵਕੋਸ਼ੀ ਕੋਸ਼ ਵਿਚ ਸਾਧਾਰਣ ਸਮਭਾਸ਼ੀ ਕੋਸ਼ ਅਤੇ ਵਿਸ਼ਵਕੋਸ਼ ਦੋਹਾਂ ਦੇ ਗੁਣਾਂ-ਲੱਛਣਾਂ ਦਾ ਸੁਮੇਲ ਤੇ ਸੰਗਮ ਹੁੰਦਾ ਹੈ। 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਨੂੰ ਹੀ ਸੰਕਲਿਤ ਨਹੀਂ ਕੀਤਾ ਗਿਆ ਬਲਕਿ ਸਿੱਖ ਸਾਹਿਤ, ਸਿੱਖ ਇਤਿਹਾਸ, ਸਿੱਖ ਧਰਮ ਆਦਿ ਸੰਬੰਧੀ ਸਮੁੱਚੀ ਸ਼ਬਦਾਵਲੀ ਨੂੰ ਵੀ ਇਸ ਕੋਸ਼ ਦਾ ਅੰਗ ਬਣਾਇਆ ਗਿਆ ਹੈ। ਨਾਲ ਹੀ, ਸਾਧਾਰਣ ਵਰਤੋਂ ਦੇ ਸ਼ਬਦਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਇਲਾਵਾ, ਬਨਸਪਤੀ, ਔਸ਼ਧਾਂ, ਛੰਦਾਂ, ਸੰਗੀਤ ਆਦਿ ਦੇ ਸੰਕੇਤਾਂ ਦੀ ਬੜੀ ਮੁਫ਼ੀਦ ਵਿਆਖਿਆ ਕੀਤੀ ਗਈ ਹੈ। ਨਿਹੰਗ ਸਿੰਘਾਂ ਦੇ ਬੋਲੇ ਵੀ ਸ਼ਾਮਿਲ ਕੀਤੇ ਗਏ ਹਨ। ਕਈ ਥਾਈਂ ਕੋਸ਼ੀ ਇਕਾਈਆਂ ਅਤੇ ਇਨ੍ਹਾਂ ਦੇ ਅਰਥਾਂ ਦੀ ਸਪਸ਼ਟਤਾ ਲਈ ਚਿੱਤਰ ਤੇ ਨਕਸ਼ੇ ਵੀ ਸ਼ਾਮਿਲ ਕੀਤੇ ਗਏ ਹਨ। ਅਰਥਾਂ ਦੀ ਪੁਸ਼ਟੀ ਟੂਕਾਂ ਨਾਲ ਕੀਤੀ ਗਈ ਹੈ। ਸੰਸਕ੍ਰਿਤ, ਫ਼ਾਰਸੀ, ਅਰਬੀ, ਅੰਗ੍ਰੇਜ਼ੀ ਆਦਿ ਭਾਸ਼ਾਵਾਂ ਦੇ ਸ਼ਬਦਾਂ ਦੇ ਵਿਉਤਪੱਤੀਮੂਲਕ ਸੰਕੇਤ ਵੀ ਪ੍ਰਦਾਨ ਕੀਤੇ ਗਏ ਹਨ, ਭਾਵੇਂ

ਨਿਰੁਕਤੀ ਵਲ ਕੇਵਲ ਸੰਕੇਤ ਮਾਤਰ ਹੀ ਕੀਤਾ ਗਿਆ ਹੈ। ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਸ਼ਬਦਾਂ ਦੀਆਂ ਸ਼ੁੱਧ ਧੁਨੀਆਂ ਵਿਅਕਤ ਕਰਨ ਲਈ ਗੁਰਮੁਖੀ ਅੱਖਰਾਂ ਦਾ ਰੂਪ-ਪਰਿਵਰਤਨ ਕਰ ਕੇ ਨਵੇਂ ਚਿੰਨ੍ਹ ਸਿਰਜੇ ਗਏ ਹਨ। ਕੋਸ਼ੀ ਇਕਾਈਆਂ ਦੇ ਅੱਖਰ-ਕ੍ਰਮ ਲਈ ਕੁਝ ਹੱਦ ਤਕ ਹਿੰਦੀ ਕੋਸ਼ਾਂ ਦਾ ਪੈਟਰਨ ਅਪਣਾਇਆ ਗਿਆ ਹੈ, ਪੰਜਾਬੀ ਅੱਖਰ-ਮਾਤਰਾ ਕ੍ਰਮ ਦਾ ਕਠੋਰ ਰੂਪ ਵਿਚ ਅਨੁਸਰਣ ਨਹੀਂ ਕੀਤਾ ਗਿਆ। ਇਉਂ ਇਹ ਕੋਸ਼ ਇਕ ਪ੍ਰਮਾਣਕ ਵਿਸ਼ਵਕੋਸ਼ੀ ਕੋਸ਼ ਹੋ ਨਿਬੜਿਆ ਹੈ ਜਿਹੜਾ ਕੇਵਲ ਗੁਰਬਾਣੀ-ਪ੍ਰੇਮੀਆਂ ਅਤੇ ਸਿੱਖ ਇਤਿਹਾਸ, ਸਿੱਖ ਸਾਹਿਤ ਅਤੇ ਸਿੱਖ ਧਰਮ ਦੇ ਸ਼ਰਧਾਲੂਆਂ ਦੀਆਂ ਲੋੜਾਂ ਦੀ ਹੀ ਪੂਰਤੀ ਨਹੀਂ ਕਰਦਾ, ਬਲਕਿ ਜਨਸਾਧਾਰਣ ਦੀ ਗਿਆਨ ਜਿਗਿਆਸਾ ਦੀ ਤ੍ਰਿਪਤੀ ਵੀ ਕਰਦਾ ਹੈ। ਖੋਜਾਰਥੀਆਂ ਲਈ ਪ੍ਰੇਰਣਾ-ਸ੍ਰੋਤ ਦਾ ਕਾਰਜ ਨਿਭਾਉਂਦਾ ਹੈ।

(ਘ) **ਵਿਸ਼ੇਸ਼ ਕੋਸ਼ :** ਸੁਤੰਤਰਤਾ ਪ੍ਰਾਪਤੀ ਪਿਛੋਂ ਗਿਆਨ-ਵਿਗਿਆਨ ਦੇ ਸਾਹਿਤ ਦੇ ਵਿਕਸਿਤ ਹੋਣ, ਪੰਜਾਬੀ ਭਾਸ਼ਾ ਦੇ ਸਕੂਲ, ਕਾਲਿਜ ਅਤੇ ਯੂਨੀਵਰਸਿਟੀ ਪੱਧਰ ਤੇ ਸਿਖਿਆ ਦਾ ਮਾਧਿਅਮ ਬਣਨ ਅਤੇ ਪੰਜਾਬੀ ਦੇ ਵਿਕਾਸ ਲਈ ਵਿਭਿੰਨ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਦੇ ਕਾਇਮ ਹੋਣ ਨਾਲ ਵਿਸ਼ੇਸ਼ ਕੋਸ਼ਾਂ ਦੀ ਵਿਵਹਾਰਕ ਲੋੜ ਦਾ ਆਭਾਸ ਹੋਇਆ। ਇਸ ਲੋੜ ਦੀ ਪੂਰਤੀ ਲਈ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਭਿੰਨ ਪਹਿਲੂਆਂ ਨੂੰ ਵਿਸ਼ੇਸ਼ ਕੋਸ਼ਾਂ ਦਾ ਵਿਸ਼ਾ ਬਣਾਇਆ ਗਿਆ ਜਿਸ ਦੇ ਫਲਸਰੂਪ ਕੁਝ ਸਾਰਥਕ ਸਫਲਤਾ ਪ੍ਰਾਪਤ ਹੋਈ। ਪੰਜਾਬੀ ਸਾਹਿਤ ਕੋਸ਼, ਨਾਵਾਂ ਥਾਵਾਂ ਦੇ ਕੋਸ਼, ਹਿੰਦੂ ਮਿਥਿਹਾਸ ਕੋਸ਼ ਇਸ ਦਿਸ਼ਾ ਵਿਚ ਮਹੱਤਵਪੂਰਣ ਅਤੇ ਉਲੇਖਯੋਗ ਯਤਨ ਹਨ। ਇਸ ਪ੍ਰਸੰਗ ਵਿਚ ਸਾਡੀ ਵਿਸ਼ੇਸ਼ ਪ੍ਰਾਪਤੀ ਇਸ ਪ੍ਰਕਾਰ ਹੈ :

1. ਸੇਵਾ ਸਿੰਘ ਸੇਵਕ, **ਗੁਰਬਾਣੀ ਸੰਖਿਆ ਕੋਸ਼**, ਸਿੰਘ ਬ੍ਰਦਰਜ਼, ਅਮ੍ਰਿਤਸਰ, 1971.
2. ਕਾਨ੍ਹ ਸਿੰਘ, **ਨਾਮਮਾਲਾ ਕੋਸ਼**, ਸੁਦਰਸ਼ਨ ਪ੍ਰੈਸ, ਅਮ੍ਰਿਤਸਰ, 1939.
3. ਗੁਰਦਿੱਤ ਸਿੰਘ ਸਾਧੂ, **ਚਿਕਿਤਸਾ ਕੋਸ਼**, ਅਮਰ ਪ੍ਰੈਸ, ਅਮ੍ਰਿਤਸਰ, 1988.
4. ਗੁਰਬਖਸ਼ ਸਿੰਘ ਕੇਸਰੀ, **ਸੰਖਿਆ ਕੋਸ਼**, 1961.
5. ਡੌਸਨ (ਜੌਨ), **ਹਿੰਦੂ ਮਿਥਿਹਾਸ ਕੋਸ਼**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.
6. ਤੇਜਵੰਤ ਸਿੰਘ, **ਧਾਰਮਿਕ ਕਵਿਤਾ ਕੋਸ਼**, ਸ਼ਹੀਦ ਸਿੱਖ ਐਜੂਕੇਸ਼ਨ ਕਮੇਟੀ, ਦਿੱਲੀ, 1883.
7. ਨਿਹਾਲ ਸਿੰਘ, ਭਗਵਾਨ ਸਿੰਘ, **ਚਿੱਠੀਆਂ ਤੇ ਪੰਜਾਬੀ ਕੋਸ਼**, ਪਟਿਆਲਾ, ਮਿਤੀਹੀਣ।
8. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, **ਪੰਜਾਬੀ ਸਾਹਿਤ ਕੋਸ਼** (ਭਾਗ ਪਹਿਲਾ), ਪਬਲੀਕੇਸ਼ਨ ਬਿਉਰੋ, 1971.
9. ਪੰਜਾਬੀ ਯੂਨੀਵਰਸਿਟੀ, ਪਟਿਆਲਾ, **ਪੰਜਾਬੀ ਸਾਹਿੱਤ ਕੋਸ਼**, ਭਾਗ ਪਹਿਲਾ,

1971; ਸੰਪੂਰਣ : 1989.

10. ਪੂਰਨ ਸਿੰਘ ਗਿੱਲ, **ਸਿੱਖ ਨਾਵਾਂ ਦਾ ਕੋਸ਼**, ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ, ਵੈਨਕੂਵਰ, 1990.
11. ਭਾਸ਼ਾ ਵਿਭਾਗ, ਪੰਜਾਬ, **ਪੰਜਾਬੀ ਪੁਸਤਕ ਕੋਸ਼**, ਪਟਿਆਲਾ, 1971.
12. ਮਹਿਤਾਬ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿੱਤੇ ਨਾਵਾਂ ਤੇ ਥਾਵਾਂ ਦਾ ਕੋਸ਼**, ਗੁਰੂ ਖਾਲਸਾ ਪ੍ਰੈਸ, ਅੰਮ੍ਰਿਤਸਰ, 1928.
13. ਮਹਿਤਾਬ ਸਿੰਘ, **ਨਾਵਾਂ ਤੇ ਥਾਵਾਂ ਦਾ ਕੋਸ਼**, 1959.

ਵਿਸ਼ੇਸ਼ ਕੋਸ਼ਾਂ ਦੇ ਖੇਤਰ ਵਿਚ ਅਜੇ ਤਕ ਅਸੀਂ ਕੋਈ ਮਹੱਤਵਪੂਰਣ ਪ੍ਰਾਪਤੀ ਨਹੀਂ ਕੀਤੀ। ਇਸ ਪਾਸੇ ਗੰਭੀਰ ਯਤਨਾਂ ਦੀ ਲੋੜ ਹੈ।

(ਙ) **ਵਿਸ਼ੇ ਕੋਸ਼** : ਵਿਭਿੰਨ ਸ਼ੁੱਧ ਵਿਗਿਆਨਾਂ ਅਤੇ ਸਮਾਜ-ਵਿਗਿਆਨਾਂ ਦੇ ਵਿਸ਼ਿਆਂ ਦਾ ਕਾਲਿਜ ਅਤੇ ਯੂਨੀਵਰਸਿਟੀ ਪੱਧਰ ਤੇ ਪਰੀਖਿਆ ਅਤੇ ਅਧਿਆਪਨ ਦਾ ਮਾਧਿਅਮ ਪੰਜਾਬੀ ਬਣਨ ਨਾਲ ਇਨ੍ਹਾਂ ਅਨੁਸ਼ਾਸਨਾਂ ਵਿਚ ਵਰਤੇ ਜਾਂਦੇ ਵਿਭਿੰਨ ਸੰਕਲਪਾਂ ਦੀ ਸਪਸ਼ਟਤਾ ਅਤੇ ਵਿਆਖਿਆ ਲਈ ਵਿਸ਼ੇ ਕੋਸ਼ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਪਾਸੇ ਅਸੀਂ ਕੋਈ ਵਿਸ਼ੇਸ਼ ਪ੍ਰਾਪਤੀ ਨਹੀਂ ਕੀਤੀ। ਕੇਵਲ ਇਕੋ ਇਕ ਕੋਸ਼ ਉਪਲਬਧ ਹੈ :

ਗੁਰਬਚਨ ਸਿੰਘ ਭੁੱਲਰ, **ਅਰਥਸ਼ਾਸਤਰ ਅਤੇ ਰਾਜਨੀਤੀ ਦਾ ਕੋਸ਼**, ਭਾਵਨਾ ਪ੍ਰਕਾਸ਼ਨ, ਦਿੱਲੀ, 1976.

ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁਕ ਬੋਰਡ, ਚੰਡੀਗੜ੍ਹ ਨੇ ਰਾਸਾਇਣ-ਵਿਗਿਆਨ ਦਾ ਵਿਸ਼ੇ ਕੋਸ਼ ਬਣਾਉਣ ਦਾ ਕਾਰਜ ਹੱਥ ਵਿਚ ਲਿਆ ਹੋਇਆ ਹੈ ਜਿਸ ਦੇ ਛੇਤੀ ਹੀ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ। ਇਹ ਸਾਰਾ ਖੇਤਰ ਹੀ ਲਗਭਗ ਸੁੰਨਾ ਪਿਆ ਹੈ। ਇਸ ਦਿਸ਼ਾ ਵਿਚ ਵਿਸ਼ੇਸ਼ ਉੱਦਮ ਕਰਨ ਦੀ ਲੋੜ ਹੈ।

(ਚ) **ਸੰਦਰਭ ਕੋਸ਼** : ਪੰਜਾਬੀ ਵਿਚ ਸੰਦਰਭ ਕੋਸ਼ਾਂ ਦੀ ਘਾਟ ਵੀ ਰੜਕ ਰਹੀ ਹੈ। ਕੇਵਲ ਦੋ ਤਿੰਨ ਕੋਸ਼ ਹੀ ਉਪਲਬਧ ਹਨ :

1. ਜੋਗਿੰਦਰ ਸਿੰਘ ਰਮਦੇਵ, **ਪੰਜਾਬੀ ਲਿਖਾਰੀ ਕੋਸ਼**, ਨਿਊ ਬੁਕ ਕੰਪਨੀ, ਜਲੰਧਰ, 1969.
2. ਪਿਆਰਾ ਸਿੰਘ ਪਦਮ, **ਪੰਜਾਬੀ ਡਾਇਰੈਕਟਰੀ**, ਕਲਮ ਮੰਦਿਰ, ਪਟਿਆਲਾ।
3. ਵਿਸ਼ਵਾ ਨਾਥ ਤਿਵਾੜੀ, **ਭਾਈ ਵੀਰ ਸਿੰਘ ਸੰਦਰਭ ਕੋਸ਼**, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1974.

(ਛ) **ਪਰਿਆਇ ਤੇ ਵਿਪਰਿਆਇ ਕੋਸ਼** : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਤਿੰਨ ਪ੍ਰਸਿੱਧ ਵਿਦਵਾਨਾਂ ਵਲੋਂ ਕੀਤਾ ਇਕੋ ਇਕ ਉੱਦਮ ਸ਼ਲਾਘਾਯੋਗ ਹੈ :

ਗੁਲਵੰਤ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ, ਜੀਤ ਸਿੰਘ ਸੀਤਲ, **ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਪਰੰਤੂ ਇਸ ਪਾਸੇ ਰੋਜਿਟ ਦੇ 'ਥਿਸਾਰਸ' ਪੱਧਰ ਦੀ ਰਚਨਾ ਤਾਂ ਕੀ ਪ੍ਰਾਪਤ ਹੋਣੀ ਸੀ, ਅਜੇ ਤਕ ਇਸ ਦਿਸ਼ਾ ਵਿਚ ਮੁਢਲਾ ਕੰਮ ਹੀ ਨਹੀਂ ਹੋ ਸਕਿਆ। ਸਾਡੇ ਵਿਦਵਾਨਾਂ ਨੂੰ ਇਸ ਪਾਸੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

(ਜ) **ਤੁਕ-ਤਤਕਰਾ** : ਮਹਾਨ ਗ੍ਰੰਥਾਂ ਵਿਚ ਲੋੜੀਂਦੀਆਂ ਤੁਕਾਂ ਤੇ ਸ਼ਬਦਾਂ ਨੂੰ ਸੁਖੈਨਤਾ ਨਾਲ ਵੇਖਣ ਲਈ ਅਸੀਂ ਤੁਕ-ਤਤਕਰਾ ਨਾਮੀ ਇਕ ਨਵੀਂ ਕੋਸ਼-ਵਿਧਾ ਨੂੰ ਜਨਮ ਦਿੱਤਾ ਹੈ। ਇਨ੍ਹਾਂ ਨਾਲ ਸੰਬੰਧਿਤ ਗ੍ਰੰਥਾਂ ਵਿਚ ਆਈਆਂ ਤੁਕਾਂ ਨੂੰ ਅੱਖਰ-ਮਾਤਰਾ ਕ੍ਰਮ ਵਿਚ ਸੰਕਲਿਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਸਾਮ੍ਹਣੇ ਸੰਬੰਧਿਤ ਗ੍ਰੰਥ ਦਾ ਪੰਨਾ ਅਤੇ ਸਤਰ ਦੇ ਅੰਕ ਦਰਜ ਕੀਤੇ ਜਾਂਦੇ ਹਨ। ਇਸ ਨਾਲ ਪਾਠਕ ਨੂੰ ਲੋੜੀਂਦੀ ਸਤਰ ਲੱਭਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ। ਇਸ ਦਿਸ਼ਾ ਵਿਚ ਹੇਠ ਲਿਖੇ ਸ਼ਲਾਘਾਯੋਗ ਯਤਨ ਹੋਏ ਹਨ :

1. ਕਰਤਾਰ ਸਿੰਘ, **ਵਾਰਾਂ ਭਾਈ ਗੁਰਦਾਸ ਜੀ ਦਾ ਤੁਕ ਤਤਕਰਾ**, ਜਲੰਧਰ, 1967.
2. ਕੌਰ ਸਿੰਘ (ਅਕਾਲੀ), **ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼**, ਕਾਰੋਨੇਸ਼ਨ ਪ੍ਰੈਸ, ਪਿਸ਼ਾਵਰ, 1923; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.
3. ਕੌਰ ਸਿੰਘ (ਅਕਾਲੀ), **ਭਾਈ ਗੁਰਦਾਸ ਜੀ ਦੇ ਕਬਿਤ, ਸਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ**, ਖਾਲਸਾ ਪਰਦੇਸੀ ਮਾਲਵਾ ਪ੍ਰੈਸ, ਅਮ੍ਰਿਤਸਰ, 1929.
4. ਭਗਵੰਤ ਸਿੰਘ ਹਰੀ, **ਦਸਮ ਗ੍ਰੰਥ ਦਾ ਤਤਕਰਾ**।

(2) **ਸ਼ਬਦ-ਅਨੁਕ੍ਰਮਣਿਕਾ** : ਸ਼ਬਦ-ਅਨੁਕ੍ਰਮਣਿਕਾ ਵਿਚ ਕਿਸੇ ਗ੍ਰੰਥ ਦੇ ਸ਼ਬਦਾਂ ਦੀ ਮਹਿਜ਼ ਸੂਚੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਨਾਲ ਸੰਬੰਧਿਤ ਗ੍ਰੰਥ ਦੇ ਪੰਨੇ ਅਤੇ ਸਤਰ ਦੇ ਅੰਕ ਨੂੰ ਦਰਜ ਕੀਤਾ ਜਾਂਦਾ ਹੈ। ਕੇਵਲ ਦੋ ਕੋਸ਼ ਹੀ ਉਪਲਬਧ ਹਨ :

1. ਗੁਰਚਰਨ ਸਿੰਘ, **ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ** (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.
2. ਰਤਨ ਸਿੰਘ ਜੱਗੀ, **ਵਾਰਾਂ ਭਾਈ ਗੁਰਦਾਸ ਸ਼ਬਦ-ਅਨੁਕ੍ਰਮਣਿਕਾ ਅਤੇ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

ਸਮਭਾਸ਼ੀ ਕੋਸ਼ਾਂ ਦੇ ਉਪਰ ਵਿਚਾਰੇ ਵਿਭਿੰਨ ਉਪਵਰਗਾਂ ਵਿਚ ਤਾਂ ਅਜੇ ਕੋਸ਼ ਸਿਰਜਣਾ ਦੀ ਗੁੰਜਾਇਸ਼ ਅਤੇ ਲੋੜ ਹੈ ਹੀ, ਪਰੰਤੂ ਇਕ ਪ੍ਰਮਾਣਕ ਅਤੇ ਸਮਕਾਲੀ ਸਮਭਾਸ਼ੀ ਸਾਧਾਰਣ ਕੋਸ਼ ਦੀ ਰਚਨਾ ਦੀ ਅੱਜ ਦੀ ਸਥਿਤੀ ਵਿਚ ਵਿਵਹਾਰਕ ਲੋੜ ਵਿਸ਼ੇਸ਼ ਤੌਰ ਤੇ ਮਹਿਸੂਸ ਕੀਤੀ ਜਾ ਰਹੀ ਹੈ। ਇਸ ਕੋਸ਼ ਨੂੰ ਆਧਾਰ ਬਣਾ ਕੇ ਅਣਗਿਣਤ ਕੋਸ਼ਾਂ ਦੇ ਨਿਰਮਾਣ ਦੀ ਸੰਭਾਵਨਾ ਅਧਿਕ ਉੱਜਲ ਹੋ ਸਕਦੀ ਹੈ।

7.4.2 ਦੁਭਾਸ਼ੀ ਕੋਸ਼ : ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਦੁਭਾਸ਼ੀ ਕੋਸ਼ਾਂ ਦਾ ਸੰਕਲਨ ਮੁੱਖ ਤੌਰ ਤੇ ਪੰਜਾਬ ਵਿਚ ਅੰਗ੍ਰੇਜ਼ਾਂ ਦੇ ਪ੍ਰਵੇਸ਼ ਤੋਂ ਪਿਛੋਂ ਆਰੰਭ ਹੁੰਦਾ ਹੈ । ਅੰਗ੍ਰੇਜ਼ ਸ਼ਾਸਕਾਂ ਅਤੇ ਪ੍ਰਬੰਧਕਾਂ ਨੇ ਆਪਣੀਆਂ ਰੋਜ਼ਮੱਰਾ ਦੀਆਂ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਕੋਸ਼ਾਂ ਦੀ ਸਿਰਜਣਾ ਕੀਤੀ । ਕੇਵਲ ਪੰਜਾਬੀ ਵਿਚ ਹੀ ਨਹੀਂ, ਸੰਸਕ੍ਰਿਤ, ਅਰਬੀ, ਫ਼ਾਰਸੀ, ਹਿੰਦੀ, ਉਰਦੂ, ਬੰਗਾਲੀ, ਮਰਾਠੀ, ਗੁਜਰਾਤੀ, ਕੰਨੜ, ਤਮਿਲ ਆਦਿ ਦੇ ਸਭ ਤੋਂ ਪਹਿਲੇ ਕੋਸ਼ ਅੰਗ੍ਰੇਜ਼ਾਂ ਜਾਂ ਯੂਰਪੀਨਾਂ ਦੀ ਰਚਨਾ ਹਨ । ਦੁਭਾਸ਼ੀ ਕੋਸ਼ ਵਿਦੇਸ਼ੀ ਭਾਸ਼ਾ ਸਿੱਖਣ ਲਈ ਬੜਾ ਜ਼ੋਰਦਾਰ ਤੇ ਜ਼ਬਰਦਸਤ ਮਾਧਿਅਮ ਹਨ । ਪਰ ਇਕ ਘਾਟ ਇਨ੍ਹਾਂ ਕੋਸ਼ਾਂ ਵਿਚ ਸਦਾ ਰੜਕਦੀ ਰਹੀ ਹੈ ਕਿ ਇਹ ਕੋਸ਼ ਪੰਜਾਬੀ ਸਾਹਿਤਕ ਰਚਨਾਵਾਂ ਦੇ ਆਧਾਰ ਤੇ ਤਿਆਰ ਨਹੀਂ ਕੀਤੇ ਗਏ, ਸਗੋਂ ਇਨ੍ਹਾਂ ਦਾ ਆਧਾਰ ਆਮ ਬੋਲਚਾਲ ਦੀ ਬੋਲੀ ਹੈ । ਇਸੇ ਲਈ ਇਹ ਕੋਸ਼ ਸਾਹਿਤ ਪੜ੍ਹਨ-ਪੜ੍ਹਾਉਣ ਵਿਚ ਕੋਈ ਸਹਾਇਤਾ ਨਹੀਂ ਕਰਦੇ ।

(ੳ) ਪੰਜਾਬੀ-ਅੰਗ੍ਰੇਜ਼ੀ ਕੋਸ਼ : ਅੰਗ੍ਰੇਜ਼ਾਂ ਦੇ ਪੰਜਾਬ ਉਪਰ ਕਬਜ਼ਾ ਕਰ ਲੈਣ ਦੇ ਤੁਰੰਤ ਬਾਅਦ ਉਨ੍ਹਾਂ ਦੀ ਸਭ ਤੋਂ ਵਿਕਟ ਸਮੱਸਿਆ ਪੰਜਾਬ ਦੇ ਲੋਕਾਂ ਨਾਲ ਵਾਰਤਾਲਾਪ ਰਚਾਉਣ ਦੀ ਸੀ । ਇਸ ਮਨੋਰਥ ਲਈ ਪਹਿਲਾ ਕੰਮ ਪੰਜਾਬੀ ਬੋਲੀ ਅਤੇ ਇਸ ਰਾਹੀਂ ਲੋਕ ਮਨ ਨੂੰ ਸਮਝਣਾ ਸੀ । ਅਜਿਹੇ ਕਾਰਜ ਲਈ ਕੋਸ਼ ਸਰਬੋਤਮ ਉਪਕਰਣ ਹਨ । ਫਲਸਰੂਪ, ਉਨ੍ਹਾਂ ਨੇ ਪੰਜਾਬੀ-ਅੰਗ੍ਰੇਜ਼ੀ ਦੁਭਾਸ਼ੀ ਕੋਸ਼ਾਂ ਦਾ ਸੰਕਲਨ ਆਰੰਭਿਆ । ਹੁਣ ਤਕ ਉਪਲਬਧ ਪੰਜਾਬੀ-ਅੰਗ੍ਰੇਜ਼ੀ ਕੋਸ਼ਾਂ ਦੀ ਸੂਚੀ ਇਸ ਪ੍ਰਕਾਰ ਹੈ :

1. ਗੁਰਚਰਨ ਸਿੰਘ, ਸਰਨ ਸਿੰਘ, ਰਾਵਿੰਦਰ ਕੌਰ, **ਪੰਜਾਬੀ-ਇੰਗਲਿਸ਼ ਡਿਕਸ਼ਨਰੀ**, ਸਿੰਘ ਬ੍ਰਦਰਜ਼, ਅਮ੍ਰਿਤਸਰ, 1954, 1978, 1981, 1990, 1992.
2. ਜਾਨਵੀਰ (ਰੈਵ. ਐਲ.), **ਏ ਡਿਕਸ਼ਨਰੀ ਆਫ ਦ ਪੰਜਾਬੀ ਲੈਂਗੁਇਜ**, ਲੁਧਿਆਣਾ ਮਿਸ਼ਨ, 1854; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1961, 1970.
3. ਜਿਉਕਸ, **ਡਿਕਸ਼ਨਰੀ ਆਫ ਦ ਜਟਕੀ ਔਰ ਵੇਸਟਰਨ ਪੰਜਾਬੀ ਲੈਂਗੁਇਜ**, ਲਾਹੌਰ, 1900; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1961.
4. ਮੱਯਾ ਸਿੰਘ (ਭਾਈ), **ਦ ਪੰਜਾਬੀ ਡਿਕਸ਼ਨਰੀ**, ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, 1895; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1961.

ਅੰਗ੍ਰੇਜ਼ਾਂ ਵਲੋਂ ਤਿਆਰ ਕੀਤੇ ਕੋਸ਼ਾਂ ਵਿਚੋਂ ਜਾਨਵੀਰ ਦੇ ਕੋਸ਼ ਵਿਚ ਕੋਸ਼ੀ ਇਕਾਈਆਂ ਪਹਿਲੀ ਵਾਰ ਗੁਰਮੁਖੀ ਲਿਪੀ ਵਿਚ ਲਈਆਂ ਗਈਆਂ ਹਨ ਅਤੇ ਇਨ੍ਹਾਂ ਦਾ ਰੋਮਨ ਅੱਖਰਾਂ ਵਿਚ ਲਿਪੀਅੰਤਰਣ ਦਿੱਤਾ ਗਿਆ ਹੈ । ਅਰਥ ਅੰਗ੍ਰੇਜ਼ੀ ਵਿਚ ਦਿੱਤੇ ਹਨ । ਹਿੰਦੀ ਵਾਂਗ ਅੱਖਰਾਂ ਦਾ ਕ੍ਰਮ ਉਲਟਾ ਕੇ ਅ, ੲ, ੳ ਕਰ ਦਿੱਤਾ ਹੈ । ਅੰਦਰਾਜ ਦੇ ਅਰਥ ਖ਼ਤਮ ਹੋਣ ਪਿਛੋਂ ਮੁੱਖ ਸ਼ਬਦ ਦਾ ਰੂਪਾਂਤਰ ਦਿੱਤਾ ਗਿਆ ਹੈ । ਕੋਸ਼ ਵਿਚ ਲੁਧਿਆਣਾ ਅਤੇ ਇਸ ਦੇ ਨਾਲ ਲਗਦੇ ਇਲਾਕਿਆਂ ਦੀ ਬੋਲੀ ਨੂੰ ਆਧਾਰ ਬਣਾਇਆ ਗਿਆ ਹੈ ।

ਮੱਯਾ ਸਿੰਘ ਦੇ ਕੋਸ਼ ਵਿਚ ਮੂਲ ਅੰਦਰਾਜ ਨੂੰ ਰੋਮਨ ਲਿਪੀ ਵਿਚ ਦੇ ਕੇ ਨਾਲ ਹੀ

ਗੁਰਮੁਖੀ ਲਿਪੀ ਵਿਚ ਇਸ ਦਾ ਲਿਪੀਅੰਤਰਣ ਕੀਤਾ ਗਿਆ ਹੈ। ਮੁੱਖ ਸ਼ਬਦ ਦੀ ਵਿਆਕਰਣਕ ਕੋਟੀ ਦੇ ਕੇ ਅਰਥ ਅੰਗ੍ਰੇਜ਼ੀ ਵਿਚ ਦਿੱਤੇ ਗਏ ਹਨ। ਸ਼ਬਦ ਸੰਕਲਨ ਲਈ ਲੁਧਿਆਣਾ ਮਿਸ਼ਨ ਦੇ ਕੋਸ਼, ਮੁਲਤਾਨੀ ਗਲਾਸਰੀ, ਨਿਘੰਟੂਆਂ ਵਿਚੋਂ ਬਨਸਪਤੀ ਅਤੇ ਔਸ਼ਧੀਆਂ ਦੇ ਸ਼ਬਦ, ਫਾਲਨ ਤੇ ਪਲੈਟ ਦੇ ਹਿੰਦੁਸਤਾਨੀ ਕੋਸ਼ਾਂ ਵਿਚੋਂ ਮੁਹਾਵਰੇ ਲੈ ਕੇ ਮੱਯਾ ਸਿੰਘ ਨੇ ਆਪਣੇ ਕੋਸ਼ ਦੇ ਆਕਾਰ ਨੂੰ ਵਧਾਇਆ ਹੈ। ਪਰੰਤੂ ਸ਼ਬਦ-ਸਾਮੱਗਰੀ ਲਈ ਸਾਹਿਤਕ ਰਚਨਾਵਾਂ ਤੇ ਆਧਾਰਿਤ ਨਾ ਹੋਣ ਕਰਕੇ ਇਹ ਕੋਸ਼ ਸਾਹਿਤ ਦੇ ਵਿਦਿਆਰਥੀਆਂ ਦੀਆਂ ਅਕਾਦਮਿਕ ਲੋੜਾਂ ਦੀ ਪੂਰਤੀ ਨਹੀਂ ਕਰਦਾ। ਕਈ ਥਾਈਂ ਕੋਸ਼ਕਾਰ ਨੇ ਅਰਥਾਂ ਦੇ ਅਨਰਥ ਵੀ ਕਰ ਦਿੱਤੇ ਹਨ।

ਗੁਰਚਰਨ ਸਿੰਘ ਤੇ ਉਨ੍ਹਾਂ ਦੇ ਸਹਿਯੋਗੀਆਂ ਵਲੋਂ ਸੰਪਾਦਿਤ ਕੋਸ਼ ਨੂੰ ਲਘੂ ਕੋਸ਼ ਹੀ ਆਖਿਆ ਜਾ ਸਕਦਾ ਹੈ, ਕਿਉਂਕਿ ਇਸ ਕੋਸ਼ ਵਿਚ ਨਾ ਕੇਵਲ ਕੋਸ਼ੀ ਇਕਾਈਆਂ ਹੀ ਸੀਮਿਤ ਹਨ ਬਲਕਿ ਇਨ੍ਹਾਂ ਦੇ ਅਰਥ-ਭੇਦ ਵੀ ਬਹੁਤ ਘੱਟ ਹਨ। ਮੁਹਾਵਰਿਆਂ ਅਤੇ ਅਖਾਣਾਂ ਨੂੰ ਵੀ ਉਚਿਤ ਮਾਤਰਾ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਸਾਹਿਤਕ ਸ਼ਬਦਾ-ਵਲੀ ਦੀ ਘਾਟ ਵੀ ਇਸ ਕੋਸ਼ ਵਿਚ ਖਟਕਦੀ ਹੈ। ਉਪਰੋਕਤ ਦੋਹਾਂ ਕੋਸ਼ਾਂ ਨਾਲੋਂ ਇਹ ਕੋਸ਼ ਇਸ ਕਰਕੇ ਬਿਹਤਰ ਤੇ ਉਪਯੋਗੀ ਹੈ ਕਿ ਇਸ ਵਿਚ ਸਮਕਾਲੀ ਪ੍ਰਯੋਗ ਦੀ ਸ਼ਬਦਾਵਲੀ ਇਕੱਤਰ ਕੀਤੀ ਗਈ ਹੈ। ਇਸ ਦਾ ਸੋਧਿਆ ਅਤੇ ਵਧਾਇਆ ਐਡੀਸ਼ਨ ਹੁਣ ਹੁਣੇ ਪ੍ਰਕਾਸ਼ਿਤ ਹੋਇਆ ਹੈ। ਇਸ ਵਿਚ ਬਹੁਤ ਸਾਰੇ ਨਵੇਂ ਸਾਹਿਤਕ ਸ਼ਬਦ ਸ਼ਾਮਿਲ ਕੀਤੇ ਗਏ ਹਨ। ਇਕ ਵੱਡੇ ਅਤੇ ਵਿਵਹਾਰਕ ਪੰਜਾਬੀ-ਅੰਗ੍ਰੇਜ਼ੀ ਕੋਸ਼ ਦੀ ਘਾਟ ਅਵੱਸ਼ ਮਹਿਸੂਸ ਕੀਤੀ ਜਾ ਰਹੀ ਹੈ।

(ਅ) ਉਪਭਾਸ਼ਾ ਕੋਸ਼ : ਦੁਭਾਸ਼ੀ ਉਪਭਾਸ਼ਾਈ ਗਲਾਸਰੀਆਂ ਦਾ ਸੰਕਲਨ ਵੀ ਅੰਗ੍ਰੇਜ਼ ਅਫ਼ਸਰਾਂ ਨੇ ਆਰੰਭ ਕੀਤਾ। ਹੇਠ ਲਿਖੇ ਦੁਭਾਸ਼ੀ ਉਪਭਾਸ਼ਾਈ ਕੋਸ਼ ਸੰਕਲਿਤ ਕੀਤੇ ਗਏ ਹਨ :

1. ਓਬਰਾਇਨ (ਈ.), **ਗਲਾਸਰੀ ਆਫ ਦ ਮੁਲਤਾਨੀ ਲੈਂਗੁਇਜ**, ਪੰਜਾਬ ਗੌਰਮਿੰਟ ਪ੍ਰੈਸ, ਲਾਹੌਰ, 1880; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1903.
2. ਜਿਉਕਸ (ਏ.), **ਡਿਕਸ਼ਨਰੀ ਆਵ ਦ ਜਟਕੀ ਔਰ ਵੈਸਟਰਨ ਪੰਜਾਬੀ ਲੈਂਗੁਇਜ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.
3. **ਡਾਈਕ, ਕੁੱਲੂ ਗਲਾਸਰੀ।**
4. ਰੋਜ਼ (ਐਚ. ਏ.), **ਪੰਜਾਬੀ ਕੋਸ਼ਕਾਰੀ ਵਿਚ ਇਜ਼ਾਫ਼ਾ**, 1915.
5. ਵਿਲਸਨ (ਸਰ ਜੇਮਜ਼), **ਸ਼ਾਹਪੁਰੀ ਕਾਂਗੜੀ ਗਲਾਸਰੀ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1962.

ਅੰਗ੍ਰੇਜ਼ਾਂ ਨੂੰ ਪੰਜਾਬ ਵਿਚ ਪ੍ਰਵੇਸ਼ ਕਰਨ ਸਮੇਂ ਸੰਵਾਦ ਅਤੇ ਸੰਚਾਰ ਦੀ ਸਮੱਸਿਆ

ਦਾ ਸਾਮ੍ਹਣਾ ਕਰਨਾ ਪਿਆ। ਇਸ ਲੋੜ ਤੇ ਮੰਤਵ ਦੀ ਪੂਰਤੀ ਲਈ ਉਨ੍ਹਾਂ ਨੇ ਲੋਕਾਂ ਨਾਲ ਸੰਵਾਦ ਰਚਾਉਣ ਲਈ, ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝਣ ਲਈ ਬੋਲੀ ਨੂੰ ਹਥਿਆਰ ਵਜੋਂ ਵਰਤਿਆ। ਪੰਜਾਬੀ ਬੋਲੀ ਦੇ ਵਿਆਕਰਣ ਅਤੇ ਲੋਕ ਬੋਲੀ ਦੀਆਂ ਗਲਾਸਰੀਆਂ ਤੇ ਕੋਸ਼ ਬਣਾਉਣੇ ਆਰੰਭ ਕੀਤੇ। ਇਸ ਦੇ ਫਲਸਰੂਪ, ਮੁਲਤਾਨੀ ਗਲਾਸਰੀ, ਕੁੱਲੂ ਗਲਾਸਰੀ, ਸ਼ਾਹਪੁਰੀ ਕਾਂਗੜੀ ਗਲਾਸਰੀ, ਜਟਕੀ ਜਾਂ ਪੱਛਮੀ ਪੰਜਾਬ ਦੇ ਕੋਸ਼ ਹੋਂਦ ਵਿਚ ਆਏ। ਇਨ੍ਹਾਂ ਵਿਚ ਆਮ ਵਰਤੋਂ ਦੇ ਸ਼ਬਦ ਸ਼ਾਮਿਲ ਕੀਤੇ ਗਏ ਹਨ। ਅੰਗ੍ਰੇਜ਼ਾਂ ਦੀ ਸਹੂਲਤ ਲਈ ਸ਼ਬਦ ਅਤੇ ਅਰਥ ਰੋਮਨ ਲਿਪੀ ਵਿਚ ਦਿੱਤੇ ਹੋਏ ਹਨ। ਇਨ੍ਹਾਂ ਗਲਾਸਰੀਆਂ ਦਾ ਮੁੱਖ ਮੰਤਵ ਕੇਵਲ ਵੱਖ ਵੱਖ ਇਲਾਕਿਆਂ ਦੇ ਲੋਕਾਂ ਨਾਲ ਗੱਲਬਾਤ ਕਰਨ ਵਿਚ ਅੰਗ੍ਰੇਜ਼ਾਂ ਦੀ ਸਹਾਇਤਾ ਕਰਨ ਦੇ ਇਲਾਵਾ ਹੋਰ ਕੁਝ ਨਹੀਂ ਸੀ।

ਐਚ. ਏ. ਰੋਜ਼ ਦੇ 'ਪੰਜਾਬੀ ਕੋਸ਼ਕਾਰੀ ਵਿਚ ਇਜ਼ਾਫ਼ਾ' ਕੋਸ਼ ਵਿਚ ਕੇਵਲ ਉਹੀ ਸ਼ਬਦ ਜਾਂ ਅਰਥ ਲਏ ਗਏ ਹਨ ਜਿਹੜੇ ਮੱਯਾ ਸਿੰਘ ਦੇ ਕੋਸ਼ ਵਿਚ ਸ਼ਾਮਿਲ ਨਹੀਂ ਕੀਤੇ ਗਏ। ਸ਼ਬਦ ਸੰਕਲਨ ਦੇ ਤਿੰਨ ਮੁੱਖ ਸ੍ਰੋਤ ਹਨ : ਬੰਦੋਬਸਤ ਦੀਆਂ ਰਿਪੋਰਟਾਂ, ਡਿਸਟ੍ਰਿਕਟ ਗਜ਼ਟੀਅਰ ਤੇ ਵਿਭਿੰਨ ਪੇਸ਼ਿਆਂ ਤੇ ਕਾਰੀਗਰਾਂ ਬਾਰੇ ਨਿਬੰਧਾਂ ਦੀ ਸ਼ਬਦਾਵਲੀ। ਇਸ ਵਿਚ ਬਾਂਗਰੂ, ਹਿੰਦੁਸਤਾਨੀ ਅਤੇ ਪਹਾੜੀ ਇਲਾਕੇ ਵਿਚ ਵਰਤੇ ਜਾਂਦੇ ਸ਼ਬਦਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸ਼ਬਦ ਰੋਮਨ ਅੱਖਰਾਂ ਵਿਚ ਹਨ। ਉਚਾਰਣ ਦਾ ਨਿਰਣਾ ਕਰਨਾ ਮੁਸ਼ਕਿਲ ਹੈ।

(ੲ) **ਅੰਗ੍ਰੇਜ਼ੀ-ਪੰਜਾਬੀ ਕੋਸ਼ :** ਇਸ ਪ੍ਰਸੰਗ ਵਿਚ ਕੁਝ ਸਾਰਥਕ ਅਤੇ ਗੰਭੀਰ ਯਤਨ ਅਵੱਸ਼ ਹੋਏ ਪ੍ਰਤੀਤ ਹੁੰਦੇ ਹਨ। ਨਿਜੀ, ਅੰਗ੍ਰੇਜ਼ ਅਫ਼ਸਰਾਂ ਅਤੇ ਵਿਭਿੰਨ ਅਦਾਰਿਆਂ ਦੇ ਯਤਨਾਂ ਦੇ ਫਲਸਰੂਪ ਹੇਠ ਲਿਖੇ ਕੋਸ਼ ਉਪਲਬਧ ਹੋਏ ਹਨ :

1. ਅਤਰ ਸਿੰਘ, ਬਲਬੀਰ ਸਿੰਘ ਸੰਧੂ ਅਤੇ ਹੋਰ, **ਪੀ. ਐਸ. ਯੂ. ਟੀ. ਬੀ. ਇੰਗਲਿਸ਼-ਪੰਜਾਬੀ ਡਿਕਸ਼ਨਰੀ**, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1982.
2. ਸਟਾਰਕੀ (ਕੈਪਟਨ), **ਏ ਡਿਕਸ਼ਨਰੀ, ਇੰਗਲਿਸ਼ ਐਂਡ ਪੰਜਾਬੀ**, ਡੀ. ਰੋਜ਼ੇਰੀਓ ਐਂਡ ਕੰਪਨੀ, ਕਲਕੱਤਾ, 1849.
3. ਸਰਮੁਖ ਸਿੰਘ ਅਮੋਲ, **ਅੰਗ੍ਰੇਜ਼ੀ-ਗੁਰਮੁਖੀ ਡਿਕਸ਼ਨਰੀ**, ਚਤਰ ਸਿੰਘ, ਜੀਵਨ ਸਿੰਘ, ਅਮ੍ਰਿਤਸਰ, ਮਿਤੀਹੀਣ।
4. ਸਾਲਗ ਰਾਮ ਬਜਾਜ, **ਐਂਗਲੋ ਗੁਰਮੁਖੀ ਡਿਕਸ਼ਨਰੀ**, 1897, 1923.
5. ਹਰਮੁਹਿੰਦਰ ਸਿੰਘ, **ਸਟੂਡੈਂਟਸ ਜਵਾਹਰ ਐਂਗਲੋ-ਪੰਜਾਬੀ ਡਿਕਸ਼ਨਰੀ**, ਜਵਾਹਰ ਸਿੰਘ ਕਿਰਪਾਲ ਸਿੰਘ, ਅਮ੍ਰਿਤਸਰ, ਮਿਤੀਹੀਣ।
6. **ਹਰੀਜ਼** ਮਾਡਰਨ (ਨਿਊ ਇਰਾ) ਡਿਕਸ਼ਨਰੀ, **ਇੰਗਲਿਸ਼ ਇਨਟੂ ਇੰਗਲਿਸ਼ ਐਂਡ ਪੰਜਾਬੀ**, ਹਰੀ ਸਿੰਘ ਐਂਡ ਬ੍ਰਦਰਜ਼, ਮਿਤੀਹੀਣ।

7. ਹੇਅਰਜ਼ (ਰੇਵ. ਡਬਲਿਊ. ਪੀ.), **ਐਨ ਇੰਗਲਿਸ਼ ਪੰਜਾਬੀ ਡਿਕਸ਼ਨਰੀ**, ਚਰਚ ਮਿਸ਼ਨਰੀ ਸੁਸਾਇਟੀ, ਗੋਜਰਾ (ਲਾਇਲਪੁਰ), 1929; ਏਸ਼ੀਅਨ ਐਜੂਕੇਸ਼ਨਲ ਸਰਵਿਸਿਜ਼, ਨਵੀਂ ਦਿੱਲੀ, 1988.

8. ਗ੍ਰਾਹਮ ਬੇਲੀ (ਟੀ.), **ਐਨ ਇੰਗਲਿਸ਼ ਪੰਜਾਬੀ ਡਿਕਸ਼ਨਰੀ**, ਬੈਪਟਿਸਟ ਮਿਸ਼ਨ ਪ੍ਰੈਸ, ਕਲਕੱਤਾ, 1919; ਐਸ. ਐਸ. ਪਬਲੀਕੇਸ਼ਨਜ਼, ਦਿੱਲੀ, 1976.

9. ਜਵਾਹਰ ਸਿੰਘ, **ਇੰਗਲਿਸ਼ ਟੂ ਪੰਜਾਬੀ ਡਿਕਸ਼ਨਰੀ**, ਵਜ਼ੀਰ-ਇ-ਹਿੰਦ ਪ੍ਰੈਸ, ਅਮ੍ਰਿਤਸਰ, 1905.

10. ਜਵਾਹਰ ਸਿੰਘ, **ਏ ਵੋਕੈਬੁਲਰੀ ਆਫ ਟੂ ਥਾਊਜ਼ੰਡ ਵਰਡਜ਼ ਫਰਾਮ ਇੰਗਲਿਸ਼ ਇਨਟੂ ਪੰਜਾਬੀ**, 1895.

11. ਤੇਜਾ ਸਿੰਘ, ਐਂਗਲੋ ਪੰਜਾਬੀ ਡਿਕਸ਼ਨਰੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1955, 1964; ਸਾਹਿਤ ਸੰਗਮ, ਲੁਧਿਆਣਾ, 1980.

12. ਤੇਜਾ ਸਿੰਘ, **ਦ ਸਟੈਂਡਰਡ ਇੰਗਲਿਸ਼-ਪੰਜਾਬੀ ਡਿਕਸ਼ਨਰੀ**, ਭਾਗ I (ਏ ਤੋਂ ਈ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1953.

13. **ਪੰਜਾਬੀ ਯੂਨੀਵਰਸਿਟੀ ਇੰਗਲਿਸ਼-ਪੰਜਾਬੀ ਡਿਕਸ਼ਨਰੀ**, ਪਟਿਆਲਾ, 1968, 1974, 1989.

14. ਬਖ਼ਸ਼ੀਸ਼ ਸਿੰਘ, **ਐਂਗਲੋ-ਪੰਜਾਬੀ ਡਿਕਸ਼ਨਰੀ**, ਭਾਈ ਚਤਰ ਸਿੰਘ, ਅਮ੍ਰਿਤਸਰ, 1953 (ਤੀਜਾ ਸੰਸਕਰਣ)।

ਇਸ ਸਿਲਸਿਲੇ ਵਿਚ ਵੀ ਮੁਢਲੇ ਯਤਨ ਅੰਗ੍ਰੇਜ਼ ਅਫ਼ਸਰਾਂ ਵਲੋਂ ਹੀ ਕੀਤੇ ਗਏ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਲੋਕਾਂ ਵਿਚ ਵਿਚਰਨ ਦੇ ਯੋਗ ਬਣਾਉਣ ਅਤੇ ਵਿਚਾਰ-ਧਾਰਕ ਪ੍ਰਚਾਰ ਦਾ ਮਾਧਿਅਮ ਬਣਾਉਣ ਲਈ ਇਨ੍ਹਾਂ ਕੋਸ਼ਾਂ ਦੀ ਰਚਨਾ ਕੀਤੀ ਅਤੇ ਧਾਰਮਿਕ ਪੁਸਤਕਾਂ ਨੂੰ ਉਲਥਾਇਆ। ਇਨ੍ਹਾਂ ਕੋਸ਼ਾਂ ਦਾ ਮੰਤਵ ਅੰਗ੍ਰੇਜ਼ ਅਫ਼ਸਰਾਂ, ਪ੍ਰਬੰਧਕਾਂ, ਕਰਮਚਾਰੀਆਂ, ਸੈਨਿਕਾਂ ਆਦਿ ਨੂੰ ਪੰਜਾਬੀ ਭਾਸ਼ਾ ਦਾ ਮੁਢਲਾ ਗਿਆਨ ਪ੍ਰਦਾਨ ਕਰਨਾ ਸੀ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਯਤਨ ਕੈਪਟਨ ਸਟਾਰਕੀ ਦਾ ਸੀ। ਇਸ ਕੋਸ਼ ਨੂੰ ਹੀ ਆਧੁਨਿਕ ਸ਼ਬਦਾਂ ਵਿਚ ਪੰਜਾਬੀ ਦਾ ਪਹਿਲਾ ਦੁਭਾਸ਼ੀ ਕੋਸ਼ ਕਿਹਾ ਜਾ ਸਕਦਾ ਹੈ। ਇਸ ਕੋਸ਼ ਵਿਚ ਅੰਗ੍ਰੇਜ਼ੀ ਸ਼ਬਦਾਂ ਦੇ ਪੰਜਾਬੀ ਅਰਥ ਰੋਮਨ ਲਿਪੀ ਵਿਚ ਦਿੱਤੇ ਗਏ ਹਨ। ਪਰੰਤੂ ਅੰਗ੍ਰੇਜ਼ੀ ਸ਼ਬਦਾਂ ਦੇ ਪੰਜਾਬੀ ਅਰਥ ਵਾਚਾਰਥੀ ਭਾਂਤ ਦੇ ਹਨ, ਮੁਹਾਵਰੇਦਾਰ ਨਹੀਂ। ਵਿਆਕਰਣਕ ਕੋਟੀਆਂ ਨਹੀਂ ਦਿੱਤੀਆਂ। ਤ, ਟ, ਦ, ਡ ਪੰਜਾਬੀ ਧੁਨੀਆਂ ਰੋਮਨ ਲਿਪੀ ਵਿਚ ਲਿਖਣ ਲੱਗਿਆਂ ਕੋਈ ਵਿਗਿਆਨਕ ਨਿਖੇੜਾ ਨਹੀਂ ਕੀਤਾ; ਕੇਵਲ t ਅਤੇ d ਨਾਲ ਹੀ ਕੰਮ ਸਾਰਿਆ ਹੈ। ਇਉਂ ਹੀ ਰ ਤੇ ੜ ਧੁਨੀਆਂ ਲਈ ਕੇਵਲ r ਦੀ ਵਰਤੋਂ ਕੀਤੀ ਗਈ ਹੈ। ਅੱਜ ਕੱਲ੍ਹ ਅਜਿਹੇ ਕੋਸ਼ ਦਾ ਕੋਈ ਵਿਵਹਾਰਕ ਮੁੱਲ ਨਹੀਂ ਹੈ। ਹਾਂ, ਇਸ ਦਾ ਇਤਿਹਾਸਕ ਮਹੱਤਵ ਅਵੱਸ਼ ਹੈ।

ਟੀ. ਗ੍ਰਾਹਮ ਬੇਲੀ ਦੇ ਕੋਸ਼ ਵਿਚ ਵੀ ਅੰਗ੍ਰੇਜ਼ੀ ਸ਼ਬਦਾਂ ਦੇ ਅਰਥ ਰੋਮਨ ਲਿਪੀ ਵਿਚ ਦਿੱਤੇ ਗਏ ਹਨ ਅਤੇ ਗੁਜਰਾਂਵਾਲੇ ਜ਼ਿਲੇ ਦੀ ਮੁਲਤਾਨੀ ਪੇਂਡੂ ਬੋਲੀ ਨੂੰ ਆਧਾਰ ਬਣਾਇਆ ਗਿਆ ਹੈ। ਅਰਥ ਲਗਭਗ ਸਹੀ ਹਨ। ਇਸ ਦਾ ਉਦੇਸ਼ ਵੀ ਮੁੱਖ ਰੂਪ ਵਿਚ ਉਨ੍ਹਾਂ ਯੂਰਪੀਨਾਂ ਦੀਆਂ ਵਿਵਹਾਰਕ ਲੋੜਾਂ ਨੂੰ ਪੂਰਾ ਕਰਨਾ ਸੀ ਜਿਹੜੇ ਪੰਜਾਬ ਦੇ ਲੋਕਾਂ ਨਾਲ ਗੱਲਬਾਤ ਵਿਚ ਪੰਜਾਬੀ ਦਾ ਪ੍ਰਯੋਗ ਕਰਨਾ ਚਾਹੁੰਦੇ ਸਨ।

ਇਸ ਲੜੀ ਦਾ ਅਗਲਾ ਕੋਸ਼ ਮੁਨਸ਼ੀ ਜਵਾਹਰ ਸਿੰਘ ਵਲੋਂ ਇਕੱਤਰ ਕੀਤੀ ਸ਼ਬਦਾਵਲੀ ਹੈ। ਇਹ ਲਘੂ ਕੋਸ਼ ਮੁੱਖ ਤੌਰ ਤੇ ਸੈਨਿਕ ਅਫ਼ਸਰਾਂ ਦੀ ਸਹਾਇਤਾ ਲਈ ਤਿਆਰ ਕੀਤਾ ਗਿਆ ਸੀ।

ਸਾਲਗ ਰਾਮ ਨੇ ਵੀ ਆਪਣੇ ਕੋਸ਼ ਵਿਚ ਸੰਕਲਿਤ ਸ਼ਬਦਾਵਲੀ ਲਈ ਇਨ੍ਹਾਂ ਕੋਸ਼ਾਂ ਅਤੇ ਗਲਾਸਰੀਆਂ ਨੂੰ ਹੀ ਆਧਾਰ ਬਣਾਇਆ ਹੈ, ਪਰ ਅੰਗ੍ਰੇਜ਼ੀ ਸ਼ਬਦਾਂ ਦੇ ਅਰਥ ਉਚਾਰਣ ਸਹਿਤ ਪਹਿਲੀ ਵਾਰ ਪੰਜਾਬੀ ਵਿਚ ਦਿੱਤੇ ਹਨ। ਅੰਗ੍ਰੇਜ਼ੀ ਸ਼ਬਦਾਂ ਦੇ ਪੰਜਾਬੀ ਪਰਿਆਇਆਂ ਦੀ ਚੋਣ ਬੜੀ ਸੂਝ ਨਾਲ ਕੀਤੀ ਹੋਈ ਹੈ। ਇਸ ਕੋਸ਼ ਦਾ ਦੁਭਾਸ਼ੀ ਕੋਸ਼ਾਂ ਵਿਚ ਵਿਲੱਖਣ ਸਥਾਨ ਹੈ।

ਹੇਅਰਜ਼ ਦੇ ਕੋਸ਼ ਦੀ ਪੰਜਾਬੀ ਵੀ ਪੇਂਡੂ ਪੰਜਾਬੀ ਹੈ ਅਤੇ ਅੰਗ੍ਰੇਜ਼ੀ ਸ਼ਬਦਾਂ ਦੇ ਅਰਥ ਰੋਮਨ ਲਿਪੀ ਵਿਚ ਦਿੱਤੇ ਗਏ ਹਨ। ਇਉਂ ਹੀ, ਸ. ਬਖ਼ਸ਼ੀਸ਼ ਸਿੰਘ ਨੇ ਵੀ ਅਰਥ ਪੰਜਾਬੀ ਵਿਚ ਦਿੱਤੇ ਹਨ, ਪਰ ਮੁਹਾਵਰਿਆਂ ਨੂੰ ਕੋਸ਼ ਵਿਚ ਸ਼ਾਮਿਲ ਨਹੀਂ ਕੀਤਾ। ਇੰਜ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਰਚੇ ਅੰਗ੍ਰੇਜ਼ੀ-ਪੰਜਾਬੀ ਕੋਸ਼ਾਂ ਦਾ ਅਧਿਕ ਬਲ ਰੋਜ਼ਮੱਰਾ ਦੇ ਪ੍ਰਬੰਧਕੀ ਕੰਮਕਾਜ ਅਤੇ ਆਪਸੀ ਗੱਲਬਾਤ ਵਿਚ ਅੰਗ੍ਰੇਜ਼ ਅਫ਼ਸਰਾਂ ਦੀ ਸਹਾਇਤਾ ਕਰਨਾ ਸੀ। ਦੂਜਾ ਮੰਤਵ ਅੰਗ੍ਰੇਜ਼ੀ ਧਾਰਮਿਕ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕਰ ਕੇ ਪੰਜਾਬੀ ਲੋਕਾਂ ਵਿਚ ਬੜੇ ਸੂਖਮ ਢੰਗ ਨਾਲ ਵਿਚਾਰਧਾਰਕ ਪ੍ਰਚਾਰ ਕਰਨਾ ਸੀ। ਇਹ ਕੋਸ਼ ਆਪਣੇ ਸਮਕਾਲੀ ਮੰਤਵ ਵਿਚ ਤਾਂ ਕਾਮਯਾਬ ਸਨ, ਪਰੰਤੂ ਅਜੋਕੀ ਸਥਿਤੀ ਵਿਚ ਇਨ੍ਹਾਂ ਦੀ ਕੋਈ ਵਿਵਹਾਰਕ ਤੇ ਵਿਗਿਆਨਕ ਸਾਰਥਕਤਾ ਨਹੀਂ ਹੈ।

ਸੁਤੰਤਰਤਾ ਪ੍ਰਾਪਤੀ ਪਿਛੋਂ ਸਕੂਲਾਂ ਅਤੇ ਕਾਲਿਜਾਂ ਵਿਚ ਅਧਿਆਪਨ ਅਤੇ ਪਰੀਖਿਆ ਦਾ ਮਾਧਿਅਮ ਅੰਗ੍ਰੇਜ਼ੀ ਬਣ ਜਾਣ ਨਾਲ ਅੰਗ੍ਰੇਜ਼ੀ-ਪੰਜਾਬੀ ਕੋਸ਼ਾਂ ਦੀ ਦਿਸ਼ਾ ਵਿਚ ਵੀ ਮੂਲ ਪਰਿਵਰਤਨ ਆਇਆ। ਇਨ੍ਹਾਂ ਕੋਸ਼ਾਂ ਨੂੰ ਸਾਹਿਤਕ ਪੁਸਤਕਾਂ ਨੂੰ ਸਮਝਣ-ਸਮਝਾਉਣ ਅਤੇ ਪੜ੍ਹਨ-ਪੜ੍ਹਾਉਣ ਲਈ ਪ੍ਰਯੋਗ ਕੀਤਾ ਜਾਣ ਲੱਗਾ। ਇਹੀ ਕਾਰਣ ਹੈ ਕਿ ਪ੍ਰਿੰਸੀਪਲ ਤੇਜਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੀ. ਐਸ. ਯੂ. ਟੀ. ਬੀ. ਦੇ ਕੋਸ਼ਾਂ ਦੀ ਪ੍ਰਕਿਰਤੀ ਪਹਿਲੇ ਕੋਸ਼ਾਂ ਨਾਲੋਂ ਮੂਲੋਂ ਹੀ ਭਿੰਨ ਹੈ। ਇਹ ਕੋਸ਼ ਸਕੂਲਾਂ ਤੇ ਕਾਲਿਜਾਂ ਦੇ ਵਿਦਿਆਰਥੀਆਂ, ਅਧਿਆਪਕਾਂ, ਅਨੁਵਾਦਕਾਂ, ਸਾਹਿਤ-ਪ੍ਰੇਮੀਆਂ ਅਤੇ ਵਿਦਵਾਨਾਂ ਦੀਆਂ ਵਾਸਤਵਿਕ ਤੇ ਵਿਵਹਾਰਕ ਲੋੜਾਂ ਨੂੰ ਮੁੱਖ ਰੱਖ ਕੇ ਲਿਖੇ ਗਏ ਹਨ। ਇਨ੍ਹਾਂ ਤਿੰਨਾਂ ਕੋਸ਼ਾਂ ਵਿਚ ਪਹਿਲੇ ਕੋਸ਼ਕਾਰਾਂ ਵਾਂਗ

ਉਪਭਾਸ਼ਾਵਾਂ ਨੂੰ ਆਧਾਰ ਨਹੀਂ ਬਣਾਇਆ ਗਿਆ, ਬਲਕਿ ਅੰਗ੍ਰੇਜ਼ੀ ਭਾਸ਼ਾ ਦੇ ਪ੍ਰਮਾਣਕ ਕੋਸ਼ ਜਿਵੇਂ 'ਕਨਸਾਈਜ਼ ਆਕਸਫੋਰਡ ਡਿਕਸ਼ਨਰੀ' ਆਦਿ ਨੂੰ ਆਧਾਰ ਬਣਾਇਆ ਗਿਆ ਹੈ। ਫਲਸਰੂਪ, ਇਨ੍ਹਾਂ ਕੋਸ਼ਾਂ ਵਿਚ ਸਾਹਿਤਕ ਸ਼ਬਦਾਵਲੀ ਦਾ ਪ੍ਰਵੇਸ਼ ਕੁਦਰਤੀ ਗੱਲ ਹੈ। ਅਰਥਾਂ ਤੇ ਅਰਥ-ਭੇਦਾਂ ਦੀ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਕੋਸ਼ਾਂ ਵਿਚ ਕਾਫ਼ੀ ਵ੍ਰਿਧੀ ਹੋਈ ਹੈ। ਆਕਾਰ ਅਤੇ ਪ੍ਰਕਾਰ ਪੱਖੋਂ ਇਹ ਕੋਸ਼ ਪਹਿਲੇ ਕੋਸ਼ਾਂ ਦੀ ਤੁਲਨਾ ਵਿਚ ਸ੍ਰੇਸ਼ਟ ਹਨ। ਤੇਜਾ ਸਿੰਘ ਨੇ ਆਪਣੇ ਕੋਸ਼ ਵਿਚ ਮੂਲ ਅੰਗ੍ਰੇਜ਼ੀ ਸ਼ਬਦਾਂ ਦਾ ਉਚਾਰਣ ਦਰਜ ਨਹੀਂ ਕੀਤਾ, ਪਰੰਤੂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਕੋਸ਼ਕਾਰੀ ਵਿਭਾਗ ਵਲੋਂ ਤਿਆਰ ਕੀਤੇ 'ਪੀ. ਐਸ. ਯੂ. ਟੀ. ਬੀ. ਇੰਗਲਿਸ਼-ਪੰਜਾਬੀ ਡਿਕਸ਼ਨਰੀ' ਵਿਚ ਅੰਗ੍ਰੇਜ਼ੀ ਸ਼ਬਦਾਂ ਦਾ ਉਚਾਰਣ ਵੀ ਦਿੱਤਾ ਗਿਆ ਹੈ। ਇਨ੍ਹਾਂ ਸਾਰੇ ਕੋਸ਼ਾਂ ਵਿਚੋਂ ਅੰਤਲਾ ਕੋਸ਼ ਸੰਕਲਨ ਅਤੇ ਸੰਪਾਦਨ ਦੀ ਦ੍ਰਿਸ਼ਟੀ ਤੋਂ ਅਧਿਕ ਵਿਗਿਆਨਕ ਆਧਾਰਾਂ ਤੇ ਤਿਆਰ ਕੀਤਾ ਜਾਪਦਾ ਹੈ। ਇਹ ਕੋਸ਼ ਵਿਵਿਧ ਅਤੇ ਵਿਸਤ੍ਰਿਤ ਪਾਠਕ-ਵਰਗ ਦੀਆਂ ਲੋੜਾਂ ਦੀ ਪੂਰਤੀ ਵੀ ਕਰਦਾ ਹੈ। ਪਰੰਤੂ ਅੰਗ੍ਰੇਜ਼ੀ-ਪੰਜਾਬੀ ਕੋਸ਼ਕਾਰੀ ਵਿਚ ਇਕ ਵੱਡਾ ਦੋਸ਼ ਹਮੇਸ਼ਾ ਅੱਖਰਦਾ ਰਿਹਾ ਹੈ ਕਿ ਕਿਸੇ ਵੀ ਕੋਸ਼ਕਾਰ ਨੇ ਪਿਛਲੇ 150 ਸਾਲ ਦੇ ਅਨੁਵਾਦਿਤ ਸਾਹਿਤ ਦਾ ਸਰਵੇਖਣ ਨਹੀਂ ਕੀਤਾ। ਅਨੁਵਾਦ ਸਾਹਿਤ ਕਿਸੇ ਵੀ ਭਾਸ਼ਾ ਦਾ ਕੀਮਤੀ ਸਰਮਾਇਆ ਹੁੰਦਾ ਹੈ। ਕੋਸ਼ ਨਿਰਮਾਣ ਪ੍ਰਕ੍ਰਿਆ ਵਿਚ ਇਸ ਦਾ ਉਪਯੋਗ ਇਨ੍ਹਾਂ ਕੋਸ਼ਾਂ ਦੀਆਂ ਕੋਸ਼ੀ ਇਕਾਈਆਂ ਅਤੇ ਅਰਥਾਂ ਦੀ ਸਮ੍ਰਿਧੀ ਦਾ ਆਧਾਰ ਬਣ ਸਕਦਾ ਹੈ।

ਪ੍ਰਾਈਵੇਟ ਪ੍ਰਕਾਸ਼ਕਾਂ ਨੇ ਵੀ ਆਪਣੇ ਨਿਜੀ ਯਤਨਾਂ ਨਾਲ ਕੁਝ ਕੁ ਅੰਗ੍ਰੇਜ਼ੀ-ਪੰਜਾਬੀ ਕੋਸ਼ ਲਿਖਵਾਏ ਹਨ ਜਿਹੜੇ ਹੋਰ ਗਾਈਡਾਂ ਅਤੇ ਸਸਤੀਆਂ ਕੁੰਜੀਆਂ ਵਾਂਗ ਸਕੂਲਾਂ ਤੇ ਕਾਲਿਜਾਂ ਦੇ ਵਿਦਿਆਰਥੀਆਂ ਦੀਆਂ ਤਤਕਾਲੀ ਲੋੜਾਂ ਦੀ ਪੂਰਤੀ ਕਰਦੇ ਹਨ।

ਪੰਜਾਬੀ ਵਿਦਿਆਰਥੀਆਂ ਦੀ ਸਹਾਇਤਾ ਲਈ ਇਕ ਅਜਿਹਾ ਅੰਗ੍ਰੇਜ਼ੀ-ਪੰਜਾਬੀ ਕੋਸ਼ ਅਵੱਸ਼ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਅਰਥ ਦੀ ਸਪਸ਼ਟਤਾ ਅਤੇ ਵਿਆਖਿਆ ਲਈ ਪ੍ਰਯੋਗ ਜਾਂ ਸੰਦਰਭ ਉਕਤੀਆਂ ਦੀ ਵਰਤੋਂ ਕੀਤੀ ਹੋਵੇ।

(ਸ) **ਮੁਹਾਵਰਾ ਤੇ ਅਖਾਣ ਕੋਸ਼ :** ਇਸ ਪਾਸੇ ਜੋ ਯਤਨ ਹੋਏ ਹਨ, ਉਹ ਕੇਵਲ ਅੰਗ੍ਰੇਜ਼ਾਂ ਨੇ ਆਪਣੇ ਆਪ ਨੂੰ ਭਾਵ ਅਭਿਵਿਅਕਤੀ ਲਈ ਲੈਸ ਕਰਨ ਦੇ ਫਲਸਰੂਪ ਹੀ ਕੀਤੇ ਹਨ :

1. ਹੇਅਰਜ਼ (ਡਬਲਿਊ. ਪੀ.), **ਏ ਕੁਲੈਕਸ਼ਨ ਆਫ ਪੰਜਾਬੀ ਪ੍ਰੋਵਰਬਜ਼ ਐਂਡ ਇਡਿਓਮੈਟਿਕ ਸੈਨਟੈਨਸਿਜ਼ ਇਨ ਰੋਮਨ ਪੰਜਾਬੀ**, ਲਾਹੌਰ, 1940.
2. ਕਿਸ਼ਨ ਸਿੰਘ, **ਪੰਜਾਬੀ ਅਖੌਤਾਂ ਦਾ ਸੰਗ੍ਰਹਿ ਤੇ ਉਨ੍ਹਾਂ ਦਾ ਅੰਗ੍ਰੇਜ਼ੀ ਅਨੁਵਾਦ**, ਬਰਮਾ, ਮਿਤੀਹੀਣ।

3. ਜਾਨਵੀਰ (ਰੇਵ. ਐਲ.), ਇਡਿਓਮੈਟਿਕ ਸੈਨਟੈਨਸਿਜ਼ ਇਨ ਇੰਗਲਿਸ਼ ਐਂਡ ਪੰਜਾਬੀ, 1846.
4. ਫਾਲਨ, ਪੰਜਾਬੀ ਦੀਆਂ ਅਖੌਤਾਂ, 1886.
5. ਮਾਕੋਨੀਕੀ, ਪੰਜਾਬੀ ਪ੍ਰੋਵਰਬਜ਼, 1905.

ਇਨ੍ਹਾਂ ਕੋਸ਼ਾਂ ਵਿਚ ਵੀ ਕੇਵਲ ਉਹੀ ਮੁਹਾਵਰੇ ਅਤੇ ਅਖਾਣ ਸ਼ਾਮਿਲ ਕੀਤੇ ਗਏ ਹਨ ਜਿਹੜੇ ਵਾਰਤਾਲਾਪ ਵਿਚ ਅੰਗ੍ਰੇਜ਼ਾਂ ਲਈ ਸਹਾਇਕ ਸਿੱਧ ਹੋ ਸਕਣ। ਕੋਈ ਪ੍ਰਮਾਣਕ ਦੁਭਾਸ਼ੀ ਮੁਹਾਵਰਾ ਤੇ ਅਖਾਣ ਕੋਸ਼ ਬਣਾਉਣ ਦਾ ਉਪਰਾਲਾ ਵੀ ਵਿਅਕਤੀ ਜਾਂ ਸੰਸਥਾ ਨੇ ਨਹੀਂ ਕੀਤਾ।

(ਹ) **ਪਰਿਭਾਸ਼ਿਕ ਕੋਸ਼/ਤਕਨੀਕੀ ਸ਼ਬਦਾਵਲੀਆਂ:** ਆਪਣੀਆਂ ਦੈਨਿਕ ਲੋੜਾਂ ਦੀ ਪੂਰਤੀ ਲਈ ਉਪਭਾਸ਼ਾਈ ਗਲਾਸਰੀਆਂ ਦਾ ਸੰਕਲਨ ਅੰਗ੍ਰੇਜ਼ਾਂ ਦੇ ਆਗਮਨ ਉਪਰੰਤ ਆਰੰਭ ਹੋਇਆ। ਪਰੰਤੂ ਸਕੂਲਾਂ ਤੇ ਕਾਲਿਜਾਂ ਵਿਚ ਗਿਆਨ-ਵਿਗਿਆਨ ਦੇ ਵਿਸ਼ਿਆਂ ਦੇ ਅਧਿਆਪਨ ਅਤੇ ਦਫ਼ਤਰੀ-ਅਦਾਲਤੀ ਕੰਮਕਾਜ ਦਾ ਮਾਧਿਅਮ ਪੰਜਾਬੀ ਨਿਸ਼ਚਿਤ ਹੋ ਜਾਣ ਨਾਲ ਪਰਿਭਾਸ਼ਿਕ ਕੋਸ਼ਾਂ ਦੀ ਲੋੜ ਮਹਿਸੂਸ ਹੋਣ ਲੱਗੀ। 1967 ਵਿਚ ਪੰਜਾਬੀ ਨੂੰ ਰਾਜ ਭਾਸ਼ਾ ਤਸਲੀਮ ਕੀਤੇ ਜਾਣ ਉਪਰੰਤ ਮਾਧਿਅਮ ਪਰਿਵਰਤਨ ਯੋਜਨਾ ਅਧੀਨ ਰਾਜ ਪੱਧਰ ਤੇ ਪੰਜਾਬੀ ਦੀ ਸਰਵਪੱਖੀ ਉੱਨਤੀ ਲਈ ਹੋਰ ਵੀ ਗੰਭੀਰਤਾ ਨਾਲ ਯਤਨ ਆਰੰਭ ਹੋਏ। ਗਿਆਨ-ਵਿਗਿਆਨ ਦੇ ਵਿਸ਼ਿਆਂ ਦੇ ਅਧਿਆਪਨ, ਪ੍ਰਬੰਧਕੀ ਅਤੇ ਅਦਾਲਤੀ ਕੰਮਕਾਜ ਦਾ ਸਮਰੱਥ ਮਾਧਿਅਮ ਬਣਨ ਲਈ ਵਿਭਿੰਨ ਵਿਸ਼ਿਆਂ ਵਿਚ ਤਕਨੀਕੀ ਸ਼ਬਦਾਵਲੀਆਂ ਦੀ ਲੋੜ ਪਈ। ਇਸ ਲੋੜ ਨੇ ਸਾਡੇ ਗਿਆਨ-ਵਿਗਿਆਨ ਦੇ ਅਧਿਆਪਕਾਂ, ਕਾਨੂੰਨ-ਮਾਹਰਾਂ, ਯੂਨੀਵਰਸਿਟੀਆਂ ਅਤੇ ਹੋਰ ਵਿਭਿੰਨ ਅਦਾਰਿਆਂ ਨੂੰ ਇਨ੍ਹਾਂ ਵਿਭਿੰਨ ਵਿਸ਼ਿਆਂ ਵਿਚ ਮੌਲਿਕ ਪੁਸਤਕਾਂ ਲਿਖਣ-ਲਿਖਵਾਉਣ ਅਤੇ ਪ੍ਰਮਾਣਕ ਪੁਸਤਕਾਂ ਦਾ ਅਨੁਵਾਦ ਕਰਨ ਲਈ ਪ੍ਰੇਰਿਤ ਤੇ ਪ੍ਰੋਤਸਾਹਿਤ ਕੀਤਾ। ਇਸ ਸਿਲਸਿਲੇ ਵਿਚ ਨਿਜੀ, ਸੰਸਥਾਗਤ ਅਤੇ ਰਾਜ ਪੱਧਰ ਤੇ ਜੋ ਉਪਰਾਲੇ ਕੀਤੇ ਗਏ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਟੈਕਸਟਬੁਕ ਕਮੇਟੀ, **ਟੈਕਨੀਕਲ ਟਰਮਜ਼ ਇਨ ਪੰਜਾਬੀ**, ਲਾਹੌਰ, 1930.
2. ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁਕ ਬੋਰਡ, ਚੰਡੀਗੜ੍ਹ: **ਅਰਥ-ਵਿਗਿਆਨ, ਅਰਥ-ਵਿਗਿਆਨ ਤੇ ਆਰਥਿਕ ਅੰਕੜਾ ਵਿਗਿਆਨ, ਇਤਿਹਾਸ, ਸਮਾਜ-ਵਿਗਿਆਨ, ਨਾਗਰਿਕ ਸ਼ਾਸਤਰ, ਪ੍ਰਾਣੀ ਵਿਗਿਆਨ, ਫਲਸਫਾ, ਬਾਟਨੀ, ਭੂਗੋਲ, ਭੌਤਿਕ-ਵਿਗਿਆਨ, ਰਾਜਨੀਤੀ-ਵਿਗਿਆਨ, ਲੋਕ ਪ੍ਰਸ਼ਾਸਨ।**
3. ਪੰਜਾਬੀ ਯੂਨੀਵਰਸਿਟੀ, ਪਟਿਆਲਾ, **ਅੰਗ੍ਰੇਜ਼ੀ ਪੰਜਾਬੀ ਯੂਨੀਵਰਸਿਟੀ ਪ੍ਰਬੰਧ ਸ਼ਬਦਾਵਲੀ**, ਵਿਉਂਤ ਵਿਕਾਸ ਵਿਭਾਗ, 1980.
4. ਪੰਜਾਬੀ ਵਿਭਾਗ, ਪੈਪਸੂ, ਪਟਿਆਲਾ, **ਐਂਗਲੋ-ਪੰਜਾਬੀ ਡਿਕਸ਼ਨਰੀ ਆਫ ਟੈਕਨੀਕਲ ਟਰਮਜ਼**, 1953.

5. ਪਿਆਰ ਸਿੰਘ, ਹਰਮਿੰਦਰ ਸਿੰਘ ਕੋਹਲੀ, ਪਾਰਿਭਾਸ਼ਿਕ ਸ਼ਬਦ-ਸੰਗ੍ਰਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

6. ਪ੍ਰੇਮ ਪ੍ਰਕਾਸ਼ ਸਿੰਘ, ਦੀਵਾਨ ਸਿੰਘ, ਆਰ. ਐਲ. ਆਹੂਜਾ, ਸਾਹਿੱਤ-ਸੰਕੇਤ, ਅਮਰਜੀਤ ਪ੍ਰਿੰਟਿੰਗ ਪ੍ਰੈਸ, ਜਲੰਧਰ, 1954.

7. ਭਗਤ ਸਿੰਘ, ਐਂਗਲੋ ਪੰਜਾਬੀ ਡਿਕਸ਼ਨਰੀ ਆਫ ਲੀਗਲ ਟਰਮਜ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1953.

8. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ : ਅਰਥ-ਵਿਗਿਆਨ ਤੇ ਅੰਕੜਾ ਵਿਗਿਆਨ, ਇਤਿਹਾਸ, ਸ਼ਹਿਰੀਅਤ ਤੇ ਰਾਜ-ਪ੍ਰਬੰਧ, ਸਮਾਜ ਵਿਗਿਆਨ, ਸਮਾਜ ਵਿਗਿਆਨ, ਸਮਾਜ ਮਨੋਵਿਗਿਆਨ ਤੇ ਸਮਾਜ ਕਾਰਜ ਵਿਗਿਆਨ, ਸਰੀਰਕ ਸਿਖਿਆ, ਸਰੀਰ ਵਿਗਿਆਨ, ਸਿਹਤ ਵਿਗਿਆਨ, ਸਿਖਿਆ, ਕਾਨੂੰਨ, ਕਾਮਰਸ ਤੇ ਬੈਂਕਿੰਗ, ਖੇਤੀਬਾੜੀ, ਗਣਿਤ, ਘਰੋਗੀ ਲੇਖਾ, ਤੋਲ ਤੇ ਮਾਪ, ਦਰਸ਼ਨ-ਸ਼ਾਸਤਰ, ਨਾਗਰਿਕ ਸ਼ਾਸਤਰ, ਪ੍ਰਾਣੀ ਵਿਗਿਆਨ, ਬਜਟ, ਬਨਸਪਤੀ-ਵਿਗਿਆਨ, ਭੂਗੋਲ, ਭੂ-ਵਿਗਿਆਨ, ਭੌਤਿਕ-ਵਿਗਿਆਨ, ਮਨੋਵਿਗਿਆਨ, ਰਸਾਇਣ-ਵਿਗਿਆਨ, ਰਾਜ ਪ੍ਰਬੰਧ ਤੇ ਪਦਨਾਮ, ਰਾਜਨੀਤਿਕ ਵਿਗਿਆਨ, ਲੋਕ ਪ੍ਰਸ਼ਾਸਨ ।

1920 ਦੇ ਲਗਭਗ ਪੰਜਾਬ ਟੈਕਸਟਬੁਕ ਕਮੇਟੀ ਲਾਹੌਰ ਨੇ ਸਕੂਲਾਂ ਵਿਚ ਪੜ੍ਹਾਏ ਜਾਣ ਵਾਲੇ ਵਿਗਿਆਨਾਂ ਜਿਵੇਂ ਪਦਾਰਥ-ਵਿਗਿਆਨ, ਗਣਿਤ, ਰੇਖਾ-ਗਣਿਤ, ਭੂਗੋਲ ਆਦਿ ਦੀਆਂ ਪੰਜਾਬੀ ਵਿਚ ਪਰਿਭਾਸ਼ਿਕ ਸ਼ਬਦਾਵਲੀਆਂ ਤਿਆਰ ਕੀਤੀਆਂ ਅਤੇ ਇਨ੍ਹਾਂ ਨੂੰ ਸਕੂਲੀ ਕਿਤਾਬਾਂ ਵਿਚ ਵਰਤਿਆ। ਇਸ ਤੋਂ ਪਿਛੋਂ ਯੂਨੀਵਰਸਿਟੀ ਪੱਧਰ ਦੀ ਸਿਖਿਆ ਦਾ ਮਾਧਿਅਮ ਪੰਜਾਬੀ ਬਣਨ ਉਪਰੰਤ ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਕੁਝ ਵਿਅਕਤੀਆਂ ਨੇ ਨਿਜੀ ਤੌਰ ਤੇ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ। ਫਲਸਰੂਪ, ਦਫ਼ਤਰੀ ਕੰਮ-ਕਾਜ, ਅਦਾਲਤੀ ਕਾਰਵਾਈ ਅਤੇ ਸਕੂਲ, ਕਾਲਿਜ ਤੇ ਯੂਨੀਵਰਸਿਟੀ ਪੱਧਰ ਤੇ ਸਿਖਿਆ ਅਤੇ ਪ੍ਰਯੋਗ ਦੇ ਮਾਧਿਅਮ ਲਈ ਪਰਿਭਾਸ਼ਿਕ ਸ਼ਬਦਾਵਲੀਆਂ ਦੀ ਰਚਨਾ ਕੀਤੀ ਗਈ। ਸਿੱਟੇ ਵਜੋਂ, ਪ੍ਰਬੰਧਕੀ ਸ਼ਬਦਾਵਲੀਆਂ, ਕਾਨੂੰਨੀ ਸੰਕੇਤ ਕੋਸ਼, ਸਾਹਿਤ ਸੰਕੇਤਾਵਲੀ, ਗਿਆਨ-ਵਿਗਿਆਨ ਦੇ ਵਿਭਿੰਨ ਵਿਸ਼ਿਆਂ ਦੀਆਂ ਤਕਨੀਕੀ ਸ਼ਬਦਾਵਲੀਆਂ ਹੋਂਦ ਵਿਚ ਆਈਆਂ। ਭਾਸ਼ਾ ਵਿਭਾਗ, ਪੰਜਾਬ ਨੇ ਸੰਬੰਧਿਤ ਵਿਸ਼ਿਆਂ ਦੇ ਮਾਹਰਾਂ ਦੀ ਸਹਾਇਤਾ ਨਾਲ ਲਗਭਗ ਹਰੇਕ ਵਿਵਹਾਰਕ ਵਿਸ਼ੇ ਦੀ ਤਕਨੀਕੀ ਸ਼ਬਦਾਵਲੀ ਤਿਆਰ ਕਰਵਾਈ। ਸੰਸਾਰ ਅਤੇ ਰਾਸ਼ਟਰ ਪ੍ਰਸਿੱਧ ਸਿਰਜਣਾਤਮਕ ਸਾਹਿਤ ਦਾ ਪੰਜਾਬੀ ਅਨੁਵਾਦ ਵੀ ਕਰਵਾਇਆ। ਇਉਂ ਹੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਨੁਵਾਦ ਵਿਭਾਗ ਅਤੇ ਪੰਜਾਬੀ ਵਿਕਾਸ ਤੇ ਵਿਉਂਤ ਵਿਭਾਗ ਨੇ ਗਿਆਨ-ਵਿਗਿਆਨ ਦੇ ਵਿਸ਼ਿਆਂ ਦੀਆਂ ਪ੍ਰਮਾਣਕ ਪੁਸਤਕਾਂ ਦਾ ਅਨੁਵਾਦ

ਕਰਵਾ ਕੇ ਇਨ੍ਹਾਂ ਦੇ ਅਖ਼ੀਰ ਵਿਚ ਪਰਿਭਾਸ਼ਿਕ ਸ਼ਬਦਾਵਲੀਆਂ ਪ੍ਰਦਾਨ ਕੀਤੀਆਂ। ਨਾਲ ਹੀ, ਇਨ੍ਹਾਂ ਵਿਭਿੰਨ ਵਿਸ਼ਿਆਂ ਦੇ ਅਧਿਆਪਕਾਂ ਨੂੰ ਮੌਲਿਕ ਪੁਸਤਕਾਂ ਲਿਖਣ ਲਈ ਪ੍ਰੇਰਣਾ ਅਤੇ ਪ੍ਰੋਤਸਾਹਨ ਦਿੱਤਾ।

ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁਕ ਬੋਰਡ ਦਾ ਕੰਮ ਇਸ ਪੱਖੋਂ ਕੋਈ ਬਹੁਤਾ ਸ਼ਲਾਘਾਯੋਗ ਨਹੀਂ ਹੈ। ਪੰਜਾਬ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਵਲੋਂ ਤਿਆਰ ਕੀਤਾ ਅੰਗ੍ਰੇਜ਼ੀ-ਪੰਜਾਬੀ ਕੋਸ਼ ਹੀ ਇਸ ਦੀ ਵਿਸ਼ੇਸ਼ ਪ੍ਰਾਪਤੀ ਹੈ। ਦੂਜੀ ਵੱਡੀ ਪ੍ਰਾਪਤੀ ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ ਤਕਨੀਕੀ ਸ਼ਬਦਾਵਲੀਆਂ ਤੇ ਆਪਣਾ ਠੱਪਾ ਲਗਾ ਕੇ ਮੁੜ ਛਾਪਣਾ ਹੈ। ਜਿਸ ਉਦੇਸ਼ ਦੀ ਪੂਰਤੀ ਲਈ ਇਸ ਬੋਰਡ ਦੀ ਸਥਾਪਨਾ ਕੀਤੀ ਗਈ ਸੀ, ਉਸ ਸਿਲਸਿਲੇ ਵਿਚ ਇਹ ਕੋਈ ਸਾਰਥਕ ਯੋਗਦਾਨ ਨਹੀਂ ਪਾ ਸਕਿਆ।

(ਕ) **ਪੰਜਾਬੀ-ਹਿੰਦੀ ਕੋਸ਼ :** ਕੇਵਲ ਇਕ ਕੋਸ਼ ਹੀ ਉਪਲਬਧ ਹੈ :
ਭਾਸ਼ਾ ਵਿਭਾਗ ਪੰਜਾਬ, **ਪੰਜਾਬੀ-ਹਿੰਦੀ ਕੋਸ਼**, ਪਟਿਆਲਾ, 1963, 1974.

(ਖ) **ਹਿੰਦੀ-ਪੰਜਾਬੀ ਕੋਸ਼ :** ਇਸ ਪਾਸੇ ਵੀ ਕੋਈ ਵਿਸ਼ੇਸ਼ ਪ੍ਰਾਪਤੀ ਨਹੀਂ ਹੈ :

1. ਇੰਦਰ ਸਿੰਘ ਚੱਕਰਵਰਤੀ, ਅਮਰ ਨਾਥ (ਪੰਡਿਤ), **ਹਿੰਦੀ-ਪੰਜਾਬੀ ਕੋਸ਼**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1953, 1969.
2. ਨੰਦ ਦਾਸ, **ਅਨੇਕਾਰਥ ਕੋਸ਼** (ਹਿੰਦੀ-ਪੰਜਾਬੀ), ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1925.

ਪੰਜਾਬੀ ਨੂੰ ਰਾਜ ਭਾਸ਼ਾ ਅਤੇ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਪ੍ਰਾਪਤ ਹੋ ਜਾਣ ਉਪਰੰਤ ਇਨ੍ਹਾਂ ਭਾਸ਼ਾਵਾਂ ਦੇ ਸਾਹਿਤ ਨੂੰ ਵਿਕਸਿਤ ਅਤੇ ਪ੍ਰਫੁੱਲਤ ਕਰਨ ਲਈ ਅਨੇਕਾਂ ਸਕੀਮਾਂ ਤਿਆਰ ਕੀਤੀਆਂ ਗਈਆਂ। ਇਨ੍ਹਾਂ ਸਕੀਮਾਂ ਦੇ ਅੰਤਰਗਤ ਹਿੰਦੀ ਅਤੇ ਪ੍ਰਾਦੇਸ਼ਿਕ ਭਾਸ਼ਾਵਾਂ ਦੇ ਪਰਸਪਰ ਕੋਸ਼ ਤਿਆਰ ਕਰਨ ਦੀ ਯੋਜਨਾ ਵੀ ਬਣਾਈ ਗਈ। ਨਾਲੇ, ਰਾਸ਼ਟਰ ਪੱਧਰ ਦੀਆਂ ਪ੍ਰਮਾਣਕ ਸਾਹਿਤਕ ਰਚਨਾਵਾਂ ਦੇ ਹਿੰਦੀ ਤੋਂ ਪੰਜਾਬੀ ਅਤੇ ਪੰਜਾਬੀ ਦੇ ਸਥਾਪਿਤ ਲੇਖਕਾਂ ਦੀਆਂ ਪ੍ਰਮਾਣਕ ਰਚਨਾਵਾਂ ਦੇ ਪੰਜਾਬੀ ਤੋਂ ਹਿੰਦੀ ਅਨੁਵਾਦ ਦੀ ਲੋੜ ਦਾ ਆਭਾਸ ਹੋਇਆ। ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਉਪਰੋਕਤ ਹਿੰਦੀ-ਪੰਜਾਬੀ ਅਤੇ ਪੰਜਾਬੀ-ਹਿੰਦੀ ਕੋਸ਼ ਤਿਆਰ ਕਰਵਾਏ ਗਏ। ਇਨ੍ਹਾਂ ਕੋਸ਼ਾਂ ਦੇ ਸੰਕਲਨ ਦਾ ਕਾਰਜ ਵੀ ਭਾਸ਼ਾ ਵਿਭਾਗ, ਪੰਜਾਬ ਨੇ ਆਪਣੇ ਹੱਥ ਵਿਚ ਲਿਆ। ਹਿੰਦੀ ਸ਼ਬਦਾਂ ਦੇ ਸੰਕਲਨ ਲਈ ਮਹੱਤਵਪੂਰਣ ਹਿੰਦੀ ਕੋਸ਼ਾਂ ਨੂੰ ਆਧਾਰ ਬਣਾਇਆ ਗਿਆ। ਇਨ੍ਹਾਂ ਕੋਸ਼ਾਂ ਦੀ ਤਿਆਰੀ ਪਿਛੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਮਾਨਵਵਾਦੀ ਭਾਵਨਾ ਵੀ ਕਾਰਜਸ਼ੀਲ ਹੈ।

(ਗ) **ਪੰਜਾਬੀ-ਸੰਸਕ੍ਰਿਤ ਕੋਸ਼ :** ਇਸ ਪਾਸੇ ਵੀ ਅਸੀਂ ਕੋਈ ਬਹੁਤਾ ਧਿਆਨ ਨਹੀਂ

ਦੇ ਸਕੇ। ਹੁਣ ਤਕ ਕੇਵਲ ਇਕੋ ਕੋਸ਼ ਪ੍ਰਕਾਸ਼ਿਤ ਹੋਇਆ ਹੈ :

ਗੰਗਾਨਾਥ ਝਾ ਕੇਂਦ੍ਰੀਯ ਸੰਸਕ੍ਰਿਤ ਵਿਦਿਆਪੀਠ, **ਪੰਜਾਬੀ-ਸੰਸਕ੍ਰਿਤ ਸ਼ਬਦਕੋਸ਼,** ਅਲਾਹਾਬਾਦ, 1987.

ਸੰਸਕ੍ਰਿਤ ਭਾਸ਼ਾ ਅਤੇ ਭਾਰਤ ਦੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਵਿਚ ਸ਼ਬਦ-ਸਮਾਨਤਾ ਅਤੇ ਅਰਥ-ਸਮਾਨਤਾ ਦੇ ਮੁੱਲਾਂਕਣ ਦੀ ਦ੍ਰਿਸ਼ਟੀ ਤੋਂ ਰਾਸ਼ਟਰੀ ਪੱਧਰ ਤੇ ਪ੍ਰਾਦੇਸ਼ਿਕ ਭਾਸ਼ਾਵਾਂ ਅਤੇ ਸੰਸਕ੍ਰਿਤ ਦੇ ਕੋਸ਼ ਤਿਆਰ ਕਰਨ ਦੀ ਯੋਜਨਾ ਬਣਾਈ ਗਈ। ਇਸ ਯੋਜਨਾ ਦੇ ਅੰਤਰਗਤ ਉਪਰੋਕਤ ਸੰਸਥਾ ਨੇ ਇਹ ਕੋਸ਼ ਪ੍ਰਕਾਸ਼ਿਤ ਕੀਤਾ ਹੈ ਜਿਸ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਕੋਸ਼ਕਾਰੀ ਵਿਭਾਗ ਦੇ ਡਾ. ਓਮ ਪ੍ਰਕਾਸ਼ ਵਸਿਸ਼ਟ ਅਤੇ ਡਾ. ਅਜਮੇਰ ਸਿੰਘ ਨੇ ਭਰਪੂਰ ਯੋਗਦਾਨ ਦਿੱਤਾ ਹੈ। ਦੂਜਾ ਯਤਨ ਭਾਸ਼ਾ ਵਿਭਾਗ, ਪੰਜਾਬ ਦੀ ਪੱਧਰ ਤੇ ਕੀਤਾ ਗਿਆ, ਪਰੰਤੂ ਇਹ ਕੋਸ਼ ਕਿਸੇ ਵਜ੍ਹਾ ਕਰਕੇ ਮੁਕੰਮਲ ਨਾ ਹੋ ਸਕਿਆ। ਪ੍ਰਾਚੀਨ ਸਾਹਿਤ ਦੇ ਅਰਥ-ਬੋਧ ਲਈ ਇਸ ਨਾਲ ਸੰਬੰਧਿਤ ਕਲਾਸੀਕੀ ਭਾਸ਼ਾਵਾਂ ਅਤੇ ਪ੍ਰਾਦੇਸ਼ਿਕ ਭਾਸ਼ਾਵਾਂ ਜਿਵੇਂ ਸੰਸਕ੍ਰਿਤ-ਪੰਜਾਬੀ, ਫ਼ਾਰਸੀ-ਪੰਜਾਬੀ ਆਦਿ ਕੋਸ਼ਾਂ ਦੇ ਨਿਰਮਾਣ ਨੂੰ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ।

(ਘ) **ਪੰਜਾਬੀ-ਉਰਦੂ ਕੋਸ਼ :** ਕੇਵਲ ਇਕ ਕੋਸ਼ ਹੀ ਉਪਲਬਧ ਹੈ :

ਭਾਸ਼ਾ ਵਿਭਾਗ, ਪੰਜਾਬ, **ਪੰਜਾਬੀ-ਉਰਦੂ ਕੋਸ਼,** ਪਟਿਆਲਾ।

(ਙ) **ਉਰਦੂ-ਪੰਜਾਬੀ ਕੋਸ਼ :** ਕੇਵਲ ਇਕ ਕੋਸ਼ ਹੀ ਪ੍ਰਾਪਤ ਹੋਇਆ ਹੈ :

ਭਾਸ਼ਾ ਵਿਭਾਗ, ਪੰਜਾਬ, **ਉਰਦੂ-ਪੰਜਾਬੀ ਕੋਸ਼,** ਪਟਿਆਲਾ।

1951-52 ਵਿਚ ਪੰਜਾਬੀ ਦੀ ਐਮ.ਏ. ਦਾ ਅਧਿਆਪਨ ਸ਼ੁਰੂ ਹੋਇਆ। ਇਸ ਦੇ ਪਾਠਕ੍ਰਮ ਵਿਚ ਸੂਫ਼ੀ ਅਤੇ ਮੁਸਲਮਾਨ ਲੇਖਕਾਂ ਦੀਆਂ ਰਚਨਾਵਾਂ ਨਿਯਤ ਕੀਤੀਆਂ ਗਈਆਂ ਜਿਨ੍ਹਾਂ ਵਿਚ ਕੁਦਰਤੀ ਤੌਰ ਤੇ ਉਰਦੂ, ਫ਼ਾਰਸੀ ਤੇ ਅਰਬੀ ਸ਼ਬਦਾਂ ਦੀ ਭਰਮਾਰ ਸੀ। ਅਰਬੀ-ਫ਼ਾਰਸੀ ਸ੍ਰੋਤ ਤੋਂ ਪੰਜਾਬੀ ਵਿਚ ਅਪਣਾਏ ਮੁਸ਼ਕਿਲ ਤੇ ਅਬੋਧ ਸ਼ਬਦਾਂ ਦੇ ਅਰਥ ਸੰਚਾਰ ਅਤੇ ਗ੍ਰਹਿਣ ਦੀ ਸਮੱਸਿਆ ਖੜ੍ਹੀ ਹੋ ਗਈ। ਉਸ ਸਮੇਂ ਦੇ ਅਧਿਆਪਕ ਭਾਵੇਂ ਅਰਬੀ-ਫ਼ਾਰਸੀ ਭਾਸ਼ਾਵਾਂ ਵਿਚ ਪ੍ਰਬੀਨ ਸਨ, ਪਰ ਬਾਅਦ ਵਿਚ ਉਰਦੂ-ਵਿਮੁਖੀ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਉਰਦੂ-ਪੰਜਾਬੀ ਅਤੇ ਪੰਜਾਬੀ-ਉਰਦੂ ਕੋਸ਼ ਤਿਆਰ ਕਰਨ ਦੀ ਯੋਜਨਾ ਬਣਾਈ ਗਈ। ਇਹ ਕੰਮ ਵੀ ਭਾਸ਼ਾ ਵਿਭਾਗ, ਪੰਜਾਬ ਦੇ ਹਿੱਸੇ ਆਇਆ। ਇਹ ਦੋਵੇਂ ਕੋਸ਼ ਪੰਜਾਬੀ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਕਾਫ਼ੀ ਸਹਾਇਕ ਸਿੱਧ ਹੋਏ, ਭਾਵੇਂ ਇਨ੍ਹਾਂ ਕੋਸ਼ਾਂ ਦੀ ਬਹੁਤੀ ਸ਼ਬਦਾਵਲੀ ਪੰਜਾਬੀ ਕੋਸ਼ ਵਿਚ ਪਹਿਲਾਂ ਹੀ ਸੰਮਿਲਿਤ ਕੀਤੀ ਜਾ ਚੁਕੀ ਸੀ।

(ਚ) **ਫ਼ਾਰਸੀ-ਪੰਜਾਬੀ ਕੋਸ਼ :** ਹੇਠ ਲਿਖੇ ਕੋਸ਼ ਉਪਲਬਧ ਹੋਏ ਹਨ :

1. ਖ਼ੁਦਾ ਬਖ਼ਸ਼, **ਨਿਸਾਬ-ਇ-ਦਰੂਰੀ** (ਕਵਿਤਾ ਵਿਚ), ਲਾਹੌਰ, 1869.
2. **ਫ਼ਾਰਸੀ ਨਾਮਾ,** ਲਾਹੌਰ, 1876.

ਉਪਰੋਕਤ ਪ੍ਰਵਿਰਤੀ ਦੇ ਅੰਤਰਗਤ ਹੀ ਇਹ ਕੋਸ਼ ਤਿਆਰ ਕੀਤੇ ਗਏ ਤਾਂ ਜੋ ਪੰਜਾਬੀ ਸਾਹਿਤ ਦਾ ਅਧਿਐਨ-ਅਧਿਆਪਨ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਫ਼ਾਰਸੀ-ਮੂਲ ਦੇ ਸ਼ਬਦਾਂ ਦਾ ਅਰਥ ਗ੍ਰਹਿਣ ਕਰਨ ਵਿਚ ਕੋਈ ਦਿੱਕਤ ਨਾ ਆਵੇ।

(ਛ) **ਪੰਜਾਬੀ-ਰੂਸੀ ਕੋਸ਼ : ਕੇਵਲ ਇਕ ਕੋਸ਼ ਉਪਲਬਧ ਹੈ :**
ਰਾਬਿਨੋਵਿਚ (ਈ.ਐਸ.), ਸੇਰੇਬਰੀਆਕੋਵ (ਈ.ਡੀ.), **ਪੰਜਾਬੀ-ਰੂਸੀ ਸ਼ਬਦਕੋਸ਼**, ਮਾਸਕੋ, 1961.

(ਜ) **ਰੂਸੀ-ਪੰਜਾਬੀ ਕੋਸ਼ :** ਕੇਵਲ ਇਕ ਕੋਸ਼ ਹੀ ਪ੍ਰਾਪਤ ਹੋਇਆ ਹੈ :
ਗੁਰਬਖ਼ਸ਼ ਸਿੰਘ ਫਰੈਂਕ, **ਰੂਸੀ ਪੰਜਾਬੀ ਸ਼ਬਦਕੋਸ਼**, ਮਾਸਕੋ ਰੂਸੀ ਭਾਸ਼ਾ ਪ੍ਰਕਾਸ਼ਨ ਗ੍ਰਹਿ, ਮਾਸਕੋ, 1979.

ਅੰਤਰਰਾਸ਼ਟਰੀ ਪੱਧਰ ਤੇ ਸਭਿਆਚਾਰਕ ਆਦਾਨ-ਪ੍ਰਦਾਨ ਦੀ ਪ੍ਰਕ੍ਰਿਆ ਦੇ ਅੰਤਰਗਤ ਇਨ੍ਹਾਂ ਕੋਸ਼ਾਂ ਨੂੰ ਹੱਥ ਵਿਚ ਲਿਆ ਗਿਆ। ਸਿੱਟੇ ਵਜੋਂ, ਪੰਜਾਬੀ ਵਿਚ ਰੂਸੀ ਪ੍ਰਮਾਣਕ ਗ੍ਰੰਥਾਂ ਅਤੇ ਰੂਸੀ ਵਿਚ ਪੰਜਾਬੀ ਦੇ ਪ੍ਰਮਾਣਕ ਗ੍ਰੰਥਾਂ ਨੂੰ ਸਮਝਣ-ਸਮਝਾਉਣ ਲਈ ਅਨੁਵਾਦ ਪ੍ਰਕ੍ਰਿਆ ਆਰੰਭ ਹੋਈ ਅਤੇ ਦੋਹਾਂ ਭਾਸ਼ਾਵਾਂ ਦੀਆਂ ਸ਼ਾਹਕਾਰ ਸਾਹਿਤਕ ਰਚਨਾਵਾਂ ਦਾ ਪਰਸਪਰ ਅਨੁਵਾਦ ਕੀਤਾ ਗਿਆ। ਇਸ ਦੇ ਇਲਾਵਾ, ਪੰਜਾਬੀ ਵਿਦਿਆਰਥੀਆਂ ਨੂੰ ਰੂਸੀ ਅਤੇ ਰੂਸੀ ਵਿਦਿਆਰਥੀਆਂ ਨੂੰ ਪੰਜਾਬੀ ਸਿਖਾਉਣ ਦੀ ਵਿਵਸਥਾ ਵੀ ਪ੍ਰਦਾਨ ਕੀਤੀ ਗਈ।

(ਝ) **ਮਲਾਯ-ਪੰਜਾਬੀ ਕੋਸ਼ :** ਇਸ ਪ੍ਰਸੰਗ ਵਿਚ ਦੋ ਕੋਸ਼ ਪ੍ਰਾਪਤ ਹੋਏ ਹਨ :

1. ਸੁੰਦਰ ਸਿੰਘ, **ਸਿੰਘਾਪੁਰ ਦੇ ਟਾਪੂ ਦੀ ਬੋਲੀ**, ਅਮ੍ਰਿਤਸਰ, 1887.
2. ਮੇਲਾ ਰਾਮ, **ਮਿਲਾਇ ਜ਼ਬਾਨ ਦੀ ਕਿਤਾਬ**, ਲਾਹੌਰ, 1895.

ਪੰਜਾਬੀਆਂ ਦਾ ਮਨ ਐਨਾ ਜ਼ਰਖ਼ੇਜ਼ ਤੇ ਵਿਕਸਿਤ ਹੈ ਕਿ ਉਹ ਜਿਥੇ ਵੀ ਜਾ ਕੇ ਵਸੇ, ਉਥੇ ਹੀ ਆਪਣੀਆਂ ਸਭਿਆਚਾਰਕ ਸਰਗਰਮੀਆਂ ਦਾ ਕੋਈ ਸਾਰਥਕ ਸਿਲਸਿਲਾ ਸ਼ੁਰੂ ਕਰ ਦਿੱਤਾ। ਇਉਂ ਹੀ ਸਾਡੇ ਕੁਝ ਬੰਦੇ ਜਦੋਂ ਮਲਾਇਆ ਗਏ ਤਾਂ ਉਨ੍ਹਾਂ ਨੇ ਉਥੋਂ ਦੀ ਭਾਸ਼ਾ ਨੂੰ ਸਿੱਖਣ ਦੀ ਕੋਸ਼ਿਸ਼ ਕੀਤੀ ਜਿਸ ਦੇ ਫਲਸਰੂਪ ਉਪਰੋਕਤ ਕੋਸ਼ਾਂ ਨੇ ਅਸਤਿੱਤਵ ਗ੍ਰਹਿਣ ਕੀਤਾ।

7.4.3 ਬਹੁਭਾਸ਼ੀ ਕੋਸ਼ : ਹਿੰਦੀ ਦੇ ਰਾਸ਼ਟਰੀ ਭਾਸ਼ਾ ਅਤੇ ਪ੍ਰਾਦੇਸ਼ਿਕ ਭਾਸ਼ਾਵਾਂ ਦੇ ਰਾਜ ਪੱਧਰ ਤੇ ਪ੍ਰਭੁਤਾ ਪ੍ਰਾਪਤ ਕਰਨ ਦੇ ਫਲਸਰੂਪ ਬਹੁਭਾਸ਼ੀ ਕੋਸ਼ਾਂ ਦੀ ਰਚਨਾ ਹੋਈ। ਸਾਰੇ ਦੇਸ਼ ਨੂੰ ਇਕੋ ਰਾਸ਼ਟਰੀ ਧਾਗੇ ਵਿਚ ਪਰੋਣ ਦੀ ਪ੍ਰਵਿਰਤੀ ਵੀ ਇਨ੍ਹਾਂ ਕੋਸ਼ਾਂ ਦੀ ਰਚਨਾ ਦਾ ਇਕ ਕਾਰਣ ਹੋ ਸਕਦੀ ਹੈ। ਕੁਝ ਕੁ ਬਹੁਭਾਸ਼ੀ ਕੋਸ਼ਾਂ ਦੀ ਸੂਚੀ ਇਸ ਪ੍ਰਕਾਰ ਹੈ :

1. ਕੇਂਦ੍ਰੀਯ ਹਿੰਦੀ ਨਿਦੇਸ਼ਾਲਯ, **ਹਿੰਦੀ-ਪੰਜਾਬੀ-ਅੰਗ੍ਰੇਜ਼ੀ ਤ੍ਰਿਭਾਸ਼ਾ ਕੋਸ਼** (ਦੋ ਜਿਲਦਾਂ),

ਸ਼ਿਕਸ਼ਾ ਵਿਭਾਗ, ਦਿੱਲੀ, 1989.

2. ਜੀ. ਐਨ. ਰਾਜਗੁਰੂ, ਓਮ ਪ੍ਰਕਾਸ਼ ਵਸਿਸ਼ਟ, ਅਜਮੇਰ ਸਿੰਘ (ਸੰਪਾ.), **ਹਰਿਆਣਵੀ-ਪੰਜਾਬੀ-ਹਿੰਦੀ ਕੋਸ਼** (ਅਪ੍ਰਕਾਸ਼ਿਤ), ਹਰਿਆਣਾ ਸਾਹਿਤਯ ਅਕਾਦਮੀ, ਚੰਡੀਗੜ੍ਹ ।
3. ਡਬਲਿਊ. ਆਰ. ਰਿਸ਼ੀ, '**ਮਲਟੀਲਿੰਗੁਅਲ ਰੋਮਾਨੀ ਡਿਕਸ਼ਨਰੀ**, ਰੋਮਾ ਪਬਲੀਕੇਸ਼ਨਜ਼, ਚੰਡੀਗੜ੍ਹ, 1974.
4. ਭਾਸ਼ਾ ਵਿਭਾਗ, ਪੰਜਾਬ, **ਹਿੰਦੀ-ਉਰਦੂ-ਪੰਜਾਬੀ ਕੋਸ਼**, ਪਟਿਆਲਾ ।
5. ਭਾਸ਼ਾ ਵਿਭਾਗ, ਪੰਜਾਬ, **ਉਰਦੂ-ਪੰਜਾਬੀ-ਹਿੰਦੀ ਕੋਸ਼**, ਭਾਗ I, ਪਟਿਆਲਾ, 1969.
6. ਲਛਮਣ ਦਾਸ ਕੌਸ਼ਲ, ਰਣਜੀਤ ਸਿੰਘ ਸਰਕਾਰੀਆ, ਕਾਨੂੰਨ ਸੰਕੇਤ ਕੋਸ਼ (ਅੰਗ੍ਰੇਜ਼ੀ-ਹਿੰਦੀ-ਪੰਜਾਬੀ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1950.

7.4.4 ਕੋਸ਼-ਵਿਗਿਆਨਕ ਖੋਜ : ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਬਾਰੇ ਪੰਜਾਬੀ ਵਿਚ ਹੇਠ ਲਿਖੀ ਖੋਜ-ਸਾਮੱਗਰੀ ਉਪਲਬਧ ਹੈ :

1. ਅਜਮੇਰ ਸਿੰਘ, 'ਏ ਸਟੈਂਡਰਡ ਇੰਗਲਿਸ਼ ਪੰਜਾਬੀ ਡਿਕਸ਼ਨਰੀ', ਵਰਕਸ਼ਾਪ-ਕਮ-ਸੈਮੀਨਾਰ ਆਨ ਲੈਕਸਿਕੋਗ੍ਰਾਫੀ, ਯੂਨੀਵਰਸਿਟੀ ਆਫ ਕੇਰਲ ਵਿਖੇ ਪ੍ਰਸਤੁਤ ਖੋਜ-ਪੱਤਰ, 1977.
2. ਅਜਮੇਰ ਸਿੰਘ, **ਏ ਲਿੰਗੁਇਸਟਿਕ ਸਟੱਡੀ ਆਫ ਪੰਜਾਬੀ ਸਿਨੋਨਿਮਜ਼**, ਅਪ੍ਰਕਾਸ਼ਿਤ ਖੋਜ-ਪ੍ਰਬੰਧ, 1979.
3. ਅਜਮੇਰ ਸਿੰਘ, 'ਸਟੂਡੈਂਟਸ ਡਿਕਸ਼ਨਰੀਜ਼ ਐਂਡ ਦ ਪਿਕਟੋਰੀਅਲ ਇਲਸਟ੍ਰੇਸ਼ਨਜ਼', ਵਰਕਸ਼ਾਪ-ਕਮ-ਸੈਮੀਨਾਰ ਆਨ ਲੈਕਸਿਕੋਗ੍ਰਾਫੀ, ਸੈਂਟ੍ਰਲ ਇਨਸਟੀਚਿਊਟ ਆਫ ਇੰਡੀਅਨ ਲੈਂਗੁਏਜਿਜ਼, ਮੈਸੂਰ ਵਿਖੇ ਪ੍ਰਸਤੁਤ ਖੋਜ-ਪੱਤਰ, 1988.
4. ਅਜਮੇਰ ਸਿੰਘ, 'ਸ਼ਬਦ ਕੋਸ਼ ਸਾਮੱਗ੍ਰੀ', **ਖੋਜ ਦਰਪਣ**, ਜਨਵਰੀ 1978, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ।
5. ਅਜਮੇਰ ਸਿੰਘ, 'ਕੋਸ਼ਕਾਰੀ ਵਿਚ ਪਰਿਆਇ', **ਖੋਜ ਦਰਪਣ**, ਜੁਲਾਈ 1977, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ।
6. ਅਜਮੇਰ ਸਿੰਘ, 'ਕੋਸ਼-ਰਚਨਾ : ਮੁਢਲੇ ਯਤਨ ਅਤੇ ਪਰਯੋਜਨ', ਜੋਗਿੰਦਰ ਸਿੰਘ ਪੁਆਰ ਵਲੋਂ ਸੰਪਾਦਿਤ **ਭਾਸ਼ਾ-ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ** ਵਿਚ ਪ੍ਰਕਾਸ਼ਿਤ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1988.
7. ਅਜਮੇਰ ਸਿੰਘ, 'ਦ ਲੋਨ ਵਰਡਜ਼ ਹੈਵਿੰਗ ਪੈਕਿਊਲੀਅਰ ਏਲੀਅਨ ਸਾਊਂਡਜ਼—ਦ ਅਰੇਂਜਮੈਂਟ ਇਨ ਡਿਕਸ਼ਨਰੀ', ਵਰਕਸ਼ਾਪ-ਕਮ-ਸੈਮੀਨਾਰ ਆਨ ਲੈਕਸਿਕੋਗ੍ਰਾਫੀ, ਯੂਨੀਵਰਸਿਟੀ ਆਫ ਕੇਰਲ ਵਿਖੇ ਪ੍ਰਸਤੁਤ ਖੋਜ-ਪੱਤਰ, 1977.
8. ਅਜਮੇਰ ਸਿੰਘ, 'ਨੀਆਲਜਿਜ਼ਮ ਐਂਡ ਬਾਈਲਿੰਗੁਅਲ ਡਿਕਸ਼ਨਰੀਜ਼', ਵਰਕਸ਼ਾਪ-

ਕਮ-ਸੈਮੀਨਾਰ ਆਨ ਲੈਕਸਿਕੋਗ੍ਰਾਫੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪ੍ਰਸਤੁਤ ਖੋਜ-ਪੱਤਰ, 1978.

9. ਅਜਮੇਰ ਸਿੰਘ, 'ਦ ਪੰਜਾਬੀ ਸਿਨੋਨਿਮੀ', **ਪਰਖ** 1987, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

10. ਅਜਮੇਰ ਸਿੰਘ, 'ਮਹਾਨ ਕੋਸ਼ : ਏ ਲੈਕਸਿਕੋਗ੍ਰਾਫੀਕਲ ਅਸੈਸਮੈਂਟ', ਸੁਰੇਸ਼ ਕੁਮਾਰ ਵਲੋਂ ਸੰਪਾਦਿਤ **ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ** ਵਿਚ ਪ੍ਰਕਾਸ਼ਿਤ, ਕੇਂਦ੍ਰੀਯ ਹਿੰਦੀ ਸੰਸਥਾਨ, ਆਗਰਾ, 1983.

11. ਅਤਰ ਸਿੰਘ, 'ਪੰਜਾਬੀ ਕੋਸ਼ਕਾਰੀ ਅਤੇ ਦੁਭਾਸ਼ੀ ਕੋਸ਼ਕਾਰੀ ਦੀਆਂ ਸਮੱਸਿਆਵਾਂ', **ਖੋਜ ਦਰਪਣ**, ਜਨਵਰੀ 1975, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

12. ਐਸ. ਐਸ. ਜੋਸ਼ੀ, 'ਕੋਸ਼ਕਾਰੀ', **ਸੇਧ** : ਅੰਕ 4, 5, 8, 11, ਸਾਲ 1974.

13. ਇੰਦਰਜੀਤ ਸਿੰਘ, 'ਕਿੱਤਈ ਉਪ-ਭਾਸ਼ਾਈ ਸ਼ਬਦ-ਕੋਸ਼ : ਸੰਕਲਪ ਤੇ ਸੰਕਲਨ' (ਨਿਗਰਾਨ : ਡਾ. ਸੁਖਵਿੰਦਰ ਸਿੰਘ), ਰਿਜਨਲ ਸੈਂਟਰ, ਜਲੰਧਰ ਦੇ ਪੰਜਾਬੀ ਵਿਭਾਗ ਦੀ ਐਮ ਫਿਲ. ਲਈ ਪ੍ਰਸਤੁਤ ਖੋਜ-ਨਿਬੰਧ, 1989-90.

14. ਸ਼ਮਸ਼ੇਰ ਸਿੰਘ ਅਸ਼ੋਕ, 'ਭਾਈ ਕਾਨ੍ਹ ਸਿੰਘ ਦਾ ਸ਼ਬਦ-ਕੋਸ਼ੀ ਹੁਨਰ', ਭਾਈ ਕਾਨ੍ਹ ਸਿੰਘ ਸਮਾਰੋਹ (25 ਮਾਰਚ, 1980), ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰਸਤੁਤ ਖੋਜ-ਪੱਤਰ।

15. ਸੁਮਨ ਪ੍ਰੀਤ, 'ਦ ਕਨਸੈਪਟ ਆਫ ਸਿਨੋਨਿਮੀ ਇਨ ਬਾਇਲਿੰਗੁਅਲ ਡਿਕਸ਼ਨਰੀਜ਼' (ਨਿਗਰਾਨ : ਪ੍ਰੋਫੈਸਰ ਐਸ. ਐਸ. ਜੋਸ਼ੀ), ਡਿਪਾਰਟਮੈਂਟ ਆਫ ਐਂਥ੍ਰੋਪਲਾਜਿਕਲ ਲਿੰਗੁਇਸਟਿਕਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਐਮ. ਫਿਲ. ਲਈ ਪ੍ਰਸਤੁਤ ਖੋਜ-ਨਿਬੰਧ, 1991.

16. ਹਰਕੀਰਤ ਸਿੰਘ, 'ਸਮ ਪ੍ਰਾਬਲਮਜ਼ ਆਫ ਲੈਕਸਿਕੋਗ੍ਰਾਫੀ', ਬੀ. ਜੀ. ਮਿਸ਼ਰ ਵਲੋਂ ਸੰਪਾਦਿਤ **ਲੈਕਸਿਕੋਗ੍ਰਾਫੀ ਇਨ ਇੰਡੀਆ** ਵਿਚ ਪ੍ਰਕਾਸ਼ਿਤ, ਸੈਂਟਰਲ ਇਨਸਟੀਚਿਊਟ ਆਫ ਇੰਡੀਅਨ ਲੈਂਗੁਏਜਿਜ਼, ਮੈਸੂਰ, 1980.

19. ਹਰਜੀਤ ਸਿੰਘ ਗਿੱਲ, 'ਇੰਟਰਵਿਊ', **ਸੇਧ**, ਜੂਨ 1974.

18. ਗੁਰਬਚਨ ਸਿੰਘ ਭੁੱਲਰ, 'ਭਾਸ਼ਾਈ ਵਿਕਾਸ ਦਾ ਭਵਿੱਖ ਨਕਸ਼ਾ', **ਸੇਧ** 10, 1973.

19. ਜਗਜੀਤ ਸਿੰਘ ਕੋਮਲ, **ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ**, ਸੰਦੀਪ ਪਬਲਿਸ਼ਰਜ਼, ਚੰਡੀਗੜ੍ਹ, 1990.

20. ਜੀ. ਐਸ. ਰਿਆਲ, **ਪੰਜਾਬੀ ਨਿਰੁਕਤੀ**, ਹੁਸ਼ਿਆਰਪੁਰ, 1972.

21. ਜੀਤ ਸਿੰਘ ਸੀਤਲ, 'ਪੰਜਾਬੀ ਕੋਸ਼ਕਾਰੀ', **ਪੰਜਾਬੀ ਦੁਨੀਆਂ**, ਸਤੰਬਰ 1954, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

22. ਦਲਜੀਤ ਸਿੰਘ ਖਹਿਰਾ, 'ਪੰਜਾਬੀ ਕੋਸ਼ ਦਾ ਕੋਸ਼ ਵਿਗਿਆਨਕ ਅਧਿਐਨ' (ਨਿਗਰਾਨ : ਡਾ. ਪਰਮਜੀਤ ਸਿੰਘ ਸਿੱਧੂ), ਪੰਜਾਬੀ ਅਧਿਐਨ ਸਕੂਲ ਦੀ ਐਮ.

ਫਿਲ. ਲਈ ਪ੍ਰਸਤੁਤ ਖੋਜ-ਨਿਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 1987.

23. ਬਨਾਰਸੀ ਦਾਸ, ਜੀਤ ਸਿੰਘ ਸੀਤਲ, ਪੰਜਾਬੀ ਕੋਸ਼ (ਜਿਲਦ ਪਹਿਲੀ), 'ਭੂਮਿਕਾ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1955.

24. ਬਲਬੀਰ ਸਿੰਘ ਸੰਧੂ, 'ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦਾ ਵਿਸ਼ਲੇਸ਼ਣਾਤਮਕ ਅਧਿਐਨ', ਭਾਈ ਕਾਨ੍ਹ ਸਿੰਘ ਸਮਾਰੋਹ (25 ਮਾਰਚ, 1980), ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰਸਤੁਤ ਖੋਜ-ਪੱਤਰ ।

25. ਭਾਸ਼ਾ ਵਿਭਾਗ, ਪੰਜਾਬ, 'ਸ਼ਬਦ ਕੋਸ਼ ਬਾਬਤ ਅਰਥ ਸੰਜਮ', ਪਟਿਆਲਾ, 1950.

26. ਰਜਵਿੰਦਰ, 'ਅੰਗਰੇਜ਼ੀ ਪੰਜਾਬੀ ਕੋਸ਼ਾਂ ਦਾ ਕੋਸ਼ ਵਿਗਿਆਨਕ ਅਧਿਐਨ' (ਨਿਗਰਾਨ : ਪ੍ਰੋਫੈਸਰ ਜੋਗਿੰਦਰ ਸਿੰਘ ਪੁਆਰ), ਪੰਜਾਬੀ ਅਧਿਐਨ ਸਕੂਲ ਦੀ ਐਮ. ਫਿਲ. ਲਈ ਪ੍ਰਸਤੁਤ ਖੋਜ-ਨਿਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 1990.

ਪੰਜਾਬੀ ਕੋਸ਼-ਨਿਰਮਾਣ ਦੇ ਉਪਰੋਕਤ ਸਰਵੇਖਣ ਵਿਚ ਅਸੀਂ ਆਪਣੀਆਂ ਪ੍ਰਾਪਤੀਆਂ ਦਾ ਵਿਸਤ੍ਰਿਤ ਵਿਵਰਣ ਪ੍ਰਸਤੁਤ ਕੀਤਾ ਹੈ । ਇਸ ਪ੍ਰਾਪਤੀ ਨੂੰ ਤਾਂ ਥੋੜ੍ਹੀ-ਬਹੁਤ ਤਸੱਲੀਬਖ਼ਸ਼ ਕਿਹਾ ਜਾ ਸਕਦਾ ਹੈ, ਪਰੰਤੂ ਕੋਸ਼-ਵਿਗਿਆਨਕ ਖੋਜ ਵਿਚ ਅਜੇ ਅਸੀਂ ਮਸਾਂ ਪੈਰ ਹੀ ਧਰਿਆ ਹੈ । ਭਾਰਤ ਦੇ ਸੰਦਰਭ ਵਿਚ ਕੋਸ਼-ਵਿਗਿਆਨ ਬਾਰੇ ਵਾਸਤਵਿਕ ਵਿਚਾਰ-ਵਿਮਰਸ਼ ਸੱਠਵਿਆਂ ਵਿਚ ਸ਼ੁਰੂ ਹੋਇਆ ਹੈ । ਇਸ ਵਿਸ਼ੇ ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕਈ ਗੋਸ਼ਟੀਆਂ ਅਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ ਜਿਸ ਦੇ ਫਲਸਰੂਪ ਕੋਸ਼ਕਾਰ ਤੇ ਕੋਸ਼-ਵਿਗਿਆਨੀ ਹਰਕਤ ਵਿਚ ਆਏ । ਇਨ੍ਹਾਂ ਦੇ ਯਤਨਾਂ ਸਦਕਾ ਅੰਗ੍ਰੇਜ਼ੀ ਅਤੇ ਹਿੰਦੀ ਵਿਚ ਕੁਝ ਮਹੱਤਵਪੂਰਣ ਮੌਲਿਕ ਪੁਸਤਕਾਂ ਦੀ ਰਚਨਾ ਹੋਈ । ਇਨ੍ਹਾਂ ਵਿਚ ਮੁੱਖ ਪ੍ਰਾਪਤੀ ਕੌਮਾਂਤਰੀ ਪੱਧਰ ਤੇ ਲੈਡੀਸਲੈਵ ਜ਼ਗੁਸਤਾ ਦੀ ਪੁਸਤਕ 'ਮੈਨੂਅਲ ਆਫ ਲੈਕਸਿਕੋਗ੍ਰਾਫੀ' (1970) ਅਤੇ ਕੌਮੀ ਪੱਧਰ ਤੇ ਡਾ. ਰਾਮ ਆਧਾਰ ਸਿੰਘ ਦੀ ਪੁਸਤਕ 'ਐਨ ਇੰਟਰੋਡਕਸ਼ਨ ਟੂ ਲੈਕਸਿਕੋਗ੍ਰਾਫੀ' (1982) ਦਾ ਪ੍ਰਕਾਸ਼ਿਤ ਹੋਣਾ ਹੈ । ਕੋਸ਼ਕਾਰੀ ਦੇ ਵਿਕਾਸ ਵਿਚ ਇਨ੍ਹਾਂ ਦੋਹਾਂ ਪੁਸਤਕਾਂ ਦਾ ਪ੍ਰਕਾਸ਼ਨ ਇਕ ਮਹੱਤਵਪੂਰਣ ਇਤਿਹਾਸਕ ਘਟਨਾ ਹੈ । ਉਪਰੋਕਤ ਦੋਹਾਂ ਪੁਸਤਕਾਂ ਤੋਂ ਕੋਸ਼ਕਾਰੀ ਦੇ ਵਿਸ਼ੇ ਤੇ ਮੁਕੰਮਲ ਪੁਸਤਕਾਂ ਹੋਣ ਦਾ ਭੱਝਵਾਂ ਪ੍ਰਭਾਵ ਪੈਂਦਾ ਹੈ ਜਿਨ੍ਹਾਂ ਵਿਚ ਕੋਸ਼-ਵਿਗਿਆਨ ਦੇ ਸਾਰੇ ਪਹਿਲੂਆਂ ਤੇ ਪਾਸਾਰਾਂ ਨੂੰ ਵਿਸਤ੍ਰਿਤ ਅਧਿਐਨ ਦਾ ਵਿਸ਼ਾ ਬਣਾਇਆ ਹੈ । ਇਨ੍ਹਾਂ ਯਤਨਾਂ ਦੇ ਇਲਾਵਾ, ਭਾਰਤ ਵਿਚ ਸਮੇਂ ਸਮੇਂ ਆਯੋਜਿਤ ਗੋਸ਼ਟੀਆਂ ਅਤੇ ਵਰਕਸ਼ਾਪਾਂ ਨੇ ਕੋਸ਼ਕਾਰੀ ਦੇ ਕਾਰਜ ਵਿਚ ਵਿਅਸਤ ਕੋਸ਼ਕਾਰਾਂ ਨੂੰ ਕੋਸ਼-ਵਿਗਿਆਨਕ ਖੋਜ ਲਈ ਪ੍ਰੇਰਿਤ ਕੀਤਾ ਜਿਸ ਦੇ ਫਲਸਰੂਪ ਅੰਗ੍ਰੇਜ਼ੀ ਤੇ ਹਿੰਦੀ ਵਿਚ ਕੁਝ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ ।

ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਮਹੱਤਵਪੂਰਣ ਮੁਢਲੇ ਸੰਕੇਤ ਲਾ ਪਾ ਕੇ ਕੋਸ਼ਾਂ ਦੀਆਂ ਭੂਮਿਕਾਵਾਂ ਹੀ ਹਨ ਜਿਨ੍ਹਾਂ ਵਿਚੋਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ 'ਪੰਜਾਬੀ ਕੋਸ਼' ਜਿਲਦ ਪਹਿਲੀ ਦੀ 80 ਕੁ ਪੰਨਿਆਂ ਦੀ ਭੂਮਿਕਾ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਜਿਸ ਵਿਚ ਕੇਵਲ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਉਸ ਸਮੇਂ ਤਕ ਹੋਏ ਕਾਰਜ ਦਾ ਵਿਸਤ੍ਰਿਤ ਵੇਰਵਾ ਤੇ ਲੇਖਾ-ਜੋਖਾ ਹੀ ਨਹੀਂ ਦਿੱਤਾ ਗਿਆ, ਸਗੋਂ ਅੰਗ੍ਰੇਜ਼ੀ, ਚੀਨੀ ਤੇ ਅਰਬੀ ਕੋਸ਼ਕਾਰੀ ਦੀਆਂ ਪ੍ਰਾਪਤੀਆਂ ਅਤੇ ਪ੍ਰਵਿਰਤੀਆਂ ਦਾ ਉਲੇਖ ਵੀ ਕੀਤਾ ਗਿਆ ਹੈ।

ਭਾਸ਼ਾ ਵਿਭਾਗ, ਪੰਜਾਬ ਦੇ ਉਪਰੋਕਤ ਕੋਸ਼ ਦੀ ਭੂਮਿਕਾ ਅਤੇ ਇਸ ਕਾਰਜ ਵਿਚ ਕਾਰਜਸ਼ੀਲ ਕੋਸ਼ਕਾਰਾਂ ਦੇ ਇੱਕੜ-ਦੁੱਕੜ ਖੋਜ-ਪੱਤਰਾਂ ਤੋਂ ਬਾਅਦ ਇਸ ਖੇਤਰ ਵਿਚ ਕੋਸ਼-ਵਿਗਿਆਨ ਦੇ ਵਿਭਿੰਨ ਪਹਿਲੂਆਂ ਨੂੰ ਗੰਭੀਰ ਅਧਿਐਨ ਦਾ ਵਿਸ਼ਾ ਬਣਾਉਣ ਵਾਲਾ ਕੋਸ਼ਕਾਰ ਤੇ ਭਾਸ਼ਾ-ਵਿਗਿਆਨੀ ਡਾ. ਅਜਮੇਰ ਸਿੰਘ ਹੈ ਜਿਸ ਨੇ ਵਿਭਿੰਨ ਕੋਸ਼-ਵਿਗਿਆਨਕ ਪੱਖਾਂ ਜਿਵੇਂ ਸ਼ਬਦ ਕੋਸ਼ ਸਾਮੱਗਰੀ, ਕੋਸ਼ ਵਿਚ ਪਰਿਆਇ, ਕੋਸ਼-ਰਚਨਾ, ਮੰਗਵੇਂ ਸ਼ਬਦਾਂ ਦੀਆਂ ਸਮੱਸਿਆਵਾਂ, ਨਵ ਸ਼ਬਦ ਨਿਰਮਾਣ, ਵਿਦਿਆਰਥੀ ਕੋਸ਼ ਆਦਿ ਬਾਰੇ ਵਿਭਿੰਨ ਖੋਜ-ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਅਤੇ ਵਿਭਿੰਨ ਗੋਸ਼ਟੀਆਂ ਵਿਚ ਪ੍ਰਸਤੁਤ ਖੋਜ-ਪੱਤਰਾਂ ਵਿਚ ਉਸ ਨੇ ਆਪਣੇ ਕੋਸ਼ਕਾਰੀ ਦੇ ਵਿਵਹਾਰਕ ਅਨੁਭਵ ਨੂੰ ਸੰਜੋਇਆ ਹੈ। ਉਸ ਦਾ ਖੋਜ-ਪ੍ਰਬੰਧ 'ਪੰਜਾਬੀ ਪਰਿਆਇਆਂ ਦਾ ਭਾਸ਼ਾ-ਵਿਗਿਆਨਕ ਅਧਿਐਨ' ਪੰਜਾਬੀ ਕੋਸ਼-ਵਿਗਿਆਨ ਦੇ ਆਧਾਰ-ਰੂਪ ਮਹੱਤਵਪੂਰਣ ਪੱਖ ਅਰਥ-ਖੇਤਰ ਬਾਰੇ ਬੜੇ ਸੁਚੱਜੇ, ਸੰਤੁਲਿਤ ਅਤੇ ਸੁਲਝੇ ਹੋਏ ਢੰਗ ਨਾਲ ਕੀਤੇ ਅਧਿਐਨ ਵਿਸ਼ਲੇਸ਼ਣ ਦਾ ਲਖਾਇਕ ਹੈ। ਪੂਰੀ ਸੁਹਿਰਦਤਾ, ਈਮਾਨਦਾਰੀ, ਕੁਸ਼ਲਤਾ ਤੇ ਪ੍ਰਤਿਬੱਧਤਾ ਨਾਲ ਉਸ ਨੇ ਇਸ ਵਿਸ਼ੇ ਨੂੰ ਅਪਣਾਇਆ ਹੈ। ਜੇ ਇਹ ਕਹਿ ਲਿਆ ਜਾਏ ਕਿ ਪੰਜਾਬੀ ਵਿਚ ਕੋਸ਼-ਵਿਗਿਆਨ ਬਾਰੇ ਚਰਚਾ ਸਹੀ ਮਾਅਨਿਆਂ ਵਿਚ ਅਜਮੇਰ ਸਿੰਘ ਨੇ ਹੀ ਛੇੜੀ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਪ੍ਰੋਫੈਸਰ ਅਤਰ ਸਿੰਘ ਦਾ ਦੁਭਾਸ਼ੀ ਕੋਸ਼ਕਾਰੀ ਬਾਰੇ ਇਕ ਖੋਜ-ਪੱਤਰ 'ਖੋਜ ਦਰਪਣ' ਵਿਚ ਪ੍ਰਕਾਸ਼ਿਤ ਹੋਇਆ ਹੈ ਜਿਸ ਵਿਚ ਉਨ੍ਹਾਂ ਦੇ ਕੋਸ਼ ਨਿਰਮਾਣ ਪ੍ਰਕ੍ਰਿਆ ਦੇ ਵਿਵਹਾਰਕ ਅਨੁਭਵ ਦਾ ਆਭਾਸ ਤਾਂ ਹੁੰਦਾ ਹੀ ਹੈ, ਨਾਲ ਹੀ ਇਹ ਖੋਜ-ਪੱਤਰ ਦੁਭਾਸ਼ੀ ਕੋਸ਼ਕਾਰੀ ਦੀ ਇਕ ਪ੍ਰਬੁੱਧ ਤੇ ਪ੍ਰਤਿਭਾਸ਼ਾਲੀ ਸਮੀਖਿਆ ਹੈ। ਇਸ ਵਿਚ ਪ੍ਰੋਫੈਸਰ ਸਾਹਿਬ ਨੇ ਦੁਭਾਸ਼ੀ ਕੋਸ਼ਕਾਰੀ ਦੀਆਂ ਵਿਵਹਾਰਕ ਸਮੱਸਿਆਵਾਂ, ਸੰਤੁਲਿਤ ਕਾਰਜ-ਵਿਧੀ ਅਤੇ ਇਸ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਰੋਕਾਰਾਂ ਬਾਰੇ ਬੜੇ ਪ੍ਰਭਾਵਸ਼ਾਲੀ ਤੇ ਮਹੱਤਵਪੂਰਣ ਪ੍ਰਸ਼ਨ ਖੜ੍ਹੇ ਕੀਤੇ ਹਨ।

ਪ੍ਰੋਫੈਸਰ ਐਸ. ਐਸ. ਜੋਸ਼ੀ ਦੇ ਵੀ 'ਸੋਧ' ਰਸਾਲੇ ਵਿਚ ਸੰਸਕ੍ਰਿਤ ਕੋਸ਼ ਪਰੰਪਰਾ ਤੇ ਨਿਘੰਟੂਆਂ ਬਾਰੇ ਪੰਜਾਬੀ ਵਿਚ ਕੁਝ ਨਿਬੰਧ ਪ੍ਰਕਾਸ਼ਿਤ ਹੋਏ ਹਨ ਜਿਨ੍ਹਾਂ ਦਾ ਆਪਣਾ

ਇਤਿਹਾਸਕ ਮੁੱਲ ਤੇ ਮਹੱਤਵ ਹੈ ।

ਇਸ ਦੇ ਇਲਾਵਾ ਡਾ. ਹਰਕੀਰਤ ਸਿੰਘ, ਸ. ਸ਼ਮਸ਼ੇਰ ਸਿੰਘ ਅਸ਼ੋਕ, ਪ੍ਰੋਫੈਸਰ ਹਰਜੀਤ ਸਿੰਘ ਗਿੱਲ ('ਸੇਧ' ਵਿਚ ਛਪੀ ਇੰਟਰਵਿਊ), ਸ. ਗੁਰਬਚਨ ਸਿੰਘ ਭੁੱਲਰ, ਪ੍ਰੋਫੈਸਰ ਬਲਬੀਰ ਸਿੰਘ ਸੰਧੂ ਆਦਿ ਨੇ ਵੀ ਆਪਣੇ ਆਪਣੇ ਢੰਗ ਨਾਲ ਕੋਸ਼-ਵਿਗਿਆਨ ਦੇ ਕਿਸੇ ਨਾ ਕਿਸੇ ਪੱਖ ਨੂੰ ਛੋਹਿਆ ਹੈ ਜਿਨ੍ਹਾਂ ਦੀ ਸਾਰਥਕਤਾ ਅਤੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ । ਇਨ੍ਹਾਂ ਵਿਚੋਂ ਕੁਝ ਨਿਬੰਧ ਤਾਂ ਕੋਸ਼ਕਾਰਾਂ ਨੂੰ ਵਾਕਈ ਵੰਗਾਰ ਹਨ ।

ਉਪਰੋਕਤ ਯੋਗਦਾਨ ਤੋਂ ਬਿਨਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਦੇ ਕੁਝ ਖੋਜ-ਵਿਦਿਆਰਥੀਆਂ ਨੇ ਪ੍ਰੋਫੈਸਰ ਐਸ. ਐਸ. ਜੋਸ਼ੀ, ਪ੍ਰੋਫੈਸਰ ਜੋਗਿੰਦਰ ਸਿੰਘ ਪੁਆਰ, ਡਾ. ਸੁਖਵਿੰਦਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਿੱਧੂ ਦੀ ਨਿਗਰਾਨੀ ਅਧੀਨ ਕੋਸ਼-ਵਿਗਿਆਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖਾਂ ਬਾਰੇ ਆਪਣੇ ਖੋਜ-ਨਿਬੰਧ ਪ੍ਰਸਤੁਤ ਕਰ ਕੇ ਇਸ ਦਿਸ਼ਾ ਵਿਚ ਕੁਝ ਸਾਰਥਕ ਤੇ ਸ਼ਲਾਘਾਯੋਗ ਕਦਮ ਅਵੱਸ਼ ਪੁੱਟੇ ਹਨ ।

ਕੋਸ਼-ਵਿਗਿਆਨ ਦੇ ਕੇਵਲ ਇਕ ਪੱਖ ਨਿਰੁਕਤੀ ਨੂੰ ਸ੍ਰੀ ਜੀ. ਐਸ. ਰਿਆਲ ਨੇ ਆਪਣੀ ਪੁਸਤਕ 'ਪੰਜਾਬੀ ਨਿਰੁਕਤੀ' (1972) ਦਾ ਵਿਸ਼ਾ ਬਣਾਇਆ ਹੈ । ਇਸ ਪੁਸਤਕ ਤੋਂ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਇਕ ਪ੍ਰਮਾਣਕ ਨਿਰੁਕਤ ਕੋਸ਼ ਦੀ ਅਣਹੋਂਦ ਦਾ ਅਹਿਸਾਸ ਹੁੰਦਾ ਹੈ ।

ਡਾ. ਜਗਜੀਤ ਸਿੰਘ ਕੋਮਲ ਨੇ ਕੋਸ਼-ਵਿਗਿਆਨ ਦੇ ਵਿਸ਼ੇ ਤੇ 'ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ' ਨਾਂ ਅਧੀਨ ਇਸ ਖੇਤਰ ਵਿਚ ਇਕ ਸਾਲਮ ਪੁਸਤਕ ਲਿਖਣ ਦੀ ਪਹਿਲ ਕੀਤੀ ਹੈ । ਕੋਮਲ ਨੇ ਆਪਣੇ ਵਲੋਂ ਕੋਸ਼-ਵਿਗਿਆਨ ਦੇ ਵਿਭਿੰਨ ਪੱਖਾਂ ਨੂੰ ਇਸ ਪੁਸਤਕ ਵਿਚ ਸਮੇਟਣ ਦਾ ਯਤਨ ਕੀਤਾ ਹੈ, ਪਰ ਇਸ ਪੁਸਤਕ ਦਾ ਇਕ ਵਿਸ਼ੇਸ਼ ਵਿਸ਼ੇ ਤੇ ਲਿਖੀ ਸਾਲਮ ਪੁਸਤਕ ਦਾ ਬੱਝਵਾਂ ਪ੍ਰਭਾਵ ਨਹੀਂ ਪੈਂਦਾ । ਇਸ ਪੁਸਤਕ ਤੋਂ ਕੋਮਲ ਦੇ ਭਾਸ਼ਾ-ਵਿਗਿਆਨ ਦੇ ਵਿਸ਼ੇ ਦੇ ਗਹਿਰ-ਗੰਭੀਰ ਅਧਿਐਨ ਦੀ ਤਾਂ ਪੁਸ਼ਟੀ ਹੁੰਦੀ ਹੈ, ਪਰੰਤੂ ਕੋਸ਼ਕਾਰੀ ਦੇ ਖੇਤਰ ਵਿਚ ਕੋਸ਼ਕਾਰ ਦੇ ਵਿਵਹਾਰਕ ਅਨੁਭਵ ਦੀ ਘਾਟ ਕਈ ਥਾਈਂ ਰੜਕਦੀ ਹੈ । ਇਸ ਦਾ ਕਾਰਣ ਸ਼ਾਇਦ ਇਸ ਪੁਸਤਕ ਦਾ ਕਾਹਲੀ ਵਿਚ ਕਰਵਾਇਆ ਪ੍ਰਕਾਸ਼ਨ ਹੈ । ਅਣਗਿਣਤ ਤਰੁੱਟੀਆਂ ਤੇ ਅਸ਼ੁੱਧੀਆਂ ਦੇ ਪ੍ਰਮਾਣ ਵਜੋਂ ਪੁਸਤਕ ਦੇ ਅੰਤ ਵਿਚ ਟਾਂਕਿਆ 'ਸ਼ੁੱਧੀ ਪੱਤਰ' ਇਸ ਨੁਕਤੇ ਦੀ ਪੁਸ਼ਟੀ ਕਰਦਾ ਹੈ । ਇਨ੍ਹਾਂ ਤੋਂ ਬਿਨਾਂ ਹੋਰ ਵੀ ਬੇਸ਼ੁਮਾਰ ਗ਼ਲਤੀਆਂ ਹਨ ਜਿਹੜੀਆਂ ਗੰਭੀਰ ਵਿਸ਼ੇ ਤੇ ਲਿਖੀਆਂ ਪੁਸਤਕਾਂ ਦੇ ਅਧਿਐਨ ਸਮੇਂ ਅੱਖਰਦੀਆਂ ਹਨ ।

ਕੋਮਲ ਨੇ ਇਸ ਪੁਸਤਕ ਦੀ 'ਪ੍ਰਵੇਸ਼ਕਾ' ਵਿਚ ਕੁਝ ਮਹੱਤਵਪੂਰਣ ਪ੍ਰਸ਼ਨ ਖੜ੍ਹੇ ਕੀਤੇ

ਹਨ। ਪਹਿਲੇ ਦਾ ਸੰਬੰਧ ਕੋਸ਼ਕਾਰੀ ਨੂੰ ਇਕ ਵਿਸ਼ੇ ਦੇ ਤੌਰ ਤੇ ਨਾ ਪੜ੍ਹਿਆ-ਪੜ੍ਹਾਇਆ ਜਾਣਾ ਹੈ। ਕਿਉਂਕਿ ਉਸ ਨੇ ਇਹ ਪ੍ਰਸ਼ਨ ਪੰਜਾਬ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਦੇ ਪ੍ਰਸੰਗ ਵਿਚ ਉਠਾਇਆ ਹੈ, ਇਸ ਕਰਕੇ ਇਸ ਪ੍ਰਸ਼ਨ ਦਾ ਸਪਸ਼ਟੀਕਰਣ ਦੇਣਾ ਇਥੇ ਅਪ੍ਰਸੰਗਕ ਨਹੀਂ ਹੋਵੇਗਾ। ਮੈਂ ਇਸ ਪ੍ਰਸ਼ਨ ਦੀ ਬਹੁਤੀ ਤਫ਼ਸੀਲ ਵਿਚ ਨਾ ਜਾਂਦਾ ਹੋਇਆ ਇਸ ਸੰਬੰਧ ਵਿਚ ਕੇਵਲ ਇੰਨਾ ਹੀ ਕਹਾਂਗਾ ਕਿ ਅਸੀਂ ਕੋਸ਼ਕਾਰੀ ਵਿਭਾਗ ਵਲੋਂ ਦੋ ਕੁ ਸਾਲ ਪਹਿਲਾਂ 'ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦੇ ਡਿਪਲੋਮਾ ਕੋਰਸ ਦੀ ਤਜਵੀਜ਼ ਪ੍ਰਵਾਨਗੀ ਹਿਤ ਯੂਨੀਵਰਸਿਟੀ ਨੂੰ ਪੇਸ਼ ਕੀਤੀ ਸੀ। ਅਜੇ ਇਹ ਅਧਿਆਪਨ ਕੋਰਸ ਕਮੇਟੀਆਂ ਦੇ ਕੁਚੱਕਰ ਵਿਚ ਫਸਿਆ ਹੋਇਆ ਹੈ। ਯੂਨੀਵਰਸਿਟੀ ਵਲੋਂ ਪ੍ਰਵਾਨਗੀ ਮਿਲਣ ਤੇ ਇਹ ਕੋਰਸ ਸ਼ੁਰੂ ਕਰ ਦਿੱਤਾ ਜਾਏਗਾ। ਸੋ, ਅਧਿਆਪਨ ਕੋਰਸ ਸ਼ੁਰੂ ਕਰਨ ਬਾਰੇ ਕੋਮਲ ਦੇ ਸੁਝਾਅ ਨਾਲ ਮੈਂ ਬਿਲਕੁਲ ਸਹਿਮਤ ਹਾਂ।

ਕੋਮਲ ਨੇ ਅਗਲੀ ਗੱਲ lexicology ਦੇ ਸਮਤੁੱਲ ਪੰਜਾਬੀ ਪਦ 'ਸ਼ਬਦ-ਵਿਗਿਆਨ' ਅਪਣਾਉਣ ਬਾਰੇ ਕੀਤੀ ਹੈ। ਮੈਂ ਉਨ੍ਹਾਂ ਨਾਲ ਸਹਿਮਤ ਹਾਂ ਕਿ ਇਹ ਸ਼ਬਦ ਹਰੇਕ ਅੰਗ੍ਰੇਜ਼ੀ-ਪੰਜਾਬੀ ਕੋਸ਼ ਵਿਚ ਮੁੱਖ ਅੰਦਰਾਜ ਵਜੋਂ ਲੈਣਾ ਚਾਹੀਦਾ ਹੈ। ਪਰ ਇਹ ਪੰਜਾਬੀ ਕੋਸ਼ਕਾਰੀ ਦੀ ਹੀ ਹੋਣੀ ਨਹੀਂ ਹੈ, ਅੰਗ੍ਰੇਜ਼ੀ ਕੋਸ਼ਕਾਰੀ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ। ਅੰਗ੍ਰੇਜ਼ੀ ਭਾਸ਼ਾ ਵਿਚ ਕੁਝ ਸਮਾਂ ਪਹਿਲਾਂ ਪ੍ਰਕਾਸ਼ਿਤ ਵੱਡ-ਆਕਾਰੀ 'ਕੌਲਿਨਜ਼ ਕੋਬਿਲਡ ਡਿਕਸ਼ਨਰੀ' ਵਿਚ lexicography ਸ਼ਬਦ ਦਾ ਅੰਦਰਾਜ ਤਾਂ ਹੈ, ਪਰ lexicology ਦਾ ਅੰਦਰਾਜ ਗ਼ਾਇਬ ਹੈ। ਇਸ ਤੋਂ ਕੀ ਸਿੱਟਾ ਕੱਢਿਆ ਜਾਏ ? ਕੋਮਲ ਨੇ lexicology ਦੇ ਸਮਤੁੱਲ ਪਦ 'ਸ਼ਬਦ-ਵਿਗਿਆਨ' ਅਪਣਾਇਆ ਹੈ, ਪਰ ਮੈਂ ਇਸ ਪਦ ਨਾਲ ਸਹਿਮਤ ਨਹੀਂ ਹਾਂ। ਮੈਂ ਹਥਲੀ ਪੁਸਤਕ ਦਾ ਨਾਂ 'ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ' ਰੱਖਿਆ ਹੈ। ਇਥੇ ਮੈਂ ਕੋਸ਼-ਵਿਗਿਆਨ ਤੇ ਕੋਸ਼ਕਾਰੀ ਪਦ ਕ੍ਰਮਵਾਰ lexicology ਅਤੇ lexicography ਦੇ ਸਮਤੁੱਲ ਅਪਣਾਏ ਹਨ। ਦਰਅਸਲ lexicography ਦਾ ਵਿਉਤਪੱਤੀਮੂਲਕ ਅਰਥ 'ਸ਼ਬਦਾਂ ਦਾ ਲੇਖਣ' ਅਤੇ lexicology ਦਾ ਅਰਥ 'ਸ਼ਬਦਾਂ ਦਾ ਵਿਗਿਆਨ' ਹੈ। ਇੰਜ ਕੋਮਲ ਅਨੁਸ਼ਾਰ ਸ਼ਾਬਦਿਕ ਅਰਥ ਦੇ ਆਧਾਰ ਤੇ ਇਹ ਪਦ 'ਸ਼ਬਦ-ਵਿਗਿਆਨ' ਹੀ ਹੋਣਾ ਚਾਹੀਦਾ ਸੀ। ਵਾਸਤਵ ਵਿਚ, ਕੋਸ਼ ਦਾ ਅਰਥ ਕਿਸੇ ਭਾਸ਼ਾ ਦਾ ਸਮੁੱਚਾ ਸ਼ਬਦ-ਭੰਡਾਰ ਹੈ, ਇਸ ਲਈ ਕੋਸ਼-ਵਿਗਿਆਨ ਤੇ ਕੋਸ਼ਕਾਰੀ ਪਦ ਜ਼ਿਆਦਾ ਢੁਕਵੇਂ ਹਨ। ਇਸੇ ਕਰਕੇ lexicography ਅਤੇ lexicology ਨੂੰ ਕ੍ਰਮਵਾਰ ਕੋਸ਼ਕਾਰੀ ਤੇ ਕੋਸ਼-ਵਿਗਿਆਨ ਆਖਿਆ ਜਾਣ ਲੱਗਾ ਹੈ। ਕੋਸ਼ ਨਿਰਮਾਣ ਦੀ ਕਲਾ ਤੇ ਕ੍ਰਿਆ ਨੂੰ 'ਕੋਸ਼ਕਾਰੀ' ਅਤੇ ਕੋਸ਼ ਤਿਆਰ ਕਰਨ ਦਾ ਸਿਧਾਂਤਕ ਗਿਆਨ ਪ੍ਰਦਾਨ ਕਰਨ ਵਾਲੇ ਵਿਗਿਆਨ ਨੂੰ 'ਕੋਸ਼-ਵਿਗਿਆਨ' ਆਖਿਆ ਜਾਂਦਾ ਹੈ। ਇਹ ਦੋਵੇਂ ਸੰਕਲਪ ਭਾਸ਼ਾ-ਵਿਗਿਆਨ ਦੇ ਅੰਤਰਗਤ ਆਉਂਦੇ ਹਨ। ਹਿੰਦੀ ਭਾਸ਼ਾ ਵਿਚ ਵੀ ਕੋਸ਼-ਵਿਗਿਆਨ ਦੇ ਵਿਸ਼ੇ ਤੇ ਕੁਝ ਪੁਸਤਕਾਂ

ਉਪਲਬਧ ਹਨ। ਮੇਰੀ ਜ਼ਾਤੀ ਰਾਇ ਵੀ ਇਹੀ ਹੈ ਕਿ lexicology ਲਈ 'ਕੋਸ਼-ਵਿਗਿਆਨ' ਅਤੇ lexicography ਲਈ 'ਕੋਸ਼ਕਾਰੀ' ਪਦ ਅਪਣਾਉਣਾ ਹੀ ਯੋਗ ਹੈ। ਕੁਲ ਮਿਲਾ ਕੇ ਕੋਮਲ ਦੇ ਇਸ ਯਤਨ ਦੀ ਅਤਿਅੰਤ ਸ਼ਲਾਘਾ ਕਰਨੀ ਬਣਦੀ ਹੈ ਕਿ ਉਸ ਨੇ ਕੋਸ਼-ਵਿਗਿਆਨ ਵਰਗੇ ਅਣਛੋਹੇ ਅਤੇ ਉਪੇਖਿਅਤ ਖੇਤਰ ਵਿਚ ਆਪਣੇ 'ਕੋਮਲ' ਚਰਣ ਪਾਉਣ ਦਾ ਸਾਹਸ ਕੀਤਾ ਹੈ।

7.5 ਕੋਸ਼-ਵਿਗਿਆਨ ਤੇ ਕੋਸ਼ਕਾਰੀ : ਕੁਝ ਸੁਝਾਅ : ਕੋਸ਼-ਵਿਗਿਆਨ ਤੇ ਕੋਸ਼ਕਾਰੀ ਦਾ ਖੇਤਰ ਲਗਭਗ ਸੁੰਨਾ ਹੈ। ਕੋਸ਼-ਨਿਰਮਾਣ ਦੇ ਖੇਤਰ ਵਿਚ ਸਾਡੀ ਪ੍ਰਾਪਤੀ ਲਗਭਗ ਸਮਾਂ ਵਿਹਾ ਚੁਕੀ ਹੈ। ਨਾਲੇ ਥੋੜ੍ਹੇ ਜਿਹੇ ਸਜੱਗ ਤੇ ਰੋਸ਼ਨ ਦਿਮਾਗ਼ ਵਿਅਕਤੀ ਜਾਣਦੇ ਹਨ ਕਿ ਕੋਸ਼ ਨਿਰਮਾਣ ਕਾਰਜ ਇਕ ਨਿਰੰਤਰ ਪ੍ਰਕ੍ਰਿਆ ਹੈ, ਇਸ ਲਈ ਪਹਿਲੇ ਕੀਤੇ ਕੰਮ ਦੇ ਨਿਰੰਤਰ ਸੰਸ਼ੋਧਨ ਅਤੇ ਪ੍ਰਕਾਸ਼ਨ ਦਾ ਸਿਲਸਿਲਾ ਸਦਾ ਜਾਰੀ ਰਹਿਣਾ ਚਾਹੀਦਾ ਹੈ। ਕੋਸ਼ ਨਿਰਮਾਣ ਕਾਰਜ ਸਮਾਂ-ਖਪਾਊ ਕਾਰਜ ਹੈ। ਕੋਸ਼ਕਾਰਾਂ ਤੋਂ ਨਵੇਂ ਕੋਸ਼ਾਂ ਦੀ ਫਟਾਫਟ ਆਸ ਰੱਖਣਾ ਹਕੀਕਤ ਨੂੰ ਸਹੀ ਪਰਿਪੇਖ ਵਿਚ ਨਾ ਸਮਝਣ ਦਾ ਯਤਨ ਕਰਨਾ ਹੈ। ਅਗਲੇ ਪੰਨਿਆਂ ਵਿਚ ਕੋਸ਼ਕਾਰਾਂ, ਕੋਸ਼-ਵਿਗਿਆਨੀਆਂ, ਕੋਸ਼-ਪ੍ਰੇਮੀਆਂ, ਕੋਸ਼ ਨਿਰਮਾਣ ਵਿਚ ਰੁਚੀ ਰੱਖਣ ਵਾਲੇ ਵਿਦਵਾਨਾਂ ਆਦਿ ਸਾਮ੍ਹਣੇ ਕੁਝ ਸੁਝਾਅ ਪੇਸ਼ ਕੀਤੇ ਹਨ ਜਿਹੜੇ ਇਨ੍ਹਾਂ ਸਭਨਾਂ ਦੇ ਗੰਭੀਰ ਚਿੰਤਨ ਦੀ ਮੰਗ ਕਰਦੇ ਹਨ।

1. ਦੁਜੈਲਾ ਕਾਰਜ : ਸਾਡੇ ਮੁਲਕ ਦੀ ਅਕਾਦਮਿਕ ਤੇ ਵਿਦਿਅਕ ਸੰਰਚਨਾ ਵਿਚ ਕੋਸ਼ਕਾਰੀ ਨੂੰ ਦੁਜੈਲਾ ਅਥਵਾ ਘਟੀਆ ਕਾਰਜ ਮੰਨਿਆ ਜਾਂਦਾ ਹੈ। ਇਸ ਦੇ ਟਾਕਰੇ ਤੇ ਅਧਿਆਪਨ ਦੇ ਕੰਮ ਨੂੰ ਪ੍ਰਮੁੱਖਤਾ ਤੇ ਪਹਿਲ ਦਿੱਤੀ ਜਾਂਦੀ ਹੈ। ਸਾਡੇ ਸਿੱਖਿਆ-ਸ਼ਾਸਤਰੀਆਂ ਅਤੇ ਮਾਹਰਾਂ ਨੂੰ ਕੋਸ਼ਕਾਰ ਦੇ ਮਨ ਵਿਚੋਂ ਇਹ ਵਿਤਕਰਾ ਦੂਰ ਕਰਨ ਵਿਚ ਮਦਦ ਕਰਨੀ ਚਾਹੀਦੀ ਹੈ। ਦੇਸ਼ ਦੀਆਂ ਵਿਭਿੰਨ ਯੂਨੀਵਰਸਿਟੀਆਂ ਨੂੰ ਚਾਹੀਦਾ ਹੈ ਕਿ ਜਿਥੇ ਕਿਤੇ ਕੋਸ਼-ਵਿਗਿਆਨਕ ਖੋਜ ਲਈ ਕੋਈ ਵਿਭਾਗ ਜਾਂ ਆਧਾਰਿਕ ਸੰਰਚਨਾ (infra-structure) ਉਪਲਬਧ ਹੈ, ਉਥੇ ਕੋਸ਼ਕਾਰੀ ਤੇ ਕੋਸ਼-ਵਿਗਿਆਨ ਦਾ ਅਧਿਆਪਨ ਕੋਰਸ ਸ਼ੁਰੂ ਕੀਤਾ ਜਾਵੇ। ਕੋਸ਼ਕਾਰੀ ਦਾ ਮਾਰਗ ਐਨਾ ਬਿਖੜਾ ਅਤੇ ਦੁਰਗਮ ਹੈ ਕਿ ਇਸ ਵਿਵਸਾਇ ਵਿਚ ਵਿਅਸਤ ਅਤੇ ਕਾਰਜਸ਼ੀਲ ਅਮਲੇ ਨੂੰ ਸੁਖਾਵਾਂ ਵਿਦਿਅਕ ਮਾਹੌਲ ਅਤੇ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣ।

2. ਕੋਸ਼-ਵਿਗਿਆਨ ਦਾ ਅਧਿਆਪਨ ਕੋਰਸ : ਪੰਜਾਬੀ ਵਿਚ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਦਾ ਅਧਿਆਪਨ ਕੋਰਸ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਆਰੰਭ ਕਰਨ ਦੀ ਸਾਰਥਕਤਾ ਸਵੈ-ਸਿੱਧ ਹੈ। ਹੋਰਨਾਂ ਯੂਨੀਵਰਸਿਟੀਆਂ ਨਾਲੋਂ ਪੰਜਾਬ ਯੂਨੀਵਰ-ਸਿਟੀ, ਚੰਡੀਗੜ੍ਹ ਇਸ ਅਧਿਆਪਨ ਕੋਰਸ ਲਈ ਅਤਿਅਧਿਕ ਉਪਯੁਕਤ ਹੈ, ਕਿਉਂਕਿ ਇਥੇ ਪੰਜਾਬੀ ਕੋਸ਼ਕਾਰੀ ਵਿਭਾਗ ਪਹਿਲਾਂ ਹੀ ਮੌਜੂਦ ਹੈ। ਅਧਿਆਪਨ ਲਈ ਅਧਿਆਪਕ, ਲੋੜੀਂਦੀ ਸਾਮੱਗਰੀ, ਆਧਾਰਿਕ ਸੰਰਚਨਾ ਆਦਿ ਉਪਲਬਧ ਹਨ। ਇਸ ਦੇ ਪੰਜਾਬੀ

ਭਾਸ਼ਾ ਲਈ ਦੋ ਪ੍ਰਤੱਖ ਲਾਭ ਹੋਣਗੇ । ਇਕ ਤਾਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਨਵਾਂ ਪਾਸਾਰ ਖੁਲ੍ਹੇਗਾ ਅਤੇ ਦੂਜਾ ਅਧਿਆਪਨ ਦੇ ਕਾਰਜ ਨਾਲ ਖੋਜ-ਕਾਰਜ ਨੂੰ ਪ੍ਰੋਤਸਾਹਨ ਮਿਲੇਗਾ ਅਤੇ ਕੋਸ਼-ਵਿਗਿਆਨਕ ਖੋਜ ਦੇ ਫਲਸਰੂਪ ਨਵੇਂ ਸਿੱਟੇ, ਨਵੀਆਂ ਉਪਲਬਧੀਆਂ ਅਤੇ ਰੋਚਕ ਤੱਥ ਸਾਮ੍ਹਣੇ ਆਉਣਗੇ ।

3. ਪ੍ਰਮਾਣਕ ਸਮਭਾਸ਼ੀ ਪੰਜਾਬੀ ਕੋਸ਼ ਦਾ ਸੰਕਲਨ : ਭਾਵੇਂ ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ ਵੱਡ-ਆਕਾਰੀ 'ਪੰਜਾਬੀ ਕੋਸ਼' ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਇਕ ਮਹੱਤਵ-ਪੂਰਣ ਘਟਨਾ ਹੈ, ਪਰ ਕਿਉਂਕਿ ਇਸ ਕੋਸ਼ ਦੀ ਤਿਆਰੀ 1948 ਵਿਚ ਸ਼ੁਰੂ ਕੀਤੀ ਗਈ ਸੀ ਅਤੇ ਇਹ ਕਾਰਜ 1983 ਵਿਚ ਸੰਪੰਨ ਹੋਇਆ, ਇਸ ਕਰਕੇ ਇਸ ਕੋਸ਼ ਦੇ ਬਹੁਤੇ ਸ਼ਬਦ ਪ੍ਰਾਚੀਨ ਤੇ ਅਪ੍ਰਚਲਿਤ ਹੋ ਚੁਕੇ ਹਨ । ਇਸ ਸਮੇਂ ਦੇ ਦੌਰਾਨ ਪੰਜਾਬੀ ਭਾਸ਼ਾ ਨਿਰੰਤਰ ਵਿਕਾਸਸ਼ੀਲ ਰਹੀ ਹੈ ਅਤੇ ਨਵੇਂ ਨਵੇਂ ਸ਼ਬਦ ਤੇ ਸੰਕਲਪ ਹੋਂਦ ਵਿਚ ਆਏ ਹਨ । ਇਸ ਦੇ ਸਿੱਟੇ ਵਜੋਂ, ਪੰਜਾਬੀ ਦੀਆਂ ਅਜੋਕੀਆਂ ਅਤੇ ਭਾਵੀ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਮਹੱਤਵਪੂਰਣ ਲੋੜ ਪੰਜਾਬੀ ਭਾਸ਼ਾ ਦੇ ਸਮੁੱਚੇ ਸ਼ਬਦ-ਭੰਡਾਰ (ਮੌਖਿਕ ਅਤੇ ਲਿਖਿਤ) ਨੂੰ ਸੰਕਲਿਤ ਕਰਨ ਅਤੇ ਵਿਗਿਆਨਕ ਢੰਗ ਨਾਲ ਸੂਤਰਬੱਧ ਕਰਨ ਦੀ ਹੈ । ਇਸ ਮੰਤਵ ਦੀ ਪ੍ਰਾਪਤੀ ਲਈ ਪ੍ਰਾਚੀਨ ਅਤੇ ਆਧੁਨਿਕ ਪੰਜਾਬੀ ਸਾਹਿਤ ਵਿਚੋਂ ਸ਼ਬਦਾਂ ਦੀਆਂ ਪ੍ਰਯੋਗ ਅਤੇ ਸੰਦਰਭ ਉਕਤੀਆਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾਣ ਅਤੇ ਇਸ ਪ੍ਰਕਾਰ ਤਰਤੀਬ ਦਿੱਤੀ ਜਾਵੇ ਕਿ ਸ਼ਬਦ ਦੇ ਅਰਥ ਤੇ ਪ੍ਰਯੋਗ ਦੇ ਪੱਖਾਂ ਤੋਂ ਪਰਿਵਰਤਨ ਕਾਲਕ੍ਰਮ ਵਿਚ ਸਪਸ਼ਟ ਹੁੰਦਾ ਚਲਾ ਜਾਵੇ । ਸ਼ਬਦਾਂ ਦੇ ਅਰਥਾਂ ਦੇ ਕਾਲਕ੍ਰਮਿਕ ਵਿਕਾਸ ਨੂੰ ਰਿਕਾਰਡ ਕਰਨਾ ਬਹੁਤ ਜ਼ਰੂਰੀ ਹੈ । ਇਸ ਦੇ ਨਾਲ ਨਾਲ ਸਾਡੇ ਸਮਾਜ ਦੇ ਉਪੇਖਿਅਤ ਖੇਤਰਾਂ ਵਿਚ ਵਿਭਿੰਨ ਪਦਾਰਥਾਂ, ਕਿੱਤਿਆਂ, ਸ਼੍ਰੇਣੀਆਂ, ਕ੍ਰਿਆਵਾਂ ਆਦਿ ਨਾਲ ਸੰਬੰਧਿਤ ਮੌਖਿਕ ਸ਼ਬਦਾਵਲੀ ਨੂੰ ਇਕੱਤਰ ਕੀਤਾ ਜਾਵੇ । ਅਜਿਹੀ ਸ਼ਬਦਾਵਲੀ ਦੇ ਸੰਕਲਨ ਲਈ ਸੂਚਨਾ ਦੀ ਮਦਦ ਲਈ ਜਾ ਸਕਦੀ ਹੈ । ਇਸ ਵਿਧੀ ਅਨੁਸਾਰ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਸਮਭਾਸ਼ੀ ਪੰਜਾਬੀ ਕੋਸ਼ ਪੰਜਾਬੀ ਦੇ ਹੋਰ ਅਨੇਕਾਂ ਛੋਟੇ-ਵੱਡੇ ਸਮਭਾਸ਼ੀ, ਦੁਭਾਸ਼ੀ ਅਤੇ ਬਹੁਭਾਸ਼ੀ ਕੋਸ਼ਾਂ ਦੇ ਸੰਕਲਨ ਵਿਚ ਸਹਾਈ ਹੋਵੇਗਾ ।

4. ਨਿਰੁਕਤ ਕੋਸ਼ : ਨਿਰੁਕਤੀ ਦੇ ਖੇਤਰ ਵਿਚ ਅਸਲੋਂ ਹੀ ਸੁਞ ਵਰਤ ਰਹੀ ਹੈ । ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਤਿਆਰ ਕਰਨ ਦਾ ਕਾਰਜ ਆਪਣੇ ਹੱਥ ਵਿਚ ਲਿਆ ਸੀ । ਪਰ ਇਹ ਕੋਸ਼ ਨਿਰੁਕਤੀ ਦੇ ਸਿਧਾਂਤਾਂ ਅਤੇ ਕਸੌਟੀ ਤੇ ਪੂਰਾ ਨਹੀਂ ਉਤਰਦਾ, ਕੇਵਲ ਨਾਂ ਦਾ ਹੀ ਨਿਰੁਕਤ ਕੋਸ਼ ਹੈ । ਇਕ ਪ੍ਰਮਾਣਕ ਨਿਰੁਕਤ ਕੋਸ਼ ਤਿਆਰ ਕਰਨ ਲਈ ਸਾਨੂੰ ਸਾਰਿਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ।

5. ਪ੍ਰਮਾਣਕ ਪੰਜਾਬੀ-ਅੰਗ੍ਰੇਜ਼ੀ ਕੋਸ਼ : ਸਾਡੇ ਕੋਲ ਕੇਵਲ ਡਾ. ਗੁਰਚਰਨ ਸਿੰਘ ਅਤੇ ਉਸ ਦੇ ਸਹਿਯੋਗੀਆਂ ਵਲੋਂ ਸੰਪਾਦਿਤ ਇਕੋ ਇਕ ਪੰਜਾਬੀ-ਅੰਗ੍ਰੇਜ਼ੀ ਕੋਸ਼ ਉਪਲਬਧ ਹੈ । ਅੰਗ੍ਰੇਜ਼ਾਂ ਵਲੋਂ ਤਿਆਰ ਕਰਵਾਏ ਕੋਸ਼ ਹੁਣ ਸਮਾਂ ਵਿਹਾ ਚੁਕੇ ਹਨ । ਇਹ ਕੋਸ਼ ਐਨਾ

ਸੰਖੇਪ ਤੇ ਮੁਖ਼ਤਸਰ ਹੈ ਕਿ ਸਾਡੀਆਂ ਵਿਦਿਅਕ ਲੋੜਾਂ ਦੀ ਪੂਰਤੀ ਨਹੀਂ ਕਰਦਾ। ਨਾਲੇ, ਪੰਜਾਬੀ ਭਾਸ਼ਾ ਵਿਚ ਹੋ ਰਹੇ ਨਿਰੰਤਰ ਵਿਕਾਸ ਤੇ ਪਰਿਵਰਤਨ ਕਾਰਣ ਸਾਡੀਆਂ ਲੋੜਾਂ ਦੇ ਬਹੁ-ਪਰਤੀ ਤੇ ਬਹੁ-ਪਾਸਾਰੀ ਰੂਪ ਅਖ਼ਤਿਆਰ ਕਰ ਲੈਣ ਨਾਲ ਇਸ ਕੋਸ਼ ਦੀ ਸਾਰਥਕਤਾ ਹੋਰ ਵੀ ਵਧ ਗਈ ਹੈ। ਸੋ, ਸਾਡੇ ਵਿਦਿਆਰਥੀਆਂ, ਅਧਿਆਪਕਾਂ, ਵਿਦਵਾਨਾਂ, ਅਨੁਵਾਦਕਾਂ ਆਦਿ ਲਈ ਇਕ ਵੱਡ-ਆਕਾਰੀ ਪੰਜਾਬੀ-ਅੰਗ੍ਰੇਜ਼ੀ ਕੋਸ਼ ਦੀ ਲੋੜ ਮਹਿਸੂਸ ਹੋ ਰਹੀ ਹੈ।

6. **ਪ੍ਰਾਦੇਸ਼ਿਕ ਭਾਸ਼ਾਵਾਂ ਦੇ ਪਰਸਪਰ ਕੋਸ਼ :** ਭਾਰਤ ਦੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਦੇ ਪਰਸਪਰ ਕੋਸ਼ ਤਿਆਰ ਕਰਨ ਤੇ ਅਸੀਂ ਧਿਆਨ ਕੇਂਦ੍ਰਿਤ ਨਹੀਂ ਕੀਤਾ। ਇਨ੍ਹਾਂ ਭਾਸ਼ਾਵਾਂ ਦੀਆਂ ਇਨਾਮੀ, ਸ੍ਰੇਸ਼ਟ ਅਤੇ ਮਾਨਤਾ ਪ੍ਰਾਪਤ ਰਚਨਾਵਾਂ ਦੇ ਪਰਸਪਰ ਅਨੁਵਾਦ ਲਈ ਇਨ੍ਹਾਂ ਭਾਸ਼ਾਵਾਂ ਦੇ ਕੋਸ਼ ਅਤਿ ਅਨਿਵਾਰੀ ਹਨ ਜਿਵੇਂ ਪੰਜਾਬੀ-ਤਮਿਲ ਅਤੇ ਤਮਿਲ-ਪੰਜਾਬੀ, ਪੰਜਾਬੀ-ਬੰਗਾਲੀ ਅਤੇ ਬੰਗਾਲੀ-ਪੰਜਾਬੀ ਆਦਿ ਕੋਸ਼ਾਂ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨਾਲੇ ਪ੍ਰਾਦੇਸ਼ਿਕ ਭਾਸ਼ਾਵਾਂ ਦੀ ਪਰਸਪਰ ਸ਼ਬਦ-ਸਮਾਨਤਾ ਅਤੇ ਭਿੰਨਤਾ, ਅਰਥ ਸਮਾਨਤਾ ਅਤੇ ਭਿੰਨਤਾ ਦਾ ਮੁੱਲਾਂਕਣ ਕਰਨ ਵਿਚ ਅਜਿਹੇ ਕੋਸ਼ ਸਹਾਈ ਹੋਣਗੇ। ਅਜਿਹੇ ਕੋਸ਼ ਪੰਜਾਬੀ ਸ਼ਬਦ-ਭੰਡਾਰ ਨੂੰ ਸਮ੍ਰਿਧ ਕਰਨ ਵਿਚ ਵੀ ਸਹਾਇਤਾ ਕਰਨਗੇ।

7. **ਵਿਸ਼ੇ ਕੋਸ਼ :** ਵਿਸ਼ੇ ਕੋਸ਼ ਸੰਬੰਧਿਤ ਵਿਸ਼ੇ ਦੀਆਂ ਸੰਕਲਪੀ ਜੁਗਤਾਂ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ। ਅੰਗ੍ਰੇਜ਼ੀ ਭਾਸ਼ਾ ਵਿਚ ਤਾਂ ਨਵੇਂ ਅਤੇ ਪੁਰਾਣੇ ਲਗਭਗ ਹਰ ਵਿਸ਼ੇ ਦੇ ਕੋਸ਼ ਉਪਲਬਧ ਹਨ। ਪਰੰਤੂ ਇਸ ਪੱਖੋਂ ਅਸੀਂ ਐਨੇ ਪਛੜੇ ਹੋਏ ਹਾਂ ਕਿ ਅਸੀਂ ਇਸ ਦਿਸ਼ਾ ਵਿਚ ਗੰਭੀਰਤਾਪੂਰਵਕ ਸੋਚਣਾ ਵੀ ਸ਼ੁਰੂ ਨਹੀਂ ਕੀਤਾ। ਸਾਨੂੰ ਵੀ ਗਿਆਨ-ਵਿਗਿਆਨ, ਸਾਹਿਤ, ਲਲਿਤ ਕਲਾਵਾਂ ਆਦਿ ਦੇ ਹਰੇਕ ਵਿਸ਼ੇ ਦੇ ਹਰ ਕਿਸਮ ਦੇ ਛੋਟੇ ਵੱਡੇ ਵਿਸ਼ੇ ਕੋਸ਼ ਤਿਆਰ ਕਰਨ ਲਈ ਕੋਈ ਮਹੱਤਵ-ਆਕਾਂਖੀ ਯੋਜਨਾ ਉਲੀਕਣੀ ਚਾਹੀਦੀ ਹੈ।

8. **ਸੰਦਰਭ-ਬੱਧ ਅੰਗ੍ਰੇਜ਼ੀ-ਪੰਜਾਬੀ ਕੋਸ਼ :** ਸਾਡੇ ਕੋਲ ਦੋ ਤਿੰਨ ਚੰਗੇ ਅੰਗ੍ਰੇਜ਼ੀ-ਪੰਜਾਬੀ ਕੋਸ਼ ਉਪਲਬਧ ਹਨ। ਗੁਜ਼ਾਰਾ ਤਾਂ ਲਗਭਗ ਹੋ ਰਿਹਾ ਹੈ। ਪਰ ਕੋਈ ਅਜਿਹਾ ਕੋਸ਼ ਉਪਲਬਧ ਨਹੀਂ ਹੈ ਜਿਸ ਵਿਚ ਅੰਗ੍ਰੇਜ਼ੀ ਕੋਸ਼ੀ ਇਕਾਈ ਦੇ ਪੰਜਾਬੀ ਅਰਥ ਦੇਣ ਦੇ ਨਾਲ ਨਾਲ ਸੰਦਰਭ ਜਾਂ ਪ੍ਰਯੋਗ ਉਕਤੀਆਂ ਦੇ ਕੇ ਅਰਥ ਨੂੰ ਪੂਰੀ ਤਰ੍ਹਾਂ ਸਪਸ਼ਟ ਕੀਤਾ ਗਿਆ ਹੋਵੇ। ਫਲਸਰੂਪ ਅਜਿਹੇ ਸੰਦਰਭ-ਬੱਧ ਅੰਗ੍ਰੇਜ਼ੀ-ਪੰਜਾਬੀ ਕੋਸ਼ ਦੀ ਸਾਰਥਕਤਾ ਸਵੈ-ਸਿੱਧ ਹੈ।

9. **ਸ਼੍ਰੇਣੀਕ੍ਰਿਤ ਕੋਸ਼ :** ਇਹ ਕੋਸ਼ ਵੀ ਕਿਸੇ ਵਿਕਾਸਸ਼ੀਲ ਭਾਸ਼ਾ ਲਈ ਅਤਿ ਆਵੱਸ਼ਕ ਹਨ। ਜੇਬੀ ਕੋਸ਼ ਤੋਂ ਲੈ ਕੇ ਸਕੂਲੀ ਪੱਧਰ, ਕਾਲਿਜ ਪੱਧਰ, ਯੂਨੀਵਰਸਿਟੀ ਪੱਧਰ, ਵਿਦਵਾਨਾਂ ਅਤੇ ਅਧਿਆਪਕਾਂ ਦੀ ਪੱਧਰ ਨੂੰ ਮੁੱਖ ਰਖਦਿਆਂ ਹਰੇਕ ਕੋਸ਼-ਵਰਗ ਦੇ

ਅੰਤਰਗਤ ਸੁਿਨੀਕ੍ਰਿਤ ਕੋਸ਼ ਬਣਾਉਣੇ ਅਤਿ ਆਵੱਸ਼ਕ ਹਨ । ਇਸ ਦ੍ਰਿਸ਼ਟੀ ਤੋਂ ਅੰਗ੍ਰੇਜ਼ੀ ਭਾਸ਼ਾ ਕਾਫ਼ੀ ਅੱਗੇ ਲੰਘ ਚੁਕੀ ਹੈ । ਸਾਨੂੰ ਇਸ ਸੰਬੰਧੀ ਅਜਿਹੀ ਭਾਸ਼ਾ ਵਿਚ ਹੋਏ ਕਾਰਜ ਤੋਂ ਪ੍ਰੇਰਣਾ ਲੈ ਕੇ ਨਵੇਂ ਪ੍ਰਾਜੈਕਟ ਆਰੰਭਣੇ ਚਾਹੀਦੇ ਹਨ ।

10. **ਕਲਾਸੀਕੀ ਭਾਸ਼ਾਵਾਂ ਦੇ ਦੁਭਾਸ਼ੀ ਕੋਸ਼** : ਪੰਜਾਬੀ ਲਈ ਸੰਸਕ੍ਰਿਤ ਤੇ ਫ਼ਾਰਸੀ ਜਿਹੀਆਂ ਕਲਾਸੀਕੀ ਭਾਸ਼ਾਵਾਂ ਦੀ ਸਾਰਥਕਤਾ ਅਤੇ ਮਹੱਤਾ ਕਿਸੇ ਪ੍ਰਮਾਣ ਦੀ ਮੁਹਤਾਜ ਨਹੀਂ ਹੈ । ਸਾਡੀ ਨਵੀਂ ਪੀੜ੍ਹੀ ਇਨ੍ਹਾਂ ਦੋਹਾਂ ਭਾਸ਼ਾਵਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਪਰੰਤੂ ਪ੍ਰਾਚੀਨ ਅਤੇ ਆਧੁਨਿਕ ਪੰਜਾਬੀ ਸਾਹਿਤ ਵਿਚ ਇਨ੍ਹਾਂ ਸ੍ਰੋਤਾਂ ਵਿਚੋਂ ਅਪਣਾਈ ਸ਼ਬਦਾਵਲੀ ਦੇ ਅਰਥ-ਬੋਧ ਲਈ ਫ਼ਾਰਸੀ-ਪੰਜਾਬੀ, ਪੰਜਾਬੀ-ਫ਼ਾਰਸੀ, ਸੰਸਕ੍ਰਿਤ-ਪੰਜਾਬੀ, ਪੰਜਾਬੀ-ਸੰਸਕ੍ਰਿਤ ਆਦਿ ਕੋਸ਼ਾਂ ਦਾ ਪੰਜਾਬੀ ਭਾਸ਼ਾ ਵਿਚ ਸੰਕਲਨ ਅਤਿਅਧਿਕ ਉਪਯੋਗੀ ਹੋਵੇਗਾ । ਅਜਿਹੇ ਕੋਸ਼ਾਂ ਨਾਲ ਪਾਠਕਾਂ ਅਤੇ ਅਧਿਆਪਕਾਂ ਲਈ ਅਬੋਧ ਬਣ ਰਹੀਆਂ ਲਿਖਤਾਂ ਦੀ ਸਾਰਥਕਤਾ ਵਧਗੀ।

ਇਥੇ ਕੇਵਲ ਸੰਭਾਵੀ ਕੋਸ਼ਾਂ ਦੀਆਂ ਮੋਟੀਆਂ ਮੋਟੀਆਂ ਕਿਸਮਾਂ ਦਾ ਉਲੇਖ ਕੀਤਾ ਗਿਆ ਹੈ । ਵਿਭਿੰਨ ਆਕਾਰ ਅਤੇ ਪ੍ਰਕਾਰ ਦੇ ਅਨੇਕਾਂ ਕੋਸ਼ ਹਨ ਜਿਨ੍ਹਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ । ਜਿੰਨੇ ਕੁ ਵਿੱਤੀ ਸਾਧਨ ਆਗਿਆ ਦੇਣ, ਉਹੋ ਜਿਹੀ ਯੋਜਨਾ ਉਲੀਕ ਲੈਣੀ ਉਚਿਤ ਰਹੇਗੀ ।

11. **ਵਿੱਤੀ ਸਾਧਨ** : ਕੋਸ਼ਕਾਰੀ ਸਮਾਂ-ਖਪਾਊ ਅਤੇ ਬਹੁਤ ਮਹਿੰਗਾ ਕਾਰਜ ਹੈ । ਸਾਡੇ ਵਰਗੇ ਸੀਮਿਤ ਸਾਧਨਾਂ ਵਾਲੇ ਗ਼ਰੀਬ ਮੁਲਕ ਵਿਚ ਕੁਝ ਲੋਕ ਇਸ ਨੂੰ ਵਿਲਾਸ ਕਾਰਜ ਸਮਝ ਸਕਦੇ ਹਨ । ਪਰੰਤੂ ਦੁਨੀਆਂ ਦੇ ਕਿਸੇ ਵੀ ਦੇਸ਼ ਵਲ ਨਜ਼ਰ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਜਿਨ੍ਹਾਂ ਕੌਮਾਂ ਨੇ ਆਪਣੀ ਭਾਸ਼ਾ ਦੀ ਵਿਕਾਸ ਪ੍ਰਕ੍ਰਿਆ ਵਿਚ ਕੋਸ਼ਾਂ ਦੇ ਨਿਰਮਾਣ ਤੇ ਧਿਆਨ ਕੇਂਦ੍ਰਿਤ ਕੀਤਾ ਹੈ, ਉਸ ਦੇਸ਼ ਨੇ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਗਿਆਨ-ਵਿਗਿਆਨ ਦੇ ਹਰੇਕ ਖੇਤਰ ਵਿਚ ਸਰਬਪੱਖੀ ਵਿਕਾਸ ਕੀਤਾ ਹੈ । ਕੋਸ਼ ਦਰਅਸਲ ਕਿਸੇ ਪ੍ਰਦੇਸ਼ ਦੀ ਬੋਲੀ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਦਾ ਮੂਲ ਆਧਾਰ ਹਨ । ਸੰਸਾਰ ਦੇ ਵਿਕਸਿਤ ਦੇਸ਼ਾਂ ਦਾ ਅਧਿਐਨ ਕਰਨ ਤੋਂ ਇਸ ਤੱਥ ਦੀ ਆਸਾਨੀ ਨਾਲ ਪੁਸ਼ਟੀ ਹੋ ਜਾਂਦੀ ਹੈ । ਇਨ੍ਹਾਂ ਦੇਸ਼ਾਂ ਦੇ ਵਿਪਰੀਤ ਸਾਡੇ ਮੁਲਕ ਵਿਚ ਸੀਮਿਤ ਮਾਇਕ ਸਾਧਨ ਹੋਣ ਕਰਕੇ ਪ੍ਰਾਦੇਸ਼ਿਕ ਭਾਸ਼ਾਵਾਂ ਵਿਚ ਕੋਸ਼ਕਾਰੀ ਦੇ ਵਿਕਾਸ ਤੇ ਅਧਿਕ ਖ਼ਰਚ ਕਰਨਾ ਸੰਭਵ ਨਹੀਂ ਹੈ । ਹਰੇਕ ਕੋਸ਼-ਵਰਗ ਦੇ ਅੰਤਰਗਤ ਸਭ ਪ੍ਰਕਾਰ ਤੇ ਆਕਾਰ ਅਰਥਾਤ ਸਭ ਪੱਧਰ ਦੇ ਕੋਸ਼ਾਂ ਦੀ ਅਣਹੋਂਦ ਦਾ ਕਾਰਣ ਉਚਿਤ ਵਿੱਤ ਵਿਵਸਥਾ ਦਾ ਉਪਲਬਧ ਨਾ ਹੋਣਾ ਹੈ । ਇਸ ਪਰਿਪੇਖ ਵਿਚ ਸਰਕਾਰ ਨੂੰ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿਚ ਕੋਸ਼ਕਾਰੀ ਦੇ ਕਾਰਜ ਨੂੰ ਪ੍ਰੋਤਸਾਹਿਤ ਕਰਨ ਲਈ ਉਚਿਤ ਮਾਇਕ ਸਾਧਨ ਜੁਟਾਉਣੇ ਚਾਹੀਦੇ ਹਨ । ਪੰਜਾਬੀ ਭਾਸ਼ਾ ਦੇ ਵਿਕਾਸ ਲਈ

ਸਰਕਾਰ ਵਲੋਂ ਜਿਹੜੇ ਅਦਾਰਿਆਂ ਲਈ ਵਿੱਤ ਵਿਵਸਥਾ ਕੀਤੀ ਜਾਂਦੀ ਹੈ, ਉਨ੍ਹਾਂ ਵਿਚ ਇਹ ਧਨ ਸਾਹਿਤ ਅਤੇ ਸਭਿਆਚਾਰ ਦੇ ਹੋਰ ਪੱਖਾਂ ਦੇ ਅਧਿਐਨ-ਵਿਸ਼ਲੇਸ਼ਣ ਤੇ ਖ਼ਰਚ ਕੀਤਾ ਜਾਂਦਾ ਹੈ, ਕੋਸ਼ਕਾਰੀ ਵਲ ਐਨਾ ਧਿਆਨ ਨਹੀਂ ਦਿੱਤਾ ਜਾਂਦਾ। ਇਸ ਦਾ ਇਕ ਕਾਰਣ ਇਹ ਹੈ ਕਿ ਸਾਡੇ ਪ੍ਰਸ਼ਾਸਕਾਂ, ਸਿਖਿਆ-ਸ਼ਾਸਤਰੀਆਂ, ਅਧਿਆਪਕਾਂ, ਵਿਦਿਆਰਥੀਆਂ ਆਦਿ ਵਿਚ ਕੋਸ਼ ਦੇ ਸੰਕਲਪ ਅਤੇ ਇਸ ਦੇ ਉਚਿਤ ਪ੍ਰਯੋਗ ਬਾਰੇ ਸਪਸ਼ਟਤਾ ਅਤੇ ਜਾਗਰਤੀ ਨਹੀਂ ਹੈ। ਜੇ ਲੋਕਾਂ ਵਿਚ ਕੋਸ਼ਾਂ ਬਾਰੇ ਅਜਿਹੀ ਚੇਤਨਤਾ ਅਤੇ ਜਾਗਰੂਕਤਾ ਵਿਕਸਿਤ ਹੋ ਜਾਏ, ਤਾਂ ਇਹ ਕੋਸ਼ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸਭਿਆਚਾਰ ਦੇ ਸਰਬਪੱਖੀ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਦੇ ਸਕਦੇ ਹਨ। ਇਸ ਕਾਰਜ ਵਿਚ ਵਿਅਸਤ ਅਤੇ ਕਾਰਜਸ਼ੀਲ ਵਿਭਿੰਨ ਅਦਾਰਿਆਂ ਨੂੰ ਪਰਸਪਰ ਤਾਲਮੇਲ ਨਾਲ ਕੋਈ ਵਿਵਸਥਿਤ ਅਤੇ ਉਪਯੋਗੀ ਯੋਜਨਾਵਾਂ ਉਲੀਕਣੀਆਂ ਚਾਹੀਦੀਆਂ ਹਨ। ਅਜਿਹਾ ਕਰਨ ਨਾਲ ਜਿਥੇ ਵਿਭਿੰਨ ਕੋਸ਼ਾਂ ਦੇ ਨਿਰਮਾਣ ਵਿਚ ਦ੍ਰਿਸ਼ਟੀਗੋਚਰ ਦੋਹਰ ਤੋਂ ਬਚਿਆ ਜਾ ਸਕੇਗਾ, ਉਥੇ ਸੀਮਿਤ ਵਿੱਤ ਸਾਧਨਾਂ ਦੀ ਵਿਅਰਥ ਵਰਤੋਂ ਤੋਂ ਵੀ ਮੁਕਤ ਹੋਇਆ ਜਾ ਸਕੇਗਾ।

ਪੁਸਤਕ-ਸੂਚੀ

(ੳ) ਅੰਗ੍ਰੇਜ਼ੀ

A Bibliography of Dictionaries and Encyclopaedias in Indian Languages, National Library, Calcutta, 1964.

Ajmer Singh, *A Linguistic Study of Punjabi Synonyms*, a thesis submitted to the Panjab University for the Degree of Philosophy, 1979.

Al-Kasimi, A.M., *Linguistics and Bilingual Dictionaries*, Leiden E.J. Brill, 1977.

—, 'The Interlingual/Translation Dictionary' in R.R.K. Hartmann (Ed.) *Lexicography : Principles and Practice.*

Arnold, I. V., *The English Word*, Vysaya Skola, Moscow, 1973.

Barnhart, C.L., *The American College Dictionary*, Random House New York, 1960.

Bejoint, H. 'On Field-work in Lexicography' in R.R.K. Hartmann (Ed.), *Lexicography : Principles and Practice.*

Bloomfield, Leonard, *Language*, Holt, Rinehart, New York, 1933.

Brower, Reuben A.(Ed.), *On Translation*, Mass. Harvad University Press, Cambridge, 1959.

Burchfield, Robert (Ed.), *Studies in Lexicography*, Clarendon Press, Oxford, 1987.

Doroszewski, Witold, *Elements of Lexicology and Semantics*, Mouton, The Hague, Paris, 1973.

Encyclopaedia Britannica, Vol. 7, Encyclopaedia Britannica, Chicago, 1957.

Geerates, Dirk, 'Types of Semantic Information in Dictionaries' in Robert Ilson (Ed.), *A Spectrum of Lexicography.*

Gill, Harjeet Singh, *The Semiotics of Creative Process in Language and Literature*, Punjabi University, Patiala, 1983.

Gleason, H.A., 'The Relation of Lexicon and Grammar' in House-

holder and Saporta, *Problems in Lexicography.*

Haas, Mary, R., 'What belongs in a Bilingual Dictionary' in Householder and Saporta, *Problems in Lexicography.*

Hans, Patrick *et al* (Eds.), *Collins English Dictionary*, Collins, London—Glasgow, 1979.

Hartmann, R.R K. (Ed.,) *Lexicography : Principles and Practice*, Academic Press, Inc., London, 1983.

Hayakawa, S.I., *Language in Thought and Action*, Harcourt, Brace and World Inc., New York, 1941.

Herbst, Thomas, 'A Proposal for a Valency Dictionary of English' in Robert Ilson (Ed.), *A Spectrum of Lexicography.*

·useholder Fred W. and Saporta, Sol. (Eds.), *Problems in Lexicography*, Indiana University Press, Bloomington, 1967.

Hulbert, J. R., *Dictionaries*, quoted by L. Zgusta, *Manual of Lexicography.*

Ilson, Robert (Ed.), *A Spectrum of Lexicography*, John Benjamins Publishing Company, Amsterdam/Philadelphia, 1987.

Jakobson, Roman, 'On Linguistic aspects of Translation' in Reuben A. Brower (Ed.), *On Translation*, Mass. Harvard University Press, Cambridge, 1959.

Kelkar, A.R., 'Dictionaries of Modern Indian Languages', Assessment and Recommendations, in B G. Misra (Ed), *Lexicography in India.*

Law, M.D., *Chambers's Encyclopaedia*, Vol IV, George Newnes Ltd., London, 1955.

Leech, Geoffrey, *Semantics*, Penguin, Books, 1981.

Lyons, John, *Introduction to Theoretical Linguistics*, The University Press, Cambridge, 1968.

—, *Language, Meaning and Context*, Fontana Paperbacks, 1981.

—, *Semantics*, The University Press, Cambridge, 1977.

Malkiel, Yakov, 'How English Dictionaries Present the Etymology of Words of Romance Origin' in Robert Burchfield (Ed.), *Studies in Lexicography.*

—, 'Lexicography', in Carroll E. Reed (Ed.), *The Learning of Language*, Appleton-Century, Crafts, New York, 1971.

Martin, W.J.R., E.P.F. Al & P J G. van Sterkenburg, 'On the processing of a text Corpus' in R.R.K. Hartmann (Ed.), *Lexicography : Principles and Practice.*

Merkin, R., 'The Historical/Academic Dictionary' in R.R.K. Hartmann (Ed.), *Lexicography : Principles and Practice.*

Misra, B.G. (Ed.), *Lexicography in India*, Central Institute of Indian Languages, Mysore, 1980.

Murray, Sir James, *The Oxford English Dictionary*, Vol. III, The Clarendon Press, Oxford, 1933.

N. Basavaradhya, 'Preparation of Kannada-Kannada Dictionary on Historical Principles' in B.G. Misra (Ed.), *Lexicography in India.*

Nida, Eugene A., 'Analysis of Meaning and Dictionary Making', IJAL 24, 1958.

Opitz., K., 'On Dictionaries of Special Registers' in R.R.K. Hartmann (Ed.), *Lexicography : Principles and Practice.*

—, 'The Terminological/Standardised Dictionary' in R.R.K. Hartmann (Ed.), *Lexicography : Principles and Practice.*

Palmer, F.R., *Semantics : A New Outline*, The University Press, Cambridge, 1976.

Patkar, M.M., *History of Sanskrit Lexicography*, Munshi Ram Manohar Lal Pvt Ltd., 1980.

Rajagopalan, N.V., 'Some Aspects and Problems of Lexicography' in B.G. Misra (Ed.), *Lexicography in India.*

Ram Adhar Singh, *An Introduction to Lexicography*, Central Institute of Indian Languages, Mysore, 1982.

Read, Allen Walker, 'Approaches to Lexicography and Semantics' in Thomas A. Sebeok (Ed.), *Current Trends in Linguistics*, Vol. 10.

Reddy, G.N., 'Some Problems in Compiling Bilingual Dictionaries' in B.G. Misra (Ed.), *Lexicography in India.*

'Report', quoted by Ladislav Zgusta in *Manual of Lexicography.*

Robinson, Dow F., *Manual for Bilingual Dictionaries*, Summar Institute of Linguistics, California, 1969.

Sanjeevi, N., 'Some Suggestions For The Making of New

Dictionaries in B.G. Misra (Ed.), *Lexicograpy in India.*

Saussure, Ferdinand De, *Course in General Linguistics*, Fontana/ Collins. 1974.

Sebeok, Thomas A., *Current Trends in Linguistics*, Vol. 10, Mouton, The Hague, Paris, 1973.

Shaw, Harry, *Dictionary of Literary Terms*, McGraw-Hill, Inc., U S.A., 1972.

Srivastava, R.N. & Gupta, R.S., 'Principles and Problems in Lexicography as developed in the Soviet Union', in B.G. Misra (Ed.), *Lexicography in India.*

Strevens, Peter, 'The Effectiveness of Learners' Dictionaries' in Robert Burchfield (Ed.), *Studies in Lexicography.*

The Illustrated Heritage Dictionary and Information Book, Houghton Mifflin Company, Boston, 1977.

Ullmann, S., *Principles of Semantics*, Jackson, Oxford Blackwell, Glasgow, 1957.

Urdang, L., Review of Problems in Lexicography''*Language* 39, 1913.

Zgusta, Ladislav, *Mańual of Lexicography*, Mouton, The Hague, Paris, 1971.

(ਅ) **ਪੰਜਾਬੀ ਅਤੇ ਹਿੰਦੀ**

ਅਜਮੇਰ ਸਿੰਘ, 'ਕੋਸ਼ ਰਚਨਾ—ਮੁੱਢਲੇ ਯਤਨ', ਜੋਗਿੰਦਰ ਸਿੰਘ ਪੁਆਰ ਦੁਆਰਾ ਸੰਪਾਦਿਤ **ਭਾਸ਼ਾ-ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ** ।

ਅਤਰ ਸਿੰਘ, 'ਪੰਜਾਬੀ ਕੋਸ਼ਕਾਰੀ ਅਤੇ ਦੁਭਾਸ਼ੀ ਕੋਸ਼ਕਾਰੀ ਦੀਆਂ ਸਮੱਸਿਆਵਾਂ', **ਖੋਜ ਦਰਪਣ**, ਜਨਵਰੀ 1975, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ।

ਸਹਾਯ, ਰਮਾਨਾਥ, 'ਦ੍ਵਿਭਾਸ਼ੀ ਕੋਸ਼ੋਂ' ਕੀ ਸਮਸਿਆਏਂ'', ਸੁਰੇਸ਼ ਕੁਮਾਰ ਦੁਆਰਾ ਸੰਪਾਦਿਤ **ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ** ਵਿਚ ਪ੍ਰਕਾਸ਼ਿਤ ।

ਸ਼ਾਸਤ੍ਰੀ, ਸੀਤਾ ਰਾਮ, 'ਅਧਿਏਤਾ ਕੋਸ਼ : ਸਿੱਧਾਂਤ ਔਰ ਪ੍ਰਕ੍ਰਿਆ', ਸੁਰੇਸ਼ ਕੁਮਾਰ (ਸੰਪਾ.), **ਕੋਸ਼ ਨਿਰਮਾਣ : ਸਿੱਧਾਂਤ ਔਰ ਪਰੰਪਰਾ** ਵਿਚ ਪ੍ਰਕਾਸ਼ਿਤ ।

ਸੀਤਲ, ਜੀਤ ਸਿੰਘ, 'ਪੰਜਾਬੀ ਕੋਸ਼ਕਾਰੀ', **ਪੰਜਾਬੀ ਦੁਨੀਆਂ**, ਸਤੰਬਰ 1954, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ਸ੍ਰੀਵਾਸਤਵ, ਆਰ. ਐਨ., 'Typology of Dictionaries : A Soviet

Approach', ਸੁਰੇਸ਼ ਕੁਮਾਰ (ਸੰਪਾ.), **ਕੋਸ਼ ਨਿਰਮਾਣ : ਸਿੱਧਾਂਤ ਔਰ ਪਰੰਪਰਾ** ਵਿਚ ਪ੍ਰਕਾਸ਼ਿਤ ।

ਸੁਮਨ, ਅੰਬਾ ਪ੍ਰਸਾਦ, **ਭਾਸ਼ਾ-ਵਿਗਿਆਨ : ਸਿਧਾਂਤ ਔਰ ਪ੍ਰਯੋਗ**, 1982.

ਸੁਰੇਸ਼ ਕੁਮਾਰ (ਸੰਪਾ.), **ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ**, ਕੇਂਦ੍ਰੀਯ ਹਿੰਦੀ ਸੰਸਥਾਨ, ਆਗਰਾ, 1983.

ਕਤ੍ਰੇ, ਸੁਮਿਤ੍ਰ ਮੰਗੇਸ਼, **ਕੋਸ਼ ਵਿਗਿਆਨ**, ਅਨੁਵਾਦਕ ਸਰੋਜਿਨੀ ਸ਼ਰਮਾ, ਕੇਂਦ੍ਰੀਯ ਹਿੰਦੀ ਸੰਸਥਾਨ, ਆਗਰਾ, 1980.

ਕੋਮਲ, ਜਗਜੀਤ ਸਿੰਘ, **ਸ਼ਬਦ-ਵਿਗਿਆਨ ਅਤੇ ਕੋਸ਼ਕਾਰੀ**, ਸੰਦੀਪ ਪਬਲਿਸ਼ਰਜ਼, ਚੰਡੀਗੜ੍ਹ, 1990.

ਤਿਵਾਰੀ, ਭੋਲਾ ਨਾਥ, **ਕੋਸ਼ ਵਿਗਿਆਨ**, ਸ਼ਬਦਕਾਰ, ਗੁਰੂ ਅੰਗਦ ਨਗਰ, ਦਿੱਲੀ, 1987.

—, **ਭਾਸ਼ਾ ਵਿਗਿਆਨ**, ਕਿਤਾਬ ਮਹਲ, ਇਲਾਹਾਬਾਦ, 1983.

ਪੁਆਰ, ਜੋਗਿੰਦਰ ਸਿੰਘ, **ਭਾਸ਼ਾ ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ**, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1988.

ਬਹੁਗੁਣਾ, ਲਲਿਤ ਮੋਹਨ, 'ਅਧਿਏਤਾ ਕੋਸ਼ ਔਰ ਸਾਮਾਨਯ ਕੋਸ਼', ਸੁਰੇਸ਼ ਕੁਮਾਰ (ਸੰਪਾ.), **ਕੋਸ਼ ਨਿਰਮਾਣ : ਸਿਧਾਂਤ ਔਰ ਪਰੰਪਰਾ** ਵਿਚ ਪ੍ਰਕਾਸ਼ਿਤ ।

ਬਨਾਰਸੀ ਦਾਸ, **ਪੰਜਾਬੀ ਕੋਸ਼**, ਜਿਲਦ ਪਹਿਲੀ, ਭੂਮਿਕਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1955.

ਬਲਬੀਰ ਸਿੰਘ, **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ**, ਪਹਿਲੀ ਜਿਲਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਰਾਮ ਆਧਾਰ ਸਿੰਘ, **ਕੋਸ਼ ਵਿਗਿਆਨ : ਸਿਧਾਂਤ ਏਵੰ ਪ੍ਰਯੋਗ**, ਉੱਚ ਸ਼ਿਕਸ਼ਾ ਔਰ ਸ਼ੋਧ ਸੰਸਥਾਨ, ਮਦਰਾਸ, 1990.

ਰੋਹਰਾ, ਸਤੀਸ਼ ਕੁਮਾਰ (ਸੰਪਾ.), **ਕੋਸ਼ ਵਿਗਿਆਨ—ਸਿਧਾਂਤ ਏਵੰ ਮੂਲਿਆਂਕਨ**, ਕੇਂਦ੍ਰੀਯ ਹਿੰਦੀ ਸੰਸਥਾਨ, ਆਗਰਾ, 1989.

ਵਰਮਾ, ਰਾਮ ਚੰਦਰ, **ਸ਼ਬਦ ਸਾਧਨਾ**, ਸਾਹਿਤਯ ਰਤਨਮਾਲਾ ਕਾਰਯਾਲਯ, ਬਨਾਰਸ, 1955.

ਪਰਿਭਾਸ਼ਿਕ ਸ਼ਬਦਾਵਲੀ

ਉਕਤੀ	utterance
ਉਚਾਰਣ	pronunciation
ਉਚਾਰਣ ਕੋਸ਼	pronouncing dictionary
ਉਦੇਸ਼	objective
ਉੱਧਰਣ	quotation
ਉਧਾਰ	borrowed
ਉਪ-ਅੰਦਰਾਜ	sub-entry
ਉਪ-ਅਰਥ	sub-meaning
ਉਪਦੇਸ਼ਾਤਮਕ	didactic
ਉਪਨਾਮ	hyponym
ਉਪਨਾਮਤਾ	hyponymy
ਉਪ-ਪਦ	article
ਉਪਭਾਸ਼ਾ	dialect
ਉਪਭਾਸ਼ਾਈ	dilectal
ਉਪਭਾਸ਼ਾ ਕੋਸ਼	dialect dictionary
ਉਪਭਾਸ਼ਾ-ਵਿਗਿਆਨ	dialectics
ਉਪਯੋਗਤਾ	utility
ਉਲਟ ਅੱਖਰ-ਕ੍ਰਮੀ ਕੋਸ਼	reverse dictionary
ਅਸੰਗਤ ਸ਼ਬਦ	incompatibles
ਅ-ਸਜਾਤੀ	non-cognate
ਅਕਰਮਕ ਕ੍ਰਿਆ	intransitive verb
ਅਕਾਦਮਿਕ ਕੋਸ਼	academic dictionary
ਅੱਖਰ-ਕ੍ਰਮ	alphabetical order
ਅੱਖਰੀ ਵੰਡ	syllabic division
ਅਗੇਤਰ	prefix

ਅੰਤਰ-ਸੰਬੰਧਿਤ	interrelated
ਅੰਤਰ-ਚਿੰਨ੍ਹਾਤਮਕ	intersemiotic
ਅੰਤਰ-ਭਾਸ਼ਾਈ	interlingual
ਅੰਤਰਮੁਖੀ	subjective
ਅੰਤਰਾ-ਭਾਸ਼ਾਈ	intralingual
ਅੰਦਰਾਜ	entry
ਅਧਿਭਾਸ਼ਾ	metalanguage
ਅਨਿਯਮਿਤ	irregular
ਅਨਿਯਮਿਤਤਾ	irregularity
ਅਨਿਯਮਿਤ ਰੂਪ	irregular form
ਅਨੁਸ਼ਾਸਨ (ਵਿਸ਼ਾ)	discipline
ਅਨੁਕ੍ਰਮਣਿਕਾ	index
ਅਪਕੇਂਦਰੀ	peripheral
ਅਪਭਾਸ਼ਾ	slang
ਅਪ੍ਰਚਲਿਤ	obsolete
ਅਪ੍ਰਮਾਣਿਤ	non-standardized
ਅਪ੍ਰਵੇਸ਼ੀ	close-ended
ਅਬੰਧੇਜੀ	unrestricted
ਅਮੂਰਤੀਕਰਣ	abstraction
ਅਰਥ	meaning
ਅਰਥ-ਸੰਰਚਨਾ	semantic structure
ਅਰਥਗਤ	semantic
ਅਰਥ-ਭੇਦ	shades of meaning
ਅਰਥ-ਵਿਗਿਆਨ	semantics
ਅਰਥ-ਵਿਗਿਆਨਕ	semantic
ਅਰਧ-ਮਾਨਕ	quasi-normative
ਆਂਸ਼ਿਕ ਸਮਾਨਾਰਥਕਤਾ	partial synonymy
ਆਂਸ਼ਿਕ ਵਿਰੋਧੀ ਸ਼ਬਦ	polar opposites
ਆਕਾਰ	size
ਆਘਾਤ	accent
ਆਦਿ-ਰੂਪ ਕੋਸ਼	prototypical dictionary

ਆਪਹੁਦਰਾ	arbitrary
ਆਵਰਤੀ	recurring
ਆਵ੍ਰਿਤੀ	frequency
ਆਵ੍ਰਿਤੀ-ਗਣਨਾ	frequency-count
ਇਕਸਾਰਤਾ	uniformity
ਇਤਿਹਾਸਕ ਕੋਸ਼	historical dictionary
ਇਤਿਹਾਸਕ ਕੋਸ਼-ਵਿਗਿਆਨ	historical lexicology
ਇਤਿਹਾਸਕ ਭਾਸ਼ਾ-ਵਿਗਿਆਨ	historical linguistics
ਏਕੀਕ੍ਰਿਤ	unified
ਸਹਿਚਾਰੀ	associative
ਸਕਰਮਕ ਕ੍ਰਿਆ	transitive verb
ਸੰਕਲਨ	compilation
ਸੰਕਲਨਕਰਤਾ	compiler
ਸੰਕਲਪ	concept
ਸੰਕਲਪੀ	conceptual
ਸੰਕਲਿਤ	compiled
ਸਕਾਰਾਤਮਕ	positive
ਸੰਕੇਤ-ਅਰਥ	denotative meaning
ਸੰਕੇਤ-ਸ਼ਬਦ	catchword
ਸੁੱਖਣਾ ਸ਼ਬਦ	empty word
ਸੰਖਿਆਂਕਿਤ	numbered
ਸੰਖੇਪ ਸ਼ਬਦ	abbreviation
ਸੰਖੇਪਤਾ	brevity
ਸੰਖੇਪ-ਰੂਪ	abbreviation
ਸੰਗ੍ਰਹਿ	collection
ਸੰਘਟਕ	componential
ਸਜਾਤੀ	homogeneous
ਸੰਦਰਭ	context
ਸੰਦਰਭ-ਉਕਤੀ	quotation
ਸੰਦਰਭ ਗ੍ਰੰਥ	reference book
ਸੰਦਰਭੀ ਅਰਥ	contextual meaning

ਸਪਸ਼ਟ	disambiguous
ਸਪਸ਼ਟਤਾ	disambiguity
ਸੰਪਾਦਕ	editor
ਸੰਪਾਦਕ ਮੰਡਲ	penal of editors
ਸੰਪਾਦਨ	editing
ਸ਼ਬਦ-ਆਦੇਸ਼	metonymy
ਸ਼ਬਦ-ਸੰਖੇਪ ਕੋਸ਼	dictionary of abbreviations
ਸ਼ਬਦ-ਸੰਗਤ	collocation
ਸ਼ਬਦ-ਸੰਗਤ ਕੋਸ਼	collocational dictionary
ਸ਼ਬਦ-ਸੂਚਕ	label
ਸ਼ਬਦ-ਸੂਚੀ	glossary
ਸ਼ਬਦ-ਨਿਰਮਾਣ	word-formation
ਸ਼ਬਦ-ਪ੍ਰਯੋਗ	usage
ਸ਼ਬਦ-ਬਣਤਰ	word-formation
ਸ਼ਬਦ-ਭੰਡਾਰ	vocabulary
ਸ਼ਬਦ-ਭੇਦ	parts of speech
ਸ਼ਬਦ-ਰਚਨਾ ਕੋਸ਼	word formation dictionary, derivational dictionary
ਸ਼ਬਦ-ਰੂਪ	variations
ਸ਼ਬਦਾਵਲੀ	vocabulary
ਸ਼ਬਦਿਮ	lexeme
ਸੰਬੰਧਕੀ	relational
ਸਮਕਾਲਕ	synchronic
ਸਮਕਾਲਕ ਕੋਸ਼	synchronic dictionary
ਸਮਕਾਲਕ ਕੋਸ਼-ਵਿਗਿਆਨ	synchronic lexicology
ਸਮਕਾਲਕਤਾ	synchrony
ਸਮਤੁੱਲ ਸ਼ਬਦ	equivalent
ਸਮਤੁੱਲਤਾ	equivalence
ਸਮ-ਧਾਤੂ ਕੋਸ਼	dictionary of paronyms
ਸਮਧੁਨੀ ਸਮਨਾਮੀ ਸ਼ਬਦ	homophones
ਸਮਨਾਮ	homonym

ਸਮਨਾਮ ਕੋਸ਼	dictionary of homonyms
ਸਮਨਾਮਤਾ	homonymy
ਸਮਭਾਸ਼ੀ	monolingual
ਸਮਭਾਸ਼ੀ ਕੋਸ਼	monolingual dictionary
ਸਮਲੇਖੀ ਸ਼ਬਦ	homograph
ਸਮਾਸ	compound
ਸਮਾਜਕ ਉਪਭਾਸ਼ਾ	sociodialect
ਸਮਾਜਕ ਭਾਸ਼ਾ-ਵਿਗਿਆਨ	socio-lingui stics
ਸਮਾਜੀਕ੍ਰਿਤ	socialized
ਸਮਾਨਾਰਥਕ	synonymous
ਸਮਾਨਾਰਥਕਤਾ	synonymy
ਸਮਾਵੇਸ਼ਤਾ	coverage
ਸੰਯੋਜਨ-ਸੰਭਾਵਨਾ	combinatory possibility
ਸੰਯੋਜਨ-ਸਮਰਥਾ	valency
ਸੰਯੋਜਨ-ਸਮਰਥਾ ਵਾਲਾ ਕੋਸ਼	valency dictionary
ਸੰਰਚਨਾ	structure
ਸੰਰਚਨਾਤਮਕ	structural
ਸੰਰਚਨਾਵਾਦ	structuralism
ਸਰਬ-ਸਮਾਵੇਸ਼ੀ	inclusive
ਸਰਵਵਿਆਪੀ	universal
ਸੰਵੇਦਨ-ਸ਼ਕਤੀ	sensibility
ਸਾਂਖਿਅਕੀ	statistical
ਸਾਦਗੀ	simplicity
ਸਾਧਨ	means
ਸਾਧਾਰਣ ਕੋਸ਼	general dictionary
ਸਾਧਾਰਣ ਕੋਸ਼-ਵਿਗਿਆਨ	general lexicology
ਸਾਧਾਰਣੀਕਰਣ	generalization
ਸਾਮੱਗਰੀ	material
ਸਾਮੱਗਰੀ-ਸੰਕਲਨ	collection of material
ਸਾਰਥਕਤਾ	relevance
ਸਿਖਿਆ ਕੋਸ਼	pedagogical dictionary

ਸਿਖਿਆਰਥੀ ਕੋਸ਼	learners' dictionary
ਸਿਧਾਂਤ-ਉਨਮੁਖ	theory-oriented
ਸਿਧਾਂਤਕ	theoretical
ਸਿਧਾਂਤਕ ਕੋਸ਼	theoretical dictionary
ਸਿਮਟਾਅ	nesting
ਸੀਮਾਂਤਵਰਤੀ	marginal
ਸੁਨਿਸ਼ਚਿਤਤਾ	exactness
ਸੂਚਕ, ਸ਼ਬਦ-ਸੂਚਕ	label
ਸੂਚਕ-ਬੱਧ	labelled
ਸ਼੍ਰੇਣੀਕ੍ਰਿਤ	graded
ਸ਼ੈਲੀ-ਵਿਗਿਆਨ	stylistics
ਸੋਝੀ	understanding
ਸ੍ਰੋਤ ਭਾਸ਼ਾ	source language
ਹਵਾਲਾ	reference
ਕ੍ਰਮ	order
ਕਾਲਕ੍ਰਮ	chronology
ਕਾਲਕ੍ਰਮਿਕ	chronological
ਕ੍ਰਿਆ-ਰੂਪ	conjugation
ਕੁੰਜੀ	key
ਕੋਸ਼	dictionary, lexicon
ਕੋਸ਼ਕਾਰ	lexicographer
ਕੋਸ਼ਕਾਰੀ	lexicography
ਕੋਸ਼-ਨਿਰਮਾਣ	dictionary making
ਕੋਸ਼-ਵਿਗਿਆਨ	lexicology
ਕੋਸ਼-ਵਿਗਿਆਨਕ	lexicological
ਕੋਸ਼-ਵਿਗਿਆਨੀ	lexicologist
ਕੋਸ਼ੀ ਅਰਥ	lexical meaning
ਕੋਸ਼ੀ ਇਕਾਈ	lexical item
ਕੋਸ਼ੀ ਸਮਨਾਮੀ ਸ਼ਬਦ	lexical homonyms
ਕੋਸ਼ੀ ਮੱਦ	lexical item
ਕੋਸ਼ੀ-ਵਿਆਕਰਣਕ	lexico-grammatical
ਸਮਨਾਮੀ ਸ਼ਬਦ	homophones

ਕੋਟੀ	category
ਖੰਡੀ ਕੋਸ਼	segmental dictionary
ਖੇਤਰੀ ਕਾਰਜ	field work
ਖੇਤਰੀ ਭਾਸ਼ਾ-ਵਿਗਿਆਨ	field linguistics
ਗਿਆਨ ਕੋਸ਼	encyclopaedia
ਗੁਣਾਤਮਕ	qualitative
ਗੁਪਤ-ਅਰਥਤਾ	secrecy
ਗੁਪਤ-ਭਾਸ਼ਾ	argot
ਚਿੱਤਰ-ਕੋਸ਼	pictorial dictionary
ਚਿੰਨ੍ਹ	sign
ਚਿੰਨ੍ਹਕ	signifier
ਚਿੰਨ੍ਹਕਾਰੀ	signification
ਚਿੰਨ੍ਹ-ਵਿਗਿਆਨ	semiology
ਚਿੰਨ੍ਹਿਤ	signified
ਚੋਣ	selection
ਚੋਣਾਤਮਕ ਬੰਧੇਜ	selective restriction
ਜਮ੍ਹਾ	positive
ਜੁਗਤ	device
ਟੀਚਾ ਭਾਸ਼ਾ	target language
ਟੂਕ	quotation
ਤਰਤੀਬ	order
ਤਾਨ	tone
ਤੁਕਾਂਤ ਕੋਸ਼	rhyming dictionary
ਤੁਲਨਾਤਮਕ ਕੋਸ਼-ਵਿਗਿਆਨ	comparative lexicology
ਤੁਲਨਾਤਮਕ ਭਾਸ਼ਾ-ਵਿਗਿਆਨ	comparative linguistics
ਦ੍ਰਿਸ਼ਟਾਂਤੀ ਉਦਾਹਰਣ	illustrative example
ਦੁਕਾਲਕ	diachronic
ਦੁਕਾਲਕ ਕੋਸ਼-ਵਿਗਿਆਨ	diachronic lexicology
ਦੁਜੈਲਾ	secondary
ਦੁਭਾਸ਼ੀ	bilingual
ਦੁਭਾਸ਼ੀ ਕੋਸ਼	bilingual dictionary

ਦੁਰਲੱਭ	rare
ਦੁਵੱਲੇ ਵਿਰੋਧ ਵਾਲੇ ਸ਼ਬਦ	binary opposites
ਧਾਤੂ	root
ਧੁਨੀਆਤਮਕ	phonetic
ਧੁਨੀਗ੍ਰਾਮ	phoneme
ਧੁਨੀਗ੍ਰਾਮਿਕ	phonemic
ਧੁਨੀ-ਬਿੰਬ	sound-image
ਧੁਨੀ-ਲੇਖੀ	phonatico-graphic
ਧੁਨੀ-ਵਿਗਿਆਨ	phonetics
ਨਸਲੀ ਭਾਸ਼ਾ-ਵਿਗਿਆਨ	ethno-linguistics
ਨਕਾਰਾਤਮਕ	negative
ਨਵ-ਸ਼ਬਦ ਨਿਰਮਾਣ	neology, neologism
ਨਵ-ਸ਼ਬਦ ਨਿਰਮਾਣ ਕੋਸ਼	dictionary of neologism
ਨਵੀਨਤਾ	innovation
ਨਾਮ-ਰੂਪ	declensions
ਨਿਆਇਕ ਪ੍ਰਕਾਰਜ	judicial function
ਨਿਖੇੜਾ	distinction
ਨਿਯਮਬੱਧ	systematic
ਨਿਯਮਿਤ	regular
ਨਿਰਦੇਸ਼ਾਤਮਕ	prescriptive
ਨਿਰੁਕਤ ਕੋਸ਼	etymological dictionary
ਨਿਰੁਕਤੀ	etymology
ਨਿਰੁਕਤੀਗਤ	etymological
ਪਹੁੰਚ-ਵਿਧੀ	methodology
ਪਦਾਵਲੀ	terminology
ਪਰਸਪਰ-ਵਿਆਪੀ	overlapping
ਪ੍ਰਕਾਸ਼ਨ	publication
ਪ੍ਰਕਾਰ	type
ਪ੍ਰਕਾਰਜ	function
ਪ੍ਰਕਾਰਜੀ	functional
ਪ੍ਰਚਲਿਤ	current

ਪ੍ਰਜਾਤੀ	species
ਪਰਤ	level
ਪ੍ਰਤਿਉੱਤਰ	response
ਪ੍ਰਤਿ-ਹਵਾਲਾ	cross reference
ਪ੍ਰਤਿਮਾਨ	norm
ਪ੍ਰਤਿਵਰਤੀ ਕੋਸ਼	reverse dictionary
ਪਰ-ਨਾਮ	hyperonym
ਪ੍ਰਭਾਵੀ ਅਰਥ	dominant meaning
ਪਰਮ ਵਿਰੋਧੀ ਸ਼ਬਦ	extreme opposites
ਪ੍ਰਮਾਣਕ	authentic
ਪ੍ਰਮਾਣਕਤਾ	authenticity
ਪ੍ਰਮਾਣਕ ਰੂਪ	canonical form
ਪ੍ਰਮਾਣਿਤ	authenticated
ਪ੍ਰਯੋਗ	application, usage
ਪ੍ਰਯੋਗ-ਆਵ੍ਰਿਤੀ	frequency of occurrence
ਪ੍ਰਯੋਗਕਰਤਾ	user
ਪ੍ਰਯੋਗਕਰਤਾ-ਕੇਂਦ੍ਰਿਤ	user-oriented
ਪ੍ਰਯੋਗ ਕੋਸ਼	dictionary of usages
ਪ੍ਰਯੋਗ-ਖੇਤਰ	range of application
ਪ੍ਰਯੋਗਿਕ	experimental
ਪ੍ਰਵਰਗੀਕਰਣ	categorisation
ਪ੍ਰਵੇਸ਼ੀ	open-ended
ਪ੍ਰਾਦੇਸ਼ਿਕ	regional
ਪਰਾਭਾਸ਼ਾ	metalanguage
ਪਰਿਆਇ	synonym
ਪਰਿਆਇ ਕੋਸ਼	dictionary of synonyms
ਪਰਿਸ਼ੁੱਧਤਾ	precision
ਪਰਿਪੇਖ	perspective
ਪਰਿਭਾਸ਼ਾ	definition
ਪਰਿਭਾਸ਼ਿਤ	defined
ਪਰਿਵਰਣੀ ਸ਼ਬਦ	acronyms

ਪਰਿਵਰਣੀ ਸ਼ਬਦ ਕੋਸ਼	dictionary of acronyms
ਪਲਟਾਵੇਂ ਸ਼ਬਦ	conversives
ਪੁਨਰਗ੍ਰਹਿਣ	recapitulation
ਪੁਨਰਮਾਰਗੀਕਰਣ	rerouting
ਪੁਨਰ-ਰਚਨਾ	reconstruction
ਪੂਰਕ	complementary
ਪੂਰਣ-ਅਰਥ ਸ਼ਬਦ	content word
ਪੂਰਵਸਰਗ	preposition
ਪੇਸ਼ਕਾਰੀ	presentation
ਬਹੁਅਰਥਕ	polysemous
ਬਹੁਅਰਥਕਤਾ	polysemy
ਬਹੁਭਾਸ਼ੀ	multilingual
ਬਹੁਭਾਸ਼ੀ ਕੋਸ਼	multilingual dictionary
ਬਹੁਵਚਨਤਾ	plurality
ਬਣਤਰ	formation
ਬੰਧੇਜੀ	restrictive
ਬਲਾਘਾਤ	stress
ਬਾਹਰਮੁਖੀ	objective
ਬਾਲ ਕੋਸ਼	children dictionary
ਬੋਲਚਾਲ	spoken language
ਭੰਡਾਰ ਪ੍ਰਕਾਰਜ	storehouse function
ਭਾਸ਼ਾ	language
ਭਾਸ਼ਾ-ਅੰਸ਼	gloss
ਭਾਸ਼ਾਈ ਰੂਪ	linguistic form
ਭਾਸ਼ਾ-ਵਿਸ਼ੇਸ਼	language specific
ਭਾਸ਼ਾ-ਵਿਗਿਆਨ	linguistics
ਭਾਸ਼ਾ-ਵਿਗਿਆਨੀ	linguist
ਭਿੰਨਤਾ-ਸੂਚਕ ਕੋਸ਼-ਵਿਗਿਆਨ	contrastive lexicology
ਭੁਗਤਾਨ ਕਾਰਜ	clearing house function
ਮੰਗਵੇਂ	borrowed
ਮੱਦ	item

ਮਨਫੀ	negative
ਮਨੋਭਾਸ਼ਾ-ਵਿਗਿਆਨ	psycholinguistics
ਮਾਤਰਾਤਮਕ	quantitative
ਮਾਨਕ	criterial
ਮਾਨਕੀ	normative
ਮਾਨਤਾ	recognition
ਮਿਆਰੀ	standard
ਮਿਆਰੀਕਰਣ	standardization
ਮੁੱਖ ਅੰਦਰਾਜ	main entry
ਮੁੱਲਾਂਕਣ	evaluation
ਮੂਰਤੀਕਰਣ	concraction
ਮੂਲ ਸ਼ਬਦ	main entry
ਮੌਖਿਕ	spoken
ਯੁਗ-ਕੋਸ਼	period dictionary
ਰਚਨਾ-ਪ੍ਰਣਾਲੀ	methodology
ਰੂਪ	form
ਰੂਪਗਤ	formal
ਰੂਪਗ੍ਰਾਮਿਕ	morphological
ਰੂਪ-ਭੇਦ	variant
ਰੂਪ-ਵਿਗਿਆਨ	morphology
ਰੂਪਾਂਤਰ	variant
ਰੂਪਾਂਤਰਣ	transformation
ਰੂੜ੍ਹੀਬੱਧ ਕੋਸ਼	stereotypical dictionary
ਲੱਖਣਾਰਥ	connotation
ਲਗਭਗ-ਸਮਾਨਾਰਥਕਤਾ	near-synonymy
ਲਗਭਗ-ਪਰਿਆਇ	near-synonym
ਲਾਖਣਿਕ	metaphorical
ਲਾਖਣਿਕ ਅਰਥ	connotative meaning
ਲੁਗਾਤ	dictionary
ਵਰਗ	class
ਵਰਗਕ	clasifier

ਵਰਗ-ਬੋਲੀ	jargon
ਵਰਗੀਕਰਣ	typology
ਵਰਜਿਤ ਸ਼ਬਦ	taboo
ਵਰਣਨਾਤਮਕ	descriptive
ਵਰਣਨਾਤਮਕ ਕੋਸ਼-ਵਿਗਿਆਨ	descriptive lexicology
ਵਰਣਨਾਤਮਕ ਭਾਸ਼ਾ-ਵਿਗਿਆਨ	descriptive linguistics
ਵਰਣਮਾਲਾ	alphabet
ਵਰਤਾਰਾ	phenomenon
ਵਾਕ-ਰਚਨਾਵੀ	syntactical
ਵਾਕ-ਵਿਗਿਆਨ	syntax
ਵਾਕਾਂਸ਼ ਕੋਸ਼	phraseological dictionary
ਵਾਚਾਰਥ	denotation
ਵਿਉਤਪੱਤੀ	derivation
ਵਿਉਤਪੱਤੀ ਕੋਸ਼	etymological dictionary
ਵਿਉਤਪੱਤੀਮੂਲਕ	etymological
ਵਿਉਤਪੰਨ	derived
ਵਿਅਕਤੀ-ਭਾਸ਼ਾ	idiolect
ਵਿਆਕਰਣਕ	grammatical
ਵਿਆਕਰਣਕ ਸਮਨਾਮੀ ਸ਼ਬਦ	grammatical homonym
ਵਿਆਕਰਣ ਕੋਸ਼	dictionary of grammar
ਵਿਆਖਿਆ	explanation
ਵਿਸ਼ਵਕੋਸ਼	encyclopaedia
ਵਿਸ਼ਵਕੋਸ਼ੀ	encyclopaedic
ਵਿਸ਼ਵਕੋਸ਼ੀ ਕੋਸ਼	encyclopaedic dictionary
ਵਿਸ਼ੇਸ਼ ਕੋਸ਼	special dictionary
ਵਿਸ਼ੇਸ਼ ਕੋਸ਼-ਵਿਗਿਆਨ	special lexicology
ਵਿਸ਼ੇਸ਼ੀਕਰਣ	specialization
ਵਿਸ਼ੇਸ਼ੀਕ੍ਰਿਤ	specialized
ਵਿਸ਼ੇ ਕੋਸ਼	subject dictionary
ਵਿਸ਼ੇ-ਖੇਤਰ	scope
ਵਿਕਲਪ ਅਰਥ	alternative meaning


ਵਿਚਾਰ ਕੋਸ਼	ideological dictionary
ਵਿਜਾਤੀ	heterogenous
ਵਿਨਿਆਸ	setting
ਵਿਨਿਆਸਕ੍ਰਮਕੀ	syntagmatic
ਵਿਪਰਿਆਇ	antonym
ਵਿਪਰਿਆਇ ਕੋਸ਼	dictionary of antonyms
ਵਿਭਕਤੀ-ਮੂਲਕ	inflectional
ਵਿਭੇਦਕ ਕੋਸ਼	differential dictionary
ਵਿਰਚਨਾ	deconstruction
ਵਿਰੋਧ	opposition, contradiction
ਵਿਵਸਥਿਤ	systematic
ਵਿਵਸਾਇਕ	professional
ਵਿਵਹਾਰਕ	applied, practical
ਵਿਵਹਾਰਕ ਕੋਸ਼	practical dictionary
ਵਿਵਹਾਰਕ ਭਾਸ਼ਾ-ਵਿਗਿਆਨ	applied linguistics
ਵਿਵਰਣ	specification

ਇੰਡੈਕਸ

ਕੋਸ਼ਕਾਰੀ ਦੇ ਆਪਣੇ ਸਮੁੱਚੇ ਅਨੁਭਵ ਦੇ ਆਧਾਰ ਤੇ ਮ
ਇਹ ਗੱਲ ਨਿਰਸੰਕੋਚ ਕਹਿ ਸਕਦਾ ਹਾਂ ਕਿ ਡਾ. ਓਮ ਪ੍ਰਕਾ
ਵਸਿਸ਼ਟ ਜਿੰਨਾ ਪੰਜਾਬੀ ਕੋਸ਼ਕਾਰੀ ਦਾ ਅਮਲੀ ਤਜਰਬਾ ਕਿ
ਹੋਰ ਵਿਦਵਾਨ ਪਾਸ ਨਹੀਂ ਹੈ। ਉਸ ਨੇ ਪੰਜਾਬੀ ਯੂਨੀਵਰਸਿਟ
ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਇ
ਦੁਰਗਮ ਵਿਸ਼ੇ ਦੇ ਹਰ ਖੇਤਰ ਵਿਚ ਸਿੱਧਾ ਸਾਧਕ ਦਾ ਤਜਰ
ਹਾਸਿਲ ਕੀਤਾ ਹੈ। ਹੁਣ ਉਸ ਨੇ ਆਪਣੇ ਸਮੁੱਚੇ ਵਿਵਹਾਰ
ਤਜਰਬੇ ਨੂੰ ਸੂਤਰਬੱਧ ਕਰਨ ਅਤੇ ਉਸ ਦੇ ਸਿਧਾਂਤਕ ਪੱਖਾਂ
ਵਿਆਖਿਆ ਕਰਨ ਵਿਚ ਪਹਿਲਕਦਮੀ ਕੀਤੀ ਹੈ। 'ਕੋਸ਼-ਵਿਗਿ
ਆਨ ਅਤੇ ਪੰਜਾਬੀ ਕੋਸ਼ਕਾਰੀ' ਪੁਸਤਕ ਸਾਧਾਰਣ ਸਿਧਾਂਤਕ
ਕਾਰਜ ਵਾਂਗ ਸਿਧਾਂਤ ਤੋਂ ਸਾਮੱਗਰੀ ਵਲ ਨੂੰ ਨਹੀਂ ਤੁਰਦੀ, ਇ
ਦੀ ਯਾਤਰਾ ਸਾਮੱਗਰੀ ਤੋਂ ਸਿਧਾਂਤ ਵਲ ਹੈ। ਇਸ ਪੁਸਤਕ ਵਿ
ਡਾ. ਵਸਿਸ਼ਟ ਨੇ ਪੰਜਾਬੀ ਕੋਸ਼ਕਾਰੀ ਦੇ ਸੰਦਰਭ ਵਿ
ਕੋਸ਼-ਵਿਗਿਆਨ ਅਤੇ ਕੋਸ਼ਕਾਰੀ, ਕੋਸ਼ਾਂ ਦਾ ਵਰਗੀਕਰਣ, ਕੋ
ਅਰਥ, ਕੋਸ਼-ਨਿਰਮਾਣ ਦੀਆਂ ਵਿਵਹਾਰਕ ਸਮੱਸਿਆਵਾਂ ਤੇ ਤਕ
ਨੀਕੀ ਜੁਗਤਾਂ, ਦੁਭਾਸ਼ੀ ਕੋਸ਼ਕਾਰੀ ਜਿਹੇ ਅਣਛੋਹੇ ਵਿਸ਼ਿਆਂ
ਆਪਣੇ ਵਿਸਤ੍ਰਿਤ ਅਧਿਐਨ ਦਾ ਕੇਂਦਰ ਬਣਾਇਆ ਹੈ। ਅ
ਵਿਚ, ਪਾਠਕਾਂ ਦੀ ਜਾਣਕਾਰੀ ਲਈ ਪੰਜਾਬੀ ਕੋਸ਼ਕਾਰੀ ਦਾ ਸ
ਵੇਖਣ ਪ੍ਰਸਤੁਤ ਕੀਤਾ ਗਿਆ ਹੈ।

ਪੰਜਾਬੀ ਭਾਸ਼ਾ ਨੂੰ ਸੂਖਮ ਤੋਂ ਸੂਖਮ ਤੇ ਵਿਸ਼ਾਲ ਤੋਂ ਵਿਸ਼ਾ
ਸੰਚਾਰ ਦੀ ਭਾਸ਼ਾ ਬਣਾਉਣ ਲਈ ਜੋ ਯਤਨ ਆਰੰਭਿਆ ਹੋਇ
ਹੈ, ਉਸ ਵਿਚ ਡਾ. ਵਸਿਸ਼ਟ ਦਾ ਇਹ ਯੋਗਦਾਨ ਬੜਾ ਮਹੱਤ
ਪੂਰਣ ਤੇ ਸਾਰਥਕ ਯੋਗਦਾਨ ਹੈ। ਪੰਜਾਬੀ ਕੋਸ਼ਕਾਰੀ ਦੇ ਵਿ
ਨਾਲ ਸੰਬੰਧ ਰੱਖਣ ਵਾਲਾ ਕੋਈ ਵਿਦਿਆਰਥੀ ਜਾਂ ਵਿਦਵ
ਇਸ ਪੁਸਤਕ ਦੀ ਅਵਹੇਲਨਾ ਆਪਣੇ ਅਗਿਆਨ ਜਾਂ ਹ
ਕਾਰਣ ਹੀ ਕਰ ਸਕਦਾ ਹੈ।

ਅਤਰ ਸਿੰਘ
ਪ੍ਰੋਫੈਸਰ,
ਸ਼ੇਖ਼ ਬਾਬਾ ਫ਼ਰੀਦ ਚੇਅਰ,
ਪੰਜਾਬ ਯੂਨੀਵਰਸਿਟੀ, ਚੰਡੀਗ



ਜਨਮ : 10 ਜਨਵਰੀ, 1942

ਜਨਮ-ਸਥਾਨ : ਪਿੰਡ ਕੱਦੋਂ, ਜ਼ਿਲਾ ਲੁਧਿਆਣਾ

ਸਿੱਖਿਆ : ਐਮ.ਏ.ਪੀ-ਐਚ.ਡੀ., ਡਿਪਲੋਮਾ (ਟ੍ਰਾਂਸਲੇਸ਼ਨ)

ਪਤਾ : ਰੀਡਰ, ਪੰਜਾਬੀ ਕੋਸ਼ਕਾਰੀ ਵਿਭਾਗ,
ਪੰਜਾਬੀ ਅਧਿਐਨ ਸਕੂਲ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਵਿਸ਼ੇਸ਼ ਰੁਚੀ : ਕੋਸ਼ਕਾਰੀ, ਸੰਪਾਦਨ, ਅਨੁਵਾਦ

ਲੇਖਕ ਦਾ ਕੋਸ਼ਕਾਰੀ, ਸੰਪਾਦਨ ਤੇ ਅਨੁਵਾਦ ਕਾਰਜ ਦਾ ਦੀਰਘ ਤੇ ਲਮੇਰਾ ਅਨੁਭਵ ਹੈ। ਉਸ ਦੀ ਪਹਿਲਾਂ ਪ੍ਰਕਾਸ਼ਿਤ ਪੁਸਤਕ 'ਚਿੰਨ੍ਹ-ਵਿਗਿਆਨਅ ਅਤੇ ਗੁਰੂ ਨਾਨਕ ਬਾਣੀ' ਉਸ ਦੇ ਬੌਧਿਕ ਅਨੁਸ਼ਾਸਨ, ਸਹਿਜ ਖੋਜ ਪ੍ਰਵਿਰਤੀ ਅਤੇ ਸੰਤੁਲਿਤ ਵਿਵੇਕ ਦਾ ਪ੍ਰਮਾਣ ਹੈ। ਉਸ ਵਲੋਂ ਅਨੁਵਾਦਿਤ ਪੁਸਤਕ 'ਡਿਮਾਂਡ ਥਿਉਰੀ ਐਂਡ ਪ੍ਰਾਈਸ ਕੈਲਕੁਲੇਸ਼ਨ ਇਨ ਏ ਮਿਕਸ਼ਡ ਇਕਾਨੋਮੀ' (ਡਾ. ਐਚ. ਕੇ. ਮਨਮੋਹਨ ਸਿੰਘ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਹੋ ਚੁਕੀ ਹੈ। ਕੋਸ਼ਕਾਰੀ ਦੇ ਖੇਤਰ ਵਿਚ ਪੰਜਾਬੀ ਸ਼ਬਦ ਜੋੜ ਕੋਸ਼, ਅੰਗ੍ਰੇਜ਼ੀ-ਪੰਜਾਬੀ ਕੋਸ਼, ਹਰਿਆਣਵੀ-ਪੰਜਾਬੀ-ਹਿੰਦੀ ਕੋਸ਼, ਪੰਜਾਬੀ-ਸੰਸਕ੍ਰਿਤ ਕੋਸ਼ ਆਦਿ ਦੇ ਨਿਰਮਾਣ ਕਾਟਜ ਵਿਚ ਸਾਰਥਕ ਯੋਗਦਾਨ ਦਿੱਤਾ ਹੈ। ਲੇਖਕ ਦੀ ਹਥਲੀ ਪੁਸਤਕ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਵਰਗੇ ਲਗਭਗ ਉਪੇਖਿਅਤ ਵਿਸ਼ੇ ਉੜੇ ਪੰਜਾਬੀ ਭਾਸ਼ਾ ਵਿਚ ਕੀਤਾ ਉਸ ਦਾ ਮੁਢਲਾ ਸਿਧਾਂਤਕ ਤੇ ਅਕਾਦਮਿਕ ਕਾਰਜ ਹੈ। ਪੁਸਤਕ ਵਿਚ ਪੇਸ਼ ਵਸਤੂ-ਸਾਰ ਦੀ ਗਹਿਨ-ਗੰਭੀਰਤਾ ਅਤੇ ਸਪਸ਼ਟਤਾ ਲੇਖਕ ਦੇ ਇਸ ਵਿਸ਼ੇ ਦੇ ਕੀਤੇ ਵਿਸ਼ਾਲ ਅਧਿਐਨ, ਡੂੰਘੀ ਪਕੜ ਅਤੇ ਗੰਭੀਰ ਚਿੰਤਨ ਦੀ ਸਾਰਥਕਤਾ ਸਿੱਧ ਕਰਦੀ ਹੈ।